॥ਸ਼੍ਰੀਮਦਭਗਵਦ ਗੀਤਾ॥

# ॥ ਯਥਾਰਥ ਗੀਤਾ ॥

੫੨੦੦

ਸਾਲਾਂ ਦੇ ਲੰਮੇ
ਸਮੇਂ ਦੇ ਬਾਅਦ
ਸ਼੍ਰੀਮਦਭਗਵਦ ਗੀਤਾ ਦੀ
ਸਦੀਵੀ ਵਿਆਖਿਆ



# ਲੇਖਕ ਦੇ ਪ੍ਰਤਿ

''ਯਥਾਰਥ ਗੀਤਾ'' ਦੇ ਲੇਖਕ ਇਕ ਸੰਤ ਹਨ, ਜੋ ਤਾਲੀਮੀ ਡਿਗਰੀਆਂ ਨਾਲ ਸੰਬੰਧ ਨਾ ਰੱਖਦੇ ਹੋਏ ਵੀ ਸਤਿਗੁਰੂ ਦੀ ਕਿਰਪਾ ਨਾਲ ਈਸ਼ਵਰੀ ਆਦੇਸ਼ਾਂ ਰਾਹੀਂ ਸੰਚਾਲਿਤ ਹਨ । ਲਿਖਣ ਨੂੰ ਆਪਨੇ ਸਾਧਨਾ-ਭਜਨ ਦੇ ਮਾਰਗ ਦੀ ਚੁਕਾਵਟ ਮੰਨਿਆ ਹੈ, ਪਰ ਗੀਤਾ ਦੀ ਇਸ ਵਿਆਖਿਆ ਨੂੰ ਲਿਖਣ ਲਈ ਉਹਨਾਂ ਨੇ ਈਸ਼ਵਰੀ ਹਿਦਾਇਤ ਨੂੰ ਹੀ ਇਸਦਾ ਮਾਧਿਅਮ ਕਿਹਾ । ਭਗਵਾਨ ਨੇ ਆਪਨੂੰ ਅਨੁਭਵ ਅੰਦਰ ਆਕੇ ਦੱਸਿਆ ਕਿ ਆਪ ਦੀਆਂ ਸਾਰੀਆਂ ਬਿਰਤੀਆਂ ਸ਼ਾਂਤ ਹੋ ਚੁਕੀਆਂ ਹਨ, ਸਿਰਫ਼ ਇਕ ਛੋਟੀ ਜਿਹੀ ਬਿਰਤੀ ਬਾਕੀ ਹੈ - ਗੀਤਾ ਲਿਖਣਾ । ਪਹਿਲਾਂ ਤਾਂ ਸੁਵਾਮੀਜੀ ਨੇ ਇਸ ਬਿਰਤੀ ਨੂੰ ਸਾਧਨਾ-ਭਜਨ ਨਾਲ ਮਿਟਾਉਣ ਦੀ ਕੋਸ਼ਿਸ਼ ਕੀਤੀ, ਪਰ ਈਸ਼ਵਰ ਦੇ ਆਦੇਸ਼ ਦਾ ਮੂਰਤ-ਰੂਪਹੈ-''ਯਾਥਾਰਥ ਗੀਤਾ'' । ਵਿਆਖਿਆ ਵਿਚ ਜਿਥੇ ਵੀ ਗ਼ਲਤੀ ਹੁੰਦੀ ਤਾਂ ਭਗਵਾਨ ਸੁਧਾਰ ਦੇਦੇ ਸਨ । ਸੁਵਾਮੀਜੀ ਦੀ ਆਤਮ-ਸੁਖ (ਆਪਣੇ ਸੁਖ) ਵਾਲੀ ਇਹ ਰਚਨਾ ਸਰਬ-ਸੁਖ ਦਾ ਆਧਾਰ ਬਣੇ, ਇਹੋ ਹਾਰਦਿਕ ਸ਼ੁਭਕਾਮਨਾ ।

-ਪ੍ਰਕਾਸ਼ਕ ਵਲੋਂ

॥ ਓਮ ਨਮਹ ਸਦਗੁਰੂਦੇਵਾਇ ॥

ਸ਼੍ਰੀ ਮਦਭਗਵਤ ਗੀਤਾ

# ਯਥਾਰਥ ਗੀਤਾ

**ਮਾਨਵ ਧਰਮਸ਼ਾਸਤ੍ਰ**


ਵਿਆਖਿਆਕਾਰ :

ਪਰਮਪੂਜ ਸ਼੍ਰੀ ਪਰਮਹੰਸਜੀ ਮਹਾਰਾਜ ਦਾ ਕਿਰਪਾਪ੍ਰਸ਼ਾਦ

ਸੁਵਾਮੀ ਸ਼੍ਰੀ ਅੜਗੜਾਨੰਦ ਜੀ

ਸ਼੍ਰੀ ਪਰਮਹੰਸ ਆਸ਼ਰਮ ਸ਼ਕਤੇਸ਼ਗੜ੍ਹ

ਗ੍ਰਾਮ ਪੋਸਟ - ਸ਼ਕਤੇਸ਼ਗੜ੍ਹ, ਜ਼ਿਲਾ - ਮਿਰਜਾਪੁਰ

ਉੱਤਰ ਪ੍ਰਦੇਸ਼, ਭਾਰਤ ।

ਫ਼ੋਨ : (05443) 238040



ਸੰਪਰਕ ਸੂਤਰ :

**ਸ਼੍ਰੀ ਪਰਮਹੰਸ ਸੁਵਾਮੀ ਅੜਗੜਾਨੰਦ ਆਸ਼ਰਮ ਟ੍ਰਸਟ**

**05 ਨਿਯੂ ਅਪੋਲੋ ਐਸਟੇਟ, ਅਵਧ ਨਾਰਾਇਨ ਤਿਵਾਰੀ ਮਾਰਗ,**

**ਅੰਧੇਰੀ (ਪੂਰਬ), ਮੁੰਬਈ - 400069,**



ਸ਼੍ਰੀਕ੍ਰਿਸ਼ਣ ਨੇ ਜਿਸ ਸਮੇਂ ਗੀਤਾ ਦਾ ਉਪਦੇਸ਼ ਦਿਤਾ ਸੀ, ਉਸ ਸਮੇਂ ਉਹਨਾਂ ਦੇ ਮਨ ਅੰਦਰਲੇ ਭਾਵ ਕੀ ਸਨ ? ਮਨ ਅੰਦਰਲੇ ਸਾਰੇ ਭਾਵ ਕਹਿਣ ਵਿਚ ਨਹੀਂ ਆਉਂਦੇ । ਕੁਝ ਤਾਂ ਕਹਿਣ ਵਿਚ ਆ ਜਾਂਦੇ ਹਨ, ਕੁਝ ਹਾਵ-ਭਾਵ ਤੋਂ ਪ੍ਰਗਟ ਹੁੰਦੇ ਹਨ ਅਤੇ ਬਾਕੀ ਕਾਫ਼ੀ ਕ੍ਰਿਆਤਮਕ ਹੁੰਦੇ ਹਨ - ਜਿਨ੍ਹਾਂ ਨੂੰ ਕੋਈ ਰਾਹੀ ਚੱਲਕੇ ਹੀ ਜਾਣ ਸਕਦਾ ਹੈ । ਜਿਸ ਪੱਧਰ ਉਤੇ ਸ਼੍ਰੀਕ੍ਰਿਸ਼ਣ ਸਨ, ਕ੍ਰਮਵਾਰ ਚੱਲਕੇ ਉਸੇ ਅਵਸਥਾ ਨੂੰ ਪ੍ਰਾਪਤ ਮਹਾਪੁਰਸ਼ ਹੀ ਜਾਣਦਾ ਹੈ ਕਿ ਗੀਤਾ ਕੀ ਕਹਿੰਦੀ ਹੈ ? ਉਹ ਗੀਤਾ ਦੀਆਂ ਪੰਗਤੀਆਂ ਹੀ ਨਹੀਂ ਦੁਹਰਾਉਂਦਾ, ਸਗੋਂ ਉਹਨਾਂ ਦੇ ਭਾਵ ਵੀ ਦਰਸ਼ਾ ਦੇਂਦਾ ਹੈ, ਕਿਉਂ ਕਿ ਜੋ ਦ੍ਰਿਸ਼ ਸ਼੍ਰੀਕ੍ਰਿਸ਼ਣ ਦੇ ਸਾਮ੍ਹਣੇ ਸੀ, ਉਹੀ ਉਸ ਮੌਜੂਦਾ ਮਹਾਪੁਰਸ ਦੇ ਸਾਮ੍ਹਣੇ ਵੀ ਹੈ । ਇਸ ਲਈ ਉਹ ਵੇਖਦਾ ਹੈ, ਵਿਖਾ ਦੇਵੇਗਾ; ਤੁਹਾਡੇ ਵਿਚ ਜਾਗ੍ਰਿਤ ਵੀ ਕਰ ਦੇਵੇਗਾ, ਉਸ ਰਾਹ ਉਤੇ ਚਲਾ ਵੀ ਦੇਵੇਗਾ ।

'ਪੂਜ ਸ਼੍ਰੀ ਪਰਮਹੰਸ ਜੀ ਮਹਾਰਾਜ ਜੀ' ਵੀ ਉਸੇ ਪੱਧਰ ਦੇ ਮਹਾਪੁਰਸ਼ ਸਨ । ਉਹਨਾਂ ਦੀ ਵਾਂਣੀ ਅਤੇ ਅੰਤਰਪ੍ਰੇਰਣਾ ਤੋਂ ਗੀਤਾ ਦਾ ਜੋ ਅਰਥ ਮਿਲਿਆ, ਉਸੇ ਦਾ ਸੰਕਲਨ 'ਯਥਾਰਥ ਗੀਤਾ' ਹੈ ।

ਸੁਵਾਮੀ ਅੜਗੜਾਨੰਦ

# हमारे प्रकाशन

| पुस्तकें | | भाषा |
|---|---|---|
| यथार्थ गीता | ❖ भारतीय भाषायें | हिन्दी, मराठी, पंजाबी, गुजराती, उर्दू, संस्कृत, उड़िया, बंगला, तमिल, तेलगू, मलयालम, कन्नड़, आसामी। |
| | ❖ विदेशी भाषायें | अंग्रेजी, जर्मन, फ्रेंच, नेपाली, फारसी, स्पेनीश, नार्वेजीयन, चायनीज, डच, इटालियन, रूसी। |
| शंका समाधान | | हिन्दी, मराठी, गुजराती, अंग्रेजी। |
| जीवनादर्श एवं आत्मानुभूति | | हिन्दी, मराठी, गुजराती, अंग्रेजी। |
| अंग क्यों फड़कते हैं? क्या कहते हैं? | | हिन्दी, अंग्रेजी, गुजराती, जर्मन। |
| अनछुये प्रश्न | | हिन्दी, मराठी, गुजराती। |
| एकलव्य का अंगूठा | | हिन्दी, मराठी, गुजराती। |
| भजन किसका करें? | | हिन्दी, मराठी, गुजराती, जर्मन, अंग्रेजी। |
| योगशास्त्रीय प्राणायाम | | हिन्दी, मराठी, गुजराती। |
| षोडशोपचार पूजन-पद्धती | | हिन्दी, मराठी, गुजराती। |
| योगदर्शन-प्रत्यक्षानुभूत व्याख्या | | हिन्दी, गुजराती, संस्कृत। |
| ग्लोरिस् ऑफ योगा | | अंग्रेजी। |
| प्रश्न समाज के - उत्तर गीता से | | हिन्दी। |
| बारहमासी | | हिन्दी। |
| अहिंसा का स्वरुप | | हिन्दी। |

## ऑडियो कैसेट्स

| | |
|---|---|
| यथार्थ गीता | हिन्दी, गुजराती, मराठी, अंग्रेजी। |
| अमृतवाणी (श्री स्वामीजी के मुखारविन्द से निःसृत अमृतवाणियों का संकलन वाल्यूम १ से ५५ तक।) | हिन्दी। |
| गुरुवंदना ( आरती ) | |

## ऑडियोसीडीज् (Mp3)

| | |
|---|---|
| यथार्थ गीता | हिन्दी, गुजराती, मराठी, अंग्रेजी। |
| अमृतवाणी | हिन्दी। |

© सर्वाधिकार-लेखक
(इस पुस्तक का कोई भी अंश प्रकाशन, रिकार्डिंग, प्रतिलिपि प्रकाशन तथा संशोधन बिना लेखक की अनुमति के वर्जित है।)

ਅਨੰਤਸ਼੍ਰੀ ਵਿਭੂਸ਼ਿਤ,

ਯੋਗੀਰਾਜ, ਯੁਗ ਪਿਤਾਮਹ

**ਪਰਮਪੂਜ ਸ਼੍ਰੀ ਸੁਵਾਮੀ ਪਰਮਾਨੰਦ ਜੀ**

**ਸ਼੍ਰੀ ਪਰਮਹੰਸ ਆਸ਼ਰਮ ਅਨੁਸੁਈਆ**

(ਚਿਤ੍ਰਕੂਟ)

ਦੇ ਪਰਮ ਪਾਵਨ ਚਰਣਾਂ ਵਿਚ

ਸਤਿਕਾਰ ਸਹਿਤ ਸਮਰਪਿਤ

–ਅੰਤਰਪ੍ਰੇਰਣਾ

# ਗੁਰੂ-ਬੰਦਨਾ

ਓਮ ਸ਼੍ਰੀ ਸਤਿਗੁਰੂਦੇਵ ਭਗਵਾਨ ਦੀ ਜੈ

ਜੈ ਸਤਿਗੁਰੂਦੇਵੰ, ਪਰਮਾਨੰਦੰ, ਅਮਰ ਸ਼ਰੀਰੰ ਅਵਿਕਾਰੀ।
ਨਿਰਗੁਣ ਨਿਰਮੂਲੰ, ਧਰਿ ਸਥੂਲੰ, ਕਾਟਨ ਸ਼ੂਲੰ ਭਵਭਾਰੀ॥

ਸੂਰਤ ਨਿਜ ਸੋਹੰ, ਕਲਿਮਲ ਖੋਹੰ, ਜਨਮਨ ਮੋਹਨ ਛਵਿਭਾਰੀ।
ਅਮਰਾਪੁਰ ਵਾਸੀ, ਸਭ ਸੁਖ ਰਾਸ਼ੀ, ਸਦਾ ਏਕਰਸ ਨਿਰਵਿਕਾਰੀ।


ਅਨੁਭਵ ਗੰਭੀਰਾ, ਮਤਿ ਕੇ ਧੀਰਾ, ਅਲਖ ਫ਼ਕੀਰਾ ਅਵਤਾਰੀ।
ਯੋਗੀ ਅਦ੍ਵੈਸ਼ਟਾ, ਤ੍ਰਿਕਾਲ ਦ੍ਰਿਸ਼ਟਾ, ਕੇਵਲ ਪਦ ਅਨੰਦਕਾਰੀ।


ਚਿਤ੍ਰਕੂਟਹਿੰ ਆਇਓ, ਅਦ੍ਵੈਤ ਲਖਾਇਓ, ਅਨੁਸੁਈਆ ਆਸਨ ਮਾਰੀ।
ਸ਼੍ਰੀ ਪਰਮਹੰਸ ਸੁਵਾਮੀ, ਅੰਤਰਯਾਮੀ, ਹੈਂ ਬੜਨਾਮੀ ਸੰਸਾਰੀ॥

ਹੰਸਨ ਹਿਤਕਾਰੀ, ਜਗ ਪਗੁਧਾਰੀ, ਗਰਵ ਪ੍ਰਹਾਰੀ ਉਪਕਾਰੀ।
ਸਤਿ-ਪੰਥ ਚਲਾਇਓ, ਭਰਮ ਮਿਟਾਇਓ, ਰੂਪ ਲਖਾਇਓ ਕਰਤਾਰੀ।

ਇਹ ਸ਼ਿਸ਼ਿਅ ਹੈ ਤੇਰੋ, ਕਰਤ ਨਿਹੋਰੋ, ਮੋਪਰ ਹੇਰੋ ਪ੍ਰਣਧਾਰੀ।
ਜੈ ਸਤਿਗੁਰੂ ..... ਭਾਰੀ॥

॥ ੳੱ ॥


“आत्मने मोक्षार्थं जगत् हिताय च”
ਸ਼੍ਰੀ ਸੁਆਮੀ ਪਰਮਾਨੰਦਜੀ ਮਹਾਰਾਜ (ਪਰਮਹੰਸਜੀ)
ਜਨਮ : ਸ਼ੁਭ ਸੰਮਤ ਵਿਕਰਮ 1969
ਜੋਤੀਜੋਤ ਸਮਾਊਣਾ : ਸ਼ੁਭ ਸੰਮਤ ਵਿਕਰਮ 2026
ਪਰਮਹੰਸ ਆਸ਼ਰਮ ਅਨੁਸੁਈਆ (ਚਿਤ੍ਰਕੂਟ)



**ਸ਼੍ਰੀ ਸੁਵਾਮੀ ਅੜਗੜਾਨੰਦਜੀ**

(ਪਰਮਹੰਸ ਮਹਾਰਾਜ ਦਾ ਕਿਰਪਾ ਪ੍ਰਸ਼ਾਦ)

श्री हरि की वाणी
वीतराग परमहंसों का आधार
आदिशास्त्र गीता- संत मत

१०-२-२००७- तृतीय विश्वहिन्दू सम्मेलन दिनांक १०-११-१२-१३ फरवरी २००७ के अवसर पर अर्धकुम्भ २००७ प्रयाग भारत में प्रवासी एवं अप्रवासी भारतीयों के विश्व सम्मेलन के उद्घाटन के अवसर पर विश्व हिन्दु परिषद ने ग्यारहवी धर्मसंसद में पारीत गीता हमारा धर्मशास्त्र है प्रस्ताव के परिप्रेक्ष्य में गीता को सदैव से विद्यमान भारत का गुरुग्रन्थ कहते हुए यथार्थ गीता को इसका शाश्वत भाष्य उद्घोषित किया तथा इसके अन्तर्राष्ट्रीय मानव धर्मशास्त्र की उपयोगिता रखने वाला शास्त्र कहा।

अशोक सिंहल
(अशोक सिंहल)
अन्तर्राष्ट्रीय अध्यक्ष–विश्व हिन्दू परिषद

॥ श्री काशीविश्वनाथो विजयते ॥
ॐ
सर्वतन्त्रस्वतन्त्र-शास्त्रार्थविद्यावतार-विश्वविश्रुत-महामहोपाध्यायादिविरुदविभूषक
पण्डितसम्राट-प्रातःस्मरणीय श्री शिवकुमारशास्त्रिमिश्रप्रतिष्ठापिता
वाराणसेयसर्वविधविद्वत्समाज-प्रतिनिधिभूता-

# श्री काशीविद्वत्परिषद्

टे.नं. : २४५२११३
मो. : ९४१५२८५८५६

पत्राचार कार्यालय :
डी.१७/५८, दशाश्वमेध,
वाराणसी, उत्तर प्रदेश,
भारत

दिनांक 1.3.04

१-३-२००५- भारत की सर्वोच्च श्री काशी विद्वतपरिषद ने दिनांक १-३-२००४ को "श्रीमद् भगवद् गीता" को आदि मनुस्मृति तथा वेदों को इसी का विस्तार मानते हुए विश्वमानव का धर्मशास्त्र और यथार्थ गीता को परिभाषा के रूप में स्वीकार किया और यह उद्घोषित किया कि धर्म और धर्मशास्त्र अपरिवर्तनशील होने से आदिकाल से धर्मशास्त्र "श्रीमद् भगवद् गीता" ही रही है।

गणेशदत्त शास्त्री
मंत्री
श्री काशीविद्वत्परिषद
भारत

आचार्य केदारनाथ त्रिपाठी दर्शनरत्नम वाचस्पति
अध्यक्ष
श्री काशीविद्वत्परिषद
भारत

# विश्व धर्म संसद्
## WORLD RELIGIOUS PARLIAMENT

३-१-२००१- विश्वधर्म संसद में विश्व मानव धर्मशास्त्र "श्रीमद् भगवद् गीता" के भाष्य यथार्थ गीता पर परम पूज्य परमहंस स्वामी श्री अड़गड़ानन्द जी महाराज जी को प्रयाग के परमपावन पर्व महाकुम्भ के अवसर पर विश्वगुरु की उपाधि से विभूषित किया।

२-४-१९९८- मानवमात्र का धर्मशास्त्र "श्रीमद् भगवद् गीता" की विशुद्ध व्याख्या यथार्थ गीता के लिए धर्मसंसद द्वारा हरिद्वार में महाकुम्भ के अवसर पर अन्तर्राष्ट्रीय अधिवेशन में परमपूज्य स्वामी श्री अड़गड़ानन्द जी महाराज को भारत गौरव के सम्मान से विभूषित किया गया।

१-४-१९९८- बीसवी शताब्दी के अन्तिम महाकुम्भ के अवसर पर हरिद्वार के समस्त शंकराचार्यो महामण्डलेश्वरो ब्राह्मण महासभा और ४४ देशों के धर्मशील विद्वानों की उपस्थिति में विश्व धर्म संसद द्वारा अन्तर्राष्ट्रीय अधिवेशन में पूज्य स्वामी जी को "श्रीमद् भगवद् गीता" धर्मशास्त्र (भाष्य यथार्थ गीता) के द्वारा विश्व के विकास में अद्वितीय योगदान हेतु "विश्वगौरव" सम्मान प्रदान किया गया।

26-1-2001

Chairman
Presentation Committee
or
Presiding Authority

महाकुम्भ मेला प्रयाग

WRP

Acharya Prabhakar Mishra
Chairman (Indian Region)
World Religious Parliament

## माननीय उच्च न्यायालय इलाहाबाद का ऐतिहासिक निर्णय

**माननीय उच्चन्यायालय इलाहाबाद ने रिट याचिका संख्या ५६४४७ सन २००३ श्यामलरंजन मुखर्जी वनाम निर्मलरंजन मुखर्जी एवं अन्य के प्रकरण में अपने निर्णय दिनांक ३० अगस्त २००७ को "श्रीमद् भगवद् गीता" को समस्त विश्व का धर्मशास्त्र मानते हुए राष्ट्रीय धर्मशास्त्र की मान्यता देने की संस्तुति की है । अपने निर्णय के प्रस्तर ११५ से १२३ में माननीय न्यायालय ने विभिन्न गीता भाष्यों पर विचार करते हुए यथार्थ गीता को इसके सम्यक एवं युगानुकुल भाष्य के रुप में मान्य करते हुए धर्म, कर्म, यज्ञ, योग आदि को परिभाषा के आधार पर इसे जाति पाति मजहब सम्प्रदाय देश व काल से परे मानवमात्र का धर्मशास्त्र माना जिसके माध्यम से लौकिक व पारलौकिक दोनों समृद्धि का मार्ग प्रशस्त किया जा सकता है।**

**नोट – उपरोक्त निर्णय माननीय उच्च न्यायालय ईलाहाबाद की बेवसाईट पर उपलब्ध है।**

## Extract from Historical Judgment of Hon'ble High Court, Allahabad

Hon'ble Mr. Justice S.N. Srivastava, (in his judgment dated 30.8.2007 passed in writ petition No. 56447 of 2003 Shyamal Ranjan Mukherjee Vs. Nirmal Ranjan Mukherjee & others) has been pleased to hold that:

"Shrimadbhagwad Gita is a Dharmshastra not only for Hindu but for all human beings. Message of Gita is relevant for all Religions of the world and is not limited for any particular Religion".

"Yatharth Geeta" by Swami Adgadanandji Maharaj, a great saint of India,is Dharm and Dharmshastra for all, irrespective of their caste, creed, race, religion, Dharm & community and is for all times and space.

N.B.:- The aforesaid decision is available on the Website:

http://www.allahabadhighcourt.in

# ਗੀਤਾ ਮਨੁੱਖ ਮਾਤਰ ਦਾ ਧਰਮ ਸ਼ਾਸਤ੍ਰ ਹੈ।

**– ਮਹਾਰਿਸ਼ੀ ਵੇਦਵਿਆਸ**

ਸ਼੍ਰੀ ਕ੍ਰਿਸ਼ਣ ਦੇ ਸਮੇਂ ਵਾਲੇ ਮਹਾਂਰਿਸ਼ੀ ਵੇਦਵਿਆਸ ਤੋਂ ਪਹਿਲਾਂ ਕੋਈ ਵੀ ਸ਼ਾਸਤ੍ਰ ਪੁਸਤਕ ਰੂਪ ਵਿਚ ਨਹੀਂ ਮਿਲਦਾ। ਸੁਣੇ ਹੋਏ ਗਿਆਨ ਦੀ ਇਹ ਰੀਤ ਤੋੜਦੇ ਹੋਏ ਉਨ੍ਹਾਂ ਚਾਰ ਵੇਦ, ਬ੍ਰਹਮਸੂਤਰ, ਮਹਾਭਾਰਤ, ਭਾਗਵਤ ਅਤੇ ਗੀਤਾ ਵਰਗੇ ਗ੍ਰੰਥਾਂ ਵਿਚ ਪਹਿਲਾਂ ਤੋਂ ਸੰਜੋਏ ਭੌਤਿਕ ਅਤੇ ਅਧਿਆਤਮਿਕ ਗਿਆਨ ਨੂੰ ਸ਼ਾਮਲ ਕਰਕੇ ਅੰਤ ਵਿਚ ਆਪ ਹੀ ਨਿਰਣਾ ਦਿਤਾ ਕਿ 'सर्वोपनिषदो गावो दोग्धा गोपालनन्दन' ਅਰਥਾਤ ਵੇਦਾਂ ਦਾ ਪ੍ਰਾਣ, ਉਪਨਿਸ਼ਦਾਂ ਦਾ ਵੀ ਸਾਰ ਗੀਤਾ ਹੈ – ਜਿਸਨੂੰ ਗੋਪਾਲ ਸ਼੍ਰੀਕ੍ਰਿਸ਼ਣ ਨੇ ਕਿਹਾ ਅਤੇ ਅਸ਼ਾਂਤ ਜੀਵ ਨੂੰ ਪਰਮਾਤਮਾ ਦੇ ਦਰਸ਼ਨ ਅਤੇ ਸਾਧਨ ਦੀ ਸਥਿਤੀ ਤੋਂ ਸ਼ਾਸ਼ਵਤ ਸ਼ਾਂਤੀ ਦੀ ਸਥਿਤੀ ਤਕ ਪਹੁੰਚਾਇਆ। ਉਸ ਮਹਾਂਪੁਰਸ਼ ਨੇ ਆਪਣੀਆਂ ਰਚਨਾਵਾਂ ਵਿਚੋਂ ਗੀਤਾ ਨੂੰ ਸ਼ਾਸਤ੍ਰ ਦਾ ਨਾਮ ਦੇਂਦੇ ਹੋਏ ਇਸਦੀ ਸਤੁਤੀ ਕੀਤੀ ਤੇ ਕਿਹਾ, **'गीता सुगीता कर्तव्या'**– ਗੀਤਾ ਭਲੀ ਪ੍ਰਕਾਰ ਮਨਨ ਕਰਕੇ ਹਿਰਦੇ ਵਿਚ ਧਾਰਨ ਕਰਨ ਯੋਗ ਹੈ, ਜੋ ਪਦਮਨਾਭ ਭਗਵਾਨ ਦੇ ਸ਼੍ਰੀਮੁਖ ਤੋਂ ਨਿਕਲੀ ਵਾਣੀ ਹੈ, ਫੇਰ ਹੋਰਾਂ ਸ਼ਾਸਤ੍ਰਾਂ ਦੇ ਸੰਗ੍ਰਹਿ ਦੀ ਕੀ ਲੋੜ?

ਗੀਤਾ ਦਾ ਸਾਰਾਂਸ਼ ਇਸ ਸਲੋਕ ਤੋਂ ਪ੍ਰਗਟ ਹੁੰਦਾ ਹੈ:

**एकं शास्त्रं देवकीपुत्र गीतम्, एको देवो देवकीपुत्र एव।**
**एको मंत्रस्तस्य नामानि यानि, कर्माप्यको तस्य देवस्य सेवा।।**

ਅਰਥਾਤ ਇੱਕੋ ਸ਼ਾਸਤ੍ਰ ਹੈ ਜੋ ਦੇਵਕੀ ਪੁੱਤਰ ਭਗਵਾਨ ਨੇ ਸ਼੍ਰੀਮੁਖ ਤੋਂ ਗਾਇਨ ਕੀਤਾ – ਗੀਤਾ! ਇੱਕੋ ਪ੍ਰਾਪਤ ਕਰਨ ਯੋਗ ਦੇਵ ਹੈ। ਉਸ ਗਾਇਨ ਵਿਚ ਜੋ ਸੱਚ ਦਸਿਆ – ਆਤਮਾ! ਸਿਵਾਏ ਆਤਮਾ ਦੇ ਕੁਝ ਵੀ ਸ਼ਾਸ਼ਵਤ ਨਹੀਂ ਹੈ। ਉਸ ਗਾਇਨ ਵਿਚ ਉਸ ਮਹਾਂਯੋਗੇਸ਼ਵਰ ਨੇ ਕੀ ਜਪਣ ਵਾਸਤੇ ਕਿਹਾ! ਓਮ! ਅਰਜੁਨ ਓਮ! ਓਮ ਅਖਸ਼ੈ ਪਰਮਾਤਮਾ ਦਾ ਨਾਮ ਹੈ, ਉਸਦਾ ਜਪ ਕਰ ਤੇ ਧਿਆਨ ਮੇਰਾ ਧਰ। ਇੱਕੋ ਕਰਮ ਹੈ ਗੀਤਾ ਵਿਚ ਵਰਣਿਤ ਪਰਮਦੇਵ ਇਕ ਪਰਮਾਤਮਾ ਦੀ ਸੇਵਾ। ਉਸਨੂੰ ਸ਼ਰਦਾ ਨਾਲ ਆਪਣੇ ਹਿਰਦੇ ਵਿਚ ਧਾਰਣ ਕਰੋ। ਇਸ ਤਰ੍ਹਾਂ ਆਰੰਭ ਤੋਂ ਹੀ ਗੀਤਾ ਤੁਹਾਡਾ ਸ਼ਾਸਤ੍ਰ ਰਿਹਾ ਹੈ। ਭਗਵਾਨ ਸ਼੍ਰੀਕ੍ਰਿਸ਼ਣ ਦੇ ਹਜ਼ਾਰਾਂ ਸਾਲ ਬਾਅਦ ਵਾਲੇ ਜਿਨ੍ਹਾਂ ਮਹਾਂਪੁਰਸ਼ਾਂ ਦੇ ਇਕ ਈਸ਼ਵਰ ਨੂੰ ਸੱਚ ਦਸਿਆ, ਗੀਤਾ ਦੇ ਹੀ ਸੰਦੇਸ਼ਵਾਹਕ ਹਨ। ਈਸ਼ਵਰ ਨਾਲ ਹੀ ਲੌਕਿਕ ਅਤੇ ਪਰਲੋਕ ਦੇ ਸੁਖਾਂ ਦੀ ਕਾਮਨਾ, ਈਸ਼ਵਰ ਤੋਂ ਡਰਨਾ, ਹੋਰ ਕਿਸੇ ਨੂੰ ਈਸ਼ਵਰ ਨਾ ਮੰਨਣਾ ਆਦਿ ਤਾਂ ਸਾਰਿਆਂ ਦੇ ਦਸਿਆ, ਪਰ ਈਸ਼ਵਰੀ ਸਾਧਨਾ, ਈਸ਼ਵਰ ਤਕ ਦੀ ਦੂਰੀ ਤੈ ਕਰਨਾ, ਇਹ ਕੇਵਲ ਗੀਤਾ ਵਿਚ ਹੀ

ਸੰਪੂਰਨ ਢੰਗ ਨਾਲ ਦਸਿਆ ਗਿਆ ਹੈ। ਗੀਤਾ ਤੋਂ ਸੁਖ–ਸ਼ਾਂਤੀ ਤਾਂ ਮਿਲਦੀ ਹੀ ਹੈ, ਸਗੋਂ ਇਹ ਸਦੀਵੀ ਪਰਮਪਦ ਵੀ ਦੇਂਦੀ ਹੈ। ਵੇਖੋ ਗੀਤਾ ਦੀ ਗੌਰਵਮਈ ਟੀਕਾ – 'ਯਥਾਰਤ ਗੀਤਾ'।

ਹਾਲਾਂਕਿ ਸਾਰੀ ਦੁਨੀਆਂ ਵਿਚ ਗੀਤਾ ਦਾ ਬੜਾ ਆਦਰ–ਮਾਣ ਹੈ, ਫੇਰ ਵੀ ਗੀਤਾ ਕਿਸੇ ਮਜ਼ਹਬ ਯਾ ਕੌਮ ਦਾ ਗ੍ਰੰਥ ਨਹੀਂ ਬਨਿਆ, ਕਿਉਂਕਿ ਕੌਮਾਂ ਕਿਸੇ ਨਾ ਕਿਸੇ ਰੀਤ–ਰਿਵਾਨ ਨਾਲ ਜਕੜੀਆਂ ਹਨ। ਭਾਰਤ ਵਿਚ ਪ੍ਰਗਟ ਹੋਈ ਗੀਤਾ ਵਿਸ਼ਵ ਸਾਹਿਤ ਦੀ ਧਰੋਹਰ ਹੈ, ਏਸ ਲਈ ਇਸਨੂੰ ਰਾਸ਼ਟ੍ਰੀ ਸ਼ਾਸਤ੍ਰ ਦਾ ਮਾਣ ਦੇਕੇ ਊਚ–ਨੀਚ, ਭੇਦ ਭਾਵ ਅਤੇ ਕਲਹ ਪਰੰਪਰਾ ਤੋਂ ਪੀੜਿਤ ਵਿਸ਼ਵ ਦੀ ਸੰਪੂਰਨ ਜਨਤਾ ਨੂੰ ਸ਼ਾਂਤੀ ਦੇਣ ਦੀ ਕੋਸ਼ਿਸ਼ ਜ਼ਰੂਰੀ ਹੈ।

।। ਓਮ ।।

# ਧਰਮ ਸਿਧਾਂਤ ਇਕ

***1.*** **ਸਾਰੇ ਪ੍ਰਭੂ ਦੇ ਪੁੱਤਰ**

**ममैवांशो जीवलोके जीवभूत: सनातन: ।**
**मन: षष्ठानीन्द्रियाणि प्रकृतिस्थानि कर्षति ।।१५/७**

ਸਾਰੇ ਮਨੁੱਖ ਈਸ਼ਵਰ ਦੀ ਸੰਤਾਨ ਮੇਰੇ ਹੀ ਅੰਸ਼ ਹਨ।

***2.*** **ਮਨੁੱਖੀ ਤਨ ਦੀ ਸਾਰਥਿਕਤਾ**

**किं पुनर्ब्राह्मणा: पुण्या भक्ता राजर्षयस्तथा ।**
**अनित्यमसुखं लोकमिमं प्राप्य भजस्व माम् ।। ९/३३**

ਸੁਖ ਰਹਿਤ ਪਲ ਵਿੱਚ ਨਸਟ ਹੋਣ ਵਾਲਾ ਪਰ ਦੁਰਲਭ ਮਨੁੱਖ ਦਾ ਸ਼ਰੀਰ ਹਾਸਿਲ ਕਰਕੇ ਮੇਰਾ ਭਜਨ ਕਰ। ਅਰਥਾਤ ਕਿ ਭਜਨ ਕਰਨ ਦਾ ਅਧਿਕਾਰ ਉਹਨਾਂ ਸਾਰੇ ਮਨੁਖਾਂ ਨੂੰ ਹੈ ਜੋ ਸ਼ਰੀਰ ਧਾਰੀ ਹਨ।

***3.*** **ਮਨੁੱਖ ਦੀਆਂ ਕੇਵਲ ਦੋ ਜਾਤਾਂ**

**द्वौ भूतसर्गौ लोकेऽस्मिन् दैव आसुर एव च ।**
**दैवो विस्तरश: प्रोक्त आसुरं पार्थ मे श्रृणु ।। १६/६**

ਮਨੁੱਖ ਦੀਆਂ ਕੇਵਲ ਦੋ ਜਾਤਾਂ ਹਨ। ਦੇਵਤਾ ਅਤੇ ਰਾਕਸ਼ਸ: ਜਿਸ ਦੇ ਦਿਲ ਵਿੱਚ ਦੈਵੀ ਸੰਪਤੀ ਅਰਥਾਤ ਗੁਣ ਰੂਪੀ ਦੌਲਤ ਕੰਮ ਕਰਦੀ ਹੈ ਉਹ ਦੇਵਤਾ ਅਤੇ ਜਿਸ ਵਿੱਚ ਰਾਕਸ਼ਸ ਸੰਪਤੀ ਅਰਥਾਤ ਔਗੁਣ ਰੂਪੀ ਦੌਲਤ ਕੰਮ ਕਰਦੀ ਹੈ ਉਹ ਰਾਕਸ਼ਸ ਹੈ। ਤੀਜੀ ਕੋਈ ਵੀ ਜਾਤ ਦੁਨੀਆਂ ਵਿੱਚ ਨਹੀਂ ਹੈ।

***4.*** **ਹਰ ਕਾਮਨਾ ਈਸ਼ਵਰ ਪੂਰੀ ਕਰਦਾ ਹੈ**

**त्रैविद्या मां सोमपा: पूतपापा यज्ञैरिष्ट्वा स्वर्गतिं प्रार्थयन्ते ।**
**ते पुण्यमासाद्य सुरेन्द्रलोकमश्नन्ति दिव्यान्दिवि देवभोगान् ।। ९/२०**

ਮੇਰਾ ਭਜਨ ਕਰਕੇ ਲੋਕੀਂ ਸਵਰਗ ਤੱਕ ਦੀ ਕਾਮਨਾ ਕਰਦੇ ਹਨ। ਅਰਥਾਤ ਦੁਨੀਆਂ ਦੇ ਐਸ਼ੋ ਅਰਾਮ ਧਨ ਦੌਲਤ ਦੀ ਕਾਮਨਾ ਕਰਦੇ ਹਨ। ਮੈਂ ਉਹਨਾਂ ਨੂੰ ਇਹ ਸਭ ਕੁੱਝ ਦਿੰਦਾ ਵੀ ਹਾਂ ਅਰਥਾਤ ਸਭ ਕੁੱਝ ਇੱਕ ਪ੍ਰਮਾਤਮਾ ਤੋਂ ਮਿਲਦਾ ਹੈ।

***5.*** **ਪ੍ਰਮਾਤਮਾ ਦੀ ਸ਼ਰਣ ਵਿੱਚ ਪਾਪਾਂ ਦਾ ਨਾਸ਼**

**अपि चेदसि पापेभ्य: सर्वेभ्य: पापकृत्तम: ।**
**सर्वं ज्ञानप्लवेनैव वृजिनं संतरिष्यसि ।। ४/३६**

ਸਾਰਿਆਂ ਪਾਪੀਆਂ ਨਾਲੋਂ ਵੀ ਜਿਆਦਾ ਪਾਪ ਕਰਨ ਵਾਲਾ ਮਹਾਂਪਾਪੀ ਵੀ ਗਿਆਨ ਰੂਪੀ ਬੇੜੀ ਨਾਲ ਭਵਸਾਗਰ ਤੋਂ ਨਿਰਸੰਦੇਹ ਪਾਰ ਹੋ ਜਾਵੇਗਾ।

**6. ਗਿਆਨ**

**अध्यात्मज्ञाननित्यत्वं तत्त्वज्ञानार्थदर्शनम् ।**
**एतज्ज्ञानमिति प्रोक्तमज्ञानं यदतोऽन्यथा ।। १३/११**

ਆਤਮਾ ਦੀ ਪ੍ਰਧਾਨਤਾ ਵਿੱਚ ਵਿਚਰਨਾ ਅਤੇ ਤੱਤ ਦੇ ਅਰਥ ਰੂਪ ਪ੍ਰਮਾਤਮਾ ਅਰਥਾਤ ਮੇਰਾ ਪ੍ਰਤੱਖ ਦਰਸ਼ਨ ਹੀ ਗਿਆਨ ਹੈ। ਇਸ ਤੋਂ ਇਲਾਵਾ ਜੋ ਕੁੱਝ ਵੀ ਹੈ ਉਹ ਸਭ ਅਗਿਆਨ ਹੈ। ਅਰਥਾਤ ਈਸ਼ਵਰ ਦੀ ਪ੍ਰਮੁੱਖ ਜਾਣਕਾਰੀ ਹੀ ਗਿਆਨ ਹੈ।

**7. ਭਜਨ ਦਾ ਅਧਿਕਾਰ ਸਭ ਨੂੰ**

**अपि चेत्सुदुराचारो भजते मामनन्यभाक् ।**
**साधुरेव स मन्तव्य: सम्यग्व्यवसितो हि स: ।।**
**क्षिप्रं भवति धर्मात्मा शश्वच्छान्तिं निगच्छति ।**
**कौन्तेय प्रतिजानीहि न मे भक्त: प्रणश्यति ।। ९/३०-३१**

ਘੋਰ ਪਾਪੀ ਵੀ ਮੇਰਾ ਭਜਨ ਕਰਕੇ ਛੇਤੀ ਹੀ ਮਹਾਤਮਾ ਬਣ ਜਾਂਦਾ ਹੈ। ਅਤੇ ਸਦਾ ਰਹਿਣ ਵਾਲੀ ਪਰਮ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਲਈ ਮਹਾਤਮਾ ਉਹ ਹੈ ਜੋ ਇੱਕ ਪ੍ਰਮਾਤਮਾ ਦੇ ਪ੍ਰਤਿ ਸਮਰਪਿਤ ਹੈ ਇਸ ਲਈ ਭਜਨ ਦਾ ਅਧਿਕਾਰ ਪਾਪੀ ਅਤੇ ਮਹਾਤਮਾ ਦੋਵਾਂ ਨੂੰ ਹੈ।

**8. ਪ੍ਰਮਾਤਮਾ ਦੇ ਮਾਰਗ ਵਿੱਚ ਬੀਜ ਦਾ ਨਾਸ਼ ਨਹੀਂ**

**नेहाभिक्रमनाशोऽस्ति प्रत्यवायो न विद्यते ।**
**स्वल्पमप्यस्य धर्मस्य त्रायते महतो भयात् ।। २/४०**

ਇਸ ਆਤਮ ਦਰਸਨ ਦੀ ਕ੍ਰਿਆ ਦਾ ਥੋੜ੍ਹਾ ਜਿਹਾ ਚਿੰਤਨ ਵੀ ਜਨਮ ਮਰਨ ਦੇ ਘੋਰ ਡਰ ਤੋਂ ਛੁਟਕਾਰਾ ਦੇਣ ਵਾਲਾ ਹੁੰਦਾ ਹੈ ਕਿਉਂਕਿ ਪ੍ਰਮਾਤਮਾ ਦੇ ਮਾਰਗ ਵਿੱਚ ਆਰੰਭ ਦਾ ਨਾਸ਼ ਨਹੀਂ ਹੁੰਦਾ। ਮੋਕਸ਼ ਹੋਇਆ ਨਹੀਂ ਪਰ ਮੋਕਸ਼ ਦਾ ਸਾਧਨ ਪੂਰੀ ਤਰ੍ਹਾਂ ਹੋ ਜਾਂਦਾ ਹੈ।

**9. ਈਸ਼ਵਰ ਦਾ ਨਿਵਾਸ**

**ईश्वर: सर्वभूतानां हृद्देशेऽर्जुन तिष्ठति ।**
**भ्रामयन्सर्वभूतानि यन्त्रारूढानि मायया ।। १८/६१**

ਈਸ਼ਵਰ ਸਾਰੇ ਭੌਤਿਕ ਪ੍ਰਾਣੀਆਂ ਦੇ ਦਿਲ ਵਿੱਚ ਰਹਿੰਦਾ ਹੈ। ਸੰਪੂਰਣ ਭਾਵ ਨਾਲ ਉਸ ਇੱਕ ਪ੍ਰਮਾਤਮਾ ਦੀ ਸ਼ਰਨ ਵਿੱਚ ਜਾਉ ਜਿਸ ਦੀ ਕ੍ਰਿਪਾ ਨਾਲ ਪਰਮ ਸ਼ਾਂਤੀ ਤੇ ਪਰਮ ਧਾਮ ਪ੍ਰਾਪਤ ਹੁੰਦਾ ਹੈ।

**तमेव शरणं गच्छ सर्वभावेन भारत ।**
**तत्प्रसादात्परां शान्तिं स्थानं प्राप्स्यसि शाश्वतम् ।। १८/६२**

ਸੰਪੂਰਣ ਭਾਵ ਨਾਲ ਉਸ ਇਕ ਪਰਮਾਤਮਾ ਦੀ ਸ਼ਰਣ ਵਿਚ ਜਾਓ ਜਿਸਦੀ ਕਿਰਪਾ ਨਾਲ ਤੂੰ ਪਰਮ ਸ਼ਾਂਤੀ, ਸ਼ਾਸ਼ਵਤ ਪਰਮ ਧਾਮ ਨੂੰ ਪ੍ਰਾਪਤ ਹੋਵੇਂਗਾ।

***10.*** **ਯੱਗ**

**सर्वाणीन्द्रियकर्माणि प्राणकर्माणि चापरे ।**
**आत्मसंयमयोगाग्नौ जुह्वति ज्ञानदीपिते ।। ४/२७**

ਸੰਪੂਰਣ ਇੰਦ੍ਰੀਆਂ ਦੇ ਕ੍ਰਿਆਤਮਕ ਅਦਾਨ ਪ੍ਰਦਾਨ ਨੂੰ ਅਤੇ ਮਨ ਦੀਆਂ ਚੇਸਟਾਵਾਂ ਨੂੰ ਗਿਆਨ ਤੋਂ ਪ੍ਰਕਾਸ਼ਿਤ ਹੋਈ ਸੰਜਮ ਰੂਪੀ ਯੋਗ ਅਗਨੀ ਵਿੱਚ ਹਵਨ ਕਰਦੇ ਹਨ।

**अपाने जुह्वति प्राणं प्राणेऽपानं तथापरे ।**
**प्राणापानगती रुद्ध्वा प्राणायामपरायणा: ।। ४/२९**

ਬਹੁਤ ਸਾਰੇ ਯੋਗੀ ਸੁਆਸ ਦਾ ਪ੍ਰਸੁਆਸ ਵਿਚ ਹਵਨ ਕਰਦੇ ਹਨ ਅਤੇ ਬਹੁਤ ਸਾਰੇ ਪ੍ਰਸੁਆਸ ਦਾ ਸੁਆਸ ਵਿਚ। ਇਸਤੋਂ ਉੱਚੀ ਅਵਸਥਾ ਹੋਣ ਤੇ ਕੁਝ ਯੋਗੀ ਸੁਆਸ-ਪ੍ਰਸੁਆਸ ਦੀ ਗਤੀ ਰੋਕਕੇ ਪ੍ਰਾਣਾਯਾਮ ਪਰਾਇਣ ਹੋ ਜਾਂਦੇ ਹਨ। ਇਸ ਪ੍ਰਕਾਰ ਯੋਗ ਸਾਧਨਾ ਦੀ ਵਿਧੀ-ਵਿਸ਼ੇਸ਼ ਦਾ ਨਾਮ ਯੱਗ ਹੈ। ਉਸ ਯੱਗ ਨੂੰ ਕਾਰਜ ਰੂਪ ਦੇਣਾ ਕਰਮ ਹੈ।

***11.*** **ਯੱਗ ਕਰਨ ਦਾ ਅਧਿਕਾਰ**

**यज्ञशिष्टामृतभुजो यान्ति ब्रह्म सनातनम् ।**
**नायं लोकोऽस्त्ययज्ञस्य कुतोऽन्य: कुरुसत्तम ।। ४/३१**

ਯੱਗ ਨਾਂ ਕਰਨ ਵਾਲਿਆਂ ਨੂੰ ਦੁਬਾਰਾ ਮਨੁੱਖ ਸ਼ਰੀਰ ਵੀ ਨਹੀਂ ਮਿਲਦਾ ਅਰਥਾਤ ਯੱਗ ਕਰਨ ਦਾ ਅਧਿਕਾਰ ਉਹਨਾਂ ਸਾਰਿਆਂ ਨੂੰ ਹੈ ਜਿਨ੍ਹਾਂ ਨੂੰ ਇਹ ਮਨੁਖੀ ਸਰੀਰ ਮਿਲਿਆ ਹੈ।

**12.** **ਈਸ਼ਵਰ ਵੇਖਿਆ ਜਾ ਸਕਦਾ ਹੈ**

**भक्त्या त्वनन्यया शक्य अहमेवंविधोऽर्जुन ।**
**ज्ञातुं द्रष्टुं च तत्त्वेन प्रवेष्टुं च परंतप ।। ११/५४**

ਅਦੁੱਤੀ ਭਗਤੀ ਰਾਹੀਂ ਮੈਂ ਦੇਖਣ ਜਾਨਣ ਅਤੇ ਪ੍ਰਵੇਸ਼ ਕਰਨ ਲਈ ਵੀ ਉਪਲਬਧ ਹਾਂ।

**आश्चर्यवत्पश्यति कश्चिदेन-**
**माश्चर्यवद्वदति तथैव चान्य: ।**
**आश्चर्यवच्चैनमन्य: श्रृणोति**
**श्रुत्वाप्येनं वेद न चैव कश्चित् ।। २/२९**

ਇਸ ਅਵਿਨਾਸ਼ੀ ਆਤਮਾ ਨੂੰ ਕੋਈ ਵਿਰਲਾ ਹੀ ਅਸਚਰਜ ਦੀ ਤਰਹਾਂ ਵੇਖਦਾ ਹੈ ਅਰਥਾਤ ਇਹ ਪ੍ਰਤੱਖ ਦਰਸ਼ਨ ਹੈ।

***13.*** **ਆਤਮਾ ਹੀ ਸੱਚ ਹੈ। ਸਨਾਤਨ ਹੈ।**

**अच्छेद्योऽयमदाह्योऽयमक्लेद्योऽशोष्य एव च ।**
**नित्य: सर्वगत: स्थाणुरचलोऽयं सनातन: ।। २/२४**

ਇਹ ਆਤਮਾ ਸਰਵ ਵਿਆਪਕ ਅਚਲ ਸਥਿਰ ਰਹਿਣ ਵਾਲੀ ਅਤੇ ਸਨਾਤਨ ਹੈ। ਆਤਮਾ ਹੀ ਸੱਚ ਹੈ ਅਤੇ ਇਸ ਸੱਚ ਨੂੰ ਦੁਨੀਆਂ ਦੇ ਸਾਰੇ ਮਹਾਂਪੁਰਸ਼ਾਂ ਨੇ ਵਾਰ ਵਾਰ ਕਿਹਾ ਹੈ।

### *14.* ਬ੍ਰਹਮਾ ਅਤੇ ਉਸ ਤੋਂ ਉਪਜੀ ਸ੍ਰਿਸ਼ਟੀ ਨਸ਼ਵਰ ਹੈ

**आब्रह्मभुवनाल्लोका: पुनरावर्तिनोऽर्जुन ।**
**मामुपेत्य तु कौन्तेय पुनर्जन्म न विद्यते ।। ८/१६**

ਬ੍ਰਹਮਾ ਅਤੇ ਉਹਨਾਂ ਦੁਆਰਾ ਬਣੀ ਸ੍ਰਿਸ਼ਟੀ ਦੇਵਤਾ ਅਤੇ ਦਾਨਵ ਦੁਖਾਂ ਦੀ ਖਾਣ ਅਤੇ ਪਲ ਵਿੱਚ ਨਸ਼ਟ ਹੋਣ ਵਾਲੇ ਨਸ਼ਵਰ ਹਨ।

### *15.* ਦੇਵ ਪੂਜਾ

**कामैस्तैस्तैर्हृतज्ञाना: प्रपद्यन्तेऽन्यदेवता: ।**
**तं तं नियममास्थाय प्रकृत्या नियता: स्वया ।। ७/२०**

ਕਾਮਨਾਵਾਂ ਨਾਲ ਜਿਨ੍ਹਾਂ ਦੀ ਬੁੱਧੀ ਪਰੇਸ਼ਾਨ ਹੈ ਇਹੋ ਜਿਹੇ ਮੂਰਖ ਹੀ ਪ੍ਰਮਾਤਮਾ ਤੋਂ ਇਲਾਵਾ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ। ਦਰਅਸਲ ਦੇਵਤਿਆਂ ਨੂੰ ਪੂਜਣ ਵਾਲਾ ਪੂਜਾ ਮੇਰੀ ਹੀ ਕਰਦਾ ਹੈ ਪਰ ਇਹ ਪੂਜਣ ਅਵਿਧੀ ਪੂਰਵਕ ਹੈ ਇਸ ਲਈ ਪੂਜਣ ਨਸ਼ਟ ਹੋ ਜਾਂਦਾ ਹੈ।

### ਸ਼ਾਸਤਰ ਵਿਧੀ ਦਾ ਤਿਆਗ

ਅਰਜੁਨ! ਸ਼ਾਸਤਰ ਵਿਧੀ ਦਾ ਤਿਆਗ ਕਰਕੇ ਭਜਨ ਕਰਨ ਵਾਲਾ ਸਾਤਵਿਕ ਸ਼ਰਧਾ ਵਾਲਾ ਦੇਵਤਿਆਂ ਨੂੰ, ਰਾਜਸੀ ਪੁਰਸ਼ ਯਕਸ਼ ਤੇ ਰਾਕਸ਼ਸਾਂ ਨੂੰ ਅਤੇ ਤਾਮਸੀ ਪੁਰਸ਼ ਭੂਤ ਪ੍ਰੇਤਾਂ ਨੂੰ ਪੂਜਦੇ ਹਨ। ਉਹ ਸਰੀਰ ਰੂਪ ਵਿੱਚ ਸਥਿਤ ਭੂਤ ਸਮਾਜ ਅਤੇ ਅੰਤਰਜਾਮੀ ਰੂਪ ਵਿੱਚ ਸਥਿਤ ਮੈਨੂੰ ਪ੍ਰਮਾਤਮਾ ਨੂੰ ਦੁਖੀ ਕਰਨ ਵਾਲੇ ਹਨ ਤੂੰ ਉਹਨਾਂ ਨੂੰ ਰਾਕਸ਼ਸ ਸਮਝ ਅਰਥਾਤ ਦੇਵਤਿਆਂ ਦੀ ਪੂਜਾ ਕਰਨ ਵਾਲੇ ਦੀ ਰਾਕਸ਼ਸ ਪ੍ਰਿਵ੍ਰਿਤੀ ਦੇ ਅੰਤਰਗਤ ਹਨ।

**येऽप्यन्यदेवता भक्ता यजन्ते श्रद्धयान्विता : ।**
**तेऽपि मामेव कौन्तेय यजन्त्यविधिपूर्वकम् ।। ९/२३**

ਦੇਵਤਿਆਂ ਨੂੰ ਪੂਜਣ ਵਾਲਾ ਮੇਰੀ ਹੀ ਪੂਜਾ ਕਰਦਾ ਹੈ ਪਰ ਇਹ ਪੂਜਨ ਅਵਿਧੀ ਪੂਰਬਕ ਹੈ, ਇਸ ਲਈ ਪੂਜਨ ਕਰਨ ਵਾਲਾ ਨਸ਼ਟ ਹੋ ਜਾਂਦਾ ਹੈ।

**कर्शयन्त: शरीरस्थं भूतग्राममचेतस: ।**
**मां चैवान्त: शरीरस्थं तान्विद्ध्यासुरनिश्चयान् ।। १७/६**

ਸਾਤਵਿਕ ਸ਼ਰਧਾ ਵਾਲੇ ਦੇਵਤਿਆਂ ਨੂੰ ਪੂਜਦੇ ਹਨ ਪਰ ਐਸੇ ਪੂਜਣੇ ਵਾਲਿਆਂ ਨੂੰ ਵੀ ਤੂੰ ਰਾਕਸ਼ਸ ਹੀ ਜਾਣ।

**16. ਨੀਚ**

**अशास्त्रविहितं घोरं तप्यन्ते ये तपो जना: ।**
**दम्भाहंकारसंयुक्ता: कामरागबलान्विता : ।। १७/५**

ਜੋ ਯੱਗ ਦੀ ਅਸਲ ਨਿਰਧਾਰਤ ਵਿਧੀ ਛੱਡ ਕੇ ਕਲਪਿਤ ਵਿਧੀਆਂ ਨਾਲ ਯੱਗ ਕਰਦੇ ਹਨ ਉਹ ਹੀ ਭਿਆਨਕ ਕਰਮੀ, ਪਾਪੀ ਅਤੇ ਮਨੁੱਖਾਂ ਵਿੱਚ ਨੀਚ ਹਨ। ਹੋਰ ਕੋਈ ਵੀ ਨੀਚ ਨਹੀਂ ਹੈ।

**17. ਨਿਰਧਾਰਤ ਵਿਧੀ ਕੀ ਹੈ**

**ओमित्येकाक्षरं ब्रह्म व्याहरन्मामनुस्मरन् ।**
**य: प्रयाति त्यजन्देहं स याति परमां गतिम् ।। ८/१३**

ਓਮ, ਜੋ ਅਕਸ਼ੈ ਪੂਰਨ ਬ੍ਰਹਮ ਪ੍ਰਮਾਤਮਾ ਦਾ ਨਾਮ ਹੈ ਉਸਦਾ ਜਪ ਅਤੇ ਮੈਨੂੰ ਇੱਕ ਪ੍ਰਮਾਤਮਾ ਨੂੰ ਸਿਮਰਨਾ ਅਤੇ ਕਿਸੇ ਤੱਤਵਦਰਸ਼ੀ ਮਹਾਂਪੁਰਸ਼ ਦੇ ਮਾਰਗ ਦਰਸ਼ਨ ਵਿੱਚ ਧਿਆਨ ਹੀ ਨਿਰਧਾਰਤ ਵਿਧੀ ਹੈ।

**18. ਸ਼ਾਸਤਰ**

**इति गुह्यतमं शास्त्रमिदमुक्तं मयानघ ।**
**एतद्बुद्ध्वा बुद्धिमान्स्यात्कृतकृत्यश्च भारत ।। १५/२०**

ਇਸ ਤਰ੍ਹਾਂ ਬਹੁਤ ਹੀ ਗੁਪਤ ਸ਼ਾਸਤਰ ਜੋ ਮੇਰੇ ਦੁਆਰਾ ਕਿਹਾ ਗਿਆ। ਸਪਸ਼ਟ ਹੈ ਕਿ ਉਹ ਸ਼ਾਸਤਰ ਗੀਤਾ ਹੀ ਹੈ।

**तस्माच्छास्त्रं प्रमाणं ते कार्याकार्यव्यवस्थितौ ।**
**ज्ञात्वा शास्त्रविधानोक्तं कर्म कर्तुमिहार्हसि ।। १६/२४**

ਕਰਤੱਵ ਅਤੇ ਅਕਰਤੱਵ ਦੇ ਨਿਰਧਾਰਣ ਵਿੱਚ ਸ਼ਾਸਤਰ ਹੀ ਪ੍ਰਮਾਣ ਹੈ ਇਸ ਵਾਸਤੇ ਗੀਤਾ ਵਿੱਚ ਨਿਰਧਾਰਤ ਕੀਤੀ ਵਿਧੀ ਦਾ ਪਾਲਣ ਕਰੋ।

**19. ਧਰਮ**

**सर्व धर्मान्परित्यज्य मामेकं शरणं व्रज । १८/६६**

ਧਾਰਮਿਕ ਉਥਲ ਪੁਥਲ ਨੂੰ ਛੱਡ ਕੇ ਇੱਕ ਮਾਤਰ ਮੇਰੀ ਸ਼ਰਣ ਹੋ ਅਰਥਾਤ ਇੱਕ ਪ੍ਰਮਾਤਮਾ ਦੇ ਪ੍ਰਤਿ ਪੂਰਣ ਸਮਰਪਣ ਹੀ ਧਰਮ ਦਾ ਮੂਲ ਹੈ ਅਤੇ ਉਸ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਨਿਰਧਾਰਤ ਵਿਧੀ ਦਾ ਆਚਰਣ ਹੀ ਧਰਮਾਚਰਣ ਹੈ। (ਅਧਿਆਇ ੨ ਸਲੋਕ ੪੦) ਅਤੇ ਜੋ ਉਸਨੂੰ ਕਰਦਾ ਹੈ ਉਹ ਅਤਿਅੰਤ ਪਾਪੀ ਵੀ ਛੇਤੀ ਹੀ ਧਰਮਾਤਮਾ ਹੋ ਜਾਂਦਾ ਹੈ। (ਅਧਿਆਇ ੯ ਸਲੋਕ ੩੦)

**20. ਧਰਮ ਪ੍ਰਾਪਤ ਕਿੱਥੋਂ ਕਰੀਏ**

**ब्रह्मणो हि प्रतिष्ठाहममृतस्याव्ययस्य च ।**
**शाश्वतस्य च धर्मस्य सुखस्यैकान्तिकस्य च ।। १४/२७**

ਉਸ ਅਵਿਨਾਸ਼ੀ ਬ੍ਰਹਮ ਦਾ ਅੰਮ੍ਰਿਤ ਦਾ ਸ਼ਾਸ਼ਵਤ ਧਰਮ ਅਤੇ ਅਖੰਡ ਇੱਕਰਸ ਆਨੰਦ ਦਾ ਮੈਂ ਹੀ ਅਧਾਰ ਹਾਂ ਅਰਥਾਤ ਪ੍ਰਮਾਤਮਾ ਸਥਿਤ ਸਤਿਗੁਰੂ ਹੀ ਇਹਨਾਂ ਸਭ ਦਾ ਅਧਾਰ ਹੈ।

**ਨੋਟ :** ਵਿਸ਼ਵ ਦੇ ਸਾਰੇ ਧਰਮਾਂ ਦੀ ਸਤਿਧਾਰਾ ਗੀਤਾ ਦਾ ਹੀ ਪ੍ਰਸਾਰ ਹੈ।

## ਪਾਵਨ ਸੰਤਾਂ ਦੇ ਅਗੱਮੀ ਸਨੇਹੇ,
## ਪ੍ਰਾਚੀਨ ਕਾਲ ਤੋਂ ਹੁਣ ਤੱਕ, ਕ੍ਰਮਵਾਰ ਦਰਜ

ਸੁਵਾਮੀ ਸ਼੍ਰੀ ਅੜਗੜਾਨੰਦਜੀ ਨੇ ਗੰਗਾ ਦਸਹਿਰੇ (1993) ਦੇ ਸ਼ੁੱਭ ਦਿਵਸ ਤੇ, ਸ਼੍ਰੀ ਪਰਮਹੰਸ ਆਸ਼ਰਮ ਜਗਤਆਨੰਦ, ਪਿੰਡ ਅਤੇ ਡਾਕ ਖਾਨਾ ਬਰੇਨੀ, ਕੱਛਵੀ, ਜ਼ਿਲ੍ਹਾ ਮਿਰਜ਼ਾਪੁਰ (ਯੂ.ਪੀ.) ਵਿਖੇ ਆਪਣੇ ਗ੍ਰਹਿ ਦੇ ਦਰ ਤੇ ਇਕ ਬੋਰਡ ਇਹ ਬੋਰਡ ਲਗਾਇਆ ਹੈ ਜਿਸ ਉੱਤੇ ਇਹ ਵਾਣੀ ਦਰਜ ਕਰਾਈ।

- **ਸ੍ਰਿਸ਼ਟੀ ਦਾ ਆਦਿ ਸ਼ਾਸਤਰ**

  ਭਗਵਾਨ ਸ਼੍ਰੀ ਕ੍ਰਿਸ਼ਨ ਨੇ ਕਿਹਾ ਇਸ ਅਵਿਨਾਸ਼ੀ ਯੋਗ ਨੂੰ ਮੈਂ ਪਹਿਲਾਂ ਸੂਰਜ ਨੂੰ ਕਿਹਾ ਸੂਰਜ ਨੇ ਸਵੰਮ ਭੂ ਮਨੂੰ ਨੂੰ ਕਿਹਾ ਜਿਸਦੇ ਅਨੁਸਾਰ ਇੱਕ ਪ੍ਰਮਾਤਮਾ ਹੀ ਸੱਚ ਹੈ ਪਰਮ ਤੱਤਵ ਹੈ ਕਣ ਕਣ ਵਿੱਚ ਵਿਰਾਜਮਾਨ ਹੈ। ਯੋਗ ਸਾਧਨਾ ਦੁਆਰਾ ਉਸ ਪ੍ਰਮਾਤਮਾ ਦੇ ਦਰਸ਼ਨ, ਸਪਰਸ਼ ਅਤੇ ਉਸ ਵਿੱਚ ਪ੍ਰਵੇਸ਼ ਕਰਨਾ ਅਸਾਨ ਹੈ। ਭਗਵਾਨ ਦਾ ਦਿੱਤਾ ਗਿਆ ਇਹ ਆਦਿ ਗਿਆਨ ਉਪਦੇਸ਼ ਵੈਦਿਕ ਰਿਸ਼ੀਆਂ ਦੇ ਰੂਪ ਵਿੱਚ ਵਗਦਾ ਰਿਹਾ ਹੈ।

- **ਸ਼੍ਰੀ ਵੈਦਿਕ ਸੰਤ** (ਪ੍ਰਾਚੀਨ ਕਾਲ– ਨਾਰਾਇਣ ਸੁਕਤ)

  ਕਣ–ਕਣ 'ਚ ਵੱਸ ਰਿਹਾ ਪਰਮਾਤਮਾ ਹੀ ਸੱਚਾਈ ਹੈ। ਨਿਰਬਾਣ ਪ੍ਰਾਪਤ ਕਰਣ ਦਾ ਇਕ ਮਾਤਰ ਤਰੀਕਾ ਉਸ ਨੂੰ ਸਮਝਣਾ ਹੈ।

- **ਭਗਵਾਨ ਸ਼੍ਰੀ ਰਾਮ** (ਤ੍ਰੇਤਾ–ਲੱਖਾਂ ਸਾਲ ਪਹਿਲਾਂ –ਰਾਮਾਯਣ)

  ਪਰਮਾਤਮਾ ਦੀ ਪੂਜਾ ਬਿਨਾ, ਅਸੀਸ ਦੀ ਇੱਛਾ ਰੱਖਣ ਵਾਲਾ ਅਗਿਆਨੀ ਹੈ।

- **ਯੋਗੇਸ਼ਵਰ ਸ਼੍ਰੀ ਕ੍ਰਿਸ਼ਨ** (5200 ਸਾਲ ਪਹਿਲਾਂ –ਗੀਤਾ)

  ਕੇਵਲ ਪਰਮਾਤਮਾ ਹੀ ਸੱਚਾਈ ਹੈ। ਅਗੱਮ ਦੀ ਪ੍ਰਾਪਤੀ ਕੇਵਲ ਸਿਮਰਣ ਦੁਆਰਾ ਮੁਮਕਿਨ ਹੈ। ਕੇਵਲ ਮੂਰਖਾਂ ਵਲੋਂ ਦੇਵਤਿਆਂ ਦੀ ਪੂਜਾ ਹੁੰਦੀ ਹੈ।

- **ਸੰਤ ਮੂਸਾ** (3000 ਸਾਲ ਪਹਿਲਾਂ – ਯਹੂਦੀ)

  ਤੁਸੀਂ ਰੱਬ ਤੋਂ ਵਿਸ਼ਵਾਸ ਉਠਾ ਲਿਆ, ਮੂਰਤੀਆਂ ਬਣਾਈਆਂ – ਉਹ ਨਾ–ਖੁਸ਼ ਹੈ। ਉਸ ਦੀ ਪ੍ਰਾਰਥਨਾ ਆਰੰਭ ਕਰੋ।

- **ਸੰਤ ਜ਼ੋਰਾਸਟਰ** (2700 ਸਾਲ ਪਹਿਲਾਂ – ਜ਼ੋਰਾਸਟ੍ਰਿਅਨ ਧਰਮ)

  ਤੁਹਾਡੇ ਦਿੱਲ ਨੂੰ ਸੰਕੋਚਣ ਵਾਲੀ ਭੈੜੇ ਵਿਕਾਰਾਂ ਨੂੰ, ਜੋ ਸਾਰੇ ਦੁਖਾਂ ਦੇ ਮੂਲ ਕਾਰਣ ਹਨ, ਨਸਟ ਕਰਣ ਲਈ ਆਹੁਰਮਜ਼ਦਾ (ਈਸ਼ਵਰ) ਦਾ ਸਿਮਰਣ ਕਰੋ।

- **ਮਹਾਵੀਰ ਸੁਵਾਮੀ** (2500 ਸਾਲ ਪਹਿਲਾਂ – ਜੈਨ ਵਾਣੀ)

  ਆਤਮਾ ਸੱਚਾਈ ਹੈ। ਸ਼ਖਤ ਤਪੱਸਿਆ ਦੀ ਪਾਲਨਾ ਨਾਲ ਇਸ ਨੂੰ ਇਸ ਹੀ ਜਨਮ ਵਿੱਚ ਜਾਣਿਆ ਜਾ ਸਕਦਾ ਹੈ।

- **ਗੌਤਮ ਬੁੱਧ** (2500 ਸਾਲ ਪਹਿਲਾਂ -ਮਹਾਪਰੀਨਿਰਬਾਣ ਸੁੱਤ)

  ਮੈਂ ਉਹ ਉੱਚ ਅਖੀਰਲੀ ਅਵਸਥਾ ਪ੍ਰਾਪਤ ਕਰ ਲਈ ਹੈ ਜੋ ਪੂਰਬ ਸੰਤਾਂ ਨੇ ਪਾ ਲਈ ਸੀ। ਇਹ ਨਿਰਬਾਣ ਹੈ।

- **ਮਸੀਹ ਈਸਾ** (2000 ਸਾਲ ਪਹਿਲਾਂ – ਈਸਾਈ ਧਰਮ)

  ਅਗੱਮ ਦੀ ਪ੍ਰਾਪਤੀ ਕੇਵਲ ਪ੍ਰਾਰਥਨਾ ਦੁਆਰਾ ਹੈ। ਮੇਰੇ ਕੋਲ ਆਉ। ਤਾਂ ਹੀ ਤੁਸੀਂ ਰੱਬ ਦੇ ਪੁੱਤਰ ਅਖਵਾਉਗੇ।

- **ਹਜ਼ਰਤ ਮੁਹੰਮਦ ਸਾਹਬ** (1400 ਸਾਲ ਪਹਿਲਾਂ – ਇਸਲਾਮ)

  'ਲਾ ਇਲਾਹ– ਇੱਲਲੱਾਹ ਮੁਹੰਮਦੁੱਰ–ਰਸੂਲੱਲਾਹ' । ਉਸ ਸਰਬ ਵਿਆਪੀ ਰੱਬ ਤੋਂ ਇਲਾਵਾ ਹੋਰ ਕੋਈ ਵੀ ਪੂਜਣ ਯੋਗ ਨਹੀਂ ਹੈ। ਮੁਹੰਮਦ ਅੱਲਾਹ ਦੇ ਸੰਦੇਸ਼ਵਾਹਕ ਹਨ।

- **ਆਦੀ ਸ਼ੰਕਰਾਚਾਰਯਾ** (1200 ਸਾਲ ਪਹਿਲਾਂ)

  ਜਗਤ ਮਿਥਿਆ ਹੈ। ਕਰਤੇ ਦਾ ਨਾਮ ਹੀ ਸੱਚੀ ਹੋਂਦ ਹੈ।

- **ਸੰਤ ਕਬੀਰ** (600 ਸਾਲ ਪਹਿਲਾਂ)

  ਰਾਮ ਦਾ ਨਾਮ ਹੀ ਸੱਭ ਕੁੱਝ ਹੈ, ਹੋਰ ਸਭ ਵਿਅਰਥ ਹੈ। ਆਦਿ, ਮੱਧ ਅਤੇ ਅੰਤ ਹੋਰ ਕੁੱਝ ਨਹੀਂ ਪਰ ਰਾਮ ਦੀ ਧੁੱਨ ਹੈ। ਰਾਮ ਦੀ ਧੁੱਨ ਲਗਾਉ, ਕੇਵਲ ਉਹ ਹੀ ਵਿਸਮਾਦੀ ਹੈ।

- **ਗੁਰੂ ਨਾਨਕ** (500 ਸਾਲ ਪਹਿਲਾਂ)

  'ਇਕ ਓਅੰਕਾਰ ਸਤਿਗੁਰ ਪ੍ਰਸਾਦਿ' । ਕੇਵਲ ਇਕ ਓਅੰਕਾਰ (ਪਰਮਾਤਮਾ) ਹੀ ਸਤਿ ਹੈ ਅਤੇ ਉਹ ਗੁਰੂ ਦੀ ਕਿਰਪਾ ਦੁਆਰਾ ਪਾਇਆ ਜਾਂਦਾ ਹੈ।

- **ਸੁਵਾਮੀ ਦਯਾਨੰਦ ਸਰਸਵਤੀ** (200 ਸਾਲ ਪਹਿਲਾਂ)

  ਕੇਵਲ ਉਸ ਸਦੀਵੀ, ਅਮਰ ਪਰਮਾਤਮਾ ਦੀ ਪੂਜਾ ਕਰੋ। ਇਸ ਪਰਮ–ਸ਼ਕਤੀ ਦਾ ਮੁੱਖ ਨਾਮ ਓਮ ਹੈ।

- **ਸੁਵਾਮੀ ਸ਼੍ਰੀ ਪਰਮਾਨੰਦਜੀ** (1912–1969 ਈ.)

  ਜਦੋਂ ਉਹ ਪਰਮ–ਸ਼ਕਤੀ ਮਿਹਰ ਕਰਦਾ ਹੈ, ਦੁਸ਼ਮਨ ਦੋਸਤ ਅਤੇ ਅਭਾਗ ਸੁਭਾਗ ਵਿੱਚ ਤਬਦੀਲ ਹੋ ਜਾਂਦੇ ਹਨ। ਪਰਮਾਤਮਾ ਸਰਬ ਵਿਆਪਕ ਹੈ।

# ਸੂਚੀ


| ਵਿਸ਼ਾ | | ਪੰਨਾ ਨੰਬਰ |
|---|---|---|
| | ਭੂਮਿਕਾ | ਕ – ਟ |
| 1. | ਪਹਿਲਾ ਅਧਿਆਇ | 1 - 19 |
| 2. | ਦੂਜਾ ਅਧਿਅਇ | 20 - 51 |
| 3. | ਤੀਜਾ ਅਧਿਆਇ | 52 - 72 |
| 4. | ਚੌਥਾ ਅਧਿਆਇ | 73 - 98 |
| 5. | ਪੰਜਵਾਂ ਅਧਿਆਇ | 99 - 110 |
| 6. | ਛੇਵਾਂ ਅਧਿਆਇ | 111 - 128 |
| 7. | ਸੱਤਵਾਂ ਅਧਿਆਇ | 129 - 140 |
| 8. | ਅੱਠਵਾ ਅਧਿਆਇ | 141 - 155 |
| 9. | ਨੌਵਾਂ ਅਧਿਆਇ | 156 - 171 |
| 10. | ਦਸਵਾਂ ਅਧਿਆਇ | 172 - 186 |
| 11. | ਗਿਆਰਵਾਂ ਅਧਿਆਇ | 187 - 205 |
| 12. | ਬਾਰ੍ਹਵਾਂ ਅਧਿਆਇ | 206 - 213 |
| 13. | ਤੇਰ੍ਹਵਾਂ ਅਧਿਆਇ | 214 - 224 |
| 14. | ਚੌਦ੍ਹਵਾਂ ਅਧਿਆਇ | 225 - 233 |
| 15. | ਪੰਦਰ੍ਹਵਾਂ ਅਧਿਆਇ | 234 - 243 |
| 16. | ਸੋਲ੍ਹਵਾਂ ਅਧਿਆਇ | 244 - 252 |
| 17. | ਸਤਾਰ੍ਹਵਾਂ ਅਧਿਆਇ | 253 - 263 |
| 18. | ਅਠਾਰ੍ਹਵਾਂ ਅਧਿਆਇ | 264 - 290 |
| 19. | ਸੰਖੇਪ | 291 - 310 |


( **ਨੋਟ** : ਇਟਾਲਿਕ (ਤਿਰਛੇ) ਅੱਖਰਾਂ ਵਿਚ ਛਪੇ ਅੰਸ਼ ਆਡੀਓ ਕੈਸਟ ਵਿਚ ਨਹੀਂ ਹਨ।)

# ਪ੍ਰਸਤਾਵਨਾ

ਦਰਅਸਲ ਗੀਤਾ ਉਤੇ ਟੀਕਾ ਲਿਖਣ ਦੀ ਹੁਣ ਕੋਈ ਲੋੜ ਮਹਿਸੂਸ ਨਹੀਂ ਹੁੰਦੀ, ਕਿਉਂਕਿ ਇਸ ਉਤੇ ਸੈਂਕੜੇ ਟੀਕਾਵਾਂ ਲਿਖੀਆਂ ਜਾ ਚੁਕੀਆਂ ਹਨ, ਜਿਨ੍ਹਾਂ ਵਿਚ ਅੱਧੀਆਂ ਤਾਂ ਸਿਰਫ਼ ਸੰਸਕ੍ਰਿਤ ਵਿਚ ਹੀ ਹਨ। ਗੀਤਾ ਨੂੰ ਲੈਕੇ ਅਨੇਕ ਮੱਤ ਹਨ, ਜਦਕਿ ਸਭ ਦੀ ਬੁਨਿਆਦ ਇਕ ਮਾਤਰ ਗੀਤਾ ਹੈ। ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਤਾਂ ਕੋਈ ਇਕ ਗੱਲ ਹੀ ਕਹੀ ਹੋਵੇਗੀ, ਫੇਰ ਇਹ ਮੱਤਭੇਦ ਕਿਉਂ? ਦਰਅਸਲ ਕਹਿਣ ਵਾਲਾ ਇੱਕੋ ਗੱਲ ਕਹਿੰਦਾ ਹੈ; ਪਰ ਸੁਣਨ ਵਾਲੇ ਜੇ ਦਸ ਬੈਠੇ ਹੋਣ ਤਾਂ ਦਸ ਪ੍ਰਕਾਰ ਦੇ ਭਾਵ ਗ੍ਰਹਿਣ ਕਰਦੇ ਹਨ। ਵਿਅਕਤੀ ਦੀ ਬੁੱਧੀ ਉਤੇ ਤਾਮਸੀ, ਰਾਜਸੀ ਅਥਵਾ ਸਾਤਵਿਕ ਗੁਣਾਂ ਦਾ ਜਿੰਨਾ ਪ੍ਰਭਾਵ ਹੈ, ਉਸੀ ਪੱਧਰ ਨਾਲ ਉਹ ਉਸ ਵਾਰਤਾ ਨੂੰ ਪਕੜ ਪਾਉਂ ਦਾ ਹੈ। ਇਸ ਤੋਂ ਅੱਗੇ ਉਹ ਸਮਝ ਨਹੀਂ ਸਕਦਾ। ਇਸ ਲਈ ਮਤਭੇਦ ਸੁਭਾਵਿਕ ਹੈ।

ਭਿੰਨ-ਭਿੰਨ ਮਤਵਾਦਾਂ ਨਾਲ, ਅਤੇ ਕਦੇ-ਕਦੇ ਇੱਕੋ ਸਿਧਾਂਤ ਨੂੰ ਵੱਖ-ਵੱਖ ਸਮੇਂ ਅਤੇ ਭਾਸ਼ਾਵਾਂ ਵਿਚ ਵਿਅਕਤ ਕਰਨ ਨਾਲ ਸਾਧਾਰਣ ਮਨੁੱਖ ਸ਼ੰਕਾ ਵਿਚ ਪੈ ਜਾਂਦਾ ਹੈ। ਬਹੁਤ ਸਾਰੀਆਂ ਟੀਕਾਵਾਂ ਵਿਚ ਉਹੀ ਸਤਿ-ਧਾਰਾ ਵੀ ਪ੍ਰਵਾਹਿਤ ਹੈ; ਪਰ ਸ਼ੁਧ ਅਰਥ ਵਾਲੀ ਪੁਸਤਕ ਹਜ਼ਾਰਾਂ ਟੀਕਾਵਾਂ ਦੇ ਵਿਚ ਰੱਖ ਦਿਤੀ ਜਾਏ, ਤਾਂ ਉਹਨਾਂ ਵਿਚੋਂ ਇਹ ਪਛਾਣਨਾ ਕਠਿਨ ਹੋ ਜਾਂਦਾ ਹੈ ਕਿ ਯਥਾਰਥ ਕਿਹੜੀ ਹੈ? ਵਰਤਮਾਨ ਸਮੇਂ ਵਿਚ ਗੀਤਾ ਦੀਆਂ ਬਹੁਤ ਸਾਰੀਆਂ ਟੀਕਾਵਾਂ ਹੋ ਗਈਆਂ ਹਨ, ਸਾਰੀਆਂ ਆਪਣੀ ਸਤਿਅਤਾ ਦਾ ਉੱਚਾਰ ਕਰਦੀਆਂ ਹਨ; ਪਰ ਗੀਤਾ ਦੇ ਸ਼ੁੱਧ ਅਰਥ ਤੋਂ ਉਹ ਬਹੁਤ ਦੂਰ ਹਨ। ਬੇਸ਼ਕ ਕੁਝ ਮਹਾਪੁਰਸ਼ਾਂ ਨੇ ਸਤਿ ਦਾ ਸਪਰਸ਼ ਵੀ ਕੀਤਾ; ਪਰ ਕੁਝ ਇਕ ਕਾਰਣਾਂ ਕਰਕੇ ਉਹ ਉਸਨੂੰ ਸਮਾਜ ਦੇ ਸਾਮ੍ਹਣੇ ਪ੍ਰਸਤੁਤ ਨਾ ਕਰ ਸਕੇ।

ਸ਼੍ਰੀ ਕ੍ਰਿਸ਼ਣ ਦੇ ਭਾਵ ਨੂੰ ਮਨ ਵਿਚ ਗ੍ਰਹਿਣ ਨਾ ਕਰ ਸਕਣ ਦਾ ਮੂਲ ਕਾਰਨ ਇਹ ਹੈ ਕਿ ਉਹ ਇਕ ਯੋਗੀ ਸਨ। ਸ਼੍ਰੀ ਕ੍ਰਿਸ਼ਣ ਜਿਸ ਪੱਧਰ ਦੀ ਗੱਲ ਕਰਦੇ ਹਨ, ਕ੍ਰਮਵਾਰ ਚਲਕੇ ਉਸੇ ਪੱਧਰ ਉਤੇ ਖੜੇ ਹੋਣ ਵਾਲਾ ਕੋਈ ਮਹਾਪੁਰਸ਼ ਹੀ ਇਕ ਇਕ ਅੱਖਰ ਕਰਕੇ ਦਸ ਸਕੇਗਾ ਕਿ ਸ਼੍ਰੀ ਕ੍ਰਿਸ਼ਣ ਨੇ ਜਿਸ ਸਮੇਂ ਗੀਤਾ ਦਾ ਉਪਦੇਸ਼ ਦਿਤਾ ਸੀ, ਉਸ ਸਮੇਂ ਉਹਨਾਂ ਦੇ ਮਨ ਦੇ ਭਾਵ ਕੀ ਸਨ ? ਮਨ ਦੇ ਸਾਰੇ ਭਾਵ ਕਹਿਣ ਵਿਚ ਨਹੀਂ ਆਉਂਦੇ ਹਾਂ, ਕੁਝ ਤਾਂ ਕਹਿਣ ਵਿਚ ਆ ਜਾਂਦੇ ਹਨ ਪਰ

ਕੁਝ ਹਾਵਭਾਵ ਨਾਲ ਵਿਅਕਤ ਹੁੰਦੇ ਹਨ, ਅਤੇ ਬਹੁਤ ਸਾਰੇ ਕ੍ਰਿਆਤਮਕ ਹਨ ਜਿਨ੍ਹਾਂ ਨੂੰ ਉਸੇ ਰਾਹ ਦਾ ਕੋਈ ਰਾਹਗੀਰ ਚਲਕੇ ਹੀ ਜਾਣ ਸਕਦਾ ਹੈ। ਜਿਸ ਪੱਧਰ ਉਤੇ ਸ਼੍ਰੀ ਕ੍ਰਿਸ਼ਣ ਸਨ, ਕ੍ਰਮਵਾਰ ਚਲਕੇ ਉਸੇ ਅਵਸਥਾਨੂੰ ਪ੍ਰਾਪਤ ਹੋਇਆ ਮਹਾਪੁਰਸ਼ ਹੀ ਜਾਣਦਾ ਹੈ ਕਿ ਗੀਤਾ ਕੀ ਕਹਿੰਦੀ ਹੈ ? ਉਹ ਗੀਤਾ ਦੀਆਂ ਪੰਗਤੀਆਂ ਹੀ ਨਹੀਂ ਦੁਹਰਾਉਂਦਾ ਬਲਕਿ ਉਨ੍ਹਾਂ ਦੇ ਭਾਵ ਨੂੰ ਵੀ ਦਰਸ਼ਾ ਦੇਂਦਾ ਹੈ। ਕਿਉਂਕਿ ਜੋਦ੍ਰਿਸ਼ ਸ਼੍ਰੀ ਕ੍ਰਿਸ਼ਣ ਦੇ ਸਾਮ੍ਹਣੇ ਸੀ, ਉਹੋ ਉਸ ਵਰਤਮਾਨ ਮਹਾਪੁਰਸ਼ ਦੇ ਸਾਮ੍ਹਣੇ ਵੀ ਹੈ। ਇਸਲਈ ਉਹ ਦੇਖਦਾ ਹੈ, ਦਿਖਾ ਦੇਂਦਾ ਹੈ, ਤੁਹਾਡੇ ਅੰਦਰ ਜਾਗ੍ਰਤ ਵੀ ਕਰ ਦੇਂਦਾ ਹੈ, ਉਸ ਰਾਹਉਤੇ ਚਲਾ ਵੀ ਦੇਂਦਾ ਹੈ।

'ਪੂਜਯ ਸ਼੍ਰੀ ਪਰਮਹੰਸਜੀ ਮਹਾਰਾਜ' ਵੀ ਉਸੇ ਪੱਧਰ ਦੇ ਮਹਾਪੁਰਸ਼ ਸਨ। ਉਹਨਾਂ ਦੇ ਬਚਨਾਂ ਅਤੇ ਅੰਤਰਪ੍ਰੇਰਣਾ ਤੋਂ ਗੀਤਾ ਦਾ ਜੋ ਅਰਥ ਮਿਲਿਆ, ਉਸੇ ਦਾ ਸੰਗ੍ਰਹਿ 'ਯਥਾਰਥ ਗੀਤਾ' ਹੈ। ਇਸ ਵਿਚ ਮੇਰਾ ਆਪਣਾ ਕੁਝ ਵੀ ਨਹੀਂ। ਇਹ 'ਕ੍ਰਿਆਤਮਕ' ਹੈ। ਸਾਧਨ ਅਪਨਾਉਣ ਵਾਲੇ ਹਰ ਪੁਰਸ਼ ਨੂੰ ਇਸੇ ਘੇਰੇ ਵਿਚੋਂ ਗੁਜ਼ਰਨਾ ਹੋਵੇਗਾ। ਜਦ ਤਕ ਉਹ ਇਸਤੋਂ ਅਲਗ ਹੈ, ਤਦ ਤਕ ਸਪਸ਼ਟ ਹੈ ਕਿ ਉਹ ਸਾਧਨ ਨਹੀਂ ਕਰਦਾ,ਕਿਸੇ ਨਾ ਕਿਸੇ ਪ੍ਰਕਾਰ ਦੀ ਲਕੀਰ ਦਾ ਫਕੀਰ ਜ਼ਰੂਰ ਹੁੰਦਾ ਹੈ। ਇਸ ਲਈ ਕਿਸੇ ਮਹਾਪੁਰਸ਼ ਦੀ ਸ਼ਰਣ ਲਉ। ਸ਼੍ਰਿਕ੍ਰਿਸ਼ਣ ਨੇ ਕਿਸੇ ਹੋਰ ਸੱਚ ਨੂੰ ਨਹੀਂ ਦਸਿਆ 'ऋषिमिर्बहुधा गीतं' ਰਿਸ਼ੀਆਂ ਨੇ ਅਨੇਕਾਂ ਵਾਰ ਜਿਸਦਾ ਗਾਇਨ ਕੀਤਾ ਹੈ, ਉਹੋ ਕਹਿਣ ਜਾ ਰਿਹਾ ਹਾਂ, ਉਹਨਾਂ ਨੇ ਇਹ ਨਹੀਂ ਕਿਹਾ ਕਿ ਉਸ ਗਿਆਨ ਨੂੰ ਕੇਵਲ ਮੈਂ ਹੀ ਜਾਣਦਾ ਹਾਂ ਜਾਂ ਮੈਂ ਹੀ ਦਸਾਂਗਾ, ਬਲਕਿ ਕਿਹਾ ''ਕਿਸੇ 'ਤੱਤ ਦਰਸ਼ੀ' ਦੇ ਕੋਲ ਜਾਉ, ਨਿਸ਼ਕਪਟ ਭਾਵ ਨਾਲ ਸੇਵਾ ਕਰਕੇ ਉਸ ਗਿਆਨ ਨੂੰ ਪ੍ਰਾਪਤ ਕਰੋ।'' ਸ਼੍ਰੀ ਕ੍ਰਿਸ਼ਣ ਨੇ ਮਹਾਪੁਰਸ਼ਾਂ ਦੁਆਰਾ ਸੋਧੇ ਹੋਏ ਸੱਚ ਨੂੰ ਹੀ ਉਦਘਾਟਿਤ ਕੀਤਾ ਹੈ।

ਗੀਤਾ ਸੁਬੋਧ ਸੰਸਕ੍ਰਿਤ ਵਿਚ ਹੈ। ਜੇ ਸਿੱਧੇ-ਸਿੱਧੇ ਵੀ ਲਿਆ ਜਾਏ, ਤਾਂ ਗੀਤਾ ਦਾ ਜ਼ਿਆਦਾਤਰ ਹਿੱਸਾ ਤੁਸੀਂ ਆਪ ਹੀ ਸਮਝ ਲਉਗੇ। ਪਰ ਤੁਸੀਂ ਜਿਉਂ ਦਾ ਤਿਉਂ ਅਰਥ ਨਹੀਂ ਲੈਂਦੇ। ਉਦਾਹਰਣ ਲਈ, ਸ਼੍ਰੀ ਕ੍ਰਿਸ਼ਣ ਨੇ ਸਪੱਸ਼ਟ ਕੀਤਾ ਹੈ ਕਿ ''ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ;'' ਫੇਰ ਵੀ ਤੁਸੀਂ ਕਹਿੰਦੇ ਹੋ ਕਿ ਖੇਤੀ ਕਰਨਾ ਕਰਮ ਹੈ। ਯੱਗ ਨੂੰ ਸਪੱਸ਼ਟ ਕਰਦੇ ਹੋਏ ਉਹਨਾਂ ਨੇ ਦਸਿਆ ਕਿ ਯੱਗ ਵਿਚ ਬਹੁਤ ਸਾਰੇ ਯੋਗੀਜਨ ਪ੍ਰਾਣ ਦਾ ਅਪਾਨ (ਸਰੀਰ ਤੋਂ ਨਿਕਲੀ ਦੂਸ਼ਿਤ ਹਵਾ) ਵਿਚ ਹਵਨ ਕਰਦੇ ਹਨ, ਬਹੁਤ ਸਾਰੇ ਯੋਗੀ ਪ੍ਰਾਨ-ਅਪਾਨ ਦੋਨਾਂ ਨੂੰ ਰੋਕਕੇ ਪ੍ਰਾਣਾਯਾਮ ਪਰਾਇਣ ਹੋ ਜਾਂਦੇ ਹਨ। ਬਹੁਤ ਸਾਰੇ ਯੋਗੀ ਇੰਦ੍ਰੀਆਂ ਦੀਆਂ ਸੰਪੂਰਣ ਪ੍ਰਵਿਰਤੀਆਂ ਨੂੰ ਸੰਜਮ ਅਗਨੀ ਵਿਚ ਹਵਨ ਕਰਦੇ ਹਨ। ਇਸ ਪ੍ਰਕਾਰ ਸੁਆਸ-ਪ੍ਰਸੁਆਸ ਦਾ ਚਿੰਤਨ ਯੱਗ ਹੈ। ਮਨ ਸਹਿਤ ਇੰਦ੍ਰੀਆਂ ਦਾ ਸੰਜਮ ਯੱਗ ਹੈ। ਸ਼ਾਸਤ੍ਰਕਾਰ ਨੇ ਆਪ ਯੱਗ ਦਸਿਆ, ਫੇਰ ਵੀ ਤੁਸੀਂ ਕਹਿੰਦੇ ਹੋ ਕਿ ਵਿਸ਼ਣੂ ਦੇ ਨਿਮਿਤ ਸ੍ਵਾਹਾ ਬੋਲਣਾ, ਅਗਨੀ ਵਿਚ ਜੌਂ-ਤਿਲ-ਘਿਉ ਦਾ ਹਵਨ ਕਰਨਾ ਯੱਗ ਹੈ। ਉਸ ਯੋਗੇਸ਼ਵਰ ਨੇ ਐਸਾ ਇਕ ਸ਼ਬਦ ਵੀ ਨਹੀਂ ਕਿਹਾ।

ਕੀ ਕਾਰਨ ਹੈ ਕਿ ਤੁਸੀਂ ਸਮਝ ਨਹੀਂ ਪਾਉਂਦੇ ? ਗੱਲ ਦੀ ਤਹਿ ਤੱਕ ਪਹੁੰਚ ਕੇ ਵੀ ਕਿਉਂ ਲਫ਼ਜਾਂ ਦੀ ਬਨਾਵਟ ਹੀ ਪੱਲੇ ਪੈਂਦੀ ਹੈ? ਤੁਸੀਂ ਯਥਾਰਥ ਜਾਣਕਾਰੀ ਤੋਂ ਖ਼ਾਲੀ ਕਿਉਂ ਰਹਿ ਜਾਂਦੇ ਹੋ? ਦਰਅਸਲ ਜਦੋਂ ਮਨੁੱਖ ਜਨਮ ਲੈਕੇ ਕ੍ਰਮਵਾਰ ਢੰਗ ਨਾਲ ਵੱਡਾ ਹੁੰਦਾ ਹੈ, ਤਾਂ ਪਿਤਰੀ ਸੰਪੱਤੀ (ਘਰ, ਦੁਕਾਨ, ਜ਼ਮੀਨ-ਜਾਇਦਾਦ, ਪਦ-ਪ੍ਰਤਿਸ਼ਠਾ , ਗਊ, ਮੱਝ, ਯੰਤ੍ਰ-ਉਪਰਕਣ ਆਦਿ) ਉਸਨੂੰ ਵਿਰਾਸਤ ਵਿਚ ਮਿਲਦੇ ਹਨ। ਠੀਕ ਇਸੇ ਪ੍ਰਕਾਰ ਉਸਨੂੰ ਕੁਝ ਰੂੜ੍ਹੀਆਂ, ਰਿਵਾਜਾਂ, ਪੂਜਾ-ਵਿਧੀਆਂ ਵੀ ਵਿਰਾਸਤ ਵਿਚ ਮਿਲ ਜਾਂਦੀਆਂ ਹਨ। ਤੇਤੀ ਕਰੋੜ ਦੇਵੀ-ਦੇਵਤਾ ਤਾਂ ਭਾਰਤ ਵਿਚ ਬਹੁਤ ਪਹਿਲਾਂ ਤੋਂ ਗਿਣੇ ਗਏ ਸਨ, ਵਿਸ਼ਵ ਵਿਚ ਉਹਨਾਂ ਦੇ ਅਨਗਿਣਤ ਰੂਪ ਹਨ। ਬਾਲਕ

ਜਿਉਂ-ਜਿਉਂ ਵੱਡਾ ਹੁੰਦਾ ਹੈ, ਆਪਣੇ ਮਾਤਾ-ਪਿਤਾ, ਭਰਾ-ਭੈਣ, ਪਾਸ-ਪੜੋਸ ਵਿਚ ਇਹਨਾਂ ਦੀ ਪੂਜਾ ਵੇਖਦਾ ਹੈ। ਪਰਿਵਾਰ ਵਿਚ ਪ੍ਰਚਲਿਤ ਪੂਜਾ-ਵਿਧੀਆਂ ਦੀ ਅਮਿਟ ਛਾਪ ਉਸਦੇ ਦਿਮਾਗ ਉਤੇ ਪੈ ਜਾਂਦੀ ਹੈ। ਦੇਵੀ ਦੀ ਪੂਜਾ ਮਿਲੀ ਤਾਂ ਜੀਵਨ ਭਰ ਦੇਵੀ-ਦੇਵੀ ਰਟਦਾ ਹੈ, ਪਰਿਵਾਰ ਵਿਚ ਭੂਤ-ਪੂਜਾ ਮਿਲੀ ਤਾਂ ਭੂਤ-ਭੂਤ ਰਟਦਾ ਹੈ। ਕੋਈ ਸ਼ਿਵ ਤਾਂ ਕੋਈ ਕ੍ਰਿਸ਼ਣ, ਤਾਂ ਕੋਈ ਕੁਝ ਪਕੜੇ ਹੀ ਰਹਿੰਦਾ ਹੈ। ਉਸਨੂੰ ਉਹ ਛੱਡ ਨਹੀਂ ਸਕਦਾ।

ਐਸੇ ਭਟਕੇ ਪੁਰਸ਼ ਨੂੰ ਗੀਤਾ ਵਰਗਾ ਕਲਿਆਨਕਾਰੀ ਸ਼ਾਸਤ੍ਰ ਮਿਲ ਵੀ ਜਾਵੇ ਤਾਂ ਉਹ ਉਸਨੂੰ ਨਹੀਂ ਸਮਝ ਸਕਦਾ। ਪਿਤਰੀ ਸੰਪੱਤੀ ਨੂੰ ਸ਼ਾਇਦ ਉਹ ਛੱਡ ਵੀ ਸਕਦਾ ਹੈ, ਪਰ ਇਹਨਾਂ ਅੰਧਵਿਸ਼ਵਾਸਾਂ ਅਤੇ ਮਜ਼ਹਬੀ ਪੱਚੜਿਆਂ ਨੂੰ ਨਹੀਂ ਮਿਟਾ ਸਕਦਾ। ਪਿਤਰੀ ਸੰਪਤੀ ਨੂੰ ਛੋੜਕੇ ਤੁਸੀਂ ਹਜ਼ਾਰਾਂ ਮੀਲ ਦੂਰ ਜਾ ਸਕਦੇ ਹੋ, ਪਰ ਦਿਲ-ਦਿਮਾਗ ਵਿਚ ਅੰਕਿਤ ਇਹ ਅੰਧਵਿਸ਼ਵਾਸੀ ਵਿਚਾਰ ਉਥੇ ਵੀ ਤੁਹਾਡਾ ਪਿੱਛਾ ਨਹੀਂ ਛੱਡਦੇ। ਤੁਸੀਂ ਸਿਰ ਕਟਕੇ ਅਲਗ ਤਾਂ ਰੱਖ ਨਹੀਂ ਸਕਦੇ। ਇਸ ਲਈ ਤੁਸੀਂ ਯਥਾਰਥ ਸ਼ਾਸਤ੍ਰ ਨੂੰ ਵੀ ਉਹਨਾਂ ਅੰਧਵਿਸ਼ਵਾਸਾਂ, ਰੀਤ-ਰਿਵਾਜਾਂ, ਮਾਨਤਾਵਾਂ ਅਤੇ ਪੂਜਾ-ਵਿਧੀਆਂ ਦੇ ਅਨੁਰੂਪ ਢਾਲਕੇ ਦੇਖਣਾ ਚਾਹੁੰਦੇ ਹੋ। ਜੇ ਉਹਨਾਂ ਦੇ ਅਨੁਰੂਪ ਗੱਲ ਢਲਦੀ ਹੈ, ਵਾਰਤਾ ਦਾ ਕ੍ਰਮ ਬੈਠਦਾ ਹੈ, ਤਾਂ ਤੁਸੀਂ ਉਸਨੂੰ ਸਹੀ ਮੰਨਦੇ ਹੋ ਅਤੇ ਨਹੀਂ ਢਲਦੀ ਤਾਂ ਗ਼ਲਤ ਮੰਨਦੇ ਹੋ। ਇਸੇ ਲਈ ਤੁਸੀਂ ਗੀਤਾ ਦਾ ਰਹੱਸ ਨਹੀਂ ਦੇਖ ਪਾਉਂਦੇ। ਗੀਤਾ ਦਾ ਰਹੱਸ, ਰਹੱਸ ਹੀ ਬਣਕੇ ਰਹਿ ਜਾਂਦਾ ਹੈ। ਇਸਦੇ ਵਾਸਤਵਿਕ ਪਾਰਖੀ ਸੰਤ ਅਥਵਾ ਸਤਿਗੁਰੂ ਹਨ। ਉਹੀ ਦਸ ਸਕਦੇ ਹਨ ਕਿ ਗੀਤਾ ਕੀ ਕਹਿੰਦੀ ਹੈ? ਸਭ ਨਹੀਂ ਜਾਣ ਸਕਦੇ। ਸਭ ਲਈ ਸੁਲਭ ਉਪਾਅ ਇਹੋ ਹੈ ਕਿ ਇਸਨੂੰ ਕਿਸੇ ਮਹਾਪੁਰਸ਼ ਦੇ ਕੋਲ ਬੈਠਕੇ ਸਮਝਣਾ, ਜਿਸਦੇ ਲਈ ਹੀ ਸ਼੍ਰੀ ਕ੍ਰਿਸ਼ਣ ਨੇ ਜ਼ੋਰ ਦਿਤਾ ਹੈ।

ਗੀਤਾ ਕਿਸੇ ਵਿਸ਼ੇਸ਼ ਵਿਅਕਤੀ, ਜਾਤੀ, ਵਰਗ, ਪੰਥ, ਦੇਸ਼-ਕਾਲ ਜਾਂ ਕਿਸੇ ਰੂੜ੍ਹੀਗ੍ਰਸਤ ਸੰਪ੍ਰਦਾਇ ਦਾ ਗ੍ਰੰਥ ਨਹੀਂ ਹੈ, ਬਲਕਿ ਇਹ ਸਰਬਲੌਕਿਕ, ਸਰਬਕਾਲਿਕ ਧਰਮਗ੍ਰੰਥ ਹੈ। ਇਹ ਹਰ ਦੇਸ਼, ਹਰ ਜਾਤੀ ਅਤੇ ਹਰ ਪੱਧਰ ਦੇ ਵਿਚਾਰ ਵਾਲੇ ਪੁਰਸ਼, ਸਭ ਲਈ ਹੈ। ਕੇਵਲ ਦੂਜਿਆਂ ਤੋਂ ਸੁਣਕੇ ਜਾਂ ਕਿਸੇ ਤੋਂ ਪ੍ਰਭਾਵਿਤ ਹੋਕੇ ਮਨੁੱਖ ਨੂੰ ਐਸਾ ਫ਼ੈਸਲਾ ਨਹੀਂ ਕਰਨਾ ਚਾਹੀਦਾ, ਜਿਸਦਾ ਪ੍ਰਭਾਵ ਸਿੱਧਾ ਉਸਦੇ ਆਪਣੇ ਅਸਤਿੱਤਵ ਉਤੇ ਪੈਂਦਾ ਹੋਵੇ। ਮਨ ਵਿਚ ਵਸੀ ਹੋਈ ਭਾਵਨਾ ਤੋਂ ਮੁਕਤ ਹੋਕੇ ਸੱਚ ਦੀ ਖੋਜ ਕਰਨ ਵਾਲਿਆਂ ਲਈ ਇਹ ਰਿਸ਼ੀ-ਗ੍ਰੰਥ ਪ੍ਰਕਾਸ਼-ਸਤੰਭ ਹੈ। ਹਿੰਦੂਆਂ ਦਾ ਹੱਠ ਹੈ ਕਿ ਵੇਦ ਹੀ ਪ੍ਰਮਾਣ ਹਨ। ਵੇਦ ਦਾ ਅਰਥ ਹੈ ਗਿਆਨ, ਪਰਮਾਤਮਾ ਦੀ ਜਾਣਕਾਰੀ। ਪਰਮਾਤਮਾ ਨਾ ਸੰਸਕ੍ਰਿਤ ਵਿਚ ਹੈ ਨਾ ਸੰਹਿਤਾਵਾਂ ਵਿਚ। ਪੁਸਤਕ ਤਾਂ ਉਸਦਾ ਸੰਕੇਤ ਮਾਤਰ ਹੈ। ਉਹ ਦਰਅਸਲ ਹਿਰਦੇ ਵਿਚ ਜਾਗ੍ਰਤ ਹੁੰਦਾ ਹੈ।

ਵਿਸ਼ਵਾਮਿਤ੍ਰ ਚਿੰਤਨ ਕਰ ਰਹੇ ਸਨ। ਉਹਨਾਂ ਦੀ ਭਗਤੀ ਵੇਖਕੇ ਬ੍ਰਹਮਾ ਆਏ, ਬੋਲੇ, ''ਅੱਜ ਤੋਂ ਤੁਸੀਂ ਰਿਸ਼ੀ ਹੋ।'' ਵਿਸ਼ਵਾਮਿਤ੍ਰ ਨੂੰ ਸੰਤੋਸ਼ ਨਹੀਂ ਹੋਇਆ, ਚਿੰਤਨ ਵਿਚ ਲਗੇ ਰਹੇ। ਕੁਝ ਸਮੇਂ ਦੇ ਉਪਰਾਂਤ ਦੇਵਤਿਆਂ ਸਹਿਤ ਬ੍ਰਹਮਾ ਫੇਰ ਆਏ ਅਤੇ ਬੋਲੇ, ''ਅੱਜ ਤੋਂ ਤੁਸੀਂ ਰਾਜ ਰਿਸ਼ੀ ਹੋ।'' ਪਰ ਵਿਸ਼ਵਾਮਿਤ੍ਰ ਦਾ ਸਮਾਧਾਨ ਨਾ ਹੋਇਆ। ਉਹ ਨਿਰੰਤਰ ਚਿੰਤਨ ਵਿਚ ਲਗੇ ਰਹੇ। ਬ੍ਰਹਮਾ ਦੈਵੀ ਗੁਣਾਂ ਦੀ ਸੰਪੱਤੀ ਸਹਿਤ ਫੇਰ ਆਏ ਅਤੇ ਦਸਿਆ ਕਿ ਅੱਜ ਤੋਂ ਤੁਸੀਂ ਮਹਾਰਿਸ਼ੀ ਹੋਏ। ਵਿਸ਼ਵਾਮਿਤ੍ਰ ਨੇ ਕਿਹਾ ''ਨਹੀਂ ਮੈਨੂੰ ਜਿਤੇਂਦ੍ਰੀਅ (ਇੰਦ੍ਰੀਆਂ ਨੂੰ ਜਿੱਤਣ ਵਾਲਾ) ਬ੍ਰਹਮ ਰਿਸ਼ੀ ਕਹੋ।'' ਬ੍ਰਹਮਾ ਨੇ ਕਿਹਾ, ਅਜੇ ਤੁਸੀਂ ਜਿਤੇਂਦ੍ਰੀਅ ਨਹੀਂ ਹੋ।'' ਵਿਸ਼ਵਾਮਿਤ੍ਰ ਫੇਰ ਤਪੱਸਿਆ ਵਿਚ ਲਗ ਗਏ। ਉਹਨਾਂ ਦੇ ਮਸਤਕ ਵਿਚੋਂ ਤਪੱਸਿਆ ਦਾ ਤੇਜ਼ ਨਿਕਲਣ ਲਗਾ। ਤਾਂ ਦੇਵਤਿਆਂ ਨੇ ਬ੍ਰਹਮਾ ਅਗੇ ਬੇਨਤੀ ਕੀਤੀ। ਬ੍ਰਹਮਾ ਨੇ ਉਸੇ ਪ੍ਰਕਾਰ ਵਿਸ਼ਵਾਮਿਤ੍ਰ ਨੂੰ ਕਿਹਾ ਹੁਣ

ਤੁਸੀਂ ਬ੍ਰਹਮ ਰਿਸ਼ੀ ਹੋ।'' ਵਿਸ਼ਵਾਮਿਤ੍ਰ ਨੇ ਕਿਹਾ, ''ਜੇ ਮੈਂ ਬ੍ਰਹਮ ਰਿਸ਼ੀ ਹਾਂ, ਤਾਂ ਵੇਦ ਮੇਰਾ ਵਰਣ ਕਰਨ।'' ਵੇਦ ਵਿਸ਼ਵਾਮਿਤ੍ਰ ਦੇ ਹਿਰਦੇ ਵਿਚ ਉਤਰ ਆਏ। ਜਿਹੜਾ ਤੱਤ ਵਿਦਿਤ ਨਹੀਂ ਸੀ, ਵਿਦਿਤ ਹੋ ਗਿਆ। ਇਹੋ ਵੇਦ ਹੈ, ਪੋਥੀਆਂ ਨਹੀਂ। ਜਿਥੇ ਵਿਸ਼ਾਵਾਮਿਤ੍ਰ ਰਹਿੰਦੇ ਸਨ, ਉਥੇ ਵੇਦ ਰਹਿੰਦਾ ਸੀ।

ਇਹੋ ਸ਼੍ਰੀ ਕ੍ਰਿਸ਼ਣ ਵੀ ਕਹਿੰਦੇ ਹਨ ਕਿ, ''ਸੰਸਾਰ ਅਵਿਨਾਸ਼ੀ ਪਿਪਲ ਦਾ ਦਰਖਤ ਹੈ, ਉਤੇ ਪਰਮਾਤਮਾ ਜਿਸਦਾ ਮੂਲ ਹੈ ਅਤੇ ਜਿਸ ਦੀਆਂ ਹੇਠਾਂ ਪ੍ਰਕ੍ਰਿਤੀ ਤਕ ਸ਼ਾਖ਼ਾਵਾਂ ਹਨ। ਜੋ ਇਸ ਪ੍ਰਕ੍ਰਿਤੀ ਦਾ ਅੰਤ ਕਰਕੇ ਪਰਮਾਤਮਾ ਨੂੰ ਵਿਦਿਤ ਕਰ ਲੈਂਦਾ ਹੈ, ਉਹ ਵੇਦ ਸਮਾਨ ਹੈ। ਅਰਜੁਨ! ਮੈਂ ਵੀ ਵੇਦ ਸਮਾਨ ਹਾਂ। ''ਇਸ ਲਈ ਪ੍ਰਕ੍ਰਿਤੀ ਦੇ ਪ੍ਰਸਾਰ ਅਤੇ ਅੰਤ ਦੇ ਨਾਲ ਪਰਮਾਤਮਾ ਮਹਿਸੂਸ ਕਰਨ ਦਾ ਨਾਂ 'ਵੇਦ' ਹੈ। ਇਹ ਅਨੁਭੂਤੀ ਈਸ਼ਵਰ ਵਲੋਂ ਦਿਤੀ ਹੋਈ ਹੈ, ਇਸ ਲਈ ਵੇਦ ਨੂੰ ਅਪੁਰਸ਼ੀ (ਜੋ ਮਨੁੱਖੀ ਨਹੀਂ) ਕਿਹਾ ਜਾਂਦਾ ਹੈ। ਉਹ ਪਰਮਾਤਮਾ ਦੇ ਸੰਦੇਸ਼-ਪ੍ਰਸਾਰਕ (ਟ੍ਰਾਂਸਮੀਟਰ) ਹੋ ਜਾਂਦੇ ਹਨ। ਕੇਵਲ ਸ਼ਬਦ-ਗਿਆਨ ਦੇ ਆਧਾਰ ਤੇ ਉਹਨਾਂ ਦੇ ਬਚਨਾਂ ਵਿਚ ਛੁਪਿਆ ਯਥਾਰਥ ਪਰਖਿਆ ਨਹੀਂ ਜਾ ਸਕਦਾ। ਉਹਨਾਂ ਨੂੰ ਉਹੀ ਜਾਣ ਸਕਦਾ ਹੈ, ਜਿਸਨੇ ਕ੍ਰਿਆਤਮਕ ਰਾਹ ਉਤੇ ਚਲਕੇ ਇਸ ਅਪੁਰਸ਼ੀ (Non-person) ਸਥਿਤੀ ਨੂੰ ਪ੍ਰਾਪਤ ਕੀਤਾ ਹੋਵੇ, ਜਿਸਦਾ ਪੁਰਸ਼ (ਅਹੰ) ਪਰਮਾਤਮਾ ਵਿਚ ਵਿਲੀਨ ਹੋ ਚੁਕਿਆ ਹੋਵੇ।''

ਵਾਸਤਵ ਵਿਚ ਵੇਦ ਅਪੁਰਸ਼ੀ ਹਨ; ਪਰ ਬੋਲਣ ਵਾਲੇ ਸੌ-ਡੇਡ ਸੌ ਮਹਾਪੁਰਸ਼ ਹੀ ਸਨ। ਉਹਨਾਂ ਦੀ ਹੀ ਬਾਣੀ ਦਾ ਸੰਗ੍ਰਹਿ 'ਵੇਦ' ਕਹਾਉਂਦਾ ਹੈ। ਪਰ ਜਦੋਂ ਸ਼ਾਸਤ੍ਰ ਲਿਖਤ ਰੂਪ ਵਿਚ ਆ ਜਾਂਦਾ ਹੈ, ਤਾਂ ਸਮਾਜਿਕ ਵਿਵਸਥਾ ਦੇ ਨਿਯਮ ਵੀ ਉਸਦੇ ਨਾਲ ਲਿਖ ਦਿਤੇ ਜਾਂਦੇ ਹਨ। ਮਹਾਪੁਰਸ਼ ਦੇ ਨਾਮ ਉਤੇ ਜਨਤਾ ਉਹਨਾਂ ਦਾ ਵੀ ਪਾਲਨ ਕਰਨ ਲਗਦੀ ਹੈ, ਜਦਕਿ ਧਰਮ ਨਾਲ ਉਹਨਾਂ ਦਾ ਦੂਰ ਦਾ ਵੀ ਸੰਬੰਧ ਨਹੀਂ ਹੁੰਦਾ। ਆਧੁਨਿਕ ਯੁਗ ਵਿਚ ਮੰਤ੍ਰੀਆਂ ਦੇ ਅੱਗੇ-ਪਿੱਛੇ ਘੁੰਮਕੇ ਸਾਧਾਰਣ ਨੇਤਾ ਵੀ ਅਧਿਕਾਰੀਆਂ ਪਾਸੋਂ ਆਪਣਾ ਕੰਮ ਕਰਾ ਲੈਂਦੇ ਹਨ, ਜਦਕਿ ਮੰਤ੍ਰੀ ਐਸੇ ਨੇਤਾਵਾਂ ਨੂੰ ਜਾਣਦੇ ਵੀ ਨਹੀਂ। ਇਸੇ ਪ੍ਰਕਾਰ ਸਮਾਜਿਕ ਵਿਵਸਥਾਕਾਰ ਮਹਾਪੁਰਸ਼ ਦੀ ਓਟ ਵਿਚ ਜੀਉਣ-ਖਾਣ ਦੀ ਵਿਵਸਥਾ ਵੀ ਗ੍ਰੰਥਾਂ ਵਿਚ ਲਿਪੀਬੱਧ ਕਰ ਦੇਂਦੇ ਹਨ। ਉਹਨਾਂ ਦਾ ਸਮਾਜਿਕ ਉਪਯੋਗ ਤਤਕਾਲੀਨ ਸਮਾਜ ਲਈ ਹੀ ਹੁੰਦਾ ਹੈ। ਵੇਦਾਂ ਦੇ ਸੰਬੰਧ ਵਿਚ ਵੀ ਇਹੋ ਹੈ। ਵੇਦ ਦੇ ਦੋ ਭਾਗ ਹਨ- ਕਰਮਕਾਂਡ ਅਤੇ ਗਿਆਨਕਾਂਡ। ਕਰਮਕਾਂਡ ਸਮਾਜ ਸ਼ਾਸਤਰ ਹਨ ਜਿਵੇਂ- ਵਾਸਤੂ ਸ਼ਾਸਤਰ, ਆਯੁਰਵੇਦ, ਧਨੁਰਵੇਦ, ਗੰਧਰਵ ਵੇਦ, ਆਦਿ। ਗਿਆਨਕਾਂਡ ਉਪਨਿਸ਼ਦ ਹਨ, ਉਹਨਾਂ ਦਾ ਵੀ ਮੂਲ ਯੋਗੇਸ਼ਵਰ ਸ਼੍ਰੀ ਕ੍ਰਿਸ਼ਨ ਦੀ ਪ੍ਰਥਮ ਵਾਣੀ ਗੀਤਾ ਹੈ। ਉਹਨਾਂ ਦੇ ਚਿਰੰਤਨ ਸਤਿ ਉਪਨਿਸ਼ਦਾਂ ਵਿਚ ਸੰਗ੍ਰਹਿਤ ਹਨ। ਸਾਰਾਂਸ਼ ਵਿਚ ਗੀਤਾ ਅਪੁਰਸ਼ੀ 'ਵੇਦ' ਰੂਪੀ ਰਸਸਾਗਰ ਤੋਂ ਉਪਜੀ ਉਪਨਿਸ਼ਦ-ਸੁਧਾ ਦਾ ਸੰਪੂਰਨ ਸਾਰ ਹੈ।

ਇਸੇ ਪ੍ਰਕਾਰ ਹਰ ਮਹਾਪੁਰਸ਼, ਜੋ ਪਰਮਤੱਤ ਨੂੰ ਪ੍ਰਾਪਤ ਕਰ ਲੈਂਦਾ ਹੈ, ਆਪਣੇ ਆਪ ਵਿਚ ਧਰਮਗ੍ਰੰਥ ਹੈ। ਉਸਦੀ ਬਾਣੀ ਦਾ ਸੰਗ੍ਰਹਿ ਸੰਸਾਰ ਵਿਚ ਕਿਧਰੇ ਵੀ ਹੋਵੇ, ਸ਼ਾਸਤ੍ਰ ਕਹਾਏਗਾ। ਪਰ ਕੁਝ ਧਰਮ ਅਵਲੰਬੀਆਂ ਦਾ ਇਹ ਕਥਨ ਹੈ ਕਿ ''ਜਿੰਨਾ ਕੁਰਾਨ ਵਿਚ ਲਿਖਿਆ ਹੈ, ਉਂਨਾ ਹੀ ਸੱਚ ਹੈ। ਹੁਣ ਕੁਰਾਨ ਨਹੀਂ ਉਤਰੇਗਾ।'' ''ਈਸਾ ਮਸੀਹ ਉਤੇ ਵਿਸ਼ਵਾਸ ਕੀਤੇ ਬਿਨਾਂ ਸਵਰਗ ਨਹੀਂ ਮਿਲ ਸਕਦਾ, ਉਹ ਈਸ਼ਵਰ ਦਾ ਇਕਲੌਤਾ ਬੇਟਾ ਸੀ।'' ''ਹੁਣ ਐਸਾ ਮਹਾਪੁਰਸ਼ ਨਹੀਂ ਹੋ ਸਕਦਾ'' ਇਹ ਉਹਨਾਂ ਦਾ ਰੂੜ੍ਹੀਵਾਦ ਹੈ। ਜੇ ਉਸੇ ਤੱਤ ਨੂੰ ਸਾਖਿਆਤ ਕਰ ਲਿਆ ਜਾਏ, ਤਾਂ ਉਹੀ ਗਲ ਫੇਰ ਹੋਵੇਗੀ।

'ਗੀਤਾ' ਸਰਬਵਿਆਪਕ ਹੈ। ਧਰਮ ਦੇ ਨਾਮ ਤੇ ਪ੍ਰਚਲਿਤ ਵਿਸ਼ਵ ਦੇ ਸਾਰੇ ਧਰਮਗ੍ਰੰਥਾਂ ਵਿਚ ਗੀਤਾ ਦਾ ਸਥਾਨ ਅਦੁੱਤੀ ਹੈ। ਇਹ ਆਪਣੇ ਆਪ ਵਿਚ ਧਰਮ ਸ਼ਾਸਤ੍ਰ ਹੀ ਨਹੀਂ ਬਲਕਿ ਹੋਰ ਧਰਮ ਗ੍ਰੰਥਾਂ ਵਿਚ ਦੱਸੇ ਹੋਏ ਸੱਚ ਦਾ ਮਾਪਦੰਡ ਵੀ ਹੈ। ਗੀਤਾ ਉਹ ਕਸੌਟੀ ਹੈ, ਜਿਸ ਉਤੇ ਹਰ ਧਰਮਗ੍ਰੰਥ ਵਿਚ ਸ਼ਾਮਲ ਸੱਚ ਕਸਿਆ ਜਾਂਦਾ ਹੈ, ਪਰਸਪਰ ਵਿਰੋਧੀ ਕਥਨਾਂ ਦਾ ਸਮਾਧਾਨ ਨਿਕਲ ਆਉਂਦਾ ਹੈ। ਹਰ ਧਰਮਗ੍ਰੰਥ ਵਿਚ, ਸੰਸਾਰ ਵਿਚ ਖਾਣ ਪੀਣ ਦੀ ਕਲਾ ਅਤੇ ਕਰਮਕਾਂਡਾਂ ਦੀ ਬੜੌਤਰੀ ਹੈ। ਜੀਵਨ ਨੂੰ ਆਕਰਸ਼ਕ ਬਣਾਉਣ ਲਈ ਉਹਨਾਂ ਨੂੰ ਕਰਨ ਜਾਂ ਨਾ ਕਰਨ ਦੇ ਰੋਚਕ-ਭਿਆਨਕ ਵਰਣਨਾਂ ਨਾਲ ਧਰਮਗ੍ਰੰਥ ਭਰੇ ਪਏ ਹਨ। ਕਰਮਕਾਂਡਾਂ ਦੀ ਇਸੇ ਪਰੰਪਰਾ ਨੂੰ ਜਨਤਾ ਧਰਮ ਸਮਝਣ ਲਗਦੀ ਹੈ। ਜੀਵਨ ਨਿਰਬਾਹ ਦੀ ਕਲਾ ਲਈ ਬਣੀਆਂ ਪੂਜਾ-ਵਿਧੀਆਂ ਵਿਚ ਦੇਸ਼-ਕਾਲ ਅਤੇ ਪਰਿਸਥਿਤੀਆਂ ਦੇ ਅਨੁਸਾਰ ਪਰਿਵਰਤਨ ਸੁਭਾਵਿਕ ਹੈ। ਧਰਮ ਦੇ ਨਾਮ ਤੇ ਸਮਾਜ ਵਿਚ ਫੁੱਟ ਦਾ ਇਹੋ ਇਕ ਮਾਤਰ ਕਾਰਣ ਹੈ। 'ਗੀਤਾ ਇਹਨਾਂ ਪਲ ਵਿੱਚ ਨਸ਼ਟ ਹੋਣ ਵਾਲੀ ਵਿਵਸਥਾਵਾਂ ਤੋਂ ਉਪਰ ਉਠਕੇ ਆਤਮਿਕ ਪੂਰਣਤਾ ਵਿਚ ਪ੍ਰਤਿਸ਼ਠਿਤ ਕਰਨ ਦਾ ਕ੍ਰਿਆਤਮਕ ਅਭਿਆਸ ਹੈ, ਜਿਸਦਾ ਇਕ ਵੀ ਸ਼ਲੋਕ ਭੌਤਿਕ ਜੀਵਨ ਨਿਰਬਾਹ ਲਈ ਨਹੀਂ ਹੈ। ਇਸਦਾ ਹਰ ਸ਼ਲੋਕ ਤੁਹਾਡੇ ਪਾਸੋਂ ਆਂਤਰਿਕ ਯੁੱਧ-'ਆਰਾਧਨਾ' ਦੀ ਮੰਗ ਕਰਦਾ ਹੈ। ਤਥਾਕਥਿਤ ਧਰਮਗ੍ਰੰਥਾਂ ਵਾਂਗ ਇਹ ਤੁਹਾਨੂੰ ਸਵਰਗ ਜਾਂ ਨਰਕ ਦੀ ਕਸ਼ਮਕਸ਼ ਵਿਚ ਫਸਾਕੇ ਨਹੀਂ ਛੱਡਦਾ, ਸਗੋਂ ਉਸ ਅਮਰਤਾ ਦੀ ਉਪਲਬਧੀ ਕਰਾਉਂਦਾ ਹੈ, ਜਿਸਦੇ ਪਿੱਛੇ ਜਨਮ-ਮਰਣ ਦਾ ਬੰਧਨ ਨਹੀਂ ਰਹਿ ਜਾਂਦਾ।

ਹਰ ਮਹਾਪੁਰਸ਼ ਦੀ ਆਪਣੀ ਸ਼ੈਲੀ ਅਤੇ ਕੁਝ ਆਪਣੇ ਵਿਸ਼ਿਸ਼ਟ ਸ਼ਬਦ ਹੁੰਦੇ ਹਨ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਵੀ 'ਗੀਤਾ' ਵਿਚ 'ਕਰਮ', 'ਯੱਗ', 'ਵਰਣ', 'ਵਰਣਸੰਕਰ', 'ਯੁੱਧ', 'ਗਿਆਨ' ਆਦਿ ਸ਼ਬਦਾਂ ਉਤੇ ਬਾਰਬਾਰ ਜ਼ੋਰ ਦਿਤਾ ਹੈ। ਇਹਨਾਂ ਸ਼ਬਦਾਂ ਦਾ ਆਪਣਾ ਮਕਸਦ ਹੈ ਅਤੇ ਦੁਬਾਰਾ ਲਿਖਣ ਵਿਚ ਵੀ ਇਹਨਾਂ ਦੀ ਆਪਣੀ ਸੁੰਦਰਤਾ ਹੈ। ਇਹ ਪੰਜਾਬੀ ਰੂਪਾਂਤਰ ਹਿੰਦੀ ਰੂਪਾਂਤਰ ਤੋਂ ਲਿਆ ਗਿਆ ਹੈ ਅਤੇ ਉਹਨਾਂ ਸ਼ਬਦਾ ਨੂੰ ਉਸੇ ਮਕਸਦ ਵਿਚ ਲਿਆ ਗਿਆ ਹੈ ਅਤੇ ਜ਼ਰੂਰੀ ਗੱਲਾਂ ਦੀ ਵਿਆਖਿਆ ਵੀ ਕੀਤੀ ਗਈ ਹੈ। ਗੀਤਾ ਦੇ ਆਕਰਸ਼ਣ ਹੇਠ ਲਿਖੇ ਪ੍ਰਸ਼ਨ ਹਨ, ਜਿਨ੍ਹਾਂ ਦਾ ਭਾਵ ਆਧੁਨਿਕ ਸਮਾਜ ਗੁਆ ਬੈਠਾ ਹੈ। ਉਹ ਇਸ ਪ੍ਰਕਾਰ ਹਨ, ਜਿਨ੍ਹਾਂ ਨੂੰ 'ਯਥਾਰਥ ਗੀਤਾ' ਵਿਚ ਤੁਸੀਂ ਵੇਖੋਗੇ

| | | |
|---|---|---|
| 1. | ਸ਼੍ਰੀ ਕ੍ਰਿਸ਼ਣ | ਇਕ ਯੋਗੇਸ਼ਵਰ ਸਨ। |
| 2. | ਸਤਿ | ਆਤਮਾ ਹੀ ਸਤਿ ਹੈ। |
| 3. | ਸਨਾਤਨ | ਆਤਮਾ ਸਨਾਤਨ ਹੈ, ਪਰਮਾਤਮਾ ਸਨਾਤਨ ਹੈ। |
| 4. | ਸਨਾਤਨ ਧਰਮ | ਪਰਮਾਤਮਾ ਨਾਲ ਮਿਲਾਉਣ ਵਾਲੀ ਕ੍ਰਿਆ ਹੈ। |
| 5. | ਯੁੱਧ | ਦੈਵੀ ਅਤੇ ਆਸੁਰੀ ਸੰਪੱਤੀਆਂ ਦਾ ਸੰਘਰਸ਼ ਹੈ, ਇਹ ਅੰਤਰਮਨ ਦੀਆਂ ਦੋ ਪ੍ਰਵਿਰਤੀਆਂ ਹਨ। ਇਹਨਾਂ ਦੋਨਾਂ ਦਾ ਮਿਟਣਾ ਪਰਿਣਾਮ ਹੈ। |
| 6. | ਯੁੱਧ-ਸਥਾਨ | ਇਹ ਮਾਨਵ-ਸ਼ਰੀਰ ਅਤੇ ਮਨ ਸਹਿਤ ਇੰਦ੍ਰੀਆਂ ਦਾ ਸਮੂਹ 'ਯੁੱਧ-ਭੂਮੀ' ਹੈ। |

| | | |
|---|---|---|
| 7. | ਗਿਆਨ | ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਗਿਆਨ ਹੈ। |
| 8. | ਯੋਗ | ਸੰਸਾਰ ਦੇ ਸੰਜੋਗ–ਵਿਯੋਗ ਤੋਂ ਰਹਿਤ ਅਵਿਅਕਤ ਬ੍ਰਹਮ ਦੇ ਮਿਲਨ ਦਾ ਨਾਮ 'ਯੋਗ' ਹੈ। |
| 9. | ਗਿਆਨਯੋਗ | ਆਰਾਧਨਾ ਹੀ ਕਰਮ ਹੈ। ਆਪਣੇ ਉਤੇ ਨਿਰਭਰ ਹੋਕੇ ਕਰਮ ਵਿਚ ਪ੍ਰਵਿਰਤ ਹੋਣਾ ਗਿਆਨਯੋਗ ਹੈ। |
| 10. | ਨਿਸ਼ਕਾਮ ਕਰਮਯੋਗ | ਇਸ਼ਟ ਉਤੇ ਨਿਰਭਰ ਹੋਕੇ, ਸਮਰਪਣ ਦੇ ਨਾਲ ਕਰਮ ਵਿਚ ਪ੍ਰਵਿਰਤ ਹੋਣਾ ਨਿਸ਼ਕਾਮ ਕਰਮਯੋਗ ਹੈ। |
| 11. | ਸ਼੍ਰੀ ਕ੍ਰਿਸ਼ਣ ਨੇ ਕਿਸ ਸੱਚ ਨੂੰ ਦਸਿਆ ? | ਸ਼੍ਰੀ ਕ੍ਰਿਸ਼ਣ ਨੇ ਉਸੇ ਸੱਚ ਨੂੰ ਦਸਿਆ, ਜਿਸਨੂੰ ਤੱਤਦਰਸ਼ੀਆਂ ਨੇ ਪਹਿਲਾਂ ਵੇਖ ਲਿਆ ਸੀ ਅਤੇ ਅਗੇ ਵੀ ਵੇਖਣਗੇ। |
| 12. | ਯੱਗ | ਸਾਧਨਾ ਦੀ ਵਿਧੀ–ਵਿਸ਼ੇਸ਼ ਦਾ ਨਾਮ 'ਯੱਗ' ਹੈ। |
| 13. | ਕਰਮ | ਯੱਗ ਨੂੰ ਕਾਰਜਰੂਪ ਦੇਣਾ ਹੀ ਕਰਮ ਹੈ। |
| 14. | ਵਰਣ | ਆਰਾਧਨਾ ਦੀ ਇਕ ਹੀ ਵਿਧੀ, ਜਿਸਦਾ ਨਾਮ ਕਰਮ ਹੈ। ਜਿਸਨੂੰ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੈ, ਉਹੀ ਚਾਰ ਵਰਣ ਹਨ। ਇਹ ਇਕ ਹੀ ਸਾਧਨ ਦੇ ਉਚੇ–ਨੀਵੇਂ ਪੱਧਰ ਹਨ, ਜਾਤਾਂ ਨਹੀਂ। |
| 15. | ਵਰਣਸੰਕਰ | ਪਰਮਾਤਮ ਦੇ ਰਾਹ ਤੋਂ ਹਟ ਜਾਣਾ ਅਤੇ ਸਾਧਨਾ ਵਿਚ ਭਰਮ ਪੈਦਾ ਹੋ ਜਾਣਾ 'ਵਰਣਸੰਕਰ' ਹੈ। |
| 16. | ਮਨੁੱਖ ਦੀ ਸ਼੍ਰੇਣੀ | ਅੰਤਰਮਨ ਦੇ ਸੁਭਾਅ ਦੇ ਅਨੁਸਾਰ ਮਨੁੱਖ ਦੋ ਪ੍ਰਕਾਰ ਦਾ ਹੁੰਦਾ ਹੈ ਇਕ ਦੇਵਤਿਆਂ ਵਰਗਾ, ਦੂਜਾ ਅਸੁਰਾਂ ਵਰਗਾ। ਇਹੋ ਮਨੁੱਖ ਦੀਆਂ ਦੋ ਜਾਤੀਆਂ ਹਨ, ਜੋ ਸੁਭਾਅ ਦੁਆਰਾ ਨਿਰਧਾਰਤ ਹਨ ਅਤੇ ਇਹ ਸੁਭਾਅ ਘਟਦਾ–ਵੱਧਦਾ ਰਹਿੰਦਾ ਹੈ। |
| 17. | ਦੇਵਤਾ | ਹਿਰਦੇ–ਦੇਸ਼ ਵਿਚ ਪਰਮਦੇਵ ਦੀ ਦੇਵਤਾਈ ਹਾਸਲ ਕਰਾਉਣ ਵਾਲੇ ਗੁਣਾਂ ਦਾ ਸਮੂਹ ਹੈ। ਬਾਹਰੀ ਦੇਵਤਿਆਂ ਦੀ ਪੂਜਾ 'ਮੂੜ ਬੁੱਧੀ ਦੀ ਦੇਣ' ਹੈ। |
| 18. | ਅਵਤਾਰ | ਵਿਅਕਤੀ ਦੇ ਹਿਰਦੇ ਵਿਚ ਹੁੰਦਾ ਹੈ, ਬਾਹਰ ਨਹੀਂ। |
| 19. | ਵਿਰਾਟ–ਦਰਸ਼ਨ | ਯੋਗੀ ਦੇ ਹਿਰਦੇ ਵਿਚ ਈਸ਼ਵਰ ਦੁਆਰਾ ਦਿਤੀ ਗਈ ਅਨੁਭੂਤੀ ਹੈ। ਭਗਵਾਨ ਸਾਧਕ ਵਿਚ ਦ੍ਰਿਸ਼ਟੀ ਬਣਕੇ ਖੜੇ ਹੋਣ, ਤਾਂ ਹੀ ਦਿਖਾਈ ਦੇਂਦੇ ਹਨ। |
| 20. | ਪੂਜਨੀਕ ਦੇਵ 'ਇਸ਼ਟ' | ਇਕਮਾਤਰ ਸਰਬਾਤੀਤ ਬ੍ਰਹਮ ਹੀ ''ਪੂਜਨੀਕ ਦੇਵ'' ਹੈ। ਉਸਨੂੰ ਖੋਜਣ ਦਾ ਸਥਾਨ ਹਿਰਦੇ–ਦੇਸ਼ ਹੈ। ਉਸਦੀ ਪ੍ਰਾਪਤੀ |

ਦਾ ਸ੍ਰੋਤ ਉਸੀ ਅਵਿਅਕਤ ਸਵਰੂਪ ਵਿਚ ਸਥਿਤ 'ਪ੍ਰਾਪਤੀ ਵਾਲੇ ਮਹਾਪੁਰਸ਼ਾਂ' ਦੇ ਰਾਹੀਂ ਹੈ।

ਹੁਣ ਇਹਨਾਂ ਵਿਚੋਂ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਦਾ ਸਵਰੂਪ ਸਮਝਣ ਲਈ ਅਧਿਆਇ ਤਿੰਨ ਤਕ ਤੁਹਾਨੂੰ ਪੜ੍ਹਨਾ ਹੋਵੇਗਾ, ਅਤੇ ਅਧਿਆਇ ਤੇਰਾਂ ਤਕ ਤੁਸੀਂ ਸਪਸ਼ਟ ਸਮਝਣ ਲਗੋਗੇ ਕਿ ਸ਼੍ਰੀਕ੍ਰਿਸ਼ਣ ਯੋਗੀ ਸਨ। ਅਧਿਆਇ ਦੋ ਤੋਂ ਹੀ ਸੱਚ ਨਿਖਰ ਜਾਏਗਾ। ਸਨਾਤਨ ਅਤੇ ਸਤਿ ਇਕ ਦੂਜੇ ਦੇ ਪੂਰਕ ਹਨ, ਇਹ ਅਧਿਆਇ ਦੋ ਤੋਂ ਹੀ ਸਪਸ਼ਟ ਹੋਵੇਗਾ; ਵੈਸੇ ਇਹ ਸਿਲਸਿਲਾ ਸਮਾਪਤੀ ਤਕ ਚਲੇਗਾ। ਯੁੱਧ ਅਧਿਆਇ ਚਾਰ ਤਕ ਸਪਸ਼ਟ ਹੋਣ ਲਗੇਗਾ, ਗਿਆਰਾਂ ਤਕ ਸੰਸਾ ਨਿਰਮੂਲ ਹੋ ਜਾਏਗੀ, ਵੈਸੇ ਅਧਿਆਇ ਸੋਲਾਂ ਤਕ ਵੇਖਣਾ ਚਾਹੀਦਾ ਹੈ। 'ਯੁੱਧ-ਭੂਮੀ' ਲਈ ਅਧਿਆਇ ਤੇਰਾਂ ਬਾਰਬਾਰ ਵੇਖੋ।

ਗਿਆਨ ਅਧਿਆਇ ਚਾਰ ਤੋਂ ਸਪਸ਼ਟ ਹੋਵੇਗਾ ਅਤੇ ਅਧਿਆਇ ਤੇਰਾਂ ਵਿਚ ਭਲੀ ਪ੍ਰਕਾਰ ਨਾਲ ਸਮਝ ਵਿਚ ਆਏਗਾ ਕਿ ਪ੍ਰਤੱਖ ਦਰਸ਼ਨ ਦਾ ਨਾਮ 'ਗਿਆਨ' ਹੈ। 'ਯੋਗ' ਅਧਿਆਇ ਛੇ ਤਕ ਤੁਸੀਂ ਸਮਝ ਸਕੋਗੇ, ਵੈਸੇ ਸਮਾਪਤੀ ਹੋਣ ਤਕ ਯੋਗ ਦੇ ਵਿਭਿੰਨ ਅੰਸ਼ਾਂ ਦੀ ਪਰਿਭਾਸ਼ਾ ਹੈ। 'ਗਿਆਨਯੋਗ' ਅਧਿਆਇ ਤਿੰਨ ਤੋਂ ਛੇ ਤਕ ਸਪਸ਼ਟ ਹੋ ਜਾਏਗਾ, ਅੱਗੇ ਵੇਖਣ ਦੀ ਕੋਈ ਖ਼ਾਸ ਲੋੜ ਨਹੀਂ ਹੈ। 'ਨਿਸ਼ਕਾਮ ਕਰਮਯੋਗ' ਅਧਿਆਇ ਦੋ ਤੋਂ ਆਰੰਭ ਹੋਕੇ ਸਮਾਪਤੀ ਤਕ ਹੈ। 'ਯੱਗ' ਤੁਸੀਂ ਅਧਿਆਇ ਤਿੰਨ ਤੋਂ ਚਾਰ ਤਕ ਪੜ੍ਹੋਗੇ ਤਾਂ ਸਪਸ਼ਟ ਹੋ ਜਾਏਗਾ।

'ਕਰਮ' ਦਾ ਨਾਮ ਅਧਿਆਇ 2/39 ਵਿਚ ਪਹਿਲੀ ਵਾਰ ਦਿਤਾ ਗਿਆ ਹੈ। ਇਸੇ ਸ਼ਲੋਕ ਤੋਂ ਅਧਿਆਇ ਚਾਰ ਤਕ ਪੜ੍ਹ ਲਓ, ਤਾਂ ਸਪਸ਼ਟ ਹੋ ਜਾਏਗਾ ਕਿ ਕਰਮ ਦਾ ਅਰਥ ਆਰਾਧਨਾ-ਭਜਨ ਕਿਉਂ ਹੈ ? ਅਧਿਆਇ ਸੋਲਾਂ ਅਤੇ ਸਤਾਰਾਂ, ਇਹ ਵਿਚਾਰ ਸਥਿਰ ਕਰ ਦੇਂਦਾ ਹੈ ਕਿ ਇਹੋ ਸਤਿ ਹੈ। 'ਵਰਣਸੰਕਰ' ਅਧਿਆਇ ਤਿੰਨ ਵਿਚ ਅਤੇ 'ਅਵਤਾਰ' ਅਧਿਆਇ ਚਾਰ ਵਿਚ ਸਪਸ਼ਟ ਹੋ ਜਾਏਗਾ। ਵਰਣ-ਵਿਵਸਥਾ ਲਈ ਅਧਿਆਇ ਅਠਾਰਾਂ ਵੇਖਣਾ ਹੋਵੇਗਾ; ਵੈਸੇ ਇਸਦਾ ਸੰਕੇਤ 'ਅਧਿਆਇ ਤਿੰਨ-ਚਾਰ ਵਿਚ ਵੀ ਹੈ। ਮਨੁੱਖ ਦੀਆਂ ਦੇਵ-ਅਸੁਰ ਜਾਤੀਆਂ ਲਈ ਅਧਿਆਇ ਸੋਲਾਂ ਵੇਖਣਯੋਗ ਹੈ। 'ਵਿਰਾਟਦਰਸ਼ਨ' ਅਧਿਆਇ ਦਸ ਤੋਂ ਗਿਆਰਾਂ ਤਕ ਸਪਸ਼ਟ ਹੋ ਗਿਆ ਹੈ। ਅਧਿਆਇ ਸਤ, ਨੌਂ ਅਤੇ ਪੰਦਰਾਂ ਵਿਚ ਵੀ ਇਸ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਅਧਿਆਇ ਸਤ, ਨੌਂ ਅਤੇ ਸਤਾਰਾਂ ਵਿਚ ਬਾਹਰੀ ਦੇਵਤਿਆਂ ਦੀ ਅਸਤਿੱਤਵ ਹੀਨਤਾ ਸਪਸ਼ਟ ਹੋ ਜਾਂਦੀ ਹੈ। ਪਰਮਾਤਮਾ ਦੇ ਪੂਜਨ ਦੀ ਸਥਲੀ ਹਿਰਦੇ-ਦੇਸ਼ ਹੀ ਹੈ, ਜਿਸ ਵਿਚ ਧਿਆਨ, ਸੁਆਸ-ਪ੍ਰਸੁਆਸ ਦੇ ਚਿੰਤਨ ਆਦਿ ਦੀਆਂ ਕ੍ਰਿਆਵਾਂ ਹਨ ਜੋ ਏਕਾਂਤ ਵਿਚ ਬੈਠਕੇ (ਮੰਦਰ-ਮੂਰਤੀ ਦੇ ਸਾਮ੍ਹਣੇ ਨਹੀਂ) ਕੀਤੀਆਂ ਜਾਂਦੀਆ ਹਨ ਇਹ ਅਧਿਆਇ ਤਿੰਨ, ਚਾਰ, ਛੇ ਅਤੇ ਅਠਾਰਾਂ ਵਿਚ ਸਪਸ਼ਟ ਹੈ। ਬਹੁਤ ਸੋਚਣ-ਵਿਚਾਰਨ ਤੋਂ ਕੀ ਮਕਸਦ ਹੈ ? ਜੇ ਅਧਿਆਇ ਛੇ ਤਕ ਹੀ ਅਧਿਐਨ ਕਰ ਲਓ, ਤਾਂ ਵੀ 'ਯਥਾਰਥ ਗੀਤਾ' ਦਾ ਮੂਲ ਭਾਵ ਤੁਹਾਡੀ ਸਮਝ ਵਿਚ ਆ ਜਾਏਗਾ।

ਗੀਤਾ ਜੀਵਿਕਾ ਸੰਗ੍ਰਾਮ ਦਾ ਸਾਧਨ ਨਹੀਂ, ਬਲਕਿ ਜੀਵਨ ਸੰਗ੍ਰਾਮ ਵਿਚ ਸ਼ਾਸ਼ਵਤ ਜਿੱਤ ਦਾ ਕ੍ਰਿਆਤਮਕ ਅਭਿਆਸ ਹੈ, ਇਸ ਲਈ ਯੁੱਧ-ਗ੍ਰੰਥ ਹੈ, ਜੋ ਵਾਸਤਵਿਕ ਜਿੱਤ ਦਿਵਾਉਂਦਾ ਹੈ, ਪਰ ਗੀਤਾ ਵਿਚ ਵਰਣਿਤ ਯੁੱਧ ਤਲਵਾਰ, ਧਨੁਖ, ਬਾਣ, ਗਦਾ ਅਤੇ ਫਰਸੇ ਨਾਲ ਲੜਿਆ ਜਾਣ ਵਾਲਾ ਸੰਸਾਰਕ ਯੁੱਧ ਨਹੀਂ ਹੈ, ਨਾ ਇਹਨਾਂ ਯੁੱਧਾਂ ਵਿਚ ਸ਼ਾਸ਼ਵਤ ਜਿੱਤ ਹੀ ਨਿਹਿਤ ਹੈ। ਇਹ

ਸਦਸਤਿ ਪ੍ਰਵਿਰਤੀਆਂ ਦਾ ਸੰਘਰਸ਼ ਹੈ, ਜਿਨ੍ਹਾਂ ਨੂੰ ਰੂਪਕ ਵਿਚ ਵਰਣਨ ਕਰਨ ਦੀ ਪਰੰਪਰਾ ਰਹੀ ਹੈ। ਵੇਦ ਵਿਚ ਇੰਦ੍ਰ ਅਤੇ ਵ੍ਰਤ੍ਰ, ਵਿਦਿਆ ਅਤੇ ਅਵਿਦਿਆ, ਪੁਰਾਣਾਂ ਵਿਚ ਦੇਵਾਸੁਰ ਸੰਗ੍ਰਾਮ, ਮਹਾਕਾਵਿਆਂ ਵਿਚ ਰਾਮ ਅਤੇ ਰਾਵਣ, ਕੌਰਵ ਅਤੇ ਪਾਂਡਵ ਦੇ ਸੰਘਰਸ਼ ਨੂੰ ਹੀ ਗੀਤਾ ਵਿਚ ਧਰਮਖੇਤਰ ਅਤੇ ਕੁਰੂਖੇਤਰ, ਦੈਵੀ ਸੰਪਤੀ ਅਤੇ ਆਸੁਰੀ ਸੰਪਤੀ, ਭੀਤਰੀ ਅਤੇ ਬਾਹਰੀ, ਸਦਗੁਣਾਂ ਅਤੇ ਦੁਰਗੁਣਾਂ ਦਾ ਸੰਘਰਸ਼ ਕਿਹਾ ਗਿਆ ਹੈ।

ਇਹ ਸੰਘਰਸ਼ ਜਿੱਥੇ ਹੁੰਦਾ ਹੈ, ਉਹ ਸਥਾਨ ਕਿਥੇ ਹੈ ? ਗੀਤਾ ਦਾ ਧਰਮਖੇਤਰ ਅਤੇ ਕੁਰੂਖੇਤਰ ਭਾਰਤ ਦਾ ਕੋਈ ਭੂਮੀਖੰਡ ਨਹੀਂ, ਬਲਕਿ ਖ਼ੁਦ ਗੀਤਾਕਾਰ ਦੇ ਸ਼ਬਦਾਂ ਵਿਚ ''इदं शरीरं कौन्तेय क्षेत्रमित्यमिधीपते'' ਕੌਂਤੇਅ (ਕੁੰਤੀਪਤ੍ਰ)! ਇਹ ਸਰੀਰ ਹੀ ਇਕ ਖੇਤਰ ਹੈ, ਜਿਸ ਵਿਚ ਬੀਜਿਆ ਹੋਇਆ ਭਲਾ ਅਤੇ ਬੁਰਾ ਬੀਜ ਸੰਸਕਾਰ-ਰੂਪ ਨਾਲ ਸਦਾ ਉਗਦਾ ਹੈ। ਦਸ ਇੰਦ੍ਰੀਆਂ, ਮਨ, ਬੁੱਧੀ, ਚਿੱਤ, ਅਹੰਕਾਰ, ਪੰਜੋ ਵਿਕਾਰ ਅਤੇ ਤਿੰਨਾਂ ਗੁਣਾਂ ਦਾ ਵਿਕਾਰ ਇਸ ਖੇਤਰ ਦਾ ਵਿਸਤਾਰ ਹੈ। ਪ੍ਰਕ੍ਰਿਤੀ ਤੋਂ ਪੈਦਾ ਹੋਣ ਵਾਲੇ ਇਹਨਾਂ ਤਿੰਨਾਂ ਗੁਣਾਂ ਤੋਂ ਬੇਵੱਸ ਹੋਕੇ ਮਨੁੱਖ ਨੂੰ ਕਰਮ ਕਰਨਾ ਪੈਂਦਾ ਹੈ। ਉਹ ਪਲਮਾਤਰ ਵੀ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ। ''पुनरपि जननम् पुनरपि मरणम्, पुनरपि जननी जठरे शयनम्''- ਬਾਰਬਾਰ ਜਨਮ, ਬਾਰਬਾਰ ਮਰਣ, ਬਾਰਬਾਰ ਮਾਤਾ ਦੇ ਗਰਭ ਵਿਚ ਸੌਣਾ, ਜਨਮ-ਜਨਮਾਂਤਰਾਂ ਤੋਂ ਇਹੋ ਕਰਦਿਆਂ ਹੀ ਤਾਂ ਬੀਤ ਰਿਹਾ ਹੈ। ਇਹੋ ਕੁਰੂਖੇਤਰ ਹੈ। ਸਤਿਗੁਰੂ ਦੇ ਮਾਧਿਅਮ ਨਾਲ ਸਾਧਨਾ ਦੇ ਸਹੀ ਰੂਪ ਵਿਚ ਪੈਕੇ ਸਾਧਕ ਜਦ ਪਰਮਧਰਮ ਪਰਮਾਤਮਾ ਦੇ ਵਲ ਵੱਧਦਾ ਹੈ, ਤਾਂ ਇਹ ਖੇਤਰ ਧਰਮਖੇਤਰ ਬਣ ਜਾਂਦਾ ਹੈ। ਇਹ ਸਰੀਰ ਹੀ ਖੇਤਰ ਹੈ।

ਇਸੇ ਸਰੀਰ ਦੇ ਅੰਤਰ ਵਿਚ ਅੰਤਰਮਨ ਦੀਆਂ ਦੋ ਪ੍ਰਵਿਰਤੀਆਂ ਪੁਰਾਤਨ ਹਨ ਦੈਵੀ ਸੰਪਤੀ ਅਤੇ ਆਸੁਰੀ ਸੰਪੱਤੀ। ਦੈਵੀ ਸੰਪੱਤੀ ਵਿਚ ਹਨ-ਪੁੰਨ ਰੂਪੀ ਪਾਂਡੂ ਅਤੇ ਕਰਤੱਵ ਰੂਪੀ ਕੁੰਤੀ। ਪੁੰਨ ਜਾਗ੍ਰਤ ਹੋਣ ਤੋਂ ਪਹਿਲਾਂ ਮਨੁੱਖ ਜੋ ਕੁਝ ਵੀ ਕਰਤੱਵ ਸਮਝਕੇ ਕਰਦਾ ਹੈ, ਆਪਣੀ ਸਮਝ ਨਾਲ ਕਰਤੱਵ ਹੀ ਕਰਦਾ ਹੈ, ਪਰ ਉਸ ਕੋਲੋਂ ਕਰਤੱਵ ਹੁੰਦਾ ਨਹੀਂ, ਕਿਉਂਕਿ ਪੁੰਨ ਦੇ ਬਿਨਾਂ ਕਰਤੱਵ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਕੁੰਤੀ ਨੇ ਪਾਂਡੂ ਨਾਲ ਸੰਬੰਧ ਹੋਣ ਤੋਂ ਪਹਿਲਾਂ ਜੋ ਕੁਝ ਵੀ ਅਰਜਿਤ ਕੀਤਾ, ਉਹ ਸੀ-'ਕਰਣ'। ਜੀਵਨਭਰ ਕਰਣ ਕੁੰਤੀ ਦੇ ਪੁਤਰਾਂ ਨਾਲ ਲੜਦਾ ਰਹਿ ਗਿਆ। ਪਾਂਡਵਾਂ ਦਾ ਅਜਿੱਤ ਸ਼ਤਰੂ ਜੇ ਕੋਈ ਸੀ, ਤਾਂ ਇਹ ਸੀ-'ਕਰਣ'! ਬਾਹਰੀ ਕਰਮ ਹੀ 'ਕਰਣ' ਹੈ, ਜੋ ਬੰਧਨਕਾਰੀ ਹੈ, ਜਿਸ ਨਾਲ ਪਰੰਪਰਾਗਤ ਰੂੜ੍ਹੀਆਂ ਦਾ ਚਿਤ੍ਰਣ ਹੁੰਦਾ ਹੈ ਪੂਜਾ-ਪੱਧਤੀਆਂ ਪਿੱਛਾ ਨਹੀਂ ਛੱਡਦੀਆਂ। ਪੁੰਨ ਜਾਗ੍ਰਤ ਹੋਣ ਨਾਲ ਧਰਮਰੂਪੀ 'ਯੁਧਿਸ਼ਠਰ', ਅਨੁਰਾਗਰੂਪੀ 'ਅਰਜੁਨ', ਭਾਵਰੂਪੀ 'ਭੀਮ', ਨਿਯਮਰੂਪੀ 'ਨਕੁਲ', ਸਤਿਸੰਗਰੂਪੀ 'ਸਹਿਦੇਵ', ਸਾਤਵਿਕਤਾਰੂਪੀ 'ਸਾਤਿਅਕੀ', ਕਾਇਆ ਵਿਚ ਸਮਰਥਾਰੂਪੀ 'ਕਾਸ਼ੀਰਾਜ', ਕਰਤੱਵ ਦੇ ਰਾਹੀਂ ਭਵ ਉਤੇ ਜਿੱਤ 'ਕੁੰਤੀਭੋਜ' ਆਦਿ ਇਸ਼ਟ ਵਲ ਝੁਕੀਆਂ ਮਾਨਸਿਕ ਪ੍ਰਵਿਰਤੀਆਂ ਬੁਲੰਦ ਹੁੰਦੀਆਂ ਹਨ, ਜਿਨ੍ਹਾਂ ਦੀ ਗਿਣਤੀ ਸੱਤ ਅੱਖਸ਼ੌਹਿਣੀ (ਪ੍ਰਾਚੀਨ ਕਾਲ ਦਾ ਸੈਨਿਕ ਜੱਥਾ ਜਿਸ ਵਿਚ 21,870 ਹਾਥੀ, 21,870 ਰੱਥ, 65,610 ਘੋੜੇ ਅਤੇ 109,350 ਪੈਦਲ ਸੈਨਿਕ ਹੁੰਦੇ ਸਨ) ਹੈ। 'ਅੱਖਸ਼' ਦ੍ਰਿਸ਼ਟੀ ਨੂੰ ਕਹਿੰਦੇ ਹਨ। ਸਤਿਮਈ ਦ੍ਰਿਸ਼ਟੀਕੋਣ ਨਾਲ ਜਿਸਦਾ ਗਠਨ ਹੈ, ਉਹ ਹੈ ਦੈਵੀ ਸੰਪਤੀ। ਪਰਮਧਰਮ ਪਰਮਾਤਮਾ ਤਕ ਦੀ ਦੂਰੀ ਤੈ ਕਰਾਉਣ ਵਾਲੀਆਂ ਇਹ ਸੱਤ ਪੌੜੀਆਂ 'ਸੱਤ ਭੂਮਿਕਾਵਾਂ' ਹਨ, ਨਾ ਕਿ ਕੋਈ ਗਿਣਤੀ-ਵਿਸ਼ੇਸ਼। ਦਰਅਸਲ ਇਹ ਪ੍ਰਵਿਰਤੀਆਂ ਅਨੰਤ ਹਨ।

ਦੂਜੇ ਪਾਸੇ ਹੈ 'ਕੁਰੂਖੇਤਰ', ਜਿਸ ਵਿਚ ਦਸ ਇੰਦ੍ਰੀਆਂ ਅਤੇ ਇਕ ਮਨ-ਗਿਆਰਾਂ

ਅੱਖਸ਼ੌਹਿਣੀ ਸੈਨਾ ਹੈ। ਮਨ ਸਹਿਤ ਇੰਦ੍ਰੀਮਈ ਦ੍ਰਿਸ਼ਟੀਕੋਣ ਨਾਲ ਜਿਸਦਾ ਗਠਨ ਹੈ, ਉਹ ਹੈ ਆਸੁਰੀ, ਜਿਸ ਵਿਚ ਹਨ ਅਗਿਆਨਰੂਪੀ 'ਧ੍ਰਿਤਰਾਸ਼ਟਰ', ਜੋ ਸੱਚ ਜਾਣਦੇ ਹੋਏ ਵੀ ਅੰਨ੍ਹਾ ਬਣਿਆ ਰਹਿੰਦਾ ਹੈ, ਉਸਦੀ ਸਹਿਚਾਰਿਣੀ ਹੈ 'ਗਾਂਧਾਰੀ'-ਇੰਦ੍ਰੀ-ਆਧਾਰਵਾਲੀ ਪ੍ਰਵਿਰਤੀ। ਇਸਦੇ ਨਾਲ ਹਨ-ਮੋਹਰੂਪੀ 'ਦੁਰਯੋਧਨ', ਦੁਰਬੁੱਧੀਰੂਪੀ 'ਦੁਸ਼ਾਸਨ', ਬਾਹਰੀ ਕਰਮਰੂਪੀ 'ਕਰਣ', ਭਰਮਰੂਪੀ 'ਭੀਸ਼ਮ', ਦ੍ਵੈਤ ਦੇ ਆਚਰਣਰੂਪੀ 'ਦ੍ਰੋਣਾਚਾਰਿਆ', ਸਨੇਹਰੂਪੀ 'ਅਸ਼ਵੱਸਥਾਮਾ', ਵਿਕਲਪਰੂਪੀ 'ਵਿਕਰਣ', ਅਧੂਰੀ ਸਾਧਨਾ ਵਿਚ ਕਿਰਪਾ ਦੇ ਆਚਰਣਰੂਪੀ 'ਕਿਰਪਾਚਾਰਿਆ' ਅਤੇ ਇਹਨਾਂ ਸਾਰਿਆਂ ਦੇ ਵਿਚ ਜੀਵਰੂਪੀ 'ਵਿਦੁਰ' ਹੈ, ਜੋ ਰਹਿੰਦਾ ਹੈ ਅਗਿਆਨ ਵਿਚ, ਪਰ ਦ੍ਰਿਸ਼ਟੀ ਸਦਾ ਪਾਂਡਵਾਂ ਉਤੇ ਰੱਖਦਾ ਹੈ, ਪੁੰਨ ਨਾਲ ਪ੍ਰਵਾਹਿਤ ਪ੍ਰਵਿਰਤੀ ਦੇ ਉਤੇ ਰੱਖਦਾ ਹੈ, ਕਿਉਂਕਿ ਆਤਮਾ ਪਰਮਾਤਮਾ ਦਾ ਸ਼ੁਧ ਅੰਸ਼ ਹੈ। ਇਸ ਤਰਹਾਂ ਅਸੁਰੀ ਸੰਪਤੀ ਵੀ ਅਨੰਤ ਹੈ। ਖੇਤਰ ਇਕ ਹੀ ਹੈ  ਇਹ ਸਰੀਰ, ਇਸ ਵਿਚ ਲੜਨ ਵਾਲੀਆਂ ਪ੍ਰਵਿਰਤੀਆਂ ਦੋ ਹਨ। ਇਕ ਪ੍ਰਕ੍ਰਿਤੀ ਵਿਚ ਵਿਸ਼ਵਾਸ ਦਿਵਾਉਂਦੀ ਹੈ, ਨੀਚ-ਅਧਮ ਯੋਨੀਆਂ ਦਾ ਕਾਰਨ ਬਣਦੀ ਹੈ, ਤਾਂ ਦੂਜੀ ਪਰਮ ਪੁਰਸ਼ ਪਰਮਾਤਮਾ ਵਿਚ ਵਿਸ਼ਵਾਸ ਅਤੇ ਪ੍ਰਵੇਸ਼ ਦਿਵਾਉਂਦੀ ਹੈ। ਤੱਤਦਰਸ਼ੀ ਮਹਾਪੁਰਸ਼ ਦੇ ਮਾਰਗ ਦਰਸ਼ਨ ਵਿਚ ਕ੍ਰਮਵਾਰ ਸਾਧਨਾ ਕਰਨ ਨਾਲ ਦੈਵੀ ਸੰਪੱਤੀ ਦਾ ਵਿਕਾਸ ਅਤੇ ਆਸੁਰੀ ਸੰਪੱਤੀ ਦਾ ਪੂਰਾ ਨਿਰੋਧ ਅਤੇ ਨਿਰੁਧ (ਸਥਿਰ) ਮਨ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਤਾਂ ਫੇਰ ਦੈਵੀ ਸੰਪੱਤੀ ਦੀ ਜ਼ਰੂਰਤ ਖ਼ਤਮ ਹੋ ਜਾਂਦੀ ਹੈ। ਅਰਜੁਨ ਨੇ ਵੇਖਿਆ ਕਿ ਕੌਰਵ-ਪੱਖ  ਦੇ ਬਾਅਦ ਪਾਂਡਵ-ਪੱਖ ਦੇ ਯੋਧਾ ਵੀ ਯੋਗੇਸ਼ਵਰ ਵਿਚ ਸਮਾਹਿਤ ਹੋ ਰਹੇ ਹਨ। ਪੂਰਣਤਾ ਦੇ ਨਾਲ-ਨਾਲ ਦੈਵੀ ਸੰਪੱਤੀ ਵੀ ਵਿਲੀਨ ਹੋ ਜਾਂਦੀ ਹੈ, ਅੰਤਿਮ ਸ਼ਾਸ਼ਵਤ ਪਰਿਣਾਮ ਨਿਕਲ ਆਉਂਦਾ ਹੈ। ਇਸਦੇ ਬਾਅਦ ਜੇ ਮਹਾਪੁਰਸ਼ ਕੁਝ ਕਰਦਾ ਹੈ, ਤਾਂ ਕੇਵਲ ਅਨੁਯਾਈਆਂ ਦੇ ਮਾਰਗਦਰਸ਼ਨ ਦੇ ਲਈ ਹੀ ਕਰਦਾ ਹੈ।

ਲੋਕ-ਸੰਗ੍ਰਹਿ ਦੀ ਇਸੇ ਭਾਵਨਾ ਨਾਲ ਮਹਾਪੁਰਸ਼ਾਂ ਨੇ ਸੂਖਮ ਮਨੋਭਾਵਾਂ ਦਾ ਵਰਣਨ ਉਹਨਾਂ ਨੂੰ ਠੋਸ, ਭੌਤਿਕ ਰੂਪ ਦੇਕੇ ਕੀਤਾ ਹੈ। 'ਗੀਤਾ' ਛੰਦਬੱਧ ਹੈ, ਵਿਆਕਰਣ ਅਨੁਸਾਰ ਹੈ,ਪਰ ਇਸਦੇ ਕਿਰਦਾਰ ਪ੍ਰਤੀਕਾਤਮਕ ਹਨ, ਅਮੂਰਤ ਯੋਗਤਾਵਾਂ ਦੇ ਮੂਰਤ ਰੂਪ ਮਾਤਰ ਹਨ। ਗੀਤਾ ਦੇ ਆਰੰਭ ਵਿਚ ਤੀਹ-ਚਾਲੀ ਕਿਰਦਾਰਾਂ ਦਾ ਨਾਮ ਲਿਆ ਗਿਆ ਹੈ, ਜਿਨ੍ਹਾਂ ਵਿਚ ਅੱਧੇ ਭੀਤਰੀ ਹਨ ਅਤੇ ਅੱਧੇ ਬਾਹਰੀ। ਕੁਝ ਪਾਂਡਵ-ਪੱਖ ਦੇ ਹਨ, ਕੁਝ ਕੌਰਵ-ਪੱਖ ਦੇ। 'ਵਿਸ਼ਵਰੂਪ ਦਰਸ਼ਨ' ਦੇ ਸਮੇਂ ਇਹਨਾਂ ਵਿਚੋਂ ਚਾਰ-ਛੇ ਨਾਮ ਦੁਬਾਰਾ ਆਏ ਹਨ, ਵਰਨਾ ਸੰਪੂਰਣ ਗੀਤਾ ਵਿਚ ਇਹਨਾਂ ਨਾਮਾਂ ਦੀ ਚਰਚਾ ਤਕ ਨਹੀਂ ਹੈ। ਇਕ ਮਾਤਰ ਅਰਜੁਨ ਹੀ ਐਸਾ ਕਿਰਦਾਰ ਹੈ, ਜੋ ਆਰੰਭ ਤੋਂ ਅੰਤ ਤਕ ਯੋਗੇਸ਼ਵਰ ਦੇ ਸਾਮ੍ਹਣੇ ਹੈ। ਉਹ ਅਰਜੁਨ ਵੀ ਕੇਵਲ ਯੋਗਤਾ ਦਾ ਪ੍ਰਤੀਕ ਹੈ, ਨਾ ਕਿ ਵਿਅਕਤੀ-ਵਿਸ਼ੇਸ਼। ਗੀਤਾ ਦੇ ਆਰੰਭ ਵਿਚ ਅਰਜੁਨ ਸਨਾਤਨ ਕੁਲਧਰਮ ਲਈ ਪਰੇਸ਼ਾਨ ਹੈ, ਪਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਸਨੂੰ ਅਗਿਆਨ ਦਸਿਆ ਅਤੇ ਨਿਰਦੇਸ਼ ਦਿਤਾ ਕਿ ਆਤਮਾ ਹੀ ਸਨਾਤਨ ਹੈ, ਸਰੀਰ ਨਾਸ਼ਵਾਨ ਹੈ, ਇਸ ਲਈ ਯੁੱਧ ਕਰ। ਇਸ ਆਦੇਸ਼ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਅਰਜੁਨ ਕੌਰਵਾਂ ਨੂੰ ਹੀ ਮਾਰੇ। ਪਾਂਡਵ-ਪੱਖ ਦੇ ਵੀ ਸਰੀਰਧਾਰੀ ਹੀ ਤਾਂ ਸਨ, ਦੋਨੋਂ ਪਾਸੇ ਸੰਬੰਧੀ ਹੀ ਤਾਂ ਸਨ। ਸੰਸਕਾਰਾਂ ਉਤੇ ਆਧਾਰਿਤ ਸਰੀਰ ਕੀ ਤਲਵਾਰ ਨਾਲ ਕੱਟਕੇ ਸਮਾਪਤ ਹੋ ਸਕੇਗਾ ? ਜਦ ਸਰੀਰ ਨਾਸ਼ਵਾਨ ਹੈ, ਜਿਸਦਾ ਅਸਤਿੱਤਵ ਹੈ ਹੀ ਨਹੀਂ, ਤਾਂ ਅਰਜੁਨ ਕੌਣ ਸੀ ? ਸ਼੍ਰੀ ਕ੍ਰਿਸ਼ਣ ਕਿਸਦੀ ਰੱਖਿਆ ਲਈ ਖੜ੍ਹੇ ਸਨ ? ਕੀ ਕਿਸੇ ਸਰੀਰਧਾਰੀ ਦੀ ਰੱਖਿਆ ਲਈ ਖੜ੍ਹੇ ਸਨ? ਸ਼੍ਰੀ ਕ੍ਰਿਸ਼ਣ ਨੇ ਕਿਹਾ -''ਜੋ ਸਰੀਰ ਲਈ ਮਿਹਨਤ ਕਰਦਾ ਹੈ, ਉਹ ਪਾਪਾਯੂ-ਮੂੜਬੁੱਧੀ ਪੁਰਸ਼ ਵਿਅਰਥ ਹੀ ਜੀਉਂਦਾ ਹੈ।'' ਜੇ ਸ਼੍ਰੀ ਕ੍ਰਿਸ਼ਣ ਕਿਸੇ ਸਰੀਰਧਾਰੀ ਦੀ ਰੱਖਿਆ

ਲਈ ਖੜ੍ਹੇ ਹਨ, ਤਾਂ ਤੇ ਉਹ ਵੀ ਮੂੜਬੁੱਧੀ ਹਨ, ਵਿਅਰਥ ਹੀ ਜੀਉਣ ਵਾਲੇ ਹਨ। ਦਰਅਸਲ ਅਨੁਰਾਗ ਹੀ ਅਰਜੁਨ ਹੈ।

ਅਨੁਰਾਗੀ ਲਈ ਮਹਾਪੁਰਸ਼ ਸਦਾ ਖੜ੍ਹੇ ਹਨ। ਅਰਜੁਨ ਸ਼ਿਸ਼ ਸੀ ਅਤੇ ਸ਼੍ਰੀ ਕ੍ਰਿਸ਼ਣ ਇਕ ਸਤਿਗੁਰੂ ਸਨ। ਅਰਜੁਨ ਨੇ ਝੁਕਕੇ ਬੇਨਤੀ ਕਰਦਿਆਂ ਕਿਹਾ ਸੀ ਕਿ, ਧਰਮ ਦੇ ਮਾਰਗ ਵਿਚ ਮੋਹਿਤਚਿੱਤ ਹੋਇਆ ਮੈਂ ਤੁਹਾਡੇ ਕੋਲੋਂ ਪੁਛਦਾ ਹਾਂ, ਜੋ ਸ਼੍ਰੇਅ (ਪਰਮ ਕਲਿਆਣਕਾਰਕ) ਹੋਵੇ, ਉਹ ਉਪਦੇਸ਼ ਮੇਰੇ ਲਈ ਕਹੋ। ਅਰਜੁਨ ਸ਼੍ਰੇਅ ਚਾਹੁੰਦਾ ਸੀ, ਪ੍ਰੇਅ (ਭੌਤਿਕ ਪਦਾਰਥ) ਨਹੀਂ। ''ਕੇਵਲ ਕਹੋ ਹੀ ਨਾ, ਮੈਨੂੰ ਸਾਧ ਲਉ, ਸੰਭਾਲੋ। ਮੈਂ ਆਪਦਾ ਸ਼ਿਸ਼ ਹਾਂ। ਆਪ ਦੀ ਸ਼ਰਨ ਹਾਂ।'' ਇਸੇ ਪ੍ਰਕਾਰ ਗੀਤਾ ਵਿਚ ਜਗਹਾ-ਜਗਹਾ ਤੇ ਸਪਸ਼ਟ ਹੈ ਕਿ ਅਰਜੁਨ ਦੁਖੀ, ਅਧਿਕਾਰੀ (ਸ਼ਿਸ਼) ਹੈ ਅਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਇਕ ਸਤਿਗੁਰੂ ਹਨ। ਉਹ ਸਤਿਗੁਰੂ ਅਨੁਰਾਗੀ ਦੇ ਨਾਲ ਸਦਾ ਰਹਿੰਦੇ ਹਨ, ਉਸਦਾ ਮਾਰਗਦਰਸ਼ਨ ਕਰਦੇ ਹਨ।

ਜਦ ਭਾਵੁਕਤਾਵੱਸ ਕੋਈ ਵਿਅਕਤੀ 'ਪੂਜਯ ਮਹਾਰਾਜ ਜੀ' ਦੇ ਪਾਸ ਰਹਿਣ ਦਾ ਆਗ੍ਰਹਿ ਕਰਨ ਲਗਦਾ ਸੀ, ਤਾਂ ਉਹ ਕਿਹਾ ਕਰਦੇ ਸਨ ''ਜਾਉ, ਸ਼ਰੀਰ ਨਾਲ ਕਿਧਰੇ ਵੀ ਰਹੋ, ਮਨ ਨਾਲ ਮੇਰੇ ਪਾਸ ਆਉਂਦੇ ਰਹੋ। ਸਵੇਰ-ਸ਼ਾਮ ਰਾਮ, ਸ਼ਿਵ, ਓਮ, ਕਿਸੇ ਇਕ ਦੋ-ਢਾਈ ਅੱਖਰ ਦੇ ਨਾਮ ਦਾ ਜਾਪ ਕਰੋ ਅਤੇ ਮੇਰੇ ਸਵਰੂਪ ਦਾ ਹਿਰਦੇ ਵਿਚ ਧਿਆਨ ਕਰੋ। ਇਕ ਮਿਨਟ ਵੀ ਸਵਰੂਪ ਪਕੜ ਲਓਗੇ, ਤਾਂ ਜਿਸਦਾ ਨਾਮ ਭਜਨ ਹੈ, ਉਹ ਮੈਂ ਤੁਹਾਨੂੰ ਦੇਵਾਂਗਾ। ਇਸਤੋਂ ਵੱਧ ਪਕੜਨ ਲਗੋਗੇ, ਤਾਂ ਹਿਰਦੇ ਤੋਂ ਰਥੀ ਬਣਕੇ ਸਦਾ ਤੁਹਾਡੇ ਨਾਲ ਰਹਾਂਗਾ।'' ਜਦ ਸੁਰਤ ਪਕੜ ਵਿਚ ਆ ਜਾਂਦੀ ਹੈ, ਤਾਂ ਇਸਦੇ ਬਾਅਦ ਮਹਾਪੁਰਸ਼ ਏਨਾਂ ਹੀ ਕੋਲ ਰਹਿੰਦਾ ਹੈ ਜਿੰਨਾ ਹੱਥ-ਪੈਰ, ਨੱਕ-ਕੰਨ ਆਦਿ ਤੁਹਾਡੇ ਕੋਲ ਹਨ। ਤੁਸੀਂ ਹਜ਼ਾਰਾਂ ਕਿਲੋਮੀਟਰ ਦੂਰ ਕਿਉਂ ਨਾ ਹੋਵੋ, ਉਹ ਸਦਾ ਪਾਸ ਹਨ। ਮਨ ਵਿਚ ਵਿਚਾਰਾਂ ਦੇ ਉਠਣ ਤੋਂ ਵੀ ਪਹਿਲਾਂ ਉਹ ਮਾਰਗਦਰਸ਼ਨ ਕਰਨ ਲਗ ਜਾਂਦੇ ਹਨ। ਅਨੁਰਾਗੀ ਦੇ ਹਿਰਦੇ ਵਿਚ ਉਹ ਮਹਾਪੁਰਸ਼ ਸਦਾ ਆਤਮਾ ਦੇ ਨਾਲ ਮਿਲਕੇ ਜਾਗ੍ਰਤ ਰਹਿੰਦੇ ਹਨ। ਅਰਜੁਨ ਅਨੁਰਾਗ ਦਾ ਪ੍ਰਤੀਕ ਹੈ।

ਗੀਤਾ ਦੇ ਗਿਆਰ੍ਹਵੇਂ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦਾ ਐਸ਼ਵਰਿਆ (ਵਿਰਾਟ ਰੂਪ) ਵੇਖਕੇ ਅਰਜੁਨ ਆਪਣੀਆਂ ਤੁੱਛ ਤਰੁੱਟੀਆਂ ਲਈ ਖਿਮਾ ਯਾਚਨਾ ਕਰਨ ਲਗਾ। ਸ਼੍ਰੀ ਕ੍ਰਿਸ਼ਣ ਨੇ ਖਿਮਾ ਕੀਤਾ, ਕਿਉਂਕਿ ਯਾਚਨਾ ਦੇ ਅਨੁਰੂਪ ਕੋਮਲ ਸਵਰੂਪ ਵਿਚ ਆਕੇ ਉਹਨਾਂ ਨੇ ਕਿਹਾ, ''ਅਰਜੁਨ! ਮੇਰੇ ਇਸ ਸਵਰੂਪ ਨੂੰ ਨਾ ਪਹਿਲਾਂ ਕਿਸੇ ਨੇ ਵੇਖਿਆ ਹੈ ਅਤੇ ਨਾ ਭਵਿੱਖ ਵਿਚ ਕੋਈ ਵੇਖ ਸਕੇਗਾ।'' ਤਾਂ ਤੇ ਗੀਤਾ ਸਾਡੇ ਲੋਕਾਂ ਲਈ ਵਿਅਰਥ ਹੈ, ਕਿਉਂਕਿ ਉਸ ਦਰਸ਼ਨ ਲਈ ਯੋਗਤਾਵਾਂ ਅਰਜੁਨ ਤਕ ਹੀ ਸੀਮਿਤ ਸਨ। ਜਦਕਿ ਉਸੇ ਸਮੇਂ ਸੰਜਯ ਵੇਖ ਰਿਹਾ ਸੀ। ਪਹਿਲੇ ਵੀ ਉਹਨਾਂ ਨੇ ਕਿਹਾ ਸੀ, ''ਬਹੁਤ ਸਾਰੇ ਯੋਗੀਰਾਜ ਗਿਆਨਰੂਪੀ ਤਪ ਨਾਲ ਪਵਿਤਰ ਹੋਕੇ ਮੇਰੇ ਸਾਖਿਆਤ ਸਵਰੂਪ ਨੂੰ ਪ੍ਰਾਪਤ ਹੋ ਚੁਕੇ ਹਨ।'' ਆਖ਼ਿਰ ਉਹ ਮਹਾਪੁਰਸ਼ ਕਹਿਣਾ ਕੀ ਚਾਹੁੰਦੇ ਹਨ? ਦਰਅਸਲ ਅਨੁਰਾਗ ਹੀ 'ਅਰਜੁਨ' ਹੈ, ਜੋ ਤੁਹਾਡੇ ਹਿਰਦੇ ਦੀ ਭਾਵਨਾ-ਵਿਸ਼ੇਸ਼ ਹੈ। ਅਨੁਰਾਗਹੀਨ ਪੁਰਸ਼ ਨਾ ਕਦੇ ਪਹਿਲਾਂ ਵੇਖ ਸਕਿਆ ਹੈ ਅਤੇ ਨਾ ਅਨੁਰਾਗਹੀਨ ਪੁਰਸ਼ ਭਵਿੱਖ ਵਿਚ ਕਦੇ ਵੇਖ ਸਕੇਗਾ ''मिलहिं न रघुपति बिनु अनुरागा। किये कोटि जप योग विरागा।।'' ਇਸ ਲਈ ਅਰਜੁਨ ਇਕ ਪ੍ਰਤੀਕ ਹੈ। ਜੇ ਪ੍ਰਤੀਕ ਨਹੀਂ ਹੈ, ਤਾਂ ਗੀਤਾ ਦਾ ਪਿੱਛਾ ਛੱਡ ਦਿਉ, ਗੀਤਾ ਤੁਹਾਡੇ ਲਈ ਨਹੀਂ ਹੈ, ਕਿਉਂਕਿ ਉਸ ਦਰਸ਼ਨ ਦੀ ਯੋਗਤਾ ਅਰਜੁਨ ਤਕ ਹੀ ਸੀਮਿਤ ਸੀ।

ਅਧਿਆਇ ਦੇ ਅੰਤ ਵਿਚ ਯੋਗੇਸ਼ਵਰ ਨਿਰਣਾ ਦੇਂਦੇ ਹਨ ''ਅਰਜੁਨ! ਅਨਿੰਨ ਭਗਤੀ

ਅਤੇ ਸ਼ਰਧਾ ਦੁਆਰਾ ਮੈਂ ਇਸ ਪ੍ਰਕਾਰ ਪ੍ਰਤੱਖ ਵੇਖਣ ਲਈ (ਜਿਵੇਂ ਤੂੰ ਵੇਖਿਆ), ਤੱਤ ਰਾਹੀਂ ਸਪਸ਼ਟ ਜਾਣਨ ਦੇ ਲਈ ਅਤੇ ਪ੍ਰਵੇਸ਼ ਕਰਨ ਦੇ ਲਈ ਵੀ ਸੁਲਭ ਹਾਂ।'' ਅਨਿੰਨ ਭਗਤੀ ਅਨੁਰਾਗ ਦਾ ਹੀ ਦੂਜਾ ਰੂਪ ਹੈ ਅਤੇ ਇਹੋ ਅਰਜੁਨ ਦਾ ਸਵਰੂਪ ਵੀ ਹੈ। ਅਰਜੁਨ ਕਿਸੇ ਰਾਹਗੀਰ ਦਾ ਪ੍ਰਤੀਕ ਹੈ। ਇਸ ਤਰਹਾਂ ਗੀਤਾ ਦੇ ਕਿਰਦਾਰ ਪ੍ਰਤੀਕਾਤਮਕ ਹਨ। ਯਥਾਸਥਾਨ ਉਹਨਾਂ ਦਾ ਸੰਕੇਤ ਹੈ।

ਭਾਵੇਂ ਰਹੇ ਹੋਣ ਕੋਈ ਇਤਿਹਾਸਕ ਕ੍ਰਿਸ਼ਣ ਅਤੇ ਅਰਜੁਨ, ਹੋਇਆ ਹੋਵੇ ਕੋਈ ਵਿਸ਼ਵਯੁੱਧ, ਗੀਤਾ ਵਿਚ ਭੌਤਿਕ ਯੁੱਧ ਦਾ ਚਿਤ੍ਰਣ ਕਦੇ ਵੀ ਨਹੀਂ ਹੈ। ਉਸ ਇਤਿਹਾਸਕ ਯੁੱਧ ਦੇ ਮੁਹਾਨੇ ਤੇ ਘਬਰਾਇਆ ਸੀ ਤਾਂ ਅਰਜੁਨ, ਨਾ ਕਿ ਸੈਨਾ। ਸੈਨਾ ਤਾਂ ਲੜਨ ਨੂੰ ਤਿਆਰ ਖੜੀ ਸੀ।

ਕੀ ਗੀਤਾ ਦਾ ਉਪਦੇਸ਼ ਦੇਕੇ ਸ਼੍ਰੀ ਕ੍ਰਿਸ਼ਣ ਨੇ ਸਵਿਅਸਾਚੀ ਅਰਜੁਨ ਨੂੰ ਸੈਨਾ ਦੀ ਯੋਗਤਾ ਦਾ ਬਣਾਇਆ ? ਦਰਅਸਲ ਸਾਧਨਾ ਲਿਖਣ ਵਿਚ ਨਹੀਂ ਆਉਂਦੀ। ਸਭ ਕੁਝ ਪੜ੍ਹ ਲੈਣ ਦੇ ਬਾਅਦ ਵੀ ਚਲਣਾ ਬਾਕੀ ਹੀ ਰਹਿੰਦਾ ਹੈ। ਇਹੋ ਪ੍ਰੇਰਣਾ 'ਯਥਾਰਥ ਗੀਤਾ' ਹੈ।

ਸਤਿਗੁਰੂ ਦੀ ਕਿਰਪਾ ਦੇ ਆਸਰੇ, ਜਗਤਬੰਧੂ
**ਸੁਵਾਮੀ ਅੜਗੜਾਨੰਦ**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਯਥਾਰਥ ਗੀਤਾ

## (ਸ਼੍ਰੀ ਮਦਭਗਵਦ ਗੀਤਾ)

# ਪਹਿਲਾ ਅਧਿਆਇ

### ਧ੍ਰਿਤਰਾਸ਼ਟ੍ਰ ਉਵਾਚ

**धर्मक्षेत्रे कुरुक्षेत्रे समवेता युयुत्सवः।**
**मामकाः पाण्डवाश्चैव किमकुर्वत संजय।।१।।**

ਧ੍ਰਿਤਰਾਸ਼ਟ੍ਰ ਨੇ ਪੁਛਿਆ ਹੇ ਸੰਜਯ! ਧਰਮਖੇਤਰ ਕੁਰੂਖੇਤਰ ਵਿਚ ਇਕੱਠੇ ਹੋਏ ਯੁੱਧ ਦੀ ਇੱਛਾ ਰੱਖਣ ਵਾਲੇ ਮੇਰੇ ਅਤੇ ਪਾਂਡੂ ਦੇ ਪੁੱਤਰਾਂ ਨੇ ਕੀ ਕੀਤਾ ?

ਅਗਿਆਨਰੂਪੀ ਧ੍ਰਿਤਰਾਸ਼ਟ੍ਰ ਅਤੇ ਧੀਰਜਰੂਪੀ ਸੰਜਯ। ਅਗਿਆਨ ਮਨ ਦੇ ਅੰਤਰਾਲ ਵਿਚ ਰਹਿੰਦਾ ਹੈ। ਅਗਿਆਨ ਵਿਚ ਡੁਬਿਆ ਮਨ, ਧ੍ਰਿਤਰਾਸ਼ਟ੍ਰ ਜਨਮ ਤੋਂ ਅੰਨ੍ਹਾ ਹੈ; ਪਰ ਧੀਰਜਰੂਪੀ ਸੰਜਯ ਦੇ ਮਾਧਿਅਮ ਨਾਲ ਇਹ ਵੇਖਦਾ ਹੈ, ਸੁਣਦਾ ਹੈ। ਉਹ ਸਮਝਦਾ ਹੈ ਕਿ ਪਰਮਾਤਮਾ ਹੀ ਸੱਚ ਹੈ, ਫਿਰ ਵੀ ਜਦ ਤਕ ਇਸਤੋਂ ਉਤਪੰਨ ਮੋਹਰੂਪੀ ਦੁਰਯੋਧਨ ਜੀਉਂਦਾ ਹੈ, ਇਸਦੀ ਦ੍ਰਿਸ਼ਟੀ ਸਦਾ ਕੌਰਵਾਂ ਉਤੇ ਰਹਿੰਦੀ ਹੈ, ਵਿਕਾਰਾਂ ਉਤੇ ਹੀ ਰਹਿੰਦੀ ਹੈ।

ਧਰਮ ਇਕ ਖੇਤਰ ਹੈ। ਜਦ ਹਿਰਦੇ-ਦੇਸ਼ ਵਿਚ ਦੈਵੀ (ਗੁਣ) ਦੀ ਬੜ੍ਹੋਤਰੀ ਹੁੰਦੀ ਹੈ, ਤਾਂ ਇਹ ਸਰੀਰ ਧਰਮਖੇਤਰ ਬਣ ਜਾਂਦਾ ਹੈ ਅਤੇ ਜਦ ਇਸ ਵਿਚ ਅਸੁਰੀ (ਗੁ) ਦੀ ਬੜ੍ਹੋਤਰੀ ਹੁੰਦੀ ਹੈ, ਤਾਂ ਇਹ ਸਰੀਰ ਕੁਰੂਖੇਤਰ ਬਣ ਜਾਂਦਾ ਹੈ 'ਕੁਰੂ' ਅਰਥਾਤ ਕਰੋ। ਇਹ ਸ਼ਬਦ ਆਦੇਸ਼ਾਤਮਕ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ''ਪ੍ਰਕ੍ਰਿਤੀ ਤੋਂ ਉਤਪੰਨ ਤਿੰਨਾਂ ਗੁਣਾਂ ਦੁਆਰਾ ਪਰਵੱਸ ਹੋਕੇ ਮਨੁੱਖ ਕਰਮ ਕਰਦਾ ਹੈ, ਉਹ ਪਲ ਮਾਤਰ ਵੀ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ।'' ਗੁਣ ਉਸ ਤੋਂ ਕਰਵਾ ਲੈਂਦੇ ਹਨ। *ਸੌਂ ਜਾਣ ਤੇ ਵੀ ਕਰਮ ਬੰਦ ਨਹੀਂ ਹੁੰਦਾ, ਉਹ ਵੀ ਨਿਰੋਗ ਸਰੀਰ ਦੀ ਜ਼ਰੂਰੀ ਖ਼ੁਰਾਕ ਮਾਤਰ ਹੈ।* ਤਿੰਨੋਂ ਗੁਣ ਮਨੁੱਖ ਨੂੰ ਦੇਵਤਾ ਤੋਂ ਕੀੜੇ ਮਕੌੜੇ ਤਕ ਸਰੀਰਾਂ ਵਿਚ ਹੀ ਬੰਨ੍ਹਦੇ

ਹਨ। ਜਦ ਤਕ ਪ੍ਰਕ੍ਰਿਤੀ ਅਤੇ ਪ੍ਰਕ੍ਰਿਤੀ ਤੋਂ ਉਤਪੰਨ ਗੁਣ ਜੀਉਂਦੇ ਹਨ, ਤਦ ਤਕ 'ਕੁਰੂ' ਲਗਾ ਰਹੇਗਾ, ਇਸ ਲਈ ਜਨਮ-ਮੌਤ ਵਾਲਾ ਖੇਤਰ, ਵਿਕਾਰਾਂ ਵਾਲਾ ਖੇਤਰ ਕੁਰੂਖੇਤਰ ਹੈ। ਅਤੇ ਪਰਮਧਰਮ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੀ ਪੁੰਨਮਈ ਪ੍ਰਵਿਰਤੀਆਂ (ਪਾਂਡਵ) ਦਾ ਖੇਤਰ ਧਰਮਖੇਤਰ ਹੈ।

ਪੁਰਾਤਨ ਵਿਭਾਗ ਪੰਜਾਬ ਵਿਚ, ਕਾਸ਼ੀ-ਪ੍ਰਯਾਗ ਦੇ ਮੱਧ ਅਤੇ ਅਨੇਕਾਨੇਕ ਸਥਾਨਾਂ ਵਿਚ ਕੁਰੂਖੇਤਰ ਦੀ ਖੋਜ ਵਿਚ ਲਗੇ ਹਨ ਪਰ ਗੀਤਾਕਾਰ ਨੇ ਖ਼ੁਦ ਦਸਿਆ ਹੈ ਕਿ ਜਿਸ ਖੇਤਰ ਵਿਚ ਇਹ ਯੁੱਧ ਹੋਇਆ, ਉਹ ਕਿਥੇ ਹੈ 'इदं शरीरं कौंतेय क्षेत्रमित्यमिधीपते।' ''ਅਰਜੁਨ! ਇਹ ਸਰੀਰ ਹੀ ਖੇਤਰ ਹੈ ਅਤੇ ਜੋ ਇਸਨੂੰ ਜਾਣਦਾ ਹੈ, ਇਸਦਾ ਪਾਰ ਪਾ ਲੈਂਦਾ ਹੈ, ਖੇਤਰ ਦਾ ਜਾਣਕਾਰ ਹੈ।'' ਅੱਗੇ ਇਹਨਾਂ ਨੇ ਖੇਤਰ ਦਾ ਵਿਸਤਾਰ ਦਸਿਆ, ਜਿਸ ਵਿਚ ਦਸ ਇੰਦ੍ਰੀਆਂ, ਮਨ, ਬੁੱਧੀ, ਅਹੰਕਾਰ, ਪੰਜੋ ਵਿਕਾਰ ਅਤੇ ਤਿੰਨਾਂ ਗੁਣਾਂ ਦਾ ਵਰਣਨ ਹੈ। ਸਰੀਰ ਹੀ ਖੇਤਰ ਹੈ, ਇਕ ਅਖਾੜਾ ਹੈ। ਇਸ ਵਿਚ ਲੜਨ ਵਾਲੀਆਂ ਪ੍ਰਵਿਰਤੀਆਂ ਦੋ ਹਨ 'ਦੈਵੀ ਗੁਣ' ਅਤੇ 'ਅਸੁਰੀ ਗੁਣ' 'ਪਾਂਡੂ ਦੀ ਸੰਤਾਨ' ਅਤੇ 'ਧ੍ਰਿਤਰਾਸ਼ਟ੍ਰ ਦੀ ਸੰਤਾਨ', 'ਅੰਦਰੂਨੀ ਅਤੇ ਬਾਹਰੀ ਪ੍ਰਵਿਰਤੀਆਂ'।

ਅਨੁਭਵੀ ਮਹਾਪੁਰਸ਼ ਦੀ ਸ਼ਰਨ ਜਾਣ ਨਾਲ ਇਹਨਾਂ ਦੋਨਾਂ ਪ੍ਰਵਿਰਤੀਆਂ ਵਿਚ ਸੰਘਰਸ਼ ਦਾ ਆਰੰਭ ਹੁੰਦਾ ਹੈ। ਇਹ ਖੇਤਰ ਸਰੀਰ ਅਤੇ ਖੇਤਰ ਦੇ ਜਾਣਕਾਰ (ਸਰੀਰਧਾਰੀ) ਦਾ ਸੰਘਰਸ਼ ਹੈ ਅਤੇ ਇਹੋ ਵਾਸਤਵਿਕ ਯੁੱਧ ਹੈ। ਵਿਸ਼ਵਯੁੱਧ ਨਾਲ ਇਤਿਹਾਸ ਭਰਿਆ ਪਿਆ ਹੈ, ਪਰ ਉਹਨਾਂ ਵਿਚ ਜਿੱਤਣ ਵਾਲਿਆਂ ਨੂੰ ਵੀ ਸ਼ਾਸ਼ਵਤ ਜਿੱਤ ਨਹੀਂ ਮਿਲਦੀ। ਇਹ ਤਾਂ ਆਪਸੀ ਬਦਲੇ ਹਨ। ਪ੍ਰਕ੍ਰਿਰਤੀ ਦਾ ਪੂਰਾ ਨਿਰਾਕਰਣ ਕਰਕੇ, ਪ੍ਰਕ੍ਰਿਰਤੀ ਤੋਂ ਪਰੇ ਦੀ ਸੱਤਾ ਦਾ ਦਰਸ਼ਨ ਕਰਨਾ ਅਤੇ ਉਸ ਵਿਚ ਪ੍ਰਵੇਸ਼ ਪਾਉਣਾ ਹੀ ਵਾਸਤਵਿਕ ਜਿੱਤ ਹੈ। ਇਹੋ ਇਕ ਐਸੀ ਜਿੱਤ ਹੈ, ਜਿਸ ਤੋਂ ਬਾਅਦ ਹਾਰ ਨਹੀਂ ਹੈ। ਇਹੋ ਮੁਕਤੀ ਹੈ, ਜਿਸ ਤੋਂ ਬਾਅਦ ਜਨਮ-ਮਰਨ ਦਾ ਬੰਧਨ ਨਹੀਂ ਹੈ।

ਇਸ ਪ੍ਰਕਾਰ ਅਗਿਆਨ ਵਿਚ ਡੁਬਿਆ ਹਰੇਕ ਮਨ ਸੰਜਮ ਦੇ ਦੁਆਰਾ ਜਾਣਦਾ ਹੈ ਕਿ ਖੇਤਰ ਅਤੇ ਖੇਤਰ ਦੇ ਜਾਣਕਾਰ ਦੇ ਯੁੱਧ ਵਿਚ ਕੀ ਹੋਇਆ? ਹੁਣ ਜਿਸ ਤਰ੍ਹਾਂ ਧੀਰਜ ਦੀ ਉਨੱਤੀ ਹੋਵੇਗੀ ਉਸੇ-ਉਸੇ ਤਰ੍ਹਾਂ ਉਸਨੂੰ ਦ੍ਰਿਸ਼ਟੀ ਆਉਂਦੀ ਜਾਏਗੀ।

**ਸੰਜਯ ਉਵਾਚ**

**दृष्ट्वा तु पाण्डवानीकं व्यूढं दुर्योधनस्तदा।**
**आचार्यमुपसंगम्य राजा वचनमब्रवीत्।।२।।**

ਉਸ ਸਮੇਂ ਰਾਜਾ ਦੁਰਯੋਧਨ ਨੇ ਵਿਊਹ-ਰਚਨਾ ਯੁਕਤ ਪਾਂਡਵਾਂ ਦੀ ਸੈਨਾ ਨੂੰ ਦੇਖਕੇ ਦ੍ਰੋਣਾਚਾਰਿਆ ਕੋਲ ਜਾਕੇ ਇਹ ਵਚਨ ਕਿਹਾ।

ਦ੍ਵੈਤ ਦਾ ਆਚਰਣ ਹੀ 'ਦ੍ਰੋਣਾਚਾਰਿਆ' ਹਨ। ਜਦ ਜਾਣਕਾਰੀ ਹੋ ਜਾਂਦੀ ਹੈ ਕਿ ਅਸੀਂ ਪਰਮਾਤਮਾ ਤੋਂ ਅਲਗ ਹੋ ਗਏ ਹਾਂ, (ਇਹੋ ਦ੍ਵੈਤ ਦਾ ਭਾਨ ਹੈ), ਉਥੇ ਉਸਦੀ ਪ੍ਰਾਪਤੀ ਦੇ ਲਈ ਤੜਪ ਪੈਦਾ ਹੋ ਜਾਂਦੀ ਹੈ; ਤਾਹੀਓਂ ਅਸੀਂ ਗੁਰੂ ਦੀ ਤਲਾਸ਼ ਵਿਚ ਨਿਕਲਦੇ ਹਾਂ। ਦੋਨਾਂ ਪ੍ਰਵਿਰਤੀਆਂ ਦੇ ਵਿਚ ਇਹੋ ਪ੍ਰਾਥਮਿਕ ਗੁਰੂ ਹੈ; ਹਾਲਾਂਕਿ ਬਾਅਦ ਦੇ ਸਤਿਗੁਰੂ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਹੋਣਗੇ, ਜੋ ਯੋਗ ਦੀ ਸਥਿਤੀ ਵਾਲੇ ਹੋਣਗੇ।

ਰਾਜਾ ਦੁਰਯੋਧਨ ਆਚਾਰਿਆ ਕੋਲ ਜਾਂਦਾ ਹੈ। ਮੋਹਰੂਪੀ ਦੁਰਯੋਧਨ! ਮੋਹ ਸੰਪੂਰਣ

ਬਿਮਾਰੀਆਂ ਦੀ ਜੜ੍ਹ ਹੈ, ਰਾਜਾ ਹੈ। ਦੁਰਯੋਧਨ-ਦੁਰ ਅਰਥਾਤ ਦੂਸ਼ਿਤ, ਯੋ ਧਨ ਅਰਥਾਤ ਉਹ ਧਨ। ਆਤਮਿਕ ਗੁਣ ਹੀ ਸਥਿਰ ਗੁਣ ਹੈ। ਉਸ ਵਿਚ ਜਿਹੜਾ ਦੋਸ਼ ਪੈਦਾ ਕਰਦਾ ਹੈ, ਉਹ ਹੈ ਮੋਹ। ਇਹੋ ਪ੍ਰਕ੍ਰਿਤੀ ਦੇ ਵਲ ਖਿੱਚਦਾ ਹੈ ਅਤੇ ਵਾਸਤਵਿਕ ਜਾਣਕਾਰੀ ਦੇ ਲਈ ਪ੍ਰੇਰਣਾ ਵੀ ਪ੍ਰਦਾਨ ਕਰਦਾ ਹੈ। ਮੋਹ ਹੈ, ਤਦੇ ਤਕ ਪੁੱਛਣ ਦਾ ਪ੍ਰਸ਼ਨ ਵੀ ਹੈ, ਵਰਨਾ ਸਾਰੇ ਪੂਰਨ ਹੀ ਹਨ।

ਇਸ ਲਈ ਵਿਊਹ-ਰਚਨਾਯੁਕਤ ਪਾਂਡਵਾਂ ਦੀ ਸੈਨਾ ਨੂੰ ਵੇਖਕੇ ਅਰਥਾਤ ਪੁੰਨ ਨਾਲ ਪ੍ਰਵਾਹਿਤ ਅੰਦਰੂਨੀ ਵਿਰਕਤੀਆਂ ਨੂੰ ਸੰਗਠਿਤ ਵੇਖਕੇ ਮੋਹਰੂਪੀ ਦੁਰਯੋਧਨ ਨੇ ਪਹਿਲਾਂ ਗੁਰੂ ਦ੍ਰੋਣ ਦੇ ਕੋਲ ਜਾਕੇ ਇਹ ਕਿਹਾ

**पश्यैतां पाण्डुपुत्राणामाचार्य महतीं चमूम्।**
**व्यूढां द्रुपदपुत्रेण तव शिष्येण धीमता।।३।।**

ਹੇ ਆਚਾਰਿਆ ! ਤੁਹਾਡੇ ਬੁੱਧੀਮਾਨ ਸ਼ਿਸ਼ ਦਰੁਪਦ-ਪੁਤਰ ਧ੍ਰਿਸ਼ਟਦਿਉਮਨ ਦੁਆਰਾ ਵਿਊਹ ਆਕਾਰ ਵਿਚ ਖੜ੍ਹੀ ਕੀਤੀ ਹੋਈ ਪਾਂਡੂਪੁਤਰਾਂ ਦੀ ਇਸ ਭਾਰੀ ਸੈਨਾ ਨੂੰ ਵੇਖੋ।

ਸ਼ਾਸ਼ਵਤ ਅਚਲ ਪਦ ਵਿਚ ਆਸਥਾ ਰੱਖਣ ਵਾਲਾ ਦ੍ਰਿੜ੍ਹ ਮਨ ਹੀ 'ਧ੍ਰਿਸ਼ਟਦਿਉਮਨ' ਹੈ। ਇਹੋ ਪੁੰਨਮਈ ਪ੍ਰਵਿਰਤੀਆਂ ਦਾ ਨਾਯਕ ਹੈ। 'साधन कठिंन न मनकर टेका।' ਸਾਧਨ ਔਖਾ ਨਹੀਂ ਮਨ ਦੀ ਦ੍ਰਿੜਤਾ ਔਖੀ ਹੋਣੀ ਚਾਹੀਦੀ ਹੈ।

**ਹੁਣ ਵੇਖੋ ਸੈਨਾ ਦਾ ਵਿਸਤਾਰ**

**अत्र शूरा महेष्वासा भीमार्जुनसमा युधि।**
**युयुधानो विराटश्च द्रुपदश्च महारथः।।४।।**

ਇਸ ਸੈਨਾ ਵਿਚ 'ਮਹੇਸ਼ਵਾਸਾ' ਮਹਾਨ ਈਸ਼ ਵਿਚ ਵਾਸ ਦਿਵਾਉਣ ਵਾਲੇ, ਭਾਵਰੂਪੀ 'ਭੀਮ', ਅਨੁਰਾਗਰੂਪੀ 'ਅਰਜੁਨ' ਦੇ ਸਮਾਨ ਬਹੁਤ ਸਾਰੇ ਸੂਰਬੀਰ; ਜਿਵੇਂ ਸਾਤਵਿਕਤਾਰੂਪੀ 'ਸਾਤਿਅਕੀ', 'ਵਿਰਾਟ' ਸਰਬਥਾਂਈਂ ਈਸ਼ਵਰੀ ਪ੍ਰਵਾਹ ਦੀ ਧਾਰਣਾ, ਮਹਾਰਥੀ ਰਾਜਾ ਦਰੁਪਦ ਅਰਥਾਤ ਅਚਲ ਸਥਿਤੀ ਅਤੇ

**धृष्टकेतुश्चेकितानः काशीराजश्च वीर्यवान्।**
**पुरुजित्कुन्तिभोजश्च शैब्यश्च नरपुङ्गवः ।।५।।**

'ਧ੍ਰਿਸ਼ਟਕੇਤੂਹ' ਦ੍ਰਿੜ ਕਰਤੱਵ, 'ਚੇਕਿਤਾਨਹ' - ਜਿਥੇ ਵੀ ਜਾਏ, ਉਥੋਂ ਚਿੱਤ ਨੂੰ ਖਿੱਚਕੇ ਇਸ਼ਟ ਵਿਚ ਸਥਿਰ ਕਰਨਾ, 'ਕਾਸ਼ੀਰਾਜ' - ਕਾਇਆਰੂਪੀ ਕਾਸ਼ੀ ਵਿਚ ਹੀ ਉਹ ਸਮਰਾਜ ਹੈ, 'ਪੁਰੁਜਿਤ' - ਸਥੂਲ, ਸੂਖਮ ਅਤੇ ਕਾਰਣ ਸਰੀਰਾਂ ਉਤੇ ਜਿੱਤ ਦਿਵਾਉਣ ਵਾਲਾ ਪੁਰੁਜਿਤ, ਕੁੰਤੀਭੋਜਹ'- ਕਰਤੱਵ ਨਾਲ ਭਵ ਉਤੇ ਜਿੱਤ, ਨਰਾਂ ਵਿਚ ਸ਼੍ਰੇਸ਼ਠ 'ਸ਼ੈਵਿਅ' ਅਰਥਾਤ ਸਤਿ ਵਿਵਹਾਰ-

**युधामन्युश्च विक्रान्त उत्तमौजाश्च वीर्यवान्।**
**सौभद्रो द्रौपदेयाश्च सर्व एव महारथाः।।६।।**

ਅਤੇ ਪਰਾਕਰਮੀ 'ਯੁੱਧਮਨਯੂ' ਯੁੱਧ ਦੇ ਅਨੁਰੂਪ ਮਨ ਦੀ ਧਾਰਣਾ, 'ਉਤਮੌਜਾਹ' ਸ਼ੁਭ ਦੀ ਮਸਤੀ, ਸੁਭਦ੍ਰਾਪੁੱਤਰ ਅਭਿਮਨਯੂ-ਜਦ ਸ਼ੁਭ ਆਧਾਰ ਆ ਜਾਂਦਾ ਹੈ, ਤਾਂ ਮਨ ਭੈ ਤੋਂ ਰਹਿਤ

ਹੋ ਜਾਂਦਾ ਹੈ। ਇਸ ਤਰ੍ਹਾਂ ਐਸਾ ਸ਼ੁਭ ਆਧਾਰ ਤੋਂ ਉਤਪੰਨ ਅਭੈ ਮਨ, ਧਿਆਨਰੂਪੀ ਦ੍ਰੌਪਦੀ ਦੇ ਪੰਜੇ ਪੁੱਤਰ–ਵਾਤਸਲਿਆ, ਲਾਵਣਿਆ (ਸੁਹੱਪਣ), ਸੁਹਿਰਦਤਾ, ਨਿਮਰਤਾ, ਸਥਿਰਤਾ, ਸਭ ਦੇ ਸਭ ਮਹਾਰਥੀ ਹਨ। ਸਾਧਨਾ ਮਾਰਗ ਉੱਤੇ ਸੰਪੂਰਨ ਯੋਗਤਾਵਾਂ ਨਾਲ ਚੱਲਣ ਦੀਆਂ ਸਮਰੱਥਤਾਵਾਂ ਹਨ।

ਇਸ ਪ੍ਰਕਾਰ ਦੁਰਯੋਧਨ ਨੇ ਪਾਂਡਵ–ਪੱਖ ਦੇ ਪੰਦਰਾਂ–ਵੀਹ ਨਾਮ ਗਿਣਾਏ, ਜੋ ਦੈਵੀ ਗੁਣ ਦੇ ਮਹੱਤਵਪੂਰਨ ਅੰਗ ਹਨ। ਬਾਹਰੀ ਪ੍ਰਵਿਰਤੀ ਦਾ ਰਾਜਾ ਹੁੰਦੇ ਹੋਏ ਵੀ 'ਮੋਹ' ਹੀ ਅੰਦਰੂਨੀ ਰੀ ਪ੍ਰਵਿਰਤੀਆਂ ਨੂੰ ਸਮਝਣ ਲਈ ਮਜਬੂਰ ਕਰਦਾ ਹੈ।

ਦੁਰਯੋਧਨ ਆਪਣਾ ਪੱਖ ਸੰਖੇਪ ਵਿਚ ਕਹਿੰਦਾ ਹੈ। ਜੇ ਕੋਈ ਬਾਹਰੀ ਯੁੱਧ ਹੁੰਦਾ ਤਾਂ ਉਹ ਆਪਣੀ ਫ਼ੌਜ ਨੂੰ ਵਧਾ–ਚੜ੍ਹਾ ਕੇ ਗਿਣਾਉਂਦਾ। ਵਿਕਾਰ ਘੱਟ ਗਿਣਾਏ ਗਏ; ਕਿਉਂਕਿ ਉਹਨਾਂ ਉੱਤੇ ਜਿੱਤ ਹਾਸਲ ਕਰਨੀ ਹੈ, ਉਹ ਨਾਸ਼ਵਾਨ ਹਨ। ਕੇਵਲ ਪੰਜ–ਸੱਤ ਵਿਕਾਰ ਦਸੇ ਗਏ, ਜਿਨ੍ਹਾਂ ਦੇ ਅੰਦਰ ਸੰਪੂਰਨ ਬਾਹਰਮੁੱਖੀ ਪ੍ਰਵਿਤੀ ਮੌਜੂਦ ਹੈ। ਜਿਵੇਂ

**अस्माकं तु विशिष्टा ये तान्निबोध द्विजोत्तम।**
**नायका मम सैन्यस्य संज्ञार्थं तान्ब्रवीमि ते ।।७।।**

ਦ੍ਵਿਜੋਤੱਮ ! (ਸਰਵੋਤਮ ਬ੍ਰਾਹਮਣ) ਸਾਡੇ ਪੱਖ ਵਿਚ ਜੋ–ਜੋ ਪ੍ਰਧਾਨ ਹਨ, ਉਹਨਾਂ ਨੂੰ ਵੀ ਤੁਸੀਂ ਸਮਝ ਲਉ। ਤੁਹਾਡੀ ਜਾਣਕਾਰੀ ਲਈ ਮੇਰੀ ਸੈਨਾ ਦੇ ਜੋ ਨਾਯਕ ਹਨ, ਉਹ ਦਸਦਾ ਹਾਂ।

ਬਾਹਰੀ ਯੁੱਧ ਵਿਚ ਸੈਨਾਪਤੀ ਲਈ ਦ੍ਵਿਜੋਤਮ ਸੰਬੋਧਨ ਅਪ੍ਰਸੰਗਿਕ ਹੈ। ਦਰਸਅਲ 'ਗੀਤਾ' ਵਿਚ ਅੰਤਰਮਨ ਦੀਆਂ ਦੋ ਪ੍ਰਵਿਰਤੀਆਂ ਦਾ ਸੰਘਰਸ਼ ਹੈ। ਜਿਸ ਵਿਚ ਦ੍ਵੈਤ ਦਾ ਆਚਰਣ ਹੀ 'ਦ੍ਰੋਣ' ਹੈ। ਜਦ ਤੱਕ ਅਸੀਂ ਰੱਤੀ ਭਰ ਵੀ ਈਸ਼ਵਰ ਤੋਂ ਵੱਖ ਹਾਂ, ਤਦ ਤੱਕ ਪ੍ਰਕ੍ਰਿਤੀ ਮੌਜੂਦ ਹੈ, ਦ੍ਵੈਤ ਬਣਿਆ ਹੈ। ਇਸ ਦ੍ਵੈ ਉਤੇ ਜਿੱਤ ਪਾਉਣ ਦੀ ਪ੍ਰੇਰਣਾ ਪਹਿਲਾਂ ਗੁਰੂ ਦ੍ਰੋਣਾਚਾਰਿਆ ਤੋਂ ਮਿਲਦੀ ਹੈ। ਅਧੂਰੀ ਸਿਖਿਆ ਹੀ ਪੂਰਨ ਜਾਣਕਾਰੀ ਦੇ ਲਈ ਪ੍ਰੇਰਣਾ ਪ੍ਰਦਾਨ ਕਰਦੀ ਹੈ। ਉਹ ਪੂਜਾਸਥਾਨ ਨਹੀਂ, ਉਥੇ ਵੀਰਤਾਸੂਚਕ ਸੰਬੋਧਨ ਹੋਣਾ ਚਾਹੀਦਾ ਹੈ।

**ਬਾਹਰੀ ਪ੍ਰਵਿਰਤੀ ਦੇ ਨਾਯਕ ਕੌਣ ਕੌਣ ਹਨ** ?

**भवान्भीष्मश्च कर्णश्च कृपश्च समितिंजय:।**
**अश्वत्थामा विकर्णश्च सौमदत्तिस्तथैव च।।८।।**

ਇਕ ਤਾਂ ਤੁਸੀਂ ਆਪ (ਦ੍ਵੈਤ ਦੇ ਆਚਰਣਰੂਪੀ ਦ੍ਰੋਣਚਾਰਿਆ) ਹੋ, ਭਰਮਰੂਪੀ ਪਿਤਾਮਹ 'ਭੀਮ' ਹਨ। ਭਰਮ ਇਹਨਾਂ ਵਿਕਾਰਾਂ ਦਾ ਰੱਕਸ਼ੱਕ ਹੈ, ਅੰਤ ਤਕ ਜੀਉਂਦਾ ਰਹਿੰਦਾ ਹੈ, ਇਸ ਲਈ ਪਿਤਾਮਹ ਹੈ। ਸਮੁੱਚੀ ਸੈਨਾ ਮਰ ਗਈ, ਇਹ ਜੀਉਂਦਾ ਸੀ। ਤੀਰਾਂ ਦੀ ਸੇਜ ਉੱਤੇ ਅਚੇਤ ਸੀ, ਫੇਰ ਵੀ ਜੀਉਂਦਾ ਸੀ। ਇਹ ਹੈ ਭਰਮਰੂਪੀ 'ਭੀਮ'। ਭਰਮ ਅੰਤ ਤਕ ਰਹਿੰਦਾ ਹੈ। ਇਸੇ ਤਰ੍ਹਾਂ ਬਾਹਰੀ ਕਰਮਰੂਪੀ 'ਕਰਣ' ਅਤੇ ਸੰਗ੍ਰਾਮਵਿਜਈ 'ਕਿਰਪਾਚਾਰਿਆ' ਹਨ। ਸਾਧਨਾ ਅਵਸਥਾ ਵਿਚ ਸਾਧਕ ਦੁਆਰਾ ਕਿਰਪਾ ਦਾ ਆਚਰਣ ਹੀ 'ਕਿਰਪਾਚਾਰਿਆ' ਹੈ। ਭਗਵਾਨ ਕਿਰਪਾਧਾਮ ਹਨ ਅਤੇ ਪ੍ਰਾਪਤੀ ਤੋਂ ਬਾਅਦ ਸੰਤ ਦਾ ਵੀ ਉਹੀ ਸਵਰੂਪ ਹੈ; ਪਰ ਸਾਧਨਾਕਾਲ ਵਿਚ ਜਦ ਤਕ ਅਸੀਂ ਅਲੱਗ ਹਾਂ, ਪਰਮਾਤਮਾ ਅਲੱਗ ਹੈ, ਬਾਹਰੀ ਪ੍ਰਵਿਰਤੀ ਜੀਉਂਦੀ ਹੈ, ਮੋਹਮਈ ਘੇਰਾ ਹੈ ਐਸੀ ਸਥਿਤੀ ਵਿਚ ਸਾਧਕ ਜੇਕਰ ਕਿਰਪਾ ਦਾ ਆਚਰਣ ਕਰਦਾ ਹੈ, ਤਾਂ ਉਹ ਨਸ਼ਟ ਹੋ ਜਾਂਦਾ ਹੈ। ਸੀਤਾ ਨੇ ਦਇਆ ਕੀਤੀ, ਤਾਂ ਕੁਝ ਸਮਾਂ ਲੰਕਾ ਵਿਚ ਪ੍ਰਾਸ਼ਚਿਤ ਕਰਨਾ ਪਿਆ। ਵਿਸ਼ਵਾਮਿਤ੍ਰ ਦਿਆਲੂ ਹੋਏ, ਤਾਂ ਪਤਿਤ

ਹੋਣਾ ਪਿਆ। ਯੋਗ ਸੂਤ੍ਰਕਾਰ ਮਹਾਰਿਸ਼ੀ ਪਤੰਜਲੀ ਵੀ ਇਹੋ ਕਹਿੰਦੇ ਹਨ 'ते समाधावुपसर्गा व्युत्थाने सिद्धयः' (੩/੩੭) ਵਿਉਥਾਨ-ਕਾਲ (ਉੱਤਪੱਤੀ ਕਾਲ) ਵਿਚ ਸਿੱਧੀਆਂ ਪਰਗਟ ਹੁੰਦੀਆਂ ਹਨ, ਉਹ ਵਾਸਤਵ ਵਚ ਸਿੱਧੀਆਂ ਹਨ; ਪਰ ਕੈਵਲਿਆ-ਪ੍ਰਾਪਤੀ (ਕੇਵਲਤਾ ਦੀ ਪ੍ਰਾਪਤੀ) ਲਈ ਉਹ ਸਿੱਧੀਆਂ ਉਨੀਂਆਂ ਹੀ ਵੱਡੀਆਂ ਵਿਘਨ ਹਨ, ਜਿੰਨੇ ਕਾਮ, ਕ੍ਰੋਧ, ਲੋਭ, ਮੋਹ ਆਦਿ। ਗੋਸੁਵਾਮੀ ਤੁਲਸੀਦਾਸ ਦਾ ਵੀ ਇਹੋ ਨਿਰਣਾ ਹੈ

**छोरत ग्रन्थि जानि खगराया ।**
**विघ्न अनेक करइ तब माया ।।**
**रिद्धि सिद्धि प्रेरइ बहु भाई।**
**बुद्धिहिं लोभ दिखावहिं आई ।।**
**(रामचरितमानस ७/१२७/६-७)**

ਮਾਇਆ ਅਨੇਕ ਵਿਘਨ ਕਰਦੀ ਹੈ। ਰਿੱਧੀਆਂ ਪ੍ਰਦਾਨ ਕਰਦੀ ਹੈ, ਇਥੋਂ ਤਕ ਕਿ ਸਿੱਧ ਬਣਾ ਦੇਂਦੀ ਹੈ। ਐਸੀ ਅਵਸਥਾ ਵਾਲਾ ਸਾਧਕ ਕੋਲੋਂ ਦੀ ਕੇਵਲ ਲੰਘ ਵੀ ਜਾਵੇ, ਮਰਦਾ ਹੋਇਆ ਰੋਗੀ ਵੀ ਜੀ ਉਠੇਗਾ। ਉਹ ਭਾਵੇਂ ਠੀਕ ਵੀ ਹੋ ਜਾਏ, ਪਰ ਜੇ ਸਾਧਕ ਉਸਨੂੰ ਆਪਣੀ ਦੇਣ ਮੰਨ ਬੈਠੇ ਤਾਂ ਨੱਸ਼ਟ ਹੋ ਜਾਏਗਾ। ਇਕ ਰੋਗੀ ਦੇ ਬਦਲੇ ਹਜ਼ਾਰਾਂ ਰੋਗੀ ਘੇਰ ਲੈਣਗੇ, ਭਜਨ-ਚਿੰਤਨ ਦਾ ਸਿਲਸਿਲਾ ਟੁਟ ਜਾਏਗਾ, ਅਤੇ ਦੂਜੇ ਪਾਸੇ ਲੜਖੜਾਉਂਦੇ-ਲੜਖੜਾਉਂਦੇ ਪ੍ਰਕ੍ਰਿਤੀ ਦੀ ਬੜ੍ਹੋਤਰੀ ਹੋ ਜਾਏਗੀ। ਜੇ ਲੱਖਸ਼ ਦੂਰ ਹੈ ਅਤੇ ਸਾਧਕ ਕਿਰਪਾ ਕਰਦਾ ਹੈ, ਤਾਂ ਕਿਰਪਾ ਦਾ ਇੱਕੋ ਆਚਰਣ ਹੀ 'ਸਮਿਤਿੰਜਯ' ਯਾਨੀ ਸਮੁੱਚੀ ਸੈਨਾ ਨੂੰ ਜਿੱਤ ਲਏਗਾ। ਇਸ ਲਈ ਸਾਧਕ ਨੂੰ ਸਾਧਨਾਪੂਰਤੀ ਤਕ ਇਸ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। 'दया बिनु, संत कसाई, दया करी तो आफत आई।' ਅਧੂਰੀ ਅਵਸਥਾ ਵਿਚ ਇਹ ਬਾਹਰੀ ਪ੍ਰਵਿਰਤੀ ਦਾ ਅਜਿੱਤ ਯੋਧਾ ਹੈ।

ਅਸ਼ਵਸਥਾਮਾ:- ਇਸ ਤਰ੍ਹਾਂ ਸਨੇਹ ਰੂਪੀ ਅਸ਼ਵਸਥਾਮਾ ਹੈ ਸ੍ਰਿਸ਼ਟੀ ਵਿੱਚ ਕਿਸੇ ਵਸਤੂ ਨਾਲ ਜਿਆਦਾ ਲਗਾਵ ਹੀ ਸਨੇਹ ਹੈ। ਦਵੈਤ ਦਾ ਆਚਰਣ ਹੀ ਦ੍ਰੋਣਾਅਚਾਰਿਆ ਹੈ। ਦਵੈਤ ਹੀ ਸਨੇਹ ਦਾ ਜਨਮ ਦਾਤਾ ਹੈ। ਸ਼ਸਤਰ ਹੱਥ ਵਿੱਚ ਰਹਿੰਦਿਆਂ ਅਚਾਰਿਆ ਦ੍ਰੋਣ ਦੀ ਮੌਤ ਨਹੀਂ ਹੋ ਸਕਦੀ ਸੀ। ਉਹ ਅਜੈ ਸਨ। ਭਗਵਾਨ ਸ਼੍ਰੀ ਕ੍ਰਿਸ਼ਨ ਨੇ ਕਿਹਾ ਕੌਰਵ ਪੱਖ ਦੇ ਇੱਕ ਹਾਥੀ ਦਾ ਨਾਂ ਅਸ਼ਵਸਥਾਮਾ ਹੈ। ਭੀਮ ਉਸ ਹਾਥੀ ਨੂੰ ਮਾਰ ਕੇ ਘੋਸ਼ਣਾ ਕਰੇ ਕਿ ਅਸ਼ਵਸਥਾਮਾ ਮਰ ਗਿਆ ਹੈ। ਭੀਮ ਨੇ ਏਸੇ ਤਰ੍ਹਾਂ ਹੀ ਕੀਤਾ ਹਾਥੀ ਨੂੰ ਮਾਰ ਕੇ ਭੀਮ ਨੇ ਕਿਹਾ ਅਸ਼ਵਸਥਾਮਾ ਮਰ ਗਿਆ ਹੈ। ਅਚਾਰਿਆ ਦ੍ਰੋਣ ਨੇ ਸਮਝਿਆ ਕਿ ਮੇਰਾ ਪੁੱਤਰ ਅਸ਼ਵਸਥਾਮਾ ਮਰ ਗਿਆ ਤੇ ਉਹ ਨਿਰਾਸ਼ ਹਤਾਸ਼ ਹੋ ਕੇ ਆਪਣਾ ਧਨੁਸ਼ ਛੱਡ ਕੇ ਬੈਠ ਗਏ। ਤੇ ਉਹਨਾਂ ਦਾ ਗਲਾ ਕੱਟਿਆ ਗਿਆ, ਪੁੱਤਰ ਵਿੱਚ ਜਿਆਦਾ ਸਨੇਹ ਹੀ ਉਹਨਾਂ ਦੀ ਮੌਤ ਦਾ ਕਾਰਨ ਬਣਿਆ। ਅਸ਼ਵਸਥਾਮਾ ਲੰਬਾ ਸਮਾਂ ਜਿਉਣ ਵਾਲਾ ਸੀ। ਸਮਾਪਤੀ ਦੇ ਆਖਰੀ ਪਲਾਂ ਤੱਕ ਉਹ ਵਿਘਨ ਦੇ ਰੂਪ ਵਿੱਚ ਬਣਿਆ ਰਿਹਾ ਇਸ ਲਈ ਅਮਰ ਕਹਾਇਆ।

ਵਿਕਲਪ ਰੂਪੀ ਵਿਕਰਣ:- ਸਾਧਨਾ ਦੀ ਉਨੱਤ ਅਵਸਥਾ ਵਿੱਚ ਅਨੇਕਾਂ ਕਲਪਨਾਂਵਾਂ ਉਠੱਣ ਲੱਗਦੀਆਂ ਹਨ। ਮਨ ਵਿੱਚ ਸੰਕਲਪ ਵਿਕਲਪ ਹੋਣ ਲੱਗਦਾ ਹੈ। ਕਿ ਸਵਰੂਪ ਪ੍ਰਾਪਤੀ ਨਾਲ ਭਗਵਾਨ ਦੁਆਰਾ ਕਿਹੜੀਆਂ ਕਿਹੜੀਆਂ ਸਿੱਧੀਆਂ, ਅਲੌਕਿਕ ਸ਼ਕਤੀਆਂ ਮਿਲਣਗੀਆਂ। ਭਗਵਾਨ ਦੇ ਚਿੰਤਨ ਦੇ ਸਾਧਨ ਤੇ ਵਿਭੂਤੀਆਂ ਦਾ ਚਿੰਤਨ ਹੋਣ ਲਗਦਾ ਹੈ। ਸਾਧਕ ਦੀ ਦ੍ਰਿਸ਼ਟੀ ਕੇਵਲ ਕਰਮ ਉਤੇ ਹੋਣੀ ਚਾਹੀਦੀ ਹੈ, ਉਸ ਨੂੰ ਫਲ ਦੀ ਲਾਲਸਾ ਨਹੀਂ ਹੋਣੀ ਚਾਹੀਦੀ ਪਰ ਜਦੋਂ

ਰਿੱਧੀਆਂ ਸਿੱਧੀਆਂ ਦਾ ਚਿੰਤਨ ਹੋਣ ਲੱਗੇ ਉਹ ਵਿਕਲਪ ਹੀ ਵਿਕਰਣ ਹੈ। ਇਹ ਕਲਪਨਾਂਵਾਂ ਹੀ ਸਾਧਨਾ ਵਿੱਚ ਸਭ ਤੋਂ ਭਿਅੰਕਰ ਬਾਧਕ ਹਨ।

ਭੂਰੀਸ਼੍ਰਿਵਾ:– ਭਰਮ ਮਈ ਸੁਆਸ ਹੀ ਭੂਰੀਸ਼੍ਰਿਵਾ ਹੈ। ਸਾਧਨ ਦਾ ਸਤਰ ਉੱਚਾ ਹੋਣ ਨਾਲ ਉਸਦੀ ਪ੍ਰਸ਼ੰਸਾ ਹੋਣ ਲੱਗਦੀ ਹੈ ਕਿ ਉਹ ਮਹਾਤਮਾ ਹੈ, ਸਿੱਧ ਹੈ, ਉਸ ਵਿੱਚ ਦਿਵਯ ਸ਼ਕਤੀਆਂ ਹਨ, ਉਸ ਦੇ ਅੱਗੇ ਲੋਕ ਪਾਲ ਵੀ ਨਤਮਸਤਕ ਹੋ ਜਾਂਦੇ ਹਨ। ਇਸ ਹਾਵ ਭਾਵ ਨਾਲ ਸਾਧਕ ਖੁਸ਼ ਹੋ ਜਾਂਦਾ ਹੈ ਅਤੇ ਖੁਸ਼ ਹੋ ਕੇ ਬਹਿਕ ਜਾਂਦਾ ਹੈ। ਇਸ ਭਰਮ ਰੂਪੀ ਸੁਆਸ ਹੀ ਭੂਰੀਸ਼੍ਰਿਵਾ ਹੈ। ਪੂਜਯ ਗੁਰੂਦੇਵ ਦਾ ਕਹਿਣਾ ਸੀ ਕਿ ਸੰਸਾਰ ਭਾਵੇਂ ਫੁੱਲਾਂ ਦੀ ਵਰਖਾ ਕਰੇਮ ਪਸ਼ੰਸਾ ਕਰੇ, ਵਿਸ਼ਵ ਜਗਤਗੁਰੂ ਕਹੇ। ਪਰ ਤੈਨੂੰ ਕੁੱਝ ਨਹੀਂ ਮਿਲੇਗਾ ਰੋਣ ਵਾਸਤੇ ਅੱਥਰੂ ਵੀ ਨਹੀਂ ਮਿਲਣਗੇ। ਜਾਂ ਜੇ ਕਿਤੇ ਭਗਵਾਨ ਨੇ ਤੈਨੂੰ ਸਾਧੂ ਕਹਿ ਦਿੱਤਾ ਤਾਂ ਤੁਸੀਂ ਸਭ ਕੁੱਝ ਹੀ ਪਾ ਜਾਉਗੇ। ਦੁਨੀਆਂ ਕਹੇ ਭਾਵੇਂ ਨਾਂ ਕਹੇ ਪਰ ਤੁਸੀਂ ਸਭ ਕੁੱਝ ਪ੍ਰਾਪਤ ਕਰ ਲਵੋਂਗੇ। ਇਸ ਤਰ੍ਹਾਂ ਸੰਸਾਰਿਕ ਪ੍ਰਸ਼ੰਸਾ ਵਿੱਚ ਵਹਿ ਜਾਣਾ ਭਰਮ ਮਈ ਸਵਾਸ ਹੈ। ਇਹ ਹੀ ਭੂਰੀਸ਼੍ਰਿਵਾ ਹੈ। ਸੰਯਮ ਦਾ ਸਤਰ ਉੱਚਾ ਹੋਣ ਨਾਲ ਆਏ ਹੋਏ ਵਿਕਾਰਾਂ ਦੇ ਹੀ ਇਹ ਨਾਮ ਹਨ ਅਤੇ ਬਾਹਰੀ ਪ੍ਰਵਿਰਤੀਆਂ ਦੇ ਅੰਗ ਹਨ।

**अन्ये च बहव: शूरा मदर्थे त्यक्तजीविता: ।**
**नानाशस्त्रप्रहरणा: सर्वे युद्धविशारदा: ।।९ ।।**

ਹੋਰ ਵੀ ਬਹੁਤ ਸਾਰੇ ਸੂਰਬੀਰ ਅਨੇਕ ਸ਼ਸਤ੍ਰਾਂ ਨਾਲ ਯੁਕਤ ਮੇਰੇ ਲਈ ਜੀਵਨ ਦੀ ਆਸ ਤਿਆਗਕੇ ਯੁੱਧ ਵਿਚ ਡਟੇ ਹਨ। ਸਾਰੇ ਮੇਰੇ ਲਈ ਪ੍ਰਾਨ ਤਿਆਗਣ ਵਾਲੇ ਹਨ; ਪਰ ਉਹਨਾਂ ਦੀ ਕੋਈ ਠੋਸ ਗਿਣਤੀ ਨਹੀਂ ਹੈ। ਹੁਣ ਕਿਹੜੀ ਸੈਨਾ ਕਿਹੜੇ ਭਾਵਾਂ ਦੁਆਰਾ ਸੁਰੱਖਿਅਤ ਹੈ ? ਇਸ ਬਾਰੇ ਕਹਿੰਦੇ ਹਨ

**अपर्याप्तं तदस्माकं बलं भीष्माभिरक्षितम् ।**
**पर्याप्तं त्विदमेतेषां बलं भीमाभिरक्षितम् ।।१० ।।**

ਭੀਮ ਦੁਆਰਾ ਰੱਖਿਅਤ ਸਾਡੀ ਸੈਨਾ ਸਭ ਪ੍ਰਕਾਰ ਨਾਲ ਅਜਿੱਤ ਹੈ ਅਤੇ ਭੀਮ ਦੁਆਰਾ ਰੱਖਿਅਤ ਇਹਨਾਂ ਲੋਕਾਂ ਦੀ ਸੈਨਾ ਨੂੰ ਜਿੱਤਣਾ ਆਸਾਨ ਹੈ। 'ਪਰਿਆਪਤ' (ਕਾਫ਼ੀ ਮਾਤਰਾ) ਅਤੇ 'ਅਪਰਿਆਪਤ' ਵਰਗੇ ਬਹੁ ਅਰਥਕ ਸ਼ਬਦਾਂ ਦਾ ਇਸਤੇਮਾਲ ਦੁਰਯੋਧਨ ਦੀ ਆਸ਼ੰਕਾ ਨੂੰ ਵਿਅਕਤ ਕਰਦਾ ਹੈ। ਇਸ ਲਈ ਵੇਖਣਾ ਹੈ ਕਿ ਭੀਮ ਕਿਹੜੀ ਸੱਤਾ ਹੈ, ਜਿਸ ਉੱਤੇ ਪਾਂਡਵ ਨਿਰਭਰ ਹਨ। ਦੁਰਯੋਧਨ ਆਪਣੀ ਵਿਵਸਥਾ ਦੇਂਦਾ ਹੈ ਕਿ

**अयनेषु च सर्वेषु यथाभागमवस्थिता: ।**
**भीष्ममेवाभिरक्षन्तु भवन्त: सर्व एव हि ।।११ ।।**

ਇਸ ਲਈ ਸਭ ਮੋਰਚਿਆਂ ਉਤੇ ਆਪਣੀ–ਆਪਣੀ ਜਗਹਾ ਸਥਿਰ ਰਹਿੰਦੇ ਹੋਏ ਤੁਸੀਂ ਲੋਕ ਸਾਰੇ ਦੇ ਸਾਰੇ ਭੀਮ ਦੀ ਹੀ ਸਭ ਪਾਸਿਓਂ ਰੱਖਿਆ ਕਰੋ। ਜੇ ਭੀਮ ਜੀਉਂਦੇ ਹਨ, ਤਾਂ ਅਸੀਂ ਅਜਿੱਤ ਹਾਂ। ਇਸ ਲਈ ਤੁਸੀਂ ਲੋਕ ਪਾਂਡਵਾਂ ਨਾਲ ਨਾ ਲੜਕੇ ਕੇਵਲ ਭੀਮ ਦੀ ਹੀ ਰੱਖਿਆ ਕਰੋ। ਕਿਹੋ ਜਿਹਾ ਯੋਧਾ ਹੈ ਭੀਮ, ਜੋ ਆਪ ਆਪਣੀ ਰੱਖਿਆ ਨਹੀਂ ਕਰ ਪਾ ਰਿਹਾ ? ਕੌਰਵਾਂ ਨੂੰ ਉਸਦੀ ਰੱਖਿਆ ਵਿਵਸਥਾ ਕਰਨੀ ਪੈ ਰਹੀ ਹੈ। ਇਹ ਕੋਈ ਬਾਹਰੀ ਯੋਧਾ ਨਹੀਂ, ਭਰਮ ਹੀ ਭੀਮ ਹੈ। ਜਦ ਤਕ ਭਰਮ ਜੀਉਂਦਾ ਹੈ, ਤਦ ਤਕ ਬਾਹਰੀ ਪ੍ਰਵਿਤੀਆਂ (ਕੌਰਵ) ਅਜਿੱਤ ਹਨ। 'ਅਜਿੱਤ' ਦਾ

ਇਹ ਅਰਥ ਨਹੀਂ ਕਿ ਜਿਸਨੂੰ ਜਿੱਤਿਆ ਹੀ ਨਾ ਜਾ ਸਕੇ, ਬਲਕਿ ਅਜਿੱਤ ਦਾ ਅਰਥ ਦੁਰਜਯ ਹੈ, ਜਿਸਨੂੰ ਕਠਿਨਾਈ ਨਾਲ ਜਿੱਤਿਆ ਜਾ ਸਕੇ

**महा अजय संसार रिपु, जीति सकई सो बीर ।। राम. ६/८० ।।**

ਜੇ ਭਰਮ ਸਮਾਪਤ ਹੋ ਜਾਏ ਤਾਂ ਅਵਿਦਿਆ ਅਸਤਿੱਤਵਹੀਨ ਹੋ ਜਾਏ, ਮੋਹ ਆਦਿ ਜੋ ਅੰਸ਼ਕ ਰੂਪ ਨਾਲ ਬਚੇ ਵੀ ਹਨ–ਛੇਤੀ ਹੀ ਸਮਾਪਤ ਹੋ ਜਾਣਗੇ। ਭੀਸ਼ਮ ਦੀ ਇੱਛਾ ਮੌਤ ਸੀ। ਇੱਛਾ ਹੀ ਭਰਮ ਹੈ। ਇੱਛਾ ਦਾ ਅੰਤ ਅਤੇ ਭਰਮ ਦਾ ਮਿਟਣਾ ਇਕੋ ਗੱਲ ਹੈ। ਇਸੇ ਨੂੰ ਸੰਤ ਕਬੀਰ ਨੇ ਸਰਲਤਾ ਨਾਲ ਕਿਹਾ

**इच्छा काया इच्छा माया, इच्छा जग उपजाया ।**
**कह कबीर जे इच्छा विवर्जित, ताका पार न पाया ।।**

ਜਿਸ ਵਿਚ ਭਰਮ ਨਹੀਂ ਹੁੰਦਾ, ਉਹ ਅਪਾਰ ਅਤੇ ਅਵਿਅਕਤ ਹੈ। ਇਸ ਸਰੀਰ ਦੇ ਜਨਮ ਦਾ ਕਾਰਣ ਇੱਛਾ ਹੈ। ਇੱਛਾ ਹੀ ਮਾਇਆ ਹੈ ਅਤੇ ਇੱਛਾ ਹੀ ਜਗਤ ਦੀ ਉਤਪੱਤੀ ਦਾ ਕਾਰਣ ਹੈ। **('सोऽकामयत' 'तदैक्षत बहुस्यां प्रजायेय इति' (छान्दोग्य ६/२/३/)**। ਕਬੀਰ ਕਹਿੰਦੇ ਹਨ, ਜੋ ਇੱਛਾਵਾਂ ਤੋਂ ਪੂਰਨ ਰਹਿਤ ਹਨ, 'ਤਿਨਕਾ ਪਾਰ ਨਾ ਪਾਇਆ' ਉਹ ਅਪਾਰ, ਅਨੰਤ, ਅਸੀਮ ਤੱਤ ਵਿਚ ਪ੍ਰਵੇਸ਼ ਪਾ ਜਾਂਦੇ ਹਨ। **('सोऽकामो निष्काम आप्तकाम आत्मकामो न तस्य प्राणा उत्क्रामन्ति ब्रह्मैव सन् ब्रह्माप्येति ।' (वृहदारण्यक ४/४/६/)** ਜੋ ਕਾਮਨਾਵਾਂ ਤੋਂ ਰਹਿਤ, ਆਤਮਾ ਵਿਚ ਸਥਿਤ, ਆਤਮਾ ਸਵਰੂਪ ਹੈ, ਉਸਦਾ ਕਦੇ ਪਤਨ ਨਹੀਂ ਹੁੰਦਾ। ਉਹ ਬ੍ਰਹਮ ਦੇ ਨਾਲ ਇਕ ਹੋ ਜਾਂਦਾ ਹੈ। ਆਰੰਭ ਵਿਚ ਇੱਛਾਵਾਂ ਅਨੰਤ ਹੁੰਦੀਆਂ ਹਨ, ਅਤੇ ਅੰਤ ਨੂੰ ਪਰਮਾਤਮਾ ਪ੍ਰਾਪਤੀ ਦੀ ਇੱਛਾ ਬਾਕੀ ਰਹਿੰਦੀ ਹੈ। ਜਦ ਇਹ ਇੱਛਾ ਵੀ ਪੂਰੀ ਹੋ ਜਾਂਦੀ ਹੈ, ਤਾਂ ਇੱਛਾ ਵੀ ਮਿਟ ਜਾਂਦੀ ਹੈ। ਜੇ ਉਸਤੋਂ ਵੀ ਵੱਡੀ ਕੋਈ ਵਸਤੂ ਹੁੰਦੀ, ਤਾਂ ਤੁਸੀਂ ਉਸਦੀ ਇੱਛਾ ਜ਼ਰੂਰ ਕਰਦੇ। ਜਦ ਉਸਤੋਂ ਅੱਗੇ ਕੋਈ ਵਸਤੂ ਹੈ ਹੀ ਨਹੀਂ, ਤਾਂ ਇੱਛਾ ਕਿਸਦੀ ਹੋਵੇਗੀ। ਜਦ ਪ੍ਰਾਪਤ ਹੋਣ ਯੋਗ ਕੋਈ ਵਸਤੂ ਅਪ੍ਰਾਪਤ ਨਾ ਰਹਿ ਜਾਏ, ਤਾਂ ਇੱਛਾ ਵੀ ਸਮੂਲ ਨਸ਼ਟ ਹੋ ਜਾਂਦੀ ਹੈ ਅਤੇ ਇੱਛਾ ਦੇ ਮਿਟਦਿਆਂ ਹੀ ਭਰਮ ਦਾ ਪੂਰਨ ਅੰਤ ਹੋ ਜਾਂਦਾ ਹੈ। ਇਹੋ ਭੀਸ਼ਮ ਦੀ ਇੱਛਾ–ਮੌਤ ਹੈ। ਇਸ ਤਰ੍ਹਾਂ ਭੀਮ ਦੁਆਰਾ ਰੱਖਿਅਤ ਸਾਡੇ ਲੋਕਾਂ ਦੀ ਸੈਨਾ ਸਭ ਪ੍ਰਕਾਰ ਨਾਲ ਅਜਿੱਤ ਹੈ। ਜਦ ਤਕ ਭਰਮ ਹੈ,ਤਦੇ ਤਕ ਅਵਿਦਿਆ ਦੀ ਵੀ ਹੋਂਦ ਹੈ। ਭਰਮ ਸ਼ਾਂਤ ਹੋਇਆ, ਤਾਂ ਅਵਿਦਿਆ ਵੀ ਸਮਾਪਤ ਹੋ ਜਾਂਦੀ ਹੈ।

ਭੀਮ ਦੁਆਰਾ ਰੱਖਿਅਤ ਇਹਨਾਂ ਲੋਕਾਂ ਦੀ ਸੈਨਾ ਜਿੱਤਣ ਵਿਚ ਆਸਾਨ ਹੈ। ਭਾਵਰੂਪੀ ਭੀਮ। 'भावे विद्यते देवः' ਭਾਵ ਵਿਚ ਉਹ ਸਮਰੱਥਾ ਹੈ ਕਿ ਨਾ ਜਾਣਿਆ ਜਾਣ ਵਾਲਾ ਪਰਮਾਤਮਾ ਵੀ ਜਾਨਣ ਯੋਗ ਹੋ ਜਾਂਦਾ ਹੈ। 'भाव वस्य भगवान, सुख निधान करुना अयन' (रा. मानस ७/९२ख)। ਸ਼੍ਰੀ ਕ੍ਰਿਸ਼ਣ ਨੇ ਇਸਨੂੰ ਸ਼ਰਧਾ ਕਹਿਕੇ ਸੰਬੋਧਿਤ ਕੀਤਾ ਹੈ। ਭਾਵ ਵਿਚ ਉਹ ਸਮਰੱਥਾ ਹੈ ਕਿ ਭਗਵਾਨ ਨੂੰ ਵੀ ਵੱਸ ਵਿਚ ਕਰ ਲੈਂਦਾ ਹੈ। ਭਾਵ ਨਾਲ ਹੀ ਸੰਪੂਰਣ ਪੁੰਨਮਈ ਪ੍ਰਵਿਰਤੀ ਦਾ ਵਿਕਾਸ ਹੈ। ਇਹ ਪੁੰਨ ਦਾ ਰਖਿਅਕ ਹੈ। ਹੈ ਤਾਂ ਐਨਾ ਬਲਵਾਨ ਕਿ ਪਰਮਦੇਵ ਪਰਮਾਤਮਾ ਨੂੰ ਸੰਭਵ ਬਣਾਉਂਦਾ ਹੈ; ਪਰ ਨਾਲ ਹੀ ਐਨਾ ਕੋਮਲ ਵੀ ਹੈ ਕਿ ਅੱਜ ਭਾਵ ਹੈ, ਤਾਂ ਕੱਲ੍ਹ ਅਭਾਵ ਵਿਚ ਬਦਲਦਿਆਂ ਦੇਰ ਨਹੀਂ ਲਗਦੀ। ਅੱਜ ਤੁਸੀਂ ਕਹਿੰਦੇ ਹੋ ਕਿ 'ਭਗਵਾਨ ਬਹੁਤ ਅੱਛੇ ਹਨ।' ਕੱਲ੍ਹ ਕਹਿ ਸਕਦੇ ਹੋ ਕਿ 'ਨਹੀਂ, ਅਸੀਂ ਤਾਂ ਵੇਖਿਆ ਮਹਾਰਾਜ ਖੀਰ ਖਾਂਦੇ ਹਨ'

**घास पात जे खात हैं, तिन्हहि सतावै काम।**
**दूध मलाई खात जे, तिनकी जाने राम।।**

ਇਸ਼ਟ ਵਿਚ ਰੱਤੀ ਭਰ ਵੀ ਤਰੁੱਟੀ ਪ੍ਰਤੀਤ ਹੋਣ ਤੇ ਭਾਵ ਡਗਮਗਾ ਜਾਂਦਾ ਹੈ, ਪੁੰਨਮਈ ਪ੍ਰਵਿਰਤੀ ਵਿਚਲਿਤ ਹੋ ਉਠਦੀ ਹੈ, ਇਸ਼ਟ ਨਾਲ ਸੰਬੰਧ ਟੁਟ ਜਾਂਦਾ ਹੈ। ਇਸ ਲਈ ਭੀਮ ਦੁਆਰਾ ਰੱਖਿਅਤ ਇਹਨਾਂ ਲੋਕਾਂ ਦੀ ਸੈਨਾ ਜਿੱਤਣ ਵਿਚ ਆਸਾਨ ਹੈ। ਮਹਾਰਿਸ਼ੀ ਪਤੰਜਲਿ ਦਾ ਵੀ ਇਹੋ ਨਿਰਣਾ ਹੈ **'स तु दीर्घकाल नैरन्तर्य सत्कारासेवितो दृढभूमि (१/१४)**। ਲੰਮੇ ਸਮੇਂ ਤਕ ਨਿਰੰਤਰ ਸ਼ਰਧਾਭਗਤੀ ਪੂਰਬਕ ਕੀਤਾ ਹੋਇਆ ਸਾਧਨ ਹੀ ਦ੍ਰਿੜ੍ਹ ਹੋ ਪਾਉਂਦਾ ਹੈ।

**तस्य संजनयन्हर्षं कुरुवृद्धः पितामहः।**
**सिंहनादं विनद्योच्चैः शङ्खं दध्मौ प्रतापवान्।।१२।।**

ਇਸ ਪ੍ਰਕਾਰ ਆਪਣੇ ਬਲ ਦਾ ਨਿਰਣਾ ਲੈਕੇ ਸ਼ੰਖ ਧੁਨੀ ਹੋਈ। ਸ਼ੰਖਧੁਨੀ ਕਿਰਦਾਰਾਂ ਦੇ ਪਰਾਕਰਮ ਦੀ ਘੋਸ਼ਣਾ ਹੈ ਕਿ ਜਿੱਤਣ ਦੇ ਬਾਅਦ ਕਿਹੜਾ ਕਿਰਦਾਰ ਤੁਹਾਨੂੰ ਕੀ ਦੇਵੇਗਾ? ਕੌਰਵਾਂ ਵਿਚ ਬਿਰਧ, ਪ੍ਰਤਾਪਵਾਨ ਪਿਤਾਮਹ ਭੀਸ਼ਮ ਨੇ ਉਸ ਦੁਰਯੋਧਨ ਦੇ ਹਿਰਦੇ ਵਿਚ ਹਰਖ-ਪ੍ਰਸੰਨਤਾ ਕਰਦੇ ਹੋਏ ਉਚੇ ਸੁਰ ਵਿਚ ਸਿੰਘ ਨਾਦ (ਸ਼ੇਰ ਦੀ ਗਰਜ) ਦੇ ਸਮਾਨ ਭੈਮਈ ਸ਼ੰਖ ਵਜਾਇਆ। ਸ਼ੇਰ ਪ੍ਰਕ੍ਰਿਤੀ ਦੇ ਭਿਆਨਕ ਪੱਖ ਦਾ ਪ੍ਰਤੀਕ ਹੈ। ਘੋਰ ਜੰਗਲ ਦੇ ਸੁੰਨਸਾਨ ਇਕਾਂਤ ਵਿਚ ਸ਼ੇਰ ਦੀ ਦਹਾੜ ਕੰਨ ਵਿਚ ਪੈ ਜਾਏ, ਤਾਂ ਰੌਂਗਟੇ ਖੜ੍ਹੇ ਹੋ ਜਾਣਗੇ, ਦਿਲ ਕੰਬਣ ਲਗੇਗਾ; ਹਾਲਾਂਕਿ ਸ਼ੇਰ ਤੁਹਾਡੇ ਕੋਲੋਂ ਮੀਲਾਂ ਦੂਰ ਹੈ। ਭੈ ਪ੍ਰਕ੍ਰਿਤੀ ਵਿਚ ਹੁੰਦਾ ਹੈ, ਪਰਮਾਤਮਾ ਵਿਚ ਨਹੀ, ਉਹ ਤਾਂ ਅਭੈ ਸੱਤਾ ਹੈ। ਭਰਮਰੂਪੀ ਭੀਸ਼ਮ ਜੇ ਜਿੱਤਦਾ ਹੈ, ਤਾਂ ਪ੍ਰਕ੍ਰਿਤੀ ਦੇ ਜਿਸ ਭੈ ਦੇ ਜੰਗਲ ਵਿਚ ਤੁਸੀਂ ਹੋ, ਉਸਤੋਂ ਵੀ ਵੱਧ ਭੈ ਦੇ ਆਵਰਣ ਵਿਚ ਬੰਨ੍ਹ ਦੇਵੇਗਾ। ਭੈ ਦੀ ਇਕ ਪਰਤ ਹੋਰ ਵੱਧ ਜਾਵੇਗੀ, ਭੈ ਦਾ ਆਵਰਣ ਹੋਰ ਗਹਿਰਾ ਹੋ ਉਠੇਗਾ। ਇਹ ਭਰਮ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਦੇ ਸਕੇਗਾ। ਇਸ ਲਈ ਪ੍ਰਕ੍ਰਿਤੀ ਤੋਂ ਨਿਰਵਿਰਤੀ ਹੀ ਮੰਜ਼ਲ ਦਾ ਮਾਰਗ ਹੈ। ਸੰਸਾਰ ਵਿਚ ਪ੍ਰਵਿਰਤੀ ਸੰਸਾਰਕ ਅਟਕਾਅ ਹੈ, ਘੋਰ ਅੰਧਕਾਰ ਦੀ ਛਾਇਆ ਹੈ। ਇਸ ਤੋਂ ਅਗੇ ਕੌਰਵਾਂ ਦੀ ਕੋਈ ਘੋਸ਼ਣਾ ਨਹੀਂ ਹੈ। ਕੌਰਵਾਂ ਵਲੋਂ ਕਈ ਵਾਜੇ ਇਕ ਸਾਥ ਵੱਜੇ; ਪਰ ਕੁਲ ਮਿਲਾਕੇ ਉਹ ਵੀ ਭੈ ਹੀ ਪ੍ਰਦਾਨ ਕਰਦੇ ਹਨ। ਇਸਤੋਂ ਅਧਿਕ ਕੁਝ ਨਹੀਂ। ਹਰ ਵਿਕਾਰ ਕੁਝ ਨਾ ਕੁਝ ਭੈ ਤਾਂ ਦੇਂਦਾ ਹੀ ਹੈ। ਇਸ ਲਈ ਉਹਨਾਂ ਨੇ ਵੀ ਘੋਸ਼ਣਾ ਕੀਤੀ

**ततः शङ्खाश्च भेर्यश्च पणवानकगोमुखाः।**
**सहसैवाभ्यहन्यन्त स शब्दस्तुमुलोऽभवत्।।१३।।**

ਤਦਉਪਰਾਂਤ ਅਨੇਕ ਸ਼ੰਖ, ਨਗਾਰੇ, ਢੋਲ ਅਤੇ ਨਰਸਿੰਘੇ ਆਦਿ ਵਾਜੇ ਇਕ ਸਾਥ ਹੀ ਵੱਜੇ। ਉਹਨਾਂ ਦੀ ਧੁਨੀ ਵੀ ਬੜੀ ਭਿਆਨਕ ਹੋਈ। ਭੈ ਦਾ ਸੰਚਾਰ ਕਰਨ ਤੋਂ ਇਲਾਵਾ ਕੌਰਵਾਂ ਦੀ ਕੋਈ ਘੋਸ਼ਣਾ ਨਹੀਂ ਹੈ। ਬਾਹਰਮੁਖੀ ਬਾਹਰੀ ਪ੍ਰਵਿਰਤੀ ਸਫਲ ਹੋਣ ਤੇ ਮੋਹਮਈ ਬੰਧਨ ਹੋਰ ਗਹਿਰਾ ਕਰ ਦੇਂਦੀ ਹੈ।

ਹੁਣ ਪੁੰਨਮਈ ਪ੍ਰਵਿਰਤੀਆਂ ਵਲੋਂ ਘੋਸ਼ਣਾਵਾਂ ਹੋਈਆਂ, ਜਿਨ੍ਹਾਂ ਵਿਚ ਪਹਿਲੀ ਘੋਸ਼ਣਾ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਦੀ ਹੈ

**ततः श्वेतैहयैर्युक्ते महति स्यन्दने स्थितौ।**
**माधवः पाण्डवश्चैव दिव्यौ शङ्खौ प्रदध्मतुः।।१४।।**

ਇਸਦੇ ਉਪਰਾਂਤ ਸਫ਼ੈਦ ਘੋੜਿਆਂ ਨਾਲ ਯੁਕਤ (ਜਿਨ੍ਹਾਂ ਵਿਚ ਲੇਸ਼ਮਾਤਰ ਕਾਲਾਪਣ, ਦੋਸ਼ ਨਹੀਂ ਹੈ ਸ਼ਵੇਤ, ਸਾਤਵਿਕ, ਨਿਰਮਲਤਾ ਦਾ ਪ੍ਰਤੀਕ ਹਨ) 'महति स्यन्दने' ਮਹਾਨ ਰੱਥ ਉਤੇ

ਬੈਠੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਨੇ ਵੀ ਅਲੌਕਿਕ ਸ਼ੰਖ ਵਜਾਏ। ਅਲੌਕਿਕ ਦਾ ਅਰਥ ਹੈ, ਲੋਕ ਤੋਂ ਪਰੇ। ਮਿਰਤੂਲੋਕ, ਦੇਵਲੋਕ, ਬ੍ਰਹਮਲੋਕ, ਜਿੱਥੋਂ ਤਕ ਜਨਮ-ਮਰਨ ਦਾ ਭੈ ਹੈ, ਉਹਨਾਂ ਸਾਰੇ ਲੋਕਾਂ ਤੋਂ ਪਰੇ ਪਾਰਲੌਕਿਕ, ਪਾਰਮਾਰਥਿਕ ਸਥਿਤਿ ਪ੍ਰਦਾਨ ਕਰਨ ਦੀ ਘੋਸ਼ਣਾ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕੀਤੀ ਹੈ। ਸੋਨੇ-ਚਾਂਦੀ-ਲਕੜੀ ਦਾ ਰੱਥ ਨਹੀਂ, ਰੱਥ ਅਲੌਕਿਕ, ਸ਼ੰਖ ਅਲੌਕਿਕ, ਇਸ ਲਈ ਘੋਸ਼ਣਾ ਵੀ ਅਲੌਕਿਕ ਹੀ ਹੈ। ਲੋਕਾਂ ਤੋਂ ਪਰੇ ਇਕਮਾਤਰ ਬ੍ਰਹਮ ਹੈ, ਸਿੱਧਾ ਉਸ ਨਾਲ ਸੰਪਰਕ ਸਥਾਪਿਤ ਕਰਾਉਣ ਦੀ ਘੋਸ਼ਣਾ ਹੈ। ਉਹ ਕਿਵੇਂ ਇਹ ਸਥਿਤੀ ਪ੍ਰਦਾਨ ਕਰਨਗੇ?

**पाञ्चजन्यं हृषीकेशो देवदत्तं धनञ्जयः।**
**पौण्ड्रं दध्मौ महाशङ्खं भीमकर्मा वृकोदरः।।१५।।**

'**हृषीकेशः**' ਜੋ ਦਿਲਾਂ ਦੀਆਂ ਜਾਣਨਹਾਰ ਹਨ, ਉਹਨਾਂ ਨੇ ਅਰਥਾਤ ਸ਼੍ਰੀ ਕ੍ਰਿਸ਼ਣ ਨੇ 'ਪਾਂਚਜਨਿਆ ਸ਼ੰ' ਵਜਾਇਆ। ਪੰਜੇ ਗਿਆਨ ਇੰਦ੍ਰੀਆਂ ਨੂੰ ਪੰਜ ਤਨਮਾਤਰਾਵਾਂ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਦੇ ਰਸਾਂ ਤੋਂ ਸਮੇਟਕੇ ਉਹਨਾਂ ਨੂੰ ਆਪਣੇ ਸੇਵਕ ਦੀ ਸ਼੍ਰੇਣੀ ਵਿਚ ਖੜ੍ਹਾ ਕਰ ਦੇਣਾ ਹਿਰਦੇ ਦੇ ਪ੍ਰੇਰਕ ਸਤਿਗੁਰੂ ਦੀ ਦੇਣ ਹੈ। ਸ਼੍ਰੀ ਕ੍ਰਿਸ਼ਣ ਇਕ ਯੋਗੇਸ਼ਵਰ, ਸਤਿਗੁਰੂ ਸਨ। 'शिष्यस्तेऽहं' 'ਭਗਵਾਨ! ਮੈਂ ਆਪਦਾ ਸ਼ਿਸ਼ ਹਾਂ।' ਬਾਹਰੀ ਵਿਸ਼ੇ-ਵਸਤੂਆਂ ਨੂੰ ਛੋਡਕੇ ਧਿਆਨ ਵਿਚ ਇਸ਼ਟ ਤੋਂ ਇਲਾਵਾ ਦੂਜਾ ਨਾ ਦਿਸੇ, ਦੂਜਾ ਨਾ ਸੁਣਾਈ ਦੇਵੇ, ਨਾ ਦੂਜੇ ਦਾ ਸਪਰਸ਼ ਕਰੀਏ, ਇਹ ਸਤਿਗੁਰੂ ਦਾ ਅਨੁਭਵ-ਸੰਚਾਰ ਹੋਣ ਉਤੇ ਨਿਰਭਰ ਕਰਦਾ ਹੈ।

'ਦੇਵਦਤੰ ਧਨੰਜਯः' ਦੈਵੀ ਗੁਣ ਨੂੰ ਅਧੀਨ ਕਰਨ ਵਾਲਾ ਅਨੁਰਾਗ ਹੀ ਅਰਜੁਨ ਹੈ। ਇਸ਼ਟ ਦੇ ਅਨੁਰੂਪ ਲਗਾਉ ਜਦੋਂ ਬਿਰਹਾ, ਵੈਰਾਗ, ਅੱਥਰੂ ਦਾ ਪ੍ਰਵਾਹ ਹੋਵੇ; 'गद्गद् गिरा नयन बह नीरा' ਰੁਮਾਂਚ ਹੋਵੇ, ਇਸ਼ਟ ਤੋਂ ਇਲਾਵਾ ਹੋਰ ਕਿਸੇ ਵਿਸ਼ਾ-ਵਸਤੂ ਦਾ ਰੱਤੀ ਭਰ ਧਿਆਨ ਨਾ ਹੋਵੇ, ਉਸੇ ਸਥਿਤੀ ਨੂੰ ਅਨੁਰਾਗ ਕਹਿੰਦੇ ਹਨ। ਜੇ ਉਹ ਸਫਲ ਹੁੰਦਾ ਹੈ, ਤਾਂ ਪਰਮਦੇਵ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੀ ਦੈਵੀ ਸੰਪੱਤੀ ਉਤੇ ਅਧਿਕਾਰ ਪ੍ਰਾਪਤ ਹੁੰਦਾ ਹੈ। ਇਸੇ ਦਾ ਦੂਜਾ ਨਾਮ ਧਨੰਜਯ (ਧਨ ਪ੍ਰਾਪਤੀ) ਵੀ ਹੈ। ਇਕ ਧਨ ਤਾਂ ਬਾਹਰੀ ਸੰਪੱਤੀ ਹੈ ਜਿਸ ਨਾਲ ਸਰੀਰ ਨਿਰਬਾਹ ਦੀ ਵਿਵਸਥਾ ਹੁੰਦੀ ਹੈ, ਆਤਮਾ ਨਾਲ ਇਸਦਾ ਕੋਈ ਸੰਬੰਧ ਨਹੀਂ ਹੈ। ਇਸਤੋਂ ਪਰੇ ਸਥਿਰ ਆਤਮਿਕ ਸੰਪੱਤੀ ਹੀ ਨਿਜ ਸੰਪੱਤੀ ਹੈ। ਬ੍ਰਿਹਦਾਰਣਿਅਕ ਉਪਨਿਸ਼ਦ ਵਿਚ ਯਾਗਿਅਵਲਕਿਆ ਨੇ ਮੈਤ੍ਰੇਈ ਨੂੰ ਇਹੋ ਸਮਝਾਇਆ ਕਿ ਧਨ ਨਾਲ ਭਰੀ ਪ੍ਰਿਥਵੀ ਦੇ ਸਵਾਮਿਤੱਵ ਨਾਲ ਵੀ ਅਮਰਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਸਦਾ ਉਪਾਅ ਆਤਮਿਕ ਸੰਪੱਤੀ ਹੈ।

ਭਿਆਨਕ ਕਰਮ ਵਾਲੇ ਭੀਮਸੈਨ ਨੇ ਪੌਂਡਰ ਅਰਥਾਤ ਪ੍ਰੀਤਿ ਨਾਮਕ ਮਹਾਸ਼ੰਖ ਵਜਾਇਆ। ਭਾਵ ਦਾ ਸ੍ਰੋਤ ਅਤੇ ਨਿਵਾਸ-ਸਥਾਨ ਹਿਰਦਾ ਹੈ। ਇਸ ਲਈ ਇਸਦਾ ਨਾਮ ਵ੍ਰਕੋਦਰ (ਭੇੜੀਏ ਦਾ ਉਦਰ ਜਾਂ ਪੇਟ) ਹੈ। ਤੁਹਾਡਾ ਭਾਵ-ਲਗਾਉ ਬੱਚੇ ਵਿਚ ਹੁੰਦਾ ਹੈ; ਪਰ ਦਰਅਸਲ ਉਹ ਲਗਾਉ ਤੁਹਾਡੇ ਹਿਰਦੇ ਵਿਚ ਹੈ ਜੋ ਬੱਚੇ ਵਿਚ ਜਾਕੇ ਮੂਰਤੀਮਾਨ ਹੁੰਦਾ ਹੈ। ਇਹ ਭਾਵ ਅਥਾਹ ਅਤੇ ਮਹਾਨ ਬਲਸ਼ਾਲੀ ਹੈ, ਉਸਨੇ ਪ੍ਰੀਤਿ ਨਾਮਕ ਮਹਾਸ਼ੰਖ ਵਜਾਇਆ। ਭਾਵ ਵਿਚ ਹੀ ਉਹ ਪ੍ਰੀਤਿ ਨਿਹਿਤ ਹੈ, ਇਸੇ ਲਈ ਭੀਮ ਨੇ 'ਪੌਂਡਰ' (ਪ੍ਰੀਤਿ) ਨਾਮਕ ਮਹਾਸ਼ੰਖ ਵਜਾਇਆ। ਭਾਵ ਮਹਾਨ, ਬਲਵਾਨ ਹੈ; ਪਰ ਪ੍ਰੀਤਿ ਸੰਚਾਰ ਦੇ ਮਾਧਿਅਮ ਨਾਲ।

**हरि व्यापक सर्वत्र समाना । प्रेम ते प्रकट होहिं मैं जाना ।।**

(रामचरितमानस, १/१८४/५)

**अनन्तविजयं राजा कुन्तीपुत्रो युधिष्ठिरः।**
**नकुलः सहदेवश्च सुघोषमणिपुष्पकौ।।१६।।**

ਕੁੰਤੀਪੁੱਤਰ ਰਾਜਾ ਯੁਧਿਸ਼ਠਿਰ ਨੇ 'ਅਨੰਤ ਵਿਜਯ' ਨਾਮਕ ਸ਼ੰਖ ਵਜਾਇਆ। ਕਰਤੱਵਰੂਪੀ ਕੁੰਤੀ ਅਤੇ ਧਰਮਰੂਪੀ ਯੁਧਿਸ਼ਠਿਰ। ਧਰਮ ਉਤੇ ਸਥਿਰਤਾ ਰਹੇਗੀ ਤਾਂ 'ਅਨੰਤ ਵਿਜਯ' ਅਨੰਤ ਪਰਮਾਤਮਾ ਵਿਚ ਸਥਿਤੀ ਦਿਵਾਏਗਾ। 'युद्धे स्थिरः सः युधिष्ठिरः' । ਪ੍ਰਕ੍ਰਿਤੀ-ਪੁਰੁਸ਼, ਖੇਤਰ-ਖੇਤਰ ਦੇ ਜਾਣੂ ਦੇ ਸੰਘਰਸ਼ ਵਿਚ ਜੋ ਸਥਿਰ ਰਹਿੰਦਾ ਹੈ, ਮਹਾਨ ਦੁਖ ਨਾਲ ਵੀ ਵਿਚਲਿਤ ਨਹੀਂ ਹੁੰਦਾ, ਤਾਂ ਇਕ ਦਿਨ ਅਨੰਤ, ਜਿਸਦਾ ਅੰਤ ਨਹੀਂ ਪਰਮਤੱਤ ਪਰਮਾਤਮਾ, ਉਸਨੂੰ ਜਿੱਤ ਦਿਵਾ ਦੇਂਦਾ ਹੈ।

ਨਿਯਮਰੂਪੀ ਨਕੁਲ ਨੇ 'ਸੁਘੋਸ਼' ਨਾਮਕ ਸ਼ੰਖ ਵਜਾਇਆ। ਜਿਉਂ-ਜਿਉਂ ਨਿਯਮ ਉੰਨਤ ਹੋਵੇਗਾ, ਅਸ਼ੁਭ ਦਾ ਨਾਸ਼ ਹੁੰਦਾ ਜਾਵੇਗਾ, ਸ਼ੁਭ ਘੋਸ਼ਿਤ ਹੁੰਦਾ ਜਾਵੇਗਾ। ਸਤਿਸੰਗਰੂਪੀ ਸਹਿਦੇਵ ਨੇ 'ਮਣੀਪੁਸ਼ਪਕ' ਸ਼ੰਖ ਵਜਾਇਆ। ਮਨੀਸ਼ੀਆਂ ਨੇ ਹਰ ਸੁਆਸ ਨੂੰ ਵਡਮੁੱਲੀ ਮਣੀ ਦਾ ਨਾਮ ਦਿਤਾ ਹੈ। 'हीरा जैसी स्वाँसा बातों में बीती जाय।' ਇਕ ਸਤਿਸੰਗ ਤਾਂ ਉਹ ਹੈ, ਜੋ ਤੁਸੀਂ ਸਤਿਪੁਰਸ਼ਾਂ ਦੀ ਬਾਣੀ ਤੋਂ ਸੁਣਦੇ ਹੋ; ਪਰ ਯਥਾਰਥ ਸਤਿਸੰਗ ਆਂਤਰਿਕ ਹੈ। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਆਤਮਾ ਹੀ ਸਤਿ ਹੈ, ਸਨਾਤਨ ਹੈ। ਚਿੱਤ ਸਭ ਪਾਸਿਉਂ ਸਿਮਟਕੇ, ਆਤਮਾ ਦੀ ਸੰਗਤ ਕਰਨ ਲਗੇ, ਇਹੋ ਵਾਸਤਵਿਕ ਸਤਿਸੰਗ ਹੈ। ਇਹ ਸਤਿਸੰਗ ਚਿੰਤਨ, ਧਿਆਨ ਅਤੇ ਸਮਾਧੀ ਦੇ ਅਭਿਆਸ ਨਾਲ ਪੂਰਾ ਹੁੰਦਾ ਹੈ। ਜਿਉਂ-ਜਿਉਂ ਸੱਚ ਦੀ ਛਾਂ ਵਿਚ ਸੁਰਤ ਟਿਕਦੀ ਜਾਏਗੀ, ਤਿਉਂ-ਤਿਉਂ ਇਕ-ਇਕ ਸੁਆਸ ਉਤੇ ਨਿਯੰਤ੍ਰਣ ਮਿਲਦਾ ਜਾਏਗਾ, ਮਨਸਹਿਤ ਇੰਦ੍ਰੀਆਂ ਦਾ ਵਿਰੋਧ ਹੁੰਦਾ ਜਾਏਗਾ। ਜਿਸ ਦਿਨ ਪੂਰਣ ਵਿਰੋਧ ਹੋਵੇਗਾ, ਵਸਤੂ ਪ੍ਰਾਪਤ ਹੋ ਜਾਏਗੀ। ਵਾਜਿਆਂ ਦੀ ਤਰ੍ਹਾਂ ਚਿੱਤ ਦਾ ਆਤਮਾ ਦੇ ਸੁਰ ਵਿਚ ਸੁਰ ਮਿਲਾਕੇ ਸੰਗਤ ਕਰਨਾ ਹੀ ਸਤਿਸੰਗ ਹੈ।

ਬਾਹਰੀ-ਮਣੀ ਕਠੋਰ ਹੈ, ਪਰ ਸੁਆਸ-ਮਣੀ ਫੁਲ ਤੋਂ ਵੀ ਕੋਮਲ ਹੈ। ਫੁਲ ਤਾਂ ਵਿਕਸਿਤ ਹੋਣ ਤੇ ਜਾਂ ਟੁਟਣ ਨਾਲ ਕੁਮਲਾਂਦਾ ਹੈ; ਪਰ ਤੁਸੀਂ ਅਗਲੇ ਸੁਆਸ ਤਕ ਜੀਵਿਤ ਰਹਿਣ ਦੀ ਗਾਰੰਟੀ ਨਹੀਂ ਦੇ ਸਕਦੇ। ਲੇਕਿਨ ਸਤਿਸੰਗ ਸਫਲ ਹੋਣ ਤੇ ਉਹ ਹਰੇਕ ਸੁਆਸ ਉਤੇ ਨਿਯੰਤ੍ਰਣ ਦਿਵਾਕੇ ਪਰਮ ਲੱਖਸ਼ ਦੀ ਪ੍ਰਾਪਤੀ ਕਰਾ ਦੇਂਦਾ ਹੈ। ਇਸਤੋਂ ਅੱਗੇ ਪਾਂਡਵਾਂ ਦੀ ਕੋਈ ਘੋਸ਼ਣਾ ਨਹੀਂ ਹੈ। ਪਰ ਹਰੇਕ ਸਾਧਨਾ ਕੁਝ ਨਾ ਕੁਝ ਨਿਰਮਲਤਾ ਦੇ ਰਾਹ ਵਿਚ ਦੂਰੀ ਤੈ ਕਰਦੀ ਹੈ। ਅੱਗੇ ਕਹਿੰਦੇ ਹਨ

**काश्यश्च परमेष्वासः शिखण्डी च महारथः।**
**धृष्टद्युम्नो विराटश्च सात्यकिश्चापराजितः।।१७।।**

ਕਾਇਆਰੂਪੀ ਕਾਸ਼ੀ ਹੈ। ਪੁਰਸ਼ ਜਦ ਸਭ ਪਾਸਿਉਂ ਮਨਸਹਿਤ ਇੰਦ੍ਰੀਆਂ ਨੂੰ ਸਮੇਟਕੇ ਕਾਇਆ ਵਿਚ ਕੇਂਦ੍ਰਿਤ ਕਰਦਾ ਹੈ, ਤਾਂ 'परमेष्वासः'-ਪਰਮ ਈਸ਼ ਵਿਚ ਵਾਸ ਦਾ ਅਧਿਕਾਰੀ ਹੋ ਜਾਂਦਾ ਹੈ। ਪਰਮ ਈਸ਼ ਵਿਚ ਵਾਸ ਦਿਵਾਉਣ ਵਿਚ ਸਮਰੱਥ ਕਾਇਆ ਹੀ ਕਾਸ਼ੀ ਹੈ। ਕਾਇਆ ਵਿਚ ਹੀ ਪਰਮ ਈਸ਼ ਦਾ ਨਿਵਾਸ ਹੈ। 'ਪਰਮੇਸ਼ਵਾਸ' ਦਾ ਅਰਥ ਸ਼੍ਰੇਸ਼ਠ ਧਨੁਸ਼ ਵਾਲਾ ਨਹੀਂ ਬਲਕਿ ਪਰਮ + ਈਸ਼ + ਵਾਸ ਹੈ।

ਸ਼ਿਖਾ-ਸੂਤਰ ਦਾ ਤਿਆਗ ਹੀ 'ਸ਼੍ਰਿਖੰਡੀ' ਹੈ। ਅੱਜਕੱਲ੍ਹ ਲੋਕੀਂ ਸਿਰ ਦੇ ਵਾਲ ਕਟਾ ਲੈਂਦੇ ਹਨ ਅਤੇ ਸੂਤਰ ਦੇ ਨਾਮ ਤੇ ਗਲੇ ਦਾ ਜਨੇਊ ਹਟਾ ਲੈਂਦੇ ਹਨ, ਅਗਨੀ ਜਲਾਉਣਾ ਛੋੜ ਦੇਂਦੇ ਹਨ। ਹੋ ਗਿਆ ਸੰਨਿਆਸ ਉਹਨਾਂ ਦਾ। ਨਹੀਂ, ਦਰਅਸਲ ਸ਼ਿਖਾ ਲੱਖਸ਼ ਦਾ ਪ੍ਰਤੀਕ ਹੈ, ਜਿਸਨੂੰ ਤੁਸੀਂ ਹਾਸਲ ਕਰਨਾ ਹੈ ਅਤੇ ਸੂਤਰ ਹੈ ਸੰਸਕਾਰਾਂ ਦਾ। ਜਦੋਂ ਤਕ ਪਰਮਾਤਮਾ ਨੂੰ ਪ੍ਰਾਪਤ ਕਰਨਾ ਬਾਕੀ ਹੈ, ਪਿੱਛੇ ਸੰਸਕਾਰਾਂ ਦਾ ਸੂਤਰਪਾਤ ਲਗਿਆ ਹੋਇਆ ਹੈ, ਤਦ ਤਕ ਤਿਆਗ ਅਤੇ ਸੰਨਿਆਸ ਕਿਵੇਂ ਹੋ ਸਕਦਾ ਹੈ? ਅਜੇ ਤਾਂ ਤੁਸੀਂ ਚੱਲਣ ਵਾਲੇ ਰਾਹੀ ਹੋ। ਜਦੋਂ ਇਸ਼ਟ ਪ੍ਰਾਪਤ ਹੋ ਜਾਏ, ਪਿੱਛੇ ਲਗੇ ਹੋਏ ਸੰਸਕਾਰਾਂ ਦੀ ਡੋਰ ਕਟ ਜਾਏ, ਤਾਂ ਐਸੀ ਅਵਸਥਾ ਵਿਚ ਭਰਮ ਪੂਰੀ ਤਰਹਾਂ ਸ਼ਾਂਤ ਹੋ ਜਾਂਦਾ ਹੈ। ਇਸੇ ਲਈ ਸ਼ਿਖੰਡੀ ਹੀ ਭਰਮਰੂਪੀ ਭੀਸ਼ਮ ਦਾ ਵਿਨਾਸ਼ ਕਰਦਾ ਹੈ। ਸ਼ਿਖੰਡੀ ਚਿੰਤਨ-ਮਾਰਗ ਦੀ ਵਿਸ਼ਿਸ਼ਟ ਯੋਗਤਾ ਹੈ, ਮਹਾਰਥੀ ਹੈ। 'ਧ੍ਰਿਸ਼ਟਧਿਉਮਨ'-ਦ੍ਰਿੜ੍ਹ ਅਤੇ ਅਚਲ ਮਨ, ਅਤੇ 'ਵਿਰਾਟः' ਸਭ ਥਾਈਂ ਵਿਰਾਟ ਈਸ਼ਵਰ ਦਾ ਪ੍ਰਸਾਰ ਵੇਖਣ ਦੀ ਸਮਰੱਥਾ ਇਤਿਆਦ ਦੈਵੀ ਸੰਪੱਤੀ ਦੇ ਪ੍ਰਮੁੱਖ ਗੁਣ ਹਨ। ਸਾਤਵਿਕਤਾ ਹੀ ਸਾਤਇਕੀ ਹੈ। ਸੱਚ ਦੇ ਚਿੰਤਨ ਦੀ ਪ੍ਰਵਿਰਤੀ ਅਰਥਾਤ ਸਾਤਵਿਕਤਾ ਜੇ ਬਣੀ ਹੈ, ਤਾਂ ਕਦੇ ਗਿਰਾਵਟ ਨਹੀਂ ਆ ਪਾਏਗੀ। ਇਸ ਸੰਘਰਸ਼ ਵਿਚ ਪਰਾਜਿਤ ਨਹੀਂ ਹੋਣ ਦੇਵੇਗੀ।

**द्रुपदो द्रौपदेयाश्च सर्वश: पृथिवीपते ।**
**सौभद्रश्च महाबाहु: शङ्खान्दध्मु: पृथक् पृथक्।। १८ ।।**

ਅਚਲ ਪਦਦਾਇਕ ਦਰੁਪਦ ਅਤੇ ਧਿਆਨਰੂਪੀ ਦ੍ਰੋਪਦੀ ਦੇ ਪੰਜੋ ਪੁੱਤਰ-ਸੁਹਿਰਦਤਾ, ਵਾਤਸਲਿਆ, ਲਾਵਣਿਆ (ਸੁਹੱਪਣ), ਨਿਮਰਤਾ ਆਦਿ ਸਾਧਨਾ ਵਿਚ ਮਹਾਨ ਸਹਾਇਕ ਮਹਾਰਥੀ ਹਨ ਅਤੇ ਵੱਡੀ ਭੁਜਾ ਵਾਲਾ ਅਭਿਮਨਯੂ-ਇਹਨਾਂ ਸਭ ਨੇ ਵੱਖ-ਵੱਖ ਸ਼ੰਖ ਵਜਾਏ। ਭੁਜਾ ਕਾਰਜ-ਖੇਤਰ ਦਾ ਪ੍ਰਤੀਕ ਹੈ। ਜਦ ਮਨ ਭੈ ਤੋਂ ਰਹਿਤ ਹੋ ਜਾਂਦਾ ਹੈ, ਤਾਂ ਉਸਦੀ ਪਹੁੰਚ ਦੂਰ ਤਕ ਹੋ ਜਾਂਦੀ ਹੈ।

ਹੇ ਰਾਜਨ! ਇਹਨਾਂ ਸਭ ਨੇ ਵੱਖ-ਵੱਖ ਸ਼ੰਖ ਵਜਾਏ। ਇਹ ਸਾਰੇ ਕੁਝ ਨਾ ਕੁਝ ਦੂਰੀ ਤੈ ਕਰਾਉਂਦੇ ਹਨ; ਇਹਨਾਂ ਦਾ ਪਾਲਨ ਜ਼ਰੂਰੀ ਹੈ; ਇਸ ਲਈ ਇਹਨਾਂ ਦੇ ਨਾਮ ਗਿਣਾਏ। ਇਸ ਤੋਂ ਇਲਾਵਾ ਕੁਝ ਦੂਰੀ ਐਸੀ ਵੀ ਹੈ, ਜੋ ਮਨ-ਬੁੱਧੀ ਤੋਂ ਪਰੇ ਹੈ। ਭਗਵਾਨ ਆਪ ਹੀ ਅੰਤਰਮਨ ਵਿਚ ਬਿਰਾਜਕੇ ਤੈ ਕਰਾਉਂਦੇ ਹਨ। ਇਧਰ ਦ੍ਰਿਸ਼ਟੀ ਬਣਕੇ ਆਤਮਾ ਤੋਂ ਖੜ੍ਹੇ ਹੋ ਜਾਂਦੇ ਹਨ ਅਤੇ ਸਾਮ੍ਹਣੇ ਆਪ ਖ਼ੁਦ ਖੜ੍ਹੇ ਹੋਕੇ ਆਪਣਾ ਪਰਿਚੈ ਕਰਾ ਲੈਂਦੇ ਹਨ।

**स घोषो धार्तराष्ट्राणां हृदयानि व्यदारयत् ।**
**नभश्च पृथिवीं चैव तुमुलो व्यनुनादयन् ।।१९ ।।**

ਉਸ ਘੋਰ ਸ਼ਬਦ ਨੇ ਆਕਾਸ਼ ਅਤੇ ਪ੍ਰਿਥਵੀ ਨੂੰ ਵੀ ਗੁੰਜਾਇਮਾਨ ਕਰਦੇ ਹੋਏ ਧ੍ਰਿਤਰਾਸ਼ਟ੍ਰ-ਪੁੱਤਰਾਂ ਦੇ ਹਿਰਦੇ ਤੋੜ ਦਿੱਤੇ। ਸੈਨਾ ਤਾਂ ਪਾਂਡਵਾਂ ਦੇ ਵਲ ਵੀ ਸੀ, ਪਰ ਹਿਰਦੇ ਟੁੱਟੇ ਧ੍ਰਿਤਰਾਸ਼ਟ੍ਰ ਦੇ ਪੁੱਤਰਾਂ ਦੇ। ਦਰਅਸਲ ਪਾਂਚਜਨਿਆ, ਦੈਵੀ ਸ਼ਕਤੀ ਉਤੇ ਅਧਿਕਾਰ, ਅਨੰਤ ਉਤੇ ਜਿੱਤ, ਅਸ਼ੁਭ ਦਾ ਨਾਸ਼ ਅਤੇ ਸ਼ੁਭ ਦੀ ਘੋਸ਼ਣਾ ਧਾਰਾਵਾਹਿਕ ਹੋਣ ਲਗੇ ਤਾਂ ਕੁਰੂਖੇਤਰ, ਆਸੁਰੀ ਸੰਪੱਤੀ, ਬਾਹਰਮੁਖੀ ਪ੍ਰਵਿਰਤੀਆਂ ਦਾ ਹਿਰਦਾ ਟੁਟ ਜਾਏਗਾ। ਉਹਨਾਂ ਦਾ ਬਲ ਹੌਲੀ-ਹੌਲੀ ਘਟਣ ਲਗਦਾ ਹੈ। ਪੂਰੀ ਸਫਲਤਾ ਮਿਲਣ ਤੇ ਮੋਹਮਈ ਪ੍ਰਵਿਰਤੀਆਂ ਪੂਰੀਆਂ ਸ਼ਾਂਤ ਹੋ ਜਾਂਦੀਆਂ ਹਨ।

**अथ व्यवस्थितान्दृष्ट्वा धार्तराष्ट्रान्कपिध्वजः ।**
**प्रवृत्ते शस्त्र सम्पाते धनुरुद्यम्य पाण्डवः ।।२०।।**
**हृषीकेशं तदा वाक्यमिदमाह महीपते ।**
**ਅਰਜੁਨ ਉਵਾਚ**
**सेनयोरुभयोर्मध्ये रथं स्थापय मेऽच्युत ।।२१।।**

ਸੰਜਮਰੂਪੀ ਸੰਜਯ ਨੇ ਅਗਿਆਨ ਨਾਲ ਢੱਕੇ ਮਨ ਨੂੰ ਸਮਝਾਇਆ ਕਿ ਹੇ ਰਾਜਨ! ਉਸਦੇ ਉਪਰਾਂਤ 'कपिध्वजः' ਵੈਰਾਗਰੂਪੀ ਹਨੂਮਾਨ! ਵੈਰਾਗ ਹੀ ਧ੍ਵਜ (ਝੰਡਾ) ਹੈ ਜਿਸਦਾ। ਧ੍ਵਜ ਰਾਸ਼ਟ੍ਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਕੁਝ ਲੋਕੀਂ ਕਹਿੰਦੇ ਹਨ ਧ੍ਵਜਾ ਚੰਚਲ ਸੀ, ਇਸ ਲਈ ਕਪੀਧ੍ਵਜ ਕਿਹਾ ਗਿਆ। ਪਰ ਨਹੀਂ, ਇਥੇ ਕਪੀ ਸਾਧਾਰਣ ਬਾਂਦਰ ਨਹੀਂ, ਖ਼ੁਦ ਹਨੂਮਾਨ ਸਨ ਜਿਨ੍ਹਾਂ ਨੇ ਮਾਨ-ਅਪਮਾਨ ਦਾ ਹਨਨ ਕੀਤਾ ਸੀ'सम मान निरादर आदर हीं।' ਪ੍ਰਕ੍ਰਿਤੀ ਦੀਆਂ ਵੇਖੀਆਂ-ਸੁਣੀਆਂ ਚੀਜ਼ਾਂ ਤੋਂ, ਵਿਸ਼ਿਆਂ ਤੋਂ ਰਾਗ ਦਾ ਤਿਆਗ ਹੀ 'ਵੈਰਾਗ' ਹੈ। ਇਸ ਲਈ ਵੈਰਾਗ ਹੀ ਜਿਸਦੀ ਧ੍ਵਜਾ ਹੈ, ਉਸ ਅਰਜੁਨ ਨੇ ਵਿਵਸਥਿਤ ਰੂਪ ਨਾਲ ਧ੍ਰਿਤਰਾਸ਼ਟ੍ਰ-ਪੁੱਤਰਾਂ ਨੂੰ ਖੜ੍ਹੇ ਵੇਖਕੇ ਸ਼ਸਤ੍ਰ ਚਲਾਉਣ ਦੀ ਤਿਆਰੀ ਦੇ ਸਮੇਂ ਧਨੁਸ਼ ਚੁੱਕਕੇ 'हृषीकेशम्' ਜੋ ਹਿਰਦੇ ਦੇ ਸਰਬ ਜਾਣੀਜਾਣ ਹਨ, ਉਸ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੂੰ ਇਹ ਵਚਨ ਕਿਹਾ '' ਹੇ ਅਚਿਉਤ (ਜੋ ਕਦੇ ਚਿਉਤ ਅਰਥਾਤ ਅਲਗ ਨਹੀਂ ਹੁੰਦਾ) ਮੇਰੇ ਰੱਥ ਨੂੰ ਦੋਨਾਂ ਸੈਨਾਵਾਂ ਦੇ ਵਿਚ ਖੜ੍ਹਾ ਕਰੋ।'' ਇਥੇ ਇਹ ਸਾਰਥੀ (ਰੱਥਚਾਲਕ) ਨੂੰ ਦਿਤਾ ਗਿਆ ਆਦੇਸ਼ ਨਹੀਂ, ਇਸ਼ਟ (ਸਤਿਗੁਰੂ) ਨੂੰ ਕੀਤੀ ਗਈ ਪ੍ਰਾਰਥਨਾ ਹੈ।

**यावदेतान्निरीक्षेऽहं योद्धुकामानवस्थितान् ।**
**कैर्मया सह योद्धव्यमस्मिन् रणसमुद्यमे ।।२२।।**

ਮੈਂ ਯੁੱਧ ਦੀ ਇੱਛਾ ਵਾਲੇ ਇਹਨਾਂ ਯੋਧਿਆਂ ਨੂੰ ਚੰਗੀ ਤਰ੍ਹਾਂ ਵੇਖਣਾ ਚਾਹੁੰਦਾ ਹਾਂ ਅਤੇ ਜਾਣਨਾ ਚਾਹੁੰਦਾ ਹਾਂ ਕਿ ਇਸ ਯੁੱਧ ਭੂਮੀ ਵਿੱਚ ਮੈਨੂੰ ਕਿਸ ਕਿਸ ਨਾਲ ਯੁੱਧ ਕਰਨਾ ਪਵੇਗਾ।

**योत्स्यमानानवेक्षेऽहं य एतेऽत्र समागताः ।**
**धार्तराष्ट्रस्य दुर्बुद्धेर्युद्धे प्रियचिकीर्षवः ।।२३।।**

ਦੁਰਬੁੱਧੀ ਦੁਰਯੋਧਨ ਦਾ ਯੁੱਧ ਵਿਚ ਕਲਿਆਨ ਚਾਹੁਣ ਵਾਲੇ ਜੋ-ਜੋ ਇਹ ਰਾਜੇ ਇਸ ਸੈਨਾ ਵਿਚ ਆਏ ਹਨ, ਉਹਨਾਂ ਯੁੱਧ ਕਰਨ ਵਾਲਿਆਂ ਨੂੰ ਮੈਂ ਵੇਖਾਂਗਾ, ਇਸ ਲਈ ਖੜ੍ਹਾ ਕਰੋ। ਮੋਹਰੂਪੀ ਦੁਰਯੋਧਨ! ਮੋਹਮਈ ਪ੍ਰਵਿਰਤੀਆਂ ਦਾ ਕਲਿਆਨ ਚਾਹੁਣ ਵਾਲੇ ਜੋ-ਜੋ ਰਾਜੇ ਇਸ ਯੁੱਧ ਵਿਚ ਆਏ ਹਨ, ਉਹਨਾਂ ਨੂੰ ਮੈਂ ਵੇਖ ਲਵਾਂ।

**ਸੰਜਯ ਉਵਾਚ**

**एवमुक्तो हृषीकेशो गुडाकेशेन भारत ।**
**सेनयोरुभयोर्मध्ये स्थापयित्वा रथोत्तमम् ।।२४।।**
**भीष्मद्रोणप्रमुखतः सर्वेषां च महीक्षिताम् ।**
**उवाच पार्थ पश्यैतान्समवेतान्कुरूनिति ।।२५।।**

ਸੰਜਯ ਬੋਲਿਆ-ਨਿਦ੍ਰਾਜਯੀ (ਨੀਂਦ ਨੂੰ ਜਿੱਤਣ ਵਾਲੇ) ਅਰਜੁਨ ਦੁਆਰਾ ਇਸ ਤਰਹਾਂ ਕਹੇ ਜਾਣ ਤੇ ਦਿਲਾਂ ਦੇ ਜਾਣੀਜਾਣ ਸ੍ਰੀ ਕ੍ਰਿਸ਼ਣ ਨੇ ਦੋਨਾਂ ਸੈਨਾਵਾਂ ਦੇ ਵਿਚ ਭੀਸ਼ਮ, ਦ੍ਰੋਣ ਅਤੇ 'महीक्षिताम्' ਸਰੀਰਰੂਪੀ ਪ੍ਰਿਥਵੀ ਉਤੇ ਅਧਿਕਾਰ ਕਰਨ ਵਾਲੇ ਸੰਪੂਰਣ ਰਾਜਿਆ ਦੇ ਵਿਚ ਉੱਤਮ ਰੱਥ ਨੂੰ ਖੜ੍ਹਾ ਕਰਕੇ ਕਿਹਾ ਕਿ-ਪਾਰਥ! (ਅਰਜੁਨ) ਇਹਨਾਂ ਇਕੱਠੇ ਹੋਏ ਕੌਰਵਾਂ ਨੂੰ ਵੇਖ। ਏਥੇ ਉੱਤਮ ਰੱਥ ਸੋਨੇ-ਚਾਂਦੀ ਦਾ ਰੱਥ ਨਹੀਂ ਹੈ। ਸੰਸਾਰ ਵਿਚ ਉੱਤਮ ਦੀ ਪਰਿਭਾਸ਼ਾ ਨਸ਼ਵਰ ਦੇ ਪ੍ਰਤਿ ਅਨੁਕੂਲਤਾ-ਪ੍ਰਤਿਕੂਲਤਾ ਨਾਲ ਕੀਤੀ ਜਾਂਦੀ ਹੈ ਇਹ ਪਰਿਭਾਸ਼ਾ ਅਪੂਰਣ ਹੈ। ਜੋ ਸਾਡੀ ਆਤਮਾ, ਸਾਡੇ ਸਵਰੂਪ ਦਾ ਸਦਾ ਸਾਥ ਦੇਵੇ, ਉਹੀ ਉੱਤਮ ਹੈ, ਜਿਸਦੇ ਪਿੱਛੇ 'ਅਨੁੱਤਮ'-ਮਲੀਨਤਾ ਨਾ ਹੋਵੇ।

**तत्रापश्यत्स्थितान्पार्थः पितॄनथ पितामहान् ।**
**आचार्यान्मातुलान्भ्रातॄन्पुत्रान्पौत्रान्सखींस्तथा ।।२६ ।।**
**श्वशुरान्सुहृदश्चैव सेनयोरुभयोरपि ।**

ਇਸਤੋਂ ਉਪਰਾਂਤ ਅਚੂਕ ਲੱਖਸ਼ ਵਾਲੇ, ਪਾਰਥਿਵ (ਭੌਤਿਕ) ਸਰੀਰ ਨੂੰ ਰੱਥ ਬਣਾਉਣ ਵਾਲੇ ਪਾਰਥ ਨੇ ਉਹਨਾਂ ਦੋਨਾਂ ਸੈਨਾਵਾਂ ਵਿਚ ਸਥਿਤ ਪਿਤਾ ਦੇ ਭਰਾਵਾਂ ਨੂੰ, ਪਿਤਾਮਾਹਾਂ ਨੂੰ, ਆਚਾਰਿਆਂ ਨੂੰ ਮਾਮਿਆਂਨੂੰ, ਭਰਾਵਾਂ ਨੂੰ, ਪੁੱਤਰਾਂ ਨੂੰ, ਪੋਤਿਆਂ ਨੂੰ, ਮਿੱਤ੍ਰਾਂ ਨੂੰ, ਅਤੇ ਸੁਹਿਰਦਿਆਂ ਨੂੰ ਵੇਖਿਆ। ਦੋਨਾਂ ਸੈਨਾਵਾਂ ਵਿਚ ਅਰਜੁਨ ਨੂੰ ਕੇਵਲ ਆਪਣਾ ਪਰਿਵਾਰ, ਮਾਮੇ ਦਾ ਪਰਿਵਾਰ, ਸਹੁਰਾ ਪਰਿਵਾਰ, ਸੁਹਿਰਦੇ ਅਤੇ ਗੁਰੂਜਨ ਦਿਖਾਈ ਪਏ। ਮਹਾਭਾਰਤ ਕਾਲ ਦੀ ਗਿਣਤੀ ਦੇ ਅਨੁਸਾਰ ਅਠਾਰਾਂ ਅੱਖਸ਼ੌਹਿਣੀ ਲਗਭਗ ਚਾਲੀ ਲੱਖ ਦੇ ਬਰਾਬਰ ਹੁੰਦਾ ਹੈ। ਪਰ ਪ੍ਰਚਲਿਤ ਗਿਣਤੀ ਦੇ ਅਨੁਸਾਰ ਅਠਾਰਾਂ ਅੱਖਸ਼ੌਹਿਣੀ ਸਾਡੇ ਛੇ ਅਰਬ ਦੇ ਲਗਭਗ ਹੁੰਦਾ ਹੈ, ਜੋ ਅੱਜ ਦੇ ਵਿਸ਼ਵ ਦੀ ਜਨਸੰਖਿਆ ਦੇ ਬਰਾਬਰ ਹੈ। ਐਨੇ ਲੋਕਾਂ ਦੇ ਲਈ ਕਦੇ-ਕਦੇ ਵਿਸ਼ਵ ਪੱਧਰ ਤੇ ਮਕਾਨ, ਖਾਧ-ਪਦਾਰਥਾਂ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਐਨਾ ਵੱਡਾ ਜਨਸਮੂਹ ਅਰਜੁਨ ਦੇ ਤਿੰਨ-ਚਾਰ ਰਿਸ਼ਤੇਦਾਰਾਂ ਦਾ ਪਰਿਵਾਰ ਮਾਤਰ ਹੀ ਸੀ। ਕੀ ਐਨਾ ਵੱਡਾ ਵੀ ਕਿਸੇ ਦਾ ਪਰਿਵਾਰ ਹੁੰਦਾ ਹੈ? ਬਿਲਕੁਲ ਨਹੀਂ। ਇਹ ਹਿਰਦੇ-ਦੇਸ਼ ਦਾ ਚਿਤ੍ਰਣ ਹੈ।

**तान्समीक्ष्य स कौन्तेयः सर्वान्बन्धूनवस्थितान् ।।२७ ।।**
**कृपया परयाविष्टो विषीदन्निदमब्रवीत् ।**

ਇਸ ਪ੍ਰਕਾਰ ਖੜ੍ਹੇ ਹੋਏ ਉਹਨਾਂ ਸਾਰੇ ਸੰਬੰਧੀਆਂ ਨੂੰ ਦੇਖਕੇ ਅਤਿਅੰਤ ਕਰੁਣਾ ਨਾਲ ਭਰਿਆ ਉਹ ਕੁੰਤੀਪੁੱਤਰ ਅਰਜੁਨ ਸੋਗ ਕਰਦਾ ਹੋਇਆ ਬੋਲਿਆ। ਅਰਜੁਨ ਸੋਗ ਕਰਨ ਲੱਗਾ, ਕਿਉਂਕਿ ਉਸਨੇ ਵੇਖਿਆ ਕਿ ਇਹ ਸਭ ਤਾਂ ਆਪਣਾ ਪਰਿਵਾਰ ਹੀ ਹੈ, ਇਸ ਲਈ ਬੋਲਿਆ

**ਅਰਜੁਨ ਉਵਾਚ**

**दृष्टवेमं स्वजनं कृष्ण युयुत्सुं समुपस्थितम् ।।२८ ।।**
**सीदन्ति मम गात्राणि मुखं च परिशुष्यति ।**
**वेपथुश्च शरीरे मे रोमहर्षश्च जायते ।।२९ ।।**

ਹੇ ਕ੍ਰਿਸ਼ਣ! ਯੁੱਧ ਦੀ ਇੱਛਾ ਵਾਲੇ ਖੜ੍ਹੇ ਹੋਏ ਆਪਣੇ ਸੰਬੰਧੀਆਂ ਦੇ ਸਮੂਹ ਨੂੰ ਵੇਖਕੇ ਮੇਰੇ ਅੰਗ ਢਿੱਲੇ ਹੁੰਦੇ ਜਾਂਦੇ ਹਨ, ਮੂੰਹ ਸੁੱਕਦਾ ਜਾਂਦਾ ਹੈ ਅਤੇ ਮੇਰੇ ਸਰੀਰ ਵਿਚ ਕੰਬਣੀ ਅਤੇ ਰੁਮਾਂਚ ਹੋ ਰਿਹਾ ਹੈ। ਐਨਾ ਹੀ ਨਹੀਂ

**गाण्डीवं स्रंसते हस्तात्त्वक्चैव परिदह्यते ।**
**न च शक्नोम्यवस्थातुं भ्रमतीव च मे मन: ।।३०।।**

ਹੱਥ ਚੋਂ ਕਮਾਨ ਡਿਗਦੀ ਹੈ, ਸ਼ਰੀਰ ਵੀ ਜਲ ਰਿਹਾ ਹੈ। ਅਰਜੁਨ ਨੂੰ ਬੁਖਾਰ ਜਿਹਾ ਹੋ ਆਇਆ, ਹੈਰਾਨ ਹੋ ਉਠਿਆ ਕਿ ਇਹ ਕਿਸ ਤਰ੍ਹਾਂ ਦਾ ਯੁੱਧ ਹੈ, ਜਿਸ ਵਿਚ ਸੰਬੰਧੀ ਹੀ ਖੜ੍ਹੇ ਹਨ ? ਅਰਜੁਨ ਨੂੰ ਭਰਮ ਹੋ ਗਿਆ। ਉਹ ਕਹਿੰਦਾ ਹੈ ਹੁਣ ਮੈਂ ਖੜ੍ਹਾ ਹੋ ਸੱਕਣ ਵਿਚ ਵੀ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕਰ ਰਿਹਾ ਹਾਂ, ਹੁਣ ਅੱਗੇ ਵੇਖਣ ਦੀ ਸਮੱਰਥਾ ਨਹੀਂ ਹੈ।

**निमित्तानि च पश्यामि विपरीतानि केशव ।**
**न च श्रेयोनुपश्यामि हत्वा स्वजनमाहवे ।।३१।।**

ਹੇ ਕੇਸ਼ਵ! ਇਸ ਯੁੱਧ ਦਾ ਗੁਣ ਵੀ ਵਿਪਰੀਤ ਹੀ ਵੇਖਦਾ ਹਾਂ। ਯੁੱਧ ਵਿਚ ਆਪਣੇ ਕੁਲ ਨੂੰ ਮਾਰਕੇ ਪਰਮ ਕਲਿਆਨ ਵੀ ਨਹੀਂ ਵੇਖਦਾ ਹਾਂ। ਕੁਲ ਨੂੰ ਮਾਰਨ ਨਾਲ ਕਲਿਆਨ ਕਿਵੇਂ ਹੋਵੇਗਾ ?

**न काङ्क्षे विजयं कृष्णं न च राज्यं सुखानि च ।**
**किं नो राज्येन गोविन्द किं भोगैर्जीवितेन वा ।।३२।।**

ਸੰਪੂਰਣ ਪਰਿਵਾਰ ਯੁੱਧ ਦੇ ਮੁਹਾਨੇ ਉਤੇ ਹੈ। ਇਹਨਾਂ ਨੂੰ ਯੁੱਧ ਵਿਚ ਮਾਰਕੇ ਜਿੱਤ, ਜਿੱਤ ਨਾਲ ਮਿਲਣ ਵਾਲਾ ਰਾਜ ਅਤੇ ਰਾਜ ਨਾਲ ਮਿਲਣ ਵਾਲਾ ਸੁਖ ਅਰਜੁਨ ਨੂੰ ਨਹੀਂ ਚਾਹੀਦਾ। ਉਹ ਕਹਿੰਦਾ ਹੈ ਕ੍ਰਿਸ਼ਣ! ਮੈਂ ਜਿੱਤ ਨਹੀਂ ਚਾਹੁੰਦਾ, ਰਾਜ ਅਤੇ ਸੁਖ ਵੀ ਨਹੀਂ ਚਾਹੁੰਦਾ। ਗੋਵਿੰਦ! ਸਾਨੂੰ ਰਾਜ ਜਾਂ ਭੋਗ ਅਥਵਾ ਜੀਵਨ ਨਾਲ ਵੀ ਕੀ ਮਤਲਬ ਹੈ ? ਕਿਉਂ? ਇਸਤੇ ਕਹਿੰਦਾ ਹੈ

**येषामर्थे काङ्क्षितं नो राज्यं भोगा: सुखानि च ।**
**त इमेऽवस्थिता युद्धे प्राणांस्त्यक्त्वा धनानि च ।।३३।।**

ਸਾਨੂੰ ਜਿਨ੍ਹਾਂ ਲਈ ਰਾਜ–ਭੋਗ ਅਤੇ ਸੁਖ ਆਦਿ ਚਾਹੀਦੇ ਹਨ, ਉਹੀ ਪਰਿਵਾਰ ਜੀਵਨ ਦੀ ਆਸ ਤਿਆਗਕੇ ਯੁੱਧ ਦੇ ਮੈਦਾਨ ਵਿਚ ਖੜ੍ਹੇ ਹਨ। ਸਾਨੂੰ ਰਾਜ ਇੱਛਿਤ ਸੀ, ਤਾਂ ਪਰਿਵਾਰ ਨੂੰ ਲੈਕੇ, ਭੋਗ–ਸੁਖ ਅਤੇ ਧਨ ਦੀ ਪਿਪਾਸਾ ਸੀ, ਤਾਂ ਆਪਣੇ ਲੋਕਾਂ ਅਤੇ ਪਰਿਵਾਰ ਦੇ ਨਾਲ ਉਹਨਾਂ ਨੂੰ ਭੋਗਣ ਦੀ ਸੀ; ਪਰ ਜਦੋਂ ਸਭ ਦੇ ਸਭ ਪ੍ਰਾਣਾਂ ਦੀ ਆਸ ਤਿਆਗਕੇ ਖੜ੍ਹੇ ਹਨ, ਤਾਂ ਮੈਂਨੂੰ ਸੁਖ–ਰਾਜ ਜਾਂ ਭੋਗ ਨਹੀਂ ਚਾਹੀਦਾ। ਇਹ ਸਭ ਇਹਨਾਂ ਦੇ ਲਈ ਹੀ ਚੰਗੇ ਲਗਦੇ ਸਨ। ਇਹਨਾਂ ਤੋਂ ਅਲੱਗ ਹੋਣ ਤੇ ਸਾਨੂੰ ਇਹਨਾਂ ਦੀ ਲੋੜ ਨਹੀਂ ਹੈ। ਜਦ ਤਕ ਪਰਿਵਾਰ ਰਹੇਗਾ, ਤਦੇ ਤਕ ਇਹ ਵਾਸਨਾਵਾਂ ਵੀ ਰਹਿੰਦੀਆਂ ਹਨ। ਝੁੱਗੀ ਵਿਚ ਰਹਿਣ ਵਾਲਾ ਵੀ ਆਪਣੇ ਪਰਿਵਾਰ, ਮਿਤ੍ਰ ਅਤੇ ਆਪਣਿਆਂ ਨੂੰ ਮਾਰਕੇ ਦੁਨੀਆਂ ਦਾ ਰਾਜ ਸਵੀਕਾਰ ਨਹੀਂ ਕਰੇਗਾ। ਅਰਜੁਨ ਇਹੋ ਕਹਿੰਦਾ ਹੈ ਕਿ ਸਾਨੂੰ ਭੋਗ ਪ੍ਰਿਅ ਸਨ, ਜਿੱਤ ਪਿਆਰੀ ਸੀ, ਪਰ ਜਿਨ੍ਹਾਂ ਲਈ ਸੀ, ਜਦ ਉਹ ਹੀ ਨਹੀਂ ਰਹਿਣਗੇ ਤਾਂ ਭੋਗਾਂ ਨਾਲ ਕੀ ਮਤਲਬ ? ਇਸ ਯੁੱਧ ਵਿਚ ਮਾਰਨਾ ਕਿਸਨੂੰ ਹੈ ?

**आचार्या: पितर: पुत्रास्तथैव च पितामहा: ।**
**मातुला: श्वशुरा: पौत्रा: श्याला: सम्बन्धिनस्तथा ।।३४।।**

ਇਸ ਯੁੱਧ ਵਿਚ ਤਾਏ, ਚਾਚੇ, ਲੜਕੇ ਅਤੇ ਇਸੇ ਪ੍ਰਕਾਰ ਦਾਦੇ, ਮਾਮੇ, ਸਉਰੇ, ਪੋਤੇ, ਸਾਲੇ ਅਤੇ ਸਭ ਸੰਬੰਧੀ ਹੀ ਹਨ।

**एतान्न हन्तुमिच्छामि घ्नतोऽपि मधुसूदन।**
**अपि त्रैलोक्यराज्यस्य हेतोः किं नु महीकृते।।३५।।**

ਹੇ ਮਧੁਸੂਦਨ! ਤਿੰਨਾਂ ਲੋਕਾਂ ਦੇ ਰਾਜ ਲਈ ਵੀ ਮੈਂ ਇਹਨਾਂ ਨੂੰ ਮਾਰਨਾ ਨਹੀਂ ਚਾਹੁੰਦਾ; ਫੇਰ ਪ੍ਰਿਥਵੀ ਦੇ ਰਾਜ ਲਈ ਤਾਂ ਕਹਿਣਾ ਹੀ ਕੀ ?

ਅਠਾਰਾਂ ਅੱਖਸ਼ੌਹਿਣੀ ਸੈਨਾ ਵਿਚ ਅਰਜੁਨ ਨੂੰ ਆਪਣਾ ਪਰਿਵਾਰ ਹੀ ਵਿਖਾਈ ਦਿਤਾ। ਇਤਨੇ ਜ਼ਿਆਦਾ ਸੰਬੰਧੀ ਅਸਲ ਵਿਚ ਕੀ ਹਨ ? ਦਰਅਸਲ ਅਨੁਰਾਗ ਹੀ ਅਰਜੁਨ ਹੈ। ਭਜਨ ਦੇ ਆਰੰਭ ਵਿਚ ਹਰੇਕ ਅਨੁਰਾਗੀ ਦੇ ਸਾਮ੍ਹਣੇ ਇਹੋ ਸਮੱਸਿਆ ਰਹੀ ਹੈ। ਸਭ ਚਾਹੁੰਦੇ ਹਨ ਕਿ ਅਸੀਂ ਭਜਨ ਕਰੀਏ, ਉਸ ਪਰਮਸੱਚ ਨੂੰ ਪਾ ਲਈਏ। ਪਰ ਕਿਸੇ ਅਨੁਭਵੀ ਸਤਿਗੁਰੂ ਦੀ ਛੱਤਰ-ਛਾਇਆ ਵਿਚ ਕੋਈ ਅਨੁਰਾਗੀ ਜਦ ਖੇਤਰ ਅਤੇ ਖੇਤਰ ਦੇ ਜਾਣੂ ਦੇ ਸੰਘਰਸ਼ ਨੂੰ ਸਮਝਦਾ ਹੈ ਕਿ ਸਾਨੂੰ ਕਿਨ੍ਹਾਂ ਨਾਲ ਲੜਨਾ ਹੈ, ਤਾਂ ਉਹ ਹਤਾਸ਼ ਹੋ ਜਾਂਦਾ ਹੈ। ਉਹ ਚਾਹੁੰਦਾ ਹੈ ਕਿ ਸਾਡੇ ਪਿਤਾ ਦਾ ਪਰਿਵਾਰ, ਸਉਰਿਆਂ ਦਾ ਪਰਿਵਾਰ, ਮਾਮਿਆਂ ਦਾ ਪਰਿਵਾਰ, ਸੁਹਿਰਦੇ, ਮਿੱਤ੍ਰ ਅਤੇ ਗੁਰੂਜਨ ਨਾਲ ਰਹਿਣ, ਸਭ ਸੁਖੀ ਰਹਿਣ ਅਤੇ ਇਹਨਾਂ ਸਾਰਿਆਂ ਦੀ ਵਿਵਸਥਾ ਕਰਦੇ ਹੋਏ ਅਸੀਂ ਪਰਮਾਤਮ ਸਵਰੂਪ ਦੀ ਪ੍ਰਾਪਤੀ ਵੀ ਕਰ ਲਈਏ। ਪਰ ਜਦ ਉਹ ਸਮਝਦਾ ਹੈ ਕਿ ਆਰਾਧਨਾ ਵਿਚ ਅੱਗੇ ਵਧਣ ਲਈ ਪਰਿਵਾਰ ਨੂੰ ਛੱਡਣਾ ਹੋਵੇਗਾ, ਇਹਨਾਂ ਸੰਬੰਧਾਂ ਦਾ ਮੋਹ ਖ਼ਤਮ ਕਰਨਾ ਹੋਵੇਗਾ, ਤਾਂ ਉਹ ਉਤਾਵਲਾ ਹੋ ਉਠਦਾ ਹੈ।

ਪੂਜਯ ਮਹਾਰਾਜ ਜੀ ਕਿਹਾ ਕਰਦੇ ਸਨ 'ਮਰਨਾ ਅਤੇ ਸਾਧੂ ਹੋਣਾ ਬਰਾਬਰ ਹੈ।' ਸਾਧੂ ਦੇ ਲਈ ਸ੍ਰਿਸ਼ਟੀ ਵਿਚ ਦੂਜਾ ਕੋਈ ਜੀਉਂਦਾ ਭਾਵੇਂ ਹੋਵੇ, ਪਰ ਘਰ ਵਾਲਿਆਂ ਦੇ ਵਰਗੀ ਕੋਈ ਚੀਜ਼ ਨਹੀਂ ਹੈ। ਜੇ ਕੋਈ ਲਗਾਉ ਹੈ, ਤਾਂ ਮੋਹ ਸਮਾਪਤ ਹੀ ਕਿੱਥੇ ਹੋਇਆ ? ਜਿਥੋਂ ਤਕ ਲਗਾਉ ਹੈ, ਉਸਦਾ ਪੂਰਣ ਤਿਆਗ ਹੋਣ ਨਾਲ, ਉਸਦੀ ਹੋਂਦ ਮਿਟਣ ਨਾਲ ਹੀ ਉਸਦੀ ਜਿੱਤ ਹੈ। ਇਹਨਾਂ ਸੰਬੰਧਾਂ ਦਾ ਪ੍ਰਸਾਰ ਹੀ ਤਾਂ ਜਗਤ ਹੈ, ਵਰਨਾ ਜਗਤ ਵਿਚ ਸਾਡਾ ਕੀ ਹੈ ? '**तुलसीदास कह चिद् विलास जग, बूझत बूझत बूझै।**' ਮਨ ਦਾ ਪ੍ਰਸਾਰ ਹੀ ਜਗਤ ਹੈ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਵੀ ਮਨ ਦੇ ਪ੍ਰਸਾਰ ਨੂੰ ਜਗਤ ਕਹਿਕੇ ਸੰਬੋਧਿਤ ਕੀਤਾ। ਜਿਸਨੇ ਇਸਦੇ ਪ੍ਰਭਾਵ ਨੂੰ ਰੋਕ ਲਿਆ, ਉਸਨੇ ਸਾਰਾ ਜਗਤ ਹੀ ਜਿੱਤ ਲਿਆ 'इहैव तैर्जितः सर्गो येषां साम्ये स्थितं मनः' (गीता ५/११)

ਕੇਵਲ ਅਰਜੁਨ ਉਤਾਵਲਾ ਸੀ, ਇਹ ਗੱਲ ਨਹੀਂ ਹੈ। ਅਨੁਰਾਗ ਸਭ ਦੇ ਹਿਰਦੇ ਵਿਚ ਹੈ। ਹਰੇਕ ਅਨੁਰਾਗੀ ਉਤਾਵਲਾ ਹੁੰਦਾ ਹੈ, ਉਸਨੂੰ ਸੰਬੰਧੀ ਯਾਦ ਆਉਣ ਲਗਦੇ ਹਨ। ਪਹਿਲਾਂ ਉਹ ਸੋਚਦਾ ਸੀ ਕਿ ਜਦੋਂ ਭਜਨ ਨਾਲ ਕੁਝ ਲਾਭ ਹੋਵੇਗਾ, ਤਾਂ ਇਹ ਸਭ ਸੁਖੀ ਹੋਣਗੇ। ਇਹਨਾਂ ਦੇ ਨਾਲ ਰਹਿਕੇ ਉਸਨੂੰ ਭੋਗਾਂਗੇ। ਜਦ ਇਹ ਨਾਲ ਹੀ ਨਾ ਰਹੇ, ਤਾਂ ਸੁਖ ਲੈਕੇ ਕੀ ਕਰਾਂਗੇ? ਅਰਜੁਨ ਦੀ ਦ੍ਰਿਸ਼ਟੀ ਰਾਜ-ਸੁਖ ਤਕ ਹੀ ਸੀਮਿਤ ਸੀ। ਉਹ ਤ੍ਰਿਲੋਕ ਦੇ ਸਮਰਾਜ ਨੂੰ ਹੀ ਸੁਖ ਦੀ ਪਰਾਕਾਸ਼ਠਾ ਸਮਝਦਾ ਸੀ। ਇਸਤੋਂ ਅੱਗੇ ਵੀ ਕੋਈ ਸੱਚ ਹੈ, ਇਸਦੀ ਜਾਣਕਾਰੀ ਅਰਜੁਨ ਨੂੰ ਅਜੇ ਨਹੀਂ ਹੈ।

**निहत्य धार्तराष्ट्रान्नः का प्रीतिःस्याज्जनार्दन।**
**पापमेवाश्रयेदस्मान् हत्वैतानाततायिनः ।।३६।।**

ਹੇ ਜਨਾਰਦਨ ! ਧ੍ਰਿਤਰਾਸ਼ਟ੍ਰ ਦੇ ਪੁੱਤਰਾਂ ਨੂੰ ਮਾਰਕੇ ਵੀ ਸਾਨੂੰ ਕੀ ਪ੍ਰਸੰਨਤਾ ਹੋਵੇਗੀ ? ਜਿੱਥੇ ਧ੍ਰਿਤਰਾਸ਼ਟ੍ਰ ਅਰਥਾਤ ਧ੍ਰਿਸ਼ਟਤਾ ਦਾ ਰਾਸ਼ਟ੍ਰ ਹੈ, ਉਸਤੋਂ ਉਤਪੰਨ ਮੋਹਰੂਪੀ ਦੁਰਯੋਧਨ ਆਦਿ ਨੂੰ ਮਾਰਕੇ ਵੀ ਸਾਨੂੰ ਪਾਪ ਹੀ ਤਾਂ ਲਗੇਗਾ। ਜੋ ਜੀਵਨ-ਯਾਪਨ ਦੇ ਤੁੱਛ ਲਾਭ ਦੇ ਲਈ ਅਨੀਤੀ ਅਪਨਾਉਂਦਾ ਹੈ, ਉਹ ਜ਼ਾਲਮ ਕਹਾਉਂਦਾ ਹੈ; ਪਰ ਦਰਅਸਲ ਉਸ ਤੋਂ ਵੀ ਵੱਡਾ ਜ਼ਾਲਮ ਉਹ ਹੈ,

ਜੋ ਆਤਮਾ ਦੇ ਰਾਹ ਵਿਚ ਅਵਰੋਧ ਪੈਦਾ ਕਰਦਾ ਹੈ। ਆਤਮ ਦਰਸ਼ਨ ਵਿਚ ਬਾਧਕ ਕਾਮ, ਕ੍ਰੋਧ, ਲੋਭ, ਮੋਹ ਆਦਿ ਦਾ ਸਮੂਹ ਹੀ ਜ਼ਾਲਮ ਹੈ।

**तस्मान्नार्हा वयं हन्तुं धार्तराष्ट्रान्स्वबान्धवान् ।**
**स्वजनं हि कथं हत्वा सुखिन: स्याम माधव ।।३७ ।।**

ਇਸ ਲਈ ਹੇ ਮਾਧਵ ! ਆਪਣੇ ਸੰਬੰਧੀ ਧ੍ਰਿਤਰਾਸ਼ਟ੍ਰ ਦੇ ਪੁੱਤਰਾਂ ਨੂੰ ਮਾਰਨ ਦੇ ਲਈ ਅਸੀਂ ਯੋਗ ਨਹੀਂ ਹਾਂ। ਆਪਣੇ ਸੰਬੰਧੀ ਕਿਵੇਂ ? ਉਹ ਤਾਂ ਸ਼ਤਰੂ ਸਨ ਨਾ ! ਦਰਅਸਲ ਸਰੀਰ ਦੇ ਰਿਸ਼ਤੇ ਅਗਿਆਨ ਤੋਂ ਉਤਪੰਨ ਹੁੰਦੇ ਹਨ। ਇਹ ਮਾਮਾ ਹੈ, ਸੁਉਰਾਘਰ ਹੈ, ਸੰਬੰਧੀਆਂ ਦਾ ਸਮੂਹ ਹੈ ਇਹ ਸਭ ਅਗਿਆਨ ਹੀ ਤਾਂ ਹੈ। ਜਦ ਸਰੀਰ ਹੀ ਨਸ਼ਵਰ ਹੈ, ਤਾਂ ਇਸਦੇ ਰਿਸ਼ਤੇ ਕਿੱਥੇ ਰਹਿਣਗੇ ? ਮੋਹ ਹੈ, ਤਦੇ ਤਕ ਸੁਹਿਰਦ ਹਨ, ਸਾਡਾ ਪਰਿਵਾਰ ਹੈ, ਸਾਡੀ ਦੁਨੀਆਂ ਹੈ। ਮੋਹ ਨਹੀਂ ਤਾਂ ਕੁਝ ਵੀ ਨਹੀਂ। ਇਸੇ ਲਈ ਉਹ ਸ਼ਤਰੂ ਵੀ ਅਰਜੁਨ ਨੂੰ ਆਪਣੇ ਬੰਦੇ ਨਜ਼ਰ ਆਏ। ਉਹ ਕਹਿੰਦਾ ਹੈ ਕਿ ਆਪਣੇ ਕੁਟੁੰਬ ਨੂੰ ਮਾਰਕੇ ਅਸੀਂ ਕਿਵੇਂ ਸੁਖੀ ਹੋਵਾਂਗੇ? ਜੇ ਅਗਿਆਨ ਅਤੇ ਮੋਹ ਨਾ ਹੋਣ ਤਾਂ ਕੁਟੁੰਬ ਦਾ ਅਸਤਿੱਤਵ ਨਾ ਹੋਵੇ। ਇਹ ਅਗਿਆਨ ਗਿਆਨ ਹੋਣ ਦਾ ਪ੍ਰੇਰਕ ਵੀ ਹੈ। ਭਰਥਰੀ, ਤੁਲਸੀ ਆਦਿ ਅਨੇਕ ਮਹਾਪੁਰਸ਼ਾਂ ਨੂੰ ਵੈਰਾਗ ਦੀ ਪ੍ਰੇਰਣਾ ਪਤਨੀ ਤੋਂ ਮਿਲੀ, ਇਸੇ ਤਰਹਾਂ ਕੋਈ ਮਤਰੇਈ ਮਾਂ ਦੇ ਵਿਵਹਾਰ ਤੋਂ ਦੁਖੀ ਹੋਕੇ ਵੈਰਾਗ-ਮਾਰਗ ਵਲ ਵੱਧਦਾ ਨਜ਼ਰ ਆਉਂਦਾ ਹੈ।

**यद्यप्येते न पश्यन्ति लोभोपहतचेतस: ।**
**कुलक्षयकृतं दोषं मित्रद्रोहे च पातकम् ।।३८ ।।**

ਹਾਲਾਂਕਿ ਲੋਭ ਨਾਲ ਭ੍ਰਿਸ਼ਟ-ਚਿੱਤ ਹੋਏ ਇਹ ਲੋਕੀਂ ਕੁਲ-ਨਾਸ਼ ਤੋਂ ਹੋਣ ਵਾਲੇ ਦੋਸ਼ ਅਤੇ ਮਿੱਤ੍ਰ-ਦ੍ਰੋਹ ਦੇ ਪਾਪ ਨੂੰ ਨਹੀਂ ਵੇਖਦੇ; ਇਹ ਉਹਨਾਂ ਦੀ ਕਮੀ ਹੈ, ਫੇਰ ਵੀ

**कथं न ज्ञेयमस्माभि: पापादस्मान्निवर्तितुम् ।**
**कुलक्षयकृतं दोषं प्रपश्यद्भिर्जनार्दन ।।३९ ।।**

ਹੇ ਜਨਾਰਦਨ ! ਕੁਲ-ਨਾਸ਼ ਤੋਂ ਹੋਣ ਵਾਲੇ ਦੋਸ਼ਾਂ ਨੂੰ ਜਾਣਨ ਵਾਲੇ ਅਸਾਂ ਲੋਕਾਂ ਨੂੰ ਇਸ ਪਾਪ ਤੋਂ ਹਟਣ ਦੇ ਲਈ ਕਿਉਂ ਨਹੀਂ ਵਿਚਾਰ ਕਰਨਾ ਚਾਹੀਦਾ ? ਮੈਂ ਹੀ ਪਾਪ ਕਰਦਾ ਹਾਂ, ਐਸੀ ਗੱਲ ਨਹੀਂ ਆਪ ਵੀ ਭੁੱਲ ਕਰਨ ਜਾ ਰਹੇ ਹੋ! ਸ਼੍ਰੀ ਕ੍ਰਿਸ਼ਣ ਉਤੇ ਵੀ ਦੋਸ਼ ਲਗਾਇਆ। ਅਜੇ ਉਹ ਆਪਣੀ ਸਮਝ ਵਿਚ ਆਪਣੇ ਆਪ ਨੂੰ ਸ਼੍ਰੀ ਕ੍ਰਿਸ਼ਣ ਤੋਂ ਘਟ ਨਹੀਂ ਮੰਨਦਾ। ਹਰੇਕ ਨਵਾਂ ਸਾਧਕ ਸਤਿਗੁਰੂ ਦੀ ਸ਼ਰਨ ਜਾਕੇ ਇਸੇ ਪ੍ਰਕਾਰ ਤਰਕ ਕਰਦਾ ਹੈ ਅਤੇ ਆਪਣੇ ਮਨ ਨੂੰ ਜਾਣਕਾਰੀ ਵਿਚ ਘਟ ਨਹੀਂ ਸਮਝਦਾ। ਇਹੋ ਅਰਜੁਨ ਵੀ ਕਹਿੰਦਾ ਹੈ ਕਿ ਇਹ ਭਾਵੇਂ ਨਾ ਸਮਝਣ; ਪਰ ਅਸੀਂ-ਤੁਸੀਂ ਤਾਂ ਸਮਝਦਾਰ ਹਾਂ। ਕੁਲ-ਨਾਸ਼ ਦੇ ਦੋਸ਼ਾਂ ਉਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ। ਕੁਲ-ਨਾਸ਼ ਵਿਚ ਦੋਸ਼ ਕੀ ਹੈ ?

**कुलक्षये प्रणश्यन्ति कुलधर्मा: सनातना: ।**
**धर्मे नष्टे कुलं कृत्स्नमधर्मोऽभिभवत्युत ।।४० ।।**

ਕੁਲ ਦਾ ਨਾਸ਼ ਹੋਣ ਨਾਲ ਸਨਾਤਨ ਕੁਲਧਰਮ ਨਸ਼ਟ ਹੋ ਜਾਂਦੇ ਹਨ। ਅਰਜੁਨ ਕੁਲਧਰਮ, ਕੁਲ ਦੇ ਆਚਰਣ ਨੂੰ ਸਤਾਤਨ ਧਰਮ ਸਮਝ ਰਿਹਾ ਸੀ। ਧਰਮ ਦਾ ਨਾਸ਼ ਹੋਣ ਤੇ ਸੰਪੂਰਣ ਕੁਲ ਨੂੰ ਪਾਪ ਵੀ ਬਹੁਤ ਦਬਾ ਲੈਂਦਾ ਹੈ।

**अधर्माभिभवात्कृष्ण प्रदुष्यन्ति कुलस्त्रिय: ।**
**स्त्रीषु दुष्टासु वार्ष्णेय जायते वर्णसङ्कर: ।।४१।।**

ਹੇ ਕ੍ਰਿਸ਼ਣ ! ਪਾਪ ਦੇ ਬਹੁਤ ਵੱਧ ਜਾਣ ਨਾਲ ਕੁਲ ਦੀਆਂ ਇਸਤ੍ਰੀਆਂ ਦੂਸ਼ਿਤ ਹੋ ਜਾਂਦੀਆਂ ਹਨ। ਹੇ ਵਾਰਸ਼ਣੇਆ! ਇਸਤ੍ਰੀਆਂ ਦੇ ਦੂਸ਼ਿਤ ਹੋਣ ਨਾਲ ਵਰਣਸੰਕਰ (ਦੋਗਲੀ ਸੰਤਾਨ) ਉਤਪੰਨ ਹੁੰਦਾ ਹੈ। ਅਰਜੁਨ ਸਮਝਦਾ ਸੀ ਕਿ ਕੁਲ ਦੀ ਇਸਤ੍ਰੀਆਂ ਦੇ ਦੂਸ਼ਿਤ ਹੋਣ ਨਾਲ ਵਰਣਸੰਕਰ ਹੁੰਦਾ ਹੈ; ਪਰ ਸ਼੍ਰੀ ਕ੍ਰਿਸ਼ਣ ਨੇ ਇਸਦਾ ਖੰਡਨ ਕਰਦੇ ਹੋਏ ਅੱਗੇ ਦੱਸਿਆ ਕਿ ਮੈਂ ਅਥਵਾ ਸਵਰੂਪ ਵਿਚ ਸਥਿਤ ਮਹਾਂਪੁਰਸ਼ ਜੇ ਆਰਾਧਨਾ-ਕ੍ਰਮ ਵਿਚ ਭਰਮ ਉਤਪੰਨ ਕਰ ਦੇਣ, ਤਾਂ ਵਰਣਸੰਕਰ ਹੁੰਦਾ ਹੈ। ਵਰਣਸੰਕਰ ਦੇ ਦੋਸ਼ਾਂ ਉਤੇ ਅਰਜੁਨ ਪ੍ਰਕਾਸ਼ ਪਾਉਂਦਾ ਹੈ

**सङ्करो नरकायैव कुलघ्नानां कुलस्य च ।**
**पतन्ति पितरो ह्येषां लुप्तपिण्डोदकक्रिया: ।।४२।।**

ਵਰਣਸੰਕਰ ਕੁਲਘਾਤੀਆਂ ਲਈ ਅਤੇ ਕੁਲ ਨੂੰ ਨਰਕ ਵਿਚ ਲੈ ਜਾਣ ਲਈ ਹੀ ਹੁੰਦਾ ਹੈ। ਲੁਪਤ ਹੋਈ ਪਿੰਡਕ੍ਰਿਆ ਵਾਲੇ ਇਹਨਾਂ ਦੇ ਪਿਤਰ ਲੋਕ ਵੀ ਡਿੱਗ ਪੈਂਦੇ ਹਨ। ਵਰਤਮਾਨ ਨਸ਼ਟ ਹੋ ਜਾਂਦਾ ਹੈ, ਅਤੀਤ ਦੇ ਪਿਤਰ ਗਿਰ ਜਾਂਦੇ ਹਨ ਅਤੇ ਭਵਿੱਖ ਵਾਲੇ ਵੀ ਡਿੱਗਣਗੇ, ਐਨ੍ਹਾ ਹੀ ਨਹੀਂ;

**दोषैरेतै: कुलघ्नानां वर्णसङ्करकारकै: ।**
**उत्साद्यन्ते जातिधर्मा: कुलधर्माश्च शाश्वता: ।।४३।।**

ਇਹਨਾਂ ਵਰਣਸੰਕਰ-ਕਾਰਕ ਦੋਸ਼ਾਂ ਨਾਲ ਕੁਲ ਅਤੇ ਕੁਲਘਾਤੀਆਂ ਦੇ ਸਨਾਤਨ ਕੁਲਧਰਮ ਅਤੇ ਜਾਤੀਧਰਮ ਨਸ਼ਟ ਹੋ ਜਾਂਦੇ ਹਨ। ਅਰਜੁਨ ਮੰਨਦਾ ਸੀ ਕਿ ਕੁਲਧਰਮ ਸਨਾਤਨ ਹੈ, ਕੁਲਧਰਮ ਹੀ ਸ਼ਾਸ਼ਵਤ ਹੈ। ਪਰ ਸ਼੍ਰੀ ਕ੍ਰਿਸ਼ਣ ਨੇ ਇਸਦਾ ਖੰਡਨ ਕੀਤਾ ਅਤੇ ਅੱਗੇ ਦਸਿਆ ਕਿ ਆਤਮਾ ਹੀ ਸਨਾਤਨ-ਸ਼ਾਸ਼ਵਤ ਧਰਮ ਹੈ। ਵਾਸਤਵਿਕ ਸਨਾਤਨ ਧਰਮ ਨੂੰ ਜਾਣਨ ਤੋਂ ਪਹਿਲਾਂ ਮਨੁੱਖ ਧਰਮ ਦੇ ਨਾਮ ਉਤੇ ਕਿਸੇ ਨਾ ਕਿਸੇ ਰੂੜ੍ਹੀ ਨੂੰ ਜਾਣਦਾ ਹੈ। ਠੀਕ ਇਸੇ ਪ੍ਰਕਾਰ ਅਰਜੁਨ ਵੀ ਜਾਣਦਾ ਹੈ, ਜੋ ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਇਕ ਰੂੜ੍ਹੀ ਹੈ :

**उत्सन्नकुलधर्माणां मनुष्याणां जनार्दन ।**
**नरकेऽनियतं वासो भवतीत्यनुशुश्रुम ।।४४।।**

ਹੇ ਜਨਾਰਦਨ ! ਨਸ਼ਟ ਹੋਏ ਕੁਲਧਰਮ ਵਾਲੇ ਮਨੁੱਖਾਂ ਦਾ ਅਨੰਤਕਾਲ ਤਕ ਨਰਕ ਵਿਚ ਵਾਸ ਹੁੰਦਾ ਹੈ, ਐਸਾ ਅਸੀਂ ਸੁਣਿਆ ਹੈ। ਕੁਲਧਰਮ ਹੀ ਨਸ਼ਟ ਨਹੀਂ ਹੁੰਦਾ, ਬਲਕਿ ਸ਼ਾਸ਼ਵਤ ਸਨਾਤਨ ਧਰਮ ਵੀ ਨਸ਼ਟ ਹੋ ਜਾਂਦਾ ਹੈ। ਜਦ ਧਰਮ ਹੀ ਨਸ਼ਟ ਹੋ ਗਿਆ, ਤਾਂ ਏਹੋ ਜਿਹੇ ਪੁਰਸ਼ ਦਾ ਅਨੰਤਕਾਲ ਤਕ ਨਰਕ ਵਿਚ ਨਿਵਾਸ ਹੁੰਦਾ ਹੈ, ਇਹ ਅਸੀਂ ਸੁਣਿਆ ਹੈ। ਵੇਖਿਆ ਨਹੀਂ ਸੁਣਿਆ ਹੈ।

**अहो बत महत्पापं कर्तुं व्यवसिता वयम् ।**
**यद्राज्यसुखलोभेन हन्तुं स्वजनमुद्यता: ।।४५।।**

ਦੁਖ ਹੈ ਕਿ ਅਸੀਂ ਲੋਕ ਬੁੱਧੀਮਾਨ ਹੋਕੇ ਵੀ ਘੋਰ ਪਾਪ ਕਰਨ ਲਈ ਤਿਆਰ ਹੋਏ ਹਾਂ। ਰਾਜ ਅਤੇ ਸੁਖ ਦੇ ਲੋਭ ਨਾਲ ਆਪਣੇ ਕੁਲ ਨੂੰ ਮਾਰਣ ਲਈ ਤਿਆਰ ਹੋਏ ਹਾਂ।

ਅਜੇ ਅਰਜੁਨ ਖ਼ੁਦ ਨੂੰ ਘੱਟ ਗਿਆਤਾ ਨਹੀਂ ਸਮਝਦਾ। ਆਰੰਭ ਵਿਚ ਹਰੇਕ ਸਾਧਕ ਇਸੇ ਪ੍ਰਕਾਰ ਬੋਲਦਾ ਹੈ। ਮਹਾਤਮਾ ਬੁੱਧ ਦਾ ਕਥਨ ਹੈ ਕਿ 'ਮਨੁੱਖ ਜਦ ਅਧੂਰੀ ਜਾਣਕਾਰੀ ਰੱਖਦਾ ਹੈ, ਤਾਂ ਖ਼ੁਦ ਨੂੰ ਮਹਾਨ ਗਿਆਨੀ ਸਮਝਦਾ ਹੈ ਅਤੇ ਜਦ ਅੱਧੇ ਤੋਂ ਅੱਗੇ ਦੀ ਜਾਣਾਕਾਰੀ ਹਾਸਲ ਕਰਨ ਲਗਦਾ ਹੈ, ਤਾਂ ਖ਼ੁਦ ਨੂੰ ਮਹਾ ਮੂਰਖ ਸਮਝਦਾ ਹੈ।' ਠੀਕ ਇਸੇ ਪ੍ਰਕਾਰ ਅਰਜੁਨ ਵੀ ਖ਼ੁਦ ਨੂੰ ਗਿਆਨੀ ਹੀ ਸਮਝਦਾ ਹੈ। ਉਹ ਸ਼੍ਰੀ ਕ੍ਰਿਸ਼ਣ ਨੂੰ ਹੀ ਸਮਝਾਉਂਦਾ ਹੈ ਕਿ ਉਸ ਪਾਪ ਨਾਲ ਪਰਮ ਕਲਿਆਨ ਹੋਵੇ, ਇਹ ਗੱਲ ਵੀ ਨਹੀਂ, ਕੇਵਲ ਰਾਜ ਅਤੇ ਸੁਖ ਦੇ ਲੋਭ ਵਿਚ ਪੈਕੇ ਅਸੀਂ ਲੋਕ ਕੁਲ-ਨਾਸ਼ ਕਰਨ ਨੂੰ ਤਿਆਰ ਹੋਏ ਹਾਂ ਵੱਡੀ ਭੁੱਲ ਕਰ ਰਹੇ ਹਾਂ। ਅਸੀਂ ਹੀ ਭੁੱਲ ਕਰ ਰਹੇ ਹਾਂ ਇਹ ਗੱਲ ਨਹੀਂ, ਤੁਸੀਂ ਵੀ ਭੁੱਲ ਕਰ ਰਹੇ ਹੋ। ਇਕ ਧੱਕਾ ਸ਼੍ਰੀਕ੍ਰਿਸ਼ਣ ਨੂੰ ਵੀ ਦਿਤਾ। ਅੰਤ ਵਿਚ ਅਰਜੁਨ ਆਪਣਾ ਫੈਸਲਾ ਦੇਂਦਾ ਹੈ

**यदि मामप्रतीकारमशस्त्रं शस्त्रपाणयः ।**
**धार्तराष्ट्रा रणे हन्युस्तन्मे क्षेमतरं भवेत् ।।४६ ।।**

ਜੇ ਸ਼ਸਤ੍ਰਰਹਿਤ, ਮੁਕਾਬਲਾ ਨਾ ਕਰਨਵਾਲੀ ਹਾਲਤ ਵਿਚ ਮੈਨੂੰ ਸ਼ਸਤ੍ਰਧਾਰੀ ਧ੍ਰਿਤਰਾਸ਼ਟ੍ਰ ਦੇ ਪੁੱਤਰ ਯੁੱਧ ਵਿਚ ਮਾਰਨ, ਤਾਂ ਉਹਨਾਂ ਦਾ ਉਹ ਮਾਰਨਾ ਵੀ ਮੇਰੇ ਲਈ ਅਤਿ ਕਲਿਆਨਕਾਰੀ ਹੋਵੇਗਾ। ਇਤਿਹਾਸ ਤਾਂ ਕਹੇਗਾ ਕਿ ਅਰਜੁਨ ਸਮਝਦਾਰ ਸੀ, ਜਿਸਨੇ ਆਪਣੀ ਬਲੀ ਦੇਕੇ ਯੁੱਧ ਨੂੰ ਰੋਕ ਲਿਆ। ਲੋਕੀਂ ਪ੍ਰਾਣਾਂ ਦੀ ਬਲੀ ਦੇ ਛੱਡਦੇ ਹਨ ਕਿ ਭੋਲੇਭਾਲੇ ਮਾਸੂਮ ਬੱਚੇ ਸੁਖੀ ਰਹਿਣ, ਕੁਲ ਤਾਂ ਬਚਿਆ ਰਹੇ। ਮਨੁੱਖ ਵਿਦੇਸ਼ ਚਲਾ ਜਾਏ, ਸ਼ਾਨਦਾਰ ਮਹਿਲ ਵਿਚ ਰਹੇ, ਪਰ ਦੋ ਦਿਨ ਬਾਅਦ ਉਸਨੂੰ ਆਪਣੀ ਛੱਡੀ ਹੋਈ ਝੁੱਗੀ ਯਾਦ ਆਉਣ ਲਗਦੀ ਹੈ। ਮੋਹ ਐਨ੍ਹਾਂ ਪ੍ਰਬਲ ਹੁੰਦਾ ਹੈ। ਇਸੇ ਲਈ ਅਰਜੁਨ ਕਹਿੰਦਾ ਹੈ ਕਿ ਸ਼ਸਤ੍ਰਧਾਰੀ ਧ੍ਰਿਤਰਾਸ਼ਟ੍ਰ ਦੇ ਪੁੱਤਰ ਮੈਨੂੰ ਵਿਰੋਧ ਨਾ ਕਰਨ ਦੀ ਹਾਲਤ ਵਿਚ ਵੀ ਰਣਭੂਮੀ ਵਿਚ ਮਾਰ ਦੇਣ, ਤਾਂਵੀ ਉਹ ਮੇਰੇ ਲਈ ਅਤਿ ਕਲਿਆਨਕਾਰੀ ਹੋਵੇਗਾ, ਤਾਂਕਿ ਲੜਕੇ ਤਾਂ ਸੁਖੀ ਰਹਿਣ।

### ਸੰਜਯ ਉਵਾਚ

**एवमुक्त्वार्जुनः संख्ये रथोपस्थ उपाविशत् ।**
**विसृज्य सशरं चापं शोकसंविग्नमानसः ।।४७ ।।**

ਸੰਜਯ ਬੋਲਿਆ ਕਿ ਰਣਭੂਮੀ ਵਿਚ ਸੋਗਭਰੇ ਮਨਵਾਲਾ ਅਰਜੁਨ ਇਸ ਤਰ੍ਹਾਂ ਕਹਿਕੇ ਬਾਣਸਹਿਤ ਧਨੁਸ਼ ਨੂੰ ਤਿਆਗਕੇ ਰੱਥ ਦੇ ਪਿਛਲੇ ਪਾਸੇ ਵਿੱਚ ਬੈਠ ਗਿਆ, ਅਰਥਾਤ ਖੇਤਰ ਦੇ ਸੰਘਰਸ਼ ਵਿਚ ਹਿੱਸਾ ਲੈਣ ਤੋਂ ਪਿੱਛੇ ਹਟ ਗਿਆ।

**ਸਾਰ**

*ਗੀਤਾ ਖੇਤਰ-ਖੇਤਰ ਦੇ ਜਾਣਕਾਰ ਦੇ ਯੁੱਧ ਦਾ ਨਿਰੂਪਣ ਹੈ। ਇਹ ਈਸ਼ਵਰੀ ਗੁਣਾਂ ਨਾਲ ਸੰਪੰਨ ਭਗਵਤ-ਸਵਰੂਪ ਨੂੰ ਦਿਖਾਉਣ ਵਾਲਾ ਗਾਇਨ ਹੈ। ਇਹ ਗਾਇਨ ਜਿਸ ਖੇਤਰ ਵਿਚ ਹੁੰਦਾ ਹੈ, ਉਹ ਯੁੱਧ-ਖੇਤਰ 'ਸਰੀਰ' ਹੈ। ਜਿਸ ਵਿਚ ਦੋ ਪ੍ਰਵਿਰਤੀਆਂ ਹਨ 'ਧਰਮਖੇਤਰ' ਅਤੇ 'ਕੁਰੁਖੇਤਰ', ਇਹਨਾਂ ਸੈਨਾਵਾਂ ਦਾ ਸਵਰੂਪ ਅਤੇ ਉਹਨਾਂ ਦੇ ਬਲ ਦਾ ਆਧਾਰ ਦਸਿਆ ਗਿਆ, ਸ਼ੰਖਧੁਨੀ ਨਾਲ ਉਹਨਾਂ ਦੇ ਪਰਾਕਰਮ ਦੀ ਜਾਣਕਾਰੀ ਮਿਲੀ। ਤਦੋਪਰਾਂਤ ਜਿਸ ਸੈਨਾ ਨਾਲ ਲੜਨਾ ਹੈ, ਉਸਦਾ ਨਿਰੀਖਣ ਹੋਇਆ, ਜਿਸਦੀ ਗਿਣਤੀ ਅਠਾਰਾਂ ਅੱਖਸ਼ੌਹਿਣੀ (ਲਗਭਗ ਸਾਡੇ ਛੇ ਅਰਬ) ਕਹੀ ਜਾਂਦੀ ਹੈ; ਪਰ ਦਰਅਸਲ ਉਹ ਅਨੰਤ ਹਨ। ਪ੍ਰਕ੍ਰਿਤੀ ਦੇ ਦ੍ਰਿਸ਼ਟੀਕੋਣ ਦੋ ਹਨ ਇਕ ਇਸ਼ਟਮੁਖੀ ਪ੍ਰਵਿਰਤੀ 'ਦੈਵੀ ਸੰਪੱਤੀ', ਦੂਜੀ ਬਾਰਹਮੁਖੀ ਪ੍ਰਵਿਰਤੀ 'ਆਸੁਰੀ ਸੰਪੱਤੀ', ਦੋਨੋਂ*

*ਪ੍ਰਕ੍ਰਿਤੀ ਦੇ ਰੂਪ ਹਨ। ਇਕ ਇਸ਼ਟ ਵਲ ਲੈ ਜਾਂਦਾ ਹੈ, ਪਰਮਧਰਮ ਪਰਮਾਤਮਾ ਵਲ ਲੈ ਜਾਂਦਾ ਹੈ ਅਤੇ ਦੂਜਾ ਪ੍ਰਕ੍ਰਿਤੀ ਵਿਚ ਵਿਸ਼ਵਾਸ ਦਿਵਾਉਂਦਾ ਹੈ। ਪਹਿਲਾਂ ਦੈਵੀ ਸੰਪੱਤੀ ਨੂੰ ਸਾਧਕੇ ਆਸੁਰੀ ਸੰਪੱਤੀ ਦਾ ਅੰਤ ਕੀਤਾ ਜਾਂਦਾ ਹੈ, ਫੇਰ ਸ਼ਾਸ਼ਵਤ ਸਨਾਤਨ ਪਰਬ੍ਰਹਮ ਦੇ ਮਾਰਗਦਰਸ਼ਨ ਅਤੇ ਉਸ ਵਿਚ ਸਥਿਤੀ ਦੇ ਨਾਲ ਦੈਵੀ ਸੰਪੱਤੀ ਦੀ ਲੋੜ ਬਾਕੀ ਰਹਿ ਜਾਂਦੀ ਹੈ, ਯੁੱਧ ਦਾ ਪਰਿਣਾਮ ਨਿਕਲ ਆਉ ਂਦਾ ਹੈ।*

ਅਰਜੁਨ ਨੂੰ ਸੈਨਾ ਦੇ ਨਿਰੀਖਣ ਵਿਚ ਆਪਣਾ ਪਰਿਵਾਰ ਹੀ ਦਿਖਾਈ ਦੇਂਦਾ ਹੈ, ਜਿਸਨੂੰ ਮਾਰਨਾ ਹੈ। ਜਿੱਥੋਂ ਤਕ ਸੰਬੰਧ ਹਨ, ਉੱਥੋਂ ਤਕ ਹੀ ਜਗਤ ਹੈ। ਅਨੁਰਾਗ ਦੇ ਪਹਿਲੇ ਚਰਣ ਵਿਚ ਪਰਿਵਾਰਕ ਮੋਹ ਬਾਧਕ ਬਣਦਾ ਹੈ। ਸਾਧਕ ਜਦ ਵੇਖਦਾ ਹੈ ਕਿ ਮਧੁਰ ਸੰਬੰਧਾਂ ਤੋਂ ਐਨ੍ਹੀ ਦੂਰੀ ਹੋ ਜਾਏਗੀ, ਜਿਵੇਂ ਉਹ ਹੈ ਹੀ ਨਹੀਂ ਸਨ, ਤਾਂ ਉਸਨੂੰ ਘਬਰਾਹਟ ਹੋਣ ਲਗਦੀ ਹੈ। ਸੰਬੰਧੀਆਂ ਦੇ ਮੋਹ ਨੂੰ ਮਾਰਨ ਵਿਚ ਉਸਨੂੰ ਕਲਿਆਨ ਦਿਖਾਈ ਨਹੀਂ ਦਿੰਦਾ। ਉਹ ਪ੍ਰਚਲਿਤ ਰੂੜ੍ਹੀਆਂ ਵਿਚ ਆਪਣਾ ਬਚਾਅ ਲਭੱਣ ਲਗਦਾ ਹੈ, ਜਿਵੇਂ ਅਰਜੁਨ ਨੇ ਕੀਤਾ। ਉਸਨੇ ਕਿਹਾ-''ਕੁਲਧਰਮ ਹੀ ਸਨਾਤਨ ਧਰਮ ਹੈ। ਇਸ ਯੁੱਧ ਨਾਲ ਸਨਾਤਨ ਧਰਮ ਨਸ਼ਟ ਹੋ ਜਾਏਗਾ, ਕੁਲ ਦੀਆਂ ਇਸਤ੍ਰੀਆਂ ਦੂਸ਼ਿਤ ਹੋਣਗੀਆਂ, ਵਰਣਸੰਕਰ ਪੈਦਾ ਹੋਏਗਾ, ਜੋ ਕੁਲ ਅਤੇ ਕੁਲਘਾਤੀਆਂ ਨੂੰ ਅਨੰਤਕਾਲ ਤਕ ਨਰਕ ਵਿਚ ਲੈ ਜਾਣ ਲਈ ਹੀ ਹੁੰਦਾ ਹੈ।'' ਅਰਜੁਨ ਆਪਣੀ ਸਮਝ ਨਾਲ 'ਸਨਾਤਨ ਧਰਮ' ਦੀ ਰੱਖਿਆ ਲਈ ਕਾਹਲਾ ਹੈ। ਉਸਨੇ ਸ਼੍ਰੀ ਕ੍ਰਿਸ਼ਣ ਨੂੰ ਬੇਨਤੀ ਕੀਤੀ ਕਿ ਅਸੀਂ ਲੋਕ ਸਮਝਦਾਰ ਹੋਕੇ ਵੀ ਇਹ ਮਹਾ ਪਾਪ ਕਿਉਂ ਕਰੀਏ? ਅਰਥਾਤ ਸ਼੍ਰੀਕ੍ਰਿਸ਼ਣ ਵੀ ਪਾਪ ਕਰਨ ਜਾ ਰਹੇ ਹਨ। ਆਖ਼ਿਰਕਾਰ ਪਾਪ ਤੋਂ ਬਚਣ ਲਈ 'ਮੈਂ ਯੁੱਧ ਨਹੀਂ ਕਰਾਂਗਾ'-ਇਹ ਕਹਿੰਦਾ ਹੋਇਆ ਨਿਰਾਸ਼ ਅਰਜੁਨ ਰੱਥ ਦੇ ਪਿਛਲੇ ਪਾਸੇ ਬੈਠ ਗਿਆ; ਖੇਤਰ-ਖੇਤਰ ਦੇ ਜਾਣਕਾਰ ਦੇ ਸੰਘਰਸ਼ ਤੋਂ ਪਿੱਛੇ ਹਟ ਗਿਆ।

*ਟੀਕਾਕਾਰਾਂ ਨੇ ਇਸ ਅਧਿਆਇ ਨੂੰ 'ਅਰਜੁਨ ਵਿਸ਼ਾਦ ਯੋਗ', ਕਿਹਾ ਹੈ। ਅਰਜੁਨ ਅਨੁਰਾਗ ਦਾ ਪ੍ਰਤੀਕ ਹੈ। ਸਨਾਤਨ ਧਰਮ ਦੇ ਲਈ ਚਿੰਤਿਤ ਹੋਣ ਵਾਲੇ ਅਨੁਰਾਗੀ ਦਾ ਵਿਸ਼ਾਦ ਯੋਗ ਦਾ ਕਾਰਣ ਬਣਦਾ ਹੈ। ਇਹੋ ਨਿਰਾਸਤਾ ਮਨੂ ਨੂੰ ਹੋਈ ਸੀ। 'ह्रदय बहुत दुख लाग, जनम गयउ हरि भगति बिनु।' (ਰਾ. ੧/੧੪੨) ਸ਼ੰਕਾ ਵਿਚ ਪੈਕੇ ਹੀ ਮਨੁੱਖ ਵਿਖਿਆਦ ਕਰਦਾ ਹੈ। ਜਿਸਨੂੰ ਸੰਦੇਹ ਸੀ ਕਿ ਵਰਣਸੰਕਰ ਪੈਦਾ ਹੋਏਗਾ, ਜੋ ਨਰਕ ਵਿਚ ਲੈ ਜਾਏਗਾ। ਸਨਾਤਨ ਧਰਮ ਦੇ ਨਸ਼ਟ ਹੋਣ ਦੀ ਵੀ ਉਸਨੂੰ ਨਿਰਾਸਤਾ ਸੀ। ਇਸ ਲਈ 'ਸ਼ੰਕਾ-ਨਿਰਾਸਤਾ-ਯੋਗ' ਦਾ ਆਮ ਨਾਮਕਰਣ ਇਸ ਅਧਿਆਇ ਲਈ ਢੁਕਵਾਂ ਹੈ। ਇਸ ਲਈ -*

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'संशय-विषाद-योगो' नाम प्रथमोऽध्याय ।। १ ।।**

ਇਸ ਲਈ ਸ਼੍ਰੀਮਦਭਗਵਦਗੀਤਾਰੂਪੀ ਉਪਨਿਸ਼ਦ ਅਤੇ ਬ੍ਰਹਮਵਿਦਿਆ ਅਤੇ ਯੋਗਸ਼ਾਸਤ੍ਰ ਸੰਬੰਧੀ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਸੰਸਾ-ਨਿਰਾਸਤਾ-ਯੋਗ' ਨਾਮਕ ਪਹਿਲਾ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'संशय-विषाद-योगो' नाम प्रथमोऽध्याय: ।। १ ।।**

**।। ਹਰੀ ਓਮ ਤਤਸਤਿ ।।**

### ਓਮ

### ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਦੂਜਾ ਅਧਿਆਇ

ਪਹਿਲਾ ਅਧਿਆਇ ਗੀਤਾ ਦੀ ਪ੍ਰਵੇਸ਼ਿਕਾ ਹੈ, ਜਿਸ ਵਿਚ ਆਰੰਭ ਵਿਚ ਰਾਹੀ ਨੂੰ ਪ੍ਰਤੀਤ ਹੋਣ ਵਾਲੀਆਂ ਉਲਝਨਾਂ ਦਾ ਚਿਤ੍ਰਣ ਹੈ। ਲੜਨ ਵਾਲੇ ਸੰਪੂਰਣ ਕੌਰਵ-ਪਾਂਡਵ ਸਨ, ਪਰ ਸੰਸਾ ਦਾ ਪਾਤਰ ਮਾਤਰ ਅਰਜੁਨ ਹੈ। ਅਨੁਰਾਗ ਹੀ ਅਰਜੁਨ ਹੈ। ਇਸ਼ਟ ਦੇ ਅਨੁਰੂਪ ਰਾਗ ਹੀ ਰਾਹੀ ਨੂੰ ਖੇਤਰ-ਖੇਤ੍ਰਗਿਅ (ਖੇਤਰ ਦੇ ਜਾਣੂ) ਦੇ ਸੰਘਰਸ਼ ਲਈ ਪ੍ਰੇਰਿਤ ਕਰਦਾ ਹੈ। ਅਨੁਰਾਗ ਆਰੰਭਕ ਅਵਸਥਾ ਹੈ। ਪੂਜਯ ਮਹਾਰਾਜ ਜੀ ਕਹਿੰਦੇ ਸਨ ''ਸਤਿਗ੍ਰਹਿਸਥ ਆਸ਼ਰਮ ਵਿਚ ਰਹਿੰਦੇ ਹੋਏ ਪਛਤਾਵਾ ਹੋਣ ਲਗੇ, ਅਥਰੂ ਵਹਿ ਨਿਕਲਦੇ ਹੋਣ, ਕੰਠ ਭਰ ਆਉਂਦਾ ਹੋਵੇ, ਤਾਂ ਸਮਝਣਾ ਕਿ ਇਥੋਂ ਹੀ ਭਜਨ ਆਰੰਭ ਹੋ ਗਿਆ।'' ਅਨੁਰਾਗ ਵਿਚ ਇਹ ਸਭ ਕੁਝ ਆ ਜਾਂਦਾ ਹੈ। ਉਸ ਵਿਚ ਧਰਮ, ਨਿਯਮ, ਸਤਿਸੰਗ, ਭਾਵ, ਸਭੋ ਮੌਜੂਦ ਹੋਣਗੇ।

ਅਨੁਰਾਗ ਦੇ ਪ੍ਰਥਮ ਚਰਣ ਵਿਚ ਪਰਿਵਾਰਕ ਮੋਹ ਬਾਧਕ ਬਣਦਾ ਹੈ। ਪਹਿਲਾਂ ਸਭ ਚਾਹੁੰਦੇ ਹਨ ਕਿ ਅਸੀਂ ਉਸ ਪਰਮ ਸੱਚ ਨੂੰ ਪ੍ਰਾਪਤ ਕਰ ਲਈਏ, ਪਰ ਅੱਗੇ ਵਧਣ ਤੇ ਉਹ ਵੇਖਦਾ ਹੈ ਕਿ ਇਹਨਾਂ ਮਧੁਰ ਸੰਬੰਧਾਂ ਨੂੰ ਤੋੜਨਾ ਹੋਵੇਗਾ, ਤਾਂ ਨਿਰਾਸ ਹੋ ਜਾਂਦਾ ਹੈ। ਉਹ ਪਹਿਲਾਂ ਤੋਂ ਜੋ ਕੁਝ ਧਰਮ-ਕਰਮ ਮੰਨਕੇ ਕਰਦਾ ਸੀ, ਉਨੇ ਵਿਚ ਹੀ ਸੰਤੋਸ਼ ਕਰਨ ਲਗਦਾ ਹੈ। ਆਪਣੇ ਮੋਹ ਦੀ ਪੁਸ਼ਟੀ ਲਈ ਉਹ ਪ੍ਰਚਲਿਤ ਰੂੜ੍ਹੀਆਂ ਦਾ ਪ੍ਰਮਾਣ ਵੀ ਪੇਸ਼ ਕਰਦਾ ਹੈ ਜਿਵੇਂ ਅਰਜੁਨ ਨੇ ਕੀਤਾ ਕਿ 'ਕੁਲਧਰਮ ਸਨਾਤਨ' ਹੈ। ਯੁੱਧ ਨਾਲ ਸਨਾਤਨ ਧਰਮ ਦਾ ਲੋਪ ਹੋਵੇਗਾ, ਕੁਲਨਾਸ਼ ਹੋਵੇਗਾ, ਸਵੱਛਾਚਾਰ (ਨਿਰੰਕੁਸ਼ਤਾ) ਫੈਲੇਗਾ। ਇਹ ਅਰਜੁਨ ਦਾ ਉੱਤਰ ਨਹੀਂ ਸੀ, ਬਲਕਿ ਸਤਿਗੁਰੁ ਦੀ ਸਮੀਪਤਾ ਤੋਂ ਪਹਿਲਾਂ ਅਪਨਾਈ ਗਈ ਇਕ ਕੁਰੀਤਿ ਮਾਤਰ ਸੀ।

ਇਹਨਾਂ ਹੀ ਕੁਰੀਤੀਆਂ ਵਿਚ ਫੱਸਕੇ ਮਨੁੱਖ ਵੱਖ-ਵੱਖ ਧਰਮ, ਅਨੇਕ ਸੰਪ੍ਰਦਾਇ, ਛੋਟੇ-ਵੱਡੇ ਗੁਟ ਅਤੇ ਅਨੇਕ ਜਾਤੀਆਂ ਦੀ ਰਚਨਾ ਕਰ ਲੈਂਦਾ ਹੈ। ਕੋਈ ਨੱਕ ਦਬਾਉਂਦਾ ਹੈ, ਕੋਈ ਕੰਨ ਪਾੜਦਾ ਹੈ, ਕਿਸੇ ਦੇ ਛੋਹਣ ਨਾਲ ਧਰਮ ਨਸ਼ਟ ਹੁੰਦਾ ਹੈ, ਤਾਂ ਕਿਧਰੇ ਰੋਟੀ-ਪਾਣੀ ਨਾਲ ਧਰਮ ਨਸ਼ਟ ਹੁੰਦਾ ਹੈ। ਤਾਂ ਕੀ ਅਛੂਤ ਜਾਂ ਛੋਹਣ ਵਾਲੇ ਦਾ ਦੋਸ਼ ਹੈ ? ਬਿਲਕੁਲ ਨਹੀਂ। ਦੋਸ਼ ਸਾਡੇ ਭਰਮਦਾਤਿਆਂ

ਦਾ ਹੈ। ਧਰਮ ਦੇ ਨਾਮ ਤੇ ਅਸੀਂ ਕੁਰੀਤਿ ਦੇ ਸ਼ਿਕਾਰ ਹਾਂ।ਇਸ ਲਈ ਦੋਸ਼ ਸਾਡਾ ਹੈ।

ਮਹਾਤਮਾ ਬੁੱਧ ਦੇ ਸਮੇਂ ਵਿਚ ਕੇਸ਼-ਕੰਬਲ ਇਕ ਸੰਪ੍ਰਦਾਇ ਸੀ, ਜਿਸ ਵਿਚ ਕੇਸ਼ ਵਧਾਕੇ ਕੰਬਲ ਵਾਂਗ ਇਸਤੇਮਾਲ ਕਰਨ ਨੂੰ ਪੂਰਨਤਾ ਦਾ ਮਾਪਦੰਡ ਮੰਨਿਆ ਜਾਂਦਾ ਸੀ। ਕੋਈ ਗੋਵ੍ਰੱਤਕ (ਗਊ ਦੀ ਤਰਹਾਂ ਰਹਿਣ ਵਾਲਾ) ਸੀ, ਤਾਂ ਕੋਈ ਕੁਕੁਰਵ੍ਰੱਤਕ (ਕੁੱਤੇ ਵਾਂਗ ਖਾਣ-ਪੀਣ-ਰਹਿਣ ਵਾਲਾ) ਸੀ। ਬ੍ਰਹਮਵਿਦਿਆ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ ਹੈ। ਸੰਪ੍ਰਦਾਇ ਅਤੇ ਕੁਰੀਤੀਆਂ ਪਹਿਲਾਂ ਵੀ ਸਨ, ਅੱਜ ਵੀ ਹਨ। ਠੀਕ ਇਸੇ ਪ੍ਰਕਾਰ ਕ੍ਰਿਸ਼ਣਕਾਲ ਵਿਚ ਵੀ ਸੰਪ੍ਰਦਾਇ ਸਨ, ਕੁਰੀਤੀਆਂ ਸਨ। ਉਹਨਾਂ ਵਿਚੋਂ ਇਕ-ਅੱਧ ਕੁਰੀਤਿ ਦਾ ਸ਼ਿਕਾਰ ਅਰਜੁਨ ਵੀ ਸੀ। ਉਸਨੇ ਚਾਰ ਤਰਕ ਪੇਸ਼ ਕੀਤੇ। 1. ਇਸ ਯੁੱਧ ਨਾਲ ਸਨਾਤਨ ਧਰਮ ਨਸ਼ਟ ਹੋ ਜਾਏਗਾ, 2. ਵਰਣਸੰਕਰ ਪੈਦਾ ਹੋਵੇਗਾ, 3. ਪਿੰਡੋਦਕ ਕ੍ਰਿਆ ਲੋਪ ਹੋਏਗੀ, ਅਤੇ 4. ਅਸੀਂ ਲੋਕ ਕੁਲਨਾਸ਼ ਦੁਆਰਾ ਮਹਾਪਾਪ ਕਰਨ ਨੂੰ ਤਿਆਰ ਹੋਏ ਹਾਂ। ਇਸ ਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ

**ਸੰਜਯ ਉਵਾਚ**

**तं तथा कृपयाविष्टमश्रुपूर्णाकुलेक्षणम् ।**
**विषीदन्तमिदं वाक्यमुवाच मधुसूदनः ।।१।।**

ਕਰੁਣਾ ਨਾਲ ਭਰਪੂਰ, ਅੱਥਰੂ ਭਰੇ ਵਿਆਕੁਲ ਨੇਤ੍ਰਾਂ ਵਾਲੇ ਉਸ ਅਰਜੁਨ ਦੇ ਪ੍ਰਤਿ 'ਮਧੂਸੂਦਨ' ਮਦ ਦਾ ਵਿਨਾਸ਼ ਕਰਨ ਵਾਲੇ ਭਗਵਾਨ ਨੇ ਇਹ ਵਚਨ ਕਿਹਾ

**ਸ਼੍ਰੀ ਭਗਵਾਨ ਉਵਾਚ**

**कुतस्त्वा कश्मलमिदं विषमे समुपस्थितम् ।**
**अनार्यजुष्टमस्वर्ग्यमकीर्तिकरमर्जुन ।।२।।**

ਅਰਜੁਨ! ਇਸ ਵਿਸ਼ਮ ਸਥਾਨ ਤੇ ਤੈਨੂੰ ਇਹ ਅਗਿਆਨ ਕਿਥੋਂ ਹੋ ਗਿਆ? ਵਿਸ਼ਮ ਸਥਲ ਅਰਥਾਤ ਜਿਸਦੀ ਸਮਤਾ ਦਾ ਸ਼ਿਸ਼ਟ੍ਰੀ ਵਿਚ ਕੋਈ ਸਥਲ ਹੈ ਹੀ ਨਹੀਂ, ਪਾਰਲੌਕਿਕ ਲੱਖਸ਼ ਹੈ ਜਿਸਦਾ, ਉਸ ਨਿਰਵਿਵਾਦ ਸਥਲ ਤੇ ਤੈਨੂੰ ਅਗਿਆਨ ਕਿਥੋਂ ਹੋਇਆ? ਅਗਿਆਨ ਕਿਉਂ? ਅਰਜੁਨ ਤਾਂ ਸਨਾਤਨ ਧਰਮ ਦੀ ਰੱਖਿਆ ਲਈ ਦ੍ਰਿੜਸੰਕਲਪ ਹੈ। ਕੀ ਸਨਾਤਨ ਧਰਮ ਦੀ ਰੱਖਿਆ ਲਈ ਪ੍ਰਾਣ-ਪਣ ਨਾਲ ਤੱਤਪਰ ਹੋਣਾ ਅਗਿਆਨ ਹੈ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ 'ਹਾਂ, ਇਹ ਅਗਿਆਨ ਹੈ। ਨਾ ਤਾਂ ਸੰਭਾਵਿਤ ਪੁਰਸ਼ਾਂ ਦੁਆਰਾ ਇਸਦਾ ਆਚਰਣ ਕੀਤਾ ਗਿਆ ਹੈ, ਨਾ ਇਹ ਸਵਰਗ ਹੀ ਦੇਣ ਵਾਲਾ ਹੈ ਅਤੇ ਨਾ ਹੀ ਇਹ ਕੀਰਤੀ ਦੇਣ ਵਾਲਾ ਹੈ। ਸੱਚਮਾਰਗ ਉਤੇ ਜੋ ਦ੍ਰਿੜਤਾਪੂਰਬਕ ਆਰੂੜ (ਚੱਲਣ ਵਾਲਾ) ਹੈ, ਉਸਨੂੰ ਆਰਯ ਕਹਿੰਦੇ ਹਨ। ਪਰਿਵਾਰ ਲਈ ਮਰਨਾ-ਮਿਟਨਾ ਜੇ ਅਗਿਆਨ ਨਾ ਹੁੰਦਾ, ਤਾਂ ਮਹਾਪੁਰਸ਼ ਉਸ ਉਤੇ ਜ਼ਰੂਰ ਚਲੇ ਹੁੰਦੇ। ਜੇ ਕੁਲਧਰਮ ਹੀ ਸੱਚ ਹੁੰਦਾ, ਤਾਂ ਉਹ ਸਵਰਗ ਅਤੇ ਕਲਿਆਨ ਦਾ ਸਾਧਨ ਜ਼ਰੂਰ ਬਣਦਾ। ਇਹ ਕੀਰਤੀਦਾਇਕ ਵੀ ਨਹੀਂ ਹੈ। ਮੀਰਾ ਭਜਨ ਕਰਨ ਲਗੀ ਤਾਂ 'ਲੋਕ ਕਹੇਂ ਮੀਰਾ ਭਈ ਬਾਵਰੀ, ਸਾਸ ਕਹੇ ਕੁਲਨਾਸ਼ੀ ਰੇ।' ਜਿਸ ਪਰਿਵਾਰ, ਕੁਲ ਅਤੇ ਮਰਯਾਦਾ ਲਈ ਮੀਰਾ ਦੀ ਸੱਸ ਬਿਲਖ ਰਹੀ ਸੀ, ਅੱਜ ਉਸ ਕੁਲਵੰਤੀ ਸੱਸ ਨੂੰ ਕੋਈ ਨਹੀਂ ਜਾਣਦਾ; ਮੀਰਾ ਨੂੰ ਸੰਸਾਰ ਜਾਣਦਾ ਹੈ। ਠੀਕ ਇਸੇ ਪ੍ਰਕਾਰ ਪਰਿਵਾਰ ਲਈ ਜੋ ਪਰੇਸ਼ਾਨ ਹੈ, ਉਹਨਾਂ ਦੀ ਵੀ ਕੀਰਤੀ ਕਦ ਤਕ ਰਹੇਗੀ? ਜਿਸ ਵਿਚ ਕੀਰਤੀ ਨਹੀਂ, ਕਲਿਆਨ ਨਹੀਂ, ਸ਼੍ਰੇਸ਼ਠ ਪੁਰਸ਼ਾਂ ਨੇ ਭੁੱਲਕੇ ਵੀ ਜਿਸਦਾ ਆਚਰਣ ਨਹੀਂ ਕੀਤਾ, ਤਾਂ ਸਿੱਧ ਹੈ ਕਿ ਉਹ ਅਗਿਆਨ ਹੈ। ਇਸ ਲਈ :-

**क्लैब्यं मा स्म गमः पार्थ नैतत्त्वय्युपपद्यते ।**
**क्षुद्रं हृदयदौर्बल्यं त्यक्त्वोत्तिष्ठ परंतप ।।३ ।।**

ਅਰਜੁਨ! ਨਪੁੰਸਕਤਾ ਨੂੰ ਨਾ ਪ੍ਰਾਪਤ ਹੋ। ਕੀ ਅਰਜੁਨ ਨਪੁੰਸਕ ਸੀ ? ਕੀ ਤੁਸੀਂ ਪੁਰਸ਼ ਹੋ? ਨਪੁੰਸਕ ਉਹ ਹੈ, ਜੋ ਪੌਰੁਸ਼ (ਪੁਰਸ਼ਾਰਥ) ਤੋਂ ਹੀਨ ਹੋਵੇ। ਸਭ ਆਪਣੀ ਸਮਝ ਨਾਲ ਪੁਰਸ਼ਾਰਥ ਹੀ ਤਾਂ ਕਰਦੇ ਹਨ। ਕਿਸਾਨ ਰਾਤ-ਦਿਨ ਖ਼ੂਨ-ਪਸੀਨਾ ਇਕ ਕਰਕੇ ਖੇਤ ਵਿਚ ਪੁਰਸ਼ਾਰਥ ਹੀ ਤਾਂ ਕਰਦਾ ਹੈ। ਕੋਈ ਵਿਆਪਾਰ ਵਿਚ ਪੁਰਸ਼ਾਰਥ ਸਮਝਦਾ ਹੈ, ਤਾਂ ਕੋਈ ਪਦ ਦਾ ਦੁਰਉਪਯੋਗ ਕਰਕੇ ਪੁਰਸ਼ਾਰਥੀ ਬਣਦਾ ਹੈ। ਜੀਵਨ ਭਰ ਪੁਰਸ਼ਾਰਥ ਕਰਨ ਤੇ ਵੀ ਖ਼ਾਲੀ ਹੱਥ ਜਾਣਾ ਪੈਂਦਾ ਹੈ। ਸਪੱਸ਼ਟ ਹੈ ਕਿ ਇਹ ਪੁਰਸ਼ਾਰਥ ਨਹੀਂ ਹੈ। ਸ਼ੁੱਧ ਪੁਰਸ਼ਾਰਥ ਹੈ 'ਆਤਮ ਦਰਸ਼ਨ।' ਗਾਰਗੀ ਨੇ ਯਾਗਿਅਵਲਕਿਅ ਨੂੰ ਕਿਹਾ -

**''नपुंसक पुमान् ज्ञेयो यो न वेत्ति हृदि स्थितम् ।**
**पुरुषं स्वप्रकाशं तस्मानन्दात्मानमव्ययम् ।।''**

ਉਹ ਪੁਰਸ਼ ਹੁੰਦੇ ਹੋਏ ਵੀ ਨਪੁੰਸਕ ਹੈ, ਜੋ ਹਿਰਦੇ ਸਥਿਤ ਆਤਮਾ ਨੂੰ ਨਹੀਂ ਪਛਾਣਦਾ। ਉਹ ਆਤਮਾ ਹੀ ਪੁਰਸ਼ ਸਵਰੂਪ, ਸ੍ਵਯਮ ਪ੍ਰਕਾਸ਼, ਉੱਤਮ, ਆਨੰਦਯੁਕਤ ਅਤੇ ਅਵਿਅਕਤ ਹੈ। ਉਸਨੂੰ ਪਾਉਣ ਦੀ ਕੋਸ਼ਿਸ਼ ਹੀ ਪੌਰੁਸ਼ ਹੈ। ਅਰਜੁਨ! ਤੂੰ ਨਪੁੰਸਕਤਾ ਨੂੰ ਪ੍ਰਾਪਤ ਨਾ ਹੋ। ਇਹ ਤੇਰੇ ਯੋਗ ਨਹੀਂ ਹੈ। ਹੇ ਪਰਮਤੱਤ। ਹਿਰਦੇ ਦੀ ਮਾਮੂਲੀ ਦੁਰਬਲਤਾ ਨੂੰ ਤਿਆਗਕੇ ਯੁੱਧ ਲਈ ਖੜ੍ਹਾ ਹੋ। ਆਸਕਤੀ (ਸਨੇਹ) ਦਾ ਤਿਆਗ ਕਰ। ਇਹ ਹਿਰਦੇ ਦੀ ਦੁਰਬਲਤਾ ਮਾਤਰ ਹੈ। ਇਸ ਤੇ ਅਰਜੁਨ ਨੇ ਤੀਜਾ ਪ੍ਰਸ਼ਨ ਪੇਸ਼ ਕੀਤਾ

**ਅਰਜੁਨ ਉਵਾਚ**

**कथं भीष्ममहं संख्ये द्रोणं च मधुसूदन ।**
**इषुभिः प्रति योत्स्यामि पूजार्हावरिसूदन ।।४ ।।**

ਅਹੰਕਾਰ ਦਾ ਸ਼ਮਨ (ਦੂਰ) ਕਰਨ ਵਾਲੇ ਮਧੁਸੂਦਨ! ਮੈਂ ਰਣਭੂਮੀ ਵਿਚ ਪਿਤਾਮਹ ਭੀਸ਼ਮ ਅਤੇ ਆਚਾਰਿਅ ਦ੍ਰੋਣ ਨਾਲ ਕਿਸ ਤਰਹਾਂ ਤੀਰਾਂ ਨਾਲ ਯੁੱਧ ਕਰਾਂਗਾ, ਕਿਉਂਕਿ ਅਰਿਸੂਦਨ! ਉਹ ਦੋਨੋਂ ਹੀ ਪੂਜਨੀਕ ਹਨ। ਦ੍ਵੈਤ ਹੀ ਦ੍ਰੋਣ ਹੈ। ਪ੍ਰਭੂ ਅਲੱਗ ਹਨ, ਅਸੀਂ ਅਲੱਗ ਹਾਂ-ਦ੍ਵੈਤ ਦਾ ਇਹ ਭਾਨ ਹੀ ਪ੍ਰਾਪਤੀ ਦੀ ਪ੍ਰੇਰਣਾ ਦਾ ਆਰੰਭਕ ਸ੍ਰੋਤ ਹੈ। ਇਹੋ ਦ੍ਰੋਣਾਚਾਰਿਆ ਦੀ ਗੁਰਿਆਈ ਹੈ, ਭਰਮ ਹੀ ਭੀਸ਼ਮ ਹੈ, ਇਸੇ ਕਰਕੇ ਬੱਚੇ, ਪਰਿਵਾਰ, ਰਿਸ਼ਤੇਦਾਰ, ਸਭ ਆਪਣੇ ਲਗਦੇ ਹਨ। ਆਪਣਾ ਲਗਣ ਵਿਚ ਭਰਮ ਹੀ ਮਾਧਿਅਮ ਹੈ। ਆਤਮਾ ਇਹਨਾਂ ਨੂੰ ਹੀ ਪੂਜਯ ਮੰਨਕੇ ਇਹਨਾਂ ਦੇ ਨਾਲ ਰਹਿੰਦੀ ਹੈ ਕਿ ਇਹ ਪਿਤਾ ਹਨ, ਦਾਦਾ ਹਨ, ਕੁਲਗੁਰੂ ਹਨ ਆਦਿ। ਸਾਧਨਾ ਦੇ ਪੂਰਨਤਾ ਕਾਲ ਵਿਚ 'ਗੁਰੂ ਨ ਚੇਲਾ, ਪੁਰਸ਼ ਅਕੇਲਾ।'

**न बन्धुर्न मित्रं गुरूर्नैव शिष्यः ।**
**चिदानन्दरूपः शिवोऽहम् शिवोऽहम् ।।**

ਜਦ ਚਿੱਤ ਉਸ ਪਰਮ ਆਨੰਦ ਵਿਚ ਵਿਲੀਨ ਹੋ ਜਾਂਦਾ ਹੈ, ਤਾਂ ਨਾ ਗੁਰੂ ਗਿਆਨਦਾਤਾ ਅਤੇ ਨਾ ਸ਼ਿਸ਼ ਗ੍ਰਹਿਣਕਰਤਾ ਹੀ ਰਹਿ ਜਾਂਦਾ ਹੈ। ਇਹੋ ਪਰਮ ਦੀ ਸਥਿਤੀ ਹੈ। ਗੁਰੂ ਦੀ ਗੁਰਿਆਈ ਪ੍ਰਾਪਤ ਕਰ ਲੈਣ ਤੇ ਦੋਨਾਂ ਦੀ ਗੁਰਿਆਈ ਇਕ ਸਮਾਨ ਹੋ ਜਾਂਦੀ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ 'ਅਰਜੁਨ ਤੂੰ ਮੇਰੇ ਵਿਚ ਨਿਵਾਸ ਕਰੇਂਗਾ।' ਜਿਸ ਤਰ੍ਹਾਂ ਸ਼੍ਰੀ ਕ੍ਰਿਸ਼ਣ ਉਸੇ ਤਰ੍ਹਾਂ ਹੀ ਅਰਜੁਨ ਅਤੇ

ਠੀਕ ਐਸੇ ਹੀ ਪ੍ਰਾਪਤੀ ਵਾਲਾ ਮਹਾਪੁਰਸ਼ ਹੋ ਜਾਂਦਾ ਹੈ। ਐਸੀ ਅਵਸਥਾ ਵਿਚ ਗੁਰੂ ਵੀ ਵਿਲੀਨ ਹੋ ਜਾਂਦਾ ਹੈ, ਗੁਰਿਆਈ ਹਿਰਦੇ ਵਿਚ ਪ੍ਰਵਾਹਿਤ ਹੋ ਜਾਂਦੀ ਹੈ। ਅਰਜੁਨ ਗੁਰੂ-ਪਦ ਨੂੰ ਢਾਲ ਬਣਾਕੇ ਇਸ ਸੰਘਰਸ਼ ਵਿਚ ਆਉਣ ਤੋਂ ਕਤਰਾਉਂਦਾ ਹੈ। ਉਹ ਕਹਿੰਦਾ ਹੈ-

**गुरुनहत्वा हि महानुभावान्**
**श्रेयो भोक्तुं भैक्ष्यमपीह लोके।**
**हत्वार्थकामांस्तु गुरूनिहैव**
**भुञ्जीय भोगान्रुधिरप्रदिग्धान् ।।५ ।।**

ਇਹਨਾਂ ਮਹਾਨੁਭਾਵ ਗੁਰੂਜਨਾਂ ਨੂੰ ਮਾਰਨ ਦੇ ਬਜਾਇ ਮੈਂ ਇਸ ਲੋਕ ਵਿਚ ਭਿਖਿਆ ਦਾ ਅੰਨ ਵੀ ਚੰਗਾ ਸਮਝਦਾ ਹਾਂ। ਇਥੇ ਭਿਖਿਆ ਦਾ ਅਰਥ ਪੇਟ ਭਰਣ ਲਈ ਭੀਖ ਮੰਗਣਾ ਨਹੀਂ ਸਗੋਂ ਸਤਿਪੁਰਸ਼ਾਂ ਦੀ ਟੁਟੀ-ਫੁਟੀ ਸੇਵਾ ਰਾਹੀਂ ਉਹਨਾਂ ਤੋਂ ਕਲਿਆਨ ਦੀ ਯਾਚਨਾ ਹੀ ਭਿਖਿਆ ਹੈ। **अन्नं ब्रह्मेति व्यजानात्' (तैत्तिरीय ३/२/१)** ਅੰਨ ਇਕ ਮਾਤਰ ਪਰਮਾਤਮਾ ਹੈ, ਜਿਸਨੂੰ ਪ੍ਰਾਪਤ ਕਰਕੇ ਆਤਮਾਂ ਸਦਾ ਲਈ ਤ੍ਰਿਪਤ ਹੋ ਜਾਂਦੀ ਹੈ। ਕਦੇ ਅਤ੍ਰਿਪਤ ਨਹੀਂ ਰਹਿੰਦੀ। ਅਸੀਂ ਮਹਾਪੁਰਸ਼ਾਂ ਦੀ ਸੇਵਾ ਅਤੇ ਯਾਚਨਾ ਰਾਹੀਂ ਸਹਿਜੇ-ਸਹਿਜੇ ਬ੍ਰਹਮ-ਅੰਮ੍ਰਿਤ ਪ੍ਰਾਪਤ ਕਰੀਏ, ਪਰ ਇਹ ਪਰਿਵਾਰ ਨਾ ਛੁੱਟੇ, ਇਹੋ ਅਰਜੁਨ ਦੇ ਭਿਕ਼ਸ਼ਾ-ਅੰਨ ਦੀ ਕਾਮਨਾ ਹੈ। ਸੰਸਾਰ ਵਿਚ ਜ਼ਿਆਦਾਤਰ ਲੋਕੀਂ ਇਸ ਤਰ੍ਹਾਂ ਹੀ ਕਰਦੇ ਹਨ। ਉਹ ਚਾਹੁੰਦੇ ਹਨ ਕਿ ਪਰਿਵਾਰਕ ਸਨੇਹ-ਸੰਬੰਧ ਨਾ ਤੋੜਨਾ ਪਏ ਅਤੇ ਮੁਕਤੀ ਵੀ ਸਹਿਜੇ-ਸਹਿਜੇ ਮਿਲ ਜਾਏ। ਪਰ ਚੱਲਣ ਵਾਲੇ ਰਾਹੀ ਲਈ, ਜਿਸਦੇ ਸੰਸਕਾਰ ਇਹਨਾਂ ਤੋਂ ਉੱਚੇ ਹਨ, ਜਿਸ ਵਿਚ ਸੰਘਰਸ਼ ਦੀ ਸਮਰੱਥਾ ਹੈ, ਸੁਭਾਵ ਵਿਚ ਖਤ੍ਰਿਤੱਵ ਪ੍ਰਵਾਹਿਤ ਹੈ, ਉਸਦੇ ਲਈ ਇਸ ਭਿਕ਼ਸ਼ਾ-ਅੰਨ ਦਾ ਵਿਧਾਨ ਨਹੀਂ ਹੈ। ਆਪ ਨਾ ਕਰਕੇ ਯਾਚਨਾ ਕਰਨਾ ਭਿਕ਼ਸ਼ਾ-ਅੰਨ ਹੈ। ਗੌਤਮ ਬੁੱਧ ਨੇ ਵੀ ਮੱਝਿਮ ਨਿਕਾਇ ਦੇ ਧੱਮਦਾਯਾਦ-ਸੁੱਤ (੧/੧/੩) ਵਿਚ ਇਸ ਭਿਕ਼ਸ਼ਾ-ਅੰਨ ਨੂੰ ਆਮਿਸ਼-ਦਾਯਾਦ (ਮਾਂਸਾਹਾਰ) ਕਹਿਕੇ ਮੰਦਾ ਮੰਨਿਆ ਹੈ, ਜਦਕਿ ਸ਼ਰੀਰ-ਨਿਰਬਾਹ ਲਈ ਸਾਰੇ ਭਿਕ਼ਸ਼ੂ ਸਨ।

ਇਹਨਾਂ ਗੁਰੂਜਨਾਂ ਨੂੰ ਮਾਰਕੇ ਮਿਲੇਗਾ ਕੀ ? ਇਸ ਲੋਕ ਵਿਚ ਰਕਤ ਨਾਲ ਲਿਬੜੇ ਅਰਥ (ਧਨ) ਅਤੇ ਕਾਮ ਦੇ ਭੋਗ ਹੀ ਤਾਂ ਭੋਗਣ ਲਈ ਮਿਲਣਗੇ! ਅਰਜੁਨ ਸ਼ਾਇਦ ਸੋਚਦਾ ਸੀ ਕਿ ਭਜਨ ਨਾਲ ਭੌਤਿਕ ਸੁਖਾਂ ਦੀ ਗਿਣਤੀ ਵਧੇਗੀ। ਐਨ੍ਹਾਂ ਸੰਘਰਸ਼ ਸਹਾਰਣ ਦੇ ਬਾਅਦ ਵੀ ਇਸ ਸਰੀਰ ਦੇ ਪੋਸ਼ਕ ਅਰਥ ਅਤੇ ਕਾਮ ਦੇ ਭੋਗ ਹੀ ਤਾਂ ਮਿਣਲਗੇ। ਉਹ ਫੇਰ ਤਰਕ ਦੇਂਦਾ ਹੈ-

**न चैतद्विद्म: कतरन्नो गरीयो यद्वा जयेम यदि वा नो जयेयु: ।**
**यानेव हत्वा न जिजीविषामस्तेऽवस्थिता: प्रमुखे धार्तराष्ट्रा: ।।६ ।।**

ਇਹ ਵੀ ਨਿਸਚਿਤ ਨਹੀਂ ਹੈ ਕਿ ਉਹ ਭੋਗ ਮਿਲੇਗਾ ਹੀ। ਇਹ ਵੀ ਅਸੀਂ ਨਹੀਂ ਜਾਣਦੇ ਕਿ ਸਾਡੇ ਲਈ ਕੀ ਕਰਨਾ ਚੰਗਾ ਹੈ; ਕਿਉਂਕਿ ਜੋ ਕੁਝ ਅਸੀਂ ਕਿਹਾ, ਉਹ ਅਗਿਆਨ ਸਾਬਤ ਹੋਇਆ। ਇਹ ਵੀ ਪਤਾ ਨਹੀਂ ਹੈ ਕਿ ਅਸੀਂ ਜਿੱਤਾਂਗੇ ਜਾਂ ਉਹ ਹੀ ਜਿੱਤਣਗੇ। ਜਿਨ੍ਹਾਂ ਨੂੰ ਮਾਰਕੇ ਅਸੀਂ ਜੀਉਣਾ ਨਹੀਂ ਚਾਹੁੰਦੇ, ਉਹ ਹੀ ਧ੍ਰਿਤਰਾਸ਼ਟ੍ਰ ਦੇ ਪੁੱਤਰ ਸਾਡੇ ਸਾਮ੍ਹਣੇ ਖੜ੍ਹੇ ਹਨ। ਅਗਿਆਨਰੂਪੀ ਧ੍ਰਿਤਰਾਸ਼ਟ੍ਰ ਤੋਂ ਉਤਪੰਨ ਮੋਹ ਆਦਿ ਸ੍ਵੈਜਨ ਸਮੂਹ ਮਿਟ ਹੀ ਜਾਣਗੇ, ਤਾਂ ਅਸੀਂ

ਜੀਕੇ ਕੀ ਕਰਾਂਗੇ ? ਅਰਜੁਨ ਫੇਰ ਸੋਚਦਾ ਹੈ ਕਿ ਜੋ ਕੁਝ ਅਸੀਂ ਕਿਹਾ, ਸ਼ਾਇਦ ਇਹ ਵੀ ਅਗਿਆਨ ਹੋਵੇ, ਇਸ ਲਈ ਪ੍ਰਾਰਥਨਾ ਕਰਦਾ ਹੈ –

**कार्पण्यदोषोपहतस्वभाव: पृच्छामि त्वां धर्मसंमूढचेता: ।**
**यच्छ्रेय: स्यान्निश्चितं ब्रूहि तन्मे शिष्यस्तेऽहं शाधि मां त्वां प्रपन्नम् ।।७ ।।**

ਕਾਇਰਤਾ ਦੇ ਦੋਸ਼ ਨਾਲ ਨਸ਼ਟ ਸੁਭਾਅ ਵਾਲਾ, ਧਰਮ ਦੇ ਬਾਰੇ ਅਤਿ ਮੋਹਿਤ ਚਿੱਤ ਹੋਇਆ ਮੈਂ ਆਪਤੋਂ ਪੁਛਦਾ ਹਾਂ। ਜੋ ਕੁਝ ਨਿਸਚਿਤ ਪਰਮ ਕਲਿਆਨਕਾਰੀ ਹੋਵੇ, ਉਹ ਸਾਧਨ ਮੇਰੇ ਲਈ ਕਹੋ। ਮੈਂ ਆਪਦਾ ਸ਼ਿਸ਼ ਹਾਂ, ਆਪਦੀ ਸ਼ਰਨ ਵਿਚ ਹਾਂ, ਮੈਨੂੰ ਸਾਧ ਲਉ। ਕੇਵਲ ਸਿਖਿਆ ਨਾ ਦਿਉ, ਬਲਕਿ ਜਿੱਥੇ ਲੜਖੜਾਵਾਂ ਉੱਥੇ ਸੰਭਾਲ ਲਉ। 'ਲੱਦ ਦੇ, ਲਦਾਅ ਦੇ ਤੇ ਲਦਾਉਣ ਵਾਲਾ ਨਾਲ ਚਲੇ ਜੇ ਸ਼ਾਇਦ ਗੱਠਰ ਡਿਗ ਪਿਆ, ਤਾਂ ਕੌਣ ਲਦਾਏਗਾ' ਐਸਾ ਹੀ ਸਮਰਪਣ ਅਰਜੁਨ ਦਾ ਹੈ।

ਇਥੇ ਅਰਜੁਨ ਨੇ ਪੂਰਣ ਸਮਰਪਣ ਕਰ ਦਿਤਾ। ਅਜੇ ਤਕ ਉਹ ਸ੍ਰੀ ਕ੍ਰਿਸ਼ਣ ਨੂੰ ਆਪਣੇ ਪੱਧਰ ਦਾ ਹੀ ਸਮਝਦਾ ਸੀ, ਅਨੇਕ ਵਿਦਿਆਵਾਂ ਵਿਚ ਖ਼ੁਦ ਨੂੰ ਕੁਝ ਅੱਗੇ ਹੀ ਮੰਨਦਾ ਸੀ। ਇੱਥੇ ਉਸਨੇ ਆਪਣੀ ਵਾਗਡੋਰ ਸ੍ਰੀ ਕ੍ਰਿਸ਼ਣ ਨੂੰ ਅਸਲ ਵਿਚ ਸੌਂਪ ਦਿਤੀ। ਸਤਿਗੁਰੂ ਪੂਰਣਤਾ ਤਕ ਹਿਰਦੇ ਵਿਚ ਰਹਿਕੇ ਸਾਧਨਾ ਦੇ ਨਾਲ ਚਲਦੇ ਹਨ। ਜੇ ਉਹ ਨਾਲ ਨਾ ਰਹਿਣ, ਤਾਂ ਸਾਧਨਾ ਪਾਰ ਨਾ ਹੋਵੇ। ਜੁਵਾਨ ਕੰਨਿਆਂ ਦੇ ਪਰਿਵਾਰ ਵਾਲੇ ਜਿਸ ਪ੍ਰਕਾਰ ਸ਼ਾਦੀ-ਵਿਆਹ ਤਕ ਉਸਨੂੰ ਸੰਜਮ ਦੀ ਸਿਖਿਆ ਦੇਂਦੇ ਹੋਏ ਸੰਭਾਲਕੇ ਲੈ ਜਾਂਦੇ ਹਨ। ਠੀਕ ਉਸੇ ਪ੍ਰਕਾਰ ਸਤਿਗੁਰੂ ਆਪਣੇ ਸ਼ਿਸ਼ ਦੀ ਅੰਤਰਾਤਮਾ ਨਾਲ ਰਥੀ ਹੋਕੇ ਉਸਨੂੰ ਪ੍ਰਕ੍ਰਿਤੀ ਦੀਆਂ ਘਾਟੀਆਂ ਵਿਚੋਂ ਕੱਢਕੇ ਪਾਰ ਕਰਾ ਦੇਂਦੇ ਹਨ। ਅਰਜੁਨ ਬੇਨਤੀ ਕਰਦਾ ਹੈ ਕਿ ਭਗਵਾਨ! ਇਕ ਗੱਲ ਹੋਰ ਹੈ

**न हि प्रपश्यामि ममापनुद्याद् यच्छोकमुच्छोषणमिन्द्रियाणाम् ।**
**अवाप्य भूमावसपत्नमृद्धं राज्यं सुराणामपि चाधिपत्यम् ।।८ ।।**

ਭੂਮੀ ਉਤੇ ਨਿਸ਼ਕੰਟਕ ਧੰਨ ਦੌਲਤ ਸੰਪਨ ਰਾਜ ਨੂੰ ਅਤੇ ਦੇਵਤਿਆਂ ਦੇ ਰਾਜਪਦ ਇੰਦ੍ਰ-ਪਦ ਨੂੰ ਪਾਕੇ ਵੀ ਮੈਂ ਉਸ ਉਪਾਅ ਨੂੰ ਨਹੀਂ ਵੇਖਦਾ, ਜੋ ਮੇਰੀਆਂ ਇੰਦ੍ਰੀਆਂ ਨੂੰ ਸੁਕਾਉਣ ਵਾਲੇ ਸੋਗ ਨੂੰ ਦੂਰ ਕਰ ਸਕੇ। ਜਦ ਸੋਗ ਬਣਿਆ ਹੀ ਹੈ, ਤਾਂ ਇਹ ਸਭ ਲੈਕੇ ਮੈਂ ਕੀ ਕਰਾਂਗਾ? ਜੇ ਐਨ੍ਹਾਂ ਹੀ ਮਿਲਣਾ ਹੈ ਤਾਂ ਖਿਮਾ ਕਰੋ। ਅਰਜੁਨ ਨੇ ਸੋਚਿਆ, ਹੁਣ ਇਸ ਤੋਂ ਅੱਗੇ ਦਸਣਗੇ ਵੀ ਕੀ?

**ਸੰਜਯ ਉਵਾਚ**

**एवमुक्त्वा हृषीकेशं गुडाकेश: परंतप ।**
**न योत्स्य इति गोविन्दमुक्त्वा तूष्णीं बभूव ह ।।९ ।।**

ਸੰਜਯ ਬੋਲਿਆ ਹੇ ਰਾਜਨ! ਮੋਹਨਿਸ਼ਾਜਯੀ ਅਰਜੁਨ ਦਿਲਾਂ ਦੇ ਜਾਣੀਜਾਣ ਸ੍ਰੀ ਕ੍ਰਿਸ਼ਣ ਨੂੰ ਇਹ ਕਹਿਕੇ ਕਿ 'ਗੋਵਿੰਦ! ਮੈਂ ਯੁੱਧ ਨਹੀਂ ਕਰਾਂਗਾ' ਚੁਪ ਹੋ ਗਿਆ। ਅਜੇ ਤਕ ਅਰਜੁਨ ਦੀ ਦ੍ਰਿਸ਼ਟੀ ਪੁਰਾਣਿਕ ਹੈ, ਜਿਸ ਵਿਚ ਕਰਮਕਾਂਡਾਂ ਦੇ ਨਾਲ ਭੋਗਾਂ ਦੀ ਉਪਲਬਧੀ ਦਾ ਵਿਧਾਨ ਹੈ, ਜਿਸ ਵਿਚ ਸਵਰਗ ਹੀ ਸਭ ਕੁਝ ਮੰਨਿਆ ਜਾਂਦਾ ਹੈ ਜਿਸ ਉਤੇ ਸ੍ਰੀ ਕ੍ਰਿਸ਼ਣ ਪ੍ਰਕਾਸ਼ ਪਾਉਣਗੇ ਕਿ ਇਹ ਵਿਚਾਰਧਾਰਾ ਵੀ ਗ਼ਲਤ ਹੈ।

**तमुवाच हृषीकेश: प्रहसन्निव भारत ।**
**सेनयोरुभयोर्मध्ये विषीदन्तमिदं वच: ।।१० ।।**

ਉਸਦੇ ਉਪਰਾਂਤ ਹੇ ਭਰਤਵੰਸ਼ੀ ਧ੍ਰਿਤਰਾਸ਼ਟ੍ਰ! ਅੰਤਰਯਾਮੀ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੋਨਾਂ ਸੈਨਾਵਾਂ ਦੇ ਵਿਚ ਉਸ ਸੋਗਮਈ ਅਰਜੁਨ ਨੂੰ ਹੱਸਦੇ ਹੋਏ ਇਹ ਵਚਨ ਕਹੇ

**ਸ਼੍ਰੀ ਭਗਵਾਨ ਉਵਾਚ–**

**अशोच्यानन्वशोचस्त्वं प्रज्ञावादांश्च भाषसे ।**
**गतासूनगतासूंश्च नानुशोचन्ति पण्डिता: ।।११।।**

ਅਰਜੁਨ! ਤੂੰ ਸੋਗ ਨਾ ਕਰਨਯੋਗ ਲੋਕਾਂ ਲਈ ਸੋਗ ਕਰਦਾ ਹੈਂ ਅਤੇ ਪੰਡਿਤਾਂ ਵਰਗੇ ਵਚਨ ਕਹਿੰਦਾ ਹੈ; ਪਰ ਬੁੱਧੀਸੰਪਨ ਪੰਡਿਤਜਨ ਜਿਨ੍ਹਾਂ ਦੇ ਪ੍ਰਾਣ ਚਲੇ ਗਏ ਹਨ ਉਹਨਾਂ ਲਈ, ਅਤੇ ਜਿਨ੍ਹਾਂ ਦੇ ਪ੍ਰਾਣ ਨਹੀਂ ਗਏ ਹਨ ਉਹਨਾਂ ਲਈ ਵੀ ਸੋਗ ਨਹੀਂ ਕਰਦੇ, ਕਿਉਂਕਿ ਉਹ ਵੀ ਮਰ ਜਾਣਗੇ। ਤੂੰ ਸਿਰਫ਼ ਪੰਡਿਤਾਂ ਵਾਂਗ ਗੱਲਾਂ ਹੀ ਕਰਦਾ ਹੈਂ, ਦਰਅਸਲ ਗਿਆਤਾ ਹੈਂ ਨਹੀਂ, ਕਿਉਂਕਿ

**न त्वेवाहं जातु नासं न त्वं नेमे जनाधिपा: ।**
**न चैव न भविष्याम: सर्वे वयमत: परम् ।।१२।।**

ਨਾ ਤਾਂ ਇਸ ਤਰ੍ਹਾਂ ਹੀ ਹੈ ਕਿ ਮੈਂ ਅਰਥਾਤ ਸਤਿਗੁਰੂ ਕਿਸੇ ਕਾਲ ਵਿਚ ਨਹੀਂ ਸਾਂ, ਅਥਵਾ ਤੂੰ ਅਨੁਰਾਗੀ ਅਧਿਕਾਰੀ ਅਥਵਾ '**जनाधिपा:**' ਰਾਜੇ ਲੋਕੀਂ ਅਰਥਾਤ ਰਾਜਸੀ ਵ੍ਰਿਤੀ ਵਿਚ ਹੋਣ ਵਾਲਾ ਅਹੰ ਨਹੀਂ ਸੀ ਅਤੇ ਨਾ ਇਸ ਤਰ੍ਹਾ ਹੀ ਹੈ ਕਿ ਅੱਗੋਂ ਅਸੀਂ ਸਭ ਨਹੀਂ ਰਹਾਂਗੇ। ਸਤਿਗੁਰੂ ਸਦਾ ਰਹਿੰਦਾ ਹੈ, ਅਨੁਰਾਗੀ ਸਦਾ ਰਹਿੰਦੇ ਹਨ। ਇੱਥੇ ਯੋਗੇਸ਼ਵਰ ਨੇ ਯੋਗ ਦੀ ਅਨਾਦਿਤਾ (ਅਨਾਦਿ ਕਾਲ) ਤੇ ਪ੍ਰਕਾਸ਼ ਪਾਉਂਦੇ ਹੋਏ ਭਵਿੱਖ ਵਿਚ ਵੀ ਉਸਦੀ ਮੌਜੂਦਗੀ ਉਤੇ ਬਲ ਦਿਤਾ। ਮਰਨ ਵਾਲਿਆਂ ਲਈ ਸੋਗ ਨਾ ਕਰਣ ਲਈ ਕਾਰਣ ਦਸਦੇ ਹੋਏ ਉਹਨਾਂ ਨੇ ਕਿਹਾ

**देहिनोऽस्मिन्यथा देहे कौमारं यौवनं जरा ।**
**तथा देहान्तरप्राप्तिर्धीरस्तत्र न मुह्यति ।।१३।।**

ਜਿਵੇਂ ਜੀਵਾਤਮਾ ਦੀ ਇਸ ਦੇਹ ਵਿਚ ਬਚਪਨ, ਯੁਵਾ ਅਤੇ ਬਿਰਧ ਅਵਸਥਾ ਹੁੰਦੀ ਹੈ, ਉਸੇ ਤਰ੍ਹਾਂ ਹੋਰ-ਹੋਰ ਸਰੀਰਾਂ ਦੀ ਪ੍ਰਾਪਤੀ ਵਿਚ ਧੀਰ ਪੁਰਸ਼ ਮੋਹਿਤ ਨਹੀਂ ਹੁੰਦਾ ਹੈ। ਕਦੇ ਤੁਸੀਂ ਬਾਲਕ ਸੋ,ਸਹਿਜੇ-ਸਹਿਜੇ ਜੁਆਨ ਹੋਏ, ਤਦ ਤੁਸੀਂ ਮਰ ਤਾਂ ਨਹੀਂ ਗਏ? ਫੇਰ ਬਿਰਧ ਹੋਏ, ਪੁਰਸ਼ ਇਕ ਹੀ ਹੈ; ਉਸੇ ਤਰ੍ਹਾਂ ਰੱਤੀ ਭਰ ਵੀ ਦਰਾਰ ਨਵੀਂ ਦੇਹ ਦੀ ਪ੍ਰਾਪਤੀ ਉਤੇ ਨਹੀਂ ਪੈਂਦੀ। ਕਾਇਆ ਦਾ ਇਹ ਪਰਿਵਰਤਨ ਤਦ ਤਕ ਚਲੇਗਾ, ਜਦ ਤਕ ਪਰਿਵਰਤਨ ਤੋਂ ਪਰੇ ਦੀ ਵਸਤੂ ਮਿਲ ਨਹੀਂ ਜਾਂਦੀ।

**मात्रास्पर्शास्तु कौन्तेय शीतोष्णसुख-दु:खदा: ।**
**आगमापायिनोऽनित्यास्तांस्तितिक्षस्व भारत ।।१४।।**

ਹੇ ਕੁੰਤੀਪੁੱਤਰ! ਸੁਖ-ਦੁਖ, ਸਰਦੀ ਤੇ ਗਰਮੀ ਨੂੰ ਦੇਣ ਵਾਲੇ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਤਾਂ ਅਨਿਤ ਹਨ, ਪਲ ਵਿੱਚ ਨਸਟ ਹੋਣ ਵਾਲੇ ਹਨ। ਇਸ ਲਈ ਭਰਤਵੰਸ਼ੀ ਅਰਜੁਨ! ਤੂੰ ਇਸਦਾ ਤਿਆਗ ਕਰ। ਅਰਜੁਨ ਇੰਦ੍ਰੀਆਂ ਅਤੇ ਵਿਸ਼ੈ ਦੇ ਸੰਜੋਗ ਤੋਂ ਉਪਜੇ ਸੁਖ ਦੀ ਯਾਦ ਕਰਕੇ ਹੀ ਵਿਆਕੁਲ ਸੀ। ਕੁਲਧਰਮ, ਕੁਲ ਗੁਰੂਆਂ ਦੀ ਪੂਜਨੀਕਤਾ ਆਦਿ ਇੰਦ੍ਰੀਆਂ ਦੇ ਲਗਾਵ ਦੇ ਤਹਿਤ ਹਨ। ਇਹ ਪਲ ਵਿੱਚ ਨਸਟ ਹੋਣ ਵਾਲੇ ਹਨ, ਝੂਠੇ ਹਨ, ਨਾਸ਼ਵਾਨ ਹਨ। ਵਿਸ਼ਿਆਂ ਦਾ ਸੰਜੋਗ ਨਾ ਸਦਾ ਮਿਲੇਗਾ ਅਤੇ ਨਾ ਸਦਾ ਇੰਦ੍ਰੀਆਂ ਵਿਚ ਸਮਰੱਥਾ ਹੀ ਰਹੇਗੀ। ਇਸ ਲਈ

ਅਰਜੁਨ ਤੂੰ ਇਹਨਾਂ ਦਾ ਤਿਆਗ ਕਰ, ਬਰਦਾਸ਼ਤ ਕਰ। ਕਿਉਂ ? ਕੀ ਹਿਮਾਲਿਆ ਵਿਚ ਲੜਾਈ ਸੀ, ਜੋ ਅਰਜੁਨ ਸਰਦੀ ਬਰਦਾਸ਼ਤ ਕਰਦਾ? ਜਾਂ ਕੀ ਇਹ ਰੇਗਿਸਤਾਨ ਦੀ ਲੜਾਈ ਹੈ, ਜੋ ਅਰਜੁਨ ਗਰਮੀ ਬਰਦਾਸ਼ਤ ਕਰੇ? 'ਕੁਰੂਖੇਤਰ' ਹੈ। ਕੁਲ ਅਠਾਰਾਂ ਦਿਨ ਤਾਂ ਲੜਾਈ ਹੋਈ, ਐਨ੍ਹੇ ਵਿਚ ਕਿੱਥੇ ਸਰਦੀ-ਗਰਮੀ ਬੀਤ ਗਈ? ਦਰਅਸਲ ਸਰਦੀ-ਗਰਮੀ, ਦੁਖ-ਸੁਖ, ਮਾਨ-ਅਪਮਾਨ ਬਰਦਾਸ਼ਤ ਕਰਨਾ ਇਕ ਯੋਗੀ ਉਤੇ ਨਿਰਭਰ ਕਰਦਾ ਹੈ। ਇਹ ਹਿਰਦੇ ਦੇਸ਼ ਦੀ ਲੜਾਈ ਦਾ ਚਿਤ੍ਰਣ ਹੈ, ਇਹ ਕਿਸੇ ਬਾਹਰੀ ਯੁੱਧ ਦੇ ਬਾਰੇ ਗੀਤਾ ਨਹੀਂ ਕਹਿੰਦੀ। ਇਹ ਖੇਤਰ-ਖੇਤ੍ਰਗਿਅ ਦਾ ਸੰਘਰਸ਼ ਹੈ, ਜਿਸ ਵਿਚ ਆਸੁਰੀ ਸੰਪੱਤੀ ਦਾ ਪੂਰਣ ਸ਼ਮਨ ਕਰਕੇ, ਪਰਮਾਤਮਾ ਵਿਚ ਸਥਿਤੀ ਦਿਵਾਕੇ ਦੈਵੀ ਸੰਪੱਤੀ ਵੀ ਸ਼ਾਂਤ ਹੋ ਜਾਂਦੀ ਹੈ। ਜਦ ਵਿਕਾਰ ਹੈ ਹੀ ਨਹੀਂ ਤਾਂ ਭੀਤਰੀ ਪ੍ਰਵਿਰਤੀਆਂ ਕਿਸ ਉਤੇ ਹਮਲਾ ਕਰਨ। ਇਸ ਲਈ ਪੂਰਣਤਾ ਦੇ ਨਾਲ ਉਹ ਵੀ ਸ਼ਾਂਤ ਹੋ ਜਾਂਦੀਆਂ ਹਨ, ਇਸਤੋਂ ਪਹਿਲਾਂ ਨਹੀਂ। ਗੀਤਾ ਅੰਤਰਦੇਸ਼ ਦੀ ਲੜਾਈ ਦਾ ਚਿਤ੍ਰਣ ਹੈ। ਇਸ ਤਿਆਗ ਤੋਂ ਮਿਲੇਗਾ ਕੀ ? ਇਸਤੋਂ ਲਾਭ ਕੀ ਹੈ? ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**यं हि न व्यथयन्त्येते पुरुषं पुरुषर्षभ।**
**समदु:खसुखं धीरं सोऽमृतत्वाय कल्पते।।१५।।**

ਕਿਉਂਕਿ ਪੁਰਸ਼ਸ਼੍ਰੇਸ਼ਠ! ਦੁਖ-ਸੁਖ ਨੂੰ ਸਮਾਨ ਸਮਝਣ ਵਾਲੇ ਜਿਸ ਧੀਰ ਪੁਰਸ਼ ਨੂੰ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਦੁਖੀ ਨਹੀਂ ਕਰ ਸਕਦੇ, ਉਹ ਮੌਤ ਤੋਂ ਪਰੇ ਅੰਮ੍ਰਿਤ-ਤੱਤ ਦੀ ਪ੍ਰਾਪਤੀ ਦੇ ਯੋਗ ਹੋ ਜਾਂਦਾ ਹੈ। ਇਥੇ ਸ਼੍ਰੀ ਕ੍ਰਿਸ਼ਣ ਨੇ ਇਕ ਉਪਲਬਧੀ 'ਅੰਮ੍ਰਿਤ' ਦੀ ਚਰਚਾ ਕੀਤੀ। ਅਰਜੁਨ ਸੋਚਦਾ ਸੀ ਕਿ ਯੁੱਧ ਦੇ ਪਰਿਣਾਮ ਵਿਚ ਸਵਰਗ ਮਿਲੇਗਾ ਜਾਂ ਪ੍ਰਿਥਵੀਂ; ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਨਾ ਸਵਰਗ ਮਿਲੇਗਾ ਅਤੇ ਨਾ ਪ੍ਰਿਥਵੀ, ਬਲਕਿ ਅੰਮ੍ਰਿਤ ਮਿਲੇਗਾ। ਅੰਮ੍ਰਿਤ ਕੀ ਹੈ?

**नासतो विद्यते भावो नाभावो विद्यते सत:।**
**उभयोरपि दृष्टोऽन्तस्त्वनयोस्तत्त्वदर्शिभि:।।१६।।**

ਅਰਜੁਨ! ਝੂਠੀ ਵਸਤੂ ਦੀ ਹੋਂਦ ਨਹੀਂ ਹੈ, ਉਹ ਹੈ ਹੀ ਨਹੀਂ, ਉਸਨੂੰ ਸਾਂਭਕੇ ਰੱਖਿਆ ਨਹੀਂ ਜਾ ਸਕਦਾ ਅਤੇ ਸੱਚ ਦਾ ਤਿੰਨੋਂ ਕਾਲਾਂ ਵਿਚ ਅਭਾਵ ਨਹੀਂ ਹੈ, ਉਸਨੂੰ ਮਿਟਾਇਆ ਨਹੀਂ ਜਾ ਸਕਦਾ। ਅਰਜੁਨ ਨੇ ਪੁੱਛਿਆ-ਕੀ ਭਗਵਾਨ ਹੋਣ ਦੇ ਨਾਤੇ ਆਪ ਇਹ ਕਹਿੰਦੇ ਹੋ? ਸ਼੍ਰੀ ਕ੍ਰਿਸ਼ਣ ਨੇ ਦਸਿਆ ਮੈਂ ਤਾਂ ਕਹਿੰਦਾ ਹੀ ਹਾਂ, ਇਹਨਾਂ ਦੋਨਾਂ ਦਾ ਫ਼ਰਕ ਸਾਡੇ ਨਾਲ-ਨਾਲ ਤੱਤਦਰਸ਼ੀਆਂ ਰਾਹੀਂ ਵੀ ਵੇਖਿਆ ਗਿਆ ਹੈ। ਸ਼੍ਰੀ ਕ੍ਰਿਸ਼ਣ ਨੇ ਉਹੀ ਸੱਚ ਦੁਹਰਾਇਆ ਜੋ ਤੱਤਦਰਸ਼ੀਆਂ ਨੇ ਕਦੇ ਵੇਖ ਲਿਆ ਸੀ। ਸ਼੍ਰੀ ਕਿਸ਼ਣ ਵੀ ਇਕ ਤੱਤਦਰਸ਼ੀ ਮਹਾਪੁਰਸ਼ ਸਨ। ਪਰਮਤੱਤ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਕਰਕੇ ਉਸ ਵਿਚ ਸਥਿਤੀ ਪ੍ਰਾਪਤ ਕਰਨ ਵਾਲੇ ਤੱਤਦਰਸ਼ੀ ਕਹਾਉਂਦੇ ਹਨ। ਸੱਚ ਅਤੇ ਝੂਠ ਕੀ ਹਨ ? ਇਸ ਬਾਰੇ ਕਹਿੰਦੇ ਹਨ

**अविनाशि तु तद्विद्धि येन सर्वमिदं ततम्।**
**विनाशमव्ययस्यास्य न कश्चित्कर्तुमर्हति।।१७।।**

ਨਾਸ਼ ਰਹਿਤ ਤਾਂ ਉਹ ਹੈ, ਜਿਸ ਨਾਲ ਇਹ ਸੰਪੂਰਣ ਜਗਤ ਵਿਆਪਤ ਹੈ। ਇਸ **'अव्ययस्य'** ਅਵਿਨਾਸ਼ੀ ਦਾ ਵਿਨਾਸ਼ ਕਰਨ ਵਿਚ ਕੋਈ ਸਮਰੱਥ ਨਹੀਂ ਹੈ; ਪਰ ਇਸ 'ਅਵਿਨਾਸ਼ੀ' 'ਅੰਮ੍ਰਿਤ' ਦਾ ਨਾਮ ਕੀ ਹੈ ? ਉਹ ਹੈ ਕੌਣ?

**अन्तवन्त इमे देहा नित्यस्योक्ताः शरीरिणः।**
**अनाशिनोऽप्रमेयस्य तस्माद्युध्यस्व भारत।।१८।।**

ਅਵਿਨਾਸ਼ੀ, ਅਪਾਰ, ਨਿਤ ਸਵਰੂਪ ਆਤਮਾ ਦੇ ਇਹ ਸਾਰੇ ਸਰੀਰ ਨਾਸ਼ਵਾਨ ਕਹੇ ਗਏ ਹਨ। ਇਸ ਲਈ ਭਰਤਵੰਸ਼ੀ ਅਰਜੁਨ! ਤੂੰ ਯੁੱਧ ਕਰ! ਆਤਮਾ ਹੀ ਅੰਮ੍ਰਿਤ ਹੈ। ਆਤਮਾ ਹੀ ਅਵਿਨਾਸ਼ੀ ਹੈ, ਜਿਸਦਾ ਤਿੰਨੋਂ ਕਾਲਾਂ ਵਿਚ ਨਾਸ ਨਹੀਂ ਹੁੰਦਾ। ਆਤਮਾ ਹੀ ਸੱਚ ਹੈ। ਸਰੀਰ ਨਾਸ਼ਵਾਨ ਹੈ, ਇਹ ਝੂਠ ਹੈ, ਜਿਸਦੀ ਤਿੰਨੋਂ ਕਾਲਾਂ ਵਿਚ ਹੋਂਦ ਨਹੀਂ ਹੈ।

'ਸਰੀਰ ਨਾਸ਼ਵਾਨ ਹੈ, ਇਸ ਲਈ ਤੂੰ ਯੁੱਧ ਕਰ' ਇਸ ਆਦੇਸ਼ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਅਰਜੁਨ ਕੇਵਲ ਕੌਰਵਾਂ ਨੂੰ ਮਾਰੇ। ਪਾਂਡਵ ਪੱਖ ਵਿਚ ਵੀ ਤਾਂ ਸਰੀਰ ਖੜ੍ਹੇ ਸਨ, ਕੀ ਪਾਂਡਵਾਂ ਦੇ ਸਰੀਰ ਅਵਿਨਾਸ਼ੀ ਸਨ? ਜੇ ਸਰੀਰ ਨਾਸ਼ਵਾਨ ਹੈ, ਤਾਂ ਸ਼੍ਰੀ ਕ੍ਰਿਸ਼ਣ ਕਿਸਦੀ ਰੱਖਿਆ ਲਈ ਖੜ੍ਹੇ ਸਨ? ਕੀ ਅਰਜੁਨ ਕੋਈ ਸਰੀਰਧਾਰੀ ਸੀ? ਸਰੀਰ ਜੋ ਅਸਤਿ ਹੈ, ਜਿਸਦਾ ਅਸਤਿੱਤਵ ਨਹੀਂ ਹੈ, ਜਿਸਨੂੰ ਰੋਕਿਆ ਨਹੀਂ ਜਾ ਸਕਦਾ, ਕੀ ਸ਼੍ਰੀ ਕ੍ਰਿਸ਼ਣ ਉਸ ਸਰੀਰ ਦੀ ਰੱਖਿਆ ਲਈ ਖੜ੍ਹੇ ਹਨ? ਜੇ ਐਸਾ ਹੈ, ਤਾਂ ਉਹ ਵੀ ਅਵਿਵੇਕੀ ਅਤੇ ਮੂੜ ਹਨ; ਕਿਉਂਕਿ ਅੱਗੇ ਸ਼੍ਰੀ ਕ੍ਰਿਸ਼ਨ ਆਪ ਕਹਿੰਦੇ ਹਨ ਕਿ ਜੋ ਕੇਵਲ ਸਰੀਰ ਦੇ ਲਈ ਹੀ ਜੀਉਂਦਾ ਹੈ, ਮਿਹਨਤ ਕਰਦਾ ਹੈ (੩/੧੩), ਉਹ ਅਵਿਵੇਕੀ ਅਤੇ ਮੂੜਬੁੱਧੀ ਹੈ। ਉਹ ਪਾਪ-ਆਯੂ ਪੁਰਸ਼ ਵਿਅਰਥ ਹੀ ਜੀਉਂਦਾ ਹੈ। ਆਖ਼ਰ ਅਰਜੁਨ ਕੌਣ ਸੀ?

ਦਰਅਸਲ ਅਨੁਰਾਗ (ਪਰਮਾਤਮਾ ਲਈ ਜਿਗਿਆਸਾ) ਹੀ ਅਰਜੁਨ ਹੈ। ਜਿਗਿਆਸੂ ਦੇ ਲਈ ਇਸ਼ਟ ਸਦਾ ਰਥੀ ਬਣਕੇ ਨਾਲ ਰਹਿੰਦੇ ਹਨ। ਸਖਾ ਦੀ ਤਰ੍ਹਾਂ ਉਸਦਾ ਮਾਰਗਦਰਸ਼ਨ ਕਰਦੇ ਹਨ। ਤੁਸੀਂ ਸਰੀਰ ਨਹੀਂ ਹੋ। ਸਰੀਰ ਤਾਂ ਆਵਰਣ ਹੈ। ਰਹਿਣ ਦਾ ਮਕਾਨ ਹੈ। ਤੁਸੀਂ ਉਸ ਵਿਚ ਰਹਿਣ ਵਾਲੇ ਅਨੁਰਾਗ ਭਰੇ ਆਤਮਾ ਹੋ। ਭੌਤਿਕ ਯੁੱਧ ਨਾਲ, ਮਾਰਨ-ਕੱਟਣ ਨਾਲ ਸਰੀਰਾਂ ਦਾ ਅੰਤ ਨਹੀਂ ਹੁੰਦਾ। ਇਹ ਸਰੀਰ ਛੁੱਟੇਗਾ, ਤਾਂ ਆਤਮਾ ਦੂਜਾ ਸਰੀਰ ਧਾਰਣ ਕਰ ਲਏਗਾ। ਇਸੇ ਸੰਦਰਭ ਵਿਚ ਸ਼੍ਰੀ ਕ੍ਰਿਸ਼ਣ ਕਹਿ ਚੁਕੇ ਹਨ ਕਿ ਜਿਸ ਤਰ੍ਹਾਂ ਬਚਪਨ ਤੋਂ ਯੁਵਾ ਜਾਂ ਬਿਰਧ ਅਵਸਥਾ ਆਉਂਦੀ ਹੈ। ਉਸੇ ਤਰ੍ਹਾਂ ਵੱਖ-ਵੱਖ ਦੇਹ ਦੀ ਪ੍ਰਾਪਤੀ ਹੁੰਦੀ ਹੈ। ਸਰੀਰ ਕਟਾਂਗੇ ਤਾਂ ਜੀਵਾਤਮਾ ਨਵਾਂ ਵਸਤਰ ਬਦਲ ਲਏਗਾ।

ਸਰੀਰ ਸੰਸਕਾਰਾਂ ਦਾ ਆਸ਼ਰਿਤ ਹੈ ਅਤੇ ਸੰਸਕਾਰ ਮਨ ਉਤੇ ਆਧਾਰਿਤ ਹਨ। **'मन एव मनुष्याणां कारणं बन्धमोक्षयोः।'** ਮਨ ਦਾ ਪੂਰਾ ਵਿਰੋਧ ਹੋਣਾ, ਅਚਲ-ਸਥਿਰ ਠਹਿਰਣਾ ਅਤੇ ਅੰਤਿਮ ਸੰਸਕਾਰ ਦਾ ਵਿਲੀਨ ਹੋਣਾ ਇਕ ਹੀ ਕ੍ਰਿਆ ਹੈ। ਸੰਸਕਾਰਾਂ ਦੀ ਸਤਹ ਦਾ ਟੁਟ ਜਾਣਾ ਹੀ ਸਰੀਰਾਂ ਦਾ ਅੰਤ ਹੈ। ਇਸਨੂੰ ਤੋੜਨ ਦੇ ਲਈ ਤੁਹਾਨੂੰ ਆਰਾਧਨਾ ਕਰਨੀ ਹੋਵੇਗੀ, ਜਿਸਨੂੰ ਸ਼੍ਰੀ ਕ੍ਰਿਸ਼ਣ ਨੇ 'ਕਰਮ' ਜਾਂ ਨਿਸ਼ਕਾਮ ਕਰਮਯੋਗ ਦਾ ਨਾਮ ਦਿਤਾ ਹੈ। ਸ਼੍ਰੀ ਕ੍ਰਿਸ਼ਣ ਨੇ ਥਾਂ-ਥਾਂ ਤੇ ਅਰਜੁਨ ਨੂੰ ਯੁੱਧ ਦੀ ਪ੍ਰੇਰਣਾ ਦਿਤੀ, ਪਰ ਇਕ ਵੀ ਸ਼ਲੋਕ ਐਸਾ ਨਹੀਂ ਹੈ ਜੋ ਭੌਤਿਕ ਯੁੱਧ ਜਾਂ ਮਾਰ-ਕਾਟ ਦਾ ਸਮਰਥਨ ਕਰਦਾ ਹੋਵੇ। ਇਹ ਯੁੱਧ ਭੀਤਰੀ-ਬਾਹਰੀ ਪ੍ਰਵਿਰਤੀਆਂ ਦਾ ਹੈ, ਅੰਤਰਦੇਸ਼ ਵਿਚ ਹੈ।

**य एनं वेत्ति हन्तारं यश्चैनं मन्यते हतम्।**
**उभौ तौ न विजानीतो नायं हन्ति न हन्यते।।१९।।**

ਇਸ ਆਤਮਾ ਨੂੰ ਮਾਰੇ ਜਾਣ ਵਾਲਾ ਜੋ ਮੰਨਦੇ ਹਨ ਅਤੇ ਜੋ ਇਸ ਆਤਮਾ ਨੂੰ ਮਰਿਆ ਹੋਇਆ ਸਮਝਦੇ ਹਨ, ਉਹ ਦੋਨੋਂ ਹੀ ਆਤਮਾ ਨੂੰ ਨਹੀਂ ਜਾਣਦੇ, ਕਿਉਂਕਿ ਇਹ ਆਤਮਾ ਨਾ ਤਾਂ ਮਰਦਾ ਹੈ

ਅਤੇ ਨਾ ਮਾਰਿਆ ਹੀ ਜਾਂਦਾ ਹੈ, ਫੇਰ ਇਸੇ ਗੱਲ ਉਤੇ ਬਲ ਦੇਂਦੇ ਹਨ

**न जायते म्रियते वा कदाचित् नायं भूत्वा भविता वा न भूय: ।
अजो नित्य: शाश्वतोऽयं पुराणो न हन्यते हन्यमाने शरीरे ।।२० ।।**

ਇਹ ਆਤਮਾ ਕਿਸੇ ਕਾਲ ਵਿਚ ਨਾ ਤਾਂ ਜੰਮਦਾ ਹੈ ਅਤੇ ਨਾ ਮਰਦਾ ਹੈ; ਕਿਉਂਕਿ ਇਹ ਵਸਤਰ ਹੀ ਤਾਂ ਬਦਲਦਾ ਹੈ। ਆਤਮਾ ਹੋਕੇ ਇਹ ਕੁਝ ਹੋਰ ਹੋਣ ਵਾਲਾ ਨਹੀਂ; ਕਿਉਂਕਿ ਇਹ ਅਜਨਮਾ ਹੈ, ਨਿਤ ਹੈ, ਸ਼ਾਸ਼ਵਤ ਅਤੇ ਪੁਰਾਤਨ ਹੈ। ਸਰੀਰ ਦਾ ਨਾਸ਼ ਹੋਣ ਤੇ ਵੀ ਇਸਦਾ ਨਾਸ਼ ਨਹੀਂ ਹੁੰਦਾ। ਆਤਮਾ ਹੀ ਸੱਚ ਹੈ, ਆਤਮਾ ਹੀ ਪੁਰਾਤਨ ਹੈ, ਆਤਮਾ ਹੀ ਸ਼ਾਸ਼ਵਤ ਅਤੇ ਸਨਾਤਨ ਹੈ। ਆਤਮਾ ਹੀ ਸ਼ਾਸ਼ਵਤ (ਸਦਾ ਰਹਿਣ ਵਾਲਾ) ਅਤੇ ਪੁਰਾਤਨ ਹੈ। ਆਤਮਾ, ਪ੍ਰਮਾਤਮਾ ਅਤੇ ਬ੍ਰਹਮ ਇੱਕ ਦੂਜੇ ਦੇ ਪੂਰਕ ਹਨ। ਤੁਸੀਂ ਕੌਣ ਹੋ? ਸ਼ਾਸ਼ਵਤ ਧਰਮ ਦੇ ਉਪਾਸਕ। ਸ਼ਾਸ਼ਵਤ ਕੌਣ ਹੈ? ਆਤਮਾ, ਅਰਥਾਤ ਅਸੀਂ-ਤੁਸੀਂ ਆਤਮਾ ਦੇ ਉਪਾਸਕ ਹਾਂ। ਜੇ ਤੁਸੀਂ ਆਤਮਿਕ ਮਾਰਗ ਨੂੰ ਨਹੀਂ ਜਾਣਦੇ, ਤਾਂ ਤੁਹਾਡੇ ਪਾਸ ਸ਼ਾਸਵਤ-ਸਨਾਤਨ ਨਾਮ ਦੀ ਕੋਈ ਚੀਜ਼ ਨਹੀਂ ਹੈ। ਜੇ ਉਸਦੇ ਲਈ ਤੁਸੀਂ ਆਹ ਭਰਦੇ ਹੋ, ਤਾਂ ਉਸਦੀ ਪ੍ਰਾਪਤੀ ਜ਼ਰੂਰ ਚਾਹੁੰਦੇ ਹੋ, ਪਰ ਤੁਸੀਂ ਸਨਾਤਨਧਰਮੀ ਨਹੀਂ ਹੋ, ਸਨਾਤਨ ਧਰਮ ਦੇ ਨਾਮ ਉਤੇ ਕਿਸੇ ਕੁਰੀਤਿ ਦੇ ਸ਼ਿਕਾਰ ਹੋ।

ਦੇਸ਼-ਵਿਦੇਸ਼ ਵਿਚ, ਮਾਨਵ ਮਾਤਰ ਵਿਚ ਆਤਮਾ ਇੱਕੋ ਜਿਹਾ ਹੈ। ਇਸ ਲਈ ਵਿਸ਼ਵ ਵਿਚ ਜਿੱਥੇ ਵੀ ਕੋਈ ਆਤਮਾ ਦੀ ਸਥਿਤੀ ਦਿਵਾਉਣ ਵਾਲੀ ਕ੍ਰਿਆ ਜਾਣਦਾ ਹੈ ਅਤੇ ਉਸ ਉਤੇ ਚੱਲਣ ਦੇ ਲਈ ਕੋਸ਼ਿਸ਼ ਕਰਦਾ ਹੈ, ਤਾਂ ਉਹ ਸਨਾਤਨਧਰਮੀ ਹੈ; ਚਾਹੇ ਉਹ ਖ਼ੁਦ ਨੂੰ ਈਸਾਈ, ਮੁਸਲਮਾਨ, ਯਹੂਦੀ ਜਾਂ ਕੁਝ ਵੀ ਕਹਿੰਦਾ ਹੋਵੇ।

**वेदाविनाशिनं नित्यं य एनमजमव्ययम् ।
कथं स पुरुष: पार्थ कं घातयति हन्ति कम् ।।२१ ।।**

ਪਾਰਥਿਵ (ਭੌਤਿਕ) ਸਰੀਰ ਨੂੰ ਰਥ ਬਣਾਕੇ ਬ੍ਰਹਮਰੂਪੀ ਲੱਖਸ਼ ਉਤੇ ਅਚੂਕ ਨਿਸ਼ਾਨਾ ਲਗਾਉਣ ਵਾਲੇ ਪ੍ਰਿਥਾਪੁੱਤਰ (ਪ੍ਰਿਥਵੀ ਪੁੱਤਰ) ਅਰਜੁਨ! ਜੋ ਪੁਰਸ਼ ਇਸ ਆਤਮਾ ਨੂੰ ਨਾਸ਼ਰਹਿਤ, ਨਿਤ, ਅਜਨਮਾ ਅਤੇ ਅਵਿਅਕਤ ਮੰਨਦਾ ਹੈ, ਉਹ ਪੁਰਸ਼ ਕਿਵੇਂ ਕਿਸੇ ਨੂੰ ਮਰਵਾਉਂਦਾ ਹੈ ਅਤੇ ਕਿਵੇਂ ਕਿਸੇ ਨੂੰ ਮਾਰਦਾ ਹੈ? ਅਵਿਨਾਸ਼ੀ ਦਾ ਵਿਨਾਸ਼ ਅਸੰਭਵ ਹੈ। ਅਜਨਮਾ ਜਨਮ ਨਹੀਂ ਲੈਂਦਾ। ਇਸ ਲਈ ਸਰੀਰ ਦੇ ਲਈ ਸੋਗ ਨਹੀਂ ਕਰਨਾ ਚਾਹੀਦਾ। ਇਸੇ ਨੂੰ ਉਦਾਹਰਣ ਦੇਕੇ ਸਪੱਸ਼ਟ ਕਰਦੇ ਹਨ

**वासांसि जीर्णानि यथा विहाय नवानि गृह्णाति नरोऽपराणि ।
तथा शरीराणि विहाय जीर्णान्यन्यानि संयाति नवानि देही ।।२२ ।।**

ਜਿਵੇਂ ਮਨੁੱਖ **'जीर्णानि वासांसि'** ਜੀਰਣ-ਸ਼ੀਰਣ (ਘਸੇ-ਫਟੇ) ਪੁਰਾਣੇ ਵਸਤਰਾਂ ਨੂੰ ਤਿਆਗਕੇ ਨਵੇਂ ਵਸਤਰਾਂ ਨੂੰ ਗ੍ਰਹਿਣ ਕਰਦਾ ਹੈ, ਠੀਕ ਉਸੇ ਤਰਹਾਂ ਇਹ ਜੀਵਾਤਮਾ ਪੁਰਾਣੇ ਸਰੀਰਾਂ ਨੂੰ ਤਿਆਗਕੇ ਦੂਜੇ ਨਵੇਂ ਸਰੀਰਾਂ ਨੂੰ ਧਾਰਣ ਕਰਦਾ ਹੈ। ਜੇ ਪੁਰਾਣਾ ਹੋਣ ਤੇ ਹੀ ਨਵਾਂ ਸਰੀਰ ਧਾਰਣ ਕਰਨਾ ਹੈ ਤਾਂ ਬੱਚੇ ਕਿਉਂ ਮਰ ਜਾਂਦੇ ਹਨ ? ਇਹ ਵਸਤਰ ਤਾਂ ਹੋਰ ਵਿਕਸਿਤ ਹੋਣਾ ਚਾਹੀਦਾ ਹੈ। ਦਰਅਸਲ ਇਹ ਸਰੀਰ ਛੁੱਟ ਜਾਂਦਾ ਹੈ। ਜੇ ਸੰਸਕਾਰ ਦੋ ਦਿਨ ਦਾ ਹੈ ਤਾਂ ਦੂਜੇ ਦਿਨ ਹੀ ਸਰੀਰ ਪੁਰਾਣਾ ਹੋ ਗਿਆ। ਇਸਦੇ ਬਾਅਦ ਮਨੁੱਖ ਇਕ ਸੁਆਸ ਵੀ ਵੱਧ ਨਹੀਂ ਜੀਉਂਦਾ। ਸੰਸਕਾਰ ਹੀ ਸਰੀਰ ਹੈ। ਆਤਮਾ ਸੰਸਕਾਰਾਂ ਦੇ ਅਨੁਸਾਰ ਨਵਾਂ ਸਰੀਰ ਧਾਰਣ ਕਰ ਲੈਂਦਾ ਹੈ **'अथ खलु क्रतुमय: पुरुष: । यथा इहैव, तथैव प्रेत्य भवति । कृतं लोकं पुरुषोऽभिजायते ।' (छांदोग्योपनिषद् ३/१४)** ਅਰਥਾਤ

ਇਹ ਪੁਰਸ਼ ਸਚਮੁੱਚ ਸੰਕਲਪਯੁਕਤ ਪ੍ਰਾਣੀ ਹੈ। ਇਸ ਲੋਕ ਵਿਚ ਪੁਰਸ਼ ਜੈਸੀ ਨਿਸ਼ਚਾ ਵਾਲਾ ਹੁੰਦਾ ਹੈ, ਤੈਸਾ ਹੀ ਇਥੋਂ ਮਰਕੇ ਜਾਣ ਤੇ ਹੁੰਦਾ ਹੈ। ਆਪਣੇ ਸੰਕਲਪ ਨਾਲ ਬਣਾਏ ਹੋਏ ਸਰੀਰਾਂ ਵਿਚ ਪੁਰਸ਼ ਪੈਦਾ ਹੁੰਦਾ ਹੈ। ਇਸ ਪ੍ਰਕਾਰ ਮੌਤ ਸਰੀਰ ਦਾ ਪਰਿਵਰਤਨ ਮਾਤਰ ਹੈ, ਆਤਮਾ ਨਹੀਂ ਮਰਦਾ। ਫੇਰ ਤੋਂ ਇਸਦੀ ਅਜਰਤਾ–ਅਮਰਤਾ ਉਤੇ ਬਲ ਦੇਂਦੇ ਹਨ।

**नैनं छिन्दन्ति शस्त्राणि नैनं दहति पावक: ।**
**न चैनं क्लेदयन्त्यापो न शोषयति मारुत: ।।२३ ।।**

ਅਰਜੁਨ ਇਸ ਆਤਮਾ ਨੂੰ ਸ਼ਸਤਰ ਕੱਟ ਨਹੀਂ ਸਕਦੇ, ਅਗਨੀ ਇਸ ਨੂੰ ਜਲਾ ਨਹੀਂ ਸਕਦੀ, ਪਾਣੀ ਇਸ ਨੂੰ ਗਿੱਲਾ ਨਹੀਂ ਕਰ ਸਕਦਾ ਅਤੇ ਹਵਾ ਇਸਨੂੰ ਸੁਕਾ ਨਹੀਂ ਸਕਦੀ।

**अच्छेद्योऽयमदाह्योऽयमक्लेद्योऽशोष्य एव च ।**
**नित्य: सर्वगत: स्थाणुरचलोऽयं सनातन: ।।२४ ।।**

ਇਹ ਆਤਮਾ ਅਛੇਦਿਅ ਹੈ ਇਸਨੂੰ ਛੇਕਿਆ ਨਹੀਂ ਜਾ ਸਕਦਾ। ਇਹ ਅਦਾਹਿਅ ਹੈ ਇਸਨੂੰ ਜਲਾਇਆ ਨਹੀਂ ਜਾ ਸਕਦਾ। ਇਹ ਅਕਲੇਦਿਅ ਹੈ ਇਸਨੂੰ ਗਿੱਲਾ ਨਹੀਂ ਕੀਤਾ ਜਾ ਸਕਦਾ। ਆਕਾਸ਼ ਇਸਨੂੰ ਆਪਣੇ ਵਿਚ ਸਮਾਹਿਤ ਨਹੀਂ ਕਰ ਸਕਦਾ। ਇਹ ਆਤਮਾ ਨਿਰਸੰਦੇਹ ਅਸ਼ੋਸ਼ਿਅ (ਜੋ ਸੁਕਾਇਆ ਨਾ ਜਾ ਸਕੇ), ਸਰਬਵਿਆਪਕ, ਅਚਲ, ਸਥਿਰ ਰਹਿਣ ਵਾਲਾ ਅਤੇ ਸਨਾਤਨ ਹੈ।

ਅਰਜੁਨ ਨੇ ਕਿਹਾ ਸੀ ਕੁਲ–ਧਰਮ ਸਨਾਤਨ ਹੈ। ਐਸਾ ਯੁੱਧ ਕਰਨ ਨਾਲ ਸਨਾਤਨ ਧਰਮ ਨਸ਼ਟ ਹੋ ਜਾਏਗਾ। ਪਰ ਸ਼੍ਰੀ ਕ੍ਰਿਸ਼ਣ ਨੇ ਇਸਨੂੰ ਅਗਿਆਨ ਮੰਨਿਆ ਅਤੇ ਆਤਮਾ ਨੂੰ ਸਨਾਤਨ ਦਸਿਆ। ਤੁਸੀਂ ਕੌਣ ਹੋ? ਸਨਾਤਨ ਧਰਮ ਦੇ ਅਨੁਯਾਈ। ਸਨਾਤਨ ਕੌਣ ਹੈ? ਆਤਮਾ, ਜੇ ਤੁਸੀਂ ਆਤਮਾ ਤਕ ਦੀ ਦੂਰੀ ਤੈ ਕਰਨ ਵਾਲੀ ਵਿਧੀ–ਵਿਸ਼ੇਸ਼ ਤੋਂ ਜਾਣੂ ਨਹੀਂ ਹੋ ਤਾਂ ਤੁਸੀਂ ਸਨਾਤਨ ਧਰਮ ਨਹੀਂ ਜਾਣਦੇ। ਇਸਦਾ ਬੁਰਾ ਨਤੀਜਾ ਸੰਪ੍ਰਦਾਇਕਤਾ ਵਿੱਚ ਫਸੇ, ਧਰਮ ਦਾ ਭੈ ਰੱਖਣ ਵਾਲੇ ਲੋਕਾਂ ਨੂੰ ਭੋਗਣਾ ਪੈ ਰਿਹਾ ਹੈ। ਮੱਧਕਾਲੀਨ ਭਾਰਤ ਵਿਚ ਬਾਹਰੋਂ ਆਉਣ ਵਾਲੇ ਮੁਸਲਮਾਨ ਮਾਤਰ ਬਾਰਾਂ ਹਜ਼ਾਰ ਸਨ। ਅੱਜ ਅਠਾਈ ਕਰੋੜ ਹਨ। ਬਾਰਾਂ ਹਜ਼ਾਰ ਤੋਂ ਵੱਧਕੇ ਲੱਖਾਂ ਹੋ ਜਾਂਦੇ, ਵੱਧ ਤੋਂ ਵੱਧ ਕਰੋੜ ਦੇ ਲਗਭਗ ਹੋ ਜਾਂਦੇ, ਹੋਰ ਕਿੰਨੇ ਹੋ ਸਕਦੇ ਸਨ? ਇਹ ਅਠਾਈ ਕਰੋੜ ਤੋਂ ਵੀ ਅੱਗੇ ਵੱਧ ਰਹੇ ਹਨ। ਸਭ ਹਿੰਦੂ ਹੀ ਤਾਂ ਹਨ, ਤੁਹਾਡੇ ਸਕੇ ਭਰਾ ਹਨ, ਜੋ ਛੋਹਣ ਅਤੇ ਖਾਣ ਨਾਲ ਨਸ਼ਟ ਹੋ ਗਏ। ਉਹ ਨਸ਼ਟ ਨਹੀਂ ਹੋਏ ਬਲਕਿ ਉਹਨਾਂ ਦਾ ਸਨਾਤਨ, ਅਪਰਿਵਰਤਨਸ਼ੀਲ ਧਰਮ ਨਸ਼ਟ ਹੋ ਗਿਆ।

ਜਦ ਪਦਾਰਥ (Matter) ਦੇ ਖੇਤਰ ਵਿਚ ਪੈਦਾ ਹੋਣ ਵਾਲੀ ਕੋਈ ਵੀ ਚੀਜ਼ ਇਸ ਸਨਾਤਨ ਦਾ ਸਪਰਸ਼ ਹੀ ਨਹੀਂ ਕਰ ਸਕਦੀ, ਤਾਂ ਛੋਹਣ–ਖਾਣ ਨਾਲ ਸਨਾਤਨ ਧਰਮ ਨਸ਼ਟ ਕਿਵੇਂ ਹੋ ਸਕਦਾ ਹੈ? ਇਹ ਧਰਮ ਨਹੀਂ, ਇਕ ਕੁਰੀਤਿ ਵਾਲੀ ਹਾਲਤ ਸੀ, ਜਿਸ ਨਾਲ ਭਾਰਤ ਵਿਚ ਸੰਪ੍ਰਦਾਇਕ ਭੇਦਭਾਵ ਵੱਧਿਆ, ਦੇਸ਼ ਦੀ ਵੰਡ ਹੋਈ ਅਤੇ ਰਾਸ਼ਟ੍ਰੀ ਏਕਤਾ ਦੀ ਅੱਜ ਵੀ ਸਮੱਸਿਆ ਬਣੀ ਹੋਈ ਹੈ।

ਇਹਨਾਂ ਕੁਰੀਤੀਆਂ ਦੇ ਪ੍ਰਸੰਗ ਇਤਿਹਾਸ ਵਿਚ ਭਰੇ ਹੋਏ ਹਨ। ਹਮੀਰਪੁਰ ਜ਼ਿਲੇ ਵਿਚ ਪੰਜਾਹ–ਸੱਠ ਪਰਿਵਾਰ ਕੁਲੀਨ ਖਤ੍ਰੀ ਸਨ। ਅੱਜ ਉਹ ਸਭ ਮੁਸਲਮਾਨ ਹਨ। ਨਾ ਉਹਨਾਂ ਉਤੇ ਤੋਪ

ਦਾ ਹਮਲਾ ਹੋਇਆ, ਨਾ ਤਲਵਾਰ ਦਾ। ਹੋਇਆ ਕੀ ? ਅੱਧੀ ਰਾਤ ਨੂੰ ਦੋ-ਇਕ ਮੌਲਵੀ ਉਸ ਪਿੰਡ ਦੇ ਇਕ ਮਾਤਰ ਖੂਹ ਦੇ ਪਾਸ ਛੁਪ ਗਏ ਕਿ ਕਰਮਕਾਂਡੀ ਬ੍ਰਾਹਮਣ ਸਭ ਤੋਂ ਪਹਿਲਾਂ ਇਥੇ ਇਸ਼ਨਾਨ ਕਰਨ ਆਏਗਾ। ਜਿਵੇਂ ਹੀ ਉਹ ਆਇਆ ਤਾਂ ਉਸਨੂੰ ਪਕੜ ਲਿਆ, ਉਸਦਾ ਮੂੰਹ ਬੰਦ ਕਰ ਦਿਤਾ। ਉਸਦੇ ਸਾਮ੍ਹਣੇ ਉਹਨਾਂ ਨੇ ਖੂਹ ਵਿਚੋਂ ਪਾਣੀ ਕੱਢਿਆ, ਮੂੰਹ ਲਗਾਕੇ ਪੀਤਾ ਅਤੇ ਬਚਿਆ ਹੋਇਆ ਪਾਣੀ ਖੂਹ ਵਿਚ ਪਾ ਦਿਤਾ, ਰੋਟੀ ਦਾ ਇਕ ਟੁਕੜਾ ਵੀ ਪਾ ਦਿਤਾ। ਪੰਡਿਤਜੀ ਵੇਖਦੇ ਹੀ ਰਹੇ ਗਏ, ਮਜਬੂਰ ਸਨ। ਫੇਰ ਪੰਡਿਤਜੀ ਨੂੰ ਵੀ ਨਾਲ ਲੈਕੇ ਉਹ ਲੋਕ ਚਲੇ ਗਏ। ਆਪਣੇ ਘਰ ਵਿਚ ਪੰਡਿਤਜੀ ਨੂੰ ਬੰਦ ਕਰ ਦਿਤਾ।

ਦੂਜੇ ਦਿਨ ਉਹਨਾਂ ਨੇ ਹੱਥ ਜੋੜਕੇ ਪੰਡਿਤਜੀ ਨੂੰ ਭੋਜਨ ਲਈ ਬੇਨਤੀ ਕੀਤੀ ਤਾਂ ਪੰਡਿਤਜੀ ਕ੍ਰੋਧਿਤ ਹੋ ਗਏ ''ਓਏ, ਤੁਸੀਂ ਯਵਨ ਹੋ, ਮੈਂ ਬ੍ਰਾਹਮਣ, ਭਲਾ ਕਿਵੇਂ ਖਾ ਸਕਦਾ ਹਾਂ?'' ਉਹਨਾਂ ਕਿਹਾ ''ਮਹਾਰਾਜ, ਸਾਨੂੰ ਤੁਹਾਡੇ ਵਰਗੇ ਵਿਚਾਰਵਾਨ ਲੋਕਾਂ ਦੀ ਬੜੀ ਜ਼ਰੂਰਤ ਹੈ। ਖਿਮਾ ਕਰੋ।'' ਪੰਡਿਤਜੀ ਨੂੰ ਛੱਡ ਦਿਤਾ ਗਿਆ।

ਪੰਡਿਤਜੀ ਆਪਣੇ ਪਿੰਡ ਆਏ। ਵੇਖਿਆ, ਲੋਕੀਂ ਖੂਹ ਦਾ ਇਸਤੇਮਾਲ ਪਹਿਲਾਂ ਵਾਂਗ ਹੀ ਕਰ ਰਹੇ ਸਨ। ਉਹ ਅਨਸ਼ਨ ਕਰਨ ਲਗੇ। ਲੋਕਾਂ ਨੇ ਕਾਰਨ ਪੁੱਛਿਆ, ਤਾਂ ਬੋਲੇ ''ਯਵਨ ਇਸ ਖੂਹ ਦੇ ਬਨੇਰੇ ਉਤੇ ਚੜ੍ਹ ਗਏ ਸਨ। ਮੇਰੇ ਸਾਮ੍ਹਣੇ ਉਹਨਾਂ ਨੇ ਇਸ ਖੂਹ ਨੂੰ ਜੂਠਾ ਕੀਤਾ ਅਤੇ ਇਸ ਵਿਚ ਰੋਟੀ ਦਾ ਟੁਕੜਾ ਵੀ ਪਾ ਦਿਤਾ। ਪਿੰਡ ਦੇ ਲੋਕੀਂ ਹੈਰਾਨ ਰਹਿ ਗਏ, ਪੁਛਿਆ '' ਹੁਣ ਕੀ ਹੋਏਗਾ?'' ਪੰਡਿਤਜੀ ਨੇ ਦਸਿਆ, ''ਹੁਣ ਕੀ, ਧਰਮ ਤਾਂ ਨਸ਼ਟ ਹੋ ਗਿਆ।''

ਉਸ ਸਮੇਂ ਲੋਕੀਂ ਪੜ੍ਹੇ-ਲਿਖੇ ਨਹੀਂ ਸਨ। ਇਸਤ੍ਰੀਆਂ ਅਤੇ ਸ਼ੂਦ੍ਰਾਂ ਤੋਂ ਪੜ੍ਹਨ ਦਾ ਅਧਿਕਾਰ ਪਤਾ ਨਹੀਂ ਕਦੋਂ ਦਾ ਖ਼ਤਮ ਕੀਤਾ ਜਾ ਚੁਕਾ ਸੀ। ਵੈਸ਼ (ਬਾਣੀਆ) ਲੋਕੀਂ ਧਨ ਕਮਾਉਣਾ ਹੀ ਆਪਣਾ ਧਰਮ ਮੰਨ ਬੈਠੇ ਸਨ। ਖੱਤ੍ਰੀ ਲੋਕੀਂ ਭਾਟ-ਚਾਰਣਾਂ ਤੋਂ ਆਪਣੀ ਉਸਤਤ-ਪ੍ਰਸ਼ੰਸਾ ਸੁਣਨ ਵਿਚ ਰੁਝੇ ਹੋਏ ਸਨ ਕਿ ਤਦੋਂ ਹੀ ਹਮਲਾਵਰਾਂ ਦੀ ਤਲਵਾਰ ਚਮਕੀ, ਜਿਵੇਂ ਬਿਜਲੀ ਚਮਕਣ ਲਗੀ, ਦਿੱਲੀ ਦਾ ਤਖ਼ਤ ਡਗਮਗਾਉਣ ਲਗਾ। ਆਦਰ-ਸਤਿਕਾਰ ਵੈਸੇ ਹੀ ਪ੍ਰਾਪਤ ਹੈ, ਤਾਂ ਪੜ੍ਹੀਏ ਕਿਉਂ? ਧਰਮ ਨਾਲ ਉਹਨਾਂ ਨੂੰ ਕੀ ਲੈਣਾ-ਦੇਣਾ? ਧਰਮ ਕੇਵਲ ਬ੍ਰਾਹਮਣਾਂ ਦੀ ਚੀਜ਼ ਬਣਕੇ ਰਹਿ ਗਿਆ ਸੀ। ਉਹ ਹੀ ਧਰਮ ਸੂਤ੍ਰਾਂ ਦੇ ਰਚਨਾਕਾਰ, ਉਹ ਹੀ ਉਸਦੇ ਪ੍ਰਾਚੀਨ ਵਿਆਖਿਆਕਾਰ ਅਤੇ ਉਹੀ ਉਸਦੇ ਝੂਠ-ਸੱਚ ਦੇ ਨਿਰਣਾਇਕ ਸਨ। ਜਦਕਿ ਪ੍ਰਾਚੀਨ ਕਾਲ ਵਿਚ ਇਸਤ੍ਰੀਆਂ, ਸ਼ੂਦ੍ਰਾਂ, ਵੈਸ਼ਾਂ, ਖੱਤ੍ਰੀਆਂ ਅਤੇ ਬ੍ਰਾਹਮਣਾਂ, ਸਭਨੂੰ ਵੇਦ ਪੜ੍ਹਨ ਦਾ ਅਧਿਕਾਰ ਸੀ। ਹਰ ਵਰਗ ਦੇ ਰਿਸ਼ੀਆਂ ਨੇ ਵੈਦਿਕ ਮੰਤ੍ਰਾਂ ਦੀ ਰਚਨਾ ਕੀਤੀ ਹੈ, ਸ਼ਾਸਤ੍ਰਾਰਥ-ਨਿਰਣਾ ਵਿਚ ਹਿੱਸਾ ਲਿਆ ਹੈ। ਪ੍ਰਾਚੀਨ ਰਾਜਿਆਂ ਨੇ ਧਰਮ ਦੇ ਨਾਮ ਉਤੇ ਆਡੰਬਰ ਫੈਲਾਉਣ ਵਾਲਿਆਂ ਨੂੰ ਦੰਡ ਦਿਤਾ, ਧਰਮ ਪਰਾਇਣਾਂ ਦਾ ਆਦਰ ਕੀਤਾ ਸੀ।

ਪਰ ਮੱਧਕਾਲੀਨ ਭਾਰਤ ਵਿਚ ਸਨਾਤਨ ਧਰਮ ਦੀ ਯਥਾਰਥ ਜਾਣਕਾਰੀ ਨਾ ਰੱਖਣ ਨਾਲ ਉਪਰੋਕਤ ਪਿੰਡ ਦੇ ਨਿਵਾਸੀ ਭੇਡਾਂ ਵਾਂਗ ਇਕ ਕੋਨੇ ਵਿਚ ਖੜ੍ਹੇ ਹੁੰਦੇ ਗਏ ਕਿ ਧਰਮ ਤਾਂ ਨਸ਼ਟ ਹੋ ਗਿਆ। ਕਈ ਲੋਕਾਂ ਨੇ ਇਸ ਡਰਾਉਣੇ ਲਫ਼ਜ਼ ਨੂੰ ਸੁਣਕੇ ਆਤਮ ਹੱਤਿਆ ਕਰ ਲਈ; ਪਰ ਸਾਰੇ ਕਿਥੋਂ ਤਕ ਖ਼ੁਦ ਨੂੰ ਮਾਰਦੇ। ਅਟੁਟ ਸ਼ਰਧਾ ਦੇ ਬਾਵਜੂਦ ਵੀ ਮਜਬੂਰ ਹੋਕੇ ਦੂਜਾ ਹੱਲ ਢੂੰਡਣਾ ਪਿਆ। ਅੱਜ ਵੀ ਉਹ ਬਾਂਸ ਗੱਡਕੇ, ਸੋਟਾ ਰੱਖਕੇ ਹਿੰਦੂਆਂ ਦੀ ਤਰਹਾਂ ਵਿਆਹ ਕਰਦੇ ਹਨ; ਬਾਅਦ ਵਿਚ ਇਕ ਮੌਲਵੀ ਨਿਕਾਹ ਪੜ੍ਹਕੇ ਚਲਾ ਜਾਂਦਾ ਹੈ। ਸਭ ਦੇ ਸਭ ਹਿੰਦੂ ਹਨ, ਸਭ ਦੇ ਸਭ ਮੁਸਲਮਾਨ ਬਣ ਗਏ।

ਹੋਇਆ ਕੀ ਸੀ ? ਪਾਣੀ ਪੀਤਾ ਸੀ, ਅਣਜਾਣੇ ਵਿਚ ਮੁਸਲਮਾਨਾਂ ਦਾ ਛੋਹਿਆ ਖਾ ਲਿਆ ਸੀ। ਇਸ ਲਈ ਧਰਮ ਨਸ਼ਟ ਹੋ ਗਿਆ। ਧਰਮ ਤਾਂ ਹੋ ਗਿਆ ਛੂਈ-ਮੂਈ। ਇਹ (ਲਾਜਵੰਤੀ) ਇਕ ਬੂਟਾ ਹੁੰਦਾ ਹੈ। ਤੁਸੀਂ ਛੋਹ ਲਉ ਤਾਂ ਉਸ ਦੀਆਂ ਪੱਤੀਆਂ ਸਿਮਟ ਜਾਂਦੀਆਂ ਹਨ ਅਤੇ ਹੱਥ ਹਟਾਉਦਿਆਂ ਹੀ ਫੇਰ ਖਿੜ ਪੈਂਦੀਆਂ ਹਨ। ਇਹ ਪੌਦਾ ਹੱਥ ਹਟਾਉਦਿਆਂ ਹੀ ਖਿੜ ਪੈਂਦਾ ਹੈ; ਪਰ ਧਰਮ ਤਾਂ ਐਸਾ ਮੁਰਝਾਇਆ ਕਿ ਕਦੇ ਮੁੜ ਖਿੜੇਗਾ ਹੀ ਨਹੀਂ। ਉਹ ਮਰ ਗਏ, ਸਦਾ ਲਈ ਉਹਨਾਂ ਦੇ ਰਾਮ-ਕ੍ਰਿਸ਼ਣ ਅਤੇ ਪਰਮਾਤਮਾ ਮਰ ਗਏ। ਜੋ ਸ਼ਾਸਵਤ ਸਨ, ਉਹ ਮਰ ਗਏ। ਦਰਅਸਲ ਉਹ ਸ਼ਾਸ਼ਵਤ ਦੇ ਨਾਮ ਉਤੇ ਕੋਈ ਕੁਰੀਤਿ ਸੀ, ਜਿਸਨੂੰ ਲੋਕ ਧਰਮ ਮੰਨ ਬੈਠੇ ਸਨ।

ਧਰਮ ਦੀ ਸ਼ਰਨ ਅਸੀਂ ਕਿਉ ਜਾਂਦੇ ਹਾਂ; ਕਿਉਂਕਿ ਅਸੀਂ ਮਰਣਧਰਮਾ (ਮਰਣ ਵਾਲੇ) ਹਾਂ ਅਤੇ ਧਰਮ ਕੋਈ ਠੋਸ ਚੀਜ਼ ਹੈ, ਜਿਸਦੀ ਸ਼ਰਨ ਜਾਕੇ ਅਸੀਂ ਵੀ ਅਮਰ ਹੋ ਜਾਈਏ। ਅਸੀਂ ਤਾਂ ਮਾਰਨ ਨਾਲ ਮਰਾਂਗੇ ਅਤੇ ਇਹ ਧਰਮ ਸਿਰਫ਼ ਛੋਹਣ ਅਤੇ ਖਾਣ ਨਾਲ ਮਰ ਜਾਏਗਾ, ਤਾਂ ਸਾਡੀ ਰੱਖਿਆ ਕੀ ਕਰੇਗਾ? ਧਰਮ ਤਾਂ ਤੁਹਾਡੀ ਰੱਖਿਆ ਕਰਦਾ ਹੈ, ਤੁਹਾਡੇ ਤੋਂ ਸ਼ਕਤੀਸ਼ਾਲੀ ਹੈ। ਤੁਸੀਂ ਤਲਵਾਰ ਨਾਲ ਮਰੋਗੇ ਅਤੇ ਧਰਮ ? ਉਹ ਛੋਹਣ ਨਾਲ ਨਸ਼ਟ ਹੋ ਗਿਆ। ਕੈਸਾ ਹੈ ਤੁਹਾਡਾ ਧਰਮ ? ਕੁਰੀਤੀਆਂ ਨਸ਼ਟ ਹੁੰਦੀਆਂ ਹਨ, ਨਾ ਕਿ ਸਨਾਤਨ।

ਸਨਾਤਨ ਤਾਂ ਐਸੀ ਠੋਸ ਵਸਤੂ ਹੈ, ਜਿਸਨੂੰ ਸ਼ਸਤ੍ਰ ਨਹੀਂ ਕਟਦੇ, ਅਗਨੀ ਜਲਾ ਨਹੀਂ ਸਕਦੀ, ਜਲ ਜਿਸਨੂੰ ਗਿੱਲਾ ਨਹੀਂ ਕਰ ਸਕਦਾ। ਖਾਣਾ-ਪੀਣਾ ਤਾਂ ਦੂਰ, ਪ੍ਰਕ੍ਰਿਤੀ ਵਿਚ ਪੈਦਾ ਹੋਈ ਕੋਈ ਚੀਜ਼ ਉਸਦਾ ਸਪਰਸ਼ ਵੀ ਨਹੀਂ ਕਰ ਪਾਉਂਦੀ, ਤਾਂ ਉਹ ਸਨਾਤਨ ਨਸ਼ਟ ਕਿਵੇਂ ਹੋ ਗਿਆ?

ਐਸੀਆਂ ਹੀ ਕੁਝ ਇਕ ਕੁਰਤੀਆਂ ਅਰਜੁਨ ਦੇ ਸਮੇਂ ਵੀ ਸਨ। ਉਹਨਾਂ ਦਾ ਸ਼ਿਕਾਰ ਅਰਜੁਨ ਵੀ ਸੀ। ਉਸਨੇ ਵਿਰਲਾਪ ਕਰਦੇ ਹੋਏ ਗਿੜਗਿੜਾਕੇ ਕਿਹਾ ਕਿ ਕੁਲ-ਧਰਮ ਸਨਾਤਨ ਹੈ। ਯੁੱਧ ਨਾਲ ਸਨਾਤਨ ਧਰਮ ਨਸ਼ਟ ਹੋ ਜਾਏਗਾ। ਕੁਲ-ਧਰਮ ਨਸ਼ਟ ਹੋਣ ਨਾਲ ਅਸੀਂ ਅਨੰਤ ਕਾਲ ਤਕ ਨਰਕ ਵਿਚ ਚਲੇ ਜਾਵਾਂਗੇ। ਪਰ ਸ਼੍ਰੀ ਕ੍ਰਿਸ਼ਣ ਨੇ ਕਿਹਾ ''ਤੈਨੂੰ ਇਹ ਅਗਿਆਨ ਕਿਥੋਂ ਹੋ ਗਿਆ ?'' ਸਿੱਧ ਹੈ ਕਿ ਉਹ ਕੋਈ ਕੁਰੀਤਿ ਸੀ; ਤਦੇ ਤਾਂ ਸ਼੍ਰੀ ਕ੍ਰਿਸ਼ਣ ਨੇ ਉਸਦਾ ਨਿਵਾਰਨ ਕੀਤਾ ਅਤੇ ਦਸਿਆ ਕਿ ਆਤਮਾ ਹੀ ਸਨਾਤਨ ਹੈ। ਜੇ ਤੁਸੀਂ ਆਤਮਿਕ ਮਾਰਗ ਨਹੀਂ ਜਾਣਦੇ, ਤਾਂ ਸਨਾਤਨ ਧਰਮ ਵਿਚ ਤੁਹਾਡਾ ਅਜੇ ਤਕ ਪ੍ਰਵੇਸ਼ ਨਹੀਂ ਹੋਇਆ।

ਜਦ ਇਹ ਸਨਾਤਨ-ਸ਼ਾਸ਼ਵਤ ਆਤਮਾ ਸਭਦੇ ਅੰਦਰ ਵਿਆਪਤ ਹੈ, ਤਾਂ ਖੋਜਿਆ ਕਿਸਨੂੰ ਜਾਵੇ? ਇਸ ਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**अव्यक्तोऽयमचिन्त्योऽयमविकार्योऽयमुच्यते ।**
**तस्मादेवं विदित्वैनं नानुशोचितुमर्हसि ।।२५।।**

ਇਹ ਆਤਮਾ ਅਵਿਅਕਤ ਹੈ ਅਰਥਾਤ ਇੰਦ੍ਰੀਆਂ ਦਾ ਵਿਸ਼ਾ ਨਹੀਂ ਹੈ। ਇੰਦ੍ਰੀਆਂ ਦੇ ਰਾਹੀਂ ਇਸਨੂੰ ਸਮਝਿਆ ਨਹੀਂ ਜਾ ਸਕਦਾ। ਜਦ ਤਕ ਇੰਦ੍ਰੀਆਂ ਅਤੇ ਵਿਸ਼ਿਆਂ ਦਾ ਸੰਜੋਗ ਹੈ, ਤਦ ਤਕ ਆਤਮਾ ਤਾਂ ਹੈ, ਪਰ ਉਸਨੂੰ ਸਮਝਿਆ ਨਹੀਂ ਜਾ ਸਕਦਾ। ਉਹ ਅਚਿੰਤਿਅ (ਚਿੰਤਨ ਤੋਂ ਪਰੇ) ਹੈ। ਜਦ ਤਕ ਚਿੱਤ ਅਤੇ ਚਿੱਤ ਦੀ ਲਹਿਰ ਹੈ, ਤਦ ਤਕ ਉਹ ਸ਼ਾਸ਼ਵਤ ਤਾਂ ਹੈ, ਪਰ ਸਾਡੇ ਦਰਸ਼ਨ, ਉਪਭੋਗ ਅਤੇ ਪ੍ਰਵੇਸ਼ ਦੇ ਲਈ ਨਹੀਂ ਹੈ। ਇਸ ਲਈ ਚਿੱਤ ਦਾ ਨਿਰੋਧ ਕਰੋ।

ਪਹਿਲਾਂ ਸ਼੍ਰੀ ਕ੍ਰਿਸ਼ਣ ਦਸ ਚੁਕੇ ਹਨ ਕਿ ਝੂਠੀ ਵਸਤੂ ਦੀ ਹੋਂਦ ਨਹੀਂ ਹੈ ਅਤੇ ਸੱਚ ਦਾ ਤਿੰਨੋਂ

ਕਾਲਾਂ ਵਿਚ ਅਭਾਵ ਨਹੀਂ ਹੈ। ਉਹ ਸੱਚ ਹੈ ਆਤਮਾ। ਆਤਮਾ ਹੀ ਅਪਰਿਵਰਤਨਸ਼ੀਲ, ਸ਼ਾਸ਼ਵਤ, ਸਨਾਤਨ ਅਤੇ ਅਵਿਅਕਤ ਹੈ। ਤੱਤਦਰਸ਼ੀਆਂ ਨੇ ਆਤਮਾ ਨੂੰ ਇਹਨਾਂ ਵਿਸ਼ੇਸ਼ ਗੁਣਧਰਮਾਂ ਨਾਲ ਯੁਕਤ ਵੇਖਿਆ। ਨਾ ਦਸ ਭਾਸ਼ਾਵਾਂ ਦੇ ਗਿਆਤਾ ਨੇ ਵੇਖਿਆ, ਨਾ ਕਿਸੇ ਸਮ੍ਰਿਧੀਸ਼ਾਲੀ ਨੇ ਵੇਖਿਆ, ਬਲਕਿ ਤੱਤਦਰਸ਼ੀਆਂ ਨੇ ਵੇਖਿਆ। ਸ਼੍ਰੀ ਕ੍ਰਿਸ਼ਣ ਨੇ ਅੱਗੇ ਦਸਿਆ ਕਿ ਤੱਤ ਹੈ ਪਰਮਾਤਮਾ। ਮਨ ਦੇ ਨਿਰੋਧਕਾਲ ਵਿਚ ਸਾਧਕ ਉਸਦਾ ਦਰਸ਼ਨ ਅਤੇ ਉਸ ਵਿਚ ਪ੍ਰਵੇਸ਼ ਪਾਉਂਦਾ ਹੈ। ਪ੍ਰਾਪਤੀਕਾਲ ਵਿਚ ਭਗਵਾਨ ਮਿਲਦੇ ਹਨ ਅਤੇ ਦੂਜੇ ਹੀ ਪਲ ਉਹ ਆਪਣੀ ਆਤਮਾ ਨੂੰ ਈਸ਼ਵਰੀ ਗੁਣਧਰਮਾਂ ਨਾਲ ਸੁਸ਼ੋਭਿਤ ਵੇਖਦਾ ਹੈ। ਉਹ ਵੇਖਦਾ ਹੈ ਕਿ ਆਤਮਾ ਹੀ ਸੱਚ, ਸਨਾਤਨ ਅਤੇ ਪੂਰਣ ਹੈ। ਇਹ ਆਤਮਾ ਅਚਿੰਤਿਅ ਹੈ। ਇਹ ਵਿਕਾਰ ਰਹਿਤ ਅਰਥਾਤ ਨਾ ਬਦਲਣ ਵਾਲਾ ਕਿਹਾ ਜਾਂਦਾ ਹੈ। ਇਸ ਲਈ ਅਰਜੁਨ! ਆਤਮਾ ਨੂੰ ਇਹ ਮੰਨਕੇ ਤੂੰ ਸੋਗ ਕਰਨ ਯੋਗ ਨਹੀਂ ਹੈਂ। ਹੁਣ ਸ਼੍ਰੀ ਕ੍ਰਿਸ਼ਣ ਅਰਜੁਨ ਦੇ ਵਿਚਾਰਾਂ ਵਿਚ ਵਿਰੋਧਾਭਾਸ ਦਸਦੇ ਹਨ, ਜੋ ਆਮ-ਸਹਿਜ ਤਰਕ ਹੈ

**अथ चैनं नित्यजातं नित्यं वा मन्यसे मृतम्।**
**तथापि त्वं महाबाहो नैवं शोचितुमर्हसि ।।२६।।**

ਜੇ ਤੂੰ ਇਸਨੂੰ ਸਦਾ ਜੰਮਣ ਵਾਲਾ ਅਤੇ ਸਦਾ ਮਰਨ ਵਾਲਾ ਮੰਨੇਂ ਤਾਂ ਵੀ ਤੈਨੂੰ ਸੋਗ ਨਹੀਂ ਕਰਨਾ ਚਾਹੀਦਾ; ਕਿਉਂਕਿ-

**जातस्य हि ध्रुवो मृत्युर्ध्रुवं जन्म मृतस्य च।**
**तस्मादपरिहार्येऽर्थे न त्वं शोचितुमर्हसि ।।२७।।**

ਐਸਾ ਮੰਨ ਲੈਣ ਤੇ ਵੀ ਜੰਮਣ ਵਾਲੇ ਦੀ ਨਿਸ਼ਚਿਤ ਮੌਤ ਅਤੇ ਮਰਨ ਵਾਲੇ ਦਾ ਨਿਸ਼ਚਿਤ ਜਨਮ ਸਿੱਧ ਹੁੰਦਾ ਹੈ। ਇਸ ਲਈ ਵੀ ਬਿਨਾਂ ਉਪਾਅ ਵਾਲੇ ਇਸ ਵਿਸ਼ੇ ਲਈ ਤੇਰਾ ਸੋਗ ਕਰਨਾ ਯੋਗ ਨਹੀਂ ਹੈ। ਜਿਸਦਾ ਕੋਈ ਇਲਾਜ ਨਹੀਂ, ਉਸਦੇ ਲਈ ਸੋਗ ਕਰਨਾ ਇਕ ਹੋਰ ਦੁਖ ਨੂੰ ਬੁਲਾਉਣਾ ਹੈ।

**अव्यक्तादीनि भूतानि व्यक्तमध्यानि भारत।**
**अव्यक्तनिधनान्येव तत्र का परिदेवना ।।२८।।**

ਅਰਜੁਨ! ਸਾਰੇ ਪ੍ਰਾਣੀ ਜਨਮ ਤੋਂ ਪਹਿਲਾਂ ਬਿਨਾਂ ਸਰੀਰ ਵਾਲੇ ਅਤੇ ਮਰਨ ਦੇ ਬਾਅਦ ਵੀ ਬਿਨਾਂ ਸਰੀਰ ਵਾਲੇ ਹਨ। ਜਨਮ ਤੋਂ ਪਹਿਲਾਂ ਅਤੇ ਬਾਅਦ ਵੀ ਦਿਖਾਈ ਨਹੀਂ ਦੇਂਦੇ। ਕੇਵਲ ਜਨਮ-ਮਰਨ ਦੇ ਵਿਚ ਹੀ ਸਰੀਰ ਧਾਰਣ ਕੀਤੇ ਹੋਏ ਦਿਖਾਈ ਦੇਂਦੇ ਹਨ। ਇਸ ਲਈ ਇਸ ਪਰਿਵਰਤਨ ਦੇ ਬਾਰੇ ਵਿਅਰਥ ਚਿੰਤਾ ਕਿਉਂ ਕਰਦੇ ਹੋ? ਇਸ ਆਤਮਾ ਨੂੰ ਵੇਖਦਾ ਕੌਣ ਹੈ? ਇਸਤੇ ਕਹਿੰਦੇ ਹਨ

**आश्चर्यवत्पश्यति कश्चिदेनमाश्चर्यवद्वदति तथैव चान्य: ।**
**आश्चर्यवच्चैनमन्य: श्रृणोति श्रुत्वाप्येनं वेद न चैव कश्चित् ।।२९।।**

ਪਹਿਲਾਂ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਇਸ ਆਤਮਾ ਨੂੰ ਤੱਤਦਰਸ਼ੀਆਂ ਨੇ ਦੇਖਿਆ ਹੈ। ਹੁਣ ਤੱਤਦਰਸ਼ਨ ਦੀ ਦੁਰਲਭਤਾ ਉਤੇ ਪ੍ਰਕਾਸ਼ ਪਾਉਂਦੇ ਹਨ ਕਿ ਕੋਈ ਵਿਰਲਾ ਮਹਾਪੁਰਸ਼ ਹੀ ਇਸ ਆਤਮਾ ਨੂੰ ਅਸਚਰਜ ਦੀ ਤਰ੍ਹਾਂ ਦੇਖਦਾ ਹੈ। ਸੁਣਦਾ ਨਹੀਂ, ਪ੍ਰਤੱਖ ਦੇਖਦਾ ਹੈ ਅਤੇ ਉਸੇ ਤਰਹਾਂ ਦੂਜਾ ਕੋਈ ਮਹਾਪੁਰਸ਼ ਹੀ ਅਸਚਰਜ ਦੀ ਤਰ੍ਹਾਂ ਇਸਦੇ ਤੱਤ ਨੂੰ ਕਹਿੰਦਾ ਹੈ। ਜਿਸਨੇ ਦੇਖਿਆ ਹੈ,

ਉਹੋ ਯਥਾਰਥ ਕਹਿ ਸਕਦਾ ਹੈ। ਦੂਜਾ ਕੋਈ ਵਿਰਲਾ ਸਾਧਕ ਇਸਨੂੰ ਅਸਚਰਜ ਦੀ ਤਰ੍ਹਾਂ ਸੁਣਦਾ ਹੈ ਸਭ ਸੁਣਦੇ ਵੀ ਨਹੀਂ, ਕਿਉਂਕਿ ਇਹ ਅਧਿਕਾਰੀ ਦੇ ਲਈ ਹੀ ਹੈ। ਹੇ ਅਰਜੁਨ। ਕੋਈ-ਕੋਈ ਤਾਂ ਸੁਣਕੇ ਵੀ ਇਸ ਆਤਮਾ ਨੂੰ ਨਹੀਂ ਜਾਣ ਪਾਉਂਦੇ; ਕਿਉਂਕਿ ਸਾਧਨਾ ਪਾਰ ਨਹੀਂ ਲਗਦੀ। ਤੁਸੀਂ ਲੱਖ ਗਿਆਨ ਦੀਆਂ ਗੱਲਾਂ ਸੁਣੋ, ਸਮਝੋ, ਵਾਲ ਦੀ ਖੱਲ ਕੱਢਕੇ ਸਮਝੋ, ਉਤਸੁਕ ਵੀ ਰਹੋ; ਪਰ ਮੋਹ ਬੜਾ ਪ੍ਰਬਲ ਹੈ, ਥੋੜ੍ਹੀ ਦੇਰ ਬਾਅਦ ਹੀ ਤੁਸੀਂ ਆਪਣੀਆਂ ਸੰਸਾਰਕ ਵਿਵਸਥਾਵਾਂ ਵਿਚ ਲਿਪਤ ਨਜ਼ਰ ਆਉਗੇ।

ਅੰਤ ਵਿਚ ਸ੍ਰੀ ਕ੍ਰਿਸ਼ਣ ਨਿਰਣਾ ਦੇਂਦੇ ਹਨ

**देही नित्यमवध्योऽयं देहे सर्वस्य भारत ।**
**तस्मात्सर्वाणि भूतानि न त्वं शोचितुमर्हसि ।।३०।।**

ਅਰਜੁਨ! ਇਹ ਆਤਮਾ ਸਭ ਦੇ ਸਰੀਰ ਵਿਚ ਸਦਾ ਨਾ ਮਾਰਨਯੋਗ, ਨਾ ਕੱਟਣਯੋਗ ਹੈ। ਇਸ ਲਈ ਸਾਰੇ ਭੌਤਿਕ ਪ੍ਰਾਣੀਆਂ ਲਈ ਤੂੰ ਸੋਗ ਕਰਨ ਯੋਗ ਨਹੀਂ ਹੈਂ।

'ਆਤਮਾ ਹੀ ਸਨਾਤਨ ਹੈ।' ਇਸ ਤੱਥ ਦਾ ਪ੍ਰਤਿਪਾਦਨ ਕਰਕੇ, ਇਸਦਾ ਵਿਸਤਾਰ ਸਹਿਤ ਵਰਣਨ ਕਰਕੇ ਇਹ ਪ੍ਰਸ਼ਨ ਇੱਥੇ ਹੀ ਪੂਰਾ ਹੋ ਜਾਂਦਾ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਇਸਦੀ ਪ੍ਰਾਪਤੀ ਕਿਵੇਂ ਹੋਵੇ ? ਸੰਪੂਰਣ ਗੀਤਾ ਵਿਚ ਇਸਦੇ ਲਈ ਦੋ ਹੀ ਮਾਰਗ ਹਨ ਪਹਿਲਾ ਮਾਰਗ ਨਿਸ਼ਕਾਮ ਕਰਮਯੋਗ ਅਤੇ ਦੂਜਾ ਗਿਆਨਯੋਗ। ਦੋਨਾਂ ਮਾਰਗਾਂ ਵਿਚ ਕੀਤਾ ਜਾਣ ਵਾਲਾ ਕਰਮ ਇਕ ਹੀ ਹੈ। ਉਸ ਕਰਮ ਦੀ ਜ਼ਰੂਰਤ ਉਤੇ ਜ਼ੋਰ ਦੇਂਦੇ ਹੋਏ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਗਿਆਨਯੋਗ ਦੇ ਬਾਰੇ ਕਹਿੰਦੇ ਹਨ

**स्वधर्ममपि चावेक्ष्य न विकम्पितुमर्हसि ।**
**धर्म्याद्धि युद्धाच्छ्रेयोऽन्यत् क्षत्रियस्य न विद्यते ।।३१।।**

ਅਰਜੁਨ! ਸ੍ਵੈਧਰਮ ਦੇ ਅਨੁਸਾਰ ਵੀ ਤੈਨੂੰ ਭੈ ਨਹੀਂ ਕਰਨਾ ਚਾਹੀਦਾ। ਕਿਉਂਕਿ ਧਰਮ ਦੇ ਯੁੱਧ ਤੋਂ ਵੱਧਕੇ ਹੋਰ ਕੋਈ ਪਰਮ ਕਲਿਆਨਕਾਰੀ ਮਾਰਗ ਖੱਤ੍ਰੀ ਦੇ ਲਈ ਨਹੀਂ ਹੈ। ਅਜੇ ਤਕ ਤਾਂ 'ਆਤਮਾ ਸ਼ਾਸ਼ਵਤ ਹੈ', 'ਆਤਮਾ ਸਨਾਤਨ ਹੈ', 'ਉਹੀਂ ਇਕਮਾਤਰ ਧਰਮ ਹੈ' ਕਿਹਾ ਗਿਆ ਹੈ। ਹੁਣ ਇਹ ਸ੍ਵੈਧਰਮ ਕਿਹਾ ? ਧਰਮ ਤਾਂ ਇਕਮਾਤਰ ਆਤਮਾ ਹੀ ਹੈ। ਉਹ ਤਾਂ ਅਚਲ, ਸਥਿਰ ਹੈ ਤਾਂ ਧਰਮ-ਆਚਰਣ ਕੀ ? ਪਰ ਇਸ ਆਤਮ-ਮਾਰਗ ਵਿਚ ਪ੍ਰਵਿਰਤ ਹੋਣ ਦੀ ਸਮਰੱਥਾ ਹਰ ਵਿਅਕਤੀ ਦੀ ਵੱਖ-ਵੱਖ ਹੁੰਦੀ ਹੈ। ਸੁਭਾਅ ਤੋਂ ਪੈਦਾ ਇਸ ਸਮਰੱਥਾ ਨੂੰ ਸ੍ਵੈਧਰਮ ਕਿਹਾ ਗਿਆ ਹੈ।

ਇਸੇ ਇਕ ਸਨਾਤਨ ਆਤਮਿਕ ਮਾਰਗ ਉਤੇ ਚੱਲਣ ਵਾਲੇ ਸਾਧਕਾਂ ਨੂੰ ਮਹਾਪੁਰਸ਼ ਨੇ ਸੁਭਾਅ ਤੋਂ ਉਹਨਾਂ ਦੀ ਸਮਰੱਥਾ ਦੇ ਅਨੁਸਾਰ ਚਾਰ ਸ਼੍ਰੇਣੀਆਂ ਵਿਚ ਵੰਡਿਆ-ਸ਼ੂਦ੍ਰ, ਵੈਸ਼, ਖੱਤ੍ਰੀ ਅਤੇ ਬ੍ਰਾਹਮਣ। ਸਾਧਨਾ ਦੀ ਆਰੰਭਕ ਅਵਸਥਾ ਵਿਚ ਹਰ ਸਾਧਕ ਸ਼ੂਦ੍ਰ ਅਰਥਾਤ ਅਲਪਗਿਆਨੀ ਹੁੰਦਾ ਹੈ। ਘੰਟਿਆਂ ਤਕ ਭਜਨ ਵਿਚ ਬੈਠਣ ਤੇ ਉਹ ਦਸ ਮਿਨਟ ਵੀ ਆਪਣੇ ਪੱਖ ਵਿਚ ਨਹੀਂ ਪ੍ਰਾਪਤ ਕਰਦਾ। ਉਹ ਪ੍ਰਕ੍ਰਿਤੀ ਦੇ ਮਾਇਆਜਾਲ ਨੂੰ ਕਟ ਨਹੀਂ ਪਾਉਂਦਾ। ਇਸ ਅਵਸਥਾ ਵਿਚ ਮਹਾਪੁਰਸ਼ ਦੀ ਸੇਵਾ ਨਾਲ ਉਸਦੇ ਸੁਭਾਅ ਵਿਚ ਸਤਿਗੁਣ ਆਉਂਦੇ ਹਨ। ਉਹ ਵੈਸ਼ ਸ਼੍ਰੇਣੀ ਦਾ ਸਾਧਕ ਬਣ ਜਾਂਦਾ ਹੈ। ਆਤਮਿਕ ਸੰਪੱਤੀ ਹੀ ਸਥਿਰ ਸੰਪੱਤੀ ਹੈ। ਇਸਦਾ ਉਹ ਸਹਿਜੇ-ਸਹਿਜੇ ਸੰਗ੍ਰਹਿ ਅਤੇ ਗਊਪਾਲਨ ਅਰਥਾਤ ਇੰਦ੍ਰੀਆਂ ਦੀ ਸੁਰੱਖਿਆ ਕਰਨ ਵਿਚ ਸਮਰੱਥ ਹੋ ਜਾਂਦਾ ਹੈ। ਕਾਮ-ਕ੍ਰੋਧ ਆਦਿ ਨਾਲ ਇੰਦ੍ਰੀਆਂ ਦੀ ਹਿੰਸਾ ਹੁੰਦੀ ਹੈ, ਅਤੇ ਵਿਵੇਕ-ਵੈਰਾਗ ਨਾਲ ਇਹਨਾਂ ਦੀ ਸੁਰੱਖਿਆ ਹੁੰਦੀ ਹੈ।

ਪਰ ਪ੍ਰਕ੍ਰਿਤੀ ਨੂੰ ਨਿਰਬੀਜ ਕਰਨ ਦੀ ਸਮੱਰਥਾ ਉਸ ਵਿਚ ਨਹੀਂ ਹੁੰਦੀ। ਕ੍ਰਮਵਾਰ ਉੱਨਤੀ ਕਰਦੇ-ਕਰਦੇ ਸਾਧਕ ਦੇ ਅੰਤਰਮਨ ਵਿਚ ਤਿਨਾਂ ਗੁਣਾਂ ਨੂੰ ਕੱਟਣ ਦੀ ਸਮਰੱਥਾ ਅਰਥਾਤ ਖੱਤ੍ਰਿਤਵ ਆ ਜਾਂਦਾ ਹੈ। ਇਸੇ ਪੱਧਰ ਤੇ ਪ੍ਰਕ੍ਰਿਤੀ ਅਤੇ ਉਸਦੇ ਵਿਕਾਰਾਂ ਨੂੰ ਨਾਸ਼ ਕਰਨ ਦੀ ਸਮਰੱਥਾ ਆ ਜਾਂਦੀ ਹੈ। ਇਸ ਲਈ ਯੁੱਧ ਇਥੋਂ ਹੀ ਆਰੰਭ ਹੁੰਦਾ ਹੈ। ਕ੍ਰਮਵਾਰ ਸਾਧਨਾ ਕਰਕੇ ਸਾਧਕ ਬ੍ਰਾਹਮਣੱਤਵ ਦੇ ਪੱਧਰ ਤੇ ਪਹੁੰਚ ਜਾਂਦਾ ਹੈ। ਇਸ ਸਮੇਂ ਮਨ ਦਾ ਸ਼ਮਨ, ਇੰਦ੍ਰੀਆਂ ਦਾ ਦਮਨ, ਸਿਲਸਿਲੇਵਾਰ ਚਿੰਤਨ, ਸਰਲਤਾ, ਅਨੁਭਵ, ਗਿਆਨ ਆਦਿ ਲੱਛਣ ਸਾਧਕ ਵਿਚ ਸੁਭਾਵਕ ਪ੍ਰਵਾਹਿਤ ਹੁੰਦੇ ਹਨ। ਇਹਨਾਂ ਦੇ ਹੀ ਕਰਨ ਨਾਲ ਸਹਿਜੇ-ਸਹਿਜੇ ਕ੍ਰਮਵਾਰ ਉਹ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦਾ ਹੈ, ਜਿੱਥੇ ਉਹ ਬ੍ਰਾਹਮਣ ਵੀ ਨਹੀਂ ਰਹਿ ਜਾਂਦਾ।

ਵਿਦੇਹ ਰਾਜਾ ਜਨਕ ਦੀ ਸਭਾ ਵਿਚ ਮਹਾਰਿਸ਼ੀ ਯਾਗਿਅਵਲਕਿਅ ਨੇ ਚਾਕ੍ਰਾਇਣ ਉਸ਼ਸਿਤ, ਕਹੋਲ, ਆਰੁਣੀ, ਉੱਦਾਲਕ ਅਤੇ ਗਾਰਗੀ ਦੇ ਪ੍ਰਸ਼ਨਾਂ ਦਾ ਸਮਾਧਾਨ ਕਰਦੇ ਹੋਏ ਦਸਿਆ ਕਿ ਆਤਮ ਸਾਖਿਆਤਕਾਰ ਨੂੰ ਪੂਰੀ ਤਰਹਾਂ ਪ੍ਰਾਪਤ ਕਰਨ ਵਾਲਾ ਹੀ ਬ੍ਰਾਹਮਣ ਹੁੰਦਾ ਹੈ। ਇਹ ਆਤਮਾ ਹੀ ਲੋਕ-ਪਰਲੋਕ ਅਤੇ ਸਾਰੇ ਪ੍ਰਾਣੀਆਂ ਨੂੰ ਅੰਦਰ ਤੋਂ ਨਿਯਮਿਤ ਕਰਦਾ ਹੈ। ਸੂਰਜ, ਚੰਦ੍ਰਮਾ, ਪ੍ਰਿਥਵੀ, ਜਲ, ਵਾਯੂ, ਅਗਨੀ, ਤਾਰੇ, ਅੰਤਰਿਖਸ਼, ਆਕਾਸ਼ ਅਤੇ ਹਰ ਪਲ ਇਸ ਆਤਮਾ ਦੇ ਹੀ ਪ੍ਰਸ਼ਾਸਨ ਵਿਚ ਹਨ। ਇਹ ਤੁਹਾਡਾ ਆਤਮਾ ਅੰਤਰਯਾਮੀ ਅੰਮ੍ਰਿਤ ਹੈ। ਆਤਮਾ ਅੱਖਰ ਹੈ, ਇਸਤੋਂ ਵੱਖ ਸਭ ਨਾਸ਼ਵਾਨ ਹਨ। ਜੋ ਕੋਈ ਵੀ ਇਸੇ ਲੋਕ ਵਿਚ ਇਸ ਅੱਖਰ ਨੂੰ ਨਾ ਜਾਣਕੇ ਹਵਨ ਕਰਦਾ ਹੈ, ਤਪ ਕਰਦਾ ਹੈ, ਹਜ਼ਾਰਾਂ ਸਾਲਾਂ ਤਕ ਯੱਗ ਕਰਦਾ ਹੈ, ਉਸਦਾ ਇਹ ਸਭ ਕਰਮ ਨਾਸ਼ਵਾਨ ਹੈ। ਜੋ ਕੋਈ ਵੀ ਇਸ ਅੱਖਰ ਨੂੰ ਜਾਣੇ ਬਿਨਾਂ ਇਸ ਲੋਕ ਤੋਂ ਮਰਕੇ ਜਾਂਦਾ ਹੈ, ਉਹ ਦਇਆ ਦੇ ਲਾਇਕ ਹੈ, ਕੰਜੂਸ ਹੈ ਅਤੇ ਜੋ ਇਸ ਅੱਖਰ ਨੂੰ ਜਾਣਕੇ ਇਸ ਲੋਕ ਤੋਂ ਮਰਕੇ ਜਾਂਦਾ ਹੈ ਉਹ ਬ੍ਰਾਹਮਣ ਹੈ। **(ਵ੍ਰਿਹਿਦਾਰਣਿਅਕ ਉਪਨਿਸ਼ਦ ੩/੪-੫-੭-੮)**

ਅਰਜੁਨ ਖੱਤ੍ਰੀ ਸ਼੍ਰੇਣੀ ਦਾ ਸਾਧਕ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਖੱਤ੍ਰੀ ਸ਼੍ਰੇਣੀ ਦੇ ਸਾਧਕ ਲਈ ਯੁੱਧ ਤੋਂ ਇਲਾਵਾ ਕੋਈ ਕਲਿਆਨਕਾਰੀ ਰਸਤਾ ਹੈ ਹੀ ਨਹੀਂ। ਸਵਾਲ ਉਠਦਾ ਹੈ ਕਿ ਖੱਤ੍ਰੀ ਹੈ ਕੀ? ਅਕਸਰ ਲੋਕੀਂ ਇਸਦਾ ਭਾਵ ਸਮਾਜ ਵਿਚ ਜਨਮ ਤੋਂ ਪੈਦਾ ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦ੍ਰ ਜਾਤੀਆਂ ਤੋਂ ਲੈਂਦੇ ਹਨ। ਇਹਨਾਂ ਨੂੰ ਚਾਰ ਵਰਣ ਮੰਨ ਲਿਆ ਜਾਂਦਾ ਹੈ। ਪਰ ਨਹੀਂ, ਸ਼ਾਸਤ੍ਰਕਾਰ ਨੇ ਆਪ ਦਸਿਆ ਹੈ ਕਿ ਖੱਤ੍ਰੀ ਕੀ ਹੈ, ਵਰਣ ਕੀ ਹੈ? ਇਥੇ ਉਹਨਾਂ ਨੇ ਕੇਵਲ ਖੱਤ੍ਰੀ ਦਾ ਨਾਮ ਲਿਆ ਅਤੇ ਅੱਗੇ ਅਠਾਰ੍ਹਵੇਂ ਅਧਿਆਇ ਤਕ ਇਸ ਪ੍ਰਸ਼ਨ ਦਾ ਸਮਾਧਾਨ ਪੇਸ਼ ਕੀਤਾ ਕਿ ਦਰਅਸਲ ਇਹ ਵਰਣ ਕੀ ਹਨ? ਅਤੇ ਕਿਵੇਂ ਇਹਨਾਂ ਵਿਚ ਪਰਿਵਰਤਨ ਹੁੰਦਾ ਹੈ?

ਸ਼੍ਰੀ ਕ੍ਰਿਸ਼ਣ ਨੇ ਕਿਹਾ, **'चातुर्वर्ण्यं मया सृष्टं'** ਚਾਰ ਵਰਣਾਂ ਦੀ ਸ੍ਰਿਸ਼ਟੀ ਮੈਂ ਕੀਤੀ। ਤਾਂ ਮਨੁੱਖ ਨੂੰ ਵੰਡਿਆ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਨਹੀਂ, **'गुण-कर्म विभागश:'** ਗੁਣਾਂ ਦੇ ਮਾਧਿਅਮ ਨਾਲ ਕਰਮ ਨੂੰ ਚਾਰ ਹਿੱਸਿਆਂ ਵਿਚ ਵੰਡਿਆ। ਇਹ ਦੇਖਣਾ ਹੈ ਕਿ ਉਹ ਕਰਮ ਕੀ ਹੈ, ਜਿਸਨੂੰ ਵੰਡਿਆ ਗਿਆ ਹੈ ? ਗੁਣ ਪਰਿਵਰਤਨਸ਼ੀਲ ਹਨ। ਸਾਧਨਾ ਦੀ ਉਚਿਤ ਪ੍ਰਕ੍ਰਿਆ ਰਾਹੀਂ ਤਾਮਸੀ ਤੋਂ ਰਾਜਸੀ ਅਤੇ ਰਾਜਸੀ ਤੋਂ ਸਾਤਵਿਕ ਗੁਣਾਂ ਵਿਚ ਪ੍ਰਵੇਸ਼ ਮਿਲਦਾ ਜਾਂਦਾ ਹੈ। ਅੰਤ ਵਿਚ ਬ੍ਰਾਹਮਣ ਸੁਭਾਅ ਬਣ ਜਾਂਦਾ ਹੈ। ਉਸ ਸਮੇਂ ਬ੍ਰਹਮ ਵਿਚ ਪ੍ਰਵੇਸ਼ ਦਿਵਾ ਦੇਣ ਵਾਲੀਆਂ ਸਾਰੀਆਂ ਯੋਗਤਾਵਾਂ ਉਸ ਸਾਧਕ ਵਿਚ ਰਹਿੰਦੀਆਂ ਹਨ। ਵਰਣ ਸੰਬੰਧੀ ਪ੍ਰਸ਼ਨ ਇਥੋਂ ਸ਼ੁਰੂ ਹੋਕੇ ਅਠਾਰ੍ਹਵੇਂ ਅਧਿਆਇ ਵਿਚ ਜਾਕੇ ਪੂਰਾ ਹੁੰਦਾ ਹੈ।

ਸ਼੍ਰੀ ਕ੍ਰਿਸ਼ਣ ਦੀ ਮਾਨਤਾ ਹੈ **'श्रेयान्स्वधर्मो विगुण: परधर्मात्स्वनुष्ठितात्'** ਸੁਭਾਅ

ਤੋਂ ਉਤਪੰਨ ਇਸ ਧਰਮ ਵਿਚ ਪ੍ਰਵਿਰਤ ਹੋਣ ਦੀ ਸਮਰੱਥਾ ਜਿਸ ਪੱਧਰ ਦੀ ਵੀ ਹੋਵੇ, ਭਲੇ ਹੀ ਉਹ ਗੁਣਰਹਿਤ ਸ਼ੂਦ੍ਰ ਸ਼੍ਰੇਣੀ ਦੀ ਹੋਵੇ, ਤਾਂ ਵੀ ਪਰਮ ਕਲਿਆਨ ਕਰਦੀ ਹੈ; ਕਿਉਂਕਿ ਤੁਸੀਂ ਕ੍ਰਮਵਾਰ ਉਥੋਂ ਹੀ ਅੱਗੇ ਵੱਧਦੇ ਹੋ। ਉਸ ਤੋਂ ਉੱਪਰ ਵਾਲਿਆਂ ਦੀ ਨਕਲ ਕਰਕੇ ਸਾਧਕ ਨਸ਼ਟ ਹੋ ਜਾਂਦਾ ਹੈ। ਅਰਜੁਨ ਖੱਤ੍ਰੀ ਸ਼੍ਰੇਣੀ ਦਾ ਸਾਧਕ ਸੀ। ਇਸ ਲਈ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ-ਅਰਜੁਨ! ਆਪਣੇ ਸ਼੍ਰੇਣੀ ਸੁਭਾਅ ਤੋਂ ਉਤਪੰਨ ਇਸ ਯੁੱਧ ਵਿਚ ਪ੍ਰਵਿਰਤ ਹੋਣ ਦੀ ਆਪਣੀ ਸਮਰੱਥਾ ਨੂੰ ਵੇਖਕੇ ਵੀ ਤੂੰ ਭੈ ਕਰਨ ਯੋਗ ਨਹੀਂ ਹੈ। ਇਸਤੋਂ ਵੱਧਕੇ ਦੂਜਾ ਕੋਈ ਕਲਿਆਨਕਾਰੀ ਕਾਰਜ ਖੱਤ੍ਰੀ ਦੇ ਲਈ ਨਹੀਂ ਹੈ। ਇਸੇ ਉਤੇ ਪ੍ਰਕਾਸ਼ ਪਾਉਂਦੇ ਹੋਏ ਫੇਰ ਯੋਗੇਸ਼ਵਰ ਕਹਿੰਦੇ ਹਨ

**यदृच्छया चोपपन्नं स्वर्गद्वारमपावृतम् ।**
**सुखिन: क्षत्रिया: पार्थ लभन्ते युद्धमीदृशम् ।।३२।।**

ਪਾਰਥਿਵ ਸਰੀਰ ਨੂੰ ਹੀ ਰੱਥ ਬਣਾਕੇ ਅਚੂਕ ਲੱਖਸ਼ਭੇਦੀ ਅਰਜੁਨ! ਖ਼ੁਦ ਬਖ਼ੁਦ ਮਿਲੇ, ਸਵਰਗ ਦੇ ਖੁਲ੍ਹੇ ਹੋਏ ਦ੍ਵਾਰਰੂਪੀ ਇਸ ਯੁੱਧ ਨੂੰ ਭਾਗਾਂਵਾਲੇ ਖੱਤ੍ਰੀ ਹੀ ਪ੍ਰਾਪਤ ਕਰਦੇ ਹਨ। ਖੱਤ੍ਰੀ ਸ਼੍ਰੇਣੀ ਦੇ ਸਾਧਕ ਵਿਚ ਤਿੰਨਾਂ ਗੁਣਾਂ ਨੂੰ ਕੱਟ ਦੇਣ ਦੀ ਸਮੱਰਥਾ ਰਹਿੰਦੀ ਹੈ। ਉਸਦੇ ਲਈ ਸਵਰਗ ਦਾ ਦ੍ਵਾਰ ਖੁਲ੍ਹਾ ਹੈ; ਕਿਉਂਕਿ ਉਸ ਵਿਚ ਦੈਵੀ ਸੰਪੱਤੀ ਪੂਰੀ ਤਰਹਾਂ ਅਰਜਿਤ ਰਹਿੰਦੀ ਹੈ, ਸ੍ਵਰ (ਧੁਨੀ) ਵਿਚ ਰਹਿਣ ਦੀ ਉਸ ਵਿਚ ਸਮਰੱਥਾ ਰਹਿੰਦੀ ਹੈ। ਇਹੋ ਖੁਲਿਆ ਹੋਇਆ ਸਵਰਗ ਦਾ ਦ੍ਵਾਰ ਹੈ। ਖੇਤਰ-ਖੇਤ੍ਰਗਿਅ ਦੇ ਇਸ ਯੁੱਧ ਨੂੰ ਭਾਗਾਂਵਾਲੇ ਖੱਤ੍ਰੀ ਹੀ ਪਾਉਂਦੇ ਹਨ; ਕਿਉਂਕਿ ਉਹਨਾਂ ਵਿਚ ਹੀ ਇਸ ਸੰਘਰਸ਼ ਦੀ ਸਮਰੱਥਾ ਹੈ।

ਦੁਨੀਆਂ ਵਿਚ ਲੜਾਈਆਂ ਹੁੰਦੀਆਂ ਹਨ। ਵਿਸ਼ਵ ਸਿਮਟਕੇ ਲੜਦਾ ਹੈ, ਹਰ ਜਾਤੀ ਲੜਦੀ ਹੈ, ਪਰ ਸ਼ਾਸ਼ਵਤ ਜਿੱਤ ਜਿੱਤਣ ਵਾਲੇ ਨੂੰ ਵੀ ਨਹੀਂ ਮਿਲਦੀ। ਇਹ ਤਾਂ ਬਦਲੇ ਹਨ। ਜੋ ਜਿਸਨੂੰ ਜਿੰਨਾ ਦਬਾਉਂਦਾ ਹੈ, ਬਾਅਦ ਵਿਚ ਉਸਨੂੰ ਵੀ ਉੱਨਾ ਹੀ ਦਬਣਾ ਪੈਂਦਾ ਹੈ। ਇਹ ਕੈਸੀ ਜਿੱਤ ਹੈ, ਜਿਸ ਵਿਚ ਇੰਦ੍ਰੀਆਂ ਨੂੰ ਸੁਕਾਉਣ ਵਾਲਾ ਸੋਗ ਬਣਿਆ ਹੀ ਰਹਿੰਦਾ ਹੈ? ਅੰਤ ਵਿਚ ਸਰੀਰ ਵੀ ਨਸ਼ਟ ਹੋ ਜਾਂਦਾ ਹੈ। ਅਸਲੀ ਸੰਘਰਸ਼ ਤਾਂ ਖੇਤਰ-ਖੇਤ੍ਰਗਿਅ ਦਾ ਹੈ, ਜਿਸ ਵਿਚ ਇਕ ਵਾਰੀ ਜਿੱਤ ਹੋ ਜਾਣ ਨਾਲ ਪ੍ਰਕ੍ਰਿਤੀ ਦਾ ਸਦਾ ਲਈ ਵਿਰੋਧ ਅਤੇ ਪਰਮ-ਪੁਰਸ਼ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਐਸੀ ਜਿੱਤ ਹੈ, ਜਿਸਦੇ ਬਾਅਦ ਹਾਰ ਨਹੀਂ ਹੈ।

**अथ चेत्त्वमिमं धर्म्यं संग्रामं न करिष्यसि ।**
**तत: स्वधर्मं कीर्तिं च हित्वा पापमवाप्स्यसि ।।३३।।**

ਅਤੇ ਜੇ ਤੂੰ ਇਹ 'ਧਰਮਯੁਕਤ ਸੰਗ੍ਰਾਮ' ਅਰਥਾਤ ਸ਼ਾਸ਼ਵਤ ਸਨਾਤਨ ਪਰਮਧਰਮ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲਾ ਧਰਮ-ਯੁੱਧ ਨਹੀਂ ਕਰੇਂਗਾ ਤਾਂ 'ਸ੍ਵੈਧਰਮ' ਅਰਥਾਤ ਸੁਭਾਅ ਤੋਂ ਪੈਦਾ ਸੰਘਰਸ਼ ਕਰਨ ਦੀ ਸਮੱਰਥਾ, ਕ੍ਰਿਆ ਵਿਚ ਪ੍ਰਵਿਰਤ ਹੋਣ ਦੀ ਸਮਰੱਥਾ ਨੂੰ ਗੁਆਕੇ ਪਾਪ ਅਰਥਾਤ ਆਵਾਗਮਨ ਅਤੇ ਅਪਕੀਰਤੀ ਨੂੰ ਪ੍ਰਾਪਤ ਹੋਵੇਂਗਾ। ਅਪਕੀਰਤੀ ਉਤੇ ਉਹ ਪ੍ਰਕਾਸ਼ ਪਾਉਂਦੇ ਹਨ

**अकीर्तिं चापि भूतानि कथयिष्यन्ति तेऽव्ययाम् ।**
**सम्भावितस्य चाकीर्तिर्मरणादतिरिच्यते ।।३४।।**

ਸਭ ਲੋਕੀਂ ਬਹੁਤ ਕਾਲ ਤਕ ਤੇਰੀ ਅਪਕੀਰਤੀ ਦਾ ਵਰਣਨ ਕਰਨਗੇ। ਅੱਜ ਵੀ ਮਾਰਗ ਤੋਂ ਵਿਚਲਿਤ ਹੋਣ ਵਾਲੇ ਮਹਾਤਮਾਵਾਂ ਵਿਚ ਵਿਸ਼ਵਾਮਿਤ੍ਰ, ਪਾਰਾਸ਼ਰ, ਨਿਮਿ, ਸ਼੍ਰਿੰਗੀ ਆਦਿ ਦੀ ਗਿਣਤੀ

ਹੁੰਦੀ ਹੈ। ਬਹੁਤ ਸਾਰੇ ਸਾਧਕ ਆਪਣੇ ਧਰਮ ਉਤੇ ਵਿਚਾਰ ਕਰਦੇ ਹਨ, ਸੋਚਦੇ ਹਨ ਕਿ ਲੋਕੀਂ ਸਾਨੂੰ ਕੀ ਕਹਿਣਗੇ ? ਐਸਾ ਭਾਵ ਵੀ ਸਾਧਨਾ ਵਿਚ ਸਹਾਇਕ ਹੁੰਦਾ ਹੈ। ਇਸ ਨਾਲ ਸਾਧਨਾ ਵਿਚ ਲਗੇ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਕੁਝ ਦੂਰੀ ਤਕ ਇਹ ਭਾਵ ਵੀ ਸਾਥ ਦੇਂਦਾ ਹੈ। ਮਾਨਯੋਗ ਪੁਰਸ਼ਾਂ ਲਈ ਅਪਕੀਰਤੀ ਮਰਨ ਤੋਂ ਵੀ ਵੱਧ ਹੁੰਦੀ ਹੈ।

**भयाद्रणादुपरतं मंस्यन्ते त्वां महारथा: ।**
**येषां च त्वं बहुमतो भूत्वा यास्यसि लाघवम् ।।३५।।**

ਜਿਨ੍ਹਾਂ ਮਹਾਰਥੀਆਂ ਦੀ ਨਿਗਾਹ ਵਿਚ ਤੂੰ ਬੜਾ ਮਾਨਯੋਗ ਹੋਕੇ ਹੁਣ ਤੁੱਛਤਾ ਨੂੰ ਪ੍ਰਾਪਤ ਹੋਵੇਂਗਾ, ਉਹ ਮਹਾਰਥੀ ਲੋਕ ਤੈਨੂੰ ਭੈ ਦੇ ਕਾਰਨ ਯੁੱਧ ਤੋਂ ਉਪਰਾਮ ਹੋਇਆ ਮੰਨਣਗੇ। ਮਹਾਰਥੀ ਕੌਣ ? ਇਸ ਮਾਰਗ ਉਤੇ ਮਹਾਨ ਮਿਹਨਤ ਨਾਲ ਅੱਗੇ ਵੱਧਣ ਵਾਲੇ ਸਾਧਕ ਮਹਾਰਥੀ ਹਨ। ਇਸੇ ਪ੍ਰਕਾਰ ਐਨ੍ਹੀ ਹੀ ਮਿਹਨਤ ਨਾਲ ਅਵਿਦਿਆ ਵਲ ਖਿੱਚਣ ਵਾਲੇ ਕਾਮ, ਕ੍ਰੋਧ, ਲੋਭ, ਮੋਹ ਆਦਿ ਵੀ ਮਹਾਰਥੀ ਹਨ। ਜੋ ਤੈਨੂੰ ਬੜਾ ਮਾਣ ਦੇਂਦੇ ਸਨ ਕਿ ਸਾਧਕ ਪ੍ਰਸ਼ੰਸਾਯੋਗ ਹੈ, ਤੁਸੀਂ ਉਹਨਾਂ ਦੀ ਨਿਗਾਹ ਤੋਂ ਡਿੱਗ ਜਾਉਗੇ। ਐਨ੍ਹਾਂ ਹੀ ਨਹੀਂ, ਬਲਕਿ

**अवाच्यवादांश्च बहून् वदिष्यन्ति तवाहिता: ।**
**निन्दन्तस्तव सामर्थ्यं ततो दु:खतरं नु किम् ।।३६।।**

ਵੈਰੀ ਲੋਕ ਤੇਰੇ ਪਰਾਕਰਮ ਦੀ ਨਿੰਦਿਆ ਕਰਦੇ ਹੋਏ ਨਾ ਕਹਿਣਯੋਗ ਬਹੁਤ ਸਾਰੇ ਵਚਨ ਕਹਿਣਗੇ। ਇਕ ਦੋਸ਼ ਆਉਂਦਾ ਹੈ, ਤਾਂ ਚਾਰੋਂ ਪਾਸਿਉਂ ਨਿੰਦਿਆ ਅਤੇ ਬੁਰਾਈਆਂ ਦੀ ਝੜੀ ਲਗ ਜਾਂਦੀ ਹੈ। ਨਾ ਕਹਿਣਯੋਗ ਵਚਨ ਵੀ ਕਹੇ ਜਾਂਦੇ ਹਨ। ਇਸਤੋਂ ਵੱਡਾ ਦੁਖ ਕੀ ਹੋਏਗਾ? ਇਸ ਲਈ–

**हतो वा प्राप्स्यसि स्वर्गं जित्वा वा भोक्ष्यसे महीम् ।**
**तस्मादुत्तिष्ठ कौन्तेय युद्धाय कृतनिश्चय: ।।३७।।**

ਇਸ ਯੁੱਧ ਵਿਚ ਮਰੋਗੇ ਤਾਂ ਸਵਰਗ ਪ੍ਰਾਪਤ ਕਰੋਗੇ, ਸ੍ਵਰ ਵਿਚ ਰਹਿਣ ਦੀ ਸਮਰੱਥਾ ਰਹੇਗੀ। ਸੁਆਸ ਦੇ ਬਾਹਰ ਪ੍ਰਕ੍ਰਿਤੀ ਵਿਚ ਰਹਿਣ ਦੀਆਂ ਧਾਰਾਵਾਂ ਵਿਰੁੱਧ ਹੋ ਜਾਣਗੀਆਂ। ਪਰਮਦੇਵ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੀ ਦੈਵੀ ਸੰਪੱਤੀ ਹਿਰਦੇ ਵਿਚ ਪੂਰੀ ਤਰਹਾਂ ਪ੍ਰਵਾਹਿਤ ਰਹੇਗੀ। ਅਥਵਾ ਇਸ ਸੰਘਰਸ਼ ਵਿਚ ਜਿੱਤਣ ਤੇ ਮਹਾ ਮਹਿਮ ਵਾਲੀ ਸਥਿਤੀ ਨੂੰ ਪ੍ਰਾਪਤ ਕਰੋਗੇ। ਇਸ ਲਈ ਅਰਜੁਨ! ਯੁੱਧ ਦੇ ਲਈ ਸੰਕਲਪ ਕਰਕੇ ਖੜ੍ਹਾ ਹੋ।

ਅਕਸਰ ਲੋਕੀਂ ਇਸ ਸ਼ਲੋਕ ਦੇ ਅਰਥ ਵਿਚ ਇਹ ਸਮਝਦੇ ਹਨ ਕਿ ਇਸ ਯੁੱਧ ਵਿਚ ਮਰੋਗੇ ਤਾਂ ਸਵਰਗ ਜਾਉਗੇ ਅਤੇ ਜਿੱਤੋਗੇ ਤਾਂ ਪ੍ਰਿਥਵੀ ਦਾ ਭੋਗ ਭੋਗੋਗੇ। ਪਰ ਤੁਹਾਨੂੰ ਯਾਦ ਹੋਵੇਗਾ, ਅਰਜੁਨ ਕਹਿ ਚੁਕਾ ਹੈ ''ਭਗਵਨ! ਪ੍ਰਿਥਵੀ ਹੀ ਨਹੀਂ, ਸਗੋਂ ਤਿੰਨੋਂ ਲੋਕ ਦੇ ਸਮਰਾਜ ਅਤੇ ਦੇਵਤਿਆਂ ਦਾ ਰਾਜਪਦ ਅਰਥਾਤ ਇੰਦ੍ਰਪਦ ਪ੍ਰਾਪਤ ਹੋਣ ਤੇ ਵੀ ਮੈਂ ਉਸ ਉਪਾਅ ਨੂੰ ਨਹੀਂ ਵੇਖਦਾ, ਜੋ ਇੰਦ੍ਰੀਆਂ ਨੂੰ ਸੁਕਾਉਣ ਵਾਲੇ ਮੇਰੇ ਸੋਗ ਨੂੰ ਦੂਰ ਕਰ ਸਕੇ। ਜੇ ਐਨ੍ਹਾਂ ਹੀ ਮਿਲਣਾ ਹੈ ਤਾਂ ਗੋਵਿੰਦ! ਮੈਂ ਯੁੱਧ ਕਦੇ ਨਹੀਂ ਕਰਾਂਗਾ।'' ਜੇ ਐਨ੍ਹਾਂ ਤੇ ਵੀ ਸ਼੍ਰੀ ਕ੍ਰਿਸ਼ਣ ਕਹਿੰਦੇ ਕਿ ''ਅਰਜੁਨ ਲੜੋ! ਜਿੱਤੋਗੇ ਤਾਂ ਪ੍ਰਿਥਵੀ ਪਾ ਲਉਗੇ, ਹਾਰੋਗੇ ਤਾਂ ਸਵਰਗ ਦੇ ਨਾਗਰਿਕ ਬਣ ਜਾਉਗੇ'', ਤਾਂ ਸ਼੍ਰੀ ਕ੍ਰਿਸ਼ਣ ਦੇਂਦੇ ਹੀ ਕੀ ਹਨ? ਅਰਜੁਨ ਇਸ ਤੋਂ ਅੱਗੇ ਦਾ ਸੱਚ, ਸ਼੍ਰੇਅ (ਪਰਮ ਕਲਿਆਨ) ਦੀ ਕਾਮਨਾ ਵਾਲਾ ਸ਼ਿਸ਼ ਸੀ, ਜਿਸਨੂੰ

ਸਤਿਗੁਰੂਦੇਵ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਖੇਤਰ–ਖੇਤ੍ਰਗਿਅ ਦੇ ਇਸ ਸੰਘਰਸ਼ ਵਿਚ ਜੇ ਸਰੀਰ ਦਾ ਸਮਾਂ ਪੂਰਾ ਹੋ ਜਾਂਦਾ ਹੈ ਅਤੇ ਲੱਖਸ਼ ਤਕ ਨਹੀਂ ਪਹੁੰਚ ਸਕੇ, ਤਾਂ ਸਵਰਗ ਪ੍ਰਾਪਤ ਕਰੋਗੇ, ਅਰਥਾਤ ਸੂਰ ਵਿਚ ਹੀ ਜੀਉਣ ਦੀ ਸਮਰੱਥਾ ਪ੍ਰਾਪਤ ਕਰ ਲਉਗੇ, ਦੈਵੀ ਸੰਪੱਤੀ ਹਿਰਦੇ ਵਿਚ ਢਲ ਜਾਏਗੀ ਅਤੇ ਜੇ ਇਸ ਸਰੀਰ ਦੇ ਰਹਿੰਦੇ–ਰਹਿੰਦੇ ਸੰਘਰਸ਼ ਵਿਚ ਸਫਲ ਹੋ ਜਾਂਦੇ ਹੋ ਤਾਂ –'ਮਹੀਮ'–ਸਭ ਤੋਂ ਮਹਾਨ ਬ੍ਰਹਮ ਦੀ ਮਹਿਮਾ ਦਾ ਉਪਭੋਗ ਕਰੋਗੇ, ਮਹਾ ਮਹਿਮ ਦੀ ਸਥਿਤੀ ਪ੍ਰਾਪਤ ਕਰ ਲਉਗੇ। ਜਿੱਤੋਗੇ ਤਾਂ ਸਭ ਕੁਝ ਪਾਉਗੇ ਕਿਉਂਕਿ ਮਹਾਮਹਿਮੱਤਵ ਨੂੰ ਪ੍ਰਾਪਤ ਕਰੋਗੇ ਅਤੇ ਹਾਰੋਗੇ ਤਾਂ ਦੇਵੱਤਵ ਪਾਉਗੇ–ਦੋਨਾਂ ਹੱਥਾਂ ਵਿਚ ਲੱਡੂ ਰਹਿਣਗੇ। ਲਾਭ ਵਿਚ ਵੀ ਸਭ ਅਤੇ ਹਾਨੀ ਵਿਚ ਵੀ ਲਾਭ ਹੀ ਹੈ। ਇਸੇ ਗੱਲ ਤੇ ਫੇਰ ਜ਼ੋਰ ਦੇਂਦੇ ਹਨ

**सुखदु:खे समे कृत्वा लाभालाभौ जयाजयौ।**
**ततो युद्धया युज्यस्व नैवं पापमवाप्स्यसि ।।३८।।**

ਇਸ ਪ੍ਰਕਾਰ ਸੁਖ–ਦੁਖ, ਲਾਭ–ਹਾਨੀ, ਜੈ–ਪਰਾਜੈ ਨੂੰ ਸਮਾਨ ਸਮਝਕੇ ਤੂੰ ਯੁੱਧ ਲਈ ਤਿਆਰ ਹੋ। ਯੁੱਧ ਕਰਨ ਨਾਲ ਤੂੰ ਪਾਪ ਨੂੰ ਪ੍ਰਾਪਤ ਨਹੀਂ ਹੋਵੇਂਗਾ। ਅਰਥਾਤ ਸੁਖ ਵਿਚ ਸਭ ਕੁਝ ਹੈ ਅਤੇ ਦੁਖ ਵਿਚ ਵੀ ਦੇਵੱਤਵ ਹੈ। ਜੈ ਵਿਚ ਮਹਾਮਹਿਮ ਸਥਿਤੀ ਅਤੇ ਪਰਾਜੈ ਵਿਚ ਵੀ ਦੈਵੀ ਸੰਪੱਤੀ ਉਤੇ ਅਧਿਕਾਰ ਹੈ। ਇਸ ਤਰ੍ਹਾਂ ਆਪਣੇ ਲਾਭ–ਹਾਨੀ ਨੂੰ ਚੰਗੀ ਤਰ੍ਹਾਂ ਆਪ ਸਮਝਕੇ ਤੂੰ ਯੁੱਧ ਦੇ ਲਈ ਤਿਆਰ ਹੋ। ਲੜਨ ਵਿਚ ਹੀ ਦੋਨੋਂ ਚੀਜ਼ਾਂ ਹਨ। ਲੜੇਂਗਾ ਤਾਂ ਪਾਪ ਅਰਥਾਤ ਆਵਾਗਮਨ ਨੂੰ ਪ੍ਰਾਪਤ ਨਹੀਂ ਹੋਵੇਂਗਾ। ਇਸ ਲਈ ਯੁੱਧ ਦੇ ਲਈ ਤਿਆਰ ਹੋ।

**एषा तेऽभिहिता सांख्ये बुद्धिर्योगे त्विमां श्रृणु।**
**बुद्धया युक्तो यया पार्थ कर्मबन्धं प्रहास्यसि ।।३९।।**

ਪਾਰਥ! ਇਹ ਮਤ ਤੇਰੇ ਲਈ ਗਿਆਨਯੋਗ ਦੇ ਬਾਰੇ ਵਿਚ ਕਹੀ ਗਈ ਹੈ। ਕਿਹੜੀ ਮਤ? ਇਹੋ ਕਿ ਯੁੱਧ ਕਰ। ਗਿਆਨਯੋਗ ਵਿਚ ਏਨ੍ਹਾਂ ਹੀ ਹੈ ਕਿ ਆਪਣੀ ਸਮਰੱਥਾ ਨੂੰ ਵੇਖਕੇ ਅੱਗੇ ਵਧਣਾ ਹੈ, ਲਾਭ–ਹਾਨੀ ਦਾ ਭਲੀ ਪ੍ਰਕਾਰ ਵਿਚਾਰ ਕਰਕੇ ਕਿ ਜਿੱਤਾਂਗੇ ਤਾਂ ਮਹਾ ਮਹਿਮ ਸਥਿਤੀ ਅਤੇ ਹਾਰਾਂਗੇ ਤਾਂ ਦੇਵੱਤਵ, ਜੈ ਵਿਚ ਸਭ ਕੁਝ ਅਤੇ ਪਰਾਜੈ ਵਿਚ ਵੀ ਦੇਵੱਤਵ–ਦੋਨੋਂ ਤਰ੍ਹਾਂ ਲਾਭ ਹੈ। ਯੁੱਧ ਨਾ ਕਰਾਂਗੇ ਤਾਂ ਸਾਰੇ ਬੁਰਾ ਕਹਿਣਗੇ, ਭੈ ਨਾਲ ਉਪਰਾਮ ਹੋਇਆ ਮੰਨਣਗੇ, ਅਪਕੀਰਤੀ ਹੋਵੇਗੀ; ਇਸ ਤਰ੍ਹਾਂ ਆਪਣੀ ਹੋਂਦ ਨੂੰ ਸਾਮ੍ਹਣੇ ਰੱਖਕੇ ਆਪੇ ਵਿਚਾਰ ਕਰਕੇ ਯੁੱਧ ਵਿਚ ਅੱਗੇ ਵੱਧਣਾ ਹੀ ਗਿਆਨਯੋਗ ਹੈ।

ਅਕਸਰ ਲੋਕਾਂ ਵਿਚ ਗ਼ਲਤ ਧਾਰਣਾ ਹੈ ਕਿ ਗਿਆਨ ਮਾਰਗ ਵਿਚ ਕਰਮ (ਯੁੱਧ) ਨਹੀਂ ਕਰਨਾ ਪੈਂਦਾ। ਉਹ ਕਹਿੰਦੇ ਹਨ ਕਿ ਗਿਆਨ ਮਾਰਗ ਵਿਚ ਕਰਮ ਨਹੀਂ ਹੈ। ਮੈਂ ਤਾਂ 'ਸ਼ੁੱਧ ਹਾਂ', 'ਚੈਤੰਨਿਆ ਹਾਂ', 'ਅਹੰ ਬ੍ਰਹਮਾਸਮਿ'। 'ਗੁਣ ਹੀ ਗੁਣ ਵਿਚ ਵਰਤਦੇ ਹਨ।' ਇਸ ਤਰ੍ਹਾਂ ਮੰਨਕੇ ਹੱਥ ਤੇ ਹੱਥ ਧਰਕੇ ਬੈਠ ਜਾਂਦੇ ਹਨ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਇਹ ਗਿਆਨਯੋਗ ਨਹੀਂ ਹੈ। ਗਿਆਨਯੋਗ ਵਿਚ ਵੀ ਉਹੀ 'ਕਰਮ' ਕਰਨਾ ਹੈ ਜੋ ਨਿਸ਼ਕਾਮ ਕਰਮਯੋਗ ਵਿਚ ਕੀਤਾ ਜਾਂਦਾ ਹੈ। ਦੋਨਾਂ ਵਿਚ ਕੇਵਲ ਬੁੱਧੀ ਦਾ, ਦ੍ਰਿਸ਼ਟੀਕੋਣ ਦਾ ਅੰਤਰ ਹੈ। ਗਿਆਨ ਮਾਰਗੀ ਆਪਣੀ ਸਥਿਤੀ ਸਮਝਕੇ, ਆਪਣੇ ਉਤੇ ਨਿਰਭਰ ਹੋਕੇ ਕਰਮ ਕਰਦਾ ਹੈ। ਜਦਕਿ ਨਿਸ਼ਕਾਮ ਕਰਮਯੋਗੀ ਇਸ਼ਟ ਉਤੇ ਨਿਰਭਰ ਹੋਕੇ ਕਰਮ ਕਰਦਾ ਹੈ। ਕਰਨਾ ਦੋਨਾਂ ਮਾਰਗਾਂ ਵਿਚ ਹੈ ਅਤੇ ਉਹ ਕਰਮ ਵੀ ਇਕ ਹੀ ਹੈ, ਜਿਸ ਨੂੰ ਦੋਨਾਂ ਮਾਰਗਾਂ ਵਿਚ ਕੀਤਾ ਜਾਂਦਾ ਹੈ। ਕੇਵਲ ਕਰਮ ਕਰਨ ਦੇ ਦ੍ਰਿਸ਼ਟੀਕੋਣ ਦੋ ਹਨ।

ਅਰਜੁਨ! ਇਸੇ ਮਤ ਨੂੰ ਹੁਣ ਤੂੰ ਨਿਸ਼ਕਾਮ ਕਰਮ ਦੇ ਬਾਰੇ ਵਿਚ ਸੁਣ, ਜਿਸ ਨਾਲ ਯੁਕਤ

ਹੋਇਆ ਤੂੰ ਕਰਮਾਂ ਦੇ ਬੰਧਨ ਦਾ ਚੰਗੀ ਤਰਹਾਂ ਨਾਸ਼ ਕਰੇਂਗਾ। ਇੱਥੇ ਸ਼੍ਰੀ ਕ੍ਰਿਸ਼ਣ ਨੇ 'ਕਰਮ' ਦਾ ਨਾਮ ਪਹਿਲੀ ਵਾਰ ਲਿਆ, ਪਰ ਇਹ ਨਹੀਂ ਦਸਿਆ ਕਿ ਕਰਮ ਕੀ ਹੈ? ਹੁਣ ਕਰਮ ਨਾ ਦਸਕੇ ਪਹਿਲਾਂ ਕਰਮ ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਉਂਦੇ ਹਨ

**नेहाभिक्रमनाशोऽस्ति प्रत्यवायो न विद्यते।**
**स्वल्पमप्यस्य धर्मस्य त्रायते महतो भयात्।।४०।।**

ਇਸ ਨਿਸ਼ਕਾਮ ਕਰਮਯੋਗ ਵਿਚ ਆਰੰਭ ਦਾ ਅਰਥਾਤ ਬੀਜ ਦਾ ਨਾਸ਼ ਨਹੀਂ ਹੁੰਦਾ। ਸੀਮਿਤ ਫਲ ਵਰਗਾ ਦੋਸ਼ ਨਹੀਂ ਹੈ, ਇਸ ਲਈ ਇਸ ਨਿਸ਼ਕਾਮ ਕਰਮ ਦੀ, ਇਸ ਕਰਮ ਨਾਲ ਪੈਦਾ ਹੋਏ ਧਰਮ ਦੀ ਥੋੜ੍ਹੀ ਵੀ ਸਾਧਨਾ ਜਨਮ-ਮੌਤ ਰੂਪੀ ਮਹਾਨ ਭੈ ਤੋਂ ਉੱਧਾਰ ਕਰ ਦੇਂਦੀ ਹੈ। ਤੁਸੀਂ ਇਸ ਕਰਮ ਨੂੰ ਸਮਝੋ ਅਤੇ ਉਸ ਉਤੇ ਦੋ ਕਦਮ ਬਸ ਚਲ ਦਿਉ (ਜੋ ਸਤਿਗ੍ਰਿਹਿਸਥ ਆਸ਼ਰਮ ਵਿਚ ਰਹਿਕੇ ਵੀ ਚਲਿਆ ਜਾ ਸਕਦਾ ਹੈ, ਸਾਧਕ ਤਾਂ ਚਲਦੇ ਹੀ ਹਨ) ਬਸ ਬੀਜ ਪਾ ਦਿਉ, ਤਾਂ ਅਰਜੁਨ! ਬੀਜ ਦਾ ਨਾਸ਼ ਨਹੀਂ ਹੁੰਦਾ। ਪ੍ਰਕ੍ਰਿਤੀ ਵਿਚ ਐਸੀ ਕੋਈ ਸਮਰੱਥਾ ਨਹੀਂ, ਐਸਾ ਕੋਈ ਅਸਤ੍ਰ ਨਹੀਂ ਕਿ ਉਸ ਸੱਚ ਨੂੰ ਮਿਟਾ ਦੇਵੇ। ਪ੍ਰਕ੍ਰਿਤੀ ਕੇਵਲ ਆਵਰਣ ਪਾ ਸਕਦੀ ਹੈ, ਕੁਝ ਦੇਰ ਕਰ ਸਕਦੀ ਹੈ, ਪਰ ਸਾਧਨਾ ਦੇ ਆਰੰਭ ਨੂੰ ਮਿਟਾ ਨਹੀਂ ਸਕਦੀ।

ਅੱਗੇ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਸਾਰੇ ਪਾਪੀਆਂ ਤੋਂ ਵੀ ਵੱਡਾ ਪਾਪੀ ਹੀ ਕਿਉਂ ਨਾ ਹੋਵੇ, ਗਿਆਨਰੂਪੀ ਜਹਾਜ਼ ਦੁਆਰਾ ਬੇਸ਼ੱਕ ਪਾਰ ਹੋ ਜਾਏਗਾ। ਠੀਕ ਉਸੇ ਗੱਲ ਨੂੰ ਇੱਥੇ ਕਹਿੰਦੇ ਹਨ ਕਿ ''ਅਰਜੁਨ! ਨਿਸ਼ਕਾਮ ਕਰਮਯੋਗ ਦਾ ਬੀਜਾਰੋਪਣ ਮਾਤਰ ਕਰ ਦਿਉ, ਤਾਂ ਉਸ ਬੀਜ ਦਾ ਕਦੇ ਨਾਸ਼ ਨਹੀਂ ਹੁੰਦਾ। ਵਿਪਰੀਤ ਫਲਰੂਪੀ ਦੋਸ਼ ਵੀ ਇਸ ਵਿਚ ਨਹੀਂ ਹੁੰਦਾ ਕਿ ਤੁਹਾਨੂੰ ਸਵਰਗ, ਰਿੱਧੀਆਂ, ਜਾਂ ਸਿੱਧੀਆਂ ਤਕ ਪਹੁੰਚਾਕੇ ਛੱਡ ਦੇਵੇ। ਤੁਸੀਂ ਇਹ ਸਾਧਨਾ ਭਾਵੇਂ ਛੱਡ ਦਿਉ, ਪਰ ਇਹ ਸਾਧਨਾ ਤੁਹਾਡਾ ਉੱਧਾਰ ਕਰਕੇ ਹੀ ਛੱਡੇਗੀ। ਇਸ ਨਿਸ਼ਕਾਮ ਕਰਮਯੋਗ ਦੀ ਥੋੜ੍ਹੀ ਜਿਹੀ ਵੀ ਸਾਧਨਾ ਜਨਮ-ਮਰਨ ਦੇ ਮਹਾਨ ਭੈ ਤੋਂ ਉੱਧਾਰ ਕਰ ਦੇਂਦੀ ਹੈ। '**अनेक जन्म संसिद्धस्ततो याति परां गतिम्।**' ਕਰਮ ਦਾ ਇਹ ਬੀਜਾਰੋਪਣ ਅਨੇਕ ਜਨਮ ਦੇ ਬਾਅਦ ਉੱਥੇ ਹੀ ਖੜਾ ਕਰ ਦੇਵੇਗਾ, ਜਿੱਥੇ ਪਰਮਧਾਮ ਹੈ, ਪਰਮਗਤੀ ਹੈ। ਇਸੇ ਕ੍ਰਮ ਵਿਚ ਅੱਗੇ ਕਹਿੰਦੇ ਹਨ

**व्यवसायात्मिका बुद्धिरेकेह कुरुनन्दन ।**
**बहुशाखा ह्यनन्ताश्च बुद्धयोऽव्यवसायिनाम्।।४१।।**

ਅਰਜੁਨ! ਇਸ ਨਿਸ਼ਕਾਮ ਕਰਮਯੋਗ ਵਿਚ ਕ੍ਰਿਆਤਮਕ ਮਤ ਇਹੋ ਹੈ। ਕ੍ਰਿਆ ਇਕ ਹੀ ਹੈ ਅਤੇ ਪਰਿਣਾਮ ਇਕ ਹੀ ਹੈ। ਆਤਮਿਕ ਸੰਪੱਤੀ ਹੀ ਸਥਿਰ ਸੰਪੱਤੀ ਹੈ। ਇਸ ਸੰਪੱਤੀ ਨੂੰ ਪ੍ਰਕ੍ਰਿਤੀ ਦੇ ਸੰਘਰਸ਼ ਵਿਚ ਸਹਿਜੇ-ਸਹਿਜੇ ਅਰਜਿਤ ਕਰਨਾ ਵਿਵਸਾਇ (ਵਿਆਪਾਰ) ਹੈ। ਇਹ ਵਿਵਸਾਇ ਅਥਵਾ ਨਿਸ਼ਚੈਰੂਪੀ ਕ੍ਰਿਆ ਵੀ ਇਕ ਹੀ ਹੈ। ਤਾਂ ਤੇ ਜੋ ਲੋਕੀਂ ਬਹੁਤ ਸਾਰੀਆਂ ਕ੍ਰਿਆਵਾਂ ਕਰਦੇ ਹਨ, ਕੀ ਉਹ ਭਜਨ ਨਹੀਂ ਕਰਦੇ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ''ਹਾਂ ਉਹ ਭਜਨ ਨਹੀਂ ਕਰਦੇ। ਉਹਨਾਂ ਪੁਰਸ਼ਾਂ ਦੀ ਬੁੱਧੀ ਅਨੰਤ ਸ਼ਾਖਾਵਾਂ ਵਾਲੀ ਹੁੰਦੀ ਹੈ, ਇਸ ਲਈ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ।''

**यामिमां पुष्पितां वाचं प्रवदत्यविपश्चितः।**
**वेदवादरताः पार्थ नान्यदस्तीति वादिनः ।।४२ ।।**

**कामात्मानः स्वर्गपरा जन्मकर्मफलप्रदाम् ।**
**क्रियाविशेषबहुलां भोगैश्वर्यगतिं प्रति ।।४३ ।।**

ਪਾਰਥ! '**कामात्मानः**' ਉਹ ਕਾਮਨਾਵਾਂ ਨਾਲ ਯੁਕਤ, '**वेदवादरताः**'– ਵੇਦ ਦੇ ਵਾਕਾਂ ਵਿਚ ਅਨੁਰਾਗ (ਜਿਗਿਆਸਾ) ਵਾਲੇ, '**स्वर्गपराः**'– ਸਵਰਗ ਨੂੰ ਹੀ ਪਰਮ ਲੱਖ਼ਸ਼ ਮੰਨਦੇ ਹਨ ਕਿ ਇਸਤੋਂ ਅੱਗੇ ਕੁਝ ਹੈ ਹੀ ਨਹੀਂ। ਐਸਾ ਕਹਿਣ ਵਾਲੇ ਅਵਿਵੇਕੀ ਲੋਕ ਜਨਮ–ਮਰਨ ਰੂਪੀ ਫਲ ਦੇਣ ਵਾਲੀ, ਭੋਗ ਅਤੇ ਐਸ਼ਵਰਿਅ (ਠਾਠਬਾਠ) ਦੀ ਪ੍ਰਾਪਤੀ ਲਈ ਬਹੁਤ ਸਾਰੀਆਂ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ, ਅਤੇ ਬਣਾਵਟੀ ਸ਼ੋਭਾਮਈ ਬਾਣੀ–ਬਚਨ ਰਾਹੀਂ ਉਸਨੂੰ ਵਿਅਕਤ ਵੀ ਕਰਦੇ ਹਨ। ਅਰਥਾਤ ਅਵਿਵੇਕੀਆਂ ਦੀ ਬੁੱਧੀ ਅਨੰਤ ਭੇਦਾਂ ਵਾਲੀ ਹੁੰਦੀ ਹੈ। ਉਹ ਫਲ ਵਾਲੇ ਵਾਕ ਵਿਚ ਹੀ ਅਨੁਰਾਗ ਰੱਖਦੇ ਹਨ, ਵੇਦ ਦੇ ਵਾਕਾਂ ਨੂੰ ਪ੍ਰਮਾਣ ਮੰਨਦੇ ਹਨ। ਸਵਰਗ ਨੂੰ ਸ਼੍ਰੇਸ਼ਠ ਮੰਨਦੇ ਹਨ। ਉਹਨਾਂ ਦੀ ਬੁੱਧੀ ਬਹੁਤ ਸਾਰੇ ਭੇਦਾਂ ਵਾਲੀ ਹੈ, ਇਸ ਲਈ ਅਨੰਤ ਕ੍ਰਿਆਵਾਂ ਦੀ ਰਚਨਾ ਕਰ ਲੈਂਦੇ ਹਨ। ਉਹ ਨਾਮ ਤਾਂ ਪਰਮਤੱਤ ਪਰਮਾਤਮਾ ਦਾ ਹੀ ਲੈਂਦੇ ਹਨ ਪਰ ਉਸਦੀ ਓਟ ਵਿਚ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ। ਤਾਂ ਕੀ ਅਨੰਤ ਕ੍ਰਿਆਵਾਂ ਕਰਮ ਨਹੀਂ ਹਨ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ''ਨਹੀਂ, ਅਨੰਤ ਕ੍ਰਿਆਵਾਂ ਕਰਮ ਨਹੀਂ ਹਨ । ਤਾਂ ਉਹ ਇਕ ਨਿਸ਼ਚਿਤ ਕ੍ਰਿਆ ਕੀ ਹੈ? ਸ਼੍ਰੀ ਕ੍ਰਿਸ਼ਣ ਅਜੇ ਇਹ ਨਹੀਂ ਦਸਦੇ। ਅਜੇ ਤਾਂ ਸਿਰਫ਼ ਏਨ੍ਹਾਂ ਕਹਿੰਦੇ ਹਨ ਕਿ ਅਵਿਵੇਕੀਆਂ ਦੀ ਬੁੱਧੀ ਅਨੰਤ ਸ਼ਾਖ਼ਾਵਾਂ ਵਾਲੀ ਹੁੰਦੀ ਹੈ, ਇਸ ਲਈ ਉਹ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ। ਉਹ ਕੇਵਲ ਵਿਸਤਾਰ ਹੀ ਨਹੀਂ ਕਰਦੇ, ਸਗੋਂ ਅਲੰਕਾਰਮਈ ਸ਼ੈਲੀ ਵਿਚ ਉਸਨੂੰ ਵਿਅਕਤ ਵੀ ਕਰਦੇ ਹਨ। ਉਸਦਾ ਪ੍ਰਭਾਵ ਕੀ ਹੁੰਦਾ ਹੈ?

**भोगैश्वर्यप्रसक्तानां तयापहृतचेतसाम् ।**
**व्यवसायात्मिका बुद्धिः समाधौ न विधीयते ।।४४ ।।**

ਉਹਨਾਂ ਦੇ ਬਚਨਾਂ ਦੀ ਛਾਪ ਜਿਸ–ਜਿਸਦੇ ਚਿੱਤ ਉਤੇ ਪੈ ਜਾਂਦੀ ਹੈ, ਅਰਜੁਨ! ਉਸਦੀ ਵੀ ਬੁੱਧੀ ਨਸ਼ਟ ਹੋ ਜਾਂਦੀ ਹੈ, ਕੁਝ ਵੀ ਪ੍ਰਾਪਤੀ ਨਹੀਂ ਹੁੰਦੀ। ਉਹਨਾਂ ਦੇ ਬਚਨਾਂ ਨੂੰ ਮੰਨ ਲੈਣ ਵਾਲਿਆਂ ਦੇ ਅਤੇ ਭੋਗ–ਬਿਲਾਸ ਵਿਚ ਪ੍ਰੀਤ ਰੱਖਣ ਵਾਲੇ ਪੁਰਸ਼ਾਂ ਦੇ ਅੰਤਹਕਰਣ ਵਿਚ ਕ੍ਰਿਆਤਮਕ ਬੁੱਧੀ ਨਹੀਂ ਰਹਿ ਜਾਂਦੀ, ਇਸ਼ਟ ਵਿਚ ਸਮਾਧੀਮਈ ਕਰਨ ਵਾਲੀ ਨਿਸ਼ਚਿਆਤਮਕ ਕ੍ਰਿਆ ਉਹਨਾਂ ਵਿਚ ਨਹੀਂ ਹੁੰਦੀ।

ਐਸੇ ਅਵਿਵੇਕੀਆਂ ਦੀ ਗੱਲ ਸੁਣਦਾ ਕੌਣ ਹੈ? ਭੋਗ ਅਤੇ ਵਿਲਾਸ ਵਿਚ ਲਗਾਉ ਵਾਲੇ ਹੀ ਸੁਣਦੇ ਹਨ, ਅਧਿਕਾਰੀ ਨਹੀਂ ਸੁਣਦਾ। ਐਸੇ ਪੁਰਸ਼ਾਂ ਵਿਚ ਸਮ ਅਤੇ ਆਦਿ–ਤੱਤ ਵਿਚ ਪ੍ਰਵੇਸ਼ ਦਿਵਾਉਣ ਵਾਲੀ, ਨਿਸ਼ਚਿਆਤਮਕ ਕ੍ਰਿਆ ਵਾਲੀ ਬੁੱਧੀ ਨਹੀਂ ਹੁੰਦੀ ।

ਪ੍ਰਸ਼ਨ ਉਠਦਾ ਹੈ ਕਿ '**वेदवादरताः**', ਜੋ ਵੇਦ ਦੇ ਵਚਨਾਂ ਵਿਚ ਅਨੁਰਾਗ ਰੱਖਦੇ ਹਨ, ਕੀ ਉਹ ਵੀ ਭੁੱਲ ਕਰਦੇ ਹਨ? ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**त्रैगुण्यविषया वेदा निस्त्रैगुण्यो भवार्जुन ।**
**निर्द्वन्द्वो नित्यसत्त्वस्थो निर्योगक्षेम आत्मवान् ।।४५।।**

ਅਰਜੁਨ! '**त्रैगुण्यविषया वेदा**'– ਵੇਦ ਤਿੰਨਾਂ ਗੁਣਾਂ ਤਕ ਹੀ ਪ੍ਰਕਾਸ਼ ਪਾਉਂਦੇ ਹਨ, ਇਸਦੇ ਅੱਗੇ ਦਾ ਹਾਲ ਉਹ ਨਹੀਂ ਜਾਣਦੇ। ਇਸ ਲਈ '**निस्त्रैगुण्यो भवार्जुन**'– ਅਰਜੁਨ! ਤੂੰ ਤਿੰਨਾਂ ਗੁਣਾਂ ਤੋਂ ਉੱਪਰ ਉਠ ਅਰਥਾਤ ਵੇਦਾਂ ਦੇ ਕਾਰਜਖੇਤਰ ਤੋਂ ਅੱਗੇ ਵੱਧ। ਕਿਵੇਂ ਵਧਿਆ ਜਾਏ? ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, '**निर्द्वन्द्वः**' ਸੁਖ-ਦੁਖ ਦੇ ਦਵੰਦਾਂ (ਕਸ਼ਮਕਸ਼ਾਂ) ਤੋਂ ਰਹਿਤ, ਨਿਤ ਸੱਚ ਵਸਤੂ ਵਿਚ ਸਥਿਤ ਅਤੇ ਯੋਗ-ਖੇਮ (ਕਲਿਆਨ) ਨੂੰ ਨਾ ਚਾਹੁੰਦਾ ਹੋਇਆ ਆਤਮ ਪਰਾਇਣ ਹੋ। ਇਸ ਤਰ੍ਹਾਂ ਉੱਪਰ ਉਠ। ਸੁਆਲ ਉਠਦਾ ਹੈ ਕਿ ਅਸੀਂ ਹੀ ਉਠੀਏ ਜਾਂ ਕੋਈ ਵੇਦਾਂ ਤੋਂ ਉੱਪਰ ਉਠਿਆ ਵੀ ਹੈ? ਸ਼੍ਰੀਕ੍ਰਿਸ਼ਨ ਦਸਦੇ ਹਨ ਅੱਗੇ ਜੋ ਵੀ ਉਠਦਾ ਹੈ, ਬ੍ਰਹਮ ਨੂੰ ਜਾਣਦਾ ਹੈ ਅਤੇ ਜੋ ਬ੍ਰਹਮ ਨੂੰ ਜਾਣਦਾ ਹੈ, ਉਹ ਵਿਪ੍ਰ (ਬ੍ਰਾਹਮਣ) ਹੈ

**यावानर्थ उदपाने सर्वतः संप्लुतोदके।**
**तावन्सर्वेषु वेदेषु ब्राह्मणस्य विजानतः ।।४६।।**

ਸਭ ਪਾਸਿਉਂ ਪਰਿਪੂਰਣ ਤਾਲਾਬ ਨੂੰ ਪ੍ਰਾਪਤ ਹੋਣ ਤੇ ਮਨੁੱਖ ਦਾ ਛੋਟੇ ਤਾਲਾਬ ਨਾਲ ਜਿੰਨਾ ਮਤਲਬ ਰਹਿੰਦਾ ਹੈ, ਚੰਗੀ ਤਰ੍ਹਾਂ ਬ੍ਰਹਮ ਨੂੰ ਜਾਣਨ ਵਾਲੇ ਬ੍ਰਾਹਮਣ ਦਾ ਵੇਦਾਂ ਨਾਲ ਉਨਾ ਹੀ ਮਤਲਬ ਰਹਿੰਦਾ ਹੈ। ਅਰਥਾਤ ਜੋ ਵੇਦਾਂ ਤੋਂ ਉੱਪਰ ਉਠਦਾ ਹੈ, ਉਹ ਬ੍ਰਹਮ ਨੂੰ ਜਾਣਦਾ ਹੈ, ਉਹੀ ਬ੍ਰਾਹਮਣ ਹੈ। ਅਰਥਾਤ ਤੂੰ ਵੇਦਾਂ ਤੋਂ ਉੱਪਰ ਉਠ, ਬ੍ਰਾਹਮਣ ਬਣ।

ਅਰਜੁਨ ਖੱਤ੍ਰੀ ਸੀ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਬ੍ਰਾਹਮਣ ਬਣ। ਬ੍ਰਾਹਮਣ-ਖੱਤ੍ਰੀ ਆਦਿ ਵਰਣ-ਸੁਭਾਅ ਦੀਆਂ ਸਮਰਥਾਵਾਂ ਦੇ ਨਾਮ ਹਨ। ਇਹ ਕਰਮ ਪ੍ਰਧਾਨ ਹੈ, ਨਾ ਕਿ ਜਨਮ ਤੋਂ ਨਿਰਧਾਰਿਤ ਹੋਣ ਵਾਲੀ ਕੋਈ ਰੂੜ੍ਹੀ। ਜਿਸਨੂੰ ਗੰਗਾ ਦੀ ਧਾਰਾ ਪ੍ਰਾਪਤ ਹੈ, ਉਸਨੂੰ ਤੁੱਛ ਤਾਲਾਬ ਨਾਲ ਕੀ ਮਤਲਬ? ਕੋਈ ਉਸ ਨਾਲ ਸ਼ੌਚ ਸਾਫ਼ ਕਰਦਾ ਹੈ, ਕੋਈ ਪਸ਼ੂਆਂ ਨੂੰ ਨੁਹਾ ਦੇਂਦਾ ਹੈ। ਇਸਤੋਂ ਵੱਧ ਉਪਯੋਗ ਨਹੀਂ ਹੈ। ਇਸੇ ਪ੍ਰਕਾਰ ਬ੍ਰਹਮ ਨੂੰ ਪ੍ਰਤੱਖ ਜਾਣਨ ਵਾਲੇ ਉਸ ਵਿਪ੍ਰ ਮਹਾਪੁਰਸ਼ ਦਾ, ਉਸ ਬ੍ਰਾਹਮਣ ਦਾ ਵੇਦਾਂ ਨਾਲ ਉਂਨਾ ਹੀ ਪ੍ਰਯੋਜਨ ਰਹਿ ਜਾਂਦਾ ਹੈ। ਪ੍ਰਯੋਜਨ ਰਹਿੰਦਾ ਜ਼ਰੂਰ ਹੈ। ਵੇਦ ਰਹਿੰਦੇ ਹਨ, ਕਿਉਂਕਿ ਪਿੱਛੇ ਵਾਲਿਆਂ ਲਈ ਉਹਨਾਂ ਦਾ ਉਪਯੋਗ ਹੈ। ਉੱਥੋਂ ਹੀ ਚਰਚਾ ਆਰੰਭ ਹੋਵੇਗੀ। ਇਸਤੋਂ ਉਪਰਾਂਤ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ 'ਕਰਮ' ਕਰਦੇ ਸਮੇਂ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਦਾ ਵਰਣਨ ਕਰਦੇ ਹਨ

**कर्मण्येवाधिकारस्ते मा फलेषु कदाचन।**
**मा कर्मफलहेतुर्भूर्मा ते संगोऽस्त्वकर्मणि ।।४७।।**

ਕਰਮ ਕਰਨ ਵਿਚ ਹੀ ਤੇਰਾ ਅਧਿਕਾਰ ਹੋਵੇ, ਫਲ ਵਿਚ ਕਦੇ ਨਹੀਂ। ਐਸਾ ਸਮਝ ਕਿ ਫਲ ਹੀ ਨਹੀਂ ਹੈ। ਫਲ ਦੀ ਵਾਸਨਾ ਵਾਲਾ ਵੀ ਨਾ ਹੋ ਅਤੇ ਕਰਮ ਕਰਨ ਵਿਚ ਤੇਰੀ ਅਸ਼ਰਧਾ ਵੀ ਨਾ ਹੋਵੇ।

ਹੁਣ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਉਨਤਾਲੀਵੇਂ ਸ਼ਲੋਕ ਵਿਚ ਪਹਿਲੀ ਵਾਰ ਕਰਮ ਦਾ ਨਾਮ ਲਿਆ, ਪਰ ਇਹ ਨਹੀਂ ਦਸਿਆ ਕਿ ਉਹ ਕਰਮ ਹੈ ਕੀ ਅਤੇ ਉਸਨੂੰ ਕਰੀਏ ਕਿਵੇਂ? ਉਸ ਕਰਮ ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਇਆ ਕਿ

1) ਅਰਜੁਨ! ਇਸ ਕਰਮ ਦੁਆਰਾ ਤੂੰ ਕਰਮਾਂ ਦੇ ਬੰਧਨ ਤੋਂ ਚੰਗੀ ਤਰ੍ਹਾਂ ਛੁੱਟ ਜਾਏਂਗਾ।
2) ਅਰਜੁਨ! ਇਸ ਵਿਚ ਆਰੰਭ ਦਾ ਅਰਥਾਤ ਬੀਜ ਦਾ ਨਾਸ਼ ਨਹੀਂ ਹੈ। ਆਰੰਭ ਕਰ ਦੇਈਏ, ਤਾਂ ਪ੍ਰਕ੍ਰਿਤੀ ਦੇ ਕੋਲ ਕੋਈ ਤਰੀਕਾ ਨਹੀਂ ਕਿ ਉਸਨੂੰ ਨਸ਼ਟ ਕਰ ਦੇਵੇ।
3) ਅਰਜੁਨ! ਇਸ ਵਿਚ ਸੀਮਿਤ ਫਲਰੂਪੀ ਦੋਸ਼ ਵੀ ਨਹੀਂ ਹੈ ਕਿ ਸਵਰਗ, ਰਿੱਧੀਆਂ-ਸਿੱਧੀਆਂ ਵਿਚ ਫਸਾਕੇ ਖੜ੍ਹਾ ਕਰ ਦੇਵੇ।
4) ਅਰਜੁਨ! ਇਸ ਕਰਮ ਦੀ ਥੋੜ੍ਹੀ ਵੀ ਸਾਧਨਾ ਜਨਮ-ਮਰਨ ਦੇ ਭੈ ਤੋਂ ਉੱਧਾਰ ਕਰਨ ਵਾਲੀ ਹੁੰਦੀ ਹੈ।
   ਪਰ ਅਜੇ ਤਕ ਉਹਨਾਂ ਨੇ ਇਹ ਨਹੀਂ ਦਸਿਆ ਕਿ ਉਹ ਕਰਮ ਹੈ ਕੀ ? ਕੀਤਾ ਕਿਵੇਂ ਜਾਵੇ? ਇਸੇ ਅਧਿਆਇ ਦੇ ਇਕਤਾਲੀਵੇਂ ਸ਼ਲੋਕ ਵਿਚ ਉਹਨਾਂ ਨੇ ਦਸਿਆ-
5) ਅਰਜੁਨ! ਇਸ ਵਿਚ ਨਿਸ਼ਚਿਆਤਮਕ ਬੁੱਧੀ ਇਕ ਹੀ ਹੈ, ਕ੍ਰਿਆ ਇਕ ਹੀ ਹੈ। ਤਾਂ ਕੀ ਬਹੁਤ ਸਾਰੀਆਂ ਕ੍ਰਿਆਵਾਂ ਵਾਲੇ ਕਰਮ ਨਹੀਂ ਕਰਦੇ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ- ਉਹ ਕਰਮ ਨਹੀਂ ਕਰਦੇ। ਇਸਦਾ ਕਾਰਨ ਦਸਦੇ ਹੋਏ ਉਹ ਕਹਿੰਦੇ ਹਨ ਕਿ - ਅਵਿਵੇਕੀਆਂ ਦੀ ਬੁੱਧੀ ਅਨੰਤ ਸ਼ਾਖ਼ਾਵਾਂ ਵਾਲੀ ਹੁੰਦੀ ਹੈ, ਇਸ ਲਈ ਉਹ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ। ਉਹ ਦਿਖਾਵਟੀ ਸ਼ੋਭਾਮਈ ਬਚਨਾਂ ਵਿਚ ਇਹਨਾਂ ਕ੍ਰਿਆਵਾਂ ਨੂੰ ਵਿਅਕਤ ਵੀ ਕਰਦੇ ਹਨ। ਉਹਨਾਂ ਦੇ ਬਚਨਾ ਦੀ ਛਾਪ ਜਿਨ੍ਹਾਂ ਦੇ ਚਿੱਤ ਤੇ ਪੈ ਜਾਂਦੀ ਹੈ, ਉਹਨਾਂ ਦੀ ਬੁੱਧੀ ਵੀ ਨਸ਼ਟ ਹੋ ਜਾਂਦੀ ਹੈ। ਇਸ ਲਈ ਨਿਸ਼ਚਿਆਤਮ ਕ੍ਰਿਆ ਇਕ ਹੀ ਹੈ, ਪਰ ਇਹ ਨਹੀਂ ਦਸਿਆ ਕਿ ਉਹ ਕ੍ਰਿਆ ਕਿਹੜੀ ਹੈ?

ਸੈਂਤਾਲੀਵੇਂ ਸ਼ਲੋਕ ਵਿਚ ਉਹਨਾਂ ਨੇ ਕਿਹਾ ਅਰਜੁਨ! ਕਰਮ ਕਰਨ ਵਿਚ ਹੀ ਤੇਰਾ ਅਧਿਕਾਰ ਹੈ, ਫਲ ਵਿਚ ਕਦੇ ਨਹੀਂ। ਫਲ ਦੀ ਵਾਸਨਾ ਵਾਲਾ ਵੀ ਨਾ ਹੋ, ਅਤੇ ਕਰਮ ਕਰਨ ਵਿਚ ਵੀ ਤੇਰੀ ਅਸ਼ਰਧਾ ਨਾ ਹੋਵੇ ਅਰਥਾਤ ਨਿਰੰਤਰ ਕਰਨ ਦੇ ਲਈ ਉਸੇ ਵਿਚ ਲੀਨ ਹੋਕੇ ਕਰੀਏ; ਪਰ ਇਹ ਨਹੀਂ ਦਸਿਆ ਕਿ ਉਹ ਕਰਮ ਕੀ ਹੈ? ਅਕਸਰ ਇਸ ਸ਼ਲੋਕ ਦਾ ਉਦਾਹਰਣ ਦੇਕੇ ਲੋਕੀਂ ਕਹਿੰਦੇ ਹਨ ਕਿ ਕੁਝ ਵੀ ਕਰੋ, ਕੇਵਲ ਫਲ ਦੀ ਕਾਮਨਾ ਨਾ ਕਰੋ, ਹੋ ਗਿਆ ਨਿਸ਼ਕਾਮ ਕਰਮ ਯੋਗ; ਪਰ ਅਜੇ ਤਕ ਸ਼੍ਰੀ ਕ੍ਰਿਸ਼ਣ ਨੇ ਦਸਿਆ ਹੀ ਨਹੀਂ ਕਿ ਕਰਮ ਹੈ ਕਿਹੜਾ, ਜਿਸਨੂੰ ਕਰੀਏ? ਇਥੇ ਕੇਵਲ ਕਰਮ ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਇਆ ਕਿ ਕਰਮ ਦੇਂਦਾ ਕੀ ਹੈ ਅਤੇ ਕਰਮ ਨੂੰ ਕਰਦੇ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਕੀ ਹਨ ?- ਉਹਨਾਂ ਉਤੇ ਪ੍ਰਕਾਸ਼ ਪਾਇਆ। ਪ੍ਰਸ਼ਨ ਜਿਉਂ ਦਾ ਤਿਉਂ ਬਣਿਆ ਹੋਇਆ ਹੈ, ਜਿਸਨੂੰ ਯੋਗੇਸ਼ਵਰ ਅੱਗੇ ਅਧਿਆਇ ਤਿੰਨ-ਚਾਰ ਵਿਚ ਸਪੱਸ਼ਟ ਕਰਨਗੇ।

ਉਹ ਫੇਰ ਇਸੇ ਉਤੇ ਬਲ ਦੇਂਦੇ ਹਨ

**योगस्थ: कुरु कर्माणि सङ्गं त्यक्त्वा धनंजय।**
**सिद्ध्यसिद्ध्यो: समो भूत्वा समत्वं योग उच्यते ।।४८ ।।**

ਧਨੰਜਯ! ਆਸਕਤੀ (ਸਨੇਹ) ਅਤੇ ਸੰਗਦੋਸ਼ ਨੂੰ ਤਿਆਗਕੇ, ਸਿੱਧੀ ਅਤੇ ਅਸਿੱਧੀ ਵਿਚ ਸਮਾਨ ਭਾਵ ਰੱਖਕੇ, ਯੋਗ ਵਿਚ ਸਥਿਤ ਹੋਕੇ ਕਰਮ ਕਰ। ਕਿਹੜਾ ਕਰਮ ? ਨਿਸ਼ਕਾਮ ਕਰਮ ਕਰ। '**समत्वं योग उच्यते**'- ਇਹ ਸਮੱਤਵ ਭਾਵ ਹੀ ਯੋਗ ਕਹਾਉਂਦਾ ਹੈ। ਵਿਸ਼ਮਤਾ ਜਿਸ

ਵਿੱਚ ਨਾਂ ਹੋਵੇ ਐਸਾ ਭਾਵ ਹੀ ਸਮਾਨ ਭਾਵ ਕਹਾਉਂਦਾ ਹੈ। ਰਿੱਧੀਆਂ-ਸਿੱਧੀਆਂ ਵਿਸ਼ਮ (ਅਸਮਤਾ) ਬਣਾਉਂਦੀਆਂ ਹਨ, ਆਸਕਤੀ ਸਾਨੂੰ ਵਿਸ਼ਮ ਬਣਾਉਂਦੀ ਹੈ, ਫਲ ਦੀ ਇੱਛਾ ਵਿਸ਼ਮਤਾ ਪੈਦਾ ਕਰਦੀ ਹੈ, ਇਸੇ ਲਈ ਫਲ ਦੀ ਵਾਸਨਾ ਨਾ ਹੋਵੇ, ਫੇਰ ਵੀ ਕਰਮ ਕਰਨ ਵਿਚ ਅਸ਼ਰਧਾ ਨਾ ਹੋਵੇ। ਦੇਖੀਆਂ-ਸੁਣੀਆਂ ਸਾਰੀਆਂ ਵਸਤੂਆਂ ਵਿਚ ਆਸਕਤੀ ਦਾ ਤਿਆਗ ਕਰਕੇ, ਪ੍ਰਾਪਤੀ ਅਤੇ ਅਪ੍ਰਾਪਤੀ ਦੇ ਬਾਰੇ ਵਿਚ ਨਾ ਸੋਚਕੇ ਕੇਵਲ ਯੋਗ ਵਿਚ ਸਥਿਤ ਰਹਿੰਦੇ ਹੋਏ ਕਰਮ ਕਰ। ਯੋਗ ਤੋਂ ਚਿੱਤ ਵਿਚਲਿਤ ਨਾ ਹੋਵੇ।

ਯੋਗ ਇਕ ਪਰਾਕਾਸ਼ਠਾ ਦੀ ਸਥਿਤੀ ਹੈ ਅਤੇ ਇਕ ਆਰੰਭ ਦੀ ਸਥਿਤੀ ਵੀ ਹੁੰਦੀ ਹੈ। ਆਰੰਭ ਵਿਚ ਵੀ ਸਾਡੀ ਦ੍ਰਿਸ਼ਟੀ ਮੁਕਾਮ ਉਤੇ ਹੀ ਰਹਿਣੀ ਚਾਹੀਦੀ ਹੈ। ਇਸ ਲਈ ਯੋਗ ਉਤੇ ਦ੍ਰਿਸ਼ਟੀ ਰੱਖਦੇ ਹੋਏ ਕਰਮ ਦਾ ਆਚਰਣ ਕਰਨਾ ਚਾਹੀਦਾ ਹੈ। ਸਮੱਤਵ ਭਾਵ ਅਰਥਾਤ ਸਿੱਧੀ ਅਤੇ ਅਸਿੱਧੀ ਵਿਚ ਸਮਭਾਵ ਹੀ ਯੋਗ ਕਹਾਉਂਦਾ ਹੈ। ਜਿਸਨੂੰ ਸਿੱਧੀ ਅਤੇ ਅਸਿੱਧੀ ਵਿਚਲਿਤ ਨਹੀਂ ਕਰ ਪਾਉਂਦੀ, ਵਿਸ਼ਮਤਾ ਜਿਸ ਵਿਚ ਪੈਦਾ ਨਹੀਂ ਹੁੰਦੀ, ਐਸਾ ਭਾਵ ਹੋਣ ਦੇ ਕਾਰਨ ਇਹ ਸਮੱਤਵ ਯੋਗ ਕਹਾਉਂਦਾ ਹੈ। ਇਹ ਇਸ਼ਟ ਨਾਲ ਸਮਤਾ ਦਿਵਾਉਂਦਾ ਹੈ, ਇਸੇ ਲਈ ਇਸਨੂੰ ਸਮੱਤਵ ਯੋਗ ਕਹਿੰਦੇ ਹਨ। ਕਾਮਨਾਵਾਂ ਦਾ ਪੂਰਾ ਤਿਆਗ ਹੈ, ਇਸ ਲਈ ਇਸਨੂੰ ਨਿਸ਼ਕਾਮ ਕਰਮਯੋਗ ਕਹਿੰਦੇ ਹਨ। ਕਰਮ ਕਰਨਾ ਹੈ, ਇਸ ਲਈ ਇਸਨੂੰ ਕਰਮਯੋਗ ਕਹਿੰਦੇ ਹਨ। ਪਰਮਾਤਮਾ ਨਾਲ ਮੇਲ ਕਰਾਉਂਦਾ ਹੈ, ਇਸ ਲਈ ਇਸਦਾ ਨਾਮ ਯੋਗ ਅਰਥਾਤ ਮੇਲ ਹੈ। ਇਸ ਵਿਚ ਬੌਧਿਕ ਪੱਧਰ ਤੇ ਧਿਆਨ ਰੱਖਣਾ ਪੈਂਦਾ ਹੈ ਕਿ ਸਿੱਧੀ ਅਤੇ ਅਸਿੱਧੀ ਵਿਚ ਸਮਭਾਵ ਰਹੇ, ਆਸਕਤੀ ਨਾ ਹੋਵੇ, ਫਲ ਦੀ ਵਾਸਨਾ ਨਾ ਆ ਸਕੇ, ਇਸ ਲਈ ਇਹੋ ਨਿਸ਼ਕਾਮ ਕਰਮਯੋਗ ਬੁੱਧੀਯੋਗ ਵੀ ਕਿਹਾ ਜਾਂਦਾ ਹੈ।

**दूरेण ह्यवरं कर्म बुद्धियोगाद्धनंजय।**
**बुद्धौ शरणमन्विच्छ कृपणा: फलहेतव: ।।४९।।**

ਧਨੰਜਯ! '**अवरं कर्म**'- ਤੁੱਛ ਕਰਮ, ਵਾਸਨਾ ਵਾਲੇ ਕਰਮ ਬੁੱਧੀਯੋਗ ਤੋਂ ਦੂਰ ਹਨ। ਫਲ ਦੀ ਕਾਮਨਾ ਵਾਲੇ ਕੰਜੂਸ ਹਨ। ਉਹ ਆਤਮਾ ਦੇ ਨਾਲ ਉਦਾਰਤਾ ਨਹੀਂ ਕਰਦੇ; ਇਸ ਲਈ ਸਮੱਤਵ ਬੁੱਧੀਯੋਗ ਦਾ ਆਸਰਾ ਗ੍ਰਹਿਣ ਕਰ। ਜੈਸੀ ਕਾਮਨਾ ਹੈ ਤੈਸੀ ਮਿਲ ਵੀ ਜਾਏ ਤਾਂ ਉਸਨੂੰ ਭੋਗਣ ਦੇ ਲਈ ਸਰੀਰ ਧਾਰਣ ਕਰਨਾ ਪਏਗਾ। ਆਵਾਗਮਨ ਬਣਿਆ ਹੈ ਤਾਂ ਕਲਿਆਨ ਕਿਹਾ? ਸਾਧਕ ਨੂੰ ਤਾਂ ਮੋਖ਼ਸ਼ ਦੀ ਵੀ ਵਾਸਨਾ ਨਹੀਂ ਰੱਖਣੀ ਚਾਹੀਦੀ। ਕਿਉਂਕਿ ਵਾਸਨਾਵਾਂ ਤੋਂ ਮੁਕਤ ਹੋਣਾ ਹੀ ਤਾਂ ਮੋਖ਼ਸ਼ ਹੈ। ਫਲ ਦੀ ਪ੍ਰਾਪਤੀ ਦਾ ਚਿੰਤਨ ਕਰਨ ਨਾਲ ਸਾਧਕ ਦਾ ਸਮਾਂ ਵਿਅਰਥ ਨਸ਼ਟ ਹੋ ਜਾਂਦਾ ਹੈ ਅਤੇ ਫਲ ਪ੍ਰਾਪਤ ਹੋਣ ਤੇ ਉਹ ਉਸ ਫਲ ਵਿਚ ਉਲਝ ਜਾਂਦਾ ਹੈ। ਉਸਦੀ ਸਾਧਨਾ ਸਮਾਪਤ ਹੋ ਜਾਂਦੀ ਹੈ। ਅਗੇ ਉਹ ਭਜਨ ਕਿਉਂ ਕਰੇ ? ਉਥੋਂ ਉਹ ਭਟਕ ਜਾਂਦਾ ਹੈ। ਇਸ ਲਈ ਇੱਕੋ ਸਮਾਨ ਬੁੱਧੀ ਨਾਲ ਯੋਗ ਦਾ ਆਚਰਣ ਕਰੋ।

ਗਿਆਨ ਮਾਰਗ ਨੂੰ ਵੀ ਸ਼੍ਰੀ ਕ੍ਰਿਸ਼ਣ ਨੇ ਬੁੱਧੀਯੋਗ ਕਿਹਾ ਸੀ ਕਿ 'ਅਰਜੁਨ! ਇਹ ਬੁੱਧੀ ਤੇਰੇ ਲਈ ਗਿਆਨਯੋਗ ਦੇ ਬਾਰੇ ਵਿਚ ਕਹੀ ਗਈ' ਅਤੇ ਇੱਥੇ ਨਿਸ਼ਕਾਮ ਕਰਮਯੋਗ ਨੂੰ ਵੀ ਬੁੱਧੀਯੋਗ ਕਿਹਾ ਗਿਆ। ਦਰਅਸਲ ਦੋਨਾਂ ਵਿਚ ਬੁੱਧੀ ਦਾ, ਦ੍ਰਿਸ਼ਟੀਕੋਣ ਦਾ ਹੀ ਅੰਤਰ ਹੈ। ਉਸ ਵਿਚ ਲਾਭ-ਹਾਨੀ ਦਾ ਰਿਕਾਰਡ ਰੱਖਕੇ ਉਸਨੂੰ ਜਾਂਚਕੇ ਚਲਣਾ ਪੈਂਦਾ ਹੈ। ਇਸ ਵਿਚ ਵੀ ਬੌਧਿਕ ਪੱਧਰ ਤੇ ਸਮਾਨ ਭਾਵ ਬਣਾਈ ਰੱਖਣਾ ਪੈਂਦਾ ਹੈ। ਇਸ ਲਈ ਇਸਨੂੰ ਇੱਕ ਸਮਾਨ ਬੁੱਧੀਯੋਗ ਕਿਹਾ ਜਾਂਦਾ ਹੈ। ਇਸ ਲਈ ਧਨੰਜਯ! ਤੂੰ ਇੱਕ ਸਮਾਨ ਬੁੱਧੀਯੋਗ ਦਾ ਆਸਰਾ ਗ੍ਰਹਿਣ ਕਰ, ਕਿਉਂਕਿ ਫਲ ਦੀ ਵਾਸਨਾ ਵਾਲੇ ਬਹੁਤ ਕੰਜੂਸ ਹਨ।

**बुद्धियुक्तो जहातीह उभे सुकृतदुष्कृते ।**
**तस्माद्योगाय युज्यस्व योग: कर्मसु कौशलम् ।।५०।।**

ਇਕੋ ਸਮਾਨ ਬੁੱਧੀਯੁਕਤ ਪੁਰਸ਼ ਪੁੰਨ-ਪਾਪ ਦੋਨਾਂ ਨੂੰ ਹੀ ਇਸੇ ਲੋਕ ਵਿਚ ਤਿਆਗ ਦੇਂਦਾ ਹੈ, ਉਹਨਾਂ ਵਿਚ ਲਿਪਤ ਨਹੀਂ ਹੁੰਦਾ। ਇਸ ਲਈ ਇਕੋ ਸਮਾਨ ਬੁੱਧੀਯੋਗ ਦਾ ਆਚਰਣ ਕਰ। **'योग: कर्मसु कौशलम्'**-ਇਕੋ ਸਮਾਨ ਬੁੱਧੀ ਦੇ ਨਾਲ ਕਰਮਾਂ ਦਾ ਕੁਸ਼ਲਤਾ ਪੂਰਬਕ ਆਚਰਣ ਹੀ ਯੋਗ ਹੈ।

ਸੰਸਾਰ ਵਿਚ ਕਰਮ ਦੇ ਦੋ ਦ੍ਰਿਸ਼ਟੀਕੋਣ ਪ੍ਰਚਲਿਤ ਹਨ। ਲੋਕ ਕਰਮ ਕਰਦੇ ਹਨ, ਤਾਂ ਉਸਦਾ ਫਲ ਵੀ ਜ਼ਰੂਰ ਚਾਹੁੰਦੇ ਹਨ ਜਾਂ ਫਲ ਨਾ ਮਿਲੇ, ਤਾਂ ਕਰਮ ਕਰਨਾ ਹੀ ਨਹੀਂ ਚਾਹੁੰਦੇ; ਪਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਇਹਨਾਂ ਕਰਮਾਂ ਨੂੰ ਬੰਧਨਕਾਰੀ ਦਸਦੇ ਹੋਏ 'ਆਰਾਧਨਾ' ਨੂੰ ਇਕਮਾਤਰ ਕਰਮ ਮੰਨਦੇ ਹਨ। ਇਸ ਅਧਿਆਇ ਵਿਚ ਉਹਨਾਂ ਨੇ ਕਰਮ ਦਾ ਸਿਰਫ਼ ਨਾਮ ਲਿਆ। ਅਧਿਆਇ ਤਿੰਨ ਦੇ ਨੌਵੇਂ ਸ਼ਲੋਕ ਵਿਚ ਉਸਦੀ ਪਰਿਭਾਸ਼ਾ ਦਿਤੀ ਅਤੇ ਚੌਥੇ ਅਧਿਆਇ ਵਿਚ ਕਰਮ ਦੇ ਸਵਰੂਪ ਉਤੇ ਵਿਸਤਾਰ ਨਾਲ ਪ੍ਰਕਾਸ਼ ਪਾਇਆ। ਪ੍ਰਸਤੁਤ ਸ਼ਲੋਕ ਵਿਚ ਸ਼੍ਰੀ ਕ੍ਰਿਸ਼ਣ ਨੇ ਸੰਸਾਰਕ ਪਰੰਪਰਾ ਤੋਂ ਹਟਕੇ ਕਰਮ ਕਰਨ ਦੀ ਕਲਾ ਦਸੀ ਕਿ ਕਰਮ ਤਾਂ ਕਰੋ, ਸ਼ਰਧਾਪੂਰਬਕ ਕਰੋ; ਪਰ ਫਲ ਦੇ ਅਧਿਕਾਰ ਨੂੰ ਆਪਣੀ ਇੱਛਾ ਨਾਲ ਛੱਡ ਦਿਉ। ਫਲ ਜਾਏਗਾ ਕਿੱਥੇ ? ਇਹੋ ਕਰਮਾਂ ਨੂੰ ਕਰਨ ਦਾ ਕੌਸ਼ਲ ਹੈ। ਨਿਸ਼ਕਾਮ ਸਾਧਕ ਦੀ ਸਾਰੀ ਸ਼ਕਤੀ ਇਸ ਤਰ੍ਹਾਂ ਕਰਮ ਵਿਚ ਲਗੀ ਰਹਿੰਦੀ ਹੈ। ਆਰਾਧਨਾ ਦੇ ਲਈ ਹੀ ਤਾਂ ਸਰੀਰ ਹੈ। ਫੇਰ ਵੀ ਜਿਗਿਆਸਾ ਸੁਭਾਵਕ ਹੈ ਕਿ ਕੀ ਸਦਾ ਕਰਮ ਹੀ ਕਰਦੇ ਰਹਿਣਾ ਹੈ ਜਾਂ ਇਸਦਾ ਕੁਝ ਪਰਿਣਾਮ ਵੀ ਨਿਕਲੇਗਾ? ਇਸਨੂੰ ਵੇਖੀਏ

**कर्मजं बुद्धियुक्ता हि फलं त्यक्त्वा मनीषिण: ।**
**जन्मबन्धविनिर्मुक्ता: पदं गच्छत्यनामयम् ।।५१।।**

ਬੁੱਧੀਯੋਗ ਨਾਲ ਯੁਕਤ ਗਿਆਨੀ ਲੋਕ ਕਰਮਾਂ ਤੋਂ ਪੈਦਾ ਹੋਣ ਵਾਲੇ ਫਲ ਨੂੰ ਤਿਆਗਕੇ ਜਨਮ ਅਤੇ ਮਰਨ ਦੇ ਬੰਧਨ ਤੋਂ ਛੁੱਟ ਜਾਂਦੇ ਹਨ। ਉਹ ਨਿਰਦੋਸ਼ ਅੰਮ੍ਰਿਤਮਈ ਪਰਮਪਦ ਨੂੰ ਪ੍ਰਾਪਤ ਹੁੰਦੇ ਹਨ।

ਉਹ ਅੰਮ੍ਰਿਤਮਈ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ। ਇੱਥੇ ਤਿੰਨ ਬੁਧੀਆਂ ਦੀ ਤਸਵੀਰ ਹੈ (ਸਲੋਕ ੩੯) ਸਾਂਖਯ ਬੁੱਧੀ ਵਿੱਚ ਦੋ ਫਲ ਹਨ, ਸਵਰਗ ਅਤੇ ਸ਼ਰੇਸ਼ਠਤਾ (ਸਲੋਕ ੫੧)। ਕਰਮਜੋਗ ਵਿੱਚ ਲੀਨ ਬੁੱਧੀ ਦਾ ਇੱਕ ਹੀ ਫਲ ਹੈ, ਜਨਮ ਮਰਨ ਤੋਂ ਮੁਕਤੀ ਅਤੇ ਨਿਰਮਲ ਅਵਿਨਾਸ਼ੀ ਪਦ ਦੀ ਪ੍ਰਾਪਤੀ। ਬਸ ਇਹ ਦੋ ਹੀ ਯੋਗ ਕ੍ਰਿਆਵਾਂ ਹਨ। ਇਸ ਤੋਂ ਇਲਾਵਾ ਬੁੱਧੀ ਅਵਿਵੇਕੀ ਹੈ। ਅਨੰਤ ਸ਼ਾਖਾ ਵਾਲੀ ਹੈ ਜਿਸਦਾ ਫਲ ਕਰਮ ਭੋਗ ਲਈ ਬਾਰ ਬਾਰ ਜੰਮਣਾ ਤੇ ਮਰਨਾ ਹੈ।

ਅਰਜੁਨ ਦੀ ਦ੍ਰਿਸ਼ਟੀ ਤ੍ਰਿਲੋਕੀ ਦੇ ਸਮਰਾਜ ਅਤੇ ਦੇਵਤਿਆਂ ਦੇ ਰਾਜਪਦ ਤਕ ਹੀ ਸੀਮਿਤ ਸੀ। ਇਥੋਂ ਤੱਕ ਕਿ ਉਹ ਯੁੱਧ ਵਿਚ ਪ੍ਰਵਿਰਤ ਨਹੀਂ ਹੋ ਰਿਹਾ ਸੀ। ਇਥੇ ਸ਼੍ਰੀ ਕ੍ਰਿਸ਼ਣ ਉਸਨੂੰ ਨਵੇਂ ਤੱਥ ਸਮਾਝਾਉਂਦੇ ਹਨ ਕਿ ਸਨੇਹ ਰਹਿਤ ਕਰਮ ਦੁਆਰਾ ਅਨਾਮ (ਬੇਨਾਮ) ਪਦ ਪ੍ਰਾਪਤ ਹੁੰਦਾ ਹੈ। ਨਿਸ਼ਕਾਮ ਕਰਮਯੋਗ ਪਰਮਪਦ ਦਿਵਾਉਂਦਾ ਹੈ, ਜਿੱਥੇ ਮੌਤ ਦਾ ਪ੍ਰਵੇਸ਼ ਨਹੀਂ ਹੈ। ਇਸ ਕਰਮ ਵਿਚ ਪ੍ਰਵਿਰਤੀ ਕਦੋਂ ਹੋਵੇਗੀ?

**यदा ते मोहकलिलं बुद्धिर्व्यतितरिष्यति।**
**तदा गन्तासि निर्वेदं श्रोतव्यस्य श्रुतस्य च।।५२।।**

ਜਿਸ ਕਾਲ ਵਿਚ ਤੇਰੀ (ਹਰ ਸਾਧਕ ਦੀ) ਬੁੱਧੀ ਮੋਹਰੂਪੀ ਦਲਦਲ ਨੂੰ ਪੂਰੀ ਤਰ੍ਹਾਂ ਪਾਰ ਕਰ ਲਏਗੀ, ਰੱਤੀ ਭਰ ਵੀ ਮੋਹ ਨਾ ਰਹਿ ਜਾਏਗਾ ਨਾ ਪੁੱਤਰ ਵਿਚ, ਨਾ ਧਨ ਵਿਚ, ਨਾ ਪ੍ਰਤਿਸ਼ਠਾ ਵਿਚ– ਇਹਨਾਂ ਸਭ ਤੋਂ ਲਗਾਉ ਟੁੱਟ ਜਾਏਗਾ, ਉਸ ਸਮੇਂ ਜੋ ਸੁਣਨ ਯੋਗ ਹੈ, ਉਸਨੂੰ ਤੂੰ ਸੁਣ ਸਕੇਗਾ ਅਤੇ ਸੁਣੇ ਹੋਏ ਦੇ ਅਨੁਸਾਰ ਵੈਰਾਗ ਨੂੰ ਪ੍ਰਾਪਤ ਹੋ ਸਕੇਂਗਾ ਅਰਥਾਤ ਉਸਨੂੰ ਆਚਰਣ ਵਿਚ ਢਾਲ ਸਕੇਂਗਾ। ਅਜੇ ਤਾਂ ਜੋ ਸੁਣਨ ਲਾਇਕ ਹੈ, ਉਸਨੂੰ ਨਾ ਤਾਂ ਤੂੰ ਸੁਣ ਸਕਿਆ ਹੈਂ ਅਤੇ ਆਚਰਣ ਦਾ ਤਾਂ ਪ੍ਰਸ਼ਨ ਹੀ ਨਹੀਂ ਉਠਦਾ। ਇਸੇ ਯੋਗਤਾ ਤੇ ਫੇਰ ਪ੍ਰਕਾਸ਼ ਪਾਉਂਦੇ ਹਨ

**श्रुतिविप्रतिपन्ना ते यदा स्थास्यति निश्चला।**
**समाधावचला बुद्धिस्तदा योगमवाप्स्यसि।।५३।।**

ਅਨੇਕ ਪ੍ਰਕਾਰ ਦੇ ਵੇਦ–ਵਾਕਾਂ ਨੂੰ ਸੁਣਕੇ ਵਿਚਲਿਤ ਹੋਈ ਤੇਰੀ ਬੁੱਧੀ ਜਦੋਂ ਪਰਮਾਤਮ ਸਵਰੂਪ ਵਿਚ ਸਮਾਧੀਮਈ ਹੋਕੇ ਅਚਲ, ਸਥਿਰ, ਠਹਿਰ ਜਾਏਗੀ, ਤਾਂ ਤੂੰ ਸਮੱਤਵ ਯੋਗ ਨੂੰ ਪ੍ਰਾਪਤ ਹੋਵੇਂਗਾ। ਪੂਰਣ ਸਮ ਸਥਿਤੀ ਨੂੰ ਪ੍ਰਾਪਤ ਕਰੇਂਗਾ, ਜਿਸਨੂੰ 'ਅਨਾਮਇ ਪਰਮਪਦ' ਕਹਿੰਦੇ ਹਨ। ਇਹੋ ਯੋਗ ਦੀ ਪਰਾਕਾਸ਼ਠਾ ਹੈ ਅਤੇ ਇਹੋ ਅਪ੍ਰਾਪਤ ਦੀ ਪ੍ਰਾਪਤੀ ਹੈ। ਵੇਦਾਂ ਤੋਂ ਤਾਂ ਸਿਖਿਆ ਹੀ ਮਿਲਦੀ ਹੈ, ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ – '**श्रुतिविप्रतिपन्ना**' ਸ਼ਰੁਤੀਆਂ ਦੇ ਅਨੇਕ ਸਿਧਾਂਤਾਂ ਨੂੰ ਸੁਣਨ ਨਾਲ ਬੁੱਧੀ ਵਿਚਲਿਤ ਹੋ ਜਾਂਦੀ ਹੈ। ਸਿਧਾਂਤ ਤਾਂ ਅਨੇਕਾਂ ਸੁਣੇ, ਪਰ ਜੋ ਸੁਣਨ ਯੋਗ ਹੈ, ਲੋਕ ਉਸਤੋਂ ਦੂਰ ਹੀ ਰਹਿੰਦੇ ਹਨ।

ਇਹ ਵਿਚਲਿਤ ਬੁੱਧੀ ਜਿਸ ਸਮੇਂ ਸਮਾਧੀ ਵਿਚ ਸਥਿਰ ਹੋ ਜਾਏਗੀ, ਤਾਂ ਤੂੰ ਯੋਗ ਦੀ ਪਰਾਕਾਸ਼ਠਾ ਅੰਮ੍ਰਿਤ ਪਦ ਨੂੰ ਪ੍ਰਾਪਤ ਕਰੇਂਗਾ। ਇਸਤੇ ਅਰਜੁਨ ਦੀ ਉਤਕੰਠਾ ਸੁਭਾਵਕ ਸੀ ਕਿ ਉਹ ਮਹਾਪੁਰਸ਼ ਕੈਸੇ ਹੁੰਦੇ ਹਨ, ਜੋ ਅਨਾਮਇ ਪਰਮਪਦ ਵਿਚ ਸਥਿਤ ਹਨ, ਸਮਾਧੀ ਵਿਚ ਜਿਨ੍ਹਾਂ ਦੀ ਬੁੱਧੀ ਸਥਿਰ ਹੈ। ਉਸਨੇ ਪ੍ਰਸ਼ਨ ਕੀਤਾ

**ਅਰਜੁਨ ਉਵਾਚ**

**स्थितप्रज्ञस्य का भाषा समाधिस्थस्य केशव।**
**स्थितधी: किं प्रभाषेत किमासीत व्रजेत किम्।।५४।।**

"**समाधीयते चित्तम् यस्मिन् स आत्मा एव समाधि:**' –ਜਿਸ ਵਿਚ ਚਿੱਤ ਦਾ ਸਮਾਧਾਨ ਕੀਤਾ ਜਾਏ, ਉਹ ਆਤਮਾ ਹੀ ਸਮਾਧੀ ਹੈ। ਅਨਾਦਿ ਤੱਤ ਵਿਚ ਜੋ ਸਮੱਤਵ ਪ੍ਰਾਪਤ ਕਰ ਲਵੇ, ਉਸਨੂੰ ਸਮਾਧਿਸਥ ਕਹਿੰਦੇ ਹਨ। ਅਰਜੁਨ ਨੇ ਪੁੱਛਿਆ–ਕੇਸ਼ਵ! ਸਮਾਧਿਸਥ, ਸਥਿਰ ਬੁੱਧੀ ਵਾਲੇ ਮਹਾਪੁਰਸ਼ ਦੇ ਕੀ ਲੱਛਣ ਹਨ? ਸਥਿਤਪ੍ਰਗਿਅ (ਬੁੱਧੀ ਜਾਂ ਵਿਵੇਕ ਵਿਚ ਸਥਿਤ) ਪੁਰਸ਼ ਕਿਵੇਂ ਬੋਲਦਾ ਹੈ? ਉਹ ਕਿਵੇਂ ਬੈਠਦਾ ਹੈ? ਉਹ ਕਿਵੇਂ ਚਲਦਾ ਹੈ? ਚਾਰ ਪ੍ਰਸ਼ਨ ਅਰਜੁਨ ਨੇ ਕੀਤੇ। ਇਸਤੇ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਸਥਿਤਪ੍ਰਗਿਅ ਦੇ ਲੱਛਣ ਦਸਦੇ ਹੋਏ ਕਿਹਾ

**ਸ਼੍ਰੀ ਭਗਵਾਨ ਉਵਾਚ**

**प्रजहाति यदा कामान्सर्वान्पार्थ मनोगतान् ।**
**आत्मन्येवात्मना तुष्टः स्थितप्रज्ञस्तदोच्यते ।।५५।।**

ਪਾਰਥ! ਜਦ ਮਨੁੱਖ ਮਨ ਵਿਚ ਸਥਿਤ ਸੰਪੂਰਣ ਕਾਮਨਾਵਾਂ ਨੂੰ ਤਿਆਗ ਦੇਂਦਾ ਹੈ, ਤਾਂ ਉਹ ਆਤਮਾ ਤੋਂ ਹੀ ਆਤਮਾ ਵਿਚ ਸੰਤੁਸ਼ਟ ਹੋਇਆ ਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ। ਕਾਮਾਨਾਵਾਂ ਦੇ ਤਿਆਗ ਨਾਲ ਹੀ ਆਤਮਾ ਦਾ ਮਾਰਗਦਰਸ਼ਨ ਹੁੰਦਾ ਹੈ। ਇਹ ਆਤਮਾਰਾਮ, ਆਤਮਤ੍ਰਿਪਤ ਮਹਾਪੁਰਸ਼ ਹੀ ਸਥਿਤਪ੍ਰਗਿਅ ਹੈ।

**दुःखेष्वनुद्विग्नमनाः सुखेषु विगतस्पृहः ।**
**वीतरागभयक्रोधः स्थितधीर्मुनिरुच्यते ।।५६।।**

ਦੇਹਕ, ਦੈਵੀ ਅਤੇ ਭੌਤਿਕ ਦੁਖਾਂ ਵਿਚ ਜਿਸਦਾ ਮਨ ਵਿਆਕੁਲ ਨਹੀਂ ਹੁੰਦਾ, ਸੁਖਾਂ ਦੀ ਪ੍ਰਾਪਤੀ ਵਿਚ ਤ੍ਰਿਸ਼ਨਾ ਦੂਰ ਹੋ ਗਈ ਹੈ ਅਤੇ ਜਿਸਦੇ ਰਾਗ, ਭੈ ਅਤੇ ਕ੍ਰੋਧ ਨਸ਼ਟ ਹੋ ਗਏ ਹਨ, ਮਨਨਸ਼ੀਲਤਾ ਦੀ ਚਰਮਸੀਮਾ ਤੇ ਪਹੁੰਚਿਆ ਹੋਇਆ ਉਹ ਮੁਨੀ ਸਥਿਤਪ੍ਰਗਿਅ ਕਿਹਾ ਜਾਂਦਾ ਹੈ। ਉਸਦੇ ਹੋਰ ਲੱਛਣ ਉਹ ਦਸਦੇ ਹਨ

**यः सर्वत्रानभिस्नेहस्तत्तत्प्राप्य शुभाशुभम् ।**
**नाभिनन्दति न द्वेष्टि तस्य प्रज्ञा प्रतिष्ठिता ।।५७।।**

ਜੋ ਪੁਰਸ਼ ਹਰ ਥਾਂ ਸਨੇਹ ਰਹਿਤ ਹੋਇਆ, ਸ਼ੁਭ ਅਥਵਾ ਅਸ਼ੁਭ ਨੂੰ ਪ੍ਰਾਪਤ ਹੋਕੇ ਨਾ ਤਾਂ ਪ੍ਰਸੰਨ ਹੁੰਦਾ ਹੈ ਅਤੇ ਨਾ ਦ੍ਵੇਸ਼ ਕਰਦਾ ਹੈ, ਉਸਦੀ ਬੁੱਧੀ ਸਥਿਰ ਹੈ। ਸ਼ੁਭ ਉਹ ਹੈ ਜੋ ਪਰਮਾਤਮ–ਸਵਰੂਪ ਵਿਚ ਲਗਾਉਂਦਾ ਹੈ। ਅਸ਼ੁਭ ਉਹ ਹੈ ਜੋ ਪ੍ਰਕ੍ਰਿਤੀ ਦੇ ਵਲ ਲੈ ਜਾਣ ਵਾਲਾ ਹੁੰਦਾ ਹੈ। ਪਰ ਸਥਿਤਪ੍ਰਗਿਅ ਪੁਰਸ਼ ਅਨੁਕੂਲ ਪਰਿਸਥਿਤੀਆਂ ਤੋਂ ਨਾ ਪ੍ਰਸੰਨ ਹੁੰਦਾ ਹੈ ਅਤੇ ਨਾ ਪ੍ਰਤਿਕੂਲ ਪਰਿਸਥਿਤੀਆਂ ਤੋਂ ਦ੍ਵੇਸ਼ ਕਰਦਾ ਹੈ। ਕਿਉਂਕਿ ਪ੍ਰਾਪਤ ਹੋਣ ਯੋਗ ਵਸਤੂ ਨਾ ਉਸਤੋਂ ਭਿੰਨ ਹੈ ਅਤੇ ਨਾ ਪਤਿਤ ਕਰਨ ਵਾਲੇ ਵਿਕਾਰ ਹੀ ਉਸਦੇ ਲਈ ਹਨ, ਅਰਥਾਤ ਹੁਣ ਸਾਧਨਾ ਨਾਲ ਉਸਦਾ ਆਪਣਾ ਕੋਈ ਪ੍ਰਯੋਜਨ ਨਹੀਂ ਰਿਹਾ। ਐਸਾ ਮਨੁੱਖ ਸਥਿਤਪ੍ਰਗਿਅ ਕਿਹਾ ਜਾਂਦਾ ਹੈ।

**यदा संहरते चायं कूर्मोऽङ्गानीव सर्वशः ।**
**इन्द्रियाणीन्द्रियार्थेभ्यस्तस्य प्रज्ञा प्रतिष्ठिता ।।५८।।**

ਜਿਸ ਤਰ੍ਹਾਂ ਕਛੂਆ ਆਪਣੇ ਅੰਗਾਂ ਨੂੰ ਸਮੇਟ ਲੈਂਦਾ ਹੈ, ਠੀਕ ਉਸੇ ਤਰ੍ਹਾਂ ਇਹ ਪੁਰਸ਼ ਜਦ ਸਭ ਪਾਸਿਆਂ ਤੋਂ ਆਪਣੇ ਚਿੱਤ ਨੂੰ ਸਮੇਟ ਲੈਂਦਾ ਹੈ, ਤਾਂ ਉਸਦੀ ਬੁੱਧੀ ਸਥਿਰ ਹੁੰਦੀ ਹੈ। ਖ਼ਤਰੇ ਨੂੰ ਵੇਖਦਿਆਂ ਹੀ ਕਛੂਆ ਜਿਸ ਤਰ੍ਹਾਂ ਆਪਣੇ ਸਿਰ ਅਤੇ ਪੈਰਾਂ ਨੂੰ ਸਮੇਟ ਲੈਂਦਾ ਹੈ, ਠੀਕ ਇਸੇ ਤਰ੍ਹਾਂ ਜੋ ਪੁਰਸ਼ ਵਿਸ਼ਿਆਂ ਵਿਚ ਜੀਉਣ ਵਾਲੀਆਂ ਇੰਦ੍ਰੀਆਂ ਨੂੰ ਸਭ ਪਾਸਿਉਂ ਸਮੇਟਕੇ ਹਿਰਦੇ ਦੇਸ਼ ਵਿਚ ਨਿਰੋਧ (ਸਥਿਰ) ਕਰ ਲੈਂਦਾ ਹੈ, ਉਸ ਕਾਲ ਵਿਚ ਉਸ ਪੁਰਸ਼ ਦੀ ਬੁੱਧੀ ਸਥਿਰ ਹੁੰਦੀ ਹੈ; ਪਰ ਇਹ ਤਾਂ ਕੇਵਲ ਇਕ ਦ੍ਰਿਸ਼ਟਾਂਤ ਹੈ। ਖ਼ਤਰੇ ਦਾ ਅਹਿਸਾਸ ਮਿਟਦਿਆਂ ਹੀ ਕਛੂਆ ਤਾਂ ਆਪਣੇ ਅੰਗਾਂ ਨੂੰ ਮੁੜ ਫੈਲਾ ਲੈਂਦਾ ਹੈ। ਕੀ ਇਸੇ ਤਰ੍ਹਾਂ ਸਥਿਤਪ੍ਰਗਿਅ ਮਹਾਪੁਰਸ਼ ਵੀ ਵਿਸ਼ਿਆਂ ਵਿਚ ਰਸ ਲੈਣ ਲਗਦਾ ਹੈ? ਇਸਤੇ ਉਹ ਕਹਿੰਦੇ ਹਨ

**विषया विनिवर्तन्ते निराहारस्य देहिनः।**
**रसवर्जं रसोऽप्यस्य परं दृष्ट्वा निवर्तते।।५९।।**

ਇੰਦ੍ਰੀਆਂ ਰਾਹੀਂ ਵਿਸ਼ਿਆਂ ਨੂੰ ਨਾ ਗ੍ਰਹਿਣ ਕਰਨ ਵਾਲੇ ਪੁਰਸ਼ਾਂ ਦੇ ਵਿਸ਼ੇ ਤਾਂ ਦੂਰ ਹੋ ਜਾਂਦੇ ਹਨ, ਕਿਉਂਕਿ ਉਹ ਗ੍ਰਹਿਣ ਹੀ ਨਹੀਂ ਕਰਦੇ, ਪਰ ਉਹਨਾਂ ਦਾ ਰਾਗ ਨਹੀਂ ਦੂਰ ਹੁੰਦਾ, ਆਸਕਤੀ ਲਗੀ ਰਹਿੰਦੀ ਹੈ। ਸੰਪੂਰਣ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਸਮੇਟਣ ਵਾਲੇ ਨਿਸ਼ਕਾਮ ਕਰਮੀ ਦਾ ਰਾਗ ਵੀ– '**परं दृष्ट्वा**'– ਪਰਮਤੱਤ ਪਰਮਾਤਮਾ ਦਾ ਸਾਖਿਆਤਕਾਰ ਕਰਕੇ ਦੂਰ ਹੋ ਜਾਂਦਾ ਹੈ।

ਮਹਾਪੁਰਸ਼ ਕਛੂਏ ਦੀ ਤਰ੍ਹਾਂ ਆਪਣੀਆਂ ਇੰਦ੍ਰੀਆਂ ਨੂੰ ਵਿਸ਼ਿਆਂ ਵਿਚ ਨਹੀਂ ਫੈਲਾਉਂਦਾ। ਇਕ ਵਾਰ ਜਦ ਇੰਦ੍ਰੀਆਂ ਸਿਮਟ ਗਈਆਂ ਤਾ ਸੰਸਕਾਰ ਹੀ ਮਿਟ ਜਾਂਦੇ ਹਨ। ਫੇਰ ਨਹੀਂ ਨਿਕਲਦੇ। ਨਿਸ਼ਕਾਮ ਕਰਮਯੋਗ ਦੇ ਆਚਰਣ ਦੁਆਰਾ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਦੇ ਨਾਲ ਉਸ ਪੁਰਸ਼ ਦਾ ਵਿਸ਼ਿਆਂ ਤੋਂ ਰਾਗ ਵੀ ਦੂਰ ਹੋ ਜਾਂਦਾ ਹੈ। ਅਕਸਰ ਚਿੰਤਨ-ਮਾਰਗ ਵਿਚ ਹੱਠ ਕੀਤਾ ਜਾਂਦਾ ਹੈ। ਹੱਠ ਨਾਲ ਇੰਦ੍ਰੀਆਂ ਨੂੰ ਰੋਕਕੇ ਉਹ ਵਿਸ਼ੇ ਤੋਂ ਤਾਂ ਦੂਰ ਹੋ ਜਾਂਦੇ ਹਨ ਪਰ ਮਨ ਵਿਚ ਉਹਨਾਂ ਦਾ ਧਿਆਨ, ਰਾਗ ਲਗਾ ਰਹਿੰਦਾ ਹੈ। ਇਹ ਆਸਕਤੀ '**परं दृष्ट्वा**'– ਪਰਮਾਤਮਾ ਦਾ ਸਾਖਿਆਤਕਾਰ ਕਰਨ ਦੇ ਬਾਅਦ ਹੀ ਦੂਰ ਹੁੰਦੀ ਹੈ, ਇਸਤੋਂ ਪਹਿਲਾਂ ਨਹੀਂ।

'ਪੂਜਯ ਮਹਾਰਾਜ ਜੀ' ਇਸ ਸੰਬੰਧ ਵਿਚ ਆਪਣੀ ਇਕ ਘਟਨਾ ਦਸਿਆ ਕਰਦੇ ਸਨ। ਘਰ-ਤਿਆਗ ਤੋਂ ਪਹਿਲਾਂ ਉਹਨਾਂ ਨੂੰ ਤਿੰਨ ਵਾਰ ਆਕਾਸ਼ ਬਾਣੀਆਂ ਹੋਈਆਂ ਸਨ। ਅਸੀਂ ਪੁੱਛਿਆ-''ਮਹਾਰਾਜਜੀ! ਆਪਨੂੰ ਆਕਾਸ਼ਬਾਣੀ ਕਿਉਂ ਹੋਈ ? ਅਸਾਂ ਲੋਕਾਂ ਨੂੰ ਤਾਂ ਨਹੀਂ ਹੋਈ।'' ਤਾਂ ਇਸਤੇ ਮਹਾਰਾਜਜੀ ਬੋਲੇ – ''ਓਏ! ਇਹ ਸ਼ੱਕ ਮੈਨੂੰ ਵੀ ਹੋਇਆ ਸੀ। ਤਾਂ ਅਨੁਭਵ ਵਿਚ ਆਇਆ ਕਿ ਮੈਂ ਸੱਤ ਜਨਮਾਂ ਤੋਂ ਲਗਾਤਾਰ ਸਾਧੂ ਹਾਂ। ਚਾਰ ਜਨਮ ਤਾਂ ਕੇਵਲ ਸਾਧੂਆਂ ਦਾ ਭੇਸ ਬਣਾਈ ਰੱਖਿਆ, ਤਿਲਕ ਲਗਾਕੇ, ਕਿਧਰੇ ਭਬੂਤ (ਸੁਆਹ) ਮਲਕੇ, ਕਿਧਰੇ ਕਮੰਡਲ ਲੈਕੇ ਫਿਰ ਰਿਹਾ ਹਾਂ। ਯੋਗ-ਕ੍ਰਿਆ ਦੀ ਜਾਣਕਾਰੀ ਨਹੀਂ ਸੀ। ਪਰ ਪਿਛਲੇ ਤਿੰਨ ਜਨਮਾਂ ਤੋਂ ਚੰਗਾ ਸਾਧੂ ਹਾਂ, ਜਿਵੇਂ ਹੋਣਾ ਚਾਹੀਦਾ ਹੈ। ਮੇਰੇ ਵਿਚ ਯੋਗ-ਕ੍ਰਿਆ ਜਾਗ੍ਰਿਤ ਸੀ। ਪਿਛਲੇ ਜਨਮ ਵਿਚ ਪਾਰ ਲੱਗ ਚਲਿਆ ਸਾਂ, ਨਿਰਵਿਰਤੀ (ਨਿਬੇੜਾ) ਹੋ ਚਲੀ ਸੀ; ਪਰ ਦੋ ਇੱਛਾਵਾਂ ਰਹਿ ਗਈਆਂ ਸਨ – ਇਕ ਇਸਤ੍ਰੀ ਅਤੇ ਦੂਜੀ ਗਾਂਜਾ। ਅੰਤਰਮਨ ਵਿਚ ਇੱਛਾਵਾਂ ਸਨ, ਪਰ ਬਾਹਰ ਤੋਂ ਅਸੀਂ ਸਰੀਰ ਨੂੰ ਦ੍ਰਿੜ ਰੱਖਿਆ। ਮਨ ਵਿਚ ਵਾਸਨਾ ਲਗੀ ਸੀ, ਇਸ ਲਈ ਜਨਮ ਲੈਣਾ ਪਿਆ। ਜਨਮ ਲੈਂਦਿਆਂ ਹੀ ਭਗਵਾਨ ਨੇ ਥੋੜ੍ਹੇ ਹੀ ਸਮੇਂ ਵਿਚ ਸਭ ਦਿਖਾ-ਸੁਣਾਕੇ ਨਿਰਵਿਰਤੀ ਦਿਵਾ ਦਿਤੀ, ਦੋ ਤਿੰਨ ਝਟਕੇ ਦਿਤੇ ਅਤੇ ਸਾਧੂ ਬਣਾ ਦਿਤਾ।''

ਠੀਕ ਇਹੋ ਗੱਲ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ – ਇੰਦ੍ਰੀਆਂ ਦੁਆਰਾ ਵਿਸ਼ਿਆਂ ਨੂੰ ਨਾ ਗ੍ਰਹਿਣ ਕਰਨ ਵਾਲੇ ਪੁਰਸ਼ ਦੇ ਵੀ ਵਿਸ਼ੇ ਤਾਂ ਨਿਰਵਿਰਤ ਹੋ ਜਾਂਦੇ ਹਨ; ਪਰ ਸਾਧਨਾ ਦੁਆਰਾ ਪਰਮਪੁਰਸ਼ ਪਰਮਾਤਮਾ ਦਾ ਸਖਿਆਤਕਾਰ ਕਰ ਲੈਣ ਤੇ ਉਹ ਵਿਸ਼ਿਆਂ ਦੇ ਰਾਗ ਤੋਂ ਵੀ ਨਿਰਵਿਰਤ ਹੋ ਜਾਂਦਾ ਹੈ। ਇਸ ਲਈ ਜਦ ਤਕ ਸਾਖਿਆਤਕਾਰ ਨਾ ਹੋਵੇ, ਕਰਮ ਕਰਨਾ ਹੈ।

**उर कछु प्रथम वासना रही। प्रभुपद प्रीति सरित सो बही।**
**(रामचरित मानस ५/४८/६)**

ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਸਮੇਟਣਾ ਕਠਿਨ ਹੈ। ਇਸ ਉਤੇ ਪ੍ਰਕਾਸ਼ ਪਾਉਂਦੇ ਹਨ

**यततो ह्यपि कौन्तेय पुरुषस्य विपश्चित: ।**
**इन्द्रियाणि प्रमाथीनि हरन्ति प्रसभं मन: ।।६०।।**

ਕੌਂਤੇਯ! (ਕੁੰਤੀਪੁੱਤਰ) ਯਤਨ ਕਰਨ ਵਾਲੇ ਪ੍ਰਤਿਭਾਵਾਨ ਪੁਰਸ਼ ਦੀਆਂ ਮੋਹਮਈ ਇੰਦ੍ਰੀਆਂ ਉਸਦੇ ਮਨ ਨੂੰ ਬਲ ਨਾਲ ਖਿੱਚ ਲੈਂਦੀਆਂ ਹਨ, ਵਿਚਲਿਤ ਕਰ ਦੇਂਦੀਆਂ ਹਨ। ਇਸ ਲਈ

**तानि सर्वाणि संयम्य युक्त आसीत मत्पर: ।**
**वशे हि यस्येन्द्रियाणि तस्य प्रज्ञा प्रतिष्ठिता ।।६१।।**

ਉਹਨਾਂ ਸਾਰੀਆਂ ਇੰਦ੍ਰੀਆਂ ਨੂੰ ਸੰਜਮਿਤ ਕਰਕੇ, ਯੋਗ ਨਾਲ ਯੁਕਤ ਅਤੇ ਸਮਰਪਣ ਦੇ ਨਾਲ ਮੇਰੇ ਆਸਰੇ ਹੋ; ਕਿਉਂਕਿ ਜਿਸ ਪੁਰਸ਼ ਦੀਆਂ ਇੰਦ੍ਰੀਆਂ ਵੱਸ਼ ਵਿਚ ਹੁੰਦੀਆਂ ਹਨ, ਉਸੇ ਦੀ ਬੁੱਧੀ ਸਥਿਰ ਹੁੰਦੀ ਹੈ। ਇਥੇ ਯੋਗੇਵਸ਼ਰ ਸ਼੍ਰੀ ਕ੍ਰਿਸ਼ਣ ਸਾਧਨਾ ਦੇ ਨਿਸ਼ੇਧਾਤਮਕ ਅੰਸ਼ਾਂ ਨਾਲ ਉਸਦੇ ਸਵੀਕਾਰਾਤਮਕ ਪੱਖ ਉਤੇ ਜ਼ੋਰ ਦੇਂਦੇ ਹਨ। ਕੇਵਲ ਸੰਜਮ ਅਤੇ ਨਿਸ਼ੇਧ ਨਾਲ ਇੰਦ੍ਰੀਆਂ ਵੱਸ਼ ਵਿਚ ਨਹੀਂ ਹੁੰਦੀਆਂ। ਸਮਰਪਣ ਦੇ ਨਾਲ ਇਸ਼ਟ-ਚਿੰਤਨ ਜ਼ਰੂਰੀ ਹੈ। ਇਸ਼ਟ-ਚਿੰਤਨ ਦੀ ਕਮੀ ਨਾਲ ਵਿਸ਼ਾ-ਚਿੰਤਨ ਹੋਏਗਾ, ਜਿਸਦੇ ਕੁਪਰਿਣਾਮ ਸ਼੍ਰੀ ਕ੍ਰਿਸ਼ਣ ਦੇ ਹੀ ਸ਼ਬਦਾਂ ਵਿਚ ਵੇਖੀਏ

**ध्यायतो विषयान्पुंस: संगस्तेषूपजायते ।**
**संगात्संजायते काम: कामात्क्रोधोऽभिजायते ।।६२।।**

ਵਿਸ਼ਿਆਂ ਦਾ ਚਿੰਤਨ ਕਰਨ ਵਾਲੇ ਪੁਰਸ਼ ਦੀ ਉਹਨਾਂ ਵਿਸ਼ਿਆਂ ਵਿਚ ਆਸਕਤੀ ਹੋ ਜਾਂਦੀ ਹੈ। ਆਸਕਤੀ ਤੋਂ ਕਾਮਨਾ ਪੈਦਾ ਹੁੰਦੀ ਹੈ। ਕਾਮਨਾ-ਪੂਰਤੀ ਵਿਚ ਅੜਚਨ ਆਉਣ ਨਾਲ ਕ੍ਰੋਧ ਪੈਦਾ ਹੁੰਦਾ ਹੈ। ਕ੍ਰੋਧ ਕਿਸਨੂੰ ਜਨਮ ਦੇਂਦਾ ਹੈ?

**क्रोधाद् भवति सम्मोह: सम्मोहात् स्मृतिविभ्रम: ।**
**स्मृतिभ्रंशाद्‌बुद्धिनाशो बुद्धिनाशात्प्रणश्यति ।।६३।।**

ਕ੍ਰੋਧ ਤੋਂ ਵਿਸ਼ੇਸ਼ ਮੂੜਤਾ ਅਰਥਾਤ ਅਵਿਵੇਕ ਪੈਦਾ ਹੁੰਦਾ ਹੈ। ਨਿਤ-ਅਨਿਤ ਵਸਤੂ ਦਾ ਵਿਚਾਰ ਨਹੀਂ ਰਹਿ ਜਾਂਦਾ। ਅਵਿਵੇਕ ਨਾਲ ਯਾਦ-ਸ਼ਕਤੀ ਭਰਮਿਤ ਹੋ ਜਾਂਦੀ ਹੈ (ਜਿਵੇਂ ਅਰਜੁਨ ਨੂੰ ਹੋਇਆ ਸੀ **'भ्रमतीव च मे मन:'** ਗੀਤਾ ਦੀ ਸਮਾਪਤੀ ਤੇ ਉਸਨੇ ਕਿਹਾ **'नष्टो मोह: स्मृतिर्लब्धा'**। 'ਕੀ ਕਰੀਏ-ਕੀ ਨਾ ਕਰੀਏ'- ਇਸਦਾ ਫੈਸਲਾ ਮੁਸ਼ਕਿਲ ਹੋ ਜਾਂਦਾ ਹੈ।) ਯਾਦਾਸ਼ਤ ਭਰਮਿਤ ਹੋਣ ਨਾਲ ਯੋਗ-ਪਰਾਇਣ ਬੁੱਧੀ ਨਸ਼ਟ ਹੋ ਜਾਂਦੀ ਹੈ ਅਤੇ ਬੁੱਧੀ-ਨਾਸ਼ ਹੋਣ ਨਾਲ ਉਹ ਪੁਰਸ਼ ਆਪਣੀ ਸ਼੍ਰੇਸ਼ਠ-ਸਾਧਨਾ ਤੋਂ ਹਟ ਜਾਂਦਾ ਹੈ।

ਇੱਥੇ ਸ਼੍ਰੀ ਕ੍ਰਿਸ਼ਣ ਨੇ ਬਲ ਦਿਤਾ ਹੈ ਕਿ ਵਿਸ਼ਿਆਂ ਦਾ ਧਿਆਨ ਨਹੀਂ ਕਰਨਾ ਚਾਹੀਦਾ। ਸਾਧਕ ਨੂੰ ਨਾਮ, ਰੂਪ, ਲੀਲਾ ਅਤੇ ਧਾਮ ਵਿਚ ਹੀ ਕਿਧਰੇ ਲਗੇ ਰਹਿਣਾ ਚਾਹੀਦਾ ਹੈ। ਭਜਨ ਵਿਚ ਢਿੱਲ ਦੇਣ ਨਾਲ ਮਨ ਵਿਸ਼ਿਆਂ ਵਿਚ ਜਾਏਗਾ। ਵਿਸ਼ਿਆਂ ਦੇ ਖ਼ਿਆਲ ਨਾਲ ਆਸਕਤੀ ਹੋ ਜਾਂਦੀ ਹੈ। ਆਸਕਤੀ ਨਾਲ ਉਸ ਵਿਸ਼ੇ ਦੀ ਕਾਮਨਾ ਸਾਧਕ ਦੇ ਅੰਤਰਮਨ ਵਿਚ ਹੋਣ ਲਗਦੀ ਹੈ। ਕਾਮਨਾ ਦੀ ਪੂਰਤੀ ਵਿਚ ਅੜਚਨ ਆਉਣ ਨਾਲ ਕ੍ਰੋਧ, ਕ੍ਰੋਧ ਤੋਂ ਅਵਿਵੇਕ, ਅਵਿਵੇਕ ਤੋਂ ਯਾਦਾਸ਼ਤ-ਭਰਮ ਅਤੇ ਯਾਦਾਸ਼ਤ-ਭਰਮ ਤੋਂ ਬੁੱਧੀ ਨਸ਼ਟ ਹੋ ਜਾਂਦੀ ਹੈ। ਨਿਸ਼ਕਾਮ ਕਰਮਯੋਗ ਨੂੰ ਬੁੱਧੀਯੋਗ ਕਿਹਾ ਜਾਂਦਾ ਹੈ, ਕਿਉਂਕਿ ਬੁੱਧੀ-ਪੱਧਰ ਤੇ ਇਸ ਵਿਚ ਵਿਚਾਰ ਰੱਖਣਾ ਚਾਹੀਦਾ ਹੈ ਕਿ ਕਾਮਨਾਵਾਂ ਨਾ ਆ ਸਕਣ, ਫਲ ਹੈ ਹੀ ਨਹੀਂ। ਕਾਮਨਾ ਆਉਣ ਨਾਲ ਇਹ ਬੁੱਧੀਯੋਗ ਨਸ਼ਟ ਹੋ ਜਾਂਦਾ ਹੈ **'साधन करिय विचारहीन मन शुद्ध होय नहिं तैसे' (विनयपत्रिका, पद संख्या ११५/३)** ਵਿਚਾਰ ਜ਼ਰੂਰੀ

ਹੈ। ਵਿਚਾਰ-ਰਹਿਤ ਪੁਰਸ਼ ਸ਼੍ਰੇਸ਼ਠ-ਸਾਧਨਾ ਤੋਂ ਥੱਲੇ ਗਿਰ ਜਾਂਦਾ ਹੈ। ਸਾਧਨਾ-ਕ੍ਰਮ ਟੁਟ ਜਾਂਦਾ ਹੈ, ਪੂਰਣ ਨਸ਼ਟ ਨਹੀਂ ਹੁੰਦਾ। ਭੋਗ ਦੇ ਬਾਅਦ ਸਾਧਨਾ ਉਥੋਂ ਹੀਂ ਫੇਰ ਸ਼ੁਰੂ ਹੁੰਦੀ ਹੈ, ਜਿੱਥੇ ਟੁਟ ਗਈ ਸੀ।

ਇਹ ਤਾਂ ਵਿਸ਼ਿਆਂ ਤੋਂ ਪ੍ਰੇਰਿਤ ਸਾਧਕ ਦੀ ਗਤਿ ਹੈ। ਸਵਾਧੀਨ ਹਿਰਦੇ ਵਾਲਾ ਸਾਧਕ ਕਿਸ ਗਤਿ ਨੂੰ ਪ੍ਰਾਪਤ ਹੁੰਦਾ ਹੈ? ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**रागद्वेषवियुक्तैस्तु विषयानिन्द्रियैश्चरन् ।**
**आत्मवश्यैर्विधेयात्मा प्रसादमधिगच्छति ।।६४ ।।**

ਆਤਮਾ ਦੀ ਵਿਧੀ ਨੂੰ ਪ੍ਰਾਪਤ ਪ੍ਰਤੱਖਦਰਸ਼ੀ ਮਹਾਪੁਰਸ਼ ਰਾਗ-ਦ੍ਵੇਸ਼ ਤੋਂ ਰਹਿਤ ਵੱਸ਼ ਵਿਚ ਕੀਤੀਆਂ ਹੋਈਆਂ ਆਪਣੀਆਂ ਇੰਦ੍ਰੀਆਂ ਦੁਆਰਾ '**विषयान् चरन्**' ਵਿਸ਼ਿਆਂ ਵਿਚ ਰਹਿੰਦਿਆਂ ਹੋਇਆਂ ਵੀ '**प्रसादमधिगच्छति**'- ਹਿਰਦੇ ਦੀ ਨਿਰਮਲਤਾ ਨੂੰ ਪ੍ਰਾਪਤ ਹੁੰਦਾ ਹੈ। ਉਹ ਆਪਣੀ ਭਾਵ ਦ੍ਰਿਸ਼ਟੀ ਵਿਚ ਰਹਿੰਦਾ ਹੈ। ਮਹਾਪੁਰਸ਼ ਲਈ ਵਿਧੀ-ਨਿਸ਼ੇਧ ਨਹੀਂ ਰਹਿ ਜਾਂਦੇ । ਉਸਦੇ ਲਈ ਕਿਧਰੇ ਵੀ ਅਸ਼ੁਭ ਨਹੀਂ ਰਹਿੰਦਾ, ਜਿਸਤੋਂ ਉਹ ਬਚਾਅ ਕਰੇ ਅਤੇ ਉਸਦੇ ਲਈ ਕੋਈ ਸ਼ੁਭ ਬਾਕੀ ਨਹੀਂ ਰਹਿ ਜਾਂਦਾ, ਜਿਸਦੀ ਉਹ ਕਾਮਨਾ ਕਰੇ।

**प्रसादे सर्वदु:खानां हानिरस्योपजायते ।**
**प्रसन्नचेतसो ह्याशु बुद्धि: पर्यवतिष्ठते ।।६५ ।।**

ਭਗਵਾਨ ਦੇ ਪੂਰਣ ਕਿਰਪਾ-ਪ੍ਰਸਾਦਿ 'ਭਗਵੱਤਤਾ' ਨਾਲ ਸੰਯੁਕਤ ਹੋਣ ਤੇ ਉਸਦੇ ਸਾਰੇ ਦੁਖਾਂ ਦਾ ਅਭਾਵ (ਲੋਪ) ਹੋ ਜਾਂਦਾ ਹੈ, '**दु:खालयम् अशाश्वतम्**' ਸੰਸਾਰ ਦਾ ਅਭਾਵ ਹੋ ਜਾਂਦਾ ਹੈ ਅਤੇ ਉਸ ਪ੍ਰਸੰਨ ਚਿੱਤ ਵਾਲੇ ਪੁਰਸ਼ ਦੀ ਬੁੱਧੀ ਛੇਤੀ ਹੀ ਭਲੀ ਭਾਂਤੀ ਸਥਿਰ ਹੋ ਜਾਂਦੀ ਹੈ। ਪਰ ਜੋ ਯੋਗਯੁਕਤ ਨਹੀਂ ਹਨ, ਉਹਨਾਂ ਦੀ ਦਸ਼ਾ ਤੇ ਪ੍ਰਕਾਸ਼ ਪਾਉਂਦੇ ਹਨ

**नास्ति बुद्धिरयुक्तस्य न चायुक्तस्य भावना ।**
**न चाभावयत: शान्तिरशान्तस्य कुत: सुखम् ।।६६ ।।**

ਯੋਗਸਾਧਨਾ ਰਹਿਤ ਪੁਰਸ਼ ਦੇ ਹਿਰਦੇ ਵਿਚ ਨਿਸ਼ਕਾਮ ਕਰਮ ਯੁਕਤ ਬੁੱਧੀ ਨਹੀਂ ਹੁੰਦੀ। ਉਸ ਅਯੁਕਤ ਦੇ ਹਿਰਦੇ ਵਿਚ ਭਾਵ ਵੀ ਨਹੀਂ ਹੁੰਦਾ। ਭਾਵਨਾ ਰਹਿਤ ਪੁਰਸ਼ ਨੂੰ ਸ਼ਾਂਤੀ ਕਿੱਥੇ? ਅਤੇ ਅਸ਼ਾਂਤ ਪੁਰਸ਼ ਨੂੰ ਸੁਖ ਕਿੱਥੇ ਯੋਗ ਕ੍ਰਿਆ ਕਰਨ ਨਾਲ, ਕੁਝ ਦਿਖਾਈ ਦੇਣ ਨਾਲ ਹੀ ਭਾਵ ਬਣਦਾ ਹੈ '**जाने बिनु न होइ परतीति**' ਭਾਵਨਾ ਬਿਨਾਂ ਸ਼ਾਂਤੀ ਨਹੀਂ ਮਿਲਦੀ ਅਤੇ ਸ਼ਾਂਤੀ ਰਹਿਤ ਪੁਰਸ਼ ਨੂੰ ਸੁਖ ਅਰਥਾਤ ਸ਼ਾਸਵਤ, ਸਨਾਤਨ ਦੀ ਪ੍ਰਾਪਤੀ ਨਹੀਂ ਹੁੰਦੀ।

**इन्द्रियाणां हि चरतां यन्मनोऽनुविधीयते ।**
**तदस्य हरति प्रज्ञां वायुर्नावमिवाम्भसि ।।६७ ।।**

ਜਲ ਵਿਚ ਬੇੜੀ ਨੂੰ ਜਿਵੇਂ ਹਵਾ ਖਿੱਚਕੇ ਮੰਜ਼ਲ ਤੋਂ ਦੂਰ ਕਰ ਦੇਂਦੀ ਹੈ, ਠੀਕ ਉਸੇ ਤਰ੍ਹਾਂ ਵਿਸ਼ਿਆਂ ਵਿਚ ਰਹਿਣ ਵਾਲੀਆਂ ਇੰਦ੍ਰੀਆਂ ਵਿਚ, ਜਿਸ ਇੰਦ੍ਰੀ ਦੇ ਨਾਲ ਮਨ ਲਗਿਆ ਰਹਿੰਦਾ ਹੈ, ਉਹ ਇਕ ਇੰਦ੍ਰੀ ਉਸ ਅਯੁਕਤ ਪੁਰਸ਼ ਦੀ ਬੁੱਧੀ ਨੂੰ ਖਿੱਚ ਲੈਂਦੀ ਹੈ। ਇਸ ਲਈ ਯੋਗ ਦਾ ਆਚਰਣ ਜ਼ਰੂਰੀ ਹੈ। ਕ੍ਰਿਆਤਮਕ ਆਚਰਣ ਤੇ ਸ਼੍ਰੀ ਕ੍ਰਿਸ਼ਣ ਫੇਰ ਬਲ ਦੇਂਦੇ ਹਨ

**तस्माद्यस्य महाबाहो निगृहीतानि सर्वशः।**
**इन्द्रियाणीन्द्रियार्थेभ्यस्तस्य प्रज्ञा प्रतिष्ठिता।।६८।।**

ਤਾਂ ਤੇ ਹੇ ਮਹਾਬਾਹੂ! ਜਿਸ ਪੁਰਸ਼ ਦੀਆਂ ਇੰਦ੍ਰੀਆਂ ਇੰਦ੍ਰੀ-ਵਿਸ਼ਿਆਂ ਤੋਂ ਪੂਰਣ ਵੱਸ਼ ਵਿਚ ਕੀਤੀਆਂ ਹੋਈਆਂ ਹੁੰਦੀਆਂ ਹਨ, ਉਸਦੀ ਬੁੱਧੀ ਸਥਿਰ ਹੁੰਦੀ ਹੈ। 'ਬਾਹੂ' ਕਾਰਜ ਖੇਤਰ ਦਾ ਪ੍ਰਤੀਕ ਹੈ। ਭਗਵਾਨ 'ਮਹਾਬਾਹੂ' ਅਤੇ 'ਅਜਾਨੁਬਾਹੂ' ਕਹੇ ਜਾਂਦੇ ਹਨ। ਜੋ ਬਿਨਾਂ ਹੱਥ-ਪੈਰ ਦੇ ਸਭ ਥਾਂਈ ਕਾਰਜ ਕਰਦੇ ਹਨ। ਉਹਨਾਂ ਵਿਚ ਜੋ ਪ੍ਰਵੇਸ਼ ਪਾਉਂਦਾ ਹੈ ਜਾਂ ਜੋ ਉਸੇ ਭਗਵੱਤਤਾ ਦੇ ਵਲ ਵੱਧ ਰਿਹਾ ਹੈ, ਉਹ ਵੀ ਮਹਾਬਾਹੂ ਹੈ। ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੋਨਾਂ ਨੂੰ ਮਹਾਬਾਹੂ ਕਿਹਾ ਗਿਆ ਹੈ।

**या निशा सर्वभूतानां तस्यां जागर्ति संयमी।**
**यस्यां जाग्रति भूतानि सा निशा पश्यतो मुनेः।।६९।।**

ਸਾਰੇ ਭੌਤਿਕ-ਪ੍ਰਾਣੀਆਂ (ਪੰਚ ਤੱਤ ਦੇ ਬਣੇ ਜੀਵਾਂ) ਲਈ ਉਹ ਪਰਮਾਤਮਾ ਰਾਤ ਦੇ ਸਮਾਨ ਹੈ; ਕਿਉਂਕਿ ਦਿਖਾਈ ਨਹੀਂ ਦੇਂਦਾ, ਨਾ ਹੀ ਵਿਚਾਰ ਕੰਮ ਕਰਦਾ ਹੈ, ਇਸ ਲਈ ਰਾਤ ਵਰਗਾ ਹੈ। ਉਸ ਰਾਤ ਵਿਚ, ਪਰਮਾਤਮਾਂ ਵਿਚ ਸੰਜਮੀ ਪੁਰਸ਼ ਭਲੀ ਭਾਂਤੀ ਦੇਖਦਾ ਹੈ, ਚਲਦਾ ਹੈ, ਜਾਗਦਾ ਹੈ; ਕਿਉਂਕਿ ਉਥੇ ਉਸਦੀ ਪਕੜ ਹੈ। ਯੋਗੀ ਇੰਦ੍ਰੀਆਂ ਦੇ ਸੰਜਮ ਰਾਹੀਂ ਉਸ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਜਿਨ੍ਹਾਂ ਨਾਸ਼ਵਾਨ ਸੰਸਾਰਕ ਸੁਖਾਂ-ਭੋਗਾਂ ਦੇ ਲਈ ਸਭ ਪ੍ਰਾਣੀ ਰਾਤ-ਦਿਨ ਮਿਹਨਤ ਕਰਦੇ ਹਨ, ਯੋਗੀ ਦੇ ਲਈ ਉਹੀ ਨਿਸ਼ਾ(ਰਾਤ) ਹੈ।

**रमा विलासु राम अनुरागी। तजत बमन जिमि जन बड़भागी।।**
**(रामचरितमानस २/३२३/८)**

ਜੋ ਯੋਗੀ ਪਰਮਾਰਥ-ਮਾਰਗ ਵਿਚ ਨਿਰੰਤਰ ਸਜਗ ਅਤੇ ਭੌਤਿਕ ਤ੍ਰਿਸ਼ਨਾਵਾਂ ਤੋਂ ਪੂਰਨ ਉਦਾਸੀਨ ਹੁੰਦਾ ਹੈ, ਉਹੀ ਉਸ ਇਸ਼ਟ ਵਿਚ ਪ੍ਰਵੇਸ਼ ਪਾਉਂਦਾ ਹੈ। ਉਹ ਰਹਿੰਦਾ ਤਾਂ ਸੰਸਾਰ ਵਿਚ ਹੀ ਹੈ, ਪਰ ਸੰਸਾਰ ਦਾ ਉਸ ਉਤੇ ਪ੍ਰਭਾਵ ਨਹੀਂ ਪੈਂਦਾ। ਮਹਾਪੁਰਸ਼ ਦੀ ਇਸੇ ਰਹਿਣੀ ਦਾ ਚਿਤ੍ਰਣ ਵੇਖੀਏ

**आपूर्यमाणमचलप्रतिष्ठं समुद्रमापः प्रविशन्ति यद्वत्।**
**तद्वत्कामा यं प्रविशन्ति सर्वे स शान्तिमाप्नोति न कामकामी।।७०।।**

ਜਿਵੇਂ ਅਥਾਹ-ਅਚਲ ਸਥਿਤੀ ਵਾਲੇ ਸਮੁੰਦਰ ਵਿਚ ਸਭ ਪਾਸਿਉਂ ਨਦੀਆਂ ਦੇ ਜਲ ਉਸਨੂੰ ਵਿਚਲਿਤ ਨਾ ਕਰਦੇ ਹੋਏ ਬੜੇ ਵੇਗ ਨਾਲ ਉਸ ਵਿਚ ਸਮਾ ਜਾਂਦੇ ਹਨ, ਠੀਕ ਉਸੇ ਤਰ੍ਹਾਂ ਪਰਮਾਤਮਾ ਵਿਚ ਸਥਿਤ, ਸਥਿਤਪ੍ਰਗਿਅ ਪੁਰਸ਼ ਵਿਚ ਸਾਰੇ ਭੋਗ ਵਿਕਾਰ ਪੈਦਾ ਕੀਤੇ ਬਿਨਾਂ ਸਮਾ ਜਾਂਦੇ ਹਨ। ਐਸਾ ਹੀ ਪੁਰਸ਼ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ, ਨਾ ਕਿ ਭੋਗਾਂ ਨੂੰ ਚਾਹੁਣ ਵਾਲਾ।

ਭਿਅੰਕਰ ਵੇਗ ਨਾਲ ਵਹਿਣ ਵਾਲੀਆਂ ਹਜ਼ਾਰਾਂ ਨਦੀਆਂ ਦੇ ਸ੍ਰੋਤ ਫ਼ਸਲਾਂ ਨੂੰ ਨਸ਼ਟ ਕਰਦੇ ਹੋਏ, ਹੱਤਿਆਵਾਂ ਕਰਦੇ ਹੋਏ, ਨਗਰਾਂ ਨੂੰ ਡੋਬਦੇ ਹੋਏ, ਹਾਹਾਕਾਰ ਮਚਾਉਂਦੇ ਹੋਏ ਬੜੇ ਵੇਗ ਨਾਲ ਸਮੁੰਦਰ ਵਿਚ ਡਿਗਦੇ ਹਨ; ਪਰ ਸਮੁੰਦਰ ਨੂੰ ਨਾ ਇਕ ਇੰਚ ਉੱਪਰ ਉਠਾ ਪਾਉਂਦੇ ਹਨ ਅਤੇ ਨਾ ਹੀ ਘਟਾਉਂਦੇ ਹਨ, ਸਗੋਂ ਉਸੇ ਵਿਚ ਸਮਾਹਿਤ ਹੋ ਜਾਂਦੇ ਹਨ-ਠੀਕ ਇਸੇ ਤਰ੍ਹਾਂ ਸਥਿਤਪ੍ਰਗਿਅ

ਮਹਾਪੁਰਸ਼ ਦੇ ਵਲ ਸਾਰੇ ਭੋਗ ਉਸੇ ਵੇਗ ਨਾਲ ਆਉਂਦੇ ਹਨ, ਪਰ ਸਮਾਹਿਤ ਹੋ ਜਾਂਦੇ ਹਨ। ਉਹਨਾਂ ਮਹਾਪੁਰਸ਼ਾਂ ਵਿਚ ਉਹ ਨਾ ਸ਼ੁਭ ਸੰਸਕਾਰ ਪਾ ਸਕਦੇ ਹਨ ਅਤੇ ਨਾ ਹੀ ਅਸ਼ੁਭ। ਯੋਗੀ ਦੇ ਕਰਮ 'ਅਸ਼ੁਕਲ' (ਅਸਫ਼ੈਦ) ਅਤੇ 'ਅਕ੍ਰਿਸ਼ਣ' (ਅਕਾਲੇ) ਹੁੰਦੇ ਹਨ। ਕਿਉਂਕਿ ਜਿਸ ਚਿੱਤ ਉਤੇ ਸੰਸਕਾਰ ਪੈਂਦੇ ਹਨ, ਉਸਦਾ ਵਿਰੋਧ ਅਤੇ ਵਿਲੀਨੀਕਰਣ ਹੋ ਗਿਆ। ਇਸਦੇ ਨਾਲ ਹੀ ਭਗਵੱਤਤਾ ਦੀ ਸਥਿਤੀ ਆ ਗਈ। ਹੁਣ ਸੰਸਕਾਰ ਪੈਣ ਵੀ ਤਾਂ ਕਿਥੇ? ਇਸ ਇੱਕੋ ਸ਼ਲੋਕ ਵਿਚ ਸ਼੍ਰੀ ਕ੍ਰਿਸ਼ਣ ਨੇ ਅਰਜੁਨ ਦੇ ਕਈ ਪ੍ਰਸ਼ਨਾਂ ਦਾ ਸਮਾਧਾਨ ਕਰ ਦਿਤਾ। ਉਸਦੀ ਜਿਗਿਆਸਾ ਸੀ ਕਿ ਸਥਿਤਪ੍ਰਗਿਅ ਮਹਾਪੁਰਸ਼ ਦੇ ਲੱਛਣ ਕੀ ਹਨ ? ਉਹ ਕਿਵੇਂ ਬੋਲਦਾ ਹੈ, ਕਿਵੇਂ ਬੈਠਦਾ ਹੈ, ਕਿਵੇਂ ਚਲਦਾ ਹੈ? ਸ਼੍ਰੀ ਕ੍ਰਿਸ਼ਣ ਨੇ ਇਕੋ ਸ਼ਬਦ ਵਿਚ ਉੱਤਰ ਦਿਤਾ ਕਿ ਉਹ ਸਮੁੰਦਰ ਦੇ ਸਮਾਨ ਹੁੰਦੇ ਹਨ, ਉਹਨਾਂ ਦੇ ਲਈ ਵਿਧੀ-ਨਿਸ਼ੇਧ ਨਹੀਂ ਹੁੰਦਾ ਕਿ ਇਸ ਤਰ੍ਹਾਂ ਚਲੇ ਜਾਂ ਇਸ ਤਰ੍ਹਾਂ ਬੈਠੇ। ਉਹ ਹੀ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ; ਕਿਉਂਕਿ ਉਹ ਸੰਜਮੀ ਹਨ। ਭੋਗਾਂ ਦੀ ਕਾਮਨਾ ਵਾਲਾ ਸ਼ਾਂਤੀ ਨਹੀਂ ਪਾਉਂਦਾ। ਇਸੇ ਉਤੇ ਫੇਰ ਜ਼ੋਰ ਦੇਂਦੇ ਹਨ

**विहाय कामान्यः सर्वान् पुमांश्चरति निःस्पृहः ।**
**निर्ममो निरहङ्कारः स शान्तिमधिगच्छति ।।७१।।**

ਜੋ ਪੁਰਸ਼ ਸਾਰੀਆਂ ਕਾਮਨਾਵਾਂ ਨੂੰ ਤਿਆਗਕੇ '**निर्ममः**' ਮੈਂ ਅਤੇ ਮੇਰੇ ਦੇ ਭਾਵ ਅਤੇ ਅਹੰਕਾਰ ਤੇ ਤ੍ਰਿਸ਼ਨਾ ਤੋਂ ਰਹਿਤ ਹੋਇਆ ਰਹਿੰਦਾ ਹੈ, ਉਹ ਉਸ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ, ਜਿਸਦੇ ਬਾਅਦ ਕੁਝ ਵੀ ਪ੍ਰਾਪਤ ਕਰਨਾ ਬਾਕੀ ਨਹੀਂ ਰਹਿੰਦਾ।

**एषा ब्राह्म स्थितिः पार्थ नैनां प्राप्य विमुह्यति ।**
**स्थित्वास्यामन्त-कालेऽपि ब्रह्मनिर्वाणमृच्छति ।।७२।।**

ਪਾਰਥ! ਉਪਰੋਕਤ ਸਥਿਤੀ ਬ੍ਰਹਮ ਨੂੰ ਪ੍ਰਾਪਤ ਹੋਏ ਪੁਰਸ਼ ਦੀ ਸਥਿਤੀ ਹੈ। ਸਮੁੰਦਰ ਸਮਾਨ ਉਹਨਾਂ ਮਹਾਪੁਰਸ਼ਾਂ ਵਿਚ ਵਿਸ਼ੇ ਨਦੀਆਂ ਵਾਂਗ ਸਮਾ ਜਾਂਦੇ ਹਨ, ਉਹ ਪੂਰਣ ਸੰਜਮੀ ਅਤੇ ਪ੍ਰਤੱਖ ਰੂਪ ਵਿਚ ਪਰਮਾਤਮਾ ਦਰਸ਼ੀ ਹਨ। '**अहं ब्रह्मास्मि**' ਪੜ੍ਹ ਲੈਣ ਨਾਲ ਜਾਂ ਰਟ ਲੈਣ ਨਾਲ ਇਹ ਸਥਿਤੀ ਨਹੀਂ ਮਿਲਦੀ। ਸਾਧਨਾ ਕਰਕੇ ਹੀ ਇਸ ਬ੍ਰਹਮ ਦੀ ਸਥਿਤੀ ਨੂੰ ਪਾਇਆ ਜਾ ਸਕਦਾ ਹੈ। ਐਸਾ ਮਹਾਪੁਰਸ਼ ਬ੍ਰਹਮਨਿਸ਼ਠਾ ਵਿਚ ਸਥਿਤ ਰਹਿੰਦੇ ਹੋਏ ਸਰੀਰ ਦੇ ਅੰਤਕਾਲ ਨੂੰ ਵੀ ਬ੍ਰਹਮਾਨੰਦ ਨੂੰ ਹੀ ਪ੍ਰਾਪਤ ਹੁੰਦਾ ਹੈ।

**ਸਾਰ** :

ਅਕਸਰ ਕੁਝ ਲੋਕੀਂ ਕਹਿੰਦੇ ਹਨ ਕਿ ਦੂਜੇ ਅਧਿਆਇ ਵਿਚ ਗੀਤਾ ਪੂਰੀ ਹੋ ਗਈ, ਪਰ ਜੇ ਕੇਵਲ ਕਰਮ ਦਾ ਨਾਮ ਮਾਤਰ ਲੈਣ ਨਾਲ ਕਰਮ ਪੂਰਾ ਹੋ ਜਾਂਦਾ ਹੋਵੇ, ਤਦ ਤਾਂ ਗੀਤਾ ਦੀ ਸਮਾਪਤੀ ਮੰਨੀ ਜਾ ਸਕਦੀ ਹੈ। ਇਸ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਹੋ ਦਸਿਆ ਕਿ - ਅਰਜੁਨ! ਨਿਸ਼ਕਾਮ ਕਰਮਯੋਗ ਦੇ ਬਾਰੇ ਵਿਚ ਸੁਣ, ਜਿਸਨੂੰ ਜਾਣਕੇ ਤੂੰ ਸੰਸਾਰ-ਬੰਧਨ ਤੋਂ ਛੁੱਟ ਜਾਏਂਗਾ। ਕਰਮ ਕਰਨ ਵਿਚ ਤੇਰਾ ਅਧਿਕਾਰ ਹੈ, ਫਲ ਵਿਚ ਕਦੇ ਨਹੀਂ। ਕਰਮ ਕਰਨ ਵਿਚ ਤੇਰੀ ਅਸ਼ਰਧਾ ਵੀ ਨਾ ਹੋਵੇ। ਨਿਰੰਤਰ ਕਰਨ ਦੇ ਲਈ ਤਤਪਰ ਹੋ ਜਾ। ਇਸਦੇ ਪਰਿਣਾਮ ਵਿਚ ਤੂੰ '**परं दृष्ट्वा**' ਪਰਮਪੁਰਸ਼ ਦਾ ਦਰਸ਼ਨ ਕਰਕੇ ਸਥਿਤਪ੍ਰਗਿਅ ਬਣੇਗਾ, ਪਰਮਸ਼ਾਂਤੀ ਪਾਏਂਗਾ; ਪਰ ਇਹ ਨਹੀਂ ਦਸਿਆ ਕਿ 'ਕਰਮ ਹੈ ਕੀ ?'

ਇਹ 'ਸਾਂਖਿਅ ਯੋਗ' ਨਾਮਕ ਅਧਿਆਇ ਨਹੀਂ ਹੈ। ਇਹ ਨਾਮ ਸ਼ਾਸਤ੍ਰਕਾਰ ਦਾ ਨਹੀਂ,

ਸਗੋਂ ਟੀਕਾਕਾਰਾਂ ਰਾਹੀਂ ਦਿਤਾ ਨਾਮ ਹੈ। ਉਹ ਆਪਣੀ ਬੁੱਧੀ ਦੇ ਅਨੁਸਾਰ ਹੀ ਗ੍ਰਹਿਣ ਕਰਦੇ ਹਨ ਤਾਂ ਹੈਰਾਨੀ ਕੀ ਹੈ?

ਇਸ ਅਧਿਆਇ ਵਿਚ ਕਰਮ ਦੀ ਸ਼੍ਰੇਸ਼ਠਤਾ, ਇਸਨੂੰ ਕਰਨ ਵਿਚ ਵਰਤੀ ਜਾਣ ਵਾਲੀ ਸਾਵਧਾਨੀ ਅਤੇ ਸਥਿਤਪ੍ਰਗਿਅ ਦੇ ਲੱਛਣ ਦਸਕੇ ਸ਼੍ਰੀ ਕ੍ਰਿਸ਼ਣ ਨੇ ਅਰਜੁਨ ਦੇ ਮਨ ਵਿਚ ਕਰਮ ਦੇ ਪ੍ਰਤਿ ਉਤਕੰਠਾ ਜਾਗ੍ਰਿਤ ਕੀਤੀ ਹੈ, ਉਸਨੂੰ ਕੁਝ ਪ੍ਰਸ਼ਨ ਦਿਤੇ ਹਨ। ਆਤਮਾ ਸ਼ਾਸ਼ਵਤ ਹੈ, ਸਨਾਤਨ ਹੈ, ਉਸ ਨੂੰ ਜਾਣ ਕੇ ਤੱਤਦਰਸ਼ੀ ਬਣੋ। ਇਸਦੀ ਪ੍ਰਾਪਤੀ ਦੇ ਦੋ ਸਾਧਨ ਹਨ 'ਗਿਆਨਯੋਗ ਅਤੇ ਨਿਸ਼ਕਾਮ ਕਰਮਯੋਗ।'

ਅਪਣੀ ਸ਼ਕਤੀ ਨੂੰ ਸਮਝਕੇ, ਹਾਨੀ-ਲਾਭ ਦਾ ਆਪ ਨਿਰਣਾ ਲੈਕੇ ਕਰਮ ਵਿਚ ਪ੍ਰਵਿਰਤ ਹੋਣਾ ਗਿਆਨਮਾਰਗ ਹੈ ਅਤੇ ਇਸ਼ਟ ਉਤੇ ਨਿਰਭਰ ਹੋਕੇ ਸਮਰਪਣ ਦੇ ਨਾਲ ਉਸੇ ਕਰਮ ਵਿਚ ਪ੍ਰਵਿਰਤ ਹੋਣਾ ਨਿਸ਼ਕਾਮ ਕਰਮਮਾਰਗ ਜਾਂ ਭਗਤੀਮਾਰਗ ਹੈ। ਗੋਸੁਵਾਮੀ ਤੁਲਸੀਦਾਸ ਨੇ ਦੋਨਾਂ ਦਾ ਚਿਤ੍ਰਣ ਇਸ ਤਰ੍ਹਾਂ ਕੀਤਾ ਹੈ:

**मोरे प्रौढ़ तनय सम ग्यानी। बालक सुत सम दास अमानी।।**
**जनहि मोर बल निज बल ताही। दुहु कहँ काम-क्रोध रिपु आही।।**
**(रामचरित मानस ३/४२/८-९)**

ਮੇਰੇ ਦੋ ਤਰ੍ਹਾਂ ਦੇ ਜਪਣ ਵਾਲੇ ਹਨ ਇਕ ਗਿਆਨਮਾਰਗੀ, ਦੂਜੇ ਭਗਤੀਮਾਰਗੀ। ਨਿਸ਼ਕਾਮ ਕਰਮਮਾਰਗੀ ਜਾਂ ਭਗਤੀਮਾਰਗੀ ਸ਼ਰਨਾਗਤ ਹੋਕੇ, ਮੇਰਾ ਆਸਰਾ ਲੈਕੇ ਚਲਦਾ ਹੈ, ਗਿਆਨਯੋਗੀ ਆਪਣੀ ਸ਼ਕਤੀ ਸਾਮ੍ਹਣੇ ਰੱਖਕੇ, ਤੁਹਾਡੀ ਹਾਨੀ-ਲਾਭ ਦਾ ਵਿਚਾਰ ਕਰਕੇ ਆਪਣੇ ਭਰੋਸੇ ਚਲਦਾ ਹੈ, ਜਦਕਿ ਦੋਨਾਂ ਦੇ ਸ਼ਤਰੂ ਇਕੋ ਹਨ। ਗਿਆਨਮਾਰਗੀ ਨੂੰ ਕਾਮ-ਕ੍ਰੋਧ ਆਦਿ ਸ਼ਤਰੂਆਂ ਤੇ ਜਿੱਤ ਪਾਉਣੀ ਹੈ ਅਤੇ ਨਿਸ਼ਕਾਮ ਕਰਮਯੋਗੀ ਨੂੰ ਵੀ ਇਹਨਾਂ ਨਾਲ ਹੀ ਯੁੱਧ ਕਰਨਾ ਹੈ। ਕਾਮਨਾਵਾਂ ਦਾ ਤਿਆਗ ਦੋਵੇਂ ਕਰਦੇ ਹਨ ਅਤੇ ਦੋਵੇਂ ਮਾਰਗਾਂ ਵਿਚ ਕੀਤਾ ਜਾਣ ਵਾਲਾ ਕਰਮ ਵੀ ਇਕੋ ਹੈ। ''ਇਸ ਕਰਮ ਦੇ ਪਰਿਣਾਮ ਵਿਚ ਪਰਮ ਸ਼ਾਂਤੀ ਨੂੰ ਪ੍ਰਾਪਤ ਹੋ ਜਾਉਗੇ।'' ਪਰ ਇਹ ਨਹੀਂ ਦਸਿਆ ਕਿ ਕਰਮ ਹੈ ਕੀ? ਹੁਣ ਤੁਹਾਡੇ ਵੀ ਸਾਮ੍ਹਣੇ 'ਕਰਮ' ਇਕ ਪ੍ਰਸ਼ਨ ਹੈ। ਅਰਜੁਨ ਦੇ ਮਨ ਵਿਚ ਵੀ ਕਰਮ ਦੇ ਪ੍ਰਤਿ ਜਿਗਿਆਸਾ ਹੋਈ। ਤੀਜੇ ਅਧਿਆਇ ਦੇ ਆਰੰਭ ਵਿਚ ਹੀ ਉਸਨੇ ਕਰਮ ਸੰਬੰਧੀ ਪ੍ਰਸ਼ਨ ਪੇਸ਼ ਕੀਤਾ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'कर्मजिज्ञासा' नाम द्वितीयोऽध्याय: ।।२।।**

ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਅਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਕਰਮ-ਜਿਗਿਆਸਾ' ਨਾਮਕ ਦੂਜਾ ਅਧਿਆਇ ਪੂਰਾ ਹੋਇਆ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'कर्मजिज्ञासा' नाम द्वितीयोऽध्याय: ।।२।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਤੀਜਾ ਅਧਿਆਇ

ਅਧਿਆਇ ਦੋ ਵਿਚ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਇਹ ਬੁੱਧੀ ਤੇਰੇ ਲਈ ਗਿਆਨ ਮਾਰਗ ਦੇ ਬਾਰੇ ਵਿਚ ਕਹੀ ਗਈ। ਕਿਹੜੀ ਬੁੱਧੀ ? ਇਹੋ ਕਿ ਯੁੱਧ ਕਰ। ਜਿੱਤੋਗੇ ਤਾਂ ਮਹਾਮਹਿਮ ਦੀ ਸਥਿਤੀ ਪ੍ਰਾਪਤ ਕਰ ਲਉਗੇ ਅਤੇ ਹਾਰੋਗੇ ਤਾਂ ਦੇਵੱਤਵ ਹੈ। ਜਿਤ ਵਿਚ ਸਭ ਕੁਝ ਹੈ, ਅਤੇ ਹਾਰ ਵਿਚ ਵੀ ਦੇਵੱਤਵ ਹੈ, ਕੁਝ ਮਿਲਦਾ ਹੀ ਹੈ। ਇਸ ਲਈ ਇਸ ਦ੍ਰਿਸ਼ਟੀ ਨਾਲ ਲਾਭ ਅਤੇ ਹਾਨੀ ਦੋਨਾਂ ਵਿਚ ਕੁਝ ਨਾ ਕੁਝ ਮਿਲਦਾ ਹੀ ਹੈ। ਜ਼ਰਾ ਵੀ ਨੁਕਸਾਨ ਨਹੀਂ। ਫੇਰ ਕਿਹਾ, ਹੁਣ ਇਸੇ ਨੂੰ ਤੂੰ ਨਿਸ਼ਕਾਮ ਕਰਮਯੋਗ ਦੇ ਬਾਰੇ ਵਿਚ ਸੁਣ, ਜਿਸ ਬੁੱਧੀ ਨਾਲ ਮੁਕਤ ਹੋਕੇ ਤੂੰ ਕਰਮਾਂ ਦੇ ਬੰਧਨ ਤੋਂ ਭਲੀ ਪ੍ਰਕਾਰ ਛੁੱਟ ਜਾਏਂਗਾ। ਫੇਰ ਉਸ ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਇਆ। ਕਰਮ ਕਰਦੇ ਸਮੇਂ ਜ਼ਰੂਰੀ ਸਾਵਧਾਨੀਆਂ ਉਤੇ ਜ਼ੋਰ ਦਿਤਾ ਕਿ ਫਲ ਦੀ ਵਾਸਨਾ ਵਾਲਾ ਨਾ ਹੋ, ਕਾਮਨਾਵਾਂ ਤੋਂ ਰਹਿਤ ਹੋਕੇ ਕਰਮ ਵਿਚ ਪ੍ਰਵਿਰਤ ਹੋ ਅਤੇ ਕਰਮ ਕਰਨ ਵਿਚ ਤੇਰੀ ਅਸ਼ਰਧਾ ਵੀ ਨਾ ਹੋਵੇ, ਜਿਸ ਨਾਲ ਤੂੰ ਕਰਮ ਬੰਧਨ ਤੋਂ ਮੁਕਤ ਹੋ ਜਾਏਂਗਾ। ਮੁਕਤ ਤਾਂ ਹੋ ਜਾਏਂਗਾ, ਪਰ ਰਾਹ ਵਿਚ ਹੋਣ ਵਾਲੀ ਆਪਣੀ ਸਥਿਤੀ ਤੈਨੂੰ ਨਜ਼ਰ ਨਹੀਂ ਆਈ ਹੋਵੇਗੀ।

ਇਸ ਲਈ ਅਰਜੁਨ ਨੂੰ ਨਿਸ਼ਕਾਮ ਕਰਮਯੋਗ ਦੀ ਤੁਲਨਾ ਵਿਚ ਗਿਆਨ ਮਾਰਗ ਸਰਲ ਅਤੇ ਪ੍ਰਾਪਤੀ ਵਾਲਾ ਪ੍ਰਤੀਤ ਹੋਇਆ। ਉਸਨੇ ਪ੍ਰਸ਼ਨ ਕੀਤਾ ਜਨਾਰਦਨ! ਨਿਸ਼ਕਾਮ ਕਰਮ ਦੇ ਬਜਾਇ ਗਿਆਨ ਮਾਰਗ ਤੁਹਾਡੀ ਦ੍ਰਿਸ਼ਟੀ ਵਿਚ ਸ਼੍ਰੇਸ਼ਠ ਹੈ, ਤਾਂ ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ? ਪ੍ਰਸ਼ਨ ਸੁਭਾਵਕ ਸੀ। ਮੰਨ ਲਉ ਕਿ ਇੱਕੋ ਥਾਂ ਜਾਣ ਵਾਲੇ ਦੋ ਰਸਤੇ ਹਨ। ਜੇ ਤੁਹਾਨੂੰ ਸੱਚਮੁੱਚ ਜਾਣਾ ਹੈ ਤਾਂ ਤੁਸੀਂ ਜ਼ਰੂਰ ਪੁੱਛੋਗੇ ਕਿ ਆਸਾਨ ਰਾਹ ਕਿਹੜਾ ਹੈ? ਜੇ ਨਹੀਂ ਪੁੱਛਦੇ ਤਾਂ ਤੁਸੀਂ ਰਾਹੀਂ ਨਹੀਂ ਹੋ। ਠੀਕ ਇਸੇ ਤਰ੍ਹਾਂ ਅਰਜੁਨ ਨੇ ਵੀ ਪੁੱਛਿਆ –

**ਅਰਜੁਨ ਉਵਾਚ**

**ज्यायसी चेत्कर्मणस्ते मता बुद्धिर्जनार्दन।**
**तत्किं कर्मणि घोरे मां नियोजयसि केशव।।१।।**

ਜਨ–ਜਨ ਉਤੇ ਦਇਆ ਕਰਨ ਵਾਲੇ ਜਨਾਰਦਨ! ਜੇ ਨਿਸ਼ਕਾਮ ਕਰਮਯੋਗ ਦੇ ਬਜਾਇ ਗਿਆਨਯੋਗ ਤੁਹਾਨੂੰ ਸ਼੍ਰੇਸ਼ਠ ਲਗਿਆ ਹੈ, ਤਾਂ ਹੇ ਕੇਸ਼ਵ! ਤੁਸੀਂ ਮੈਨੂੰ ਭਿਅੰਕਰ ਕਰਮਯੋਗ ਵਿਚ ਕਿਉਂ ਲਗਾਉਂਦੇ ਹੋ? ਨਿਸ਼ਕਾਮ ਕਰਮਯੋਗ ਵਿਚ ਅਰਜੁਨ ਨੂੰ ਭਿਅੰਕਰਤਾ ਨਜ਼ਰ ਆਈ; ਕਿਉਂਕਿ ਇਸ ਵਿਚ ਕਰਮ ਕਰਨ ਦਾ ਹੀ ਤੁਹਾਡਾ ਅਧਿਕਾਰ ਹੈ, ਫਲ ਵਿਚ ਕਦੇ ਨਹੀਂ। ਕਰਮ ਕਰਨ ਵਿਚ ਅਸ਼ਰਧਾ ਵੀ ਨਾ ਹੋਵੇ ਅਤੇ ਨਿਰੰਤਰ ਸਮਰਪਣ ਦੇ ਨਾਲ, ਯੋਗ ਉਤੇ ਨਜ਼ਰ ਰੱਖਦੇ ਹੋਏ ਕਰਮ ਵਿਚ ਲਗੇ ਰਹਿਣਾ ਹੈ।

ਜਦਕਿ ਗਿਆਨ ਮਾਰਗ ਵਿਚ ਹਾਰੋਗੇ ਤਾਂ ਦੇਵੱਤਵ ਹੈ, ਜਿੱਤਣ ਤੇ ਮਹਾਮਹਿਮ ਸਥਿਤੀ ਹੈ। ਆਪਣੀ ਲਾਭ–ਹਾਨੀ ਆਪ ਦੇਖਦੇ ਹੋਏ ਅੱਗੇ ਵੱਧਣਾ ਹੈ। ਇਸ ਤਰ੍ਹਾਂ ਅਰਜੁਨ ਨੂੰ ਨਿਸ਼ਕਾਮ ਕਰਮਯੋਗ ਦੇ ਬਜਾਇ ਗਿਆਨ ਮਾਰਗ ਬੜਾ ਆਸਾਨ ਲੱਗਿਆ। ਇਸ ਲਈ ਉਸਨੇ ਬੇਨਤੀ ਕੀਤੀ–

**व्यामिश्रेणेव वाक्येन बुद्धिं मोहयसीव मे ।**
**तदेकं वद निश्चित्य येन श्रेयोऽहमाप्नुयाम् ।।२ ।।**

ਤੁਸੀਂ ਇਸ ਤਰ੍ਹਾਂ ਮਿਲੇਜੁਲੇ ਵਚਨਾਂ ਨਾਲ ਮੇਰੀ ਬੁੱਧੀ ਨੂੰ ਜਿਵੇਂ ਮੋਹਿਤ ਕਰਦੇ ਹੋ। ਤੁਸੀਂ ਤਾਂ ਮੇਰੀ ਬੁੱਧੀ ਦਾ ਮੋਹ ਦੂਰ ਕਰਨ ਵਾਲੇ ਹੋ। ਇਸ ਲਈ ਇਕ ਨਿਸਚਾ ਕਰਕੇ ਪੱਕੀ ਤਰ੍ਹਾਂ ਦਸੋ, ਜਿਸ ਨਾਲ ਮੈਂ 'ਸ਼੍ਰੇਸ਼ਠਤਾ'– ਪਰਮ ਕਲਿਆਨ ਮੋਖਸ਼ ਨੂੰ ਪ੍ਰਾਪਤ ਹੋ ਜਾਵਾਂ। ਇਸਤੇ ਸ਼੍ਰੀ ਕ੍ਰਿਸ਼ਣ ਨੇ ਕਿਹਾ –

**ਸ਼੍ਰੀਭਗਵਾਨ ਉਵਾਚ**

**लोकेऽस्मिन्द्विविधा निष्ठा पुरा प्रोक्ता मयानघ ।**
**ज्ञानयोगेन सांख्यानां कर्मयोगेन योगिनाम् ।।३ ।।**

ਪਾਪਰਹਿਤ ਅਰਜੁਨ! ਇਸ ਸੰਸਾਰ ਵਿਚ ਸੱਚ ਦੀ ਖੋਜ ਲਈ ਦੋ ਧਾਰਾਵਾਂ ਮੇਰੇ ਦੁਆਰਾ ਪਹਿਲੇ ਦਸੀਆਂ ਗਈਆਂ ਹਨ। ਪਹਿਲੇ ਤੋਂ ਮਤਲਬ ਸਤਿਯੁਗ ਜਾਂ ਤ੍ਰੇਤਾ ਨਹੀਂ, ਸਗੋਂ ਹੁਣੇ, ਇਸੇ ਸਮੇਂ ਵਿਚ ਜਿਸਨੂੰ ਦੂਜੇ ਅਧਿਆਇ ਵਿਚ ਕਹਿ ਆਏ ਹਾਂ। ਗਿਆਨੀਆਂ ਦੇ ਲਈ ਗਿਆਨ ਮਾਰਗ ਅਤੇ ਯੋਗੀਆਂ ਦੇ ਲਈ ਨਿਸ਼ਕਾਮ ਕਰਮ ਮਾਰਗ ਦਸਿਆ ਗਿਆ। ਦੋਨਾਂ ਹੀ ਮਾਰਗਾਂ ਦੇ ਅਨੁਸਾਰ ਕਰਮ ਤਾਂ ਕਰਨਾ ਹੀ ਪਏਗਾ। 'ਕਰਮ' ਜ਼ਰੂਰੀ ਹੈ।

**न कर्मणामनारम्भान्नैष्कर्म्यं पुरुषोऽश्नुते ।**
**न च संन्यसनादेव सिद्धिं समधिगच्छति ।।४ ।।**

ਅਰਜੁਨ! ਨਾ ਤਾਂ ਕਰਮਾਂ ਨੂੰ ਆਰੰਭ ਨਾ ਕਰਨ ਨਾਲ ਮਨੁੱਖ ਨਿਸ਼ਕਰਮਤਾ ਦੀ ਅੰਤਿਮ ਸਥਿਤੀ ਨੂੰ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਆਰੰਭ ਕੀਤੀ ਹੋਈ ਕ੍ਰਿਆ ਨੂੰ ਤਿਆਗਣ ਮਾਤਰ ਨਾਲ ਭਗਵੱਤ ਪ੍ਰਾਪਤੀ ਰੂਪੀ ਪਰਮ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ। ਹੁਣ ਤੈਨੂੰ ਗਿਆਨ ਮਾਰਗ ਚੰਗਾ ਲਗੇ ਜਾਂ ਨਿਸ਼ਕਾਮ ਕਰਮ ਮਾਰਗ, ਦੋਨਾਂ ਵਿਚ ਕਰਮ ਤਾਂ ਕਰਨਾ ਹੀ ਪਏਗਾ।

ਅਕਸਰ ਇਸ ਥਾਂ ਤੇ ਲੋਕੀਂ ਭਗਵੱਤਮਾਰਗ ਵਿਚ ਛੋਟਾ ਰਸਤਾ ਅਤੇ ਬਚਾਅ ਲੱਭਣ ਲਗਦੇ ਹਨ। '' ਕਰਮ ਸ਼ੁਰੂ ਹੀ ਨਾ ਕਰੀਏ, ਹੋ ਗਏ ਨਿਸ਼ਕਰਮੀ'' ਕਿਧਰੇ ਇਹ ਭਰਮ ਨਾ ਹੋ ਜਾਏ। ਇਸ ਲਈ ਸ਼੍ਰੀ ਕ੍ਰਿਸ਼ਣ ਜ਼ੋਰ ਦੇਂਦੇ ਹਨ ਕਿ ਕਰਮਾਂ ਨੂੰ ਆਰੰਭ ਨਾ ਕਰਨ ਨਾਲ ਕੋਈ ਨਿਸ਼ਕਰਮ–ਭਾਵ

ਨੂੰ ਪ੍ਰਾਪਤ ਨਹੀਂ ਹੁੰਦਾ। ਸ਼ੁਭ-ਅਸ਼ੁਭ ਕਰਮਾਂ ਦਾ ਜਿੱਥੇ ਅੰਤ ਹੈ, ਪਰਮ ਨਿਸ਼ਕਰਮਤਾ ਦੀ ਉਸ ਸਥਿਤੀ ਨੂੰ ਕਰਮ ਕਰਕੇ ਹੀ ਪਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਲੋਕੀਂ ਕਹਿੰਦੇ ਹਨ, ''ਅਸੀਂ ਤਾਂ ਗਿਆਨ ਮਾਰਗੀ ਹਾਂ, ਗਿਆਨ ਮਾਰਗ ਵਿਚ ਕਰਮ ਹੈ ਹੀ ਨਹੀਂ।'' ਇਹ ਮੰਨਕੇ ਕਰਮਾਂ ਨੂੰ ਤਿਆਗਣ ਵਾਲੇ ਗਿਆਨੀ ਨਹੀਂ ਹੁੰਦੇ। ਸ਼ੁਰੂ ਕੀਤੀ ਹੋਈ ਕ੍ਰਿਆ ਨੂੰ ਤਿਆਗਣ ਮਾਤਰ ਨਾਲ ਕੋਈ ਈਸ਼ਵਰ-ਪ੍ਰਤੱਖ ਦਰਸ਼ਨ ਰੂਪੀ ਪਰਮ ਸਿੱਧੀ ਨੂੰ ਪ੍ਰਾਪਤ ਨਹੀਂ ਹੁੰਦਾ; ਕਿਉਂਕਿ

**न हि कश्चित्क्षणमपि जातु तिष्ठत्यकर्मकृत्।**
**कार्यते ह्यवश: कर्म सर्व: प्रकृतिजैर्गुणै: ।।५।।**

ਕੋਈ ਵੀ ਪੁਰਸ਼ ਕਿਸੇ ਕਾਲ ਵਿਚ ਪਲ ਭਰ ਲਈ ਵੀ ਕਰਮ ਕੀਤੇ ਬਿਨਾਂ ਨਹੀਂ ਰਹਿੰਦਾ, ਕਿਉਂਕਿ ਸਾਰੇ ਮਨੁੱਖ ਕੁਦਰਤੀ ਤੌਰ ਤੇ ਪੈਦਾ ਹੋਏ ਗੁਣਾਂ ਰਾਹੀਂ ਵਿਵੱਸ਼ ਹੋਕੇ ਕਰਮ ਕਰਦੇ ਹਨ। ਪ੍ਰਕ੍ਰਿਤੀ ਅਤੇ ਪ੍ਰਕ੍ਰਿਤੀ ਤੋਂ ਉਪਜੇ ਗੁਣ ਜਦ ਤਕ ਜ਼ਿੰਦਾ ਹਨ, ਤਦ ਤਕ ਕੋਈ ਵੀ ਮਨੁੱਖ ਕਰਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦਾ।

ਅਧਿਆਇ ਚਾਰ ਦੇ ਤੈਂਤੀਵੇਂ ਅਤੇ ਸੈਂਤੀਵੇਂ ਸ਼ਲੋਕ ਵਿਚ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਸਾਰੇ ਕਰਮ ਗਿਆਨ ਵਿਚ ਸਮਾਪਤ ਹੋ ਜਾਂਦੇ ਹਨ। ਗਿਆਨ ਰੂਪੀ ਅਗਨੀ ਸਾਰਿਆਂ ਕਰਮਾਂ ਨੂੰ ਭਸਮ ਕਰ ਦੇਂਦੀ ਹੈ। ਇੱਥੇ ਉਹ ਕਹਿੰਦੇ ਹਨ ਕਿ ਕਰਮ ਕੀਤੇ ਬਿਨਾਂ ਕੋਈ ਰਹਿੰਦਾ ਹੀ ਨਹੀਂ। ਆਖ਼ਿਰਕਾਰ ਉਹ ਮਹਾਪੁਰਸ਼ ਕਹਿਣਾ ਕੀ ਚਾਹੁੰਦੇ ਹਨ? ਉਹਨਾਂ ਦਾ ਮਤਲਬ ਇਹ ਹੈ ਕਿ ਯੱਗ ਕਰਦਿਆਂ-ਕਰਦਿਆਂ ਤਿੰਨਾਂ ਗੁਣਾਂ ਤੋਂ ਪਾਰ ਹੋਕੇ ਮਨ ਦੇ ਲੀਨ ਹੋਣ ਨਾਲ ਅਤੇ ਪ੍ਰਤੱਖ ਦਰਸ਼ਨ ਹੋਣ ਨਾਲ ਯੱਗ ਦਾ ਨਤੀਜਾ ਨਿਕਲ ਆਉਣ ਤੇ ਕਰਮ ਵੱਖ ਹੋ ਜਾਂਦੇ ਹਨ। ਉਸ ਨਿਰਧਾਰਿਤ ਕ੍ਰਿਆ ਦੀ ਪੂਰਣਤਾ ਤੋਂ ਪਹਿਲਾਂ ਕਰਮ ਮਿਟਦੇ ਨਹੀਂ, ਪ੍ਰਕ੍ਰਿਤੀ ਸ਼ਰੀਰ ਨਹੀਂ ਛੱਡਦੀ।

**कर्मेन्द्रियाणि संयम्य य आस्ते मनसा स्मरन्।**
**इन्द्रियार्थान्विमूढात्मा मिथ्याचार: स उच्यते।।६।।**

ਇਸਦੇ ਬਾਵਜੂਦ, ਖ਼ਾਸਕਰ ਮੂੜਮਤਿ ਲੋਕੀਂ, ਕਰਮ-ਇੰਦ੍ਰੀਆਂ ਨੂੰ ਹੱਠ ਨਾਲ ਰੋਕਕੇ, ਇੰਦ੍ਰੀਆਂ ਦੇ ਭੋਗਾਂ ਨੂੰ ਮਨ ਵਿਚ ਵਿਚਾਰਦੇ ਰਹਿੰਦੇ ਹਨ, ਉਹ ਸਭ ਮਿਥਿਆਚਾਰੀ ਹਨ, ਪਾਖੰਡੀ ਹਨ, ਗਿਆਨੀ ਨਹੀਂ। ਸਿੱਧ ਹੈ ਕਿ ਕ੍ਰਿਸ਼ਣ-ਕਾਲ ਵਿਚ ਵੀ ਐਸੀਆਂ ਰੂੜ੍ਹੀਆਂ ਸਨ। ਲੋਕੀਂ ਕਰਨ ਯੋਗ ਕ੍ਰਿਆ ਨੂੰ ਛੱਡਕੇ ਇੰਦ੍ਰੀਆਂ ਨੂੰ ਹੱਠ ਨਾਲ ਰੋਕਕੇ ਬੈਠ ਜਾਂਦੇ ਸਨ ਅਤੇ ਕਹਿਣ ਲਗਦੇ ਸਨ ਕਿ 'ਮੈਂ ਗਿਆਨੀ ਹਾਂ', 'ਪੂਰਣ ਹਾਂ'। ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਉਹ ਮਕਾਰ ਹਨ। ਗਿਆਨ ਮਾਰਗ ਚੰਗਾਂ ਲਗੇ ਜਾਂ ਨਿਸ਼ਕਾਮ ਕਰਮਯੋਗ, ਦੋਨਾਂ ਹੀ ਮਾਰਗਾਂ ਵਿਚ ਕਰਮ ਤਾਂ ਕਰਨਾ ਹੀ ਪਏਗਾ।

**यस्त्विन्द्रियाणि मनसा नियम्यारभतेऽर्जुन।**
**कर्मेन्द्रियै: कर्मयोगमसक्त: स विशिष्यते।।७।।**

ਅਰਜੁਨ! ਜੋ ਮਨੁੱਖ ਮਨ ਨਾਲ ਇੰਦ੍ਰੀਆਂ ਨੂੰ ਵੱਸ਼ ਵਿਚ ਕਰਕੇ, ਮਨ ਨੂੰ ਵੀ ਵਾਸਨਾਵਾਂ ਤੋਂ ਰਹਿਤ ਕਰਕੇ, ਪੂਰਣ ਅਨਾਸਕਤ ਹੋਕੇ ਕਰਮ-ਇੰਦ੍ਰੀਆਂ ਨਾਲ ਕਰਮਯੋਗ ਕਰਦਾ ਹੈ, ਉਹ ਸ਼੍ਰੇਸ਼ਠ ਹੈ। ਠੀਕ ਹੈ, ਸਮਝ ਲਿਆ ਕਿ ਕਰਮ ਦਾ ਆਚਰਣ ਕਰੀਏ, ਪਰ ਪ੍ਰਸ਼ਨ ਇਹ ਉਠਦਾ ਹੈ ਕਿ ਕਿਹੜਾ ਕਰਮ ਕਰੀਏ ? ਇਸਤੇ ਉਹ ਕਹਿੰਦੇ ਹਨ -

**नियतं कुरु कर्म त्वं कर्म ज्यायो ह्यकर्मण: ।**
**शरीरयात्रापि च ते न प्रसिद्ध्येदकर्मण: ।।८।।**

ਅਰਜੁਨ! ਤੂੰ ਨਿਰਧਾਰਿਤ ਕੀਤੇ ਹੋਏ ਕਰਮ ਨੂੰ ਕਰ। ਅਰਥਾਤ ਕਰਮ ਤਾਂ ਬਹੁਤ ਸਾਰੇ ਹਨ, ਉਹਨਾਂ ਵਿਚੋਂ ਜੋ ਚੁਣ ਲਿਆ ਹੈ, ਉਸੇ ਨਰਧਾਰਿਤ ਕਰਮ ਨੂੰ ਕਰ। ਕਰਮ ਨਾ ਕਰਨ ਦੇ ਬਜਾਇ ਕਰਮ ਕਰਨਾ ਹੀ ਸ਼੍ਰੇਸ਼ਠ ਹੈ; ਇਸ ਲਈ ਕਿ ਜੇ ਕਰਦੇ ਰਹੋਗੇ, ਥੋੜ੍ਹੀ ਵੀ ਦੂਰੀ ਤੈ ਕਰ ਲਉਗੇ, ਤਾਂ ਜਿਵੇਂ ਪਹਿਲਾਂ ਦਸ ਆਏ ਹਾਂ ਕਰਮ ਜਨਮ-ਮਰਨ ਦੇ ਮਹਾ ਭੈ ਤੋਂ ਉੱਧਾਰ ਕਰਨ ਵਾਲਾ ਹੈ, ਇਸ ਲਈ ਸ਼੍ਰੇਸ਼ਠ ਹੈ। ਕਰਮ ਨਾ ਕਰਨ ਨਾਲ ਤੇਰੀ ਸਰੀਰ-ਯਾਤ੍ਰਾ ਵੀ ਸਿੱਧ ਨਹੀਂ ਹੋਵੇਗੀ। ਸਰੀਰ-ਯਾਤ੍ਰਾ ਦਾ ਅਰਥ ਲੋਕੀਂ ਕਹਿੰਦੇ ਹਨ – 'ਸਰੀਰ-ਨਿਰਬਾਹ'। ਕਿਹਾ ਸਰੀਰ-ਨਿਰਬਾਹ? ਕੀ ਤੁਸੀਂ ਸਰੀਰ ਹੋ? ਇਹ ਮਨੁੱਖ ਜਨਮ-ਜਨਮਾਂਤਰਾਂ ਤੋਂ, ਯੁਗਾਂ-ਯੁਗਾਂਤਰਾਂ ਤੋਂ ਸਰੀਰ ਦੀ ਯਾਤ੍ਰਾ ਹੀ ਤਾਂ ਕਰਦਾ ਆ ਰਿਹਾ ਹੈ। ਜਿਉਂ ਹੀ ਵਸਤਰ ਘੱਸ ਗਿਆ, ਤਾਂ ਦੂਜਾ-ਤੀਜਾ ਵਸਤਰ ਧਾਰਣ ਕਰ ਲਿਆ, ਇਸੇ ਤਰ੍ਹਾਂ ਕੀਟ-ਪਤੰਗ ਤੋਂ ਮਨੁੱਖ ਤਕ, ਬ੍ਰਹਮਾ ਤੋਂ ਲੈਕੇ ਯੋਨੀ-ਮਾਤਰ (ਜੂਨਾਂ ਵਾਲੇ) ਜਗਤ ਤਕ, ਸਭ ਪਰਿਵਰਤਨਸ਼ੀਲ ਹੈ। ਕਈ ਪ੍ਰਕਾਰ ਦੀਆਂ ਯੋਨੀਆਂ (ਜੂਨਾਂ) ਵਿਚ ਨਿਰੰਤਰ ਇਹ ਜੀਵ ਸਰੀਰਾਂ ਦੀ ਹੀ ਤਾਂ ਯਾਤ੍ਰਾ ਕਰ ਰਿਹਾ ਹੈ। 'ਕਰਮ' ਕੋਈ ਐਸੀ ਵਸਤੂ ਹੈ ਜੋ ਇਸ ਯਾਤ੍ਰਾ ਨੂੰ ਸਿੱਧ ਕਰ ਦੇਂਦੀ ਹੈ, ਪੂਰਣ ਕਰ ਦੇਂਦੀ ਹੈ। ਰਾਹੀ ਚਲ ਹੀ ਰਿਹਾ ਹੈ। ਯਾਤ੍ਰਾ ਪੂਰੀ ਤਦ ਹੁੰਦੀ ਹੈ ਜਦ 'ਮੰਜ਼ਿਲ' ਆ ਜਾਏ। ਪਰਮਾਤਮਾ ਵਿਚ ਸਥਿਤ ਹੋਣ ਦੇ ਬਾਅਦ ਇਸ ਆਤਮਾ ਨੂੰ ਸਰੀਰਾਂ ਦੀ ਯਾਤ੍ਰਾ ਨਹੀਂ ਕਰਨੀ ਪੈਂਦੀ, ਅਰਥਾਤ ਸਰੀਰ-ਤਿਆਗ ਅਤੇ ਸਰੀਰ-ਧਾਰਨ ਵਾਲਾ ਸਿਲਸਿਲਾ ਸਮਾਪਤ ਹੋ ਜਾਂਦਾ ਹੈ। ਇਸ ਲਈ ਕਰਮ ਕੋਈ ਐਸੀ ਵਸਤੂ ਹੈ ਕਿ ਜਿਸ ਨਾਲ ਇਸ ਮਨੁੱਖ ਨੂੰ ਬਾਰਬਾਰ ਸਰੀਰ-ਯਾਤ੍ਰਾ ਨਹੀਂ ਕਰਨੀ ਪੈਂਦੀ। **'मोक्ष्यसेऽशुभात्' (४/१६)** ਅਰਜੁਨ! ਇਸ ਕਰਮ ਨੂੰ ਕਰਕੇ ਤੂੰ ਸੰਸਾਰ-ਬੰਧਨ 'ਅਸ਼ੁਭ' ਤੋਂ ਛੁੱਟ ਜਾਏਂਗਾ। ਕਰਮ ਕੋਈ ਐਸੀ ਵਸਤੂ ਹੈ ਜੋ ਸੰਸਾਰ-ਬੰਧਨ ਤੋਂ ਮੁਕਤੀ ਦਿਵਾਉਂਦੀ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਉਹ ਨਿਰਧਾਰਿਤ ਕਰਮ ਕੀ ਹੈ? ਇਸ ਬਾਰੇ ਉਹ ਕਹਿੰਦੇ ਹਨ –

**यज्ञार्थात्कर्मणोऽन्यत्र लोकोऽयं कर्मबंधन: ।**
**तदर्थं कर्म कौन्तेय मुक्तसङ्ग: समाचर ।।९।।**

ਅਰਜੁਨ! ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਉਹ ਹਰਕਤ ਕਰਮ ਹੈ ਜਿਸ ਨਾਲ ਯੱਗ ਪੂਰਾ ਹੋਵੇ। ਸਿੱਧ ਹੈ ਕਿ ਕਰਮ ਇਕ ਨਿਰਧਾਰਿਤ ਪ੍ਰਕ੍ਰਿਆ ਹੈ। ਇਸ ਤੋਂ ਵੱਖ ਜੋ ਕਰਮ ਹੁੰਦੇ ਹਨ, ਕੀ ਉਹ ਕਰਮ ਨਹੀਂ ਹੁੰਦੇ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ – ਨਹੀਂ, ਉਹ ਕਰਮ ਨਹੀਂ ਹਨ। **'अन्यत्र लोकोऽयं कर्मबन्धन:'**– ਇਸ ਯੱਗ ਦੀ ਪ੍ਰਕ੍ਰਿਆ ਤੋਂ ਵੱਖ ਦੁਨੀਆਂ ਵਿਚ ਜੋ ਵੀ ਕੀਤਾ ਜਾਂਦਾ ਹੈ, ਸਾਰਾ ਜਗਤ ਜਿਸ ਵਿਚ ਦਿਨ-ਰਾਤ ਰੁਝਿਆ ਹੈ, ਉਹ ਇਸੇ ਲੋਕ ਦਾ ਇਕ ਬੰਧਨ ਹੈ, ਕਰਮ ਨਹੀਂ। ਕਰਮ ਤਾਂ **'मोक्ष्यसेऽशुभात्'**– ਅਸ਼ੁਭ ਅਰਥਾਤ ਸੰਸਾਰ-ਬੰਧਨ ਤੋਂ ਛੁਟਕਾਰਾ ਦਿਵਾਉਣ ਵਾਲਾ ਹੈ। ਕੇਵਲ ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਉਹ ਹਰਕਤ ਕਰਮ ਹੈ ਜਿਸ ਨਾਲ ਯੱਗ ਪੂਰਾ ਹੁੰਦਾ ਹੈ। ਇਸ ਲਈ ਅਰਜੁਨ! ਉਸ ਯੱਗ ਨੂੰ ਪੂਰਾ ਕਰਨ ਲਈ ਸੰਗ-ਦੋਸ਼ ਤੋਂ ਦੂਰ ਰਹਿਕੇ ਭਲੀ ਪ੍ਰਕਾਰ ਕਰਮ ਦਾ ਆਚਰਣ ਕਰ। ਸੰਗ-ਦੋਸ਼ ਤੋਂ ਦੂਰ ਹੋਏ ਬਿਨਾਂ ਇਹ ਕਰਮ ਹੁੰਦਾ ਹੀ ਨਹੀਂ।

ਹੁਣ ਅਸੀਂ ਸਮਝ ਗਏ ਕਿ 'ਯੁੱਧ ਦੀ ਪ੍ਰਕਿਆ ਹੀ ਕਰਮ' ਹੈ। ਪਰ ਇੱਥੇ ਇਕ ਨਵਾਂ ਪ੍ਰਸ਼ਨ ਪੈਦਾ ਹੋ ਗਿਆ ਕਿ ਉਹ ਯੱਗ ਕੀ ਹੈ ਜਿਸਨੂੰ ਕੀਤਾ ਜਾਏ? ਇਸ ਲਈ ਪਹਿਲਾਂ ਯੱਗ ਦੇ ਬਾਰੇ ਨਾ ਦਸਕੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਯੱਗ ਆਇਆ ਕਿਥੋਂ? ਇਹ ਦੇਂਦਾ ਕੀ ਹੈ? ਉਸ

ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਉਂਦੇ ਹੋਏ ਉਹਨਾਂ ਨੇ ਚੌਥੇ ਅਧਿਆਇ ਵਿਚ ਜਾਕੇ ਸਪੱਸ਼ਟ ਕੀਤਾ ਕਿ ਯੱਗ ਕੀ ਹੈ ਜਿਸਨੂੰ ਅਸੀਂ ਕਾਰਜਰੂਪ ਦੇਈਏ ਅਤੇ ਸਾਡੇ ਕੋਲੋਂ ਕਰਮ ਹੋਣ ਲਗੇ। ਯੋਗੇਵਸ਼ਰ ਸ਼੍ਰੀ ਕ੍ਰਿਸ਼ਣ ਦੀ ਸ਼ੈਲੀ ਤੋਂ ਸਪੱਸ਼ਟ ਹੈ ਕਿ ਜਿਸ ਵਸਤੂ ਦਾ ਚਿਤ੍ਰਣ ਕਰਨਾ ਹੈ, ਉਹ ਪਹਿਲਾਂ ਉਸ ਦੀਆਂ ਵਿਸ਼ੇਸ਼ਤਾਵਾਂ ਦਾ ਚਿਤ੍ਰਣ ਕਰਦੇ ਹਨ, ਜਿਸ ਨਾਲ ਸ਼ਰਧਾ ਜਾਗੇ। ਇਸ ਦੇ ਝੱਟ ਬਾਅਦ ਉਹ ਉਸ ਵਿਚ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਉਤੇ ਪ੍ਰਕਾਸ਼ ਪਾਉਂਦੇ ਹਨ ਅਤੇ ਅੰਤ ਵਿਚ ਮੁੱਖ ਸਿਧਾਂਤ ਸਾਮ੍ਹਣੇ ਰੱਖਦੇ ਹਨ।

ਚੇਤੇ ਰਹੇ ਕਿ ਇਥੇ ਸ਼੍ਰੀ ਕ੍ਰਿਸ਼ਣ ਨੇ ਕਰਮ ਦੇ ਦੂਜੇ ਅੰਗ ਉਤੇ ਪ੍ਰਕਾਸ਼ ਪਾਇਆ ਕਿ ਕਰਮ ਇਕ ਨਿਰਧਾਰਿਤ ਕ੍ਰਿਆ ਹੈ। ਜੋ ਕੁਝ ਕੀਤਾ ਜਾਂਦਾ ਹੈ ਉਹ ਸਭ ਕਰਮ ਨਹੀਂ ਹੈ।

ਅਧਿਆਇ ਦੋ ਵਿਚ ਪਹਿਲੀ ਵਾਰ ਕਰਮ ਦਾ ਨਾਮ ਲਿਆ, ਉਸ ਦੀਆਂ ਵਿਸ਼ੇਸ਼ਤਾਵਾਂ ਉਤੇ ਬਲ ਦਿਤਾ, ਉਸ ਵਿਚ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਉਤੇ ਪ੍ਰਕਾਸ਼ ਪਾਇਆ; ਪਰ ਇਹ ਨਹੀਂ ਦਸਿਆ ਕਿ ਕਰਮ ਕੀ ਹੈ? ਪ੍ਰਕ੍ਰਿਤੀ ਦੇ ਅਧੀਨ ਹੋਕੇ ਮਨੁੱਖ ਕਰਮ ਕਰਦਾ ਹੈ। ਇਸਦੇ ਬਾਵਜੂਦ ਵੀ ਜੋ ਲੋਕੀਂ ਇੰਦ੍ਰੀਆਂ ਨੂੰ ਹੱਠ ਨਾਲ ਰੋਕਕੇ ਮਨ ਵਿਚ ਵਿਸ਼ਿਆਂ ਦਾ ਵਿਚਾਰ ਰੱਖਦੇ ਹਨ, ਉਹ ਫਰੇਬੀ ਹਨ, ਫਰੇਬ ਦਾ ਆਚਰਣ ਕਰਨ ਵਾਲੇ ਹਨ। ਇਸ ਲਈ ਅਰਜੁਨ! ਮਨ ਤੋਂ ਇੰਦ੍ਰੀਆਂ ਨੂੰ ਸਮੇਟਕੇ ਤੂੰ ਕਰਮ ਕਰ। ਪਰ ਪ੍ਰਸ਼ਨ ਜਿਉਂ ਦਾ ਤਿਉਂ ਹੈ ਕਿ ਕਿਹੜਾ ਕਰਮ ਕਰੀਏ? ਇਸ ਬਾਰੇ ਯੋਗੇਵਸ਼ਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਅਰਜੁਨ! ਤੂੰ ਨਿਰਧਾਰਿਤ ਕੀਤੇ ਹੋਏ ਕਰਮ ਨੂੰ ਕਰ।

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਨਿਰਧਾਰਿਤ ਕਰਮ ਕੀ ਹੈ, ਜਿਸਨੂੰ ਅਸੀਂ ਕਰੀਏ? ਤਾਂ ਉਸਨੂੰ ਦਸਿਆ ਕਿ ਯੱਗ ਨੂੰ ਕਾਰਜਰੂਪ ਦੇਣਾ ਕਰਮ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਉਹ ਯੱਗ ਕੀ ਹੈ? ਇਥੇ ਯੱਗ ਦੀ ਉਤਪੱਤੀ, ਵਿਸ਼ੇਸ਼ਤਾ ਦਸਕੇ ਉਹ ਸ਼ਾਂਤ ਹੋ ਜਾਣਗੇ ਅਤੇ ਅੱਗੇ ਅਧਿਆਇ ਚਾਰ ਵਿਚ ਯੱਗ ਦਾ ਨਿਖਰਿਆ ਹੋਇਆ ਰੂਪ ਮਿਲੇਗਾ ਜਿਸਨੂੰ ਕਰਨਾ 'ਕਰਮ' ਹੈ।

ਕਰਮ ਦੀ ਇਹ ਪਰਿਭਾਸ਼ਾ ਗੀਤਾ ਨੂੰ ਸਮਝਣ ਦੀ ਕੁੰਜੀ ਹੈ। ਯੱਗ ਤੋਂ ਇਲਾਵਾ ਦੁਨੀਆਂ ਵਿਚ ਲੋਕੀਂ ਕੁਝ ਨਾ ਕੁਝ ਕਰਦੇ ਹੀ ਰਹਿੰਦੇ ਹਨ। ਕੋਈ ਖੇਤੀ ਕਰਦਾ ਹੈ, ਤਾਂ ਕੋਈ ਵਪਾਰ। ਕੋਈ ਕਿਸੇ ਪਦ ਤੇ ਹੈ ਤਾਂ ਕੋਈ ਸੇਵਕ। ਕੋਈ ਖ਼ੁਦ ਨੂੰ ਬੁੱਧੀਜੀਵੀ ਕਹਿੰਦਾ ਹੈ ਤਾਂ ਕੋਈ ਮਜ਼ਦੂਰ। ਕੋਈ ਸਮਾਜਸੇਵਾ ਨੂੰ ਕਰਮ ਮੰਨਦਾ ਹੈ ਤਾਂ ਕੋਈ ਦੇਸ਼ਸੇਵਾ ਨੂੰ ਅਤੇ ਇਹਨਾਂ ਹੀ ਕਰਮਾਂ ਵਿਚ ਲੋਕ ਸਕਾਮ ਅਤੇ ਨਿਸ਼ਕਾਮ ਕਰਮ ਦੀ ਭੂਮਿਕਾ ਵੀ ਬਣਾਕੇ ਬੈਠੇ ਹਨ। ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਇਹ ਕਰਮ ਨਹੀਂ ਹਨ। **'अन्यत्र लोकोऽयं कर्मबन्धन:'**– ਯੱਗ ਦੀ ਪ੍ਰਕ੍ਰਿਆ ਤੋਂ ਵੱਖ ਜੋ ਕੁਝ ਵੀ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨਕਾਰੀ ਕਰਮ ਹੈ, ਮੋਖਸ਼ ਦੇਣ ਵਾਲਾ ਕਰਮ ਨਹੀਂ। ਦਰਅਸਲ ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਹੁਣ ਯੱਗ ਨਾ ਦਸਦੇ ਹੋਏ ਪਹਿਲਾਂ ਇਹ ਦਸਦੇ ਹਨ ਕਿ ਯੱਗ ਆਇਆ ਕਿਥੋਂ ।

**सहयज्ञा: प्रजा: सृष्ट्वा पुरोवाच प्रजापति: ।**
**अनेन प्रसविष्यध्वमेष वोऽस्त्विष्टकामधुक्।। १० ।।**

ਪਰਜਾਪਤੀ ਬ੍ਰਹਮਾ ਨੇ ਕਲਪ (ਸ੍ਰਿਸ਼ਟੀ ਜਾਂ ਯੁਗ) ਦੇ ਆਰੰਭ ਵਿਚ ਯੱਗ ਸਹਿਤ ਪਰਜਾ ਨੂੰ ਰਚਕੇ ਕਿਹਾ ਕਿ ਇਸ ਯੱਗ ਦੁਆਰਾ ਫੁਲੋ ਫਲੋ। ਇਹ ਯੱਗ ਤੁਹਾਡੇ ਲੋਕਾਂ ਲਈ **'इष्टकामधुक्'**– ਜਿਸ ਵਿਚ ਅਨਿਸ਼ਟ ਨਾ ਹੋਵੇ, ਵਿਨਾਸ਼ ਰਹਿਤ ਇਸ਼ਟ ਸੰਬੰਧੀ ਕਾਮਨਾ ਪੂਰੀ ਕਰਨ ਵਾਲਾ ਹੋਵੇ।

ਯੱਗ ਸਹਿਤ ਪਰਜਾ ਨੂੰ ਕਿਸਨੇ ਰਚਿਆ? ਪਰਜਾਪਤੀ ਬ੍ਰਹਮਾ ਨੇ। ਬ੍ਰਹਮਾ ਕੌਣ? ਕੀ

ਚਾਰ ਮੂੰਹ ਅਤੇ ਅੱਠ ਅੱਖਾਂ ਵਾਲਾ ਦੇਵਤਾ, ਜਿਵੇਂ ਆਮ ਤੌਰ ਤੇ ਮੰਨਿਆ ਜਾਂਦਾ ਹੈ? ਨਹੀਂ ਸ੍ਰੀ ਕ੍ਰਿਸ਼ਣ ਦੇ ਅਨੁਸਾਰ ਦੇਵਤਾ ਨਾਮ ਦੀ ਕੋਈ ਵਖਰੀ ਸੱਤਾ ਹੈ ਹੀ ਨਹੀਂ। ਫੇਰ ਪਰਜਾਪਤੀ ਕੌਣ ਹੈ? ਦਰਅਸਲ ਜਿਸਨੇ ਪਰਜਾ ਦੇ ਮੂਲ ਸ੍ਰੋਤ ਪਰਮਾਤਮਾ ਵਿਚ ਪ੍ਰਵੇਸ਼ ਪਾ ਲਿਆ ਹੈ, ਉਹ ਮਹਾਪੁਰਸ਼ ਪਰਜਾਪਤੀ ਹੈ। ਬੁੱਧੀ ਹੀ ਬ੍ਰਹਮਾ ਹੈ **'अहंकार शिव बुद्धि अज, मन शशि चित्त महान।'(रामचरित मानस)** ਉਸ ਸਮੇਂ ਬੁੱਧੀ ਕੇਵਲ ਯੰਤਰ ਹੀ ਹੁੰਦੀ ਹੈ। ਉਸ ਪੁਰਸ਼ ਦੇ ਵਚਨਾਂ ਵਿਚ ਪਰਮਾਤਮਾ ਹੀ ਬੋਲਦਾ ਹੈ।

ਭਜਨ ਦੀ ਅਸਲੀ ਕ੍ਰਿਆ ਸ਼ੁਰੂ ਹੋ ਜਾਣ ਤੇ ਬੁੱਧੀ ਦਾ ਨਿਰੰਤਰ ਵਿਕਾਸ ਹੁੰਦਾ ਜਾਂਦਾ ਹੈ। ਆਰੰਭ ਵਿਚ ਉਹ ਬੁੱਧੀ ਬ੍ਰਹਮ ਵਿਦਿਆ ਨਾਲ ਸੰਯੁਕਤ ਹੋਣ ਦੇ ਕਾਰਣ 'ਬ੍ਰਹਮਵਿਤ' ਕਹੀ ਜਾਂਦੀ ਹੈ। ਕ੍ਰਮਵਾਰ ਵਿਕਾਰਾਂ ਦਾ ਸ਼ਮਨ (ਸ਼ੁਧੀਕਰਣ ਜਾਂ ਸ਼ਾਂਤ) ਹੋਣ ਨਾਲ ਬ੍ਰਹਮ ਵਿਦਿਆ ਵਿਚ ਸ੍ਰੇਸ਼ਠ ਹੋਣ ਤੇ ਇਹ 'ਬ੍ਰਹਮਵਿਦੂਰ' ਕਹੀ ਜਾਂਦੀ ਹੈ। ਵਿਕਾਸ ਹੋਰ ਸੂਖਮ ਹੋ ਜਾਣ ਤੇ ਬੁੱਧੀ ਦੀ ਅਵਸਥਾ ਵਿਕਸਿਤ ਹੋ ਜਾਂਦੀ ਹੈ। ਉਹ 'ਬ੍ਰਹਮਵਿਦੂਰੀਯਰਾਨ' ਕਹਾਉਂਦੀ ਹੈ। ਉਸ ਅਵਸਥਾ ਵਿਚ ਬ੍ਰਹਮਵਿਦ੍ਵੇਤਾ ਪੁਰਸ਼ ਹੋਰਾਂ ਨੂੰ ਵੀ ਵਿਕਾਸ ਮਾਰਗ ਉਤੇ ਲਿਆਉਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ। ਬੁੱਧੀ ਦੀ ਪਰਾਕਾਸ਼ਠਾ ਹੈ – 'ਬ੍ਰਹਮਵਿਦੂਰਿਸ਼ਟ' ਅਰਥਾਤ ਬ੍ਰਹਮਵਿਤ ਦੀ ਉਹ ਅਵਸਥਾ, ਜਿਸ ਵਿਚ ਇਸ਼ਟ ਪ੍ਰਵਾਹਿਤ ਹੈ। ਇਹ ਸਥਿਤੀ ਵਾਲੇ ਮਹਾਪੁਰਸ਼ ਪਰਜਾ ਦੇ ਮੂਲ ਸ੍ਰੋਤ ਪਰਮਾਤਮਾ ਵਿਚ ਪ੍ਰਵਿਸ਼ਟ ਅਤੇ ਸਥਿਤ ਰਹਿੰਦੇ ਹਨ। ਐਸੇ ਮਹਾਪੁਰਸ਼ਾਂ ਦੀ ਬੁੱਧੀ ਕੇਵਲ ਯੰਤਰ ਹੀ ਹੁੰਦੀ ਹੈ। ਉਹ ਹੀ ਪਰਜਾਪਤੀ ਕਹਾਉਂਦੇ ਹਨ। ਉਹ ਪ੍ਰਕ੍ਰਿਤੀ ਦੇ ਦਵੰਦ ਦਾ ਵਿਸ਼ਲੇਸ਼ਣ ਕਰਕੇ 'ਆਰਾਧਨਾ-ਕ੍ਰਿਆ' ਦੀ ਰਚਨਾ ਕਰਦੇ ਹਨ। ਯੱਗ ਦੇ ਅਨੁਰੂਪ ਸੰਸਕਾਰਾਂ ਦਾ ਦੇਣਾ ਹੀ ਪਰਜਾ ਦੀ ਰਚਨਾ ਹੈ। ਇਸਤੋਂ ਪਹਿਲਾਂ ਸਮਾਜ ਅਚੇਤ ਅਵਿਵਸਥਿਤ ਰਹਿੰਦਾ ਹੈ। ਸ੍ਰਿਸ਼ਟੀ ਅਨਾਦਿ ਹੈ। ਸੰਸਕਾਰ ਪਹਿਲਾਂ ਤੋਂ ਹੀ ਹਨ; ਪਰ ਬੇਤਰਤੀਬ, ਵਿਕਰਤ ਹਨ। ਯੱਗ ਦੇ ਅਨੁਰੂਪ ਉਹਨਾਂ ਨੂੰ ਢਾਲਣਾ ਹੀ ਰਚਨਾ ਜਾਂ ਸਿਰਜਣਾ ਹੈ।

ਐਸੇ ਮਹਾਪੁਰਸ਼ ਨੇ ਕਲਪ ਦੇ ਆਰੰਭ ਵਿਚ ਯੱਗ ਸਹਿਤ ਪਰਜਾ ਦੀ ਰਚਨਾ ਕੀਤੀ। ਕਲਪ ਨਿਰੋਗ ਬਣਾਉਂਦਾ ਹੈ। ਵੈਦ ਕਲਪ ਦੇਂਦੇ ਹਨ, ਕੋਈ ਕਾਇਆ ਕਲਪ ਕਰਦਾ ਹੈ। ਇਹ ਪਲ ਵਿੱਚ ਨਸ਼ਟ ਹੋਣ ਵਾਲਾ ਸਰੀਰਾਂ ਦਾ ਕਲਪ ਹੈ। ਵਾਸਤਵਿਕ ਕਲਪ ਤਾਂ ਤਦ ਹੈ ਜਦ ਭਵ ਰੋਗ ਤੋਂ ਮੁਕਤੀ ਮਿਲ ਜਾਏ। ਆਰਾਧਨਾ ਦਾ ਆਰੰਭ ਇਸ ਕਲਪ ਦੀ ਸ਼ੁਰੂਆਤ ਹੈ। ਜਦੋਂ ਆਰਾਧਨਾ ਪੂਰੀ ਹੋਈ ਤਾਂ ਤੁਹਾਡਾ ਕਲਪ ਪੂਰਾ ਹੋ ਗਿਆ।

ਇਸ ਤਰ੍ਹਾਂ ਪਰਮਾਤਮਾ ਦੇ ਸਵਰੂਪ ਵਿਚ ਸਥਿਤ ਮਹਾਪੁਰਸ਼ ਨੇ ਭਜਨ ਦੇ ਆਰੰਭ ਵਿਚ ਯੱਗ ਸਹਿਤ ਸੰਸਕਾਰਾਂ ਨੂੰ ਭਲੀ ਪ੍ਰਕਾਰ ਸੰਗਠਿਤ ਕਰਕੇ ਕਿਹਾ ਕਿ ਇਸ ਯੱਗ ਨਾਲ ਤੁਸੀਂ ਫੁਲੋ ਫਲੋ। ਫੁਲਣਾ-ਫਲਣਾ ਕਿਸ ਤਰ੍ਹਾਂ ਦਾ? ਕੀ ਮਕਾਨ ਕੱਚੇ ਤੋਂ ਪੱਕਾ ਬਣ ਜਾਏਗਾ? ਆਮਦਨੀ ਵੱਧ ਹੋਣ ਲਗੇਗੀ? ਨਹੀਂ, ਯੱਗ **'इष्टकामधुक्'** – ਇਸ਼ਟ ਸੰਬੰਧੀ ਕਾਮਨਾ ਪੂਰੀ ਕਰੇਗਾ।ਇਸ਼ਟ ਹੈ ਪਰਮਾਤਮਾ, ਉਸ ਪਰਮਾਤਮਾ ਸੰਬੰਧੀ ਕਾਮਨਾ ਦੀ ਪੂਰਤੀ ਵਾਲਾ ਹੈ। ਪ੍ਰਸ਼ਨ ਸੁਭਾਵਕ ਹੈ ਕਿ ਯੱਗ ਸਿੱਧੇ ਉਸ ਪਰਮਾਤਮਾ ਦੀ ਪ੍ਰਾਪਤੀ ਕਰਾ ਦੇਵੇਗਾ ਜਾਂ ਕ੍ਰਮਵਾਰ ਚਲਦੇ ਹੋਏ

**देवान् भावयतानेन ते देवा भावयन्तु व:।**
**परस्परं भावयन्त: श्रेय: परमवाप्स्यथ।।११।।**

ਇਸ ਯੱਗ ਰਾਹੀਂ ਦੇਵਤਿਆਂ ਦੀ ਉੱਨਤੀ ਕਰੋ ਅਰਥਾਤ ਦੈਵੀ ਸੰਪੱਤੀ (ਗੁਣਾਂ) ਦੀ ਵ੍ਰਿਧੀ

ਕਰੋ। ਉਹ ਦੇਵਤਾ ਲੋਕ ਤੁਹਾਡੇ ਲੋਕਾਂ ਦੀ ਉੱਨਤੀ ਕਰਨਗੇ। ਇਸ ਤਰ੍ਹਾਂ ਆਪਸ ਵਿਚ ਇਕ ਦੂਜੇ ਦੀ ਵ੍ਰਿਧੀ ਕਰਦੇ ਹੋਏ ਪਰਮ ਸ਼੍ਰੇਸ਼ਠਤਾ, ਜਿਸਦੇ ਬਾਅਦ ਕੁਝ ਵੀ ਪਾਉਣਾ ਬਾਕੀ ਨਾ ਰਹੇ, ਐਸੇ ਪਰਮ ਕਲਿਆਨ ਨੂੰ ਪ੍ਰਾਪਤ ਹੋ ਜਾਉ। ਜਿਉਂ-ਤਿਉਂ ਅਸੀਂ ਇਸ ਯੱਗ ਵਿਚ ਪ੍ਰਵੇਸ਼ ਕਰਾਂਗੇ, (ਅੱਗੇ ਯੱਗ ਦਾ ਮਤਲਬ ਹੋਵੇਗਾ ਆਰਾਧਨਾ ਦੀ ਵਿਧੀ) ਤਿਉਂ-ਤਿਉਂ ਹਿਰਦੇ-ਦੇਸ਼ ਵਿਚ ਦੈਵੀ ਸੰਪੱਤੀ ਅਰਜਿਤ ਹੁੰਦੀ ਚਲੀ ਜਾਏਗੀ। 'ਪਰਮਦੇਵ' ਇਕ ਮਾਤਰ ਪਰਮਾਤਮਾ ਹੈ, ਉਸ ਪਰਮਦੇਵ ਵਿਚ ਪ੍ਰਵੇਸ਼ ਦਿਵਾ ਦੇਣ ਵਾਲੀ ਜੋ ਸੰਪੱਤੀ ਹੈ, ਅੰਤਰਮਨ ਦੀ ਜੋ ਭੀਤਰੀ ਪ੍ਰਵਿਰਤੀ ਹੈ, ਉਸੇ ਨੂੰ ਦੈਵੀ ਸੰਪੱਤੀ ਕਹਿੰਦੇ ਹਨ, ਉਹ ਪਰਮਦੇਵ ਨੂੰ ਸੰਭਵ ਕਰਾਉਂਦੀ ਹੈ, ਇਸ ਲਈ ਦੈਵੀ ਸੰਪੱਤੀ ਕਹੀ ਜਾਂਦੀ ਹੈ, ਬਾਹਰੀ ਦੇਵਤਾ-ਪੱਥਰ-ਪਾਣੀ ਇਹ ਨਹੀਂ ਕਰਾ ਸਕਦੇ, ਜਿਵੇਂ ਕਿ ਲੋਕਾਂ ਦੀ ਕਲਪਨਾ ਹੈ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਅਨੁਸਾਰ ਉਹਨਾਂ ਦਾ ਕੋਈ ਅਸਤਿੱਤਵ ਨਹੀਂ ਹੈ। ਉਹ ਕਹਿੰਦੇ ਹਨ -

**इष्टान्भोगान् हि वो देवा दास्यन्ते यज्ञभाविता: ।**
**तैर्दत्तानप्रदायैभ्यो यो भुङ्क्ते स्तेन एव स: ।।१२ ।।**

ਯੱਗ ਦੁਆਰਾ ਵਧਾਏ ਹੋਏ ਦੇਵਤਾ (ਦੈਵੀ ਸੰਪੱਤੀ) ਤੁਹਾਨੂੰ '**इष्टान् भोगान् हि दास्यन्ते** ਇਸ਼ਟ ਅਰਥਾਤ ਆਰਾਧ ਸੰਬੰਧੀ ਭੋਗ ਦੇਣਗੇ, ਹੋਰ ਕੁਝ ਨਹੀਂ। '**तै: दत्तान्**'- ਉਹ ਹੀ ਇਕ ਮਾਤਰ ਦੇਣ ਵਾਲੇ ਹਨ। ਇਸ਼ਟ ਪ੍ਰਾਪਤੀ ਦਾ ਹੋਰ ਕੋਈ ਦੂਜਾ ਤਰੀਕਾ ਨਹੀਂ ਹੈ। ਇਹਨਾਂ ਦੈਵੀ ਗੁਣਾਂ ਨੂੰ ਬਿਨਾਂ ਵਧਾਏ, ਜੋ ਇਸ ਸਥਿਤੀ ਦਾ ਭੋਗ ਕਰਦਾ ਹੈ ਉਹ ਜ਼ਰੂਰ ਹੀ ਚੋਰ ਹੈ। ਜਦ ਉਸਨੇ ਪਾਇਆ ਹੀ ਨਹੀਂ ਤਾਂ ਭੋਗੇਗਾ ਕੀ ? ਪਰ ਕਹਿੰਦਾ ਜ਼ਰੂਰ ਹੈ ਕਿ ਅਸੀਂ ਤਾਂ ਪੂਰਨ ਹਾਂ, ਤੱਤਦਰਸ਼ੀ ਹਾਂ। ਇਹ ਡੀਂਗ ਮਾਰਨ ਵਾਲਾ ਇਸ ਮਾਰਗ ਤੋਂ ਮੂੰਹ ਛੁਪਾਉਣ ਵਾਲਾ ਹੈ। ਉਹ ਜ਼ਰੂਰ ਹੀ ਚੋਰ ਹੈ, ਪ੍ਰਾਪਤੀ ਵਾਲਾ ਨਹੀਂ। ਪਰ ਪ੍ਰਾਪਤੀ ਵਾਲੇ ਕੀ ਪਾਉਂਦੇ ਹਨ?

**यज्ञशिष्टाशिन: सन्तो मुच्यन्ते सर्वकिल्बिषै: ।**
**भुञ्जते ते त्वघं पापा ये पचन्त्यात्मकारणात् ।।१३ ।।**

ਯੱਗ ਤੋਂ ਬਚੇ ਹੋਏ ਅੰਨ ਨੂੰ ਖਾਣ ਵਾਲੇ ਸੰਤਜਨ ਸਭ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਦੈਵੀ ਸੰਪੱਤੀ ਦੀ ਵ੍ਰਿਧੀ ਕਰਦੇ ਕਰਦੇ ਨਤੀਜੇ ਵਿਚ ਪ੍ਰਾਪਤੀਕਾਲ ਹੀ ਪੂਰਤੀਕਾਲ (ਪੂਰਨਤਾ) ਹੈ। ਜਦ ਯੱਗ ਪੂਰਨ ਹੋ ਗਿਆ, ਤਾਂ ਬਾਕੀ ਬਚਿਆ ਹੋਇਆ ਬ੍ਰਹਮ ਹੀ ਅੰਨ ਹੈ। ਇਸੇ ਨੂੰ ਸ਼੍ਰੀ ਕ੍ਰਿਸ਼ਣ ਨੇ ਦੂਜੇ ਸ਼ਬਦਾਂ ਵਿਚ ਕਿਹਾ '**यज्ञशिष्टामृतभुजो यान्ति ब्रह्म सनातनम्**'- ਯੱਗ ਜਿਸਦੀ ਸ੍ਰਿਸ਼ਟੀ ਕਰਦਾ ਹੈ, ਉਸ ਆਸ਼ਨ (ਬ੍ਰਹਮ-ਅੰਮ੍ਰਿਤ) ਨੂੰ ਪੀਣ ਵਾਲਾ ਬ੍ਰਹਮ ਵਿਚ ਪ੍ਰਵਿਸ਼ਟ ਹੋ ਜਾਂਦਾ ਹੈ। ਇੱਥੇ ਉਹ ਕਹਿੰਦੇ ਹਨ ਕਿ ਯੱਗ ਤੋਂ ਬਾਕੀ ਬਚੇ ਹੋਏ ਆਸ਼ਨ ਨੂੰ ਪੀਣ ਵਾਲਾ ਸਭ ਪਾਪਾਂ ਤੋਂ ਛੁਟਕਾਰਾ ਪਾ ਜਾਂਦਾ ਹੈ। ਸੰਤਜਨ ਤਾਂ ਛੁੱਟ ਜਾਂਦੇ ਹਨ, ਪਰ ਪਾਪੀ ਲੋਕ ਮੋਹ ਦੇ ਮਾਧਿਅਮ ਨਾਲ ਪੈਦਾ ਸਰੀਰਾਂ ਲਈ ਪਚਦੇ ਹਨ। ਉਹ ਪਾਪ ਖਾਂਦੇ ਹਨ। ਉਹਨਾਂ ਨੇ ਭਜਨ ਵੀ ਕੀਤਾ, ਆਰਾਧਨਾ ਨੂੰ ਵੀ ਸਮਝਿਆ, ਅੱਗੇ ਵੀ ਵੱਧੇ, ਪਰ ਬਦਲੇ ਵਿਚ ਇਕ ਮਿੱਠੀ ਜਿਹੀ ਚਾਹ ਪੈਦਾ ਹੋ ਗਈ ਕਿ '**आत्मकारणात्**' ਸਰੀਰ ਲਈ ਅਤੇ ਸਰੀਰ ਦੇ ਸੰਬੰਧਾਂ ਨੂੰ ਲੈਕੇ ਕੁਝ ਮਿਲੇ। ਉਸਨੂੰ ਮਿਲ ਤਾਂ ਜਾਏਗਾ, ਪਰ ਉੱਨੇ ਭੋਗ ਦੇ ਬਾਅਦ ਉਹ ਖ਼ੁਦ ਨੂੰ ਉੱਥੇ ਹੀ ਖੜ੍ਹਾ ਪਾਏਗਾ, ਜਿਥੋਂ ਚਲਣਾ ਸ਼ੁਰੂ ਕੀਤਾ ਸੀ। ਇਸਤੋਂ ਵੱਧ ਨੁਕਸਾਨ ਕੀ ਹੋਵੇਗਾ? ਜਦ ਸਰੀਰ ਹੀ ਨਸ਼ਵਰ ਹੈ, ਤਾਂ ਇਸਦੇ ਸੁਖ-ਭੋਗ ਕਦ ਤਕ ਸਾਥ ਦੇਣਗੇ? ਉਹ ਆਰਾਧਨਾ ਤਾਂ ਕਰਦੇ ਹਨ, ਪਰ ਬਦਲੇ ਵਿਚ ਪਾਪ ਹੀ ਖਾਂਦੇ ਹਨ

**'पलटि सुधा ते सठ विष लेहीं।'** ਉਹ ਨਸ਼ਟ ਤਾਂ ਨਹੀਂ ਹੋਵੇਗਾ, ਪਰ ਅੱਗੇ ਨਹੀਂ ਵਧੇਗਾ। ਇਸ ਲਈ ਸ਼੍ਰੀ ਕ੍ਰਿਸ਼ਣ ਨਿਸ਼ਕਾਮ ਭਾਵ ਨਾਲ ਕਰਮ (ਭਜਨ) ਕਰਨ ਉਤੇ ਬਲ ਦੇਂਦੇ ਹਨ। ਹੁਣ ਤਕ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਯੱਗ ਪਰਮ ਸ਼੍ਰੇਸ਼ਠਤਾ ਦੇਂਦਾ ਹੈ ਅਤੇ ਉਸਦੀ ਰਚਨਾ ਮਹਾਪੁਰਸ਼ਾਂ ਦੁਆਰਾ ਹੁੰਦੀ ਹੈ, ਪਰ ਉਹ ਮਹਾਪੁਰਸ਼ ਪਰਜਾ ਦੀ ਰਚਨਾ ਲਈ ਕਿਉਂ ਪ੍ਰਵਿਰਤ ਹੁੰਦੇ ਹਨ? ਇਸ ਬਾਰੇ ਉਹ ਕਹਿੰਦੇ ਹਨ

**अन्नाद्भवन्ति भूतानि पर्जन्यादन्नसम्भव: ।**
**यज्ञाद्भवति पर्जन्यो यज्ञ: कर्मसमुद्भव: ।।१४ ।।**

**कर्म ब्रह्मोद्भवं विद्धि ब्रह्माक्षरसमुद्भवम् ।**
**तस्मात्सर्वगतं ब्रह्म नित्यं यज्ञे प्रतिष्ठितम् ।।१५ ।।**

ਸਾਰੇ ਪ੍ਰਾਣੀ ਅੰਨ ਤੋਂ ਪੈਦਾ ਹੁੰਦੇ ਹਨ। **'अन्नं ब्रह्म व्यजानात्–** ਅੰਨ ਪਰਮਾਤਮਾ ਹੀ ਹੈ। ਉਸ ਬ੍ਰਹਮ-ਅੰਮ੍ਰਿਤ ਨੂੰ ਹੀ ਉਦੇਸ਼ ਬਣਾਕੇ ਪ੍ਰਾਣੀ ਯੱਗ ਵਲ ਵੱਧਦਾ ਹੈ। ਅੰਨ ਦੀ ਉਤਪੱਤੀ ਬਾਰਸ਼ ਤੋਂ ਹੁੰਦੀ ਹੈ। ਬਦਲਾਂ ਤੋਂ ਹੋਣ ਵਾਲੀ ਬਾਰਸ਼ ਨਹੀਂ, ਬਲਕਿ ਕਿਰਪਾ-ਬਾਰਸ਼। ਪੂਰਬ-ਸੰਚਿਤ ਯੱਗ ਦਾ ਕਰਮ ਹੀ ਕਿਰਪਾ ਦੇ ਰੂਪ ਵਿਚ ਵੱਸ ਪੈਂਦਾ ਹੈ। ਅੱਜ ਦੀ ਆਰਾਧਨਾ ਕੱਲ੍ਹ ਕਿਰਪਾ ਦੇ ਰੂਪ ਵਿਚ ਮਿਲੇਗੀ। ਇਸੇ ਲਈ ਬਾਰਸ਼ ਯੱਗ ਤੋਂ ਹੁੰਦੀ ਹੈ। ਸ੍ਵਾਹਾ ਬੋਲਣ ਅਤੇ ਤਿਲ-ਜੌਂ ਜਲਾਉਣ ਨਾਲ ਹੀ ਬਾਰਸ਼ ਹੁੰਦੀ ਤਾਂ ਦੁਨੀਆਂ ਦੀ ਅਪਾਰ ਰੇਗਿਸਤਾਨੀ ਭੂਮੀ ਬੰਜਰ ਕਿਉਂ ਰਹਿੰਦੀ? ਉਪਜਾਊ ਨਾ ਬਣ ਜਾਂਦੀ ? ਇੱਥੇ ਕਿਰਪਾ-ਬਾਰਸ਼ ਯੱਗ ਦੀ ਦੇਣ ਹੈ। ਯੱਗ ਕਰਮਾਂ ਤੋਂ ਹੀ ਪੈਦਾ ਹੋਣ ਵਾਲਾ ਹੈ, ਕਰਮ ਨਾਲ ਯੱਗ ਪੂਰਾ ਹੁੰਦਾ ਹੈ।

ਉਸ ਕਰਮ ਨੂੰ ਵੇਦ ਤੋਂ ਉਤਪੰਨ ਹੋਇਆ ਜਾਣ। ਵੇਦ ਬ੍ਰਹਮ ਸਥਿਤ ਮਹਾਪੁਰਸ਼ਾਂ ਦੀ ਵਾਣੀ ਹੈ। ਜੋ ਤੱਤ ਵਿਦਿਤ ਨਹੀਂ ਹੈ, ਉਸਦੀ ਪ੍ਰਤੱਖ ਅਨੁਭੂਤੀ ਦਾ ਨਾਮ ਵੇਦ ਹੈ, ਕੁਝ ਸ਼ਲੋਕਾਂ ਦਾ ਸੰਗ੍ਰਹਿ ਵੇਦ ਨਹੀਂ ਹੈ। ਵੇਦ ਅਵਿਨਾਸ਼ੀ ਪਰਮਾਤਮਾ ਤੋਂ ਉਤਪੰਨ ਜਾਣ। ਕਿਹਾ ਭਾਵੇਂ ਮਹਾਤਮਾਵਾਂ ਨੇ, ਪਰ ਉਹ ਪਰਮਾਤਮਾ ਨਾਲ ਇਕਰੂਪ-ਏਕਾਕਾਰ ਹੋ ਚੁਕੇ ਹਨ, ਉਹਨਾਂ ਦੇ ਮਾਧਿਅਮ ਨਾਲ ਅਵਿਨਾਸ਼ੀ ਪਰਮਾਤਮਾ ਹੀ ਬੋਲਦਾ ਹੈ। ਇਸ ਲਈ ਵੇਦ ਅਪੌਰੁਸ਼ੇਅ (ਅਮਨੁਖੀ) ਕਹੇ ਜਾਂਦੇ ਹਨ। ਮਹਾਪੁਰਸ਼ਾਂ ਨੂੰ ਵੇਦ ਕਿਥੋਂ ਮਿਲ ਗਿਆ? ਤਾਂ ਵੇਦ ਅਵਿਨਾਸ਼ੀ ਪਰਮਾਤਮਾ ਤੋਂ ਉਤਪੰਨ ਹੋਇਆ। ਉਹ ਮਹਾਪੁਰਸ਼ ਪਰਮਾਤਮਾ ਨਾਲ ਏਕਾਕਾਰ ਹਨ, ਉਹ ਮਾਤਰ ਯੰਤਰ ਹਨ, ਇਸ ਲਈ ਉਹਨਾਂ ਦੇ ਰਾਹੀਂ ਪਰਮਾਤਮਾ ਆਪ ਹੀ ਬੋਲਦਾ ਹੈ। ਕਿਉਂਕਿ ਯੱਗ ਦੇ ਦੁਆਰਾ ਹੀ ਮਨ ਦੇ ਨਿਰੋਧਕਾਲ ਵਿਚ ਉਹ ਵਿਦਿਤ ਹੁੰਦਾ ਹੈ। ਤਾਂ ਤੇ ਸਰਬ ਵਿਆਪੀ ਪਰਮ ਅੱਖਰ ਪਰਮਾਤਮਾ ਸਦਾ ਯੱਗ ਵਿਚ ਹੀ ਸਥਿਤ ਹੈ। ਯੱਗ ਹੀ ਉਸਨੂੰ ਪਾਉਣ ਦਾ ਇਕ ਮਾਤਰ ਉਪਾਅ ਹੈ। ਉਹ ਇਸੇ ਤੇ ਜ਼ੋਰ ਦੇਂਦੇ ਹਨ

**एवं प्रवर्तितं चक्रं नानुवर्तयतीह य: ।**
**अघायुरिन्द्रियारामो मोघं पार्थ स जीवति ।।१६ ।।**

ਹੇ ਪਾਰਥ! ਜੋ ਪੁਰਸ਼ ਇਸੇ ਲੋਕ ਵਿਚ ਮਨੁੱਖ-ਸਰੀਰ ਪ੍ਰਾਪਤ ਕਰਕੇ ਇਸ ਤਰ੍ਹਾਂ ਚਲਾਏ ਹੋਏ ਸਾਧਨ-ਚੱਕ੍ਰ ਦੇ ਅਨੁਸਾਰ ਆਚਰਣ ਨਹੀਂ ਕਰਦਾ ਅਰਥਾਤ ਦੈਵੀ ਸੰਪੱਤੀ ਦਾ ਉਤਕਰਸ਼, ਦੇਵਤਿਆਂ (ਗੁਣਾਂ) ਦੀ ਵ੍ਰਿਧੀ ਅਤੇ ਪਰਸਪਰ ਵ੍ਰਿਧੀ ਰਾਹੀਂ ਪਰਮਧਾਮ ਨੂੰ ਪ੍ਰਾਪਤ ਕਰਨਾ ਇਸ ਕ੍ਰਮ

ਦੇ ਅਨੁਸਾਰ ਨਹੀਂ ਚਲਦਾ, ਇੰਦ੍ਰੀਆਂ ਦਾ ਆਰਾਮ ਚਾਹੁਣ ਵਾਲਾ ਉਹ 'ਪਾਪ-ਆਯੂ ਪੁਰਸ਼' ਵਿਅਰਥ ਹੀ ਜਿਉਂਦਾ ਹੈ।

ਸੱਜਣੋ! ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਅਧਿਆਇ ਦੋ ਵਿਚ ਕਰਮ ਦਾ ਨਾਮ ਲਿਆ ਅਤੇ ਇਸ ਅਧਿਆਇ ਵਿਚ ਦਸਿਆ ਕਿ ਨਿਯਤ ਕਰਮ ਦਾ ਆਚਰਣ ਕਰ। ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਇਸਤੋਂ ਸਿਵਾਇ ਜੋ ਕੁਝ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨ ਹੈ। ਇਸੇ ਲਈ ਸੰਗ-ਦੋਸ਼ ਤੋਂ ਦੂਰ ਰਹਿਕੇ ਉਸ ਯੱਗ ਦੀ ਪੂਰਤੀ ਲਈ ਕਰਮ ਦਾ ਆਚਰਣ ਕਰ। ਉਹਨਾਂ ਨੇ ਯੱਗ ਦੀਆਂ ਵਿਸ਼ੇਸ਼ਤਾਵਾਂ ਉਤੇ ਪ੍ਰਕਾਸ਼ ਪਾਇਆ ਅਤੇ ਦਸਿਆ ਕਿ ਯੱਗ ਦੀ ਉਤਪੱਤੀ ਬ੍ਰਹਮਾ ਤੋਂ ਹੈ। ਪਰਜਾ ਅੰਨ ਨੂੰ ਉਦੇਸ਼ ਬਣਾਕੇ ਉਸ ਯੱਗ ਵਿਚ ਪ੍ਰਵਿਰਤ ਹੁੰਦੀ ਹੈ। ਯੱਗ ਕਰਮ ਤੋਂ ਅਤੇ ਕਰਮ ਅਪੌਰੁਸ਼ੇਅ ਵੇਦ ਤੋਂ ਉਤਪੰਨ ਹੁੰਦੇ ਹਨ, ਜਦ ਕਿ ਵੇਦ-ਮੰਤ੍ਰਾਂ ਦੇ ਦ੍ਰਿਸ਼ਟਾ ਮਹਾਪੁਰਸ਼ ਹੀ ਸਨ। ਉਹਨਾਂ ਦਾ ਪੁਰਸ਼ ਸਮਾਪਤ ਹੋ ਚੁਕਾ ਸੀ। ਇਸ ਲਈ ਵੇਦ ਪਰਮਾਤਮਾ ਤੋਂ ਉਤਪੰਨ ਹਨ। ਸਰਬਵਿਆਪੀ ਪਰਮਾਤਮਾ ਯੱਗ ਵਿਚ ਸਦਾ ਸਥਿਤ ਹੈ। ਇਸ ਸਾਧਨਾ-ਚੱਕ੍ਰ ਦੇ ਅਨੁਸਾਰ ਜੋ ਨਹੀਂ ਚਲਦਾ, ਉਹ ਪਾਪ-ਆਯੂ ਪੁਰਸ਼, ਇੰਦ੍ਰੀਆਂ ਦਾ ਸੁੱਖ ਚਾਹੁਣ ਵਾਲਾ, ਵਿਅਰਥ ਹੀ ਜਿਉਂਦਾ ਹੈ। ਅਰਥਾਤ ਯੱਗ ਐਸੀ ਵਿਧੀ ਵਿਸ਼ੇਸ਼ ਹੈ, ਜਿਸ ਵਿਚ ਇੰਦ੍ਰੀਆਂ ਦਾ ਆਰਾਮ ਨਹੀਂ ਹੈ, ਸਗੋਂ ਅਪਾਰ ਸੁਖ ਹੈ। ਇੰਦ੍ਰੀਆਂ ਦੇ ਸੰਜਮ ਨਾਲ ਯੱਗ ਵਿਚ ਲੱਗਣ ਦਾ ਵਿਧਾਨ ਹੈ। ਇੰਦ੍ਰੀਆਂ ਦਾ ਆਰਾਮ ਚਾਹੁਣ ਵਾਲੇ ਪਾਪ-ਆਯੂ ਹਨ। ਅਜੇ ਤਕ ਸ਼੍ਰੀਕਿਸ਼ਣ ਨੇ ਨਹੀਂ ਦਸਿਆ ਕਿ ਯੱਗ ਕੀ ਹੈ? ਪਰ ਕੀ ਯੱਗ ਕਰਦੇ ਹੀ ਰਹਾਂਗੇ ਜਾਂ ਇਸਦਾ ਕਦੇ ਅੰਤ ਵੀ ਹੋਵੇਗਾ? ਇਸ ਬਾਰੇ ਯੋਗੇਵਸ਼ਰ ਕਹਿੰਦੇ ਹਨ –

**यस्त्वात्मरतिरेव स्यादात्मतृप्तश्च मानवः।**
**आत्मन्येव च सन्तुष्टस्तस्य कार्यं न विद्यते।।१७।।**

ਪਰ ਜੋ ਮਨੁੱਖ ਆਤਮਾ ਵਿਚ ਹੀ ਰਤ, ਆਤਮ ਤ੍ਰਿਪਤ ਅਤੇ ਆਤਮਾ ਵਿਚ ਹੀ ਸੰਤੁਸ਼ਟ ਹੈ, ਉਸਦੇ ਲਈ ਕੋਈ ਕਰਤੱਵ ਨਹੀਂ ਰਹਿ ਜਾਂਦਾ। ਇਹੋ ਤਾਂ ਲੱਖਸ਼ ਸੀ। ਜਦ ਅਵਿਅਕਤ, ਸਨਾਤਨ, ਅਵਿਨਾਸ਼ੀ, ਆਤਮਤੱਤ ਪ੍ਰਾਪਤ ਹੋ ਗਿਆ ਤਾਂ ਅੱਗੇ ਕਿਸਨੂੰ ਲੱਭਣਾ ਹੈ? ਐਸੇ ਪੁਰਸ਼ ਲਈ ਨਾ ਕਰਮ ਦੀ ਜ਼ਰੂਰਤ ਹੈ, ਨਾ ਕਿਸੇ ਆਰਾਧਨਾ ਦੀ। ਆਤਮਾ ਅਤੇ ਪਰਮਾਤਮਾ ਇਕ ਦੂਜੇ ਦੇ ਪਰਿਆਇ ਜਾਂ ਸਮਾਨਾਰਥਕ ਹਨ। ਉਹ ਫੇਰ ਇਸੇ ਗੱਲ ਦਾ ਚਿਤ੍ਰਣ ਕਰਦੇ ਹਨ

**नैव तस्य कृतेनार्थो नाकृतेनेह कश्चन।**
**न चास्य सर्वभूतेषु कश्चिदर्थव्यपाश्रयः।।१८।।**

ਇਸ ਸੰਸਾਰ ਵਿਚ ਉਸ ਪੁਰਸ਼ ਦਾ ਕਰਮ ਕਰਨ ਨਾਲ ਕੋਈ ਲਾਭ ਨਹੀਂ ਹੈ, ਅਤੇ ਨਾ ਛੱਡ ਦੇਣ ਨਾਲ ਕੋਈ ਹਾਨੀ ਹੈ, ਜਦਕਿ ਪਹਿਲਾਂ ਇਹ ਜ਼ਰੂਰੀ ਸੀ। ਉਸਦਾ ਸਾਰੇ ਪ੍ਰਣੀਆਂ ਨਾਲ ਕੋਈ ਸੁਆਰਥ-ਸੰਬੰਧ ਨਹੀਂ ਰਹਿ ਜਾਂਦਾ। ਆਤਮਾ ਹੀ ਤਾਂ ਸ਼ਾਸ਼ਵਤ, ਸਨਾਤਨ, ਅਵਿਅਕਤ, ਅਪਰਿਵਰਤਨਸ਼ੀਲ ਅਤੇ ਅਕ਼ਸ਼ੈ (ਅਨਾਸ਼ਵਾਨ) ਹੈ। ਜਦ ਉਸੇ ਨੂੰ ਪਾ ਲਿਆ, ਉਸੇ ਨਾਲ ਸੰਤੁਸ਼ਟ, ਉਸੇ ਨਾਲ ਤ੍ਰਿਪਤ, ਉਸੇ ਵਿਚ ਓਤ-ਪ੍ਰੋਤ ਅਤੇ ਸਥਿਤ ਹਾਂ, ਅੱਗੇ ਕੋਈ ਸੱਤਾ ਹੀ ਨਹੀਂ, ਤਾਂ ਕਿਸਨੂੰ ਲੱਭੀਏ? ਮਿਲੇਗਾ ਕੀ? ਉਸ ਪੁਰਸ਼ ਲਈ ਕਰਮ ਛੱਡ ਦੇਣ ਨਾਲ ਕੋਈ ਹਾਨੀ ਵੀ ਨਹੀਂ ਹੈ, ਕਿਉਂਕਿ ਵਿਕਾਰ ਜਿਸ ਉਤੇ ਅੰਕਿਤ ਹੁੰਦੇ ਹਨ ਉਹ ਚਿੱਤ ਹੀ ਨਹੀਂ ਰਿਹਾ। ਉਸਦਾ ਸੰਪੂਰਨ ਜੀਵਾਂ

(ਭੌਤਿਕ ਤੱਤਾਂ) ਵਿਚ, ਬਾਹਰੀ ਜਗਤ ਵਿਚ ਅਤੇ ਅੰਦਰੂਨੀ ਸੰਕਲਪਾਂ ਦੀ ਪਰਤ ਵਿਚ ਰੱਤੀ ਭਰ ਵੀ ਅਰਥ ਨਹੀਂ ਰਹਿੰਦਾ। ਸਭ ਤੋਂ ਵੱਡਾ ਅਰਥ ਤਾਂ ਪਰਮਾਤਮਾ ਸੀ। ਜਦ ਉਹੀ ਮਿਲਿਆ ਹੈ, ਤਾਂ ਹੋਰਾਂ ਗੱਲਾਂ ਨਾਲ ਉਸਦਾ ਮਤਲਬ ਹੀ ਕੀ?

**तस्मादसक्त: सततं कार्यं कर्म समाचर।**
**असक्तो ह्याचरन् कर्म परमाप्नोति पूरुष: ।।१९।।**

ਇਸ ਸਥਿਤੀ ਨੂੰ ਪ੍ਰਾਪਤ ਕਰਨ ਲਈ ਤੂੰ ਅਨਾਸਕਤ ਹੋਕੇ ਨਿਰੰਤਰ **कार्यंकर्म'**– ਜੋ ਕਰਨ ਯੋਗ ਕਰਮ ਹੈ, ਉਸ ਕਰਮ ਨੂੰ ਚੰਗੀ ਤਰ੍ਹਾਂ ਕਰ। ਕਿਉਂਕਿ ਅਨਾਸਕਤ ਪੁਰਸ਼ ਕਰਮ ਦੇ ਆਚਰਣ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ। 'ਨਿਯਤ ਕਰਮ', 'ਕਾਰਯੰ ਕਰਮ' ਇਕੋ ਹਨ। ਕਰਮ ਦੀ ਪ੍ਰੇਰਣਾ ਦੇਂਦੇ ਹੋਏ ਉਹ ਕਹਿੰਦੇ ਹਨ –

**कर्मणैव हि संसिद्धिमास्थिता जनकादय:।**
**लोकसंग्रहमेवापि संपश्यन्कर्तुमर्हसि ।।२०।।**

ਜਨਕ ਦਾ ਮਤਲਬ ਰਾਜਾ ਜਨਕ ਨਹੀਂ। ਜਨਕ ਜਨਮਦਾਤਾ ਨੂੰ ਕਹਿੰਦੇ ਹਨ। ਯੋਗ ਹੀ ਜਨਕ ਹੈ। ਤੁਹਾਡੇ ਸਵਰੂਪ ਨੂੰ ਜਨਮ ਦੇਂਦਾ ਹੈ, ਪ੍ਰਗਟ ਕਰਦਾ ਹੈ। ਯੋਗ ਨਾਲ ਸੰਯੁਕਤ ਹਰੇਕ ਮਹਾਪੁਰਸ਼ ਜਨਕ ਹੈ। ਐਸੇ ਯੋਗ–ਸੰਯੁਕਤ ਅਨੇਕ ਰਿਸ਼ੀ **'जनकादय:'**– ਜਨਕ ਆਦਿ ਗਿਆਨੀਜਨ ਮਹਾਪੁਰਸ਼ ਵੀ **'कर्मणा एव संसिद्धिम्'**– ਕਰਮਾਂ ਦੇ ਰਾਹੀਂ ਹੀ ਪਰਮ ਸਿੱਧੀ ਨੂੰ ਪ੍ਰਾਪਤ ਹੋਏ ਹਨ। ਪਰਮ ਸਿੱਧੀ ਯਾਨੀ ਪਰਮਤੱਤ ਪਰਮਾਤਮਾ ਦੀ ਪ੍ਰਾਪਤੀ। ਜਨਕ ਆਦਿ ਜਿੰਨੇ ਵੀ ਪਿਛਲੇ ਸਮੇਂ ਵਿਚ ਹੋਏ ਮਹਾਰਿਸ਼ੀ ਹਨ, ਇਸ 'ਕਾਰਯੰ ਕਰਮ' ਰਾਹੀਂ ਜੋ ਯੱਗ ਦੀ ਪ੍ਰਕ੍ਰਿਆ ਹੈ, ਇਸ ਕਰਮ ਨੂੰ ਕਰਕੇ ਹੀ **'संसिद्धिम्'**– ਪਰਮ ਸਿੱਧੀ ਨੂੰ ਪ੍ਰਾਪਤ ਹੋਏ ਹਨ। ਪਰ ਪ੍ਰਾਪਤੀ ਤੋਂ ਬਾਅਦ ਉਹ ਵੀ ਲੋਕ–ਸੰਗ੍ਰਹਿ ਨੂੰ ਵੇਖ ਕੇ ਹੀ ਕਰਮ ਕਰਦੇ ਹਨ। ਲੋਕਹਿਤ ਨੂੰ ਚਾਹੁੰਦੇ ਹੋਏ ਕਰਮ ਕਰਦੇ ਹਨ। ਇਸ ਲਈ ਤੂੰ ਵੀ ਪ੍ਰਾਪਤੀ ਤੋਂ ਬਾਅਦ ਲੋਕ–ਨਾਯਕ ਬਣਨ ਦੇ ਲਈ ਕਾਰਜ ਕਰਨ ਦੇ ਹੀ ਯੋਗ ਹੈਂ। ਕਿਉਂ?

ਹੁਣੇ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ – ਪ੍ਰਾਪਤੀ ਤੋਂ ਬਾਅਦ ਮਹਾਪੁਰਸ਼ ਦਾ ਕਰਮ ਕਰਨ ਨਾਲ ਨਾ ਕੋਈ ਲਾਭ ਅਤੇ ਨਾ ਹੀ ਛੱਡਣ ਨਾਲ ਕੋਈ ਹਾਨੀ ਹੈ, ਫੇਰ ਵੀ ਲੋਕ–ਸੰਗ੍ਰਹਿ, ਲੋਕਹਿਤ–ਵਿਵਸਥਾ ਦੇ ਲਈ ਉਹ ਭਲੀ ਪ੍ਰਕਾਰ ਨਿਯਤ ਕਰਮ ਦਾ ਹੀ ਆਚਰਣ ਕਰਦੇ ਹਨ –

**यद्यदाचरति श्रेष्ठस्तत्तदेवेतरो जन:।**
**स यत्प्रमाणं कुरुते लोकस्तदनुवर्तते।।२१।।**

ਸ਼੍ਰੇਸ਼ਠ ਪੁਰਸ਼ ਜੋ–ਜੋ ਆਚਰਣ ਕਰਦਾ ਹੈ, ਹੋਰ ਪੁਰਸ਼ ਵੀ ਉਸਦੇ ਅਨੁਸਾਰ ਹੀ ਕਰਦੇ ਹਨ। ਉਹ ਮਹਾਪੁਰਸ਼ ਜੋ ਕੁਝ ਪ੍ਰਮਾਣ ਕਰ ਦੇਂਦਾ ਹੈ, ਸੰਸਾਰ ਉਸਦਾ ਅਨੁਸਰਣ ਕਰਦਾ ਹੈ।

ਪਹਿਲੇ ਸ਼੍ਰੀ ਕ੍ਰਿਸ਼ਣ ਨੇ ਸਵਰੂਪ ਵਿਚ ਸਥਿਤ, ਆਤਮ ਤ੍ਰਿਪਤ ਮਹਾਪੁਰਸ਼ ਦੀ ਰਹਿਣੀ ਉਤੇ ਪ੍ਰਕਾਸ਼ ਪਾਇਆ ਕਿ ਉਸਦੇ ਲਈ ਕਰਮ ਕਰਨ ਨਾਲ ਨਾ ਕੋਈ ਲਾਭ ਅਤੇ ਨਾ ਹੀ ਛੱਡਣ ਨਾਲ ਕੋਈ ਹਾਨੀ ਹੈ, ਫੇਰ ਵੀ ਜਨਕਾਦਿ ਕਰਮ ਵਿਚ ਭਲੀ ਪ੍ਰਕਾਰ ਵਰਤਦੇ ਹਨ। ਉਥੇ ਉਹਨਾਂ ਮਹਾਪੁਰਸ਼ਾਂ ਨਾਲ ਸ਼੍ਰੀ ਕ੍ਰਿਸ਼ਣ ਸਹਿਜੇ ਨਾਲ ਆਪਣੀ ਤੁਲਨਾ ਕਰ ਦੇਂਦੇ ਹਨ ਕਿ ਮੈਂ ਵੀ ਇਕ ਮਹਾਪੁਰਸ਼ ਹਾਂ

**न मे पार्थास्ति कर्तव्यं त्रिषु लोकेषु किंचन।**
**नानवाप्तमवाप्तव्यं वर्त एव च कर्मणि ।।२२।।**

ਹੇ ਪਾਰਥ! ਮੈਨੂੰ ਤਿੰਨਾਂ ਲੋਕਾਂ ਵਿਚ ਕੋਈ ਕਰਤੱਵ ਨਹੀਂ ਹੈ। ਪਿੱਛੇ ਉਹ ਕਹਿ ਆਏ ਹਨ ਕਿ ਉਸ ਮਹਾਪੁਰਸ਼ ਦਾ ਸਾਰੇ ਜੀਵਾਂ (ਭੌਤਿਕ ਤੱਤਾਂ) ਵਿਚ ਕੋਈ ਕਰਤੱਵ ਨਹੀਂ ਹੈ, ਇੱਥੇ ਕਹਿੰਦੇ ਹਨ– ਤਿੰਨਾਂ ਲੋਕਾਂ ਵਿਚ ਮੇਰੇ ਲਈ ਕੋਈ ਕਰਤੱਵ ਬਾਕੀ ਨਹੀਂ ਹੈ, ਅਤੇ ਜ਼ਰਾ ਜਿਹੀ ਵੀ ਪ੍ਰਾਪਤ ਹੋਣ ਯੋਗ ਵਸਤੂ ਮੇਰੇ ਲਈ ਅਪ੍ਰਾਪਤ ਨਹੀਂ ਹੈ, ਤਾ ਵੀ ਮੈਂ ਕਰਮ ਵਿਚ ਭਲੀ ਪ੍ਰਕਾਰ ਵਰਤਦਾ ਹਾਂ। ਕਿਉਂ?

**यदि ह्यहं न वर्तेयं जातु कर्मण्यतन्द्रितः।**
**मम वर्त्मानुवर्तन्ते मनुष्याः पार्थ सर्वशः ।।२३।।**

ਕਿਉਂਕਿ ਜੇ ਮੈਂ ਸਾਵਧਾਨ ਹੋਕੇ ਕਰਮ ਵਿਚ ਨਾ ਵਰਤਾਂ ਤਾਂ ਮਨੁੱਖ ਮੇਰੇ ਵਰਤਾਉ ਦੇ ਅਨੁਸਾਰ ਚਲਣ ਲਗ ਜਾਣਗੇ। ਤਾਂ ਕੀ ਤੁਹਾਡਾ ਅਨੁਕਰਣ ਵੀ ਬੁਰਾ ਹੈ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ– ਹਾਂ।

**उत्सीदेयुरिमे लोका न कुर्यां कर्म चेदहम्।**
**संकरस्य च कर्ता स्यामुपहन्यामिमाः प्रजाः ।।२४।।**

ਜੇ ਮੈਂ ਸਾਵਧਾਨ ਹੋਕੇ ਕਰਮ ਨਾ ਕਰਾਂ, ਤਾਂ ਇਹ ਸਭ ਲੋਕ ਭ੍ਰਿਸ਼ਟ ਹੋ ਜਾਣ, ਭਟਕ ਜਾਣ, ਅਤੇ ਮੈਂ '**संकरस्य**' ਵਰਣ ਸੰਕਰ (ਵਰਣ ਭੇਦ) ਦਾ ਕਰਨ ਵਾਲਾ ਹੋ ਜਾਵਾਂ ਅਤੇ ਇਸ ਸਾਰੀ ਪਰਜਾ ਦਾ ਹਨਨ ਕਰਨ ਵਾਲਾ, ਮਾਰਨ ਵਾਲਾ ਬਣ ਜਾਵਾਂ। ਸਵਰੂਪ ਵਿਚ ਸਥਿਤ ਮਹਾਪੁਰਸ਼ ਸਾਵਧਾਨ ਰਹਿਕੇ ਜੇ ਆਰਾਧਨਾ–ਕ੍ਰਮ ਵਿਚ ਨਾ ਲਗੇ ਰਹਿਣ, ਤਾਂ ਸਮਾਜ ਉਹਨਾਂ ਦੀ ਨਕਲ ਕਰਕੇ ਭਟਕ ਜਾਏਗਾ। ਮਹਾਪੁਰਸ਼ ਨੇ ਤਾਂ ਆਰਾਧਨਾ ਪੂਰੀ ਕਰਕੇ ਪਰਮ ਨਿਸ਼ਕਰਮਤਾ ਦੀ ਸਥਿਤੀ ਨੂੰ ਪਾਇਆ ਹੈ। ਉਹ ਨਾ ਕਰਨ, ਤਾਂ ਉਹਨਾਂ ਲਈ ਕੋਈ ਹਾਨੀ ਨਹੀਂ ਹੈ, ਪਰ ਸਮਾਜ ਨੇ ਤਾਂ ਅਜੇ ਆਰਾਧਨਾ ਸ਼ੁਰੂ ਹੀ ਨਹੀਂ ਕੀਤੀ। ਬਾਅਦ ਵਾਲੇ ਲੋਕਾਂ ਦੇ ਮਾਰਗ ਦਰਸ਼ਨ ਲਈ ਹੀ ਮਹਾਪੁਰਸ਼ ਕਰਮ ਕਰਦੇ ਹਨ, ਮੈਂ ਵੀ ਕਰਦਾ ਹਾਂ, ਅਰਥਾਤ ਸ਼੍ਰੀ ਕ੍ਰਿਸ਼ਣ ਮਹਾਪੁਰਸ਼ ਸਨ, ਕਿਸੇ ਬੈਕੁੰਠ ਤੋਂ ਆਏ ਹੋਏ ਕੋਈ ਖ਼ਾਸ ਭਗਵਾਨ ਨਹੀਂ। ਉਹਨਾਂ ਨੇ ਕਿਹਾ ਕਿ ਮਹਾਪੁਰਸ਼ ਲੋਕ–ਸੰਗ੍ਰਹਿ ਲਈ ਕਰਮ ਕਰਦਾ ਹੈ, ਮੈਂ ਵੀ ਕਰਦਾ ਹਾਂ। ਜੇ ਨਾ ਕਰਾਂ ਤਾਂ ਲੋਕਾਂ ਦਾ ਪਤਨ ਹੋ ਜਾਇ, ਸਾਰੇ ਕਰਮ ਛੱਡ ਬੈਠਣਗੇ।

ਮਨ ਬੜਾ ਚੰਚਲ ਹੈ। ਇਹ ਸਭ ਕੁਝ ਚਾਹੁੰਦਾ ਹੈ, ਕੇਵਲ ਭਜਨ ਨਹੀਂ ਚਾਹੁੰਦਾ। ਜੇ ਸਵਰੂਪ–ਸਥਿਤ ਮਰਾਪੁਰਸ਼ ਕਰਮ ਨਾ ਕਰਨ, ਤਾਂ ਦੇਖਾਦੇਖੀ ਬਾਅਦ ਵਾਲੇ ਵੀ ਤੁਰੰਤ ਕਰਮ ਛੱਡ ਦੇਣਗੇ। ਉਹਨਾਂ ਨੂੰ ਬਹਾਨਾ ਮਿਲ ਜਾਏਗਾ ਕਿ ਇਹ ਭਜਨ ਨਹੀਂ ਕਰਦੇ, ਪਾਨ ਖਾਂਦੇ ਹਨ, ਇੱਤਰ ਲਗਾਉਂਦੇ ਹਨ, ਆਮ ਗੱਲਾਂ ਕਰਦੇ ਹਨ, ਫੇਰ ਵੀ ਮਹਾਪੁਰਸ਼ ਕਹਾਉਂਦੇ ਹਨ ਇਹ ਸੋਚਕੇ ਉਹ ਵੀ ਆਰਾਧਨਾ ਤੋਂ ਹਟ ਜਾਂਦੇ ਹਨ, ਪਤਿਤ ਹੋ ਜਾਂਦੇ ਹਨ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਜੇ ਮੈਂ ਕਰਮ ਨਾ ਕਰਾਂ, ਤਾਂ ਸਭ ਭ੍ਰਿਸ਼ਟ ਹੋ ਜਾਣ ਅਤੇ ਮੈਂ 'ਵਰਣ ਸੰਕਰ' ਦਾ ਕਰਤਾ ਬਣ ਜਾਵਾਂ।

ਇਸਤ੍ਰੀਆਂ ਦੇ ਦੂਸ਼ਿਤ ਹੋਣ ਨਾਲ ਵਰਣ ਸੰਕਰ (ਨਸਲੀ ਮਿਲਾਵਟ) ਤਾਂ ਵੇਖਿਆ–ਸੁਣਿਆ ਜਾਂਦਾ ਹੈ। ਅਰਜੁਨ ਵੀ ਇਸੇ ਭੈ ਨਾਲ ਵਿਆਕੁਲ ਸੀ ਕਿ ਇਸਤ੍ਰੀਆਂ ਦੂਸ਼ਿਤ ਹੋਣਗੀਆਂ ਤਾਂ ਵਰਣ ਸੰਕਰ ਪੈਦਾ ਹੋਣਗੇ; ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਜੇ ਮੈਂ ਸਾਵਧਾਨ ਹੋਕੇ ਆਰਾਧਨਾ ਵਿਚ ਲਗਿਆ ਨਾ ਰਹਾਂ, ਤਾਂ ਵਰਣ ਸੰਕਰ ਦਾ ਕਰਤਾ ਹੋ ਜਾਵਾਂ। ਦਰਅਸਲ ਆਤਮਾ ਦਾ ਸ਼ੁੱਧ ਵਰਣ ਹੈ

ਪਰਮਾਤਮਾ। ਆਪਣੇ ਸ਼ਾਸ਼ਵਤ ਸਵਰੂਪ ਦੇ ਰਾਹ ਤੋਂ ਭਟਕ ਜਾਣਾ ਵਰਣ ਸੰਕਰਤਾਈ ਹੈ। ਜੇ ਸਵਰੂਪ-ਸਥਿਤ ਮਹਾਪੁਰਸ਼ ਕਰਮ ਨਹੀਂ ਕਰਦੇ ਤਾਂ ਲੋਕ ਉਹਨਾਂ ਦੇ ਅਨੁਸਰਣ ਕਰਕੇ ਕਰਮ ਰਹਿਤ ਹੋ ਜਾਣਗੇ, ਆਤਮ ਮਾਰਗ ਤੋਂ ਭਟਕ ਜਾਣਗੇ, ਵਰਣ ਸੰਕਰ ਹੋ ਜਾਣਗੇ। ਉਹ ਪ੍ਰਕ੍ਰਿਤੀ ਵਿਚ ਗੁਆਚ ਜਾਣਗੇ।

ਇਸਤ੍ਰੀਆਂ ਦਾ ਸਤੀਤੱਵ ਅਤੇ ਨਸਲ ਦੀ ਸ਼ੁੱਧਤਾ ਇਕ ਸਮਾਜਕ ਵਿਵਸਥਾ ਹੈ, ਅਧਿਕਾਰਾਂ ਦਾ ਪ੍ਰਸ਼ਨ ਹੈ। ਸਮਾਜ ਲਈ ਉਸਦੀ ਉਪਯੋਗਤਾ ਵੀ ਹੈ, ਪਰ ਮਾਤਾ-ਪਿਤਾ ਦੀਆਂ ਭੁੱਲਾਂ ਦਾ ਸੰਤਾਨ ਦੀ ਸਾਧਨਾ ਉਤੇ ਕੋਈ ਅਸਰ ਨਹੀਂ ਪੈਂਦਾ। 'ਆਪਣੀ ਕਰਣੀ ਆਪਣੀ ਭਰਣੀ'। ਹਨੂਮਾਨ, ਵਿਆਸ, ਵਸ਼ਿਸ਼ਟ, ਨਾਰਦ, ਸ਼ੁਕਦੇਵ, ਕਬੀਰ, ਈਸਾ ਆਦਿ ਚੰਗੇ ਮਹਾਪੁਰਸ਼ ਹੋਏ ਹਨ, ਜਦਕਿ ਸਮਾਜਕ ਕੁਲੀਨਤਾ (ਕੁਲ ਜਾਂ ਨਾਮ) ਨਾਲ ਇਹਨਾਂ ਦਾ ਸੰਬੰਧ ਨਹੀਂ ਹੈ। ਆਤਮਾ ਆਪਣੇ ਪੂਰਬ ਜਨਮ ਦੇ ਗੁਣ-ਧਰਮ ਲੈਕੇ ਆਉਂਦਾ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ - '**मन: षष्ठानीन्द्रियाणि प्रकृतिस्थानि कर्षति।'(१५/७)** ਮਨ ਸਹਿਤ ਇੰਦ੍ਰੀਆਂ ਨਾਲ ਜੋ ਕਾਰਜ ਇਸ ਜਨਮ ਵਿਚ ਹੁੰਦਾ ਹੈ, ਉਸਦੇ ਸੰਸਕਾਰ ਲੈਕੇ ਜੀਵਾਤਮਾ ਪੁਰਾਣੇ ਸਰੀਰ ਨੂੰ ਤਿਆਗਕੇ ਨਵੇਂ ਸਰੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਵਿਚ ਜਨਮਦਾਤਿਆਂ ਦਾ ਕੀ ਲਗਿਆ? ਉਹਨਾਂ ਦੇ ਵਿਕਾਸ ਵਿਚ ਕੋਈ ਫਰਕ ਨਹੀਂ ਆਇਆ। ਇਸ ਲਈ ਇਸਤ੍ਰੀਆਂ ਦੇ ਦੂਸ਼ਿਤ ਹੋਣ ਨਾਲ ਵਰਣ ਸੰਕਰ ਨਹੀਂ ਹੁੰਦਾ। ਇਸਤ੍ਰੀਆਂ ਦੇ ਦੂਸ਼ਿਤ ਹੋਣ ਅਤੇ ਵਰਣ ਸੰਕਰ ਵਿਚ ਕੋਈ ਸੰਬੰਧ ਨਹੀਂ ਹੈ। ਸ਼ੁੱਧ ਸਵਰੂਪ ਵਲ ਨਾ ਵੱਧਕੇ ਪ੍ਰਕ੍ਰਿਤੀ ਵਿਚ ਗੁਆਚ ਜਾਣਾ ਹੀ ਵਰਣ ਸੰਕਰ ਹੈ।

ਜੇ ਮਹਾਪੁਰਸ਼ ਸਾਵਧਾਨ ਹੋਕੇ ਕ੍ਰਿਆ (ਨਿਯਤ ਕਰਮ) ਵਿਚ ਚਲਦੇ ਹੋਏ ਲੋਕਾਂ ਤੋਂ ਕ੍ਰਿਆ ਨਾ ਕਰਾਏ ਤਾਂ ਉਹ ਉਸ ਸਾਰੀ ਪਰਜਾ ਦਾ ਹਨਨ ਕਰਨ ਵਾਲਾ, ਮਾਰਣ ਵਾਲਾ ਬਣ ਜਾਏ। ਸਾਧਨਾ-ਕ੍ਰਮ ਵਿਚ ਚਲਕੇ ਉਸ ਮੂਲ ਅਵਿਨਾਸ਼ੀ ਦੀ ਪ੍ਰਾਪਤੀ ਹੀ ਜੀਵਨ ਹੈ ਅਤੇ ਪ੍ਰਕ੍ਰਿਤੀ ਵਿਚ ਖਿੰਡ ਜਾਣਾ, ਭਟਕ ਜਾਣਾ ਮੌਤ ਹੈ; ਪਰ ਉਹ ਮਹਾਪੁਰਸ਼ ਇਸ ਸਾਰੀ ਪਰਜਾ ਨੂੰ ਜੇ ਕ੍ਰਿਆ-ਮਾਰਗ ਉਤੇ ਨਹੀਂ ਚਲਾਉਂਦਾ ਤਾਂ ਉਹ ਸਾਰੀ ਪਰਜਾ ਦਾ ਹਨਨ ਕਰਨ ਵਾਲਾ ਹਤਿਆਰਾ ਹੈ, ਹਿੰਸਕ ਹੈ ਅਤੇ ਕ੍ਰਮਵਾਰ ਚਲਦੇ ਹੋਏ ਜੋ ਚਲਾ ਲੈਂਦਾ ਹੈ ਉਹ ਸ਼ੁੱਧ-ਅਹਿੰਸਕ ਹੈ। ਗੀਤਾ ਦੇ ਅਨੁਸਾਰ ਸਰੀਰ ਦਾ ਅੰਤ, ਨਸ਼ਵਰ ਕਲੇਵਰਾਂ (ਜਾਮਿਆਂ) ਦਾ ਅੰਤ ਹੈ, ਮਾਤਰ ਪਰਿਵਰਤਨ ਹੈ, ਹਿੰਸਾ ਨਹੀਂ।

**सक्ता: कर्मण्यविद्वांसो यथा कुर्वन्ति भारत।**
**कुर्याद्विद्वांस्तथासक्तश्चिकीर्षुर्लोकसंग्रहम्।।२५।।**

ਹੇ ਭਾਰਤ! ਕਰਮ ਵਿਚ ਆਸਕਤ ਹੋਏ ਅਗਿਆਨੀਜਨ ਜਿਵੇਂ ਕਰਮ ਕਰਦੇ ਹਨ, ਉਸੇ ਤਰ੍ਹਾਂ ਅਨਾਸਕਤ ਹੋਇਆ ਵਿਦਵਾਨ, ਪੂਰਣ ਗਿਆਤਾ ਵੀ ਲੋਕ-ਹਿਰਦੇ ਵਿਚ ਪ੍ਰੇਰਣਾ ਅਤੇ ਕਲਿਆਨ-ਸੰਗ੍ਰਹਿ ਚਾਹੁੰਦੇ ਹੋਏ ਕਰਮ ਕਰੇ। ਯੱਗ ਦੀ ਵਿਧੀ ਜਾਣਦੇ ਅਤੇ ਕਰਦੇ ਹੋਏ ਵੀ ਅਸੀਂ ਅਗਿਆਨੀ ਹਾਂ। ਗਿਆਨ ਦਾ ਅਰਥ ਹੈ ਪ੍ਰਤੱਖ ਜਾਣਕਾਰੀ, ਜਦ ਤਕ ਰੱਤੀ ਭਰ ਵੀ ਅਸੀਂ ਵੱਖ ਹਾਂ, ਆਰਾਧ ਵੱਖ ਹੈ, ਤਦ ਤਕ ਅਗਿਆਨ ਮੌਜੂਦ ਹੈ। ਜਦ ਤਕ ਅਗਿਆਨ ਹੈ, ਤਦ ਤਕ ਕਰਮ ਵਿਚ ਆਸਕਤੀ ਰਹਿੰਦੀ ਹੈ। ਅਗਿਆਨੀ ਜਿੰਨੀ ਆਸਕਤੀ ਨਾਲ ਆਰਾਧਨਾ ਕਰਦਾ ਹੈ, ਉਸੇ ਤਰ੍ਹਾਂ ਅਨਾਸਕਤ ਵੀ ਕਰੇ। ਜਿਸਨੂੰ ਕਰਮਾਂ ਨਾਲ ਕੋਈ ਪ੍ਰਯੋਜਨ ਨਹੀਂ, ਉਸਨੂੰ ਆਸਕਤੀ ਕਿਉਂ ਹੋਏਗੀ ? ਐਸਾ ਪੂਰਨ ਗਿਆਤਾ ਮਹਾਪੁਰਸ਼ ਵੀ ਲੋਕ-ਹਿਤ ਦੇ ਲਈ ਕਰਮ ਕਰੇ, ਦੈਵੀ ਸੰਪੱਤੀ ਦਾ ਉਤਕਰਸ਼ ਕਰੇ, ਜਿਸ ਨਾਲ ਸਮਾਜ ਉਸ ਉਤੇ ਚਲ ਸਕੇ।

**न बुद्धिभेदं जनयेदज्ञानां कर्मसंगिनाम्।**
**जोषयेत्सर्वकर्माणि विद्वान्युक्त: समाचरन्।।२६।।**

ਗਿਆਨੀ ਪੁਰਸ਼ਾਂ ਨੂੰ ਚਾਹੀਦਾ ਹੈ ਕਿ ਕਰਮਾਂ ਵਿਚ ਆਸਕਤੀ ਵਾਲੇ ਅਗਿਆਨੀਆਂ ਦੀ ਬੁੱਧੀ ਵਿਚ ਭਰਮ ਨਾ ਪੈਦਾ ਕਰਨ, ਅਰਥਾਤ ਸਵਰੂਪ–ਸਥਿਤ ਮਹਾਪੁਰਸ਼ ਧਿਆਨ ਰੱਖਣ ਕਿ ਉਹਨਾਂ ਦੇ ਕਿਸੇ ਆਚਰਣ ਨਾਲ ਬਾਅਦ ਵਾਲਿਆਂ ਦੇ ਮਨ ਵਿਚ ਕਰਮ ਦੇ ਲਈ ਅਸ਼ਰਧਾ ਨਾ ਪੈਦਾ ਹੋ ਜਾਏ। ਪਰਮਾਤਮ ਤੱਤ ਨਾਲ ਸੰਯੁਕਤ ਮਹਾਪੁਰਸ਼ ਨੂੰ ਵੀ ਚਾਹੀਦਾ ਹੈ ਕਿ ਆਪ ਭਲੀ ਪ੍ਰਕਾਰ ਨਿਯਤ ਕਰਮ ਕਰਦਾ ਹੋਇਆ ਉਹਨਾਂ ਤੋਂ ਕਰਵਾਏ।

ਇਹੋ ਕਾਰਣ ਸੀ ਕਿ 'ਪੂਜਯ ਮਹਾਰਾਜ ਜੀ' ਬਿਰਧ ਅਵਸਥਾ ਵਿਚ ਵੀ ਰਾਤ ਨੂੰ ਦੋ ਵਜੇ ਹੀ ਉਠਕੇ ਬੈਠ ਜਾਣ, ਖੰਘਣ ਲੱਗ ਜਾਣ। ਤਿੰਨ ਵਜੇ ਬੋਲਣ ਲੱਗਣ ''ਉੱਠੋ, ਮਿੱਟੀ ਦੇ ਪੁਤਲਿਉ!'' ਸਭ ਉਠਕੇ ਚਿੰਤਨ ਵਿਚ ਜਦੋਂ ਲੱਗ ਜਾਣ, ਤਾਂ ਆਪ ਥੋੜ੍ਹਾ ਲੇਟ ਜਾਣ। ਕੁਝ ਦੇਰ ਬਾਅਦ ਫੇਰ ਉਠਕੇ ਬੈਠ ਜਾਣ। ਕਹਿਣ ''ਤੁਸੀਂ ਲੋਕ ਸੋਚਦੇ ਹੋ ਕਿ ਮਹਾਰਾਜ ਸੌਂ ਰਹੇ ਹਨ, ਪਰ ਮੈਂ ਸੌਂਦਾ ਨਹੀਂ, ਸੁਆਸ ਵਿਚ ਲਗਿਆ ਹਾਂ। ਬਿਰਧ ਅਵਸਥਾ ਦਾ ਸਰੀਰ ਹੈ, ਬੈਠਣ ਵਿਚ ਕਸ਼ਟ ਹੁੰਦਾ ਹੈ, ਇਸੇ ਲਈ ਮੈਂ ਪਿਆ ਰਹਿੰਦਾ ਹਾਂ, ਪਰ ਤੁਹਾਨੂੰ ਤਾਂ ਸਥਿਰ ਅਤੇ ਸਿੱਧੇ ਬੈਠਕੇ ਚਿੰਤਨ ਵਿਚ ਲੱਗਣਾ ਹੈ। ਜਦ ਤਕ ਤੇਲ ਦੀ ਧਾਰ ਵਾਂਗ ਸੁਆਸ ਦੀ ਡੋਰ ਨਾ ਲੱਗ ਜਾਏ, ਕ੍ਰਮ ਨਾ ਟੁੱਟੇ, ਦੂਜੇ ਸੰਕਲਪ ਵਿਚ ਆਕੇ ਰੁਕਾਵਟ ਨਾ ਬਣ ਸੱਕਣ, ਤਦ ਤਕ ਨਿਰੰਤਰ ਲਗੇ ਰਹਿਣਾ ਸਾਧਕ ਦਾ ਧਰਮ ਹੈ। ਮੇਰੀ ਸੁਆਸ ਤਾਂ ਬਾਂਸ ਦੀ ਤਰ੍ਹਾਂ ਸਥਿਰ ਖੜ੍ਹੀ ਹੈ।'' ਇਹੋ ਕਾਰਣ ਹੈ ਕਿ ਅਨੁਯਾਈਆਂ ਤੋਂ ਕਰਾਉਣ ਦੇ ਲਈ ਉਹ ਮਹਾਪੁਰਸ਼ ਕਰਮ ਵਿਚ ਭਲੀ ਪ੍ਰਕਾਰ ਚਲਦਾ ਹੈ। '**ਜਿਸ ਗੁਣ ਨੂੰ ਸਿਖਾਏ, ਉਸਨੂੰ ਕਰਕੇ ਦਿਖਾਏ।**'

ਇਸ ਤਰ੍ਹਾਂ ਸਵਰੂਪ–ਸਥਿਤ ਮਹਾਪੁਰਸ਼ ਨੂੰ ਵੀ ਚਾਹੀਦਾ ਹੈ ਕਿ ਆਪ ਕਰਮ ਕਰਦਾ ਹੋਇਆ ਸਾਧਕਾਂ ਨੂੰ ਵੀ ਆਰਾਧਨਾ ਵਿਚ ਲਗਾਈ ਰੱਖੇ। ਸਾਧਕ ਵੀ ਸ਼ਰਧਾ ਨਾਲ ਆਰਾਧਨਾ ਵਿਚ ਲੱਗਣ; ਪਰ ਚਾਹੇ ਗਿਆਨਯੋਗੀ ਹੋਵੇ ਜਾਂ ਸਮਰਪਣ ਭਾਵ ਵਾਲਾ ਨਿਸ਼ਕਾਮ ਕਰਮਯੋਗੀ ਹੋਵੇ, ਸਾਧਕ ਵਿਚ ਸਾਧਨਾ ਦਾ ਅਹੰਕਾਰ ਨਹੀਂ ਆਉਣਾ ਚਾਹੀਦਾ। ਕਰਮ ਕਿਸਦੇ ਰਾਹੀਂ ਹੁੰਦੇ ਹਨ, ਉਹਨਾਂ ਦੇ ਹੋਣ ਵਿਚ ਕੌਣ ਕਾਰਣ ਰੂਪ ਹੈ? ਇਸ ਬਾਰੇ ਸ਼੍ਰੀ ਕ੍ਰਿਸ਼ਣ ਪ੍ਰਕਾਸ਼ ਪਾਉਂਦੇ ਹਨ

**प्रकृते: क्रियमाणानि गुणै: कर्माणि सर्वश:।**
**अहंकारविमूढात्मा कर्ताहमिति मन्यते।।२७।।**

ਆਰੰਭ ਤੋਂ ਪੂਰਤੀ(ਪੂਰਣਤਾ) ਤਕ ਸਾਰੇ ਕਰਮ ਪ੍ਰਕ੍ਰਿਤੀ ਦੇ ਗੁਣਾਂ ਰਾਹੀਂ ਕੀਤੇ ਜਾਂਦੇ ਹਨ। ਫੇਰ ਵੀ ਅਹੰਕਾਰ ਨਾਲ ਵਿਸ਼ੇਸ਼ ਮੂਰਖ ਪੁਰਸ਼ ''ਮੈਂ ਕਰਤਾ ਹਾਂ''–ਇਹ ਮੰਨ ਲੈਂਦੇ ਹਨ। ਇਹ ਕਿਵੇਂ ਮੰਨਿਆ ਜਾਏ ਕਿ ਆਰਾਧਨਾ ਪ੍ਰਕ੍ਰਿਤੀ ਦੇ ਗੁਣਾਂ ਰਾਹੀਂ ਹੁੰਦੀ ਹੈ? ਇਸ ਤਰ੍ਹਾਂ ਕਿਸਨੇ ਵੇਖਿਆ? ਉਹ ਕਹਿੰਦੇ ਹਨ

**तत्त्ववित्तु महाबाहो गुणकर्म विभागयो:।**
**गुणा गुणेषु वर्तन्त इति मत्वा न सज्जते।।२८।।**

ਹੇ ਮਹਾਬਾਹੂ! ਗੁਣ ਅਤੇ ਕਰਮ ਦੇ ਵਿਭਾਗ ਨੂੰ '**तत्त्ववित्**' ਪਰਮਤੱਤ ਪਰਮਾਤਮਾ ਦੀ ਜਾਣਕਾਰੀ ਵਾਲੇ ਮਹਾਪੁਰਸ਼ਾਂ ਨੇ ਵੇਖਿਆ ਅਤੇ ਸਾਰੇ ਗੁਣ, ਗੁਣਾਂ ਵਿਚ ਚਲ ਰਹੇ ਹਨ ਇਸ ਤਰ੍ਹਾਂ ਮੰਨਕੇ ਉਹ ਗੁਣਾਂ ਅਤੇ ਕਰਮਾਂ ਦੇ ਕਰਤਾਪਣੇ ਵਿਚ ਆਸਕਤ ਨਹੀਂ ਹੁੰਦੇ।

ਇੱਥੇ ਤੱਤ ਦਾ ਅਰਥ ਪਰਮਤੱਤ ਪਰਮਾਤਮਾ ਹੈ, ਪੰਜ ਤੱਤ ਜਾਂ ਪੰਜੀ ਤੱਤ ਨਹੀਂ, ਜਿਵੇਂ ਕਿ ਲੋਕੀਂ ਗਿਣਦੇ ਹਨ। ਯੋਗੇਸ਼ਵਰ ਸ਼੍ਰੀ ਕ੍ਰਿਸ਼ਨ ਦੇ ਸ਼ਬਦਾਂ ਵਿਚ ਤੱਤ ਕੇਵਲ ਪਰਮਾਤਮਾ ਹੈ, ਹੋਰ ਕੋਈ ਤੱਤ ਹੈ ਹੀ ਨਹੀਂ। ਗੁਣਾਂ ਨੂੰ ਪਾਰ ਕਰਕੇ ਪਰਮਤੱਤ ਪਰਮਾਤਮਾ ਵਿਚ ਸਥਿਤ ਮਹਾਪੁਰਸ਼ ਗੁਣ ਦੇ ਅਨੁਸਾਰ ਕਰਮਾਂ ਦਾ ਵਿਭਾਜਨ (ਵੰਡ) ਵੇਖ ਸਕਦੇ ਹਨ। ਤਾਮਸੀ ਗੁਣ ਰਹੇਗਾ ਤਾਂ ਉਸਦਾ ਕੰਮ ਹੋਏਗਾ – ਆਲਸ, ਨੀਂਦ, ਗਫ਼ਲਤ, ਕਰਮ, ਵਿਚ ਪ੍ਰਵਿਰਤ ਨਾ ਹੋਣ ਦਾ ਸੁਭਾਅ। ਰਾਜਸੀ ਗੁਣ ਹੋਵੇਗਾ ਤਾਂ ਆਰਾਧਨਾ ਤੋਂ ਪਿੱਛੇ ਨਾ ਹਟਣ ਵਾਲਾ ਸੁਭਾਅ, ਸੂਰਬੀਰਤਾ, ਸੁਆਮੀਭਾਵ ਨਾਲ ਕਰਮ ਕਰੇਗਾ ਅਤੇ ਸਾਤਵਿਕ ਗੁਣ ਹੋਣਗੇ ਤਾਂ ਧਿਆਨ, ਸਮਾਧੀ, ਅਨੁਭਵੀ ਉਪਲਬਧੀ, ਨਿਰੰਤਰਤਾਪੂਰਨ ਚਿੰਤਨ, ਸਰਲਤਾ ਵਾਲਾ ਸੁਭਾਅ ਹੋਇਗਾ। ਗੁਣ ਪਰਿਵਰਤਨਸ਼ੀਲ ਹਨ। ਪ੍ਰਤੱਖ ਦਰਸ਼ੀ ਗਿਆਨੀ ਹੀ ਵੇਖ ਸਕਦਾ ਹੈ ਕਿ ਗੁਣਾਂ ਦੇ ਅਨੁਸਾਰ ਕਰਮਾਂ ਦਾ ਵਧਣਾ ਜਾਂ ਘਟਣਾ ਹੁੰਦਾ ਹੈ। ਗੁਣ ਆਪਣਾ ਕਾਰਜ ਕਰਵਾ ਲੈਂਦੇ ਹਨ, ਅਰਥਾਤ ਗੁਣ ਗੁਣਾਂ ਵਿਚ ਚਲਦੇ ਹਨ, ਐਸਾ ਸਮਝਕੇ ਉਹ ਪ੍ਰਤੱਖਦ੍ਰਿਸ਼ਟਾ ਕਰਮ ਵਿਚ ਆਸਕਤ ਨਹੀਂ ਹੁੰਦਾ। ਪਰ ਜਿਨ੍ਹਾਂ ਨੇ ਗੁਣਾਂ ਦਾ ਪਾਰ ਨਹੀਂ ਪਾਇਆ, ਜੋ ਅਜੇ ਰਾਹ ਵਿਚ ਹਨ, ਉਹਨਾਂ ਨੂੰ ਤਾਂ ਕਰਮ ਵਿਚ ਆਸਕਤ ਰਹਿਣਾ ਹੈ। ਇਸ ਲਈ

**प्रकृतेर्गुणणसंमूढा: सज्जन्ते गुणकर्मसु ।**
**तानकृत्स्नविदो मन्दान्कृत्स्नविन्न विचालयेत् ।।२९ ।।**

ਪ੍ਰਕ੍ਰਿਤੀ ਦੇ ਗੁਣਾਂ ਨਾਲ ਮੋਹਿਤ ਹੋਏ ਪੁਰਸ਼ ਗੁਣ ਅਤੇ ਕਰਮਾਂ ਵਿਚ ਕ੍ਰਮਵਾਰ ਨਿਰਮਲ ਗੁਣਾਂ ਰਾਹੀਂ ਉੱਨਤੀ ਵੇਖਕੇ ਉਹਨਾਂ ਵਿਚ ਆਸਕਤ ਹੁੰਦੇ ਹਨ। ਇਸ ਬਾਰੇ ਵਿਚ ਚੰਗੀ ਤਰ੍ਹਾਂ ਨਾ ਸਮਝਣ ਵਾਲੇ '**मन्दान्**'– ਅਰਥਾਤ ਢਿਲੀਆਂ ਕੋਸ਼ਿਸ਼ਾਂ ਵਾਲਿਆਂ ਨੂੰ ਚੰਗੀ ਤਰ੍ਹਾਂ ਜਾਣਨ ਵਾਲਾ ਗਿਆਨੀ ਵਿਚਲਿਤ ਨਾ ਕਰੇ। ਉਹਨਾਂ ਨੂੰ ਨਿਰਉਤਸਾਹ ਨਾ ਕਰੇ। ਸਗੋਂ ਉਤਸਾਹ ਦੇਵੇ; ਕਿਉਂਕਿ ਕਰਮ ਕਰਕੇ ਹੀ ਉਹਨਾਂ ਨੂੰ ਪਰਮ ਨਿਸ਼ਕਰਮਤਾ ਦੀ ਸਥਿਤੀ ਪਾਉਣੀ ਹੈ। ਆਪਣੀ ਸ਼ਕਤੀ ਅਤੇ ਸਥਿਤੀ ਦਾ ਅੰਦਾਜ਼ਾ ਲਗਾਕੇ ਕਰਮ ਵਿਚ ਪ੍ਰਵਿਰਤ ਹੋਣ ਵਾਲੇ ਗਿਆਨ ਮਾਰਗੀ ਸਾਧਕਾਂ ਨੂੰ ਚਾਹੀਦਾ ਹੈ ਕਿ ਕਰਮ ਨੂੰ ਗੁਣਾਂ ਦੀ ਦੇਣ ਮੰਨਣ, ਖ਼ੁਦ ਨੂੰ ਕਰਤਾ ਮੰਨਕੇ ਅਹੰਕਾਰੀ ਨਾ ਬਣ ਜਾਣ, ਨਿਰਮਲ ਗੁਣ ਪ੍ਰਾਪਤ ਹੋਣ ਤੇ ਵੀ ਉਹਨਾਂ ਵਿਚ ਆਸਕਤ ਨਾ ਹੋਣ। ਪਰ ਨਿਸ਼ਕਾਮ ਕਰਮਯੋਗੀ ਨੂੰ ਕਰਮ ਅਤੇ ਗੁਣਾਂ ਦੇ ਵਿਸ਼ਲੇਸ਼ਣ ਵਿਚ ਸਮਾਂ ਲਗਾਉਣ ਦੀ ਕੋਈ ਲੋੜ ਨਹੀਂ ਹੈ। ਉਸਨੂੰ ਤਾਂ ਬਸ ਸਮਰਪਣ ਦੇ ਨਾਲ ਕਰਮ ਕਰਦੇ ਜਾਣਾ ਹੈ। ਕਿਹੜਾ ਗੁਣ ਆ–ਜਾ ਰਿਹਾ ਹੈ, ਇਹ ਵੇਖਣਾ ਇਸ਼ਟ ਦੀ ਜ਼ਿੰਮੇਦਾਰੀ ਹੋ ਜਾਂਦੀ ਹੈ। ਗੁਣਾਂ ਦਾ ਪਰਿਵਰਤਨ ਅਤੇ ਕ੍ਰਮ–ਕ੍ਰਮ ਨਾਲ ਉਨੱਤੀ ਉਹ ਇਸ਼ਟ ਦੀ ਹੀ ਦੇਣ ਮੰਨਦਾ ਹੈ ਅਤੇ ਕਰਮ ਦੇ ਹੋਣ ਨੂੰ ਵੀ ਇਸ਼ਟ ਦੀ ਦੇਣ ਮੰਨਦਾ ਹੈ। ਇਸ ਲਈ ਕਰਤਾਪੁਣੇ ਦਾ ਅਹੰਕਾਰ ਜਾਂ ਗੁਣਾਂ ਵਿਚ ਆਸਕਤੀ ਹੋਣ ਦੀ ਸਮੱਸਿਆਂ ਉਸਦੇ ਲਈ ਨਹੀਂ ਰਹਿੰਦੀ, ਜਦਕਿ ਉਹ ਨਿਰੰਤਰ ਹੀ ਲਗਿਆ ਰਹਿੰਦਾ ਹੈ। ਇਸੇ ਬਾਰੇ ਅਤੇ ਨਾਲ ਹੀ ਯੁੱਧ ਦਾ ਸਵਰੂਪ ਦਸਦੇ ਹੋਏ ਸ਼੍ਰੀ ਕ੍ਰਿਸ਼ਨ ਕਹਿੰਦੇ ਹਨ

**मयि सर्वाणि कर्माणि संन्यस्याध्यात्मचेतसा ।**
**निराशीर्निर्ममो भूत्वा युध्यस्व विगतज्वर: ।।३० ।।**

ਇਸ ਲਈ ਅਰਜੁਨ! ਤੂੰ '**अध्यात्मचेतसा**' ਅੰਤਰਾਤਮਾ ਵਿਚ ਚਿੱਤ ਦਾ ਨਿਰੋਧ ਕਰਕੇ, ਧਿਆਨ ਵਿਚ ਸਥਿਤ ਹੋਕੇ, ਸਾਰੇ ਕਰਮਾਂ ਦਾ ਮੇਰੇ ਵਿਚ ਅਰਪਣ ਕਰਕੇ, ਆਸ਼ਾ ਰਹਿਤ, ਮਮਤਾ ਰਹਿਤ ਅਤੇ ਸੰਤਾਪਰਹਿਤ ਹੋਕੇ ਯੁੱਧ ਕਰ। ਜਦ ਚਿੱਤ ਧਿਆਨ ਵਿਚ ਸਥਿਤ ਹੈ, ਰੱਤੀਭਰ ਵੀ ਕਿਧਰੇ ਆਸ ਨਹੀਂ, ਕਰਮ ਵਿਚ ਮੇਰਾਪਣ ਨਹੀਂ, ਅਸਫਲਤਾ ਦਾ ਸੰਤਾਪ ਨਹੀਂ, ਤਾਂ ਉਹ ਪੁਰਸ਼ ਕਿਹੜਾ

ਯੁੱਧ ਕਰੇਗਾ? ਜਦ ਸਭ ਪਾਸਿਉਂ ਚਿੱਤ ਸਿਮਟਕੇ ਹਿਰਦੇ-ਦੇਸ਼ ਵਿਚ ਸਥਿਤ ਹੁੰਦਾ ਜਾ ਰਿਹਾ ਹੈ, ਤਾਂ ਉਹ ਲੜੇਗਾ ਕਿਸ ਲਈ, ਕਿਸ ਨਾਲ ਅਤੇ ਉੱਥੇ ਹੈ ਕੌਣ? ਵਾਸਤਵ ਵਿਚ ਜਦੋਂ ਤੁਸੀਂ ਧਿਆਨ ਵਿਚ ਪ੍ਰਵੇਸ਼ ਕਰੋਗੇ, ਤਦੇ ਯੁੱਧ ਦਾ ਸਹੀ ਸਵਰੂਪ ਖੜ੍ਹਾ ਹੁੰਦਾ ਹੈ, ਤਾਂ ਕਾਮ-ਕ੍ਰੋਧ, ਰਾਗ-ਦ੍ਵੇਸ਼, ਆਸ਼ਾ-ਤ੍ਰਿਸ਼ਨਾ ਆਦਿ ਵਿਕਾਰਾਂ ਦਾ ਸਮੂਹ, ਵਿਜਾਤੀ (ਬਾਹਰੀ) ਪ੍ਰਵਿਰਤੀਆਂ, ਜੋ 'ਕੁਰੂ' ਕਹਾਉਂਦੀਆਂ ਹਨ, ਸੰਸਾਰ ਵਿਚ ਪ੍ਰਵਿਰਤ ਕਰਦੀਆਂ ਹੀ ਰਹਿੰਦੀਆਂ ਹਨ। ਰੁਕਾਵਟ ਬਣਕੇ ਭਿਅੰਕਰ ਹਮਲਾ ਕਰਦੀਆਂ ਹਨ। ਬਸ ਇਹਨਾਂ ਦਾ ਪਾਰ ਪਾਉਣਾ ਹੀ ਯੁੱਧ ਹੈ। ਇਹਨਾਂ ਨੂੰ ਮਿਟਾਉਂਦੇ ਹੋਏ ਅੰਤਰਾਤਮਾ ਵਿਚ ਸਿਮਟਦੇ ਜਾਣਾ, ਧਿਆਨੱਸਥ ਹੁੰਦੇ ਜਾਣਾ ਹੀ ਯਥਾਰਥ ਯੁੱਧ ਹੈ। ਇਸੇ ਬਾਰੇ ਉਹ ਫੇਰ ਬਲ ਦੇਂਦੇ ਹਨ -

**ये मे मतमिदं नित्यमनुतिष्ठन्ति मानवा: ।**
**श्रद्धावन्तोऽनसूयन्तो मुच्यन्ते तेऽपि कर्मभि: ।।३१।।**

ਅਰਜੁਨ! ਜੋ ਕੋਈ ਮਨੁੱਖ ਦੋਸ਼-ਦ੍ਰਿਸ਼ਟੀ ਤੋਂ ਰਹਿਤ ਹੋਕੇ, ਸ਼ਰਧਾਭਾਵ ਨਾਲ ਸਮਰਪਿਤ ਹੋਕੇ, ਸਦਾ ਮੇਰੀ ਇਸ ਮਤ ਦੇ ਅਨੁਸਾਰ ਚਲਦਾ ਹੈ ਕਿ 'ਯੁੱਧ ਕਰ', ਉਹ ਪੁਰਸ਼ ਵੀ ਸਾਰੇ ਕਰਮਾਂ ਤੋਂ ਛੁੱਟ ਜਾਂਦਾ ਹੈ। ਯੋਗੇਸ਼ਵਰ ਦਾ ਇਹ ਭਰੋਸਾ ਕਿਸੇ ਹਿੰਦੂ, ਮੁਸਲਮਾਨ, ਜਾਂ ਈਸਾਈ ਦੇ ਲਈ ਨਹੀਂ, ਸਗੋਂ ਮਾਨਵ ਮਾਤਰ ਲਈ ਹੈ। ਉਹਨਾਂ ਦਾ ਮਤ ਹੈ ਕਿ 'ਯੁੱਧ ਕਰ!' ਇਸਤੋਂ ਇਹ ਲਗਦਾ ਹੈ ਕਿ ਉਪਦੇਸ਼ ਯੁੱਧ ਵਾਲਿਆਂ ਲਈ ਸੀ। ਅਰਜੁਨ ਦੇ ਸਾਮ੍ਹਣੇ ਚੰਗੇ ਭਾਗਾਂ ਨਾਲ ਵਿਸ਼ਵ-ਯੁੱਧ ਦੀ ਸੰਰਚਨਾ ਸੀ। ਤੁਹਾਡੇ ਸਾਮ੍ਹਣੇ ਤਾਂ ਕੋਈ ਯੁੱਧ ਨਹੀਂ ਹੈ। ਤੁਸੀਂ ਗੀਤਾ ਦੇ ਪਿੱਛੇ ਕਿਉਂ ਪਏ ਹੋ, ਕਿਉਂਕਿ ਕਰਮਾਂ ਤੋਂ ਛੁੱਟਣ ਦਾ ਉਪਾਅ ਤਾਂ ਯੁੱਧ ਕਰਨ ਵਾਲਿਆਂ ਲਈ ਹੈ। ਪਰ ਇਸ ਤਰ੍ਹਾਂ ਕੁਝ ਨਹੀਂ ਹੈ। ਦਰਅਸਲ ਇਹ ਅੰਤਰਦੇਸ਼ ਦੀ ਲੜਾਈ ਹੈ। ਖੇਤਰ (ਸਰੀਰ) ਅਤੇ ਖੇਤ੍ਰਗਿਅ (ਸਰੀਰ ਨੂੰ ਜਾਣਨ ਵਾਲੇ) ਦਾ, ਵਿਦਿਆ ਅਤੇ ਅਵਿਦਿਆ ਦਾ, ਧਰਮਖੇਤਰ ਅਤੇ ਕੁਰੂਖੇਤਰ ਦਾ ਸੰਘਰਸ਼ ਹੈ। ਤੁਸੀਂ ਜਿਉਂ-ਜਿਉਂ ਧਿਆਨ ਵਿਚ ਚਿੱਤ ਨੂੰ ਸਥਿਰ ਕਰੋਗੇ, ਵਿਜਾਤੀ (ਬਾਹਰੀ) ਪ੍ਰਵਿਰਤੀ ਰੁਕਾਵਟ ਬਣਕੇ ਪ੍ਰਤੱਖ ਹੋਵੇਗੀ, ਭਿਅੰਕਰ ਹਮਲਾ ਕਰੇਗੀ। ਉਸਦਾ ਸ਼ਮਨ ਕਰਦੇ ਹੋਏ ਚਿੱਤ ਨੂੰ ਸਥਿਰ ਕਰਦੇ ਜਾਣਾ ਹੀ ਯੁੱਧ ਹੈ। ਜੋ ਦੋਸ਼-ਦ੍ਰਿਸ਼ਟੀ ਤੋਂ ਰਹਿਤ ਹੋਕੇ, ਸ਼ਰਧਾ ਨਾਲ ਇਸ ਯੁੱਧ ਵਿਚ ਲਗਦਾ ਹੈ, ਉਹ ਕਰਮਾਂ ਦੇ ਬੰਧਨ ਤੋਂ, ਆਵਾਗਮਨ ਤੋਂ, ਭਲੀ ਪ੍ਰਕਾਰ ਛੁਟਕਾਰਾ ਪਾ ਜਾਂਦਾ ਹੈ। ਜੋ ਇਸ ਯੁੱਧ ਵਿਚ ਪ੍ਰਵਿਰਤ ਨਹੀਂ ਹੁੰਦਾ, ਉਸਦੀ ਕੀ ਗਤਿ ਹੁੰਦੀ ਹੈ? ਇਸ ਬਾਰੇ ਉਹ ਕਹਿੰਦੇ ਹਨ

**ये त्वेतदभ्यसूयन्तो नानुतिष्ठन्ति मे मतम् ।**
**सर्वज्ञानविमूढांस्तान्विद्धि नष्टानचेतस: ।।३२।।**

ਜੋ ਦੋਸ਼-ਦ੍ਰਿਸ਼ਟੀ ਵਾਲੇ '**अचेतस:**'- ਮੋਹ ਰੂਪੀ ਰਾਤ ਵਿਚ ਅਚੇਤ ਲੋਕੀਂ, ਮੇਰੀ ਇਸ ਮਤ ਦੇ ਅਨੁਸਾਰ ਨਹੀਂ ਚਲਦੇ, ਅਰਥਾਤ ਧਿਆਨ ਸਥ ਹੋਕੇ ਆਸ਼ਾ, ਮਮਤਾ, ਸੰਤਾਪ ਤੋਂ ਰਹਿਤ ਹੋਕੇ ਸਮਰਪਣ ਦੇ ਨਾਲ ਯੁੱਧ ਨਹੀਂ ਕਰਦੇ, '**सर्वज्ञानविमूढान्**'- ਗਿਆਨ ਮਾਰਗ ਵਿਚ ਪੂਰਨ ਮੋਹਿਤ ਉਹਨਾਂ ਲੋਕਾਂ ਨੂੰ ਤੂੰ ਕਲਿਆਨ-ਮਾਰਗ ਤੋਂ ਭਟਕਿਆ ਹੋਇਆ ਹੀ ਜਾਣ। ਜਦ ਇਹੋ ਸਹੀ ਹੈ ਤਾਂ ਲੋਕੀਂ ਇਹ ਕਿਉਂ ਨਹੀਂ ਕਰਦੇ? ਇਸ ਬਾਰੇ ਦਸਿਆ ਹੈ

**सदृशं चेष्टते स्वस्या: प्रकृतेर्ज्ञानवानपि ।**
**प्रकृतिं यान्ति भूतानि निग्रह: किं करिष्यति ।।३३।।**

ਸਾਰੇ ਪ੍ਰਾਣੀ ਆਪਣੀ ਪ੍ਰਕ੍ਰਿਤੀ (ਸੁਭਾਅ) ਨੂੰ ਪ੍ਰਾਪਤ ਹੁੰਦੇ ਹਨ, ਆਪਣੇ ਸੁਭਾਅ ਦੇ ਵੱਸ਼ ਹੋਕੇ ਕਰਮ ਵਿਚ ਹਿੱਸਾ ਲੈਂਦੇ ਹਨ। ਪ੍ਰਤੱਖਦਰਸ਼ੀ ਗਿਆਨੀ ਵੀ ਆਪਣੀ ਪ੍ਰਕ੍ਰਿਤੀ ਦੇ ਅਨੁਸਾਰ ਕੋਸ਼ਿਸ਼ ਕਰਦਾ ਹੈ। ਪ੍ਰਾਣੀ ਆਪਣੇ ਕਰਮਾਂ ਵਿਚ ਚਲਦੇ ਹਨ ਅਤੇ ਗਿਆਨੀ ਆਪਣੇ ਸਵਰੂਪ ਵਿਚ। ਜਿਸ ਤਰ੍ਹਾਂ ਜਿਸਦੀ ਪ੍ਰਕ੍ਰਿਤੀ ਦਾ ਦਬਾਅ ਹੈ, ਉਸੇ ਤਰ੍ਹਾਂ ਹੀ ਉਹ ਕਾਰਜ ਕਰਦਾ ਹੈ। ਇਹ ਸੂਖਮ ਸਿੱਧ ਹੈ। ਇਸਦਾ ਨਿਰਾਕਰਣ ਕੋਈ ਕੀ ਕਰੇਗਾ? ਇਹੋ ਕਾਰਣ ਹੈ ਕਿ ਸਭੋ ਲੋਕ ਮੇਰੀ ਮਤ ਦੇ ਅਨੁਸਾਰ ਕਰਮ ਵਿਚ ਪ੍ਰਵਿਰਤ ਨਹੀਂ ਹੋ ਪਾਉਂਦੇ। ਉਹ ਆਸ਼ਾ, ਮਮਤਾ, ਸੰਤਾਪ ਦਾ, ਅਰਥਾਤ ਰਾਗ-ਦ੍ਵੇਸ਼ ਦਾ ਤਿਆਗ ਨਹੀਂ ਕਰ ਪਾਉਂਦੇ, ਜਿਸ ਕਰਕੇ ਕਰਮ ਦਾ ਭਲੀ ਪ੍ਰਕਾਰ ਆਚਰਣ ਨਹੀਂ ਹੋ ਸਕਦਾ। ਇਸੇ ਨੂੰ ਹੋਰ ਸਪੱਸ਼ਟ ਕਰਦਿਆਂ ਉਹ ਦੂਜਾ ਕਾਰਣ ਦਸਦੇ ਹਨ –

**इन्द्रियस्येन्द्रियस्यार्थे रागद्वेषौ व्यवस्थितौ।**
**तयोर्न वशमागच्छेतौ ह्यस्य परिपन्थिनौ ।।३४।।**

ਇੰਦ੍ਰੀਆਂ ਅਤੇ ਇੰਦ੍ਰੀਆਂ ਦੇ ਭੋਗਾਂ ਵਿਚ ਰਾਗ ਅਤੇ ਦ੍ਵੇਸ਼ ਸਥਿਤ ਹਨ। ਇਹਨਾਂ ਦੋਨਾਂ ਦੇ ਵੱਸ ਵਿਚ ਨਹੀਂ ਹੋਣਾ ਚਾਹੀਦਾ; ਕਿਉਂਕਿ ਇਸ ਕਲਿਆਨ-ਮਾਰਗ ਵਿਚ, ਕਰਮਾਂ ਤੋਂ ਛੁਡਾਉਣ ਵਾਲੀ ਇਸ ਵਿਧੀ ਵਿਚ ਇਹ ਰਾਗ ਅਤੇ ਦ੍ਵੇਸ਼ ਭਿਆਨਕ ਸ਼ਤਰੂ ਹਨ, ਇਹ ਆਰਾਧਨਾ ਦਾ ਅਪਹਰਣ ਕਰ ਲੈ ਜਾਂਦੇ ਹਨ। ਜਦ ਸ਼ਤਰੂ ਅੰਦਰ ਹਨ, ਤਾਂ ਬਾਹਰ ਕੋਈ ਕਿਸੇ ਨਾਲ ਕਿਉਂ ਲੜੇਗਾ? ਸ਼ਤਰੂ ਤਾਂ ਇੰਦ੍ਰੀਆਂ ਅਤੇ ਭੋਗਾਂ ਦੇ ਨਾਲ ਹੈ, ਅੰਤਰਦੇਸ਼ ਵਿਚ ਹੈ। ਇਸ ਲਈ ਇਹ ਯੁੱਧ ਵੀ ਅੰਤਰਦੇਸ਼ ਦਾ ਯੁੱਧ ਹੈ; ਕਿਉਂਕਿ ਸਰੀਰ ਹੀ ਖੇਤਰ ਹੈ, ਜਿਸ ਵਿਚ ਸਜਾਤੀ (ਭੀਤਰੀ)-ਵਿਜਾਤੀ (ਬਾਹਰੀ) ਦੋਨੋਂ ਪ੍ਰਵਿਰਤੀਆਂ, ਵਿਦਿਆ ਅਤੇ ਅਵਿਦਿਆ ਰਹਿੰਦੀਆਂ ਹਨ, ਜੋ ਮਾਇਆ ਦੇ ਦੋ ਅੰਗ ਹਨ। ਇਹਨਾਂ ਹੀ ਪ੍ਰਵਿਰਤੀਆਂ ਤੋਂ ਪਾਰ ਪਾਉਣਾ, ਸਜਾਤੀ ਪ੍ਰਵਿਰਤੀ ਨੂੰ ਸਾਧਕੇ ਵਿਜਾਤੀ ਦਾ ਅੰਤ ਕਰਨਾ ਹੀ ਯੁੱਧ ਹੈ। ਵਿਜਾਤੀ ਸਮਾਪਤ ਹੋਣ ਤੇ ਸਜਾਤੀ ਦਾ ਉਪਯੋਗ ਸਮਾਪਤ ਹੋ ਜਾਂਦਾ ਹੈ। ਸਵਰੂਪ ਦਾ ਸਪਰਸ਼ ਕਰਕੇ ਸਜਾਤੀ ਦਾ ਵੀ ਉਸੇ ਵਿਚ ਲੀਨ ਹੋਣਾ, ਇਸ ਤਰ੍ਹਾਂ ਪ੍ਰਕ੍ਰਿਤੀ ਦਾ ਪਾਰ ਪਾਉਣਾ ਯੁੱਧ ਹੈ, ਜੋ ਧਿਆਨ ਵਿਚ ਹੀ ਸੰਭਵ ਹੈ।

ਰਾਗ-ਦ੍ਵੇਸ਼ ਦੇ ਸ਼ਮਨ ਵਿਚ ਸਮਾਂ ਲਗਦਾ ਹੈ। ਇਸ ਲਈ ਬਹੁਤ ਸਾਰੇ ਸਾਧਕ ਕ੍ਰਿਆ ਨੂੰ ਛੱਡਕੇ ਇਕਦਮ ਹੀ ਮਹਾਪੁਰਸ਼ ਦੀ ਨਕਲ ਕਰਨ ਲਗ ਪੈਂਦੇ ਹਨ। ਸ਼੍ਰੀ ਕ੍ਰਿਸ਼ਣ ਇਸਤੋਂ ਸਾਵਧਾਨ ਕਰਦੇ ਹਨ-

**श्रेयान्स्वधर्मो विगुण: परधर्मात्स्वनुष्ठितात्।**
**स्वधर्मे निधनं श्रेय: परधर्मो भयावह: ।।३५।।**

ਇਕ ਸਾਧਕ ਦਸ ਸਾਲਾਂ ਤੋਂ ਸਾਧਨਾ ਵਿਚ ਲਗਿਆ ਹੋਇਆ ਹੈ ਅਤੇ ਦੂਜਾ ਅੱਜ ਸਾਧਨਾ ਵਿਚ ਪ੍ਰਵੇਸ਼ ਲੈ ਰਿਹਾ ਹੈ। ਦੋਨਾਂ ਦੀ ਸਮਰੱਥਾ ਇੱਕੋ ਜਿਹੀ ਨਹੀਂ ਹੋਵੇਗੀ। ਆਰੰਭ ਕਰਨ ਵਾਲਾ ਸਾਧਕ ਜੇ ਉਸਦੀ ਨਕਲ ਕਰਦਾ ਹੈ, ਤਾਂ ਨਸ਼ਟ ਹੋ ਜਾਏਗਾ। ਇਸ ਲਈ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ 'ਚੰਗੀ ਤਰ੍ਹਾਂ ਆਚਰਣ ਕੀਤੇ ਹੋਏ ਦੂਜੇ ਦੇ ਧਰਮ ਨਾਲੋਂ ਆਪਣਾ ਗੁਣ ਰਹਿਤ ਧਰਮ ਵੀ ਜ਼ਿਆਦਾ ਉੱਤਮ ਹੈ।' ਸੁਭਾਅ ਤੋਂ ਪੈਦਾ ਕਰਮ ਵਿਚ ਪ੍ਰਵਿਰਤ ਹੋਣ ਦੀ ਸਮਰੱਥਾ ਸ੍ਵੈਧਰਮ ਹੈ। ਆਪਣੀ ਸਮਰੱਥਾ ਅਨੁਸਾਰ ਕਰਮ ਵਿਚ ਪ੍ਰਵਿਰਤ ਹੋਣ ਨਾਲ ਸਾਧਕ ਇਕ ਨਾ ਇਕ ਦਿਨ ਪਾਰ ਪਾ ਜਾਂਦਾ ਹੈ। ਇਸ ਲਈ ਸ੍ਵੈਧਰਮ ਦੇ ਆਚਰਣ ਵਿਚ ਮਰਨਾ ਵੀ ਪਰਮ ਕਲਿਆਨਕਾਰੀ ਹੈ। ਜਿੱਥੋਂ ਸਾਧਕ ਛੁੱਟੇਗਾ, ਸਰੀਰ ਮਿਲਣ ਤੇ ਫੇਰ ਉੱਥੋਂ ਹੀ ਸ਼ੁਰੂ ਹੋਵੇਗਾ। ਆਤਮਾ ਤਾਂ ਮਰਦਾ ਨਹੀਂ। ਵਸਤਰ (ਸਰੀਰ) ਬਦਲਣ ਨਾਲ

ਤੁਹਾਡੇ ਬੁੱਧੀ-ਵਿਚਾਰ ਬਦਲ ਤਾਂ ਨਹੀਂ ਜਾਂਦੇ? ਅੱਗੇ ਪਹੁੰਚੇ ਹੋਇਆਂ ਦਾ ਢੌਂਗ ਕਰਕੇ ਸਾਧਕ ਨੂੰ ਭੈ ਪ੍ਰਾਪਤ ਹੋਵੇਗਾ। ਭੈ ਪ੍ਰਕ੍ਰਿਤੀ ਵਿਚ ਹੁੰਦਾ ਹੈ, ਪਰਮਾਤਮਾ ਵਿਚ ਨਹੀਂ। ਪ੍ਰਕ੍ਰਿਤੀ ਦਾ ਆਵਰਣ ਹੋਰ ਗਹਿਰਾ ਹੋ ਜਾਏਗਾ।

ਇਸ ਭਗਵਤ ਮਾਰਗ ਵਿਚ ਨਕਲ ਬਹੁਤ ਹੈ। 'ਪੂਜਯ ਮਹਾਰਾਜ ਜੀ' ਨੂੰ ਇਕ ਵਾਰ ਆਕਾਸ਼ਵਾਣੀ ਹੋਈ ਸੀ ਕਿ 'ਅਨੁਸੁਈਆ' ਜਾਕੇ ਰਹਿਣ, ਤਾਂ ਉਹ ਜੱਮੂ ਤੋਂ ਚਿਤ੍ਰਕੂਟ ਆਏ ਅਤੇ ਅਨੁਸੁਈਆ ਦੇ ਘੋਰ ਜੰਗਲ ਵਿਚ ਨਿਵਾਸ ਕਰਨ ਲਗੇ। ਬਹੁਤ ਸਾਰੇ ਮਹਾਤਮਾ ਉਥੋਂ ਆਉਂਦੇ-ਜਾਂਦੇ ਸਨ। ਇਕ ਨੇ ਦੇਖਿਆ ਕਿ ਪਰਮਹੰਸਜੀ ਦਿਗੰਬਰ (ਵਸਤਰ ਰਹਿਤ) ਨੰਗ-ਧੜੰਗ ਰਹਿੰਦੇ ਹਨ, ਉਹਨਾਂ ਦਾ ਆਦਰ ਹੁੰਦਾ ਹੈ, ਤਾਂ ਉਹਨਾਂ ਨੇ ਵੀ ਤੁਰੰਤ ਕੌਪੀਨ (ਗੁਪਤ ਅੰਗ ਢੱਕਣ ਦਾ ਕਪੜਾ) ਸੁਟਿਆ, ਦੰਡ-ਕਮੰਡਲ ਇਕ ਹੋਰ ਮਹਾਤਮਾ ਨੂੰ ਦੇ ਦਿਤਾ ਅਤੇ ਦਿਗੰਬਰ ਹੋ ਗਏ। ਕੁਝ ਸਮੇਂ ਬਾਅਦ ਉਹ ਫੇਰ ਆਏ ਤਾਂ ਵੇਖਿਆ, ਪਰਮਹੰਸਜੀ ਲੋਕਾਂ ਨਾਲ ਗੱਲਾਂ ਵੀ ਕਰਦੇ ਹਨ, ਗਾਲਾਂ ਵੀ ਦੇਂਦੇ ਹਨ। ਮਹਾਰਾਜਜੀ ਨੂੰ ਆਦੇਸ਼ ਹੋਇਆ ਸੀ ਕਿ ਭਗਤਾਂ ਦੇ ਕਲਿਆਨ ਲਈ ਕੁਝ ਤਾੜਨਾ (ਡਾਂਟ-ਫਟਕਾਰ) ਦਿਆ ਕਰਨ। ਇਸ ਮਾਰਗ ਦੇ ਮਾਰਗੀਆਂ ਦੀ ਨਿਗਰਾਨੀ ਕਰਨ। ਮਹਾਰਾਜਜੀ ਦੀ ਨਕਲ ਕਰਕੇ ਉਹ ਮਹਾਤਮਾ ਵੀ ਗਾਲਾਂ ਦੇਣ ਲਗੇ, ਪਰ ਬਦਲੇ ਵਿਚ ਲੋਕ ਵੀ ਕੁਝ ਨਾ ਕੁਝ ਕਹਿ ਬਹਿੰਦੇ ਸਨ। ਮਹਾਤਮਾ ਕਹਿਣ ਲਗੇ ਉਥੇ ਤਾਂ ਕੋਈ ਬੋਲਦਾ ਨਹੀਂ, ਇੱਥੇ ਜੁਆਬ ਦੇਂਦੇ ਹਨ।

ਦੋ-ਇਕ ਸਾਲ ਬਾਅਦ ਉਹ ਫੇਰ ਆਏ ਤਾਂ ਵੇਖਿਆ, ਪਰਮਹੰਸਜੀ ਗੱਦੇ ਤੇ ਬੈਠੇ ਹਨ, ਲੋਕ ਪੱਖਾ ਝੱਲ ਰਹੇ ਹਨ, ਚੰਵਰ ਚਲਾ ਰਹੇ ਹਨ। ਉਹਨਾਂ ਨੇ ਜੰਗਲ ਦੇ ਹੀ ਇਕ ਖੰਡਹਰ ਵਿਚ ਤਖ਼ਤ ਮੰਗਾਇਆ, ਗੱਦੇ ਵਿਛਵਾਏ, ਦੋ ਆਦਮੀਆਂ ਨੂੰ ਚੰਵਰ ਚਲਾਉਣ ਲਈ ਨਿਯੁਕਤ ਕਰ ਦਿਤਾ। ਹਰ ਸੋਮਵਾਰ ਨੂੰ ਭੀੜ ਵੀ ਜਮ੍ਹਾ ਕਰਨ ਲਗੇ ਕਿ ਲੜਕਾ ਚਾਹੀਦਾ ਹੈ ਤਾਂ ਪੰਜਾਹ ਰੁਪਏ, ਲੜਕੀ ਚਾਹੀਦੀ ਹੈ ਤਾਂ ਪੰਜੀ ਰੁਪਏ। ਪਰ 'ਨਕਲ ਕਦ ਤਕ ਅਸਲ ਬਣੀ ਰਹੇਗੀ', ਇਕ ਮਹੀਨੇ ਵਿਚ ਹੀ ਕੌਡੀ ਦੇ ਦੋ ਹੋਕੇ ਚਲੇ ਗਏ। ਇਸ ਭਗਵਤ ਮਾਰਗ ਵਿਚ ਨਕਲ ਸਾਥ ਨਹੀਂ ਦੇਂਦੀ। ਸਾਧਕ ਨੂੰ ਸ੍ਵੈਧਰਮ ਦਾ ਹੀ ਆਚਰਣ ਕਰਨਾ ਚਾਹੀਦਾ ਹੈ।

ਸ੍ਵੈਧਰਮ ਕੀ ਹੈ? ਅਧਿਆਇ ਦੋ ਵਿਚ ਸ਼੍ਰੀ ਕ੍ਰਿਸ਼ਣ ਨੇ ਸ੍ਵੈਧਰਮ ਦਾ ਨਾਮ ਲਿਆ ਸੀ ਕਿ ਸ੍ਵੈਧਰਮ ਨੂੰ ਵੀ ਵੇਖਕੇ ਤੂੰ ਯੁੱਧ ਕਰਨ ਦੇ ਯੋਗ ਹੈਂ। ਖੱਤ੍ਰੀ ਦੇ ਲਈ ਇਸਤੋਂ ਵੱਧ ਕਲਿਆਨਕਾਰੀ ਮਾਰਗ ਨਹੀਂ ਹੈ। ਸ੍ਵੈਧਰਮ ਵਿਚ ਅਰਜੁਨ ਖੱਤ੍ਰੀ ਸਾਬਤ ਹੁੰਦਾ ਹੈ। ਸ਼੍ਰੀ ਕ੍ਰਿਸ਼ਣ ਨੇ ਸੰਕੇਤ ਕੀਤਾ ਕਿ ਅਰਜੁਨ! ਜੋ ਬ੍ਰਾਹਮਣ ਹਨ, ਵੇਦਾਂ ਦਾ ਉਪਦੇਸ਼ ਉਹਨਾਂ ਦੇ ਲਈ ਛੋਟੇ ਜਿਹੇ ਤਾਲਾਬ ਦੇ ਬਰਾਬਰ ਹੈ। ਤੂੰ ਵੇਦਾਂ ਤੋਂ ਉੱਪਰ ਉਠ ਅਤੇ ਬ੍ਰਾਹਮਣ ਬਣ, ਅਰਥਾਤ ਸ੍ਵੈਧਰਮ ਵਿਚ ਪਰਿਵਰਤਨ ਸੰਭਵ ਹੈ। ਉੱਥੇ ਉਹਨਾਂ ਫੇਰ ਕਿਹਾ ਕਿ ਰਾਗ-ਦ੍ਵੇਸ਼ ਦੇ ਵੱਸ਼ ਨਾ ਹੋ, ਇਹਨਾਂ ਨੂੰ ਕੱਟ। ਸ੍ਵੈਧਰਮ ਸ਼੍ਰੇਸ਼ਠਤਾਮਈ ਹੈ। ਇਹਨਾਂ ਦਾ ਭਾਵ ਇਹ ਨਹੀਂ ਹੈ ਕਿ ਅਰਜੁਨ ਕਿਸੇ ਬ੍ਰਾਹਮਣ ਦੀ ਨਕਲ ਕਰਕੇ, ਉਸ ਵਰਗੀ ਵੇਸ਼ਭੂਸ਼ਾ ਬਣਾ ਲਵੇ।

ਇਕੋ ਕਰਮ-ਮਾਰਗ ਨੂੰ ਮਹਾਪੁਰਸ਼ ਨੇ ਚਾਰ ਸ਼੍ਰੇਣੀਆਂ ਵਿਚ ਵੰਡ ਦਿਤਾ ਨੀਚ, ਮੱਧਮ, ਉੱਤਮ, ਅਤਿ ਉੱਤਮ। ਇਹਨਾਂ ਸ਼੍ਰੇਣੀਆਂ ਦੇ ਸਾਧਕਾਂ ਨੂੰ ਕ੍ਰਮਵਾਰ ਸ਼ੂਦ੍ਰ, ਵੈਸ਼, ਖੱਤ੍ਰੀ ਅਤੇ ਬ੍ਰਾਹਮਣ ਦਾ ਨਾਮ ਦਿਤਾ। ਸ਼ੂਦ੍ਰ ਵਾਲੀ ਸਮਰੱਥਾ ਤੋਂ ਕਰਮ ਦਾ ਆਰੰਭ ਹੁੰਦਾ ਹੈ ਅਤੇ ਸਾਧਨਾ-ਕ੍ਰਮ ਵਿਚ ਉਹੀ ਸਾਧਕ ਬ੍ਰਾਹਮਣ ਬਣ ਸਕਦਾ ਹੈ। ਇਸਤੋਂ ਵੀ ਅੱਗੇ ਜਦ ਉਹ ਪਰਮਾਤਮਾ ਵਿਚ ਪ੍ਰਵੇਸ਼ ਪਾ ਜਾਂਦਾ ਹੈ ਤਾਂ **'न ब्राह्मणो न क्षत्रिय: न वैश्यो न शूद्रः चिदानन्दरूप: शिव: केवलोऽहम्'**- ਉਹ

ਵਰਣਾਂ ਤੋਂ ਉੱਪਰ ਹੋ ਜਾਂਦਾ ਹੈ। ਇਹੋ ਸ਼੍ਰੀ ਕ੍ਰਿਸ਼ਣ ਵੀ ਕਹਿੰਦੇ ਹਨ ਕਿ **'चातुर्वर्ण्यं मया सृष्टं'**– ਚਾਰ ਵਰਣਾਂ ਦੀ ਰਚਨਾ ਮੈਂ ਕੀਤੀ। ਤਾਂ ਕੀ ਜਨਮ ਦੇ ਆਧਾਰ ਤੇ ਮਨੁੱਖਾਂ ਨੂੰ ਵੰਡਿਆ? ਨਹੀਂ, **'गुण कर्म विभागश:'**– ਗੁਣਾਂ ਦੇ ਆਧਾਰ ਤੇ ਕਰਮ ਵੰਡਿਆ ਗਿਆ। ਕਿਹੜਾ ਕਰਮ? ਕੀ ਸੰਸਾਰ ਕਰਮ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਨਹੀਂ, ਨਿਰਧਾਰਿਤ ਕਰਮ! ਨਿਰਧਾਰਿਤ ਕਰਮ ਕੀ ਹੈ? ਉਹ ਹੈ ਯੱਗ ਦੀ ਪ੍ਰਕ੍ਰਿਆ, ਜਿਸ ਵਿਚ ਹੁੰਦਾ ਹੈ ਸੁਆਸ ਵਿਚ ਪ੍ਰਸੁਆਸ ਦਾ ਹਵਨ, ਪ੍ਰਸੁਆਸ ਦਾ ਸੁਆਸ ਵਿਚ ਹਵਨ, ਇੰਦ੍ਰੀ–ਸੰਜਮ ਆਦਿ, ਜਿਸਦਾ ਸ਼ੁੱਧ ਅਰਥ ਹੈ ਯੋਗ–ਸਾਧਨਾ, ਆਰਾਧਨਾ। ਆਰਾਧ ਦੇਵ ਤਕ ਪਹੁੰਚਾਉਣ ਵਾਲੀ ਵਿਧੀ ਵਿਸ਼ੇਸ਼ ਹੀ ਆਰਾਧਨਾ ਹੈ। ਇਸ ਆਰਾਧਨਾ–ਕਰਮ ਨੂੰ ਹੀ ਚਾਰ ਸ਼੍ਰੇਣੀਆਂ ਵਿਚ ਵੰਡਿਆ ਗਿਆ। ਜਿਹੀ ਸਮਰੱਥਾ ਵਾਲਾ ਪੁਰਸ਼ ਹੋਵੇ, ਉਸਨੂੰ ਉਸੇ ਸ਼੍ਰੇਣੀ ਤੋਂ ਆਰੰਭ ਕਰਨਾ ਚਾਹੀਦਾ ਹੈ, ਇਹੋ ਸਭ ਦਾ ਆਪਣਾ–ਆਪਣਾ ਸ੍ਵੈਧਰਮ ਹੈ। ਜੇ ਉਹ ਅੱਗੇ ਵਾਲਿਆਂ ਦੀ ਨਕਲ ਕਰੇਗਾ, ਤਾਂ ਡਰ ਨੂੰ ਪ੍ਰਾਪਤ ਹੋਏਗਾ। ਪੂਰਨ ਨਸ਼ਟ ਤਾਂ ਨਹੀਂ ਹੋਏਗਾ; ਕਿਉਂਕਿ ਇਸ ਵਿਚ ਬੀਜ ਦਾ ਨਾਸ਼ ਤਾਂ ਨਹੀਂ ਹੁੰਦਾ। ਹਾਂ, ਉਹ ਪ੍ਰਕ੍ਰਿਤੀ ਦੇ ਦਬਾਅ ਨਾਲ ਭੈਭੀਤ, ਦੀਨ–ਹੀਨ ਜ਼ਰੂਰ ਹੋ ਗਾਏਗਾ। ਛੋਟੇ ਬੱਚਿਆਂ ਦੀ ਜਮਾਤ ਦਾ ਵਿਦਿਆਰਥੀ ਬੀ.ਏ. ਦੀ ਜਮਾਤ ਵਿਚ ਬਹਿਣ ਲਗੇ ਤਾਂ ਉਹ ਬੀ.ਏ. ਕੀ ਬਣੇਗਾ? ਉਹ ਆਰੰਭਕ ਵਰਣਮਾਲਾ ਤੋਂ ਵੀ ਵਾਂਝਾ ਰਹਿ ਜਾਏਗਾ। ਅਰਜੁਨ ਪ੍ਰਸ਼ਨ ਰੱਖਦਾ ਹੈ ਕਿ ਮਨੁੱਖ ਸ੍ਵੈਧਰਮ ਦਾ ਆਚਰਣ ਕਿਉਂ ਨਹੀਂ ਕਰ ਪਾਉਂਦਾ?

**ਅਰਜੁਨ ਉਵਾਚ**

**अथ केन प्रयुक्तोऽयं पापं चरति पूरूष: ।**
**अनिच्छन्नपि वार्ष्णेय बलादिव नियोजित: ।।३६ ।।**

ਹੇ ਸ਼੍ਰੀ ਕ੍ਰਿਸ਼ਣ! ਫਿਰ ਇਹ ਪੁਰਸ਼ ਬਦੋਬਦੀ ਘਸੀਟ ਕੇ ਲਗਾਏ ਹੋਏ ਬੰਦੇ ਵਾਂਗ, ਨਾ ਚਾਹੁੰਦਾ ਹੋਇਆ ਵੀ ਕਿਸਦੀ ਪ੍ਰੇਰਣਾ ਨਾਲ ਪਾਪ ਦਾ ਆਚਰਣ ਕਰਦਾ ਹੈ? ਆਪਦੇ ਮਤ ਦੇ ਅਨੁਸਾਰ ਕਿਉ ਨਹੀਂ ਚਲ ਪਾਉਂਦਾ? ਇਸ ਬਾਰੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**ਸ਼੍ਰੀ ਭਗਵਾਨ ਉਵਾਚ**

**काम एष क्रोध एष रजोगुणसमुद्भव: ।**
**महाशनो महापाप्मा विद्धयेनमिह वैरिणम् ।।३७ ।।**

ਅਰਜੁਨ! ਰਜੋਗੁਣ ਤੋਂ ਪੈਦਾ ਇਹ ਕਾਮ ਅਤੇ ਕ੍ਰੋਧ ਅੱਗ ਵਾਂਗ ਅਤ੍ਰਿਪਤ ਹਨ, ਭੋਗ ਭੋਗਣ ਤੋਂ ਕਦੇ ਵੀ ਤ੍ਰਿਪਤ ਨਾ ਹੋਣ ਵਾਲੇ ਬੜੇ ਪਾਪੀ ਹਨ। ਕਾਮ–ਕ੍ਰੋਧ, ਰਾਗ–ਦ੍ਵੇਸ਼ ਦੇ ਹੀ ਪੂਰਕ ਹਨ, ਹੁਣੇ ਜਿਸਦੀ ਮੈਂ ਚਰਚਾ ਕੀਤੀ ਸੀ, ਇਸ ਬਾਰੇ ਵਿਚ ਤੂੰ ਇਹਨਾਂ ਨੂੰ ਹੀ ਸ਼ਤਰੂ ਜਾਣ। ਇਹਨਾਂ ਦਾ ਅਸਰ ਉਹ ਦਸਦੇ ਹਨ

**धूमेनाव्रियते वह्निर्यथादर्शो मलेन च ।**
**यथोल्बेनावृतो गर्भस्तथा तेनेदमावृतम् ।।३८ ।।**

ਜਿਵੇਂ ਧੂਏਂ ਨਾਲ ਅਗਨੀ ਅਤੇ ਮੈਲ ਨਾਲ ਦਰਪਣ ਢੱਕਿਆ ਜਾਂਦਾ ਹੈ, ਜਿਵੇਂ ਝਿੱਲੀ ਨਾਲ ਗਰਭ ਢੱਕਿਆ ਹੋਇਆ ਹੈ, ਠੀਕ ਉਸੇ ਤਰ੍ਹਾਂ ਕਾਮ–ਕ੍ਰੋਧ ਆਦਿ ਵਿਕਾਰਾਂ ਨਾਲ ਇਹ ਗਿਆਨ ਢੱਕਿਆ ਹੋਇਆ ਹੈ। ਗਿੱਲੀ ਲਕੜੀ ਜਲਾਉਣ ਨਾਲ ਧੂਆਂ ਹੀ ਧੂਆਂ ਹੁੰਦਾ ਹੈ। ਅੱਗ ਮੌਜੂਦ ਰਹਿਣ ਦੇ ਬਾਵਜੂਦ ਲਪਟ ਦਾ ਰੂਪ ਨਹੀਂ ਲੈ ਸਕਦੀ। ਮੈਲ ਨਾਲ ਢੱਕੇ ਦਰਪਣ ਤੇ ਜਿਵੇਂ ਪ੍ਰਤਿਬਿੰਬ

ਸਪੱਸ਼ਟ ਨਹੀਂ ਹੁੰਦਾ, ਝਿੱਲੀ ਦੇ ਕਾਰਣ ਜਿਸ ਤਰ੍ਹਾਂ ਗਰਭ ਢੱਕਿਆ ਰਹਿੰਦਾ ਹੈ, ਉਸੇ ਤਰ੍ਹਾਂ ਇਹਨਾ ਵਿਕਾਰਾਂ ਦੇ ਰਹਿੰਦਿਆਂ ਪਰਮਾਤਮਾ ਦਾ ਪ੍ਰਤੱਖ ਗਿਆਨ ਨਹੀਂ ਹੁੰਦਾ।

**आवृतं ज्ञानमेतेन ज्ञानिनो नित्यवैरिणा।**
**कामरूपेण कौन्तेय दुष्पूरेणानलेन च।।३९।।**

ਕੁੰਤੀ ਪੁੱਤਰ! ਅੱਗ ਦੀ ਤਰ੍ਹਾਂ ਭੋਗਾਂ ਤੋਂ ਨਾ ਤ੍ਰਿਪੱਤ ਹੋਣ ਵਾਲੇ, ਗਿਆਨੀਆਂ ਦੇ ਨਿਰੰਤਰ ਵੈਰੀ, ਇਸ ਕਾਮ ਨਾਲ ਗਿਆਨ ਢੱਕਿਆ ਹੋਇਆ ਹੈ। ਹੁਣੇ ਤਾਂ ਸ਼੍ਰੀ ਕ੍ਰਿਸ਼ਣ ਨੇ ਕਾਮ ਅਤੇ ਕ੍ਰੋਧ ਦੋ ਸ਼ਤਰੂ ਦੱਸੇ। ਪਰ ਇਸ ਸ਼ਲੋਕ ਵਿਚ ਸਿਰਫ਼ ਇਕ ਸ਼ਤਰੂ ਕਾਮ ਦਾ ਨਾਮ ਲੈਂਦੇ ਹਨ। ਦਰਅਸਲ ਕਾਮ ਵਿਚ ਕ੍ਰੋਧ ਲੀਨ ਹੋ ਜਾਂਦਾ ਹੈ। ਕਾਰਜ ਪੂਰਾ ਹੋਣ ਤੇ ਕ੍ਰੋਧ ਸਮਾਪਤ ਹੋ ਜਾਂਦਾ ਹੈ, ਪਰ ਕਾਮਨਾ ਸਮਾਪਤ ਨਹੀਂ ਹੁੰਦੀ। ਕਾਮਨਾ ਦੀ ਪੂਰਤੀ ਵਿਚ ਅੜਚਨ ਆਉਣ ਨਾਲ ਕ੍ਰੋਧ ਫੇਰ ਉਭਰ ਆਉਂਦਾ ਹੈ। ਕਾਮ ਦੇ ਅੰਤਰਾਲ ਵਿਚ ਕ੍ਰੋਧ ਵੀ ਲੀਨ ਹੈ। ਇਸ ਸ਼ਤਰੂ ਦਾ ਨਿਵਾਸ ਕਿੱਥੇ ਹੈ? ਇਸਨੂੰ ਲੱਭੀਏ ਕਿੱਥੇ? ਨਿਵਾਸ ਜਾਣ ਲੈਣ ਬਾਅਦ ਇਸਨੂੰ ਜੜ ਤੋਂ ਨਸ਼ਟ ਕਰਨ ਵਿਚ ਸੁਵਿਧਾ ਰਹੇਗੀ। ਇਸ ਬਾਰੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**इंद्रियाणि मनो बुद्धिरस्याधिष्ठानमुच्यते।**
**एतैर्विमोहयत्येष ज्ञानमावृत्य देहिनम्।।४०।।**

ਇੰਦ੍ਰੀਆਂ, ਮਨ ਅਤੇ ਬੁੱਧੀ ਇਸਦੇ ਵਾਸਸਥਾਨ ਕਹੇ ਜਾਂਦੇ ਹਨ। ਇਹ ਕਾਮ ਇਹਨਾਂ ਮਨ-ਬੁੱਧੀ ਅਤੇ ਇੰਦ੍ਰੀਆਂ ਰਾਹੀਂ ਹੀ ਗਿਆਨ ਨੂੰ ਢੱਕਕੇ ਜੀਵਾਤਮਾ ਨੂੰ ਮੋਹ ਵਿਚ ਪਾਉਂਦਾ ਹੈ।

**तस्मात्त्वमिन्द्रियाण्यादौ नियम्य भरतर्षभ।**
**पाप्मानं प्रजहि ह्येनं ज्ञानविज्ञाननाशनम्।।४१।।**

ਇਸ ਲਈ ਅਰਜੁਨ! ਤੂੰ ਪਹਿਲਾਂ ਇੰਦ੍ਰੀਆਂ ਨੂੰ **'ਨਿਯਮ੍ਯ'**- ਸੰਯੁਕਤ ਕਰ; ਕਿਉਂਕਿ ਸ਼ਤਰੂ ਤਾਂ ਇਹਨਾਂ ਦੇ ਅੰਦਰ ਛੁਪਿਆ ਹੈ। ਉਹ ਤੁਹਾਡੇ ਸਰੀਰ ਦੇ ਅੰਦਰ ਹੈ। ਬਾਹਰ ਲਭਣ ਨਾਲ ਉਹ ਕਿਧਰੇ ਨਹੀਂ ਮਿਲੇਗਾ। ਇਹ ਹਿਰਦੇ-ਦੇਸ਼ ਦੀ ਲੜਾਈ ਹੈ, ਅੰਤਰਜਗਤ ਦੀ ਲੜਾਈ ਹੈ। ਇੰਦ੍ਰੀਆਂ ਨੂੰ ਵੱਸ਼ ਵਿਚ ਕਰਕੇ, ਗਿਆਨ ਅਤੇ ਵਿਗਿਆਨ ਦਾ ਨਾਸ਼ ਕਰਨ ਵਾਲੇ ਇਸ ਪਾਪੀ ਕਾਮ ਨੂੰ ਹੀ ਮਾਰ। ਕਾਮ ਸਿੱਧੇ ਪਕੜ ਵਿਚ ਨਹੀਂ ਆਏਗਾ। ਇਸ ਲਈ ਵਿਕਾਰਾਂ ਦੇ ਨਿਵਾਸ-ਸਥਾਨ ਉਤੇ ਘੇਰਾ ਪਾ ਲਉ। ਇੰਦ੍ਰੀਆਂ ਨੂੰ ਸੰਯਤ ਕਰ ਲਉ।

ਪਰ ਇੰਦ੍ਰੀਆਂ ਅਤੇ ਮਨ ਨੂੰ ਸੰਯਤ ਕਰਨਾ ਤਾਂ ਬੜਾ ਕਠਿਨ ਹੈ। ਕੀ ਅਸੀਂ ਕਰ ਸਕਾਂਗੇ? ਇਸਤੇ ਸ਼੍ਰੀ ਕ੍ਰਿਸ਼ਣ ਤੁਹਾਡੀ ਸਮਰੱਥਾ ਦਸਦੇ ਹੋਏ ਉਤਸਾਹ ਦੇਂਦੇ ਹਨ

**इन्द्रियाणि पराण्याहुरिन्द्रियेभ्य: परं मन:।**
**मनसस्तु परा बुद्धिर्यो बुद्धे: परतस्तु स:।।४२।।**

ਅਰਜੁਨ! ਇਸ ਸਰੀਰ ਤੋਂ ਤੂੰ ਇੰਦ੍ਰੀਆਂ ਨੂੰ ਪਰੇ ਅਰਥਾਤ ਸੂਖਮ ਅਤੇ ਬਲਵਾਨ ਸਮਝ। ਇੰਦ੍ਰੀਆਂ ਤੋਂ ਪਰੇ ਮਨ ਹੈ। ਇਹ ਉਹਨਾਂ ਤੋਂ ਵੀ ਬਲਵਾਨ ਹੈ। ਮਨ ਤੋਂ ਪਰੇ ਬੁੱਧੀ ਹੈ ਅਤੇ ਜੋ ਬੁੱਧੀ ਤੋਂ ਵੀ ਅਤਿਅੰਤ ਪਰੇ ਹੈ, ਉਹ ਤੁਹਾਡਾ ਆਤਮਾ ਹੈ। ਉਹੀ ਹੋ ਤੁਸੀਂ। ਇਸ ਲਈ ਇੰਦ੍ਰੀਆਂ, ਮਨ ਅਤੇ ਬੁੱਧੀ ਦਾ ਵਿਰੋਧ ਕਰਨ ਵਿਚ ਤੁਸੀਂ ਸਮਰੱਥ ਹੋ।

**एऊंबथद्धज: छअं बथद्ध्ज्ञ्च ऋंद्धृतञ्यचत्मचनमचत्मनच ।**
**जहि शत्रुं महाबाहो कामरूपं दुरासदम् ।।४३ ।।**

ਇਸ ਤਰ੍ਹਾਂ ਬੁੱਧੀ ਤੋਂ ਪਰੇ ਅਰਥਾਤ ਸੂਖਮ ਅਤੇ ਬਲਵਾਨ ਆਪਣੇ ਆਤਮਾ ਨੂੰ ਜਾਣਕੇ, ਆਤਮਬਲ ਨੂੰ ਸਮਝਕੇ, ਬੁੱਧੀ ਦੁਆਰਾ ਆਪਣੇ ਮਨ ਨੂੰ ਵੱਸ਼ ਵਿਚ ਕਰਕੇ, ਅਰਜੁਨ! ਇਸ ਕਾਮ ਰੂਪੀ ਅਜੈ ਸ਼ੱਤਰੂ ਨੂੰ ਮਾਰ। ਆਪਣੀ ਸ਼ਕਤੀ ਨੂੰ ਸਮਝਕੇ ਇਸ ਅਜੈ ਸ਼ੱਤਰੂ ਨੂੰ ਮਾਰ! ਕਾਮ ਇਕ ਦੁਰਜੈ ਸ਼ੱਤਰੂ ਹੈ। ਇੰਦ੍ਰੀਆਂ ਰਾਹੀਂ ਇਹ ਆਤਮਾ ਨੂੰ ਮੋਹਿਤ ਕਰਦਾ ਹੈ, ਤਾਂ ਆਪਣੀ ਸ਼ਕਤੀ ਸਮਝਕੇ, ਆਤਮਾ ਨੂੰ ਬਲਵਾਨ ਸਮਝਕੇ ਕਾਮਰੂਪੀ ਸ਼ੱਤਰੂ ਨੂੰ ਮਾਰ। ਕਹਿਣ ਦੀ ਲੋੜ ਨਹੀਂ ਕਿ ਇਹ ਸ਼ੱਤਰੂ ਅੰਦਰੂਨੀ ਹੈ, ਅਤੇ ਯੁੱਧ ਵੀ ਅੰਤਰਦੇਸ਼ ਦਾ ਹੈ।

**ਸਾਰ**

ਅਕਸਰ ਗੀਤਾਪ੍ਰੇਮੀ ਵਿਆਖਿਆਕਾਰਾਂ ਨੇ ਇਸ ਅਧਿਆਇ ਨੂੰ 'ਕਰਮਯੋਗ' ਨਾਮ ਦਿਤਾ ਹੈ, ਪਰ ਇਹ ਢੁਕਵਾਂ ਨਹੀਂ ਹੈ। ਦੂਜੇ ਅਧਿਆਇ ਵਿਚ ਯੋਗੇਸ਼ਵਰ ਨੇ ਕਰਮ ਦਾ ਨਾਮ ਲਿਆ। ਉਹਨਾਂ ਨੇ ਕਰਮ ਦੇ ਮਹੱਤਵ ਨੂੰ ਸਪੱਸ਼ਟ ਕਰਦਿਆਂ ਉਸ ਵਿਚ ਕਰਮ-ਜਿਗਿਆਸਾ ਜਗਾਈ ਅਤੇ ਇਸ ਅਧਿਆਇ ਵਿਚ ਉਹਨਾਂ ਨੇ ਕਰਮ ਨੂੰ ਪਰਿਭਾਸ਼ਿਤ ਕੀਤਾ ਕਿ ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਸਿੱਧ ਹੈ ਕਿ ਯੱਗ ਕੋਈ ਨਿਰਧਾਰਿਤ ਦਿਸ਼ਾ ਹੈ। ਇਸਤੋਂ ਵੱਖ ਜੋ ਕੁਝ ਵੀ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨ ਹੈ। ਸ਼੍ਰੀ ਕ੍ਰਿਸ਼ਣ ਜਿਹੜਾ ਦਸਦੇ ਹਨ, ਉਹ ਕਰਮ '**मोक्ष्यसेऽशुभात्**'– ਸੰਸਾਰ-ਬੰਧਨ ਤੋਂ ਛੁਟਕਾਰਾ ਦਿਵਾਉਣ ਵਾਲਾ ਕਰਮ ਹੈ।

ਸ਼੍ਰੀ ਕ੍ਰਿਸ਼ਣ ਨੇ ਯੱਗ ਦੀ ਉਤੱਪਤੀ ਦੱਸੀ। ਇਹ ਕੀ ਦੇਂਦਾ ਹੈ? ਉਸ ਦੀਆਂ ਵਿਸ਼ੇਸ਼ਤਾਵਾਂ ਦਾ ਚਿਤ੍ਰਣ ਕੀਤਾ। ਯੱਗ ਕਰਨ ਉਤੇ ਜ਼ੋਰ ਦਿਤਾ। ਉਹਨਾਂ ਨੇ ਕਿਹਾ ਇਸ ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਜੋ ਇਹ ਨਹੀਂ ਕਰਦੇ, ਉਹ ਪਾਪ-ਆਯੂ (ਪਾਪ ਵਿਚ ਜਨਮ ਖੋਣ ਵਾਲੇ) ਆਰਾਮ ਚਾਹੁਣ ਵਾਲੇ ਵਿਅਰਥ ਜਿਉਂਦੇ ਹਨ। ਪਿਛਲੇ ਸਮੇਂ ਵਿਚ ਹੋਏ ਮਹਾਰਿਸ਼ੀਆਂ ਨੇ ਵੀ ਇਸਨੂੰ ਕਰਕੇ ਹੀ ਪਰਮ ਨਿਸ਼ਕਰਮਤਾ ਦੀ ਸਿੱਧੀ ਪਾਈ। ਉਹ ਆਤਮ-ਤ੍ਰਿਪਤ ਸਨ, ਉਹਨਾਂ ਦੇ ਲਈ ਕਰਮ ਦੀ ਲੋੜ ਨਹੀਂ ਸੀ। ਫੇਰ ਵੀ ਪਿਛਲੇ ਲੋਕਾਂ ਦੇ ਮਾਰਗ ਦਰਸ਼ਨ ਲਈ ਉਹ ਵੀ ਕਰਮ ਵਿਚ ਭਲੀ ਭਾਂਤ ਲਗੇ ਰਹਿੰਦੇ ਸਨ। ਉਹਨਾਂ ਮਹਾਪੁਰਸ਼ਾਂ ਨਾਲ ਸ਼੍ਰੀ ਕ੍ਰਿਸ਼ਣ ਨੇ ਆਪਣੀ ਤੁਲਨਾ ਕੀਤੀ ਕਿ ਮੇਰਾ ਵੀ ਹੁਣ ਕਰਮ ਕਰਨ ਨਾਲ ਕੋਈ ਪ੍ਰਯੋਜਨ ਨਹੀਂ ਹੈ; ਪਰ ਮੈਂ ਵੀ ਪਿਛਲੇ ਲੋਕਾਂ ਦੇ ਹਿਤ ਲਈ ਹੀ ਕਰਮ ਵਿਚ ਵਰਤਦਾ ਹਾਂ। ਸ਼੍ਰੀ ਕ੍ਰਿਸ਼ਣ ਨੇ ਸਪੱਸ਼ਟ ਆਪਣਾ ਪਰਿਚੈ ਦਿਤਾ ਕਿ ਉਹ ਇਕ ਯੋਗੀ ਸਨ।

ਉਹਨਾਂ ਨੇ ਕਰਮ ਵਿਚ ਪ੍ਰਵਿਰਤ ਸਾਧਕਾਂ ਨੂੰ ਵਿਚਲਿਤ ਨਾ ਕਰਨ ਲਈ ਕਿਹਾ; ਕਿਉਂਕਿ ਕਰਮ ਕਰਕੇ ਹੀ ਉਹਨਾਂ ਸਾਧਕਾਂ ਨੂੰ ਨਿਸ਼ਕਰਮਤਾ ਦੀ ਸਥਿਤੀ ਪ੍ਰਾਪਤ ਕਰਨੀ ਹੈ। ਜੇ ਨਾ ਕਰਨਗੇ ਤਾਂ ਨਸ਼ਟ ਹੋ ਜਾਣਗੇ। ਇਸ ਕਰਮ ਲਈ ਧਿਆਨੱਸਥ (ਧਿਆਨ ਵਿਚ ਸਥਿਰ) ਹੋਕੇ ਯੁੱਧ ਕਰਨਾ ਹੈ। ਅੱਖਾਂ ਬੰਦ ਹਨ, ਇੰਦ੍ਰੀਆਂ ਵਲੋਂ ਸਿਮਟਕੇ ਚਿੱਤ ਦਾ ਵਿਰੋਧ ਹੋਣ ਲੱਗਾ, ਤਾਂ ਯੁੱਧ ਕਿਹੜਾ? ਉਸ ਸਮੇਂ ਕਾਮ-ਕ੍ਰੋਧ, ਰਾਗ-ਦ੍ਵੇਸ਼ ਬਾਧਕ ਹੁੰਦੇ ਹਨ। ਇਹਨਾਂ ਵਿਜਾਤੀ ਪ੍ਰਵਿਰਤੀਆਂ ਨੂੰ ਸਹਿਜੇ-ਸਹਿਜੇ ਛੱਡਦੇ ਹੋਏ ਧਿਆਨੱਸਥ ਹੁੰਦੇ ਜਾਣਾ ਹੀ ਯੁੱਧ ਹੈ। ਦਰਅਸਲ ਧਿਆਨ ਵਿਚ ਹੀ ਯੁੱਧ ਹੈ। ਇਹੋ ਇਸ ਅਧਿਆਇ ਦਾ ਸਾਰਾਂਸ਼ ਹੈ, ਜਿਸ ਵਿਚ ਨਾ ਕਰਮ ਦਸਿਆ ਗਿਆ ਨਾ ਯੱਗ। ਜੇ ਯੱਗ ਸਮਝ ਵਿਚ ਆ ਜਾਏ ਤਾਂ ਕਰਮ ਸਮਝ ਵਿਚ ਆਏ। ਅਜੇ ਤਾਂ ਕਰਮ ਸਮਝਾਇਆ ਹੀ ਨਹੀਂ ਗਿਆ।

ਇਸ ਅਧਿਆਇ ਵਿਚ ਕੇਵਲ ਸਥਿਤ-ਪ੍ਰੱਗਿਅ (ਧਿਆਨ ਵਿਚ ਸਥਿਤ) ਮਹਾਪੁਰਸ਼ ਦੀ ਸਿਖਲਾਈ ਵਾਲੇ ਪੱਖ ਉਤੇ ਬਲ ਪਾਇਆ ਗਿਆ। ਇਹ ਤਾਂ ਗੁਰੂਜਨਾਂ ਲਈ ਨਿਰਦੇਸ਼ ਹੈ, ਹਿਦਾਇਤ ਹੈ। ਉਹ ਨਾ ਵੀ ਕਰਨ ਤਾਂ ਉਹਨਾਂ ਨੂੰ ਕੋਈ ਹਾਨੀ ਨਹੀਂ ਅਤੇ ਨਾ ਹੀ ਐਸਾ ਕਰਨ ਨਾਲ ਉਹਨਾਂ ਦਾ ਆਪਣਾ ਕੋਈ ਲਾਭ ਹੀ ਹੈ। ਪਰ ਜਿਨ੍ਹਾਂ ਸਾਧਕਾਂ ਨੂੰ ਪਰਮਗਤਿ ਚਾਹੀਦੀ ਹੈ, ਉਹਨਾਂ ਲਈ ਵਿਸ਼ੇਸ਼ ਕੁਝ ਕਿਹਾ ਹੀ ਨਹੀਂ ਗਿਆ, ਤਾਂ ਇਹ ਕਰਮਯੋਗ ਕਿਵੇਂ ਹੈ? ਕਰਮ ਦਾ ਸਵਰੂਪ ਵੀ ਸਪੱਸ਼ਟ ਨਹੀਂ ਹੈ, ਜਿਸਨੂੰ ਕੀਤਾ ਜਾਏ; ਕਿਉਂਕਿ 'ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ' ਹੁਣ ਤਕ ਉਹਨਾਂ ਨੇ ਏਨ੍ਹਾਂ ਹੀ ਦਸਿਆ, ਯੱਗ ਤਾਂ ਦਸਿਆ ਹੀ ਨਹੀਂ! ਕਰਮ ਦਾ ਸਵਰੂਪ ਸਪੱਸ਼ਟ ਕਿਥੇ ਹੋਇਆ? ਹਾਂ, ਯੁੱਧ ਦਾ ਯਥਾਰਥ ਚਿਤ੍ਰਣ ਗੀਤਾ ਵਿਚ ਇੱਥੇ ਹੀ ਮਿਲਦਾ ਹੈ।

ਸੰਪੂਰਨ ਗੀਤਾ ਉਤੇ ਨਜ਼ਰ ਮਾਰੀ ਜਾਏ, ਤਾਂ ਅਧਿਆਇ ਦੋ ਵਿਚ ਮਿਲੇਗਾ ਕਿ ਸਰੀਰ ਨਾਸ਼ਵਾਨ ਹੈ, ਇਸ ਲਈ ਯੁੱਧ ਕਰ। ਗੀਤਾ ਵਿਚ ਯੁੱਧ ਦਾ ਇਹੋ ਠੋਸ ਕਾਰਣ ਦਸਿਆ ਗਿਆ। ਅੱਗੇ ਗਿਆਨਯੋਗ ਦੇ ਸਿਲਸਿਲੇ ਵਿਚ ਖੱਤ੍ਰੀ ਦੇ ਲਈ ਯੁੱਧ ਹੀ ਕਲਿਆਨ ਦਾ ਇਕ ਮਾਤਰ ਸਾਧਨ ਦਸਿਆ ਗਿਆ ਅਤੇ ਕਿਹਾ ਗਿਆ ਕਿ ਇਹ ਬੁੱਧੀ ਤੇਰੇ ਲਈ ਗਿਆਨਯੋਗ ਦੇ ਬਾਰੇ ਕਹੀ ਗਈ ਹੈ। ਕਿਹੜੀ ਬੁੱਧੀ? ਇਹੋ ਕਿ ਹਾਰ-ਜਿੱਤ ਦੋਨਾਂ ਦ੍ਰਿਸ਼ਟੀਆਂ ਵਿਚ ਲਾਭ ਹੀ ਹੈ - ਇਸ ਤਰ੍ਹਾਂ ਸਮਝਕੇ ਯੁੱਧ ਕਰ। ਫੇਰ ਅਧਿਆਇ ਚਾਰ ਵਿਚ ਕਿਹਾ ਗਿਆ ਕਿ ਯੋਗ ਵਿਚ ਸਥਿਤ ਰਹਿਕੇ ਹਿਰਦੇ ਵਿਚ ਸਥਿਤ ਆਪਣੀ ਇਸ ਸ਼ੰਕਾ ਨੂੰ ਗਿਆਨਰੂਪੀ ਤਲਵਾਰ ਨਾਲ ਕਟ। ਉਹ ਤਲਵਾਰ ਯੋਗ ਵਿਚ ਹੈ। ਅਧਿਆਇ ਪੰਜ ਤੋਂ ਦਸ ਤਕ ਯੁੱਧ ਦੀ ਚਰਚਾ ਤਕ ਨਹੀਂ ਹੈ। ਗਿਆਰ੍ਹਵੇਂ ਅਧਿਆਇ ਵਿਚ ਕੇਵਲ ਏਨ੍ਹਾਂ ਕਿਹਾ ਗਿਆ ਕਿ - ਇਹ ਸ਼ਤਰੂ ਮੇਰੇ ਦੁਆਰਾ ਪਹਿਲਾਂ ਤੋਂ ਹੀ ਮਾਰੇ ਜਾ ਚੁਕੇ ਹਨ, ਤੂੰ ਨਿਮਿੱਤ (ਸਾਧਨ) ਮਾਤਰ ਹੋਕੇਬਸ ਖੜ੍ਹਾ ਹੋ ਜਾ। ਜੱਸ ਨੂੰ ਪ੍ਰਾਪਤ ਕਰ। ਇਹ ਤੇਰੇ ਬਿਨਾਂ ਵੀ ਮਾਰੇ ਹੋਏ ਹਨ, ਪ੍ਰੇਰਨਾਦਾਤਾ ਆਪੇ ਕਰਵਾ ਲਏਗਾ। ਤੂੰ ਇਹਨਾਂ ਮੁਰਦਿਆਂ ਨੂੰ ਹੀ ਮਾਰ।

ਅਧਿਆਇ ਪੰਦਰਾਂ ਵਿਚ ਸੰਸਾਰ ਨੂੰ ਲੰਮੇ ਮੂਲ (ਜੜ) ਵਾਲਾ ਪਿਪਲ ਬਿਰਛ ਵਰਗਾ ਕਿਹਾ ਗਿਆ, ਜਿਸਨੂੰ ਅਸੰਗਤਾ (ਵੈਰਾਗ) ਰੂਪੀ ਸ਼ੱਸਤ੍ਰ ਨਾਲ ਕਟਕੇ ਉਸ ਪਰਮਪਦ ਨੂੰ ਖੋਜਣ ਦਾ ਨਿਰਦੇਸ਼ ਦਿਤਾ ਗਿਆ। ਅਗਲੇ ਅਧਿਆਇਆਂ ਵਿਚ ਯੁੱਧ ਦਾ ਵਰਣਨ ਨਹੀਂ ਹੈ। ਹਾਂ, ਅਧਿਆਇ ਸੋਲਾਂ ਵਿਚ ਅਸੁਰਾਂ ਦਾ ਚਿਤ੍ਰਣ ਜ਼ਰੂਰ ਹੈ, ਜੋ ਨਰਕ ਜਾਣ ਵਾਲੇ ਹਨ। ਅਧਿਆਇ ਤਿੰਨ ਵਿਚ ਹੀ ਯੁੱਧ ਦਾ ਵਿਸਤਾਰਕ ਵਰਣਨ ਹੈ। ਸ਼ਲੋਕ 30 ਤੋਂ ਸ਼ਲੋਕ 43 ਤਕ, ਯੁੱਧ ਦਾ ਸਵਰੂਪ, ਉਸਦੀ ਜ਼ਰੂਰਤ, ਯੁੱਧ ਨਾ ਕਰਨ ਵਾਲਿਆਂ ਦਾ ਵਿਨਾਸ਼, ਯੁੱਧ ਵਿਚ ਮਾਰਨ ਯੋਗ ਸ਼ੱਤਰੂਆਂ ਦੇ ਨਾਮ, ਉਹਨਾਂ ਨੂੰ ਮਾਰਨ ਲਈ ਆਪਣੀ ਸ਼ਕਤੀ ਨੂੰ ਜਗਾਉਣਾ ਅਤੇ ਨਿਸ਼ਚੈ ਪੂਰਬਕ ਉਹਨਾਂ ਨੂੰ ਕਟਕੇ ਸੁਟਣ ਉਤੇ ਜ਼ੋਰ ਪਾਇਆ ਗਿਆ। ਇਸ ਅਧਿਆਇ ਵਿਚ ਸ਼ੱਤਰੂ ਅਤੇ ਸ਼ੱਤਰੂ ਦਾ ਅੰਦਰੂਨੀ ਨਿਵਾਸ ਸਪੱਸ਼ਟ ਹੈ ਜਿਨ੍ਹਾਂ ਦੇ ਵਿਨਾਸ਼ ਦੀ ਪ੍ਰੇਰਣਾ ਦਿਤੀ ਗਈ ਹੈ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'शत्रु विनाश प्रेरणा' नाम तृतीयोऽध्याय: ।।३ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਅਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀਕਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਸ਼ੱਤਰੂ-ਵਿਨਾਸ਼ ਪ੍ਰੇਰਣਾ' ਨਾਮਕ ਤੀਜਾ ਅਧਿਆਇ ਪੂਰਾ ਹੁੰਦਾ ਹੈ।

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਚੌਥਾ ਅਧਿਆਇ

ਅਧਿਆਇ ਤਿੰਨ ਵਿਚ ਸ਼੍ਰੀ ਕ੍ਰਿਸ਼ਣ ਨੇ ਭਰੋਸਾ ਦਿਵਾਇਆ ਸੀ ਕਿ ਦੋਸ਼-ਦ੍ਰਿਸ਼ਟੀ ਤੋਂ ਰਹਿਤ ਹੋਕੇ ਜੋ ਵੀ ਮਾਨਵ ਸ਼ਰਧਾਪੂਰਬਕ ਮੇਰੇ ਮਤ ਦੇ ਅਨੁਸਾਰ ਚਲੇਗਾ, ਉਹ ਕਰਮਾਂ ਦੇ ਬੰਧਨ ਤੋਂ ਭਲੀ ਪ੍ਰਕਾਰ ਛੁੱਟ ਜਾਏਗਾ। ਕਰਮ-ਬੰਧਨ ਤੋਂ ਮੁਕਤੀ ਦਿਵਾਉਣ ਦੀ ਸਮਰੱਥਾ ਯੋਗ (ਗਿਆਨਯੋਗ ਜਾਂ ਕਰਮਯੋਗ ਦੋਨੋਂ) ਵਿਚ ਹੈ। ਯੋਗ ਵਿਚ ਹੀ ਯੁੱਧ ਵਿਆਪਦਾ ਹੈ। ਪ੍ਰਸਤੁਤ ਅਧਿਆਇ ਵਿਚ ਉਹ ਦਸਦੇ ਹਨ ਕਿ ਇਸ ਯੋਗ ਦਾ ਪ੍ਰਣੇਤਾ (ਸਿਰਜਨਹਾਰ) ਕੌਣ ਹੈ। ਇਸਦਾ ਕ੍ਰਮਵਾਰ ਵਿਕਾਸ ਕਿਵੇਂ ਹੁੰਦਾ ਹੈ।

**ਸ਼੍ਰੀਭਗਵਾਨ ਉਵਾਚ –**

**इमं विवस्वते योगं प्रोक्तवानहमव्ययम् ।**
**विवस्वान्मनवे प्राह मनुरिक्ष्वाकवेऽब्रवीत् ।।१।।**

ਅਰਜੁਨ! ਮੈਂ ਇਸ ਅਵਿਨਾਸ਼ੀ ਯੋਗ ਨੂੰ ਕੱਲਪ (ਯੁਗ ਜਾਂ ਸ਼੍ਰਿਸ਼ਟੀ) ਦੇ ਆਰੰਭ ਵਿਚ ਵਿਵਸਵਾਨ (ਸੂਰਜ) ਨੂੰ ਦਸਿਆ, ਵਿਵਸਵਾਨ ਨੇ ਮਨੂ ਨੂੰ ਅਤੇ ਮਨੂ ਨੇ ਇੱਛਵਾਕੁ ਨੂੰ ਕਿਹਾ। ਕਿਸਨੇ ਕਿਹਾ ? ਮੈਂ । ਸ਼੍ਰੀ ਕ੍ਰਿਸ਼ਣ ਕੌਣ ਸਨ? ਇਕ ਯੋਗੀ। ਤੱਤਸਥਿਤ ਮਹਾਪੁਰਸ਼ ਹੀ ਇਸ ਅਵਿਨਾਸ਼ੀ ਯੋਗ ਨੂੰ ਕੱਲਪ ਦੇ ਆਰੰਭ ਵਿਚ ਅਰਥਾਤ ਭਜਨ ਦੇ ਆਰੰਭ ਵਿਚ ਵਿਵਸਵਾਨ ਅਰਥਾਤ ਜੋ ਵਿਵਸ਼ ਹਨ, ਐਸੇ ਪ੍ਰਾਣੀਆਂ ਨੂੰ ਕਹਿੰਦਾ ਹੈ। ਸੁਆਸ ਵਿਚ ਸੰਚਾਰ ਕਰ ਦੇਂਦਾ ਹੈ। ਇੱਥੇ ਸੂਰਜ ਇਕ ਪ੍ਰਤੀਕ ਹੈ, ਕਿਉਂਕਿ ਸੁਆਸ ਵਿਚ ਹੀ ਯੋਗ ਪਰਮ ਪ੍ਰਕਾਸ਼ ਸਵਰੂਪ ਹੈ ਅਤੇ ਉੱਥੇ ਹੀ (ਸੁਆਸ ਵਿਚ ਹੀ) ਉਸਦੀ ਪ੍ਰਾਪਤੀ ਦਾ ਵਿਧਾਨ ਹੈ। ਵਾਸਤਵਿਕ ਪ੍ਰਕਾਸ਼ਦਾਤਾ (ਸੂਰਜ) ਉੱਥੇ ਹੀ ਹੈ।

ਇਹ ਯੋਗ ਅਵਿਨਾਸ਼ੀ ਹੈ। ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਇਸ ਵਿਚ ਆਰੰਭ ਦਾ ਨਾਸ਼ ਨਹੀਂ ਹੁੰਦਾ। ਇਸ ਯੋਗ ਦਾ ਕੇਵਲ ਆਰੰਭ ਵੀ ਕਰ ਦਿਉ ਤਾਂ ਇਹ ਪੂਰਣਤਾ ਦਿਵਾਕੇ ਹੀ ਸ਼ਾਂਤ

ਹੁੰਦਾ ਹੈ। ਸਰੀਰ ਦਾ ਕੱਲਪ ਦਵਾਈਆਂ ਨਾਲ ਹੁੰਦਾ ਹੈ ਪਰ ਆਤਮਾ ਦਾ ਭਜਨ ਨਾਲ ਹੁੰਦਾ ਹੈ। ਭਜਨ ਦਾ ਆਰੰਭ ਹੀ ਆਤਮ-ਕੱਲਪ ਦਾ ਆਰੰਭ ਹੈ। ਇਹ ਸਾਧਨਾ-ਭਜਨ ਵੀ ਕਿਸੇ ਮਹਾਪੁਰਸ਼ ਦੀ ਦੇਣ ਹੈ। ਮੋਹ-ਨਿਸ਼ਾ ਵਿਚ ਅਚੇਤ ਆਦਿਮ-ਮਾਨਵ, ਜਿਸ ਵਿਚ ਭਜਨ ਦਾ ਕੋਈ ਸੰਸਕਾਰ ਨਹੀਂ ਹੈ, ਯੋਗ ਦੇ ਬਾਰੇ ਜਿਸਨੇ ਕਦੇ ਸੋਚਿਆ ਤਕ ਨਹੀਂ, ਐਸਾ ਮਨੁੱਖ ਕਿਸੇ ਮਹਾਪੁਰਸ਼ ਨੂੰ ਵੇਖਦਾ ਹੈ ਤਾਂ ਉਹਨਾਂ ਦੇ ਦਰਸ਼ਨ ਮਾਤਰ ਨਾਲ, ਉਹਨਾਂ ਦੇ ਵਚਨਾਂ ਨਾਲ, ਟੁੱਟੀ-ਫੁੱਟੀ ਸੇਵਾ ਅਤੇ ਸਮੀਪਤਾ ਨਾਲ ਯੋਗ ਦੇ ਸੰਸਕਾਰ ਉਸ ਵਿਚ ਸੰਚਾਰਿਤ ਹੋ ਜਾਂਦੇ ਹਨ। ਗੋਸੁਵਾਮੀ ਤੁਲਸੀਦਾਸਜੀ ਇਸੇ ਨੂੰ ਕਹਿੰਦੇ ਹਨ **'जे चितये प्रभु जिन्ह प्रभु हेरे', 'ते सब भये परम पद जोगू' । (रामचरितमानस)**- ਅਰਥਾਤ ਜਿਨ੍ਹਾਂ ਨੇ ਪ੍ਰਭੂ ਦਾ ਧਿਆਨ ਕੀਤਾ, ਜਿਨ੍ਹਾਂ ਨੇ ਵੇਖਿਆ, ਉਹ ਸਭ ਪਰਮਪਦ ਦੇ ਯੋਗ ਹੋ ਗਏ।

ਸ਼੍ਰੀ ਕਿਸ਼ਣ ਕਹਿੰਦੇ ਹਨ ਕਿ ਇਹ ਯੋਗ ਮੈਂ ਆਰੰਭ ਵਿਚ ਸੂਰਜ ਨੂੰ ਕਿਹਾ। **'चक्षो: सूर्यो अजायत'** ਮਹਾਪੁਰਸ਼ ਦੀ ਦ੍ਰਿਸ਼ਟੀ ਪੈਣ ਮਾਤਰ ਨਾਲ ਯੋਗ ਦੇ ਸੰਸਕਾਰ ਸੁਆਸ ਵਿਚ ਪ੍ਰਸਾਰਿਤ ਹੋ ਜਾਂਦੇ ਹਨ। ਪ੍ਰਕਾਸ਼ ਰੂਪ, ਸ੍ਵੈਵਸ਼ ਪਰਮਾਤਮਾ ਦਾ ਨਿਵਾਸ ਸਭ ਦੇ ਹਿਰਦੇ ਵਿਚ ਹੈ, ਸੁਆਸ ਦੇ ਵਿਰੋਧ ਨਾਲ ਹੀ ਉਸਦੀ ਪ੍ਰਾਪਤੀ ਦਾ ਵਿਧਾਨ ਹੈ। ਸੁਆਸ ਵਿਚ ਸੰਸਕਾਰਾਂ ਦਾ ਸਿਰਜਨ ਹੀ ਸੂਰਜ ਨੂੰ ਕਹਿਣਾ ਹੈ। ਸਮਾਂ ਆਉਣ ਤੇ ਇਹ ਸੰਸਕਾਰ ਮਨ ਵਿਚ ਅੰਕੁਰਿਤ ਹੋਏਗਾ। ਇਹੋ ਸੂਰਜ ਦਾ ਮਨੁ ਨੂੰ ਕਹਿਣਾ ਹੈ। ਮਨ ਵਿਚ ਅੰਕੁਰਿਤ ਹੋਣ ਬਾਅਦ ਮਹਾਪੁਰਸ਼ ਦੇ ਉਸ ਵਾਕ ਲਈ (ਵਚਨਾਂ ਲਈ) ਇੱਛਾ ਜਾਗ ਉੱਠੇਗੀ। ਜੇ ਮਨ ਵਿਚ ਕੋਈ ਗੱਲ ਹੈ, ਤਾਂ ਉਸਨੂੰ ਪਾਉਣ ਦੀ ਇੱਛਾ ਜ਼ਰੂਰ ਹੋਵੇਗੀ। ਇਹੋ ਮਨੁ ਦਾ ਇੱਛਵਾਕੁ ਨੂੰ ਕਹਿਣਾ ਹੈ। ਲਾਲਸਾ ਹੋਏਗੀ ਕਿ ਉਹ ਨਿਯਤ ਕਰਮ ਕਰੀਏ ਜੋ ਅਵਿਨਾਸ਼ੀ ਹੈ, ਜੋ ਕਰਮ-ਬੰਧਨ ਤੋਂ ਮੋਖਸ਼ ਦਿਵਾਉਂਦਾ ਹੈ। ਐਸਾ ਹੈ ਤਾਂ ਕੀਤਾ ਜਾਏ ਅਤੇ ਫੇਰ ਆਰਾਧਨਾ ਗਤੀ ਪਕੜ ਲੈਂਦੀ ਹੈ। ਗਤੀ ਪਕੜਕੇ ਇਹ ਯੋਗ ਕਿਥੇ ਪਹੁੰਚਾਉਂਦਾ ਹੈ, ਇਸ ਬਾਰੇ ਉਹ ਕਹਿੰਦੇ ਹਨ-

**एवं परम्पराप्राप्तमिमं राजर्षयो विदु: ।**
**स कालेनेह महता योगो नष्ट: परंतप ।।२ ।।**

ਇਸ ਤਰ੍ਹਾਂ ਕਿਸੇ ਮਹਾਪੁਰਸ਼ ਦੁਆਰਾ ਸੰਸਕਾਰ ਰਹਿਤ ਪੁਰਸ਼ਾਂ ਦੇ ਸੁਆਸ ਵਿਚ, ਸੁਆਸ ਤੋਂ ਮਨ ਵਿਚ, ਮਨ ਤੋਂ ਇੱਛਾ ਵਿਚ ਅਤੇ ਇੱਛਾ ਤੇਜ਼ ਹੋਕੇ ਕ੍ਰਿਆਤਮਕ ਆਚਰਣ ਵਿਚ ਢਲਕੇ ਇਹ ਯੋਗ ਉਨੱਤੀ ਕਰਦੇ-ਕਰਦੇ ਰਾਜ ਰਿਸ਼ੀ ਸ਼੍ਰੇਣੀ ਤਕ ਪਹੁੰਚ ਜਾਂਦਾ ਹੈ, ਉਸ ਅਵਸਥਾ ਵਿਚ ਜਾਕੇ ਗਿਆਨ ਹੁੰਦਾ ਹੈ। ਇਸ ਪੱਧਰ ਦੇ ਸਾਧਕ ਵਿਚ ਰਿੱਧੀਆਂ-ਸਿੱਧੀਆਂ ਦਾ ਸੰਚਾਰ ਹੁੰਦਾ ਹੈ। ਉਹ ਯੋਗ ਇਸ ਮਹੱਤਵਪੂਰਣ ਸਮੇਂ ਵਿਚ ਇਸੇ ਲੋਕ (ਸਰੀਰ) ਵਿਚ ਨਸ਼ਟ ਹੋ ਜਾਂਦਾ ਹੈ। ਇਸ ਸੀਮਾ ਰੇਖਾ ਨੂੰ ਕਿਵੇਂ ਪਾਰ ਕੀਤਾ ਜਾਏ? ਕੀ ਇਸ ਖ਼ਾਸ ਥਾਂ ਤੇ ਪਹੁੰਚ ਕੇ ਸਾਰੇ ਨਸ਼ਟ ਹੋ ਜਾਂਦੇ ਹਨ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਨਹੀਂ ਜੋ ਮੇਰੇ ਆਸਰੇ ਹੈ, ਮੇਰਾ ਪਿਆਰਾ ਭਗਤ ਹੈ, ਸ਼ਰਧਾਲੂ ਮਿੱਤਰ ਹੈ, ਉਹ ਨਸ਼ਟ ਨਹੀਂ ਹੁੰਦਾ-

**स एवायं मया तेऽद्य योग: प्रोक्त: पुरातन: ।**
**भक्तोऽसि मे सखा चेति रहस्यं ह्येतदुत्तमम् ।।३ ।।**

ਉਹੀ ਇਹ ਪੁਰਾਤਨ ਯੋਗ ਮੈਂ ਤੇਰੇ ਲਈ ਵਰਣਨ ਕੀਤਾ ਹੈ, ਕਿਉਂਕਿ ਤੂੰ ਮੇਰਾ ਭਗਤ ਅਤੇ ਸਖਾ ਹੈਂ ਅਤੇ ਇਹ ਯੋਗ ਉੱਤਮ, ਰਹੱਸਪੂਰਣ ਹੈ। ਅਰਜੁਨ ਖੱਤ੍ਰੀ ਸ਼੍ਰੇਣੀ ਦਾ ਸਾਧਕ ਸੀ, ਰਾਜ ਰਿਸ਼ੀ ਦੀ ਅਵਸਥਾ ਵਾਲਾ ਸੀ, ਜਿੱਥੇ ਰਿਧੀਆਂ-ਸਿੱਧੀਆਂ ਦੇ ਥਪੇੜਿਆਂ ਵਿਚ ਸਾਧਕ ਨਸ਼ਟ ਹੋ ਜਾਂਦਾ ਹੈ। ਇਸ ਸਮੇਂ ਵਿਚ ਵੀ ਯੋਗ ਕਲਿਆਨ ਦੇ ਰੂਪ ਵਿਚ ਹੀ ਹੈ, ਪਰ ਅਕਸਰ ਸਾਧਕ

ਇੱਥੇ ਪਹੁੰਚਕੇ ਲੜਖੜਾ ਜਾਂਦੇ ਹਨ। ਐਸਾ ਅਵਿਨਾਸ਼ੀ ਪਰ ਰਹੱਸਮਈ ਯੋਗ ਸ਼੍ਰੀ ਕ੍ਰਿਸ਼ਣ ਨੇ ਅਰਜੁਨ ਨੂੰ ਕਿਹਾ, ਕਿਉਂਕਿ ਨਸ਼ਟ ਹੋਣ ਦੀ ਹੀ ਅਵਸਥਾ ਵਿਚ ਅਰਜੁਨ ਸੀ। ਕਿਉਂ ਕਿਹਾ? ਇਸ ਲਈ ਕਿ ਤੂੰ (ਅਰਜੁਨ) ਮੇਰਾ ਭਗਤ ਹੈਂ, ਅਨਿੰਨ ਭਾਵ ਨਾਲ ਮੇਰੇ ਆਸਰੇ ਹੈਂ, ਮੈਨੂੰ ਪਿਆਰਾ ਹੈ। ਸਖਾ ਹੈਂ।

ਜਿਸ ਪਰਮਾਤਮਾ ਦੀ ਸਾਨੂੰ ਚਾਹ ਹੈ, ਉਹ (ਸਤਿਗੁਰੂ) ਪਰਮਾਤਮਾ ਆਤਮਾ ਨਾਲ ਇਕ ਹੋਕੇ ਜਦੋਂ ਹਿਦਾਇਤਾਂ ਦੇਣ ਲਗੇ, ਤਾਂ ਹੀ ਵਾਸਤਵਿਕ ਭਜਨ ਆਰੰਭ ਹੁੰਦਾ ਹੈ। ਇੱਥੇ ਪ੍ਰੇਰਕ ਦੀ ਅਵਸਥੈਂਵਿਚ ਪਰਮਾਤਮਾ ਅਤੇ ਸਤਿਗੁਰੂ ਦੋਵੇਂ ਇਕ ਦੂਜੇ ਦਾ ਰੂਪ ਹਨ। ਜਿਸ ਪੱਧਰ ਤੇ ਅਸੀਂ ਖੜ੍ਹੇ ਹਾਂ, ਉਸੇ ਪੱਧਰ ਤੇ ਜਦ ਆਪ ਪ੍ਰਭੂ ਹਿਰਦੇ ਵਿਚ ਉਤਰ ਆਉਣ, ਰੋਕਥਾਮ ਕਰਨ ਲੱਗਣ, ਡਗਮਗਾਉਣ ਵੇਲੇ ਸੰਭਾਲਣ, ਤਦੇ ਮਨ ਵੱਸ਼ ਵਿਚ ਹੋ ਸਕਦਾ ਹੈ **''मन बस होइ तबहिं, जब प्रेरक प्रभु बरजे।''** ਜਦ ਤਕ ਇਸ਼ਟਦੇਵ ਰਥੀ ਬਣਕੇ, ਆਤਮਾ ਨਾਲ ਇਕ ਹੋਕੇ ਪ੍ਰੇਰਕ ਦੇ ਰੂਪ ਵਿਚ ਖੜ੍ਹੇ ਨਹੀਂ ਹੋ ਜਾਂਦੇ, ਤਦ ਤਕ ਸਹੀ ਹਿਸਾਬ ਨਾਲ ਪ੍ਰਵੇਸ਼ ਹੀ ਨਹੀਂ ਹੋ ਪਾਉਂਦਾ। ਉਹ ਸਾਧਕ ਉਮੀਦਵਾਰ ਜ਼ਰੂਰ ਹੈ, ਪਰ ਭਜਨ ਉਸ ਕੋਲ ਕਿੱਥੇ ?

''ਪੂਜਯ ਗੁਰੂਦੇਵ ਭਗਵਾਨ'' ਕਿਹਾ ਕਰਦੇ ਸਨ ''ਓਏ ਅਸੀਂ ਕਈ ਵਾਰ ਨਸ਼ਟ ਹੁੰਦੇ-ਹੁੰਦੇ ਬਚ ਗਏ। ਭਗਵਾਨ ਨੇ ਹੀ ਬਚਾ ਲਿਆ। ਭਗਵਾਨ ਨੇ ਏਸ ਤਰਾਂ ਸਮਝਿਆ, ਇਹ ਕਿਹਾ।'' ਅਸੀਂ ਪੁਛਿਆ ''ਮਹਾਰਾਜ ਜੀ! ਕੀ ਭਗਵਾਨ ਵੀ ਬੋਲਦੇ ਨੇ, ਗਲਬਾਤ ਕਰਦੇ ਨੇ?'' ਬੋਲੇ ''ਹਾਂ ਓਏ! ਭਗਵਾਨ ਐਦਾਂ ਗੱਲਾਂ ਕਰਦੇ ਹਨ, ਜਿਵੇਂ ਅਸੀਂ-ਤੁਸੀਂ ਗੱਲਾਂ-ਬਾਤਾਂ ਕਰਦੇ ਹਾਂ, ਘੰਟਿਆਂ ਬਧੀ ਗੱਲਾਂ ਕਰਦੇ ਹਨ, ਅਤੇ ਸਿਲਸਿਲਾ ਹੀ ਨਈਂ ਮੁੱਕਦਾ।'' ਸਾਨੂੰ ਉਦਾਸੀ ਹੋਈ, ਅਤੇ ਹੈਰਾਨੀ ਵੀ ਕਿ ਭਗਵਾਨ ਕਿਵੇਂ ਬੋਲਦੇ ਹੋਣਗੇ, ਇਹ ਤਾਂ ਬੜੀ ਨਵੀਂ ਗੱਲ ਹੈ। ਕੁਝ ਦੇਰ ਬਾਅਦ ਮਹਾਰਾਜਜੀ ਬੋਲੇ - ''ਕਾਹਨੂੰ ਘਾਬਰਦਾ ਏਂ! ਤੇਰੇ ਨਾਲ ਵੀ ਕਰਨਗੇ ਗੱਲਾਂ। ''ਇਕ-ਇਕ ਅੱਖਰ ਸੱਚ ਸੀ ਉਹਨਾਂ ਦਾ ਕਥਨ ਅਤੇ ਇਹੋ ਸਖਾ-ਭਾਵ ਹੈ। ਮਿੱਤਰ ਦੀ ਤਰਾਂ ਉਹ ਨਿਰਾਕਰਣ ਕਰਦੇ ਰਹਿਣ, ਤਦੇ ਇਸ ਨਸ਼ਟ ਹੋਣ ਵਾਲੀ ਸਥਿਤੀ ਤੋਂ ਸਾਧਕ ਪਾਰ ਹੋ ਸਕਦਾ ਹੈ।

ਅਜੇ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਸੇ ਮਹਾਪੁਰਸ਼ ਦੁਆਰਾ ਯੋਗ ਦੇ ਆਰੰਭ, ਇਸ ਵਿਚ ਆਉਣ ਵਾਲੀਆਂ ਅੜਚਨਾਂ, ਉਹਨਾਂ ਤੋਂ ਪਾਰ ਪਾਉਣ ਦਾ ਰਸਤਾ ਦਸਿਆ। ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ -

**ਅਰਜੁਨ ਉਵਾਚ**

**अपरं भवतो जन्म परं जन्म विवस्वतः।**
**कथमेतद्विजानीयां त्वमादौ प्रोक्तवानिति ।।४।।**

ਭਗਵਨ! ਤੁਹਾਡਾ ਜਨਮ ਤਾਂ **'अपरम्'**- ਹੁਣ ਹੋਇਆ ਹੈ ਅਤੇ ਮੇਰੇ ਅੰਦਰ ਸੁਆਸ ਦਾ ਸੰਚਾਰ ਬਹੁਤ ਪੁਰਾਣਾ ਹੈ, ਤਾਂ ਮੈਂ ਕਿਵੇਂ ਮੰਨ ਲਵਾਂ ਕਿ ਇਸ ਯੋਗ ਨੂੰ ਭਜਨ ਦੇ ਆਰੰਭ ਵਿਚ ਤੁਸੀਂ ਹੀ ਕਿਹਾ ਸੀ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਮਹਾਰਾਜ ਬੋਲੇ -

**ਸ਼੍ਰੀ ਭਗਵਾਨ ਉਵਾਚ**

**बहूनि मे व्यतीतानि जन्मानि तव चार्जुन।**
**तान्यहं वेद सर्वाणि न त्वं वेत्थ परंतप ।।५।।**

ਅਰਜੁਨ! ਮੇਰੇ ਅਤੇ ਤੇਰੇ ਬਹੁਤ ਸਾਰੇ ਜਨਮ ਹੋ ਚੁਕੇ ਹਨ। ਹੇ ਪਰੰਤਪ! ਉਹਨਾਂ ਸਾਰਿਆਂ ਨੂੰ ਤੂੰ ਨਹੀਂ ਜਾਣਦਾ, ਪਰ ਮੈਂ ਜਾਣਦਾ ਹਾਂ। ਸਾਧਕ ਨਹੀਂ ਜਾਣਦਾ, ਸਵਰੂਪ-ਸਥਿਤ ਮਹਾਪੁਰਸ਼ ਜਾਣਦਾ ਹੈ, ਅਵਿਅਕਤ ਦੀ ਸਥਿਤੀ ਵਾਲਾ ਜਾਣਦਾ ਹੈ। ਅਰਜੁਨ ਬੋਲਿਆ – ''ਕੀ ਆਪ ਸਭ ਦੀ ਤਰ੍ਹਾਂ ਪੈਦਾ ਹੁੰਦੇ ਹੋ?'' ਸ਼੍ਰੀ ਕ੍ਰਿਸ਼ਣ ਕਹਿੰਦੇ ਹਨ – ਨਹੀਂ, ਸਵਰੂਪ ਦੀ ਪ੍ਰਾਪਤੀ ਸਰੀਰ-ਪ੍ਰਾਪਤੀ ਤੋਂ ਵਖਰੀ ਹੈ। ਮੇਰਾ ਜਨਮ ਇਹਨਾਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਮੈਂ ਅਜਨਮਾ, ਅਵਿਅਕਤ, ਸ਼ਾਸ਼ਵਤ ਹੁੰਦੇ ਹੋਏ ਵੀ ਸਰੀਰ ਦੇ ਆਧਾਰ ਵਾਲਾ ਹਾਂ।

**''अवधू! जीवत में कर आसा।**
**मुए मुक्ति गुरु कहे स्वार्थी, झूठा दे विश्वासा।।''**

ਸਰੀਰ ਦੇ ਰਹਿੰਦਿਆਂ ਹੀ ਉਸ ਪਰਮਤੱਤ ਵਿਚ ਪ੍ਰਵੇਸ਼ ਪਾਇਆ ਜਾਂਦਾ ਹੈ। ਰੱਤੀ ਭਰ ਵੀ ਕਮੀ ਹੈ, ਤਾਂ ਜਨਮ ਲੈਣਾ ਪੈਂਦਾ ਹੈ। ਅਜੇ ਤਕ ਅਰਜੁਨ ਸ਼੍ਰੀ ਕ੍ਰਿਸ਼ਣ ਨੂੰ ਆਪਣੇ ਸਮਾਨ ਦੇਹਧਾਰੀ ਸਮਝਦਾ ਹੈ। ਉਹ ਅੰਤਰੰਗ ਪ੍ਰਸ਼ਨ ਰੱਖਦਾ ਹੈ – ''ਕੀ ਆਪਦਾ ਜਨਮ ਉਸੇ ਤਰ੍ਹਾਂ ਹੀ ਹੈ, ਜਿਸ ਤਰ੍ਹਾਂ ਸਭ ਦਾ ਹੈ? ਕੀ ਆਪ ਵੀ ਸਰੀਰਾਂ ਦੀ ਤਰ੍ਹਾਂ ਪੈਦਾ ਹੁੰਦੇ ਹੋ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**अजोऽपि सन्नव्ययात्मा भूतानामीश्वरोऽपि सन्।**
**प्रकृतिं स्वामधिष्ठाय संभवाम्यात्ममायया।।६।।**

ਮੈਂ ਵਿਨਾਸ਼ਰਹਿਤ, ਮੁੜ-ਜਨਮਰਹਿਤ ਅਤੇ ਸਮਸਤ ਪ੍ਰਾਣੀਆਂ ਦੇ ਸੂਰ ਵਿਚ ਸੰਚਾਰਿਤ ਹੋਣ ਤੇ ਵੀ ਆਪਣੀ ਪ੍ਰਕ੍ਰਿਤੀ ਨੂੰ ਅਧੀਨ ਕਰਕੇ ਆਤਮ-ਮਾਇਆ ਤੋਂ ਪ੍ਰਗਟ ਹੁੰਦਾ ਹਾਂ। ਇਕ ਮਾਇਆ ਤਾਂ ਅਵਿਦਿਆ ਹੈ, ਜੋ ਪ੍ਰਕ੍ਰਿਤੀ ਵਿਚ ਹੀ ਵਿਸ਼ਵਾਸ ਦਿਵਾਉਂਦੀ ਹੈ, ਨੀਚ ਅਤੇ ਅਧਮ ਯੋਨੀਆਂ ਦਾ ਕਾਰਣ ਬਣਦੀ ਹੈ। ਦੂਜੀ ਮਾਇਆ ਹੈ ਆਤਮ-ਮਾਇਆ, ਜੋ ਆਤਮਾ ਵਿਚ ਪ੍ਰਵੇਸ਼ ਦਿਵਾਉਂਦੀ ਹੈ, ਸਵਰੂਪ ਦੇ ਜਨਮ ਦਾ ਕਾਰਣ ਬਣਦੀ ਹੈ। ਇਸੇ ਨੂੰ ਯੋਗਮਾਇਆ ਵੀ ਕਹਿੰਦੇ ਹਨ। ਜਿਸਤੋਂ ਅਸੀਂ ਅਲੱਗ ਹਾਂ, ਉਸ ਸ਼ਾਸ਼ਵਤ ਸਵਰੂਪ ਨਾਲ ਇਹ ਜੋੜਦੀ ਹੈ, ਮਿਲਨ ਕਰਾਉਂਦੀ ਹੈ। ਉਸ ਆਤਮਿਕ ਪ੍ਰਕ੍ਰਿਆ ਦੁਆਰਾ ਮੈਂ ਆਪਣੀ ਤ੍ਰਿਗੁਣਮਈ ਪ੍ਰਕ੍ਰਿਤੀ ਨੂੰ ਅਧੀਨ ਕਰਕੇ ਹੀ ਪ੍ਰਗਟ ਹੁੰਦਾ ਹਾਂ।

ਅਕਸਰ ਲੋਕੀਂ ਕਹਿੰਦੇ ਹਨ ਕਿ ਭਗਵਾਨ ਦਾ ਅਵਤਾਰ ਹੋਏਗਾ ਤਾਂ ਦਰਸ਼ਨ ਕਰ ਲਵਾਂਗੇ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਇਹੋ ਜਿਹਾ ਕੁਝ ਨਹੀਂ ਹੁੰਦਾ ਕਿ ਕੋਈ ਦੂਜਾ ਵੇਖ ਸਕੇ। ਸਵਰੂਪ ਦਾ ਜਨਮ ਪਿੰਡਰੂਪ ਵਿਚ (ਸਰੀਰੀ ਤੌਰ ਤੇ) ਨਹੀਂ ਹੁੰਦਾ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ – ਯੋਗ ਸਾਧਨਾ ਦੁਆਰਾ, ਆਤਮ-ਮਾਇਆ ਦੁਆਰਾ ਆਪਣੀ ਤ੍ਰਿਗੁਣਮਈ ਪ੍ਰਕ੍ਰਿਤੀ ਨੂੰ ਸ੍ਵੈਵੱਸ਼ ਕਰਕੇ ਮੈਂ ਕ੍ਰਮਵਾਰ ਪ੍ਰਗਟ ਹੁੰਦਾ ਹਾਂ। ਲੇਕਿਨ ਕਿਹੜੀਆਂ ਪਰਿਸਥਿਤੀਆਂ ਵਿਚ ?

**यदा यदा हि धर्मस्य ग्लानिर्भवति भारत।**
**अभ्युत्थानमधर्मस्य तदात्मानं सृजाम्यहम्।।७।।**

ਹੇ ਅਰਜੁਨ! ਜਦ-ਜਦ ਪਰਮਧਰਮ ਪਰਮਾਤਮਾ ਲਈ ਹਿਰਦੇ ਗਲਾਨੀ (ਪਛਤਾਵੇ) ਨਾਲ ਭਰ ਜਾਂਦਾ ਹੈ, ਜਦ ਅਧਰਮ ਦੇ ਵਾਧੇ ਨਾਲ ਭਗਤਜਨ ਪਾਰ-ਉਤਾਰਾ ਨਹੀਂ ਵੇਖ ਪਾਉਂਦੇ, ਤਾਂ ਮੈਂ ਆਤਮਾ ਨੂੰ ਰੱਚਣ ਲਗਦਾ ਹਾਂ। ਐਸੀ ਹੀ ਗਲਾਨੀ ਮਨੂ ਨੂੰ ਹੋਈ ਸੀ – **हृदय बहुत दुख लाग, जनम गयउ हरि भगति बिनु। (रामचरितमानस)**

ਜਦ ਤੁਹਾਡਾ ਹਿਰਦਾ ਅਨੁਰਾਗ ਨਾਲ ਭਰ ਜਾਏ, ਉਸ ਸ਼ਾਸ਼ਵਤ ਧਰਮ ਲਈ '**गदगद गिरा नयन बह नीरा**' (ਹਿਰਦਾ ਗਦਗਦ, ਨੈਨਾਂ ਤੋਂ ਨੀਰ ਦੀ ਧਾਰਾ) ਦੀ ਸਥਿਤੀ ਆ ਜਾਏ, ਜਦ ਕੋਸ਼ਿਸ਼ ਕਰਕੇ ਵੀ ਅਨੁਰਾਗੀ ਅਧਰਮ ਦਾ ਪਾਰ ਨਹੀਂ ਪਾਉਂਦਾ, ਐਸੀ ਪਰਿਸਥਿਤੀ ਵਿਚ ਮੈਂ ਆਪਣੇ ਸਵਰੂਪ ਨੂੰ ਰੱਚਦਾ ਹਾਂ, ਅਰਥਾਤ ਭਗਵਾਨ ਦਾ ਆਗਮਨ ਕੇਵਲ ਅਨੁਰਾਗੀ ਲਈ ਹੈ – **सो केवल भगतन हित लागी। (रामचरितमानस १/१२/५)**

ਇਹ ਅਵਤਾਰ ਕਿਸੇ ਭਾਗਾਂਵਾਲੇ ਸਾਧਕ ਦੇ ਅੰਤਰ ਵਿਚ ਹੁੰਦਾ ਹੈ। ਅਰਜੁਨ ਨੇ ਪੁਛਿਆ–'ਆਪ ਪ੍ਰਗਟ ਹੋਕੇ ਕਰਦੇ ਕੀ ਹੋ?'

**परित्राणाय साधूनां विनाशाय च दुष्कृताम्।**
**धर्मसंस्थापनार्थाय संभवामि युगे युगे ॥८॥**

ਅਰਜੁਨ! '**साधूनां परित्राणाय**' ਪਰਮ ਸਾਧਿਅ (ਸਾਧਣਯੋਗ) ਇਕਮਾਤਰ ਪਰਮਾਤਮਾ ਹੈ, ਜਿਸਨੂੰ ਸਾਧ ਲੈਣ ਦੇ ਬਾਅਦ ਕੁਝ ਵੀ ਸਾਧਣਾ ਬਾਕੀ ਨਹੀਂ ਰਹਿ ਜਾਂਦਾ। ਉਸ ਸਾਧਿਅ ਵਿਚ ਪ੍ਰਵੇਸ਼ ਦਿਵਾਉਣ ਵਾਲੇ ਵਿਵੇਕ, ਵੈਰਾਗ, ਸ਼ਮ–ਦਮ ਇਤਿਆਦਿ ਦੈਵੀ ਸੰਪੱਤੀ ਨੂੰ ਨਿਰਵਿਘਨ ਪ੍ਰਵਾਹਿਤ ਕਰਨ ਲਈ ਅਤੇ '**दुष्कृताम्**' ਜਿਸਤੋਂ ਦੂਸ਼ਿਤ ਕਾਰਜ ਰੂਪ ਲੈਂਦੇ ਹਨ, ਉਹਨਾਂ ਕਾਮ–ਕ੍ਰੋਧ, ਰਾਗ–ਦ੍ਵੇਸ਼ ਆਦਿ ਵਿਜਾਤੀ ਪ੍ਰਵਿਰਤੀਆਂ ਨੂੰ ਸੰਪੂਰਣ ਨਸ਼ਟ ਕਰਨ ਲਈ ਅਤੇ ਧਰਮ ਨੂੰ ਭਲੀ ਪ੍ਰਕਾਰ ਸਥਿਰ ਕਰਨ ਲਈ ਮੈਂ ਯੁਗ–ਯੁਗ ਵਿਚ ਪ੍ਰਗਟ ਹੁੰਦਾ ਹਾਂ।

ਯੁਗ ਤੋਂ ਭਾਵ ਸਤਿਯੁਗ, ਤ੍ਰੇਤਾ, ਦ੍ਵਾਪਰ ਵਿਚ ਨਹੀਂ, ਯੁਗਧਰਮਾਂ ਦਾ ਉਤਾਰ–ਚੜ੍ਹਾਅ ਮਨੁੱਖਾਂ ਦੇ ਸੁਭਾਅ ਉਤੇ ਹੈ। ਯੁਗਧਰਮ ਸਦਾ ਹੀ ਰਹੇ ਹਨ। ਮਾਨਸ ਵਿਚ ਸੰਕੇਤ ਹੈ **नित जुग धर्म होहिं सब केरे। हृदय राम माया के प्रेरे॥ (रामचरितमानस ७/१८/१)**

ਯੁਗਧਰਮ ਸਭ ਦੇ ਹਿਰਦੇ ਵਿਚ ਨਿੱਤ ਹੁੰਦੇ ਰਹਿੰਦੇ ਹਨ। ਅਵਿਦਿਆ ਨਾਲ ਨਹੀਂ, ਸਗੋਂ ਵਿਦਿਆ ਦੀ ਪ੍ਰੇਰਣਾ ਨਾਲ ਹਿਰਦੇ ਵਿਚ ਹੁੰਦੇ ਹਨ। ਜਿਸਨੂੰ ਪ੍ਰਸਤੁਤ ਸ਼ਲੋਕ ਵਿਚ ਆਤਮ ਮਾਇਆ ਕਿਹਾ ਗਿਆ ਹੈ, ਉਹੀ ਰਾਮ ਮਾਇਆ ਹੈ। ਹਿਰਦੇ ਵਿਚ ਰਾਮ ਦੀ ਸਥਿਤੀ ਦਿਵਾ ਦੇਣ ਵਾਲੀ, ਰਾਮ ਤੋਂ ਪ੍ਰੇਰਿਤ ਹੈ ਉਹ ਵਿਦਿਆ। ਕਿਵੇਂ ਸਮਝਿਆ ਜਾਏ ਕਿ ਹੁਣ ਕਿਹੜਾ ਯੁਗ ਕੰਮ ਕਰ ਰਿਹਾ ਹੈ? ਤਾਂ '**सुद्ध सत्व समता विग्याना। कृत प्रभाव प्रसन्न मन जाना॥**'' **(रामचरितमानस ७/१०३/२)**

ਜਦ ਹਿਰਦੇ ਵਿਚ ਸ਼ੁੱਧ ਸਤਿਗੁਣ ਹੀ ਕੰਮ ਕਰਦਾ ਹੋਵੇ, ਰਾਜਸ ਅਤੇ ਤਾਮਸ ਦੋਨੋਂ ਗੁਣ ਸ਼ਾਂਤ ਹੋ ਜਾਣ, ਵਿਸ਼ਮਤਾਵਾਂ ਸਮਾਪਤ ਹੋ ਗਈਆਂ ਹੋਣ, ਜਿਸਦਾ ਕਿਸੇ ਨਾਲ ਦ੍ਵੇਸ਼ ਨਾ ਹੋਵੇ, ਵਿਗਿਆਨ ਨਾ ਹੋਵੇ ਅਰਥਾਤ ਇਸ਼ਟ ਤੋਂ ਮਾਰਗਦਰਸ਼ਨ ਲੈਣ ਅਤੇ ਉਸ ਉਤੇ ਟਿਕਣ ਦੀ ਸਮਰੱਥਾ ਹੋਵੇ, ਮਨ ਵਿਚ ਪ੍ਰਸੰਨਤਾ ਦਾ ਪੂਰਣ ਸੰਚਾਰ ਹੋਵੇ – ਜਦੋਂ ਐਸੀ ਯੋਗਤਾ ਆ ਜਾਏ, ਤਾਂ ਸਤਿਯੁਗ ਵਿਚ ਪ੍ਰਵੇਸ਼ ਮਿਲ ਗਿਆ। ਇਸੇ ਤਰ੍ਹਾਂ ਦੋ ਹੋਰ ਯੁਗਾਂ ਦਾ ਵਰਣਨ ਕੀਤਾ ਹੈ ਅਤੇ ਅੰਤ ਵਿਚ –

**तामस बहुत रजोगुण थोरा।**
**कलि प्रभाव विरोध चहुँ ओरा॥**

ਤਾਮਸ ਗੁਣ ਭਰਪੂਰ ਹੋਣ, ਕੁਝ ਥੋੜ੍ਹੇ ਰਾਜਸੀ ਗੁਣ ਵੀ ਉਸ ਵਿਚ ਹੋਣ, ਚਾਰੋਂ ਪਾਸੇ ਵੈਰ ਅਤੇ ਵਿਰੋਧ ਹੋਵੇ, ਤਾਂ ਐਸਾ ਵਿਅਕਤੀ ਕਲਿਯੁਗਵਾਸੀ ਹੈ। ਜਦ ਤਾਮਸੀ ਗੁਣ ਕੰਮ ਕਰਦਾ ਹੈ

ਤਾਂ ਮਨੁੱਖ ਵਿਚ ਆਲਸ, ਨੀਂਦ, ਅਣਗਹਿਲੀ ਦੀ ਜ਼ਿਆਦਾ ਮਾਤ੍ਰਾ ਹੁੰਦੀ ਹੈ। ਉਹ ਫਰਜ਼ ਜਾਣਦੇ ਹੋਏ ਵੀ ਉਸ ਵਿਚ ਪ੍ਰਵਿਰਤ ਨਹੀਂ ਹੋ ਸਕਦਾ, ਨਿਖਿੱਧ ਕਰਮ ਨੂੰ ਜਾਣਦੇ ਹੋਏ ਵੀ ਉਸਤੋਂ ਨਿਰਵਿਰਤੀ ਨਹੀਂ ਹੁੰਦੀ। ਇਸ ਪ੍ਰਕਾਰ ਯੁਗਧਰਮਾਂ ਦਾ ਉਤਾਰ-ਚੜਾਅ ਮਨੁੱਖਾਂ ਦੀ ਆਂਤਰਿਕ ਯੋਗਤਾ ਤੇ ਨਿਰਭਰ ਹੈ। ਕਿਸੇ ਨੇ ਇਹਨਾਂ ਯੋਗਤਾਵਾਂ ਨੂੰ ਚਾਰ ਯੁਗ ਕਿਹਾ ਹੈ, ਤਾਂ ਕੋਈ ਇਹਨਾਂ ਨੂੰ ਹੀ ਚਾਰ ਵਰਣ ਦਾ ਨਾਮ ਦੇਂਦਾ ਹੈ।ਜਾਂ ਕੋਈ ਇਹਨਾਂ ਨੂੰ ਹੀ ਅਤਿ ਉੱਤਮ, ਉੱਤਮ ਮੱਧਮ, ਮੱਧਮ ਅਤੇ ਨੀਚ, ਚਾਰ ਸ਼੍ਰੇਣੀਆਂ ਦੇ ਸਾਧਕ ਕਹਿੰਦਾ ਹੈ। ਹਰ ਯੁਗ ਵਿਚ ਇਸ਼ਟ ਸਾਥ ਦੇਂਦੇ ਹਨ। ਹਾਂ, ਉੱਚ ਸ਼੍ਰੇਣੀ ਵਿਚ ਅਨੁਕੂਲਤਾ ਵੱਧ ਪ੍ਰਤੀਤ ਹੁੰਦੀ ਹੈ, ਨੀਵੇਂ ਯੁਗਾਂ ਵਿਚ ਸਹਿਯੋਗ ਘਟ ਪ੍ਰਤੀਤ ਹੁੰਦਾ ਹੈ।

ਸੰਖੇਪ ਵਿਚ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਸਾਧੀ ਹੋਈ ਵਸਤੂ ਦਿਵਾਉਣ ਵਾਲੇ ਵਿਵੇਕ, ਵੈਰਾਗ ਆਦਿ ਨੂੰ ਨਿਰਵਿਘਨ ਪ੍ਰਵਾਹਿਤ ਕਰਨ ਲਈ ਅਤੇ ਦੂਸ਼ਣ ਦੇ ਕਾਰਕ (ਕਰਨ ਵਾਲੇ) ਕਾਮ-ਕ੍ਰੋਧ, ਰਾਗ-ਦ੍ਵੇਸ਼ ਆਦਿ ਦਾ ਪੂਰਣ ਵਿਨਾਸ਼ ਕਰਨ ਲਈ, ਪਰਮਧਰਮ ਪਰਮਾਤਮਾ ਵਿਚ ਸਥਿਰ ਰੱਖਣ ਲਈ, ਮੈਂ ਯੁਗ-ਯੁਗ ਵਿਚ, ਅਰਥਾਤ ਹਰ ਪਰਿਸਥਿਤੀ, ਹਰ ਸ਼੍ਰੇਣੀ ਵਿਚ ਪ੍ਰਗਟ ਹੁੰਦਾ ਹਾਂ - ਬਸ਼ਰਤੇ ਕਿ ਗਲਾਨੀ (ਪਛਤਾਵਾ) ਹੋਵੇ। ਜਦ ਤਕ ਇਸ਼ਟ ਸਹਿਮਤੀ ਨਾ ਦੇਣ, ਤਦ ਤਕ ਤੁਸੀਂ ਸਮਝ ਹੀ ਨਹੀਂ ਸਕੋਗੇ ਕਿ ਵਿਕਾਰਾਂ ਦਾ ਵਿਨਾਸ਼ ਹੋਇਆ ਜਾਂ ਅਜੇ ਕਿੰਨਾ ਬਾਕੀ ਹੈ? ਪ੍ਰਵੇਸ਼ ਤੋਂ ਪਰਾਕਾਸ਼ਠਾ ਤਕ ਇਸ਼ਟ ਹਰ ਸ਼੍ਰੇਣੀ ਵਿਚ, ਹਰ ਯੋਗਤਾ ਦੇ ਨਾਲ ਰਹਿੰਦੇ ਹਨ। ਉਹਨਾਂ ਦੀ ਪ੍ਰਗਟਤਾ ਅਨੁਰਾਗੀ ਦੇ ਹਿਰਦੇ ਵਿਚ ਹੁੰਦੀ ਹੈ। ਭਗਵਾਨ ਪ੍ਰਗਟ ਹੁੰਦੇ ਹਨ ਤਦ ਤਾਂ ਸਾਰੇ ਦਰਸ਼ਨ ਕਰਦੇ ਹੋਣਗੇ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਨਹੀਂ -

**जन्म कर्म च मे दिव्यमेवं यो वेत्ति तत्त्वत:।**
**त्यक्त्वा देहं पुनर्जन्म नैति मामेति सोऽर्जुन।।९।।**

ਅਰਜੁਨ! ਮੇਰਾ ਉਹ ਜਨਮ ਅਰਥਾਤ ਪਛਤਾਵੇ ਦੇ ਨਾਲ ਸਵਰੂਪ ਦੀ ਰਚਨਾ ਅਤੇ ਮੇਰਾ ਕਰਮ ਅਰਥਾਤ ਦੁਸ਼ਕਰਮਾਂ ਦੇ ਕਾਰਣਾਂ ਦਾ ਵਿਨਾਸ਼,ਸਾਧੀ ਹੋਈ ਵਸਤੂ ਨੂੰ ਦਿਵਾਉਣ ਵਾਲੀ ਸਮਰਥਾਵਾਂ ਦਾ ਨਿਰਵਿਘਨ ਸੰਚਾਰ, ਧਰਮ ਦੀ ਸਥਿਰਤਾ, ਇਹ ਕਰਮ ਅਤੇ ਜਨਮ ਦਿਵਿਅ ਅਰਥਾਤ ਅਲੌਕਿਕ ਹਨ, ਲੌਕਿਕ ਨਹੀਂ। ਇਹਨਾਂ ਅੱਖਾਂ (ਮਾਸ ਦੀਆਂ ਅੱਖਾਂ) ਨਾਲ ਉਸਨੂੰ ਵੇਖਿਆ ਨਹੀਂ ਜਾ ਸਕਦਾ। ਮਨ-ਬੁੱਧੀ ਨਾਲ ਉਸਨੂੰ ਨਾਪਿਆ ਨਹੀਂ ਜਾ ਸਕਦਾ। ਜਦ ਉਹ ਏਨ੍ਹਾਂ ਰਹੱਸਮਈ ਹੈ ਤਾਂ ਉਸਨੂੰ ਵੇਖਦਾ ਕੌਣ ਹੈ? ਕੇਵਲ **'यो वेत्ति तत्त्वत:'**- ਕੇਵਲ ਤੱਤਦਰਸ਼ੀ ਹੀ ਮੇਰੇ ਇਸ ਜਨਮ ਅਤੇ ਕਰਮ ਨੂੰ ਵੇਖਦਾ ਹੈ ਅਤੇ ਮੇਰਾ ਪ੍ਰਤੱਖ ਦਰਸ਼ਨ ਕਰਕੇ ਉਹ ਪੁਨਰਜਨਮ ਨੂੰ ਨਹੀਂ ਪ੍ਰਾਪਤ ਹੁੰਦਾ, ਬਲਕਿ ਮੈਨੂੰ ਪ੍ਰਾਪਤ ਹੁੰਦਾ ਹੈ।

ਜਦ ਤੱਤਦਰਸ਼ੀ ਹੀ ਭਗਵਾਨ ਦੇ ਜਨਮ ਅਤੇ ਕਾਰਜ ਨੂੰ ਵੇਖ ਪਾਉਂਦਾ ਹੈ, ਤਾਂ ਲੋਕੀਂ ਲੱਖਾਂ ਦੀ ਗਿਣਤੀ ਵਿਚ ਭੀੜ ਲਗਾਕੇ ਕਿਉਂ ਖੜ੍ਹੇ ਹੁੰਦੇ ਹਨ ਕਿ ਕਿਧਰੇ ਅਵਤਾਰ ਹੋਏਗਾ ਤਾਂ ਦਰਸ਼ਨ ਕਰਾਂਗੇ? ਕੀ ਤੁਸੀਂ ਤੱਤਦਰਸ਼ੀ ਹੋ? ਮਹਾਤਮਾ-ਵੇਸ਼ ਵਿਚ ਅੱਜ ਵੀ ਕਈ ਤਰੀਕਿਆਂ ਨਾਲ, ਖ਼ਾਸਕਰ ਮਹਾਤਮਾ ਦੇ ਭੇਸ ਦੀ ਆੜ ਵਿਚ, ਬਹੁਤ ਸਾਰੇ ਲੋਕ ਪ੍ਰਚਾਰ ਕਰਦੇ ਫਿਰਦੇ ਹਨ ਕਿ ਉਹ ਅਵਤਾਰ ਹਨ, ਜਾਂ ਉਹਨਾਂ ਦੇ ਦਲਾਲ ਇਹ ਪ੍ਰਚਾਰ ਕਰ ਦੇਂਦੇ ਹਨ। ਲੋਕੀਂ ਭੇਡਾਂ ਬਕਰੀਆਂ ਵਾਂਗ ਇੱਜੜ ਬਣਾਕੇ ਅਵਤਾਰ ਨੂੰ ਵੇਖਣ ਟੁੱਟ ਪੈਂਦੇ ਹਨ। ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਕੇਵਲ ਤੱਤਦਰਸ਼ੀ ਹੀ ਵੇਖ ਪਾਉਂਦਾ ਹੈ। ਤਾਂ ਤੱਤਦਰਸ਼ੀ ਕਿਸਨੂੰ ਕਹਿੰਦੇ ਹਨ?

ਅਧਿਆਇ ਦੋ ਵਿਚ ਸੱਚ-ਝੂਠ ਦਾ ਫੈਸਲਾ ਦੇਂਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦਸਿਆ ਸੀ ਕਿ, ਅਰਜੁਨ! ਝੂਠੀ ਵਸਤੂ ਦੀ ਹੋਂਦ ਨਹੀਂ ਹੈ ਅਤੇ ਸੱਚ ਦਾ ਤਿੰਨੋਂ ਕਾਲਾਂ ਵਿਚ ਕਦੇ ਅਭਾਵ ਨਹੀਂ ਹੈ। ਤਾਂ ਕੀ ਤੁਸੀਂ ਇਸ ਤਰ੍ਹਾਂ ਕਹਿੰਦੇ ਹੋ? ਉਹਨਾਂ ਨੇ ਕਿਹਾ ''ਨਹੀਂ, ਤੱਤਦਰਸ਼ੀਆਂ ਨੇ ਇਸਨੂੰ ਵੇਖਿਆ।'' ਨਾ ਕਿਸੇ ਭਾਸ਼ਾਵਿਦ (ਭਾਸ਼ਾ ਦੇ ਵਿਦਵਾਨ) ਨੇ ਵੇਖਿਆ, ਨਾ ਕਿਸੇ ਧੰਨਵਾਨ ਨੇ। ਉਹ ਫੇਰ ਜ਼ੋਰ ਪਾਉਂਦੇ ਹੋਏ ਕਹਿੰਦੇ ਹਨ ਕਿ ਮੇਰਾ ਆਵਿਰਭਾਵ (ਜਨਮ) ਤਾਂ ਹੁੰਦਾ ਹੈ ਪਰ ਉਸਨੂੰ ਤੱਤਦਰਸ਼ੀ ਹੀ ਦੇਖ ਸਕਦਾ ਹੈ। ਤੱਤਦਰਸ਼ੀ ਇਕ ਪ੍ਰਸ਼ਨ ਹੈ। ਐਸਾ ਕੁਝ ਨਹੀਂ ਕਿ ਪੰਜ ਤੱਤ ਹਨ ਜਾਂ ਪੰਜੀ ਤੱਤ ਹਨ, ਇਹਨਾਂ ਦੀ ਗਿਣਤੀ ਸਿਖ ਲਈ ਅਤੇ ਹੋ ਗਏ ਤੱਤਦਰਸ਼ੀ। ਸ਼੍ਰੀ ਕ੍ਰਿਸ਼ਣ ਨੇ ਅੱਗੇ ਦਸਿਆ ਕਿ ਆਤਮਾ ਹੀ ਪਰਮਤੱਤ ਹੈ। ਆਤਮਾ ਪਰਮ ਦੇ ਨਾਲ ਮਿਲਕੇ ਪਰਮਾਤਮਾ ਹੋ ਜਾਂਦਾ ਹੈ। ਆਤਮ-ਪ੍ਰਤੱਖ ਦਰਸ਼ਨ ਕਰਨ ਵਾਲਾ ਹੀ ਇਸ ਜਨਮ ਨੂੰ ਸਮਝ ਪਾਉਂਦਾ ਹੈ। ਸਿੱਧ ਹੈ ਕਿ ਅਵਤਾਰ ਕਿਸੇ ਅਧੀਰ ਅਨੁਰਾਗੀ ਦੇ ਹਿਰਦੇ ਵਿਚ ਹੁੰਦਾ ਹੈ। ਆਰੰਭ ਵਿਚ ਉਸਨੂੰ ਉਹ ਸਮਝ ਨਹੀਂ ਸਕਦਾ ਕਿ ਸਾਨੂੰ ਕੌਣ ਸੰਕੇਤ ਦੇਂਦਾ ਹੈ। ਕੌਣ ਮਾਰਗ-ਦਰਸ਼ਨ ਕਰਦਾ ਹੈ। ਪਰ ਪਰਮਤੱਤ ਪਰਮਾਤਮਾ ਦੇ ਦਰਸ਼ਨ ਦੇ ਨਾਲ ਹੀ ਉਹ ਦੇਖ ਸਕਦਾ ਹੈ, ਸਮਝ ਸਕਦਾ ਹੈ ਅਤੇ ਫਿਰ ਸਰੀਰ ਨੂੰ ਤਿਆਗਕੇ ਪੁਨਰਜਨਮ ਨੂੰ ਪ੍ਰਾਪਤ ਨਹੀਂ ਹੁੰਦਾ।

ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਮੇਰਾ ਜਨਮ ਦਿਵਿਅ ਹੈ, ਇਸਨੂੰ ਵੇਖਣ ਵਾਲਾ ਮੈਨੂੰ ਪ੍ਰਾਪਤ ਹੁੰਦਾ ਹੈ, ਤਾਂ ਲੋਕਾਂ ਨੇ ਉਹਨਾਂ ਦੀ ਮੂਰਤੀ ਬਣਾ ਲਈ, ਪੂਜਾ ਕਰਨ ਲਗੇ, ਆਕਾਸ਼ ਵਿਚ ਕਿਧਰੇ ਉਹਨਾਂ ਦੇ ਨਿਵਾਸ ਦੀ ਕਲਪਨਾ ਕਰ ਲਈ। ਐਸਾ ਕੁਝ ਨਹੀਂ ਹੈ। ਉਹਨਾਂ ਮਹਾਪੁਰਸ਼ਾਂ ਦਾ ਭਾਵ ਕੇਵਲ ਏਨ੍ਹਾਂ ਸੀ ਕਿ ਜੇ ਤੁਸੀਂ ਨਿਰਧਾਰਿਤ ਕਰਮ ਕਰੋ, ਤਾਂ ਵੇਖੋਗੇ ਕਿ ਤੁਸੀਂ ਵੀ ਦਿਵਿਅ ਹੋ। ਤੁਸੀਂ ਜੋ ਹੋ ਸਕਦੇ ਹੋ, ਉਹ ਮੈਂ ਹੋ ਗਿਆ ਹਾਂ। ਮੈਂ ਤੁਹਾਡੀ ਸੰਭਾਵਨਾ ਹਾਂ, ਤੁਹਾਡਾ ਹੀ ਭਵਿੱਖ ਹਾਂ। ਆਪਣੇ ਅੰਦਰ ਤੁਸੀਂ ਜਿਸ ਦਿਨ ਐਸੀ ਪੂਰਣਤਾ ਪਾ ਲਉਗੇ ਤਾਂ ਤੁਸੀਂ ਵੀ ਉਹੀ ਹੋਵੋਗੇ ਜੋ ਸ਼੍ਰੀਕ੍ਰਿਸ਼ਣ ਹਨ। ਜੋ ਸ਼੍ਰੀ ਕ੍ਰਿਸ਼ਣ ਦਾ ਸਵਰੂਪ ਹੈ, ਉਹੀ ਤੁਹਾਡਾ ਵੀ ਹੋ ਸਕਦਾ ਹੈ। ਅਵਤਾਰ ਕਿਧਰੇ ਬਾਹਰ ਨਹੀਂ ਹੁੰਦਾ। ਹਾਂ ਜੇ ਅਨੁਰਾਗਮਈ ਹਿਰਦਾ ਹੋਵੇ, ਤਾਂ ਤੁਹਾਡੇ ਅੰਦਰ ਵੀ ਅਵਤਾਰ ਦੀ ਅਨੁਭੂਤੀ ਸੰਭਵ ਹੈ। ਉਹ ਤੁਹਾਨੂੰ ਉਤਸਾਹ ਦੇਂਦੇ ਹਨ ਕਿ ਬਹੁਤ ਸਾਰੇ ਲੋਕ ਇਸ ਮਾਰਗ ਤੇ ਚੱਲਕੇ ਮੇਰੇ ਸਵਰੂਪ ਨੂੰ ਪ੍ਰਾਪਤ ਕਰ ਚੁਕੇ ਹਨ -

**वीतरागभयक्रोधा मन्मया मामुपाश्रिता: ।**
**बहवो ज्ञानतपसा पूता मद्भावमागता: ।।१०।।**

ਰਾਗ ਅਤੇ ਵੈਰਾਗ ਦੋਨੋਂ ਤੋਂ ਪਰੇ ਵੀਤਰਾਗ ਅਤੇ ਇਸੇ ਤਰ੍ਹਾਂ ਡਰ-ਨਿਡਰ, ਕ੍ਰੋਧ-ਸ਼ਾਂਤੀ ਦੋਨਾਂ ਤੋਂ ਪਰੇ, ਅਨਿੰਨ ਭਾਵ ਨਾਲ ਅਰਥਾਤ ਅਹੰਕਾਰ ਰਹਿਤ ਮੇਰੇ ਆਸਰੇ ਹੋਏ ਬਹੁਤ ਸਰੇ ਲੋਕ ਗਿਆਨ-ਤੱਪ ਨਾਲ ਪਵਿਤ੍ਰ ਹੋਕੇ ਮੇਰੇ ਸਵਰੂਪ ਨੂੰ ਪ੍ਰਾਪਤ ਹੋ ਚੁਕੇ ਹਨ। ਇਹ ਹੁਣ ਤੋਂ ਹੋਣ ਲੱਗਾ ਹੋਵੇ, ਇਹੋ ਜਿਹਾ ਨਹੀਂ ਹੈ। ਇਹ ਵਿਧਾਨ ਸਦਾ ਰਿਹਾ ਹੈ। ਬਹੁਤ ਸਾਰੇ ਪੁਰਸ਼ ਇਸੇ ਪ੍ਰਕਾਰ ਨਾਲ ਮੇਰੇ ਸਵਰੂਪ ਨੂੰ ਪ੍ਰਾਪਤ ਹੋ ਚੁਕੇ ਹਨ। ਕਿਸ ਪ੍ਰਕਾਰ ? ਜਿਨ੍ਹਾਂ-ਜਿਨ੍ਹਾਂ ਦਾ ਹਿਰਦਾ ਅਧਰਮ ਦੀ ਵ੍ਰਿਧੀ ਦੇਖਕੇ ਪਰਮਾਤਮਾ ਲਈ ਗਲਾਨੀ (ਪਛਤਾਵੇ) ਨਾਲ ਭਰ ਗਿਆ, ਉਸ ਸਥਿਤੀ ਵਿਚ ਮੈਂ ਆਪਣੇ ਸਵਰੂਪ ਨੂੰ ਰੱਚਦਾ ਹਾਂ। ਉਹ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦੇ ਹਨ। ਜਿਸਨੂੰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਤੱਤਦਰਸ਼ਨ ਕਿਹਾ ਸੀ, ਉਸੇ ਨੂੰ ਹੁਣ 'ਗਿਆਨ' ਕਹਿੰਦੇ ਹਨ। ਐਸੀ ਜਾਣਕਾਰੀ ਵਾਲੇ ਗਿਆਨੀ ਮੇਰੇ ਸਵਰੂਪ ਨੂੰ ਪ੍ਰਾਪਤ ਕਰਦੇ ਹਨ। ਇੱਥੇ ਇਹ ਪ੍ਰਸ਼ਨ ਪੂਰਾ ਹੋ ਗਿਆ। ਹੁਣ ਉਹ ਯੋਗਤਾ ਦੇ ਆਧਾਰ ਤੇ ਭਜਨ ਵਾਲਿਆਂ ਦਾ ਸ਼੍ਰੇਣੀ-ਵਿਭਾਜਨ ਕਰਦੇ ਹਨ।

**ये यथा मां प्रपद्यन्ते तांस्तथैव भजाम्यहम्।**
**मम वर्त्मानुवर्तन्ते मनुष्या: पार्थ सर्वश: ।।११।।**

ਪਾਰਥ! ਜੋ ਮੈਨੂੰ ਜਿੰਨੀ ਲਗਨ ਨਾਲ ਮੇਰਾ ਭਜਨ ਕਰਦੇ ਹਨ, ਮੈਂ ਵੀ ਉਹਨਾਂ ਨੂੰ ਇਸ ਤਰ੍ਹਾਂ ਹੀ ਭਜਨ ਕਰਦਾ ਹਾਂ। ਉੱਨੀ ਮਾਤਰਾ ਵਿਚ ਸਹਿਯੋਗ ਦੇਂਦਾ ਹਾਂ। ਸਾਧਕ ਦੀ ਸ਼ਰਧਾ ਹੀ ਕਿਰਪਾ ਬਣਕੇ ਉਸਨੂੰ ਮਿਲਦੀ ਹੈ। ਇਸ ਰਹੱਸ ਨੂੰ ਜਾਣਕੇ ਸੁਧੀਜਨ ਸੰਪੂਰਣ ਭਾਵ ਨਾਲ ਮੇਰੇ ਮਾਰਗ ਦੇ ਅਨੁਸਾਰ ਹੀ ਚਲਦੇ ਹਨ। ਜਿਸ ਤਰ੍ਹਾਂ ਮੈਂ ਚਲਦਾ ਹਾਂ, ਜੋ ਮੈਨੂੰ ਪ੍ਰਿਅ ਹਨ, ਵੈਸਾ ਹੀ ਆਚਰਣ ਕਰਦੇ ਹਨ। ਜੋ ਮੈਂ ਕਰਾਉਣਾ ਚਾਹੁੰਦਾ ਹਾਂ, ਉਹੀ ਕਰਦੇ ਹਨ।

ਭਗਵਾਨ ਕਿਵੇਂ ਭਜਨ ਕਰਦੇ ਹਨ? ਉਹ ਰਥੀ ਬਣਕੇ ਖੜ੍ਹੇ ਹੋ ਜਾਂਦੇ ਹਨ, ਨਾਲ ਚੱਲਣ ਲਗਦੇ ਹਨ। ਇਹੋ ਉਹਨਾਂ ਦਾ ਭਜਨ ਕਰਨਾ ਹੈ। ਜਿਨ੍ਹਾਂ ਤੋਂ ਮਾੜੇ ਕਰਮ (ਦੁਸ਼ਕਰਮ) ਪੈਦਾ ਹੁੰਦੇ ਹਨ, ਉਹਨਾਂ ਦਾ ਵਿਨਾਸ਼ ਕਰਨ ਲਈ ਉਹ ਖੜ੍ਹੇ ਹੋ ਜਾਂਦੇ ਹਨ। ਸੱਚ ਵਿਚ ਪ੍ਰਵੇਸ਼ ਦਿਵਾਉਣ ਵਾਲੇ ਸਦਗੁਣਾਂ ਦਾ ਪਰਿਤ੍ਰਾਣ (ਨਿਸਤਾਰਾ) ਕਰਨ ਲਈ ਉਹ ਖੜ੍ਹੇ ਹੋ ਜਾਂਦੇ ਹਨ। ਜਦ ਤਕ ਇਸ਼ਟਦੇਵ ਹਿਰਦੇ ਵਿਚ ਰਥੀ ਨਾ ਹੋਣ ਅਤੇ ਹਰ ਕਦਮ ਉਤੇ ਸਾਵਧਾਨ ਨਾ ਕਰਨ, ਤਦ ਤਕ ਕੋਈ ਕਿਹੋ ਜਿਹਾ ਵੀ ਭਜਨੀਕ ਕਿਉਂ ਨਾ ਹੋਵੇ, ਲੱਖ ਅੱਖਾਂ ਮੀਟੇ, ਲੱਖ ਜਤਨ ਕਰੇ, ਉਹ ਪ੍ਰਕ੍ਰਿਤੀ ਦੇ ਇਸ ਦਵੰਦ (ਕਸ਼ਮਕਸ਼) ਤੋਂ ਪਾਰ ਨਹੀਂ ਹੋ ਸਕਦਾ। ਉਹ ਕਿਵੇਂ ਸਮਝੇਗਾ ਕਿ ਅਸੀਂ ਕਿੰਨੀ ਦੂਰੀ ਤੈ ਕਰ ਚੁਕੇ ਹਾਂ? ਕਿੰਨੀ ਬਾਕੀ ਹੈ? ਇਸ਼ਟ ਹੀ ਆਤਮਾ ਨਾਲ ਇਕਰੂਪ ਹੋਕੇ ਖੜ੍ਹੇ ਹੋ ਜਾਂਦੇ ਹਨ ਅਤੇ ਉਸਦਾ ਮਾਰਗ-ਦਰਸ਼ਨ ਕਰਦੇ ਹਨ ਕਿ ਤੂੰ ਇੱਥੇ ਹੈਂ, ਇਹ ਕਰ, ਇਸ ਤਰ੍ਹਾਂ ਚਲ। ਇਸ ਤਰ੍ਹਾਂ ਪ੍ਰਕ੍ਰਿਤੀ ਰੂਪੀ ਦੂਰੀ ਮੁਕਾਉਂਦੇ ਹੋਏ ਸਹਿਜੇ-ਸਹਿਜੇ ਅੱਗੇ ਵਧਾਉਂਦੇ ਹੋਏ ਸਵਰੂਪ ਵਿਚ ਪ੍ਰਵੇਸ਼ ਦਿਵਾ ਦੇਂਦੇ ਹਨ। ਭਜਨ ਤਾਂ ਸਾਧਕ ਨੂੰ ਹੀ ਕਰਨਾ ਪੈਂਦਾ ਹੈ, ਪਰ ਇਸ ਰਾਹ ਵਿਚ ਉਸਦੇ ਰਾਹੀਂ ਜੋ ਦੂਰੀ ਤੈ ਹੁੰਦੀ ਹੈ, ਉਹ ਇਸ਼ਟ ਦੀ ਦੇਣ ਹੈ। ਇਸ ਤਰ੍ਹਾਂ ਜਾਣਕੇ ਸਭੋ ਮਨੁੱਖ ਹਰ ਤਰ੍ਹਾਂ ਨਾਲ ਮੇਰਾ ਅਨੁਸਰਣ ਕਰਦੇ ਹਨ। ਉਹ ਕਿਸ ਤਰ੍ਹਾਂ ਚਲਦੇ ਹਨ?

**काङ्क्षन्त: कर्मणां सिद्धिं यजन्त इह देवता:।**
**क्षिप्रं हि मानुषे लोके सिद्धिर्भवति कर्मजा।।१२।।**

ਉਹ ਪੁਰਸ਼ ਇਸ ਸਰੀਰ ਵਿਚ ਕਰਮਾਂ ਦੀ ਸਿੱਧੀ ਚਾਹੁੰਦੇ ਹੋਏ ਦੇਵਤਿਆਂ ਨੂੰ ਪੂਜਦੇ ਹਨ। ਕਰਮ ਕਿਹੜਾ? ਸ਼੍ਰੀ ਕ੍ਰਿਸ਼ਣ ਨੇ ਕਿਹਾ - ''ਅਰਜੁਨ! ਤੂੰ ਨਿਰਧਾਰਤ ਕਰਮ ਕਰ।'' ਨਿਰਧਾਰਤ ਕਰਮ ਕੀ ਹੈ? ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਯੱਗ ਕੀ ਹੈ? ਸਾਧਨਾ ਦੀ ਵਿਧੀ-ਵਿਸ਼ੇਸ਼; ਜਿਸ ਵਿਚ ਸੁਆਸ-ਪੁਸੁਆਸ ਦਾ ਹਵਨ, ਇੰਦ੍ਰਿਆਂ ਦੇ ਬਾਹਰਸੁਖੀ ਪ੍ਰਵਾਹ ਨੂੰ ਸੰਜਮ-ਅਗਨੀ ਵਿਚ ਹਵਨ ਕੀਤਾ ਜਾਂਦਾ ਹੈ। ਜਿਸਦਾ ਪਰਿਣਾਮ ਹੈ - ਪਰਮਾਤਮਾ। ਕਰਮ ਦਾ ਮੁੱਖ ਅਰਥ ਹੈ ਆਰਾਧਨਾ, ਜਿਸਦਾ ਸਵਰੂਪ ਇਸੇ ਅਧਿਆਇ ਵਿਚ ਅੱਗੇ ਮਿਲੇਗਾ। ਇਸ ਆਰਾਧਨਾ ਦਾ ਪਰਿਣਾਮ ਕੀ ਹੈ? **'संसिद्धिम्'**- ਪਰਮ ਸਿੱਧੀ ਪਰਮਾਤਮਾ, **'यान्ति ब्रह्म सनातनम्'**- ਸ਼ਾਸ਼ਵਤ ਬ੍ਰਹਮ ਵਿਚ ਪ੍ਰਵੇਸ਼, ਪਰਮ ਨਿਸ਼ਕਰਮਤਾ ਦੀ ਸਥਿਤੀ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ - ਮੇਰੇ ਅਨੁਸਾਰ ਚਲਣ ਵਾਲੇ ਲੋਕ ਇਸ ਮਨੁੱਖ ਲੋਕ ਵਿਚ ਕਰਮ ਦੇ ਪਰਿਣਾਮ, ਪਰਮ ਨਿਸ਼ਕਰਮਤਾ ਸਿੱਧੀ ਲਈ ਦੇਵਤਿਆਂ ਨੂੰ ਪੂਜਦੇ ਹਨ ਅਰਥਾਤ ਦੈਵੀ ਸੰਪੱਤੀ ਨੂੰ ਬਲਵਾਨ ਬਣਾਉਂਦੇ ਹਨ।

ਤੀਜੇ ਅਧਿਆਇ ਵਿਚ ਉਹਨਾਂ ਨੇ ਦਸਿਆ ਸੀ ਕਿ - ਇਸ ਯੱਗ ਦੁਆਰਾ ਤੂੰ ਦੇਵਤਿਆਂ ਦੀ ਵ੍ਰਿਧੀ ਕਰ, ਦੈਵੀ ਸੰਪੱਤੀ ਨੂੰ ਬਲਵਾਨ ਬਣਾ। ਜਿਉਂ-ਜਿਉਂ ਹਿਰਦੇ-ਦੇਸ਼ ਵਿਚ ਦੈਵੀ ਸੰਪੱਤੀ ਦੀ ਉੱਨਤੀ ਹੋਵੇਗੀ, ਤਿਉਂ-ਤਿਉਂ ਤੇਰੀ ਉੱਨਤੀ ਹੋਵੇਗੀ। ਇਸ ਤਰ੍ਹਾਂ ਪਰਸਪਰ ਉੱਨਤੀ ਕਰਦੇ

ਹੋਏ ਪਰਮ ਸ਼੍ਰੇਠਸ਼ਤਾ ਨੂੰ ਪ੍ਰਾਪਤ ਹੋ ਜਾ। ਅੰਤ ਤਕ ਉੱਨਤੀ ਕਰਦੇ ਜਾਣ ਦੀ ਇਹ ਅੰਤਰਕ੍ਰਿਆ ਹੈ। ਇਸੇ ਉਤੇ ਜ਼ੋਰ ਦਿੰਦੇ ਹੋਏ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਮੇਰੇ ਅਨੁਕੂਲ ਚਲਣ ਵਾਲੇ ਲੋਕ ਇਸ ਮਨੁੱਖ ਸਰੀਰ ਵਿਚ ਕਰਮਾਂ ਦੀ ਸਿੱਧੀ ਚਾਹੁੰਦੇ ਹੋਏ ਦੈਵੀ ਸੰਪੱਤੀ ਨੂੰ ਬਲਵਾਨ ਬਣਾਉਂਦੇ ਹਨ, ਜਿਸ ਨਾਲ ਉਹ ਨਿਸ਼ਕਰਮਤਾ ਦੀ ਸਿੱਧੀ ਛੇਤੀ ਹੁੰਦੀ ਹੈ। ਉਹ ਅਸਫਲ ਨਹੀਂ ਹੁੰਦੀ, ਸਫਲ ਹੀ ਹੁੰਦੀ ਹੈ। ਛੇਤੀ ਦਾ ਕੀ ਮਤਲਬ? ਕੀ ਕਰਮ ਵਿਚ ਪ੍ਰਵਿਰਤੀ ਹੁੰਦੇ ਸਾਰ ਹੀ ਫੌਰਨ ਇਹ ਸਿੱਧੀ ਮਿਲ ਜਾਂਦੀ ਹੈ? ਕੋਈ ਛਲਾਂਗ ਲਗਾਕੇ ਭਾਵਾਤੀਤ ਧਿਆਨ ਵਰਗਾ ਚਮਤਕਾਰ ਨਹੀਂ ਹੁੰਦਾ, ਇਸ ਬਾਰੇ ਵੇਖੋ –

**चातुर्वर्ण्यं मया सृष्टं गुणकर्मविभागशः ।**
**तस्य कर्तारमपि मां विद्धयकर्तारमव्ययम् ।।१३ ।।**

ਅਰਜੁਨ! **'चातुर्वर्ण्यं मया सृष्टं'**– ਚਾਰ ਵਰਣਾਂ ਦੀ ਰਚਨਾ ਮੈਂ ਕੀਤੀ, ਤਾਂ ਕੀ ਮਨੁੱਖਾਂ ਨੂੰ ਚਾਰ ਵਰਣਾਂ ਵਿਚ ਵੰਡ ਦਿਤਾ ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਨਹੀਂ, **'गुण कर्म विभागशः'**– ਗੁਣਾਂ ਦੇ ਆਧਾਰ ਤੇ ਕਰਮ ਨੂੰ ਚਾਰ ਹਿੱਸਿਆਂ ਵਿਚ ਵੰਡਿਆ। ਗੁਣ ਇਕ ਪੈਮਾਨਾ ਹੈ, ਮਾਪਦੰਡ ਹੈ। ਤਾਮਸੀ ਗੁਣ ਹੋਵੇਗਾ ਤਾਂ ਆਲਸ, ਨੀਂਦ, ਬੇਧਿਆਨਾਪੁਣਾ, ਕਰਮ ਵਿਚ ਨਾ ਪ੍ਰਵਿਰਤ ਹੋਣ ਦਾ ਸੁਭਾਅ, ਜਾਣਦੇ ਹੋਏ ਵੀ ਦੁਸ਼ਕਰਮ ਤੋਂ ਨਿਰਵਿਰਤੀ ਨਾ ਹੋ ਸਕਣ ਦੀ ਵਿਵਸ਼ਤਾ ਰਹੇਗੀ। ਐਸੀ ਹਾਲਤ ਵਿਚ ਸਾਧਨਾ ਆਰੰਭ ਕਿਵੇਂ ਕਰੀਏ ? ਦੋ ਘੰਟੇ ਤੁਸੀਂ ਆਰਾਧਨਾ ਵਿਚ ਬੈਠਦੇ ਹੋ, ਇਸ ਕਰਮ ਲਈ ਜਤਨ ਕਰਨਾ ਚਾਹੁੰਦੇ ਹੋ, ਪਰ ਦਸ ਮਿਨਟ ਵੀ ਇਹ ਨਹੀਂ ਹੋ ਸਕਦਾ। ਸਰੀਰ ਜ਼ਰੂਰ ਬੈਠਾ ਹੈ, ਪਰ ਜਿਸ ਮਨ ਨੂੰ ਬੈਠਣਾ ਚਾਹੀਦਾ ਹੈ, ਉਹ ਹਵਾ ਨਾਲ ਗੱਲਾਂ ਕਰ ਰਿਹਾ ਹੈ, ਕੁਤਰਕਾਂ ਦਾ ਜਾਲ ਬੁਣ ਰਿਹਾ ਹੈ। ਤਰੰਗ ਤੇ ਤਰੰਗ ਛਾਈ ਹੈ, ਤਾਂ ਤੁਸੀਂ ਬੈਠੇ ਕਿਉਂ ਹੋ ? ਸਮਾਂ ਨਸ਼ਟ ਕਿਉਂ ਕਰਦੇ ਹੋ? ਉਸ ਸਮੇਂ ਕੇਵਲ **'परिचर्यात्मकं कर्म शूद्रस्यापि स्वभावजम्'**, ਜੋ ਮਹਾਪੁਰਸ਼ ਅਵਿਅਕਤ ਦੀ ਸਥਿਤੀ ਵਾਲੇ ਹਨ, ਅਵਿਨਾਸ਼ੀ ਤੱਤ ਵਿਚ ਸਥਿਤ ਹਨ, ਉਹਨਾਂ ਦੀ ਅਤੇ ਇਸ ਮਾਰਗ ਉਤੇ ਵੱਧਣ ਵਾਲੇ ਆਪਣੇ ਤੋਂ ਅੱਗੇ ਵਾਲੇ ਲੋਕਾਂ ਦੀ ਸੇਵਾ ਵਿਚ ਲਗ ਜਾਉ। ਇਸ ਨਾਲ ਦੂਸ਼ਿਤ ਸੰਸਕਾਰ ਮਿਟਦੇ ਜਾਣਗੇ, ਸਾਧਨਾ ਵਿਚ ਪ੍ਰਵੇਸ਼ ਦਿਵਾਉਣ ਵਾਲੇ ਸੰਸਕਾਰ ਸਬਲ ਹੁੰਦੇ ਜਾਣਗੇ।

ਕ੍ਰਮਵਾਰ ਤਾਮਸੀ ਗੁਣ ਘਟ ਜਾਣ ਨਾਲ ਰਾਜਸੀ ਗੁਣਾਂ ਦੀ ਪ੍ਰਧਾਨਤਾ ਅਤੇ ਸਾਤਵਿਕ ਗੁਣ ਦੇ ਅਲਪ (ਥੋੜ੍ਹੇ ਜਿਹੇ) ਸੰਚਾਰ ਨਾਲ ਸਾਧਕ ਦੀ ਸਮਰੱਥਾ ਵੈਸ਼ ਸ਼੍ਰੇਣੀ ਦੀ ਹੋ ਜਾਏਗੀ। ਉਸ ਸਮੇਂ ਉਹੀ ਸਾਧਕ ਇੰਦ੍ਰੀ-ਸੰਜਮ, ਆਤਮਿਕ ਸੰਪੱਤੀ ਦਾ ਸੰਗ੍ਰਹਿ ਸੁਭਾਵਕ ਤੌਰ ਤੇ ਕਰਨ ਲਗੇਗਾ। ਕਰਮ ਕਰਦੇ-ਕਰਦੇ ਉਸੇ ਸਾਧਕ ਵਿਚ ਸਾਤਵਿਕ ਗੁਣਾਂ ਦੀ ਬਹੁਲਤਾ ਹੋ ਜਾਏਗੀ। ਰਾਜਸੀ ਗੁਣ ਘੱਟ ਰਹਿ ਜਾਣਗੇ, ਤਾਮਸੀ ਗੁਣ ਸ਼ਾਂਤ ਰਹਿਣਗੇ। ਉਸ ਸਮੇਂ ਉਹੀ ਸਾਧਕ ਖੱਤ੍ਰੀ ਸ਼੍ਰੇਣੀ ਵਿਚ ਪ੍ਰਵੇਸ਼ ਪਾ ਲਏਗਾ। ਸੂਰਬੀਰਤਾ, ਕਰਮ ਵਿਚ ਪ੍ਰਵਿਰਤ ਰਹਿਣ ਦੀ ਸਮਰੱਥਾ, ਪਿੱਛੇ ਨਾ ਹੱਟਣ ਦਾ ਸੁਭਾਅ, ਸਾਰੇ ਕਾਰਜਾਂ ਵਿਚ ਸੁਆਮੀਭਾਵ, ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਨੂੰ ਕੱਟਣ ਦੀ ਸਮਰੱਥਾ ਉਸਦੇ ਸੁਭਾਅ ਵਿਚ ਢਲ ਜਾਏਗੀ। ਉਹੀ ਕਰਮ ਹੋਰ ਸੂਖਮ ਹੋਣ ਤੇ, ਮਾਤਰ ਸਾਤਵਿਕ ਗੁਣ ਆਚਰਣ ਵਿਚ ਰਹਿ ਜਾਣ ਤੇ, ਮਨ ਦਾ ਸ਼ਮਨ, ਇੰਦ੍ਰੀਆਂ ਦਾ ਦਮਨ, ਏਕਾਗਰਤਾ, ਸਰਲਤਾ, ਧਿਆਨ, ਸਮਾਧੀ, ਈਸ਼ਵਰੀ ਹਿਦਾਇਤਾਂ, ਆਸਤਿਕਤਾ ਆਦਿ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀ ਸੁਭਾਵਕ ਸਮਰੱਥਾ ਦੇ ਨਾਲ ਉਹੀ ਸਾਧਕ ਬ੍ਰਾਹਮਣ ਸ਼੍ਰੇਣੀ ਦਾ ਕਿਹਾ ਜਾਏਗਾ। ਇਹ ਬ੍ਰਾਹਮਣ ਸ਼੍ਰੇਣੀ ਦੇ ਕਰਮ ਦੀ ਨਿਮਨਤਮ ਸੀਮਾ ਹੈ। ਜਦ

ਉਹੀ ਸਾਧਕ ਬ੍ਰਹਮ ਵਿਚ ਸਥਿਤ ਹੋ ਜਾਂਦਾ ਹੈ, ਤਾਂ ਉਸ ਅੰਤਿਮ ਸੀਮਾ ਵਿਚ ਉਹ ਖ਼ੁਦ ਵਿਚ ਨਾ ਬ੍ਰਾਹਮਣ ਰਹਿੰਦਾ ਹੈ, ਨਾ ਖੱਤ੍ਰੀ, ਨਾ ਵੈਸ਼, ਨਾ ਸ਼ੂਦਰ; ਪਰ ਹੋਰਾਂ ਦੇ ਮਾਰਗ-ਦਰਸ਼ਨ ਲਈ ਉਹੀ ਬ੍ਰਾਹਮਣ ਹੈ। ਕਰਮ ਇੱਕੋ ਹੈ ਨਿਰਧਾਰਤ ਕਰਮ, ਆਰਾਧਨਾ। ਅਵਸਥਾ-ਭੇਦ ਅਨੁਸਾਰ ਇਸੇ ਕਰਮ ਨੂੰ ਉੱਚੀਆਂ-ਨੀਵੀਆਂ ਚਾਰ ਸ਼੍ਰੇਣੀਆਂ ਵਿਚ ਵੰਡਿਆ। ਕਿਸਨੇ ਵੰਡਿਆ ? ਕਿਸੇ ਯੋਗੇਸ਼ਵਰ ਨੇ ਵੰਡਿਆ, ਅਵਿਅਕਤ ਸਥਿਤੀ ਵਾਲੇ ਮਹਾਪੁਰਸ਼ ਨੇ ਵੰਡਿਆ। ਮੈਨੂੰ, ਉਸਦੇ ਅਵਿਨਾਸ਼ੀ ਕਰਤਾ ਨੂੰ ਅਕਰਤਾ ਹੀ ਜਾਣ। ਕਿਉਂ ?

**न मां कर्माणि लिम्पन्ति न मे कर्मफले स्पृहा।**
**इति मां योऽभिजानाति कर्मभिर्न स बध्यते।।१४।।**

ਕਿਉਂਕਿ ਕਰਮਾਂ ਦੇ ਫਲ ਵਿਚ ਮੇਰੀ ਤ੍ਰਿਸ਼ਨਾ ਨਹੀਂ ਹੈ। ਕਰਮਾਂ ਦਾ ਫਲ ਕੀ ਹੈ ? ਸ਼੍ਰੀ ਕ੍ਰਿਸ਼ਣ ਨੇ ਪਿੱਛੇ ਦਸਿਆ ਸੀ ਕਿ ਯੱਗ ਜਿਸ ਨਾਲ ਪੂਰਾ ਹੁੰਦਾ ਹੈ, ਉਸ ਕ੍ਰਿਆ ਦਾ ਨਾਮ ਕਰਮ ਹੈ ਅਤੇ ਪੂਰਤੀਕਾਲ (ਪੂਰਨਤਾ) ਵਿਚ ਯੱਗ ਜਿਸਦੀ ਰਚਨਾ ਕਰਦਾ ਹੈ, ਉਸ ਗਿਆਨ-ਅੰਮ੍ਰਿਤ ਦਾ ਪਾਨ ਕਰਨ ਵਾਲਾ ਸ਼ਾਸ਼ਵਤ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਲੈਂਦਾ ਹੈ। ਕਰਮ ਦਾ ਪਰਿਣਾਮ ਹੈ ਪਰਮਾਤਮਾ। ਉਸ ਪਰਮਾਤਮਾ ਦੀ ਚਾਹ ਵੀ ਹੁਣ ਮੈਨੂੰ ਨਹੀਂ ਹੈ, ਕਿਉਂਕਿ ਉਹ ਮੇਰੇ ਤੋਂ ਵੱਖ ਨਹੀਂ ਹੈ। ਮੈਂ ਅਵਿਅਕਤ ਸਵਰੂਪ ਹਾਂ, ਉਸੇ ਦੀ ਸਥਿਤੀ ਵਾਲਾ ਹਾਂ। ਹੁਣ ਅੱਗੇ ਕੋਈ ਸੱਤਾ ਨਹੀਂ, ਜਿਸਦੇ ਲਈ ਇਸ ਕਰਮ ਨਾਲ ਮੋਹ ਰੱਖਾਂ। ਇਸ ਲਈ ਕਰਮ ਮੈਨੂੰ ਲਿਪਤ ਨਹੀਂ ਕਰਦੇ ਅਤੇ ਇਸੇ ਪੱਧਰ ਤੇ ਜੋ ਮੈਨੂੰ ਜਾਣਦਾ ਹੈ, ਅਰਥਾਤ ਜੋ ਕਰਮਾਂ ਦੇ ਪਰਿਣਾਮ 'ਪਰਮਾਤਮਾ' ਨੂੰ ਪ੍ਰਾਪਤ ਕਰ ਲੈਂਦਾ ਹੈ, ਉਸਨੂੰ ਵੀ ਕਰਮ ਨਹੀਂ ਬੰਨ੍ਹਦੇ। ਜਿਵੇਂ ਸ਼੍ਰੀ ਕ੍ਰਿਸ਼ਣ ਤਿਵੇਂ ਹੀ ਉਸ ਪੱਧਰ ਤੇ ਉਸਨੂੰ ਜਾਣਨ ਵਾਲਾ ਮਹਾਪੁਰਸ਼।

**एवं ज्ञात्वा कृतं कर्म पूर्वैरपि मुमुक्षुभिः।**
**कुरु कर्मैव तस्मात्त्वं पूर्वैः पूर्वतरं कृतम्।।१५।।**

ਅਰਜੁਨ! ਪਹਿਲਾਂ ਹੋ ਚੁਕੇ ਮੋਖਸ਼ ਦੀ ਇੱਛਾ ਵਾਲੇ ਪੁਰਸ਼ਾਂ ਰਾਹੀਂ ਵੀ ਇਹੋ ਮੰਨਕੇ ਕਰਮ ਕੀਤਾ ਗਿਆ। ਕੀ ਮੰਨਕੇ ? ਇਹੋ ਕਿ ਜਦ ਕਰਮਾਂ ਦਾ ਪਰਿਣਾਮ ਪਰਮਾਤਮਾ ਵੱਖ ਨਾ ਰਹਿ ਜਾਏ ਤਾਂ ਕਰਮਾਂ ਦੇ ਪਰਿਣਾਮ ਪਰਮਾਤਮਾ ਦਾ ਮੋਹ ਨਾ ਰਹਿ ਜਾਣ ਕਰਕੇ ਉਸ ਪੁਰਸ਼ ਨੂੰ ਕਰਮ ਨਹੀਂ ਬੰਨ੍ਹਦੇ। ਸ਼੍ਰੀ ਕ੍ਰਿਸ਼ਣ ਇਸੇ ਸਥਿਤੀ ਵਾਲੇ ਹਨ। ਇਸ ਲਈ ਉਹ ਕਰਮ ਵਿਚ ਲਿਪਤ ਨਹੀਂ ਹੁੰਦੇ ਅਤੇ ਉਸੇ ਪੱਧਰ ਤੇ ਜੇ ਅਸੀਂ ਉਹਨਾਂ ਨੂੰ ਜਾਣ ਲਈਏ ਤਾਂ ਸਾਨੂੰ ਵੀ ਕਰਮ ਨਹੀਂ ਬੰਨ੍ਹੇਗਾ। ਜਿਵੇਂ ਸ਼੍ਰੀ ਕ੍ਰਿਸ਼ਣ ਠੀਕ ਉਵੇਂ ਹੀ ਸ਼੍ਰੀ ਕ੍ਰਿਸ਼ਣ ਨੂੰ ਉਹਨਾਂ ਦੇ ਪੱਧਰ ਤੇ ਜਾਣਨ ਵਾਲਾ ਵੀ ਕਰਮ-ਬੰਧਨ ਤੋਂ ਮੁਕਤ ਹੋ ਜਾਏਗਾ। ਹੁਣ ਭਾਵੇਂ ਸ਼੍ਰੀ ਕ੍ਰਿਸ਼ਣ 'ਭਗਵਾਨ', 'ਮਹਾਤਮਾ', 'ਅਵਿਅਕਤ ਯੋਗੇਵਸ਼ਰ' ਜਾਂ 'ਮਹਾਯੋਗੇਸ਼ਵਰ' ਜੋ ਵੀ ਰਹੇ ਹੋਣ, ਉਹ ਸਵਰੂਪ ਸਭ ਲਈ ਹੈ। ਇਹੋ ਸਮਝਕੇ ਪਹਿਲਾਂ ਹੋਏ ਮੁਮੁਖਸ਼ੂ (ਮੋਖਸ਼ ਚਾਹੁਣ ਵਾਲੇ), ਮੋਖਸ਼ ਦੀ ਇੱਛਾ ਵਾਲੇ ਪੁਰਸ਼ਾਂ ਨੇ ਕਰਮ ਆਰੰਭ ਕੀਤਾ। ਇਸ ਲਈ ਅਰਜੁਨ! ਤੂੰ ਵੀ ਪੂਰਵਜਾਂ ਰਾਹੀਂ ਸਦਾ ਤੋਂ ਕੀਤੇ ਹੋਏ ਇਸੇ ਕਰਮ ਨੂੰ ਕਰ। ਇਹੋ ਕਲਿਆਨ ਦਾ ਇਕਮਾਤਰ ਮਾਰਗ ਹੈ।

ਹੁਣ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਰਮ ਕਰਨ ਉਤੇ ਜ਼ੋਰ ਦਿਤਾ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਕਰਮ ਕੀ ਹੈ? ਅਧਿਆਇ ਦੋ ਵਿਚ ਉਹਨਾਂ ਨੇ ਕਰਮ ਦਾ ਕੇਵਲ ਨਾਮ ਹੀ ਲਿਆ ਕਿ

ਹੁਣ ਇਸੇ ਨੂੰ ਤੂੰ ਨਿਸ਼ਕਾਮ ਕਰਮ ਦੇ ਵਿਸ਼ੇ ਵਿਚ ਸੁਣ। ਉਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ, ਕਿ ਇਹ ਜਨਮ-ਮਰਨ ਦੇ ਮਹਾ ਡਰ ਤੋਂ ਰੱਖਿਆ ਕਰਦਾ ਹੈ। ਕਰਮ ਕਰਦੇ ਸਮੇਂ ਸਾਵਧਾਨੀ ਰੱਖਣ ਬਾਰੇ ਕਿਹਾ, ਪਰ ਇਹ ਨਹੀਂ ਦਸਿਆ ਕਿ ਕਰਮ ਕੀ ਹੈ। ਅਧਿਆਇ ਤਿੰਨ ਵਿਚ ਉਹਨਾਂ ਨੇ ਕਿਹਾ ਕਿ ਗਿਆਨ ਮਾਰਗ ਚੰਗਾ ਲਗੇ ਜਾਂ ਨਿਸ਼ਕਾਮ ਕਰਮਯੋਗ, ਕਰਮ ਤਾਂ ਕਰਨਾ ਹੀ ਪਏਗਾ। ਨਾ ਕਰਮਾਂ ਨੂੰ ਤਿਆਗਣ ਨਾਲ ਕੋਈ ਗਿਆਨੀ ਹੁੰਦਾ ਹੈ ਅਤੇ ਨਾ ਹੀ ਕਰਮ ਆਰੰਭ ਨਾ ਕਰਨ ਨਾਲ ਕੋਈ ਨਿਸ਼ਕਰਮੀ। ਹੱਠ ਕਰਕੇ ਜੋ ਨਹੀਂ ਕਰਦੇ ਉਹ ਘਮੰਡੀ ਹਨ। ਇਸ ਲਈ ਮਨ ਨਾਲ ਇੰਦ੍ਰੀਆਂ ਨੂੰ ਵੱਸ਼ ਵਿਚ ਕਰਕੇ ਕਰਮ ਕਰ! ਕਿਹੜਾ ਕਰਮ ਕਰੇ ? ਤਾਂ ਕਿਹਾ, ਨਿਰਧਾਰਤ ਕਰਮ ਕਰ। ਹੁਣ ਇਹ ਨਿਰਧਾਰਤ ਕਰਮ ਕਿਹੜਾ ਹੈ? ਤਾਂ ਕਿਹਾ, ਯੱਗ ਦੀ ਪ੍ਰਕ੍ਰਿਆ ਹੀ ਨਿਰਧਾਰਤ ਕਰਮ ਹੈ। ਇਕ ਨਵਾਂ ਪ੍ਰਸ਼ਨ ਦਿਤਾ ਕਿ ਯੱਗ ਕੀ ਹੈ, ਜਿਸਨੂੰ ਕਰੀਏ ਤਾਂ ਕਰਮ ਹੋ ਜਾਏ ? ਉਥੇ ਵੀ ਉਹਨਾਂ ਨੇ ਯੱਗ ਦੀ ਉਤਪੱਤੀ ਦਸੀ, ਉਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ, ਪਰ ਯੱਗ ਨਹੀਂ ਦਸਿਆ, ਜਿਸ ਨਾਲ ਕਰਮ ਨੂੰ ਸਮਝਿਆ ਜਾ ਸਕੇ। ਅਜੇ ਤਕ ਇਹ ਸਪੱਸ਼ਟ ਨਹੀਂ ਹੋਇਆ ਕਿ ਕਰਮ ਕੀ ਹੈ ? ਹੁਣ ਉਹ ਕਹਿੰਦੇ ਹਨ ਕਿ, ਅਰਜੁਨ! ਕਰਮ ਕੀ ਹੈ, ਅਕਰਮ ਕੀ ਹੈ ? ਇਸ ਬਾਰੇ ਵੀ ਬੜੇ-ਬੜੇ ਵਿਦਵਾਨ ਮੋਹਿਤ ਹਨ, ਉਸ ਨੂੰ ਭਲੀ ਭਾਂਤੀ ਸਮਝ ਲੈਣਾ ਚਾਹੀਦਾ ਹੈ

**किं कर्म किमकर्मेति कवयोऽप्यत्र मोहिता: ।**
**तत्ते कर्म प्रवक्ष्यामि यज्ज्ञात्वा मोक्ष्यसेऽशुभात् ।।१६ ।।**

ਕਰਮ ਕੀ ਹੈ ਅਤੇ ਅਕਰਮ ਕੀ ਹੈ ? ਇਸ ਬਾਰੇ ਬੁੱਧੀਮਾਨ-ਪੁਰਸ਼ ਵੀ ਮੋਹਿਤ ਹਨ। ਇਸ ਲਈ ਉਹ ਕਰਮ ਮੈਂ ਤੇਰੇ ਲਈ ਚੰਗੀ ਤਰ੍ਹਾਂ ਸਪੱਸ਼ਟ ਕਰਾਂਗਾ, ਜਿਸਨੂੰ ਸਮਝਕੇ ਤੂੰ **'अशुभात् मोक्ष्यसे'**- ਅਸ਼ੁਭ ਅਰਥਾਤ ਸੰਸਾਰ-ਬੰਧਨ ਤੋਂ ਭਲੀ-ਭਾਂਤੀ ਛੁੱਟ ਜਾਏਗਾ। ਕਰਮ ਕੋਈ ਐਸੀ ਵਸਤੂ ਹੈ ਜੋ ਸੰਸਾਰ-ਬੰਧਨ ਤੋਂ ਮੁਕਤੀ ਦਿਵਾਉਂਦੀ ਹੈ। ਇਸੇ ਕਰਮ ਨੂੰ ਸਮਝਣ ਲਈ ਸ਼੍ਰੀ ਕ੍ਰਿਸ਼ਣ ਫ਼ੇਰ ਜ਼ੋਰ ਦੇਂਦੇ ਹਨ

**कर्मणो ह्यपि बोद्धव्यं बोद्धव्यं च विकर्मण: ।**
**अकर्मणश्च बोद्धव्यं गहना कर्मणो गति: ।।१७ ।।**

ਕਰਮ ਦਾ ਸਵਰੂਪ ਵੀ ਜਾਣਨਾ ਚਾਹੀਦਾ ਹੈ, ਅਕਰਮ ਦਾ ਸਵਰੂਪ ਵੀ ਸਮਝਣਾ ਚਾਹੀਦਾ ਹੈ ਅਤੇ ਵਿਕਰਮ ਅਰਥਾਤ ਵਿਕਲਪ (ਮਰਜ਼ੀ) ਰਹਿਤ ਵਿਸ਼ੇਸ਼ ਕਰਮ, ਜੋ ਦੈਵੀ ਪੁਰਸ਼ਾਂ ਰਾਹੀਂ ਹੁੰਦਾ ਹੈ, ਉਸ ਨੂੰ ਵੀ ਜਾਣਨਾ ਚਾਹੀਦਾ ਹੈ। ਕਿਉਂਕਿ ਕਰਮ ਦੀ ਸਥਿਤੀ ਬੜੀ ਡੂੰਘੀ ਹੈ। ਕੁਝ ਲੋਕਾਂ ਨੇ ਵਿਕਰਮ ਦਾ ਅਰਥ 'ਨਿਸ਼ਿੱਧ ਕਰਮ', 'ਮਨ ਲਗਾਕੇ ਕੀਤਾ ਗਿਆ ਕਰਮ' ਆਦਿ ਕਿਹਾ ਹੈ। ਦਰਅਸਲ ਇੱਥੇ 'ਵਿ' ਉਪਸਰਗ ਵਿਸ਼ਿਸ਼ਟਤਾ ਦਾ ਸੂਚਕ ਹੈ। ਪ੍ਰਾਪਤੀ ਦੇ ਬਾਅਦ ਮਹਾਪੁਰਸ਼ਾਂ ਦੇ ਕਰਮ ਵਿਕਲਪ ਰਹਿਤ ਹੁੰਦੇ ਹਨ। ਆਤਮਸਥਿਤ, ਆਤਮਤ੍ਰਿਪਤ, ਆਪਤਕਾਮ (ਇੱਛਾਵਾਂ ਪੂਰੀਆਂ) ਮਹਾਪੁਰਸ਼ਾਂ ਨੂੰ ਨਾ ਤਾਂ ਕਰਮ ਕਰਨ ਨਾਲ ਕੋਈ ਲਾਭ ਹੈ ਅਤੇ ਨਾ ਹੀ ਛੱਡਣ ਨਾਲ ਕੋਈ ਹਾਨੀ ਹੈ; ਫੇਰ ਵੀ ਉਹ ਦੂਜਿਆਂ ਦੇ ਹਿਤ ਲਈ ਕਰਮ ਕਰਦੇ ਹਨ। ਐਸਾ ਕਰਮ ਵਿਕਲਪ ਰਹਿਤ ਹੈ, ਵਿਸ਼ੁੱਧ ਹੈ ਅਤੇ ਇਹੋ ਕਰਮ ਵਿਕਰਮ ਕਹਾਉਂਦਾ ਹੈ।

ਉਦਾਹਰਣ ਲਈ ਗੀਤਾ ਵਿਚ ਜਿੱਥੇ ਜਿੱਥੇ ਕਿਸੇ ਗੱਲ ਲਈ 'ਵਿ' ਉਪਸਰਗ ਲਗਿਆ ਹੈ, ਉਹ ਉਸ ਗੱਲ ਦੀ ਵਿਸ਼ੇਸ਼ਤਾ ਦਾ ਸੂਚਕ ਹੈ, ਨੀਚਤਾ ਦਾ ਨਹੀਂ। ਜਿਵੇਂ - **'योगयुक्तो विशुद्धात्मा विजितात्मा जितेन्द्रिय:' (५/७)** ਜੋ ਯੋਗ ਨਾਲ ਯੁਕਤ ਹੈ, ਉਹ ਵਿਸ਼ੇਸ਼ ਰੂਪ ਨਾਲ ਸ਼ੁੱਧ ਆਤਮਾ ਵਾਲਾ, ਵਿਸ਼ੇਸ਼ ਰੂਪ ਨਾਲ ਜਿੱਤੇ ਹੋਏ ਅੰਤਰਮਨ ਵਾਲਾ ਆਦਿ ਸ਼ਬਦ ਵਿਸ਼ੇਸ਼ਤਾ ਦੇ ਹੀ

ਸੂਚਕ ਹਨ। ਇਸੇ ਤਰ੍ਹਾਂ ਗੀਤਾ ਵਿਚ ਥਾਂ-ਥਾਂ ਤੇ 'ਵਿ' ਦੀ ਵਰਤੋਂ ਵਿਸ਼ੇਸ਼ ਪੂਰਨਤਾ ਦਸਦੀ ਹੈ। ਇਸੇ ਤਰ੍ਹਾਂ 'ਵਿਕਰਮ' ਵੀ ਵਿਸ਼ਿਸ਼ਟ ਕਰਮ ਦਾ ਸੂਚਕ ਹੈ, ਜੋ ਪ੍ਰਾਪਤੀ ਤੋਂ ਬਾਅਦ ਮਹਾਪੁਰਸ਼ਾਂ ਰਾਹੀਂ ਕੀਤਾ ਜਾਂਦਾ ਹੈ, ਜੋ ਸ਼ੁਭ ਜਾਂ ਅਸ਼ੁਭ ਸੰਸਕਾਰ ਨਹੀਂ ਪੈਦਾ ਕਰਦਾ। ਹੁਣ ਤੁਸੀਂ ਵਿਕਰਮ ਨੂੰ ਵੇਖ ਲਿਆ। ਰਹਿ ਗਿਆ ਕਰਮ ਅਤੇ ਅਕਰਮ, ਜਿਸਨੂੰ ਅਗਲੇ ਸ਼ਲੋਕ ਵਿਚ ਸਮਝਣ ਦੀ ਕੋਸ਼ਿਸ਼ ਕਰੋ। ਜੇ ਇੱਥੇ ਕਰਮ-ਅਕਰਮ ਦਾ ਭੇਦ ਨਹੀਂ ਸਮਝ ਸਕੇ, ਤਾਂ ਕਦੇ ਸਮਝ ਨਹੀਂ ਆਏਗਾ-

**कर्मण्यकर्म यः पश्येदकर्मणि च कर्म यः।**
**स बुद्धिमान्मनुष्येषु स युक्तः कृत्स्नकर्मकृत् ॥१८॥**

ਜੋ ਪੁਰਸ਼ ਕਰਮ ਵਿਚ ਅਕਰਮ ਵੇਖੇ, ਕਰਮ ਯਾਨੀ ਆਰਾਧਨਾ ਅਰਥਾਤ ਆਰਾਧਨਾ ਕਰੇ ਅਤੇ ਇਹ ਵੀ ਸਮਝੇ ਕਿ ਕਰਨ ਵਾਲਾ ਮੈਂ ਨਹੀਂ ਹਾਂ, ਬਲਕਿ ਗੁਣਾਂ ਦੀ ਅਵਸਥਾ ਹੀ ਚਿੰਤਨ ਕਰਨ ਵਿਚ ਸਾਨੂੰ ਲਗਾਉਂਦੀ ਹੈ; 'ਮੈਂ ਇਸ਼ਟ ਰਾਹੀਂ ਸੰਚਾਲਤ ਹਾਂ ' ਐਸਾ ਮੰਨੇ ਅਤੇ ਜਦ ਇਸ ਤਰ੍ਹਾਂ ਅਕਰਮ ਮੰਨਣ ਦੀ ਸਮਰੱਥਾ ਆ ਜਾਏ ਅਤੇ ਸਿਲਸਿਲੇਵਾਰ ਤਰੀਕੇ ਨਾਲ ਕਰਮ ਹੁੰਦਾ ਰਹੇ. ਤਾਂ ਹੀ ਸਮਝਣਾ ਚਾਹੀਦਾ ਹੈ ਕਿ ਕਰਮ ਸਹੀ ਦਿਸ਼ਾ ਵਿਚ ਹੋ ਰਿਹਾ ਹੈ। ਉਹੀ ਪੁਰਸ਼ ਮਨੁੱਖਾ ਵਿਚ ਬੁੱਧੀਮਾਨ ਹੈ, ਮਨੁੱਖਾਂ ਵਿਚ ਯੋਗੀ ਹੈ, ਯੋਗ ਨਾਲ ਯੁਕਤ ਬੁੱਧੀ ਵਾਲਾ ਹੈ ਅਤੇ ਸਾਰੇ ਕਰਮਾਂ ਦਾ ਕਰਨ ਵਾਲਾ ਹੈ। ਉਸਦੇ ਰਾਹੀਂ ਕਰਮ ਕਰਨ ਵਿਚ ਰੱਤੀਭਰ ਵੀ ਤਰੁੱਟੀ ਨਹੀਂ ਰਹਿ ਜਾਂਦੀ ਹੈ।

ਸੰਖੇਪ ਵਿਚ ਆਰਾਧਨਾ ਹੀ ਕਰਮ ਹੈ। ਕਰਮ ਨੂੰ ਕਰੋ ਅਤੇ ਕਰਦੇ ਹੋਏ ਅਕਰਮ ਸਮਝੋ ਕਿ - ਮੈਂ ਤਾਂ ਕੇਵਲ ਯੰਤਰ ਹਾਂ, ਕਰਾਉਣ ਵਾਲਾ ਇਸ਼ਟ ਹੈ ਅਤੇ ਮੈਂ ਗੁਣਾਂ ਤੋਂ ਪੈਦਾ ਅਵਸਥਾ ਦੇ ਅਨੁਸਾਰ ਹੀ ਕੋਸ਼ਿਸ ਕਰ ਰਿਹਾ ਹਾਂ। ਜਦ ਅਕਰਮ ਦੀ ਇਹ ਸਮਰੱਥਾ ਆ ਜਾਏ ਅਤੇ ਸਿਲਸਿਲੇਵਾਰ ਕਰਮ ਹੁੰਦਾ ਰਹੇ, ਤਾਂ ਹੀ ਪਰਮ ਕਲਿਆਨ ਦੀ ਸਥਿਤੀ ਦਿਵਾਉਣ ਵਾਲਾ ਕਰਮ ਹੋ ਸਕਦਾ ਹੈ। ਪੂਜਯ ਮਹਾਰਾਜ ਜੀ ਕਿਹਾ ਕਰਦੇ ਸੀ ਕਿ, ''ਜਦ ਤਕ ਇਸ਼ਟ ਰਥੀ ਨਾ ਹੋ ਜਾਏ, ਰੋਕਥਾਮ ਨਾ ਕਰਨ ਲੱਗੇ, ਤਦ ਤਕ ਸਹੀ ਰੂਪ ਵਿਚ ਸਾਧਨਾ ਦਾ ਆਰੰਭ ਹੀ ਨਹੀਂ ਹੁੰਦਾ।'' ਇਸਤੋਂ ਪਹਿਲਾਂ ਜੋ ਕੁਝ ਵੀ ਕੀਤਾ ਜਾਂਦਾ ਹੈ, ਉਹ ਕਰਮ ਵਿਚ ਪ੍ਰਵੇਸ਼ ਦੀ ਕੋਸ਼ਿਸ਼ ਤੋਂ ਵੱਧ ਕੁਝ ਵੀ ਨਹੀਂ। ਹਲ ਦਾ ਸਾਰਾ ਭਾਰ ਬੈਲ ਦੇ ਮੋਢਿਆਂ ਤੇ ਹੁੰਦਾ ਹੈ, ਫੇਰ ਵੀ ਖੇਤ ਜੁਤਾਈ ਹਾਲੀ ਦਾ ਕੰਮ ਕਿਹਾ ਜਾਂਦਾ ਹੈ। ਠੀਕ ਇਸੇ ਤਰ੍ਹਾਂ ਸਾਧਨਾ ਦਾ ਸਾਰਾ ਭਾਰ ਸਾਧਕ ਉਤੇ ਹੁੰਦਾ ਹੈ ਪਰ ਅਸਲ ਵਿਚ ਸਾਧਕ ਤਾਂ ਇਸ਼ਟ ਹੈ ਜੋ ਉਸਦੇ ਪਿੱਛੇ ਲਗਿਆ ਹੋਇਆ ਹੈ, ਜੋ ਉਸਦਾ ਮਾਰਗ-ਦਰਸ਼ਨ ਕਰਦਾ ਹੈ। ਜਦ ਤਕ ਇਸ਼ਟ ਫੈਸਲਾ ਨਾ ਦੇਵੇ ਤਦ ਤਕ ਤੁਸੀਂ ਸਮਝ ਹੀ ਨਹੀਂ ਪਾਉਗੇ ਕਿ ਸਾਡੇ ਕੋਲੋਂ ਹੋਇਆ ਕੀ ? ਅਸੀਂ ਪ੍ਰਕ੍ਰਿਤੀ ਵਿਚ ਭਟਕ ਰਹੇ ਹਾਂ ਜਾਂ ਪਰਮਾਤਮਾ ਵਿਚ? ਇਸ ਤਰ੍ਹਾਂ ਇਸ਼ਟ ਦੇ ਮਾਰਗ-ਦਰਸ਼ਨ ਵਿਚ ਜੋ ਸਾਧਕ ਇਸ ਆਤਮਿਕ ਮਾਰਗ ਉਤੇ ਅੱਗੇ ਵੱਧਦਾ ਹੈ, ਖ਼ੁਦ ਨੂੰ ਅਕਰਤਾ ਸਮਝਕੇ ਸਿਲਸਿਲੇਵਾਰ ਕਰਮ ਕਰਦਾ ਹੈ, ਉਹੀ ਬੁੱਧੀਮਾਨ ਹੈ, ਉਸਦੀ ਜਾਣਕਾਰੀ ਯਥਾਰਥ ਹੈ, ਉਹੀ ਯੋਗੀ ਹੈ। ਜਿਗਿਆਸਾ ਸੁਭਾਵਕ ਹੈ ਕਿ ਕਰਮ ਕਰਦੇ ਹੀ ਰਹਾਂਗੇ ਜਾਂ ਕਦੇ ਕਰਮਾਂ ਤੋਂ ਛੁਟਕਾਰਾ ਵੀ ਮਿਲੇਗਾ ? ਇਸਤੇ ਯੋਗੇਸ਼ਵਰ ਕਹਿੰਦੇ ਹਨ

*ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਜੋ ਕੁਝ ਕੀਤਾ ਜਾਂਦਾ ਹੈ ਉਹ ਕਰਮ ਨਹੀਂ ਹੈ। ਕਰਮ ਇਕ ਨਿਰਧਾਰਤ ਕੀਤੀ ਹੋਈ ਕ੍ਰਿਆ ਹੈ।* **'नियतं कुरु कर्म त्वं'**– *ਅਰਜੁਨ ! ਤੂੰ ਨਿਰਧਾਰਤ ਕਰਮ ਨੂੰ ਕਰ। ਨਿਰਧਾਰਤ ਕਰਮ ਕੀ ਹੈ ? ਤਾਂ ਦਸਿਆ,* **'यज्ञार्थात्कर्मणोऽन्यत्र लोकोऽयं कर्मबन्धनः'** – *ਯੱਗ ਨੂੰ ਕਾਰਜਰੂਪ ਦੇਣਾ ਹੀ ਕਰਮ ਹੈ। ਤਾਂ ਇਸਤੋਂ ਇਲਾਵਾ ਜੋ ਕੁਝ ਕੀਤਾ ਜਾਂਦਾ ਹੈ, ਕੀ ਉਹ ਕਰਮ ਨਹੀਂ ਹੈ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ,* **'अन्यत्र लोकोऽयं कर्मबन्धनः'**– *ਇਸ ਯੱਗ ਨੂੰ ਕਾਰਜਰੂਪ ਦੇਣ ਤੋਂ ਵੱਖ ਜੋ ਕੁਝ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨ ਹੈ, ਨਾ ਕਿ*

*ਕਰਮ। '**तदर्थं कर्म**'–ਅਰਜੁਨ! ਉਸ ਯੱਗ ਦੀ ਪੂਰਤੀ ਲਈ ਭਲੀ ਭਾਂਤੀ ਆਚਰਣ ਕਰ ਅਤੇ ਜਦ ਯੱਗ ਦਾ ਸਵਰੂਪ ਸਪਸ਼ਟ ਕੀਤਾ, ਤਾਂ ਉਹ ਸ਼ੁੱਧ ਰੂਪ ਵਿਚ ਆਰਾਧਨਾ ਦੀ ਇਕ ਵਿਧੀ ਵਿਸ਼ੇਸ਼ ਹੈ, ਜੋ ਉਸ ਆਰਾਧਦੇਵ ਤਕ ਪਹੁੰਚਾ ਕੇ ਉਸੇ ਵਿਚ ਲੀਨ ਕਰ ਦੇਂਦੀ ਹੈ।*

ਇਸ ਯੱਗ ਵਿਚ ਇੰਦ੍ਰੀਆਂ ਦਾ ਦਮਨ, ਮਨ ਦਾ ਸ਼ਮਨ (ਸ਼ੁੱਧੀਕਰਣ), ਦੈਵੀ ਸੰਪੱਤੀ ਦੀ ਪ੍ਰਾਪਤੀ ਆਦਿ ਦਸਦੇ ਹੋਏ ਅੰਤ ਨੂੰ ਕਿਹਾ – 'ਬਹੁਤ ਸਾਰੇ ਯੋਗੀ ਪ੍ਰਾਨ ਅਤੇ ਅਪਾਨ (ਸਰੀਰ ਦੀ ਦੂਸ਼ਿਤ ਹਵਾ) ਦੀ ਗਤੀ ਦਾ ਵਿਰੋਧ ਕਰਕੇ ਪ੍ਰਾਣਾਯਾਮ ਦੇ ਮਾਹਰ ਹੋ ਜਾਂਦੇ ਹਨ, ਤਾਂ ਨਾ ਅੰਦਰੋਂ ਸੰਕਲਪ ਉਠਦਾ ਹੈ ਅਤੇ ਨਾ ਬਾਹਰੀ ਜਗਤ ਦਾ ਸੰਕਲਪ ਮਨ ਦੇ ਅੰਦਰ ਪ੍ਰਵੇਸ਼ ਕਰ ਸਕਦਾ ਹੈ। ਐਸੀ ਸਥਿਤੀ ਵਿਚ ਚਿੱਤ ਦਾ ਪੂਰਾ ਵਿਰੋਧ ਅਤੇ ਨਿਰੁੱਧ ਚਿੱਤ ਦੇ ਵੀ ਲੀਨ ਹੋਣ ਦੇ ਸਮੇਂ ਉਹ ਪੁਰਸ਼ '**यान्ति ब्रह्म सनातनम्**'– ਸ਼ਾਸ਼ਵਤ, ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਇਹੋ ਸਾਰਾ ਯੱਗ ਹੈ, ਜਿਸਨੂੰ ਕਾਰਜਰੂਪ ਦੇਣ ਦਾ ਨਾਮ ਕਰਮ ਹੈ। ਇਸ ਲਈ ਕਰਮ ਦਾ ਸ਼ੁੱਧ ਅਰਥ ਹੈ 'ਆਰਾਧਨਾ।' ਕਰਮ ਦਾ ਅਰਥ ਹੈ 'ਭਜਨ', ਕਰਮ ਦਾ ਅਰਥ ਹੈ 'ਯੋਗ ਸਾਧਨਾ' ਨੂੰ ਚੰਗੀ ਤਰ੍ਹਾਂ ਪੂਰਾ ਕਰਨਾ, ਜਿਸਦਾ ਵਿਸਤਾਰ ਪੂਰਵਕ ਵਰਣਨ ਅੱਗੇ ਇਸੇ ਅਧਿਆਇ ਵਿਚ ਆ ਰਿਹਾ ਹੈ। ਇਥੇ ਕਰਮ ਅਤੇ ਅਕਰਮ ਦੀ ਕੇਵਲ ਵੰਡ ਕੀਤੀ ਗਈ ਹੈ, ਜਿਸ ਨਾਲ ਕਰਮ ਕਰਦੇ ਸਮੇਂ ਉਸਨੂੰ ਸਹੀ ਦਿਸ਼ਾ ਦਿਤੀ ਜਾ ਸਕੇ ਅਤੇ ਉਸ ਉਤੇ ਚਲਿਆ ਜਾ ਸਕੇ।

**यस्य सर्वे समारम्भा: कामसङ्कल्पवर्जिता: ।**
**ज्ञानग्निदग्धकर्माणं तमाहु: पण्डितं बुधा: ।।१९ ।।**

ਅਰਜੁਨ! '**यस्य सर्वे समारम्भा:**'– ਜਿਸ ਪੁਰਸ਼ ਰਾਹੀਂ ਪੂਰਨਤਾ ਨਾਲ ਆਰੰਭ ਕੀਤੀ ਹੋਈ ਕ੍ਰਿਆ (ਜਿਸਨੂੰ ਪਿਛਲੇ ਸ਼ਲੋਕ ਵਿਚ ਕਿਹਾ ਕਿ ਅਕਰਮ ਵੇਖਣ ਦੀ ਸਮਰਥਾ ਆ ਜਾਣ ਤੇ ਕਰਮ ਵਿਚ ਲਗਿਆ ਹੋਇਆ ਪੁਰਸ਼ ਸਾਰੇ ਕਰਮਾਂ ਦਾ ਕਰਨ ਵਾਲਾ ਹੈ। ਜਿਸਦੇ ਕਰਨ ਵਿਚ ਰੱਤੀਭਰ ਵੀ ਤਰੁੱਟੀ ਨਹੀਂ ਹੈ।) '**कामसङ्कल्पवर्जिता:**'– ਕ੍ਰਮਵਾਰ ਵੱਧਦੇ-ਵੱਧਦੇ ਏਨ੍ਹੀਂ ਸੂਖਮ ਹੋ ਗਈ ਕਿ ਵਾਸਨਾ ਅਤੇ ਮਨ ਦੇ ਸੰਕਲਪ-ਵਿਕਲਪ ਤੋਂ ਉੱਪਰ ਉਠ ਗਈ (ਕਾਮਨਾ ਅਤੇ ਸੰਕਲਪਾਂ ਦਾ ਵਿਰੋਧ ਹੋਣਾ ਮਨ ਦੀ ਜਿੱਤੀ ਹੋਈ ਅਵਸਥਾ ਹੈ, ਇਸ ਲਈ ਕਰਮ ਕੋਈ ਐਸੀ ਵਸਤੂ ਹੈ ਜੋ ਇਸ ਮਨ ਨੂੰ ਕਾਮਨਾ ਅਤੇ ਸੰਕਲਪ-ਵਿਕਲਪ ਤੋਂ ਉੱਪਰ ਚੁੱਕ ਦੇਂਦੀ ਹੈ), ਉਸ ਸਮੇਂ '**ज्ञानाग्निदग्धकर्माणं**– ਆਖਰੀ ਸੰਕਲਪ ਵੀ ਮਿਟ ਜਾਣ ਨਾਲ, ਜਿਸਨੂੰ ਅਸੀਂ ਨਹੀਂ ਜਾਣਦੇ, ਜਿਸਨੂੰ ਜਾਣਨ ਲਈ ਅਸੀਂ ਇੱਛੁਕ ਸਾਂ, ਉਸ ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਹੋ ਜਾਂਦੀ ਹੈ। ਕ੍ਰਿਆ ਕਰਨ ਦੇ ਮਾਰਗ ਤੇ ਚਲਕੇ ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਦਾ ਨਾਮ ਹੀ 'ਗਿਆਨ' ਹੈ। ਉਸ ਗਿਆਨ ਦੇ ਨਾਲ ਹੀ '**दग्धकर्माणं**'– ਕਰਮ ਸਦਾ ਲਈ ਭਸਮ ਹੋ ਜਾਂਦੇ ਹਨ। ਜਿਸਨੂੰ ਪ੍ਰਾਪਤ ਕਰਨਾ ਸੀ, ਕਰ ਲਿਆ। ਅੱਗੇ ਕੋਈ ਸੱਤਾ ਨਹੀਂ ਜਿਸਦੀ ਖੋਜ ਕਰੀਏ। ਇਸ ਲਈ ਕਰਮ ਕਰਕੇ ਲੱਭੀਏ ਵੀ ਤਾਂ ਕਿਸਨੂੰ? ਉਸ ਜਾਣਕਾਰੀ ਦੇ ਨਾਲ ਕਰਮ ਦੀ ਜ਼ਰੂਰਤ ਖ਼ਤਮ ਹੋ ਜਾਂਦੀ ਹੈ। ਐਸੀ ਸਥਿਤੀ ਵਾਲਿਆਂ ਨੂੰ ਹੀ ਬੋਧ-ਸਵਰੂਪ ਮਹਾਪੁਰਸ਼ਾਂ ਨੇ 'ਪੰਡਿਤ' ਕਿਹਾ ਹੈ। ਉਹਨਾਂ ਦੀ ਜਾਣਕਾਰੀ ਪੂਰਨ ਹੈ। ਐਸੀ ਸਥਿਤੀ ਵਾਲਾ ਮਹਾਪੁਰਸ਼ ਕਰਦਾ ਕੀ ਹੈ? ਰਹਿੰਦਾ ਕਿਵੇਂ ਹੈ? ਉਸਦੀ ਰਹਿਣੀ ਦਸਦੇ ਹਨ –

**त्यक्त्वा कर्मफलासङ्गं नित्यतृप्तो निराश्रय: ।**
**कर्मण्यभिप्रवृत्तोऽपि नैव किंचित् करोति स: ।।२० ।।**

ਅਰਜੁਨ! ਉਹ ਪੁਰਸ਼ ਸੰਸਾਰਕ ਆਸਰੇ ਤੋਂ ਰਹਿਤ ਹੋਕੇ ਨਿਤ ਵਸਤੂ ਪਰਮਾਤਮਾ ਵਿਚ ਹੀ

ਤ੍ਰਿਪਤ ਰਹਿਕੇ, ਕਰਮਾਂ ਦੇ ਫਲ, ਪਰਮਾਤਮਾ ਦਾ ਮੋਹ ਵੀ ਤਿਆਗਕੇ (ਕਿਉਂਕਿ ਪਰਮਾਤਮਾ ਵੀ ਹੁਣ ਵੱਖ ਨਹੀਂ ਹੈ) ਕਰਮ ਵਿਚ ਚੰਗੀ ਤਰ੍ਹਾਂ ਚਲਦਾ ਹੋਇਆ ਵੀ ਕੁਝ ਨਹੀਂ ਕਰਦਾ।

**निराशीर्यतचित्तात्मा त्यक्तसर्वपरिग्रहः ।**
**शारीरं केवलं कर्म कुर्वन्नाप्नोति किल्बिषम् ।।२१।।**

ਜਿਸਨੇ ਅੰਤਰਮਨ ਅਤੇ ਸਰੀਰ ਨੂੰ ਜਿੱਤ ਲਿਆ ਹੈ, ਭੋਗਾਂ ਦੀਆਂ ਸਭ ਵਸਤੂਆਂ ਤਿਆਗ ਦਿਤੀਆਂ ਹਨ, ਐਸੇ ਆਸ ਰਹਿਤ ਪੁਰਸ਼ ਦਾ ਸਰੀਰ ਹੀ ਕਰਮ ਕਰਦਾ ਨਜ਼ਰ ਆਉਂਦਾ ਹੈ। ਦਰਅਸਲ ਉਹ ਕਰਦਾ-ਧਰਦਾ ਕੁਝ ਨਹੀਂ; ਇਸ ਲਈ ਪਾਪ ਨੂੰ ਪ੍ਰਾਪਤ ਨਹੀਂ ਹੁੰਦਾ। ਉਹ ਪੂਰਨਤਾ ਨੂੰ ਪ੍ਰਾਪਤ ਹੈ ਇਸ ਲਈ ਆਵਾਗਮਨ ਨੂੰ ਪ੍ਰਾਪਤ ਨਹੀਂ ਹੁੰਦਾ।

**यदृच्छालाभसंतुष्टो द्वन्द्वातीतो विमत्सरः ।**
**समः सिद्धावसिद्धौ च कृत्वापि न निबध्यते ।।२२।।**

ਆਪਣੇ ਆਪ ਜੋ ਕੁਝ ਵੀ ਮਿਲ ਜਾਏ, ਉਸੇ ਵਿਚ ਸੰਤੋਸ਼ ਰੱਖਣ ਵਾਲਾ, ਸੁਖ-ਦੁਖ, ਰਾਗ-ਦ੍ਵੇਸ਼ ਅਤੇ ਹਰਖ-ਸੋਗ ਆਦਿ ਦਵੰਦਾਂ ਤੋਂ ਪਰੇ **'विमत्सरः'**- ਈਰਖਾ ਰਹਿਤ ਅਤੇ ਸਿੱਧੀ ਤੇ ਅਸਿੱਧੀ ਵਿਚ ਸਮਭਾਵ ਵਾਲਾ ਪੁਰਸ਼ ਕਰਮਾਂ ਨੂੰ ਕਰਕੇ ਵੀ ਕਰਮਾਂ ਨਾਲ ਬੱਝਦਾ ਨਹੀਂ। ਕਿਹੜਾ ਕਰਮ ਉਹ ਕਰਦਾ ਹੈ? ਉਹੀ ਨਿਰਧਾਰਤ ਕਰਮ, ਯੱਗ ਦੀ ਪ੍ਰਕ੍ਰਿਆ। ਇਸੇ ਨੂੰ ਦੁਹਰਾਉਂਦੇ ਹੋਏ ਕਹਿੰਦੇ ਹਨ -

**गतसङ्गस्य मुक्तस्य ज्ञानावस्थितचेतसः ।**
**यज्ञायाचरतः कर्म समग्रं प्रविलीयते ।।२३।।**

ਅਰਜੁਨ! **'यज्ञायाचरतः कर्म'**- ਯੱਗ ਦਾ ਆਚਰਣ ਹੀ ਕਰਮ ਹੈ ਅਤੇ ਪ੍ਰਤੱਖ ਦਰਸ਼ਨ ਦਾ ਨਾਮ ਹੀ ਗਿਆਨ ਹੈ। ਇਸ ਯੱਗ ਦਾ ਆਚਰਣ ਕਰਕੇ ਪ੍ਰਤੱਖ ਦਰਸ਼ਨ ਦੇ ਨਾਲ ਗਿਆਨ ਵਿਚ ਸਥਿਤ, ਸੰਗ-ਦੋਸ਼ ਅਤੇ ਆਸਕਤੀ ਤੋਂ ਰਹਿਤ, ਮੁਕਤ ਪੁਰਸ਼ ਦੇ ਸਾਰੇ ਕਰਮ ਭਲੀ ਭਾਂਤੀ ਵਿਲੀਨ ਹੋ ਜਾਂਦੇ ਹਨ। ਉਹ ਕਰਮ ਕੋਈ ਪਰਿਣਾਮ ਪੈਦਾ ਨਹੀਂ ਕਰ ਸਕਦੇ; ਕਿਉਂਕਿ ਕਰਮਾਂ ਦਾ ਫਲ ਪਰਮਾਤਮਾ ਉਹਨਾਂ ਤੋਂ ਵੱਖ ਨਹੀਂ ਰਹਿ ਗਿਆ। ਹੁਣ ਫਲ ਨੂੰ ਕਿਹੜਾ ਫਲ ਮਿਲੇਗਾ? ਇਸ ਲਈ ਉਹਨਾਂ ਮੁਕਤ ਪੁਰਸ਼ਾਂ ਨੂੰ ਆਪਣੇ ਲਈ ਕਰਮ ਕਰਨ ਦੀ ਲੋੜ ਨਹੀਂ ਰਹਿੰਦੀ। ਫੇਰ ਵੀ ਲੋਕਹਿਤ ਲਈ ਉਹ ਕਰਮ ਕਰਦੇ ਹੀ ਹਨ ਅਤੇ ਕਰਦੇ ਹੋਏ ਵੀ ਉਹ ਇਹਨਾਂ ਕਰਮਾਂ ਵਿਚ ਲਿਪਤ ਨਹੀਂ ਹੁੰਦੇ। ਜਦ ਕਰਦੇ ਹਨ ਤਾਂ ਲਿਪਤ ਕਿਉਂ ਨਹੀਂ ਹੁੰਦੇ? ਇਸਤੇ ਕਹਿੰਦੇ ਹਨ -

**ब्रह्मार्पणं ब्रह्म हविर्ब्रह्माग्नौ ब्रह्मणा हुतम् ।**
**ब्रह्मैव तेन गन्तव्यं ब्रह्मकर्मसमाधिना ।।२४।।**

ਐਸੇ ਮੁਕਤ ਪੁਰਸ਼ ਦਾ ਸਮਪਰਣ ਬ੍ਰਹਮ ਹੈ, ਹਵੀ (ਹਵਨ ਦੀ ਵਸਤੂ) ਬ੍ਰਹਮ ਹੈ, ਅਗਨੀ ਵੀ ਬ੍ਰਹਮ ਹੀ ਹੈ, ਅਰਥਾਤ ਬ੍ਰਹਮ ਰੂਪ ਅਗਨੀ ਵਿਚ ਬ੍ਰਹਮ ਰੂਪੀ ਕਰਤਾ ਰਾਹੀਂ ਜੋ ਹਵਨ ਕੀਤਾ ਜਾਂਦਾ ਹੈ, ਉਹ ਵੀ ਬ੍ਰਹਮ ਹੈ। **'ब्रह्मकर्म समाधिना'**- ਜਿਸਦੇ ਕਰਮ ਬ੍ਰਹਮ ਦਾ ਸਪਰਸ਼ ਕਰਕੇ ਬ੍ਰਹਮ ਦੀ ਸਮਾਧੀ ਵਿਚ ਲੀਨ ਹੋ ਚੁਕੇ ਹੋਣ, ਉਸੇ ਵਿਚ ਇਕਮਿਕ ਹੋ ਚੁਕੇ ਹੋਣ, ਐਸੇ ਮਹਾਪੁਰਸ਼ ਲਈ ਜੋ ਪ੍ਰਾਪਤ ਹੋਣ ਯੋਗ ਹੈ, ਉਹ ਵੀ ਬ੍ਰਹਮ ਹੀ ਹੈ। ਉਹ ਕਰਦਾ-ਧਰਦਾ ਕੁਝ ਨਹੀਂ, ਕੇਵਲ ਲੋਕਹਿਤ ਲਈ ਕਰਮ

ਵਿਚ ਚਲਦਾ ਹੈ।

ਇਹ ਤਾਂ ਪ੍ਰਾਪਤੀ ਵਾਲੇ ਮਹਾਪੁਰਸ਼ ਦੇ ਲੱਛਣ ਹਨ; ਪਰ ਕਰਮ ਵਿਚ ਪ੍ਰਵੇਸ਼ ਲੈਣ ਵਾਲੇ ਆਰੰਭਕ ਸਾਧਕ ਕਿਹੜਾ ਯੱਗ ਕਰਦੇ ਹਨ ?

ਪਿਛਲੇ ਅਧਿਆਇ ਵਿਚ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ – ਅਰਜੁਨ! ਕਰਮ ਕਰ! ਕਿਹੜਾ ਕਰਮ? ਤਾਂ ਦਸਿਆ – 'ਨਿਯਤ ਕਰਮ' – ਨਿਰਧਾਰਤ ਕੀਤੇ ਹੋਏ ਕਰਮ ਨੂੰ ਕਰੋ। ਨਿਰਧਾਰਤ ਕਰਮ ਕਿਹੜਾ ਹੈ? ਤਾਂ ਕਿਹਾ – **'यज्ञार्थात्कर्मणोऽन्यत्र लोकोऽयं कर्मबन्धन:'** (३/९) ਅਰਜੁਨ! ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਇਸ ਯੱਗ ਤੋਂ ਇਲਾਵਾ ਹੋਰ ਜੋ ਕੁਝ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨ ਹੈ, ਨਾ ਕਿ ਕਰਮ। ਕਰਮ ਤਾਂ ਸੰਸਾਰ-ਬੰਧਨ ਤੋਂ ਮੋਖ਼ਸ਼ ਦਿਵਾਉਂਦਾ ਹੈ। ਇਸ ਲਈ **'तदर्थं कर्म कौन्तेय मुक्तसङ्ग: समाचर'**– ਉਸ ਯੱਗ ਦੀ ਪੂਰਤੀ ਲਈ ਸੰਗਦੋਸ਼ ਤੋਂ ਦੂਰ ਰਹਿਕੇ ਚੰਗੀ ਤਰ੍ਹਾਂ ਯੱਗ ਦਾ ਆਚਰਣ ਕਰ। ਇਥੇ ਇਕ ਨਵਾਂ ਪ੍ਰਸ਼ਨ ਯੋਗੇਸ਼ਵਰ ਨੇ ਦਿਤਾ, ਕਿ ਉਹ ਯੱਗ ਹੈ ਕੀ, ਜਿਸਨੂੰ ਕਰੀਏ ਅਤੇ ਕਰਮ ਸਾਡੇ ਕੋਲੋਂ ਹੋ ਜਾਵੇ? ਉਹਨਾਂ ਨੇ ਕਰਮ ਦੀਆਂ ਵਿਸ਼ੇਸ਼ਤਾਵਾਂ ਉਤੇ ਜ਼ੋਰ ਪਾਇਆ ਅਤੇ ਦਸਿਆ ਕਿ ਯੱਗ ਆਇਆ ਕਿਥੋਂ, ਯੱਗ ਕੀ ਦੇਂਦਾ ਹੈ, ਉਸ ਦੀਆਂ ਵਿਸ਼ੇਸ਼ਤਾਵਾਂ ਦਾ ਚਿਤ੍ਰਣ ਕੀਤਾ, ਪਰ ਅਜੇ ਤਕ ਇਹ ਨਹੀਂ ਦਸਿਆ ਸੀ ਕਿ ਯੱਗ ਹੈ ਕੀ?

**दैवमेवापरे यज्ञं योगिन: पर्युपासते ।**
**ब्रह्माग्नावपरे यज्ञं यज्ञेनैवोपजुह्वति ।।२५ ।।**

ਹੁਣ ਇੱਥੇ ਉਸੇ ਯੱਗ ਨੂੰ ਸਪੱਸ਼ਟ ਕਰਦੇ ਹਨ

ਪਿਛਲੇ ਸ਼ਲੋਕ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਪਰਮਾਤਮਾ-ਸਥਿਤ ਮਹਾਪੁਰਸ਼ ਦੇ ਯੱਗ ਦਾ ਨਿਰੂਪਣ ਕੀਤਾ, ਪਰ ਦੂਜੇ ਯੋਗੀ, ਜੋ ਅਜੇ ਉਸ ਤੱਤ ਵਿਚ ਸਥਿਤ ਨਹੀਂ ਹਨ, ਕ੍ਰਿਆ ਵਿਚ ਪ੍ਰਵੇਸ਼ ਕਰਨ ਵਾਲੇ ਹਨ, ਉਹ ਆਰੰਭ ਕਿਥੋਂ ਕਰਨ? ਇਸ ਬਾਰੇ ਉਹ ਕਹਿੰਦੇ ਹਨ ਕਿ ਦੂਜੇ ਯੋਗੀ ਲੋਕ **'दैवम् यज्ञम्'** ਅਰਥਾਤ ਦੈਵੀ ਸੰਪੱਤੀ ਨੂੰ ਆਪਣੇ ਹਿਰਦੇ ਵਿਚ ਬਲਵਾਨ ਕਰਦੇ ਹਨ, ਜਿਸ ਲਈ ਬ੍ਰਹਮਾ ਦਾ ਨਿਰਦੇਸ਼ ਸੀ ਕਿ ਇਸ ਯੱਗ ਰਾਹੀਂ ਤੁਸੀਂ ਲੋਕ ਦੇਵਤਿਆਂ (ਸਤਿਗੁਣਾਂ) ਦੀ ਉੱਨਤੀ ਕਰੋ; ਜਿਉਂ-ਜਿਉਂ ਹਿਰਦੇ ਦੇਸ਼ ਵਿਚ ਦੈਵੀ ਸੰਪੱਤੀ ਅਰਜਿਤ ਹੋਵੇਗੀ; ਉਹੀ ਤੁਹਾਡੀ ਪ੍ਰਗਤੀ ਹੋਵੇਗੀ ਅਤੇ ਕ੍ਰਮਵਾਰ ਪਰਸਪਰ ਉੱਨਤੀ ਕਰਕੇ ਪਰਮਤੱਤ ਨੂੰ ਪ੍ਰਾਪਤ ਕਰੋ। ਦੈਵੀ ਸੰਪੱਤੀ ਨੂੰ ਹਿਰਦੇ ਦੇਸ਼ ਵਿਚ ਬਲਵਾਨ ਕਰਨਾ ਪ੍ਰਵੇਸ਼-ਸ਼੍ਰੇਣੀ ਦੇ ਯੋਗੀਆਂ ਦਾ ਯੱਗ ਹੈ।

ਉਹ ਦੈਵੀ ਸੰਪੱਤੀ ਅਧਿਆਇ 16 ਦੇ ਆਰੰਭਕ ਤਿੰਨ ਸ਼ਲੋਕਾਂ ਵਿਚ ਵਰਣਿਤ ਹੈ, ਜੋ ਹੈ ਤਾਂ ਸਭ ਵਿਚ, ਪਰ ਮਹੱਤਵਪੂਰਣ ਫਰਜ਼ ਸਮਝਕੇ ਉਸਨੂੰ ਜਾਗ੍ਰਿਤ ਕਰੋ, ਉਸ ਵਿਚ ਲਗੋ। ਇਸੇ ਵਲ ਸੰਕੇਤ ਕਰਦਿਆਂ ਯੋਗੇਸ਼ਵਰ ਨੇ ਕਿਹਾ, ਕਿ ਅਰਜੁਨ! ਤੂੰ ਸੋਗ ਨਾ ਕਰ, ਕਿਉਂਕਿ ਤੂੰ ਦੈਵੀ ਸੰਪੱਤੀ ਨੂੰ ਪ੍ਰਾਪਤ ਹੋਇਆ ਹੈਂ, ਤੂੰ ਮੇਰੇ ਅੰਦਰ ਨਿਵਾਸ ਕਰੇਂਗਾ, ਮੇਰੇ ਹੀ ਸ਼ਾਸ਼ਵਤ ਸਵਰੂਪ ਨੂੰ ਪ੍ਰਾਪਤ ਕਰੇਂਗਾ, ਕਿਉਂਕਿ ਇਹ ਦੈਵੀ ਸੰਪੱਤੀ ਪਰਮ ਕਲਿਆਨ ਲਈ ਹੀ ਹੈ ਅਤੇ ਇਸਦੇ ਵਿਰੁੱਧ ਆਸੁਰੀ ਸੰਪੱਤੀ ਨੀਚ ਅਤੇ ਅਧਮ ਯੋਨੀਆਂ (ਜੂਨਾਂ) ਦਾ ਕਾਰਣ ਹੈ। ਇਸੇ ਅਸੁਰੀ ਸੰਪੱਤੀ ਦਾ ਹਵਨ ਹੋਣ ਲਗਦਾ ਹੈ, ਇਸ ਲਈ ਇਹ ਯੱਗ ਹੈ ਅਤੇ ਇੱਥੋਂ ਹੀ ਯੱਗ ਦਾ ਆਰੰਭ ਹੈ।

ਦੂਜੇ ਯੋਗੀ '**ब्रह्माग्नौ**'– ਪਰਬ੍ਰਹਮ ਪਰਮਾਤਮਾ ਰੂਪੀ ਅਗਨੀ ਵਿਚ ਯੱਗ ਦੇ ਦੁਆਰਾ ਹੀ ਯੱਗ ਪੂਰਾ ਕਰਦੇ ਹਨ। ਸ਼੍ਰੀ ਕ੍ਰਿਸ਼ਣ ਨੇ ਅੱਗੇ ਦਸਿਆ ਕਿ ਇਸ ਸਰੀਰ ਵਿਚ 'ਅਧਿਯੱਗਿਅ' ਮੈਂ ਹਾਂ, ਅਰਥਾਤ ਯੱਗਾਂ ਦਾ ਅਧਿਸ਼ਠਾਤਾ ਯਾਨੀ ਯੱਗ ਜਿਸ ਵਿਚ ਸਮਾਉਂਦੇ ਹਨ, ਉਹ ਪੁਰਸ਼ ਮੈਂ ਹਾਂ। ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ, ਸਤਿਗੁਰੂ ਸਨ। ਇਸ ਤਰ੍ਹਾਂ ਦੂਜੇ ਯੋਗੀਜਨ ਬ੍ਰਹਮ ਰੂਪੀ ਅਗਨੀ ਵਿਚ ਯੱਗ ਅਰਥਾਤ ਯੱਗ ਰੂਪੀ ਸਤਿਗੁਰੂ ਨੂੰ ਉਦੇਸ਼ ਬਣਾਕੇ ਯੱਗ ਨੂੰ ਪੂਰਾ ਕਰਦੇ ਹਨ; ਸੰਖੇਪ ਵਿਚ ਸਤਿਗੁਰੂ ਦੇ ਸਵਰੂਪ ਦਾ ਧਿਆਨ ਕਰਦੇ ਹਨ –

**श्रोत्रादीनीन्द्रियाण्यन्ये संयमाग्निषु जुह्वति ।**
**शब्दादीन्विषयानन्य इन्द्रियाग्निषु जुह्वति ।।२६।।**

ਦੂਜੇ ਯੋਗੀਜਨ ਸਭ ਇੰਦ੍ਰੀਆਂ (ਕੰਨ, ਅੱਖਾਂ, ਤ੍ਵਚਾ, ਜੀਭ, ਨੱਕ) ਦਾ ਸੰਜਮ ਰੂਪੀ ਅਗਨੀ ਵਿਚ ਹਵਨ ਕਰਦੇ ਹਨ, ਅਰਥਾਤ ਇੰਦ੍ਰੀਆਂ ਨੂੰ ਵਿਸ਼ਿਆਂ ਤੋਂ ਸਮੇਟਕੇ ਸੰਜਮਿਤ ਕਰ ਲੈਂਦੇ ਹਨ। ਇੱਥੇ ਅੱਗ ਨਹੀਂ ਬਲਦੀ। ਜਿਵੇਂ ਅੱਗ ਵਿਚ ਪਾਉਂਦਿਆਂ ਹਰ ਚੀਜ਼ ਭਸਮ ਹੋ ਜਾਂਦੀ ਹੈ, ਠੀਕ ਇਸੇ ਪ੍ਰਕਾਰ ਸੰਜਮ ਵੀ ਇਕ ਅਗਨੀ ਹੈ, ਜੋ ਇੰਦ੍ਰੀਆਂ ਦੇ ਸਾਰੇ ਬਾਹਰਮੁਖੀ ਪ੍ਰਵਾਹ ਨੂੰ ਸਾੜ ਦੇਂਦਾ ਹੈ। ਦੂਜੇ ਯੋਗੀ ਲੋਕ ਸ਼ਬਦ ਆਦਿ (ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ) ਵਿਸ਼ਿਆਂ ਨੂੰ ਇੰਦ੍ਰੀਆਂ ਰੂਪੀ ਅਗਨੀ ਵਿਚ ਹਵਨ ਕਰ ਦੇਂਦੇ ਹਨ, ਅਰਥਾਤ ਉਹਨਾਂ ਦਾ ਭਾਵ ਬਦਲਕੇ ਸਾਧਨਾਪੂਰਕ ਬਣਾ ਲੈਂਦੇ ਹਨ।

ਸਾਧਕ ਨੂੰ ਸੰਸਾਰ ਵਿਚ ਰਹਿਕੇ ਹੀ ਤਾਂ ਭਜਨ ਕਰਨਾ ਹੈ। ਸੰਸਾਰਕ ਲੋਕਾਂ ਦੇ ਭਲੇ–ਬੁਰੇ ਸ਼ਬਦ ਉਹਨਾਂ ਨਾਲ ਟਕਰਾਉਣਗੇ ਹੀ। ਵਿਸ਼ਿਆਂ ਨੂੰ ਉਤੇਜਿਤ ਕਰਨ ਵਾਲੇ ਐਸੇ ਸ਼ਬਦਾਂ ਨੂੰ ਸੁਣਦਿਆਂ ਹੀ ਸਾਧਕ ਉਹਨਾਂ ਦੇ ਭਾਵ ਨੂੰ ਯੋਗ, ਵੈਰਾਗ ਸਹਾਇਕ, ਵੈਰਾਗ ਉਤੇਜਕ ਭਾਵਾਂ ਵਿਚ ਬਦਲਕੇ ਇੰਦ੍ਰੀਆਂ ਰੂਪੀ ਅਗਨੀ ਵਿਚ ਹਵਨ ਕਰ ਦੇਂਦੇ ਹਨ। ਜਿਵੇਂ ਕਿ ਇਕ ਵਾਰੀ ਅਰਜੁਨ ਆਪਣੇ ਧਿਆਨ ਵਿਚ ਮਗਨ ਸੀ। ਅਚਾਨਕ ਉਸਦੇ ਕੰਨਾਂ ਵਿਚ ਸੰਗੀਤ–ਲਹਿਰਾਂ ਗੂੰਜ ਉਠੀਆਂ। ਉਸਨੇ ਸਿਰ ਚੁਕਕੇ ਵੇਖਿਆ, ਤਾਂ ਉਰਵਸ਼ੀ ਖੜ੍ਹੀ ਸੀ, ਜੋ ਇਕ ਨਰਤਕੀ ਸੀ। ਸਾਰੇ ਉਸਦੇ ਰੂਪ ਉਤੇ ਮੋਹਿਤ ਹੋਕੇ ਝੂਮ ਰਹੇ ਸਨ, ਪਰ ਅਰਜੁਨ ਨੇ ਉਸਨੂੰ ਸਨੇਹਮਈ ਅੱਖਾਂ ਨਾਲ ਮਾਂ ਦੇ ਰੂਪ ਵਿਚ ਵੇਖਿਆ। ਉਸ ਸੰਗੀਤ ਰੂਪੀ ਸ਼ਬਦ ਤੋਂ ਆਉਣ ਵਾਲੇ ਵਿਕਾਰ ਮਿਟ ਗਏ, ਇੰਦ੍ਰੀਆਂ ਦੇ ਅੰਦਰ ਹੀ ਸਮਾ ਗਏ।

ਇੱਥੇ ਇੰਦ੍ਰੀ ਹੀ ਅਗਨੀ ਹੈ। ਅਗਨੀ ਵਿਚ ਪਾਈ ਹੋਈ ਚੀਜ਼ ਜਿਵੇਂ ਭਸਮ ਹੋ ਜਾਂਦੀ ਹੈ, ਉਸੇ ਪ੍ਰਕਾਰ ਭਾਵ ਬਦਲਕੇ ਇਸ਼ਟ ਦੇ ਅਨੁਕੂਲ ਢਾਲ ਲੈਣ ਨਾਲ ਵਿਸ਼ਿਆਂ ਨੂੰ ਉਤੇਜਿਤ ਕਰਨ ਵਾਲੇ ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ ਵੀ ਭਸਮ ਹੋ ਜਾਂਦੇ ਹਨ, ਸਾਧਕ ਉਤੇ ਬੁਰਾ ਅਸਰ ਨਹੀਂ ਪਾ ਸਕਦੇ। ਸਾਧਕ ਇਹਨਾਂ ਵਿਚ ਰੁਚੀ ਨਹੀਂ ਲੈਂਦਾ, ਗ੍ਰਹਿਣ ਨਹੀਂ ਕਰਦਾ।

ਇਹਨਾਂ ਸ਼ਲੋਕਾਂ ਵਿਚ 'ਅਪਰੇ', 'ਅਨਯੇ' ਸ਼ਬਦ ਇਕ ਹੀ ਸਾਧਕ ਦੀਆਂ ਉਚੀਆਂ–ਨੀਵੀਂਆ ਅਵਸਥਾਵਾਂ ਹਨ। ਇਕ ਹੀ ਯੱਗਕਰਤਾ ਦਾ ਉੱਚਾ=ਨੀਵਾਂ ਪੱਧਰ ਹੈ; ਨਾ ਕਿ 'ਅਪਰੇ', 'ਅਪਰੇ' ਕਹਿਣ ਤੋਂ ਭਾਵ ਅਲੱਗ–ਅਲਗ ਯੱਗ।

**सर्वाणीन्द्रियकर्माणि प्राणकर्माणि चापरे ।**
**आत्मसंयमयोगाग्नौ जुह्वति ज्ञानदीपिते ।।२७।।**

ਹੁਣ ਤਕ ਯੋਗੇਸ਼ਵਰ ਨੇ ਜਿਸ ਯੱਗ ਦੀ ਚਰਚਾ ਕੀਤੀ, ਉਸ ਵਿਚ ਕ੍ਰਮਵਾਰ ਦੈਵੀ ਸੰਪੱਤੀ ਨੂੰ ਅਰਜਿਤ ਕੀਤਾ ਜਾਂਦਾ ਹੈ, ਇੰਦ੍ਰੀਆਂ ਦੇ ਸਾਰੇ ਯਤਨਾਂ ਨੂੰ ਸੰਜਮਿਤ ਕੀਤਾ ਜਾਂਦਾ ਹੈ, ਵਿਸ਼ਿਆਂ ਨੂੰ ਉਤੇਜਿਤ ਕਰਨ ਵਾਲੇ ਸ਼ਬਦ ਆਦਿ ਟਕਰਾਉਣ ਤੇ ਬਲਪੂਰਬਕ ਉਹਨਾਂ ਦਾ ਭਾਵ ਬਦਲਕੇ ਉਹਨਾਂ ਤੋਂ ਬਚਿਆ ਜਾਂਦਾ ਹੈ। ਇਸਤੋਂ ਉੱਚੀ ਅਵਸਥਾ ਆਉਣ ਤੇ ਦੂਜੇ ਯੋਗੀਜਨ ਸਾਰੀਆਂ ਇੰਦ੍ਰੀਆਂ ਦੇ ਯਤਨਾਂ ਅਤੇ ਪ੍ਰਾਨ ਦੀ ਕ੍ਰਿਆ ਨੂੰ ਪ੍ਰਤੱਖ ਦਰਸ਼ਨ ਸਹਿਤ ਗਿਆਨ ਨਾਲ ਪ੍ਰਕਾਸ਼ਿਤ ਪਰਮਾਤਮਾ–ਸਥਿਤੀ ਰੂਪੀ ਯੋਗਅਗਨੀ ਵਿਚ ਹਵਨ ਕਰਦੇ ਹਨ। ਜਦ ਸੰਜਮ ਦੀ ਪਕੜ ਆਤਮਾ ਦੇ ਨਾਲ ਇਕਰੂਪ ਹੋ ਜਾਂਦੀ ਹੈ, ਪ੍ਰਾਨ ਅਤੇ ਇੰਦ੍ਰੀਆਂ ਦੀ ਕ੍ਰਿਆ ਵੀ ਸ਼ਾਂਤ ਹੋ ਜਾਂਦੀ ਹੈ, ਤਾਂ ਉਸ ਵੇਲੇ ਵਿਸ਼ਿਆਂ ਨੂੰ ਉਤੇਜਿਤ ਕਰਨ ਵਾਲੀ ਅਤੇ ਇਸ਼ਟ ਵਿਚ ਪ੍ਰਵਿਰਤੀ ਦਿਵਾਉਣ ਵਾਲੀ, ਦੋਨੋਂ ਧਾਰਾਵਾਂ ਆਤਮਸਾਤ ਹੋ ਜਾਂਦੀਆਂ ਹਨ। ਪਰਮਾਤਮਾ ਵਿਚ ਸਥਿਤੀ ਮਿਲ ਜਾਂਦੀ ਹੈ। ਯੱਗ ਦਾ ਪਰਿਣਾਮ ਨਿਕਲ ਆਉਂਦਾ ਹੈ। ਇਹ ਹੈ ਯੱਗ ਦੀ ਪਰਾਕਾਸ਼ਠਾ। ਜਿਸ ਪਰਮਾਤਮਾ ਨੂੰ ਪਾਉਣਾ ਸੀ, ਉਸੇ ਵਿਚ ਸਥਿਤੀ ਹੋ ਗਈ ਤਾਂ ਬਾਕੀ ਕੀ ਰਿਹਾ? ਫੇਰ ਤੋਂ ਯੋਗੇਸ਼ਵਰ ਯੱਗ ਨੂੰ ਚੰਗੀ ਤਰ੍ਹਾਂ ਸਮਝਾਉਂਦੇ ਹਨ–

**द्रव्ययज्ञास्तपोयज्ञा योगयज्ञास्तथापरे ।**
**स्वाध्यायज्ञानयज्ञाश्च यतयः संशितव्रताः ।।२८।।**

ਅਨੇਕ ਲੋਕੀਂ ਦ੍ਰਵ–ਯੱਗ ਕਰਦੇ ਹਨ, ਅਰਥਾਤ ਆਤਮਮਾਰਗ ਵਿਚ, ਮਹਾਪੁਰਸ਼ਾਂ ਦੀ ਸੇਵਾ ਵਿਚ ਫੁਲ–ਪੱਤੇ ਅਰਪਨ ਕਰਦੇ ਹਨ। ਉਹ ਸਮਰਪਨ ਸਹਿਤ ਮਹਾਪੁਰਸ਼ਾਂ ਦੀ ਸੇਵਾ ਵਿਚ ਦ੍ਰਵ (ਸਾਮਿਗ੍ਰੀ) ਚੜ੍ਹਾਉਂਦੇ ਹਨ। ਸ਼੍ਰੀ ਕ੍ਰਿਸ਼ਣ ਅੱਗੇ ਕਹਿੰਦੇ ਹਨ ਕਿ ਭਗਤੀ–ਭਾਵ ਨਾਲ ਫੁਲ–ਪੱਤੇ, ਫਲ, ਜਲ, ਜੋ ਕੁਝ ਵੀ ਮੈਨੂੰ ਕੋਈ ਦੇਂਦਾ ਹੈ, ਉਸਨੂੰ ਮੈਂ ਖਾਂਦਾ ਹਾਂ ਅਤੇ ਉਸਦਾ ਪਰਮ ਕਲਿਆਨ ਕਰਦਾ ਹਾਂ –ਇਹ ਵੀ ਯੱਗ ਹੈ। ਹਰ ਆਤਮਾ ਦੀ ਸੇਵਾ ਕਰਨਾ, ਭੁੱਲੇ ਹੋਏ ਨੂੰ ਆਤਮਮਾਰਗ ਤੇ ਲਿਆਉਣਾ ਦ੍ਰਵ ਯੱਗ ਹੈ। ਕਿਉਂਕਿ ਇਹ ਪ੍ਰਕ੍ਰਿਤੀ ਵਲੋਂ ਦਿਤੇ ਸੰਸਕਾਰਾਂ ਨੂੰ ਜਲਾਉਣ ਵਾਲਾ ਹੈ।

ਇਸੇ ਤਰ੍ਹਾਂ ਕਈ ਲੋਕੀਂ 'ਤਪੋਯੱਗ' ਕਰਦੇ ਹਨ, ਅਰਥਾਤ ਆਪਣੇ ਧਰਮ ਦੀ ਪਾਲਨਾ ਲਈ ਇੰਦ੍ਰੀਆਂ ਨੂੰ ਤਪਾਉਂਦੇ ਹਨ, ਅਰਥਾਤ ਸੁਭਾਅ ਤੋਂ ਪੈਂਦਾ ਸਮਰਥਾ ਅਨੁਸਾਰ ਯੱਗ ਦੀ ਆਰੰਭਕ ਅਤੇ ਉੱਨਤ ਅਵਸਥਾ ਦੇ ਵਿਚਕਾਰ ਤਪਦੇ ਹਨ। ਇਸੇ ਮਾਰਗ ਦੇ ਥੋੜ੍ਹੇ ਗਿਆਨ ਦੀ ਅਵਸਥਾ ਵਿਚ ਪਹਿਲੀ ਸ਼੍ਰੇਣੀ ਦਾ ਸਾਧਕ ਸ਼ੂਦ੍ਰ ਕਰਮ ਰਾਹੀਂ, ਵੈਸ਼ ਸਾਧਕ ਦੈਵੀ ਸੰਪੱਤੀ ਦੇ ਸੰਗ੍ਰਹਿ ਰਾਹੀਂ, ਖੱਤ੍ਰੀ ਕਾਮ–ਕ੍ਰੋਧ ਦੇ ਵਿਰੋਧ ਰਾਹੀਂ ਅਤੇ ਬ੍ਰਾਹਮਣ ਬ੍ਰਹਮ ਵਿਚ ਪ੍ਰਵੇਸ਼ ਦੀ ਯੋਗਤਾ ਦੇ ਪੱਧਰ ਉਤੇ ਇੰਦ੍ਰੀਆਂ ਨੂੰ ਤਪਾਉਂਦਾ ਹੈ। ਸਭ ਨੂੰ ਇਕ ਸਮਾਨ ਮਿਹਨਤ ਕਰਨੀ ਪੈਂਦੀ ਹੈ। ਅਸਲ ਵਿਚ ਯੱਗ ਇੱਕੋ ਹੈ। ਅਵਸਥਾ ਦੇ ਅਨੁਸਾਰ ਉੱਚੀਆਂ–ਨੀਵੀਂਆ ਸ਼੍ਰੇਣੀਆਂ ਹੁੰਦੀਆਂ ਜਾਂਦੀਆਂ ਹਨ।

'ਪੂਜਯ ਮਹਾਰਾਜ ਜੀ' ਕਹਿੰਦੇ ਸਨ ''ਮਨ ਸਹਿਤ ਇੰਦ੍ਰੀਆਂ ਅਤੇ ਸਰੀਰ ਨੂੰ ਲੱਖਸ਼ ਦੇ ਅਨਰੂਪ ਤਪਾਉਣਾ ਹੀ ਤੱਪ ਕਿਹਾ ਜਾਂਦਾ ਹੈ। ਇਹ ਤੁਹਾਡੇ ਲੱਖਸ਼ ਤੋਂ ਦੂਰ ਭੱਜਣਗੇ, ਇਹਨਾਂ ਨੂੰ ਸਮੇਟਕੇ ਉਧਰ ਹੀ ਲਗਾਉ।''

ਕਈ ਲੋਕੀਂ ਯੋਗ–ਯੱਗ ਦਾ ਆਚਰਣ ਕਰਦੇ ਹਨ। ਪ੍ਰਕ੍ਰਿਤੀ ਵਿਚ ਭਟਕਦੇ ਹੋਏ ਆਤਮਾ ਦਾ ਪ੍ਰਕ੍ਰਿਤੀ ਤੋਂ ਪਰੇ ਪਰਮਾਤਮਾ ਨਾਲ ਮਿਲਨ ਦਾ ਨਾਮ 'ਯੋਗ' ਹੈ। ਯੋਗ ਦੀ ਪਰਿਭਾਸ਼ਾ ਅਧਿਆਇ 6/23 ਵਿਚ ਸਪੱਸ਼ਟ ਹੈ। ਆਮ ਤੌਰ ਤੇ ਦੋ ਚੀਜ਼ਾਂ ਦਾ ਮਿਲਨ ਯੋਗ ਕਹਾਉਂਦਾ ਹੈ। ਕਾਗ਼ਜ ਨਾਲ ਕਲਮ ਮਿਲ ਗਈ, ਥਾਲੀ ਅਤੇ ਮੇਜ਼ ਮਿਲ ਗਏ, ਤਾਂ ਕੀ ਯੋਗ ਹੋ ਗਿਆ? ਨਹੀਂ, ਇਹ ਤਾਂ ਪੰਚਭੂਤਾਂ ਤੋਂ ਬਣੇ ਪਦਾਰਥ ਹਨ, ਇੱਕੋ ਹਨ, ਦੋ ਕਿਥੇ? ਦੋ ਪ੍ਰਕ੍ਰਿਤੀ ਅਤੇ ਪੁਰਸ਼ ਹਨ। ਪ੍ਰਕ੍ਰਿਤੀ ਵਿਚ

ਸਥਿਤ ਆਤਮਾ ਜਦ ਆਪਣੇ ਹੀ ਸ਼ਾਸ਼ਵਤ ਰੂਪ ਪਰਮਾਤਮਾ ਵਿਚ ਪ੍ਰਵੇਸ਼ ਪਾ ਜਾਂਦਾ ਹੈ, ਤਾਂ ਪ੍ਰਕ੍ਰਿਤੀ ਪੁਰਸ਼ ਵਿਚ ਸਮਾ ਜਾਂਦੀ ਹੈ, ਇਹੋ ਯੋਗ ਹੈ। ਇਸ ਲਈ ਅਨੇਕ ਲੋਕੀਂ ਇਸ ਮਿਲਨ ਵਿਚ ਸਹਾਇਕ ਸ਼ਮ, ਦਮ (ਸ਼ਮਨ, ਦਮਨ) ਆਦਿ ਨਿਯਮਾਂ ਦਾ ਭਲੀ ਭਾਂਤੀ ਆਚਰਣ ਕਰਦੇ ਹਨ। ਯੋਗ-ਯੱਗ ਕਰਨ ਵਾਲੇ ਅਤੇ ਅਹਿੰਸਾ ਆਦਿ ਕਠਿਨ ਵਰਤਾਂ ਨਾਲ ਯੁਕਤ ਯਤਨਸ਼ੀਲ ਪੁਰਸ਼ **'स्वाध्याय ज्ञानयज्ञाश्च'**- ਖ਼ੁਦ ਦਾ ਅਧਿਐਨ, ਆਪਣੇ ਹੀ ਰੂਪ ਦਾ ਅਧਿਐਨ ਕਰਨ ਵਾਲੇ ਗਿਆਨ-ਯੱਗ ਦੇ ਕਰਤਾ ਹਨ। ਇੱਥੇ ਯੋਗ ਦੇ ਅੰਗਾਂ (ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ) ਨੂੰ ਅਹਿੰਸਾ ਆਦਿ ਕਠਿਨ ਵਰਤ ਕਿਹਾ ਗਿਆ ਹੈ। ਕਈ ਲੋਕੀ ਸਵਾਧਿਆਇ (ਆਪਣੇ ਖ਼ੁਦ ਦਾ ਅਧਿਐਨ) ਕਰਦੇ ਹਨ। ਪੁਸਤਕ ਪੜ੍ਹਨਾ ਤਾਂ ਸਵਾਧਿਆਇ ਦਾ ਕੇਵਲ ਆਰੰਭਕ ਪੱਧਰ ਹੀ ਹੈ। ਸ਼ੁੱਧ ਸਵਾਧਿਆਇ ਹੈ ਆਪਣੇ ਆਪ ਦਾ ਅਧਿਐਨ, ਜਿਸ ਨਾਲ ਸਵਰੂਪ ਦੀ ਪ੍ਰਾਪਤੀ ਹੁੰਦੀ ਹੈ, ਜਿਸਦਾ ਪਰਿਣਾਮ ਹੈ ਗਿਆਨ, ਅਰਥਾਤ ਪ੍ਰਤੱਖ ਦਰਸ਼ਨ।

ਯੱਗ ਦਾ ਅਗਲਾ ਚਰਨ ਉਹ ਦਸਦੇ ਹਨ -

**अपाने जुह्वति प्राणं प्राणेऽपानं तथापरे ।**
**प्राणापानगती रुद्ध्वा प्राणायामपरायणा: ।।२९।।**

ਅਨੇਕਾਂ ਯੋਗੀ ਅਪਾਨ ਵਾਯੂ (ਸਰੀਰ ਤੋਂ ਬਾਹਰ ਆਉਂਦੀ ਦੂਸ਼ਿਤ ਹਵਾ) ਵਿਚ ਪ੍ਰਾਣਵਾਯੂ (ਆਕਸੀਜਨ ਜਾਂ ਤਾਜ਼ੀ ਹਵਾ) ਦਾ ਹਵਨ ਕਰਦੇ ਹਨ ਅਤੇ ਉਸੇ ਤਰ੍ਹਾਂ ਪ੍ਰਾਣਵਾਯੂ ਵਿਚ ਅਪਾਨ ਵਾਯੂ ਦਾ ਹਵਨ ਕਰਦੇ ਹਨ। ਇਸਤੋਂ ਵੱਧ ਸੂਖਮ ਅਵਸਥਾ ਆਉਣ ਤੇ ਕਈ ਯੋਗੀਜਨ ਪ੍ਰਾਣ ਅਤੇ ਅਪਾਨ ਦੋਵਾਂ ਦੀ ਗਤੀ ਰੋਕਕੇ ਪ੍ਰਾਣਾਯਾਮ ਪਰਾਇਣ (ਸਿੱਧ) ਹੋ ਜਾਂਦੇ ਹਨ।

ਸ਼੍ਰੀ ਕ੍ਰਿਸ਼ਣ ਜਿਸਨੂੰ ਪ੍ਰਾਣ-ਅਪਾਨ ਕਹਿੰਦੇ ਹਨ ਉਸੇ ਨੂੰ ਮਹਾਤਮਾ ਬੁੱਧ, 'ਅਨਾਪਾਨ' ਕਹਿੰਦੇ ਹਨ। ਇਸੇ ਨੂੰ ਉਹਨਾਂ ਨੇ ਸੁਆਸ-ਪ੍ਰਸੁਆਸ ਵੀ ਕਿਹਾ ਹੈ। ਪ੍ਰਾਣ ਉਹ ਸੁਆਸ ਹੈ ਜਿਸਨੂੰ ਤੁਸੀਂ ਅੰਦਰ ਖਿੱਚਦੇ ਹੋ, ਅਤੇ ਅਪਾਨ ਉਹ ਸੁਆਸ ਹੈ ਜਿਸਨੂੰ ਤੁਸੀਂ ਬਾਹਰ ਛੱਡਦੇ ਹੋ। ਯੋਗੀਆਂ ਦਾ ਅਨੁਭਵ ਹੈ ਕਿ ਤੁਸੀਂ ਸੁਆਸ ਦੇ ਨਾਲ ਬਾਹਰੀ ਵਾਯੂਮੰਡਲ ਦੇ ਸੰਕਲਪ ਵੀ ਗ੍ਰਹਿਣ ਕਰਦੇ ਹੋ। ਇਸੇ ਤਰ੍ਹਾਂ ਪ੍ਰਸੁਆਸ ਰਾਹੀਂ ਆਪਣੇ ਅੰਦਰੂਨੀ ਭਲੇ-ਬੁਰੇ ਵਿਚਾਰਾਂ ਨੂੰ ਬਾਹਰ ਸੁਟਦੇ ਹੋ । ਕਿਸੇ ਬਾਹਰੀ ਸੰਕਲਪ ਨੂੰ ਗ੍ਰਹਿਣ ਨਾ ਕਰਨਾ ਪ੍ਰਾਣ ਦਾ ਹਵਨ ਹੈ ਅਤੇ ਅੰਦਰ ਕਿਸੇ ਸੰਕਲਪ ਨੂੰ ਉਠਣ ਨਾ ਦੇਣਾ ਅਪਾਨ ਦਾ ਹਵਨ ਹੈ। ਨਾ ਅੰਦਰੋਂ ਕਿਸੇ ਸੰਕਲਪ ਦਾ ਅੰਕੁਰ ਫੁਟੇ ਅਤੇ ਨਾ ਹੀ ਬਾਹਰੀ ਦੁਨੀਆਂ ਵਿਚ ਹੋਣ ਵਾਲੇ ਵਿਚਾਰ ਅੰਦਰ ਅਸਰ ਕਰ ਸਕਣ। ਇਸ ਤਰ੍ਹਾਂ ਪ੍ਰਾਣ ਅਤੇ ਅਪਾਨ ਦੋਵਾਂ ਦੀ ਗਤੀ ਸਮਾਨ ਹੋ ਜਾਣ ਤੇ ਪ੍ਰਾਣਾਂ ਦਾ ਯਾਮ ਅਰਥਾਤ ਵਿਰੋਧ ਹੋ ਜਾਂਦਾ ਹੈ, ਇਹੋ ਪ੍ਰਾਣਾਯਾਮ ਹੈ। ਇਹੋ ਮਨ ਨੂੰ ਜਿੱਤਣ ਦੀ ਅਵਸਥਾ ਹੈ। ਪ੍ਰਾਣਾਂ ਦਾ ਰੁਕਣਾ ਅਤੇ ਮਨ ਦਾ ਰੁਕਣਾ ਇੱਕੋ ਗੱਲ ਹੈ।

ਹਰ ਮਹਾਪੁਰਸ਼ ਨੇ ਇਸ ਗੱਲ ਨੂੰ ਦੁਹਰਾਇਆ ਹੈ। ਵੇਦਾਂ ਵਿਚ ਇਸਦੀ ਚਰਚਾ ਹੈ **'चत्वारि वाक् पारमिता पदानि'** (ਰਿਗਵੇਦ 1/64/45 ਅਥਰਵਵੇਦ 9/10/27)। ਇਸੇ ਨੂੰ 'ਪੂਜਯ ਮਹਾਰਾਜ ਜੀ ਕਿਹਾ ਕਰਦੇ ਸਨ ''ਓਏ ! ਇੱਕੋ ਨਾਮ ਚਾਰ ਸ਼੍ਰੇਣੀਆਂ ਵਿਚ ਜਪਿਆ ਜਾਂਦਾ ਹੈ- ਬੈਖਰੀ, ਮਧਿਅਮਾ, ਪਸ਼ਯੰਤੀ ਤੇ ਪਰਾ। ਬੈਖਰੀ ਉਸਨੂੰ ਕਹਿੰਦੇ ਹਨ ਜੋ ਵਿਅਕਤ ਹੋ ਜਾਏ। ਨਾਮ ਦਾ ਇਸ ਤਰ੍ਹਾਂ ਉਚਾਰਣ ਹੋਵੇ ਕਿ ਤੁਸੀਂ ਸੁਣੋ ਅਤੇ ਬਾਹਰ ਜੇ ਕੋਈ ਬੈਠਿਆ ਹੋਵੇ ਤਾਂ ਉਸਨੂੰ ਵੀ ਸੁਣਾਈ ਪਏ। ਮਧਿਅਮਾ ਅਰਥਾਤ ਮੱਧਮ ਆਵਾਜ਼ ਵਿਚ ਜਾਪ, ਜਿਸਨੂੰ ਕੇਵਲ ਤੁਸੀਂ ਹੀ

ਸੁਣੇ, ਨਾਲ ਬੈਠਾ ਹੋਇਆ ਵਿਅਕਤੀ ਵੀ ਉਸ ਉਚਾਰਣ ਨੂੰ ਨਾ ਸੁਣ ਸਕੇ। ਇਹ ਉਚਾਰਣ ਕੰਠ ਤੋਂ ਹੁੰਦਾ ਹੈ। ਸਹਿਜੇ-ਸਹਿਜੇ ਨਾਮ ਦੀ ਧੁਨੀ ਬਣ ਜਾਂਦੀ ਹੈ, ਡੋਰ ਲਗ ਜਾਂਦੀ ਹੈ। ਸਾਧਨਾ ਹੋਰ ਸੂਖਮ ਹੋ ਜਾਣ ਤੇ ਪਸ਼ਯੰਤੀ ਅਰਥਾਤ ਨਾਮ ਨੂੰ ਵੇਖਣ ਦੀ ਅਵਸਥਾ ਆ ਜਾਂਦੀ ਹੈ, ਫੇਰ ਨਾਮ ਨੂੰ ਜਪਿਆ ਨਹੀਂ ਜਾਂਦਾ। ਇਹੋ ਨਾਮ ਸਾਹ ਵਿਚ ਢਲ ਜਾਂਦਾ ਹੈ। ਮਨ ਨੂੰ ਦ੍ਰਿਸ਼ਟਾ ਬਣਾਕੇ ਖੜ੍ਹਾ ਕਰ ਦਿਉ, ਕੇਵਲ ਵੇਖਦੇ ਰਹੋ ਕਿ ਸਾਹ ਕੀ ਕਹਿੰਦਾ ਹੈ? ਸਾਹ ਆਉਂਦਾ ਕਦੋਂ ਹੈ? ਬਾਹਰ ਜਾਂਦਾ ਕਦੋਂ ਹੈ? ਕਹਿੰਦਾ ਕੀ ਹੈ?'' ਮਹਾਪੁਰਸ਼ਾਂ ਦਾ ਕਹਿਣਾ ਹੈ ਕਿ ਇਹ ਸਾਹ ਨਾਮ ਤੋਂ ਸਿਵਾਇ ਹੋਰ ਕੁਝ ਕਹਿੰਦਾ ਹੀ ਨਹੀਂ। ਸਾਧਕ ਨਾਮ ਦਾ ਜਾਪ ਨਹੀਂ ਕਰਦਾ, ਸਿਰਫ਼ ਉਸਤੋਂ ਉਠਣ ਵਾਲੀ ਧੁਨੀ ਨੂੰ ਸੁਣਦਾ ਹੈ, ਸਾਹ ਨੂੰ ਸਿਰਫ਼ ਵੇਖਦਾ ਹੈ, ਇਸ ਲਈ ਇਸਨੂੰ 'ਪਸ਼ਯੰਤੀ' ਕਹਿੰਦੇ ਹਨ।

'ਪਸ਼ਯੰਤੀ' ਵਿਚ ਮਨ ਨੂੰ ਦ੍ਰਿਸ਼ਟਾ ਦੇ ਰੂਪ ਵਿਚ ਖੜ੍ਹਾ ਕਰਨਾ ਪੈਂਦਾ ਹੈ; ਪਰ ਸਾਧਨਾ ਹੋਰ ਉੱਚੀ ਹੋ ਜਾਣ ਤੇ ਸੁਣਨਾ ਵੀ ਨਹੀਂ ਪੈਂਦਾ। ਬਸ ਇਕ ਵਾਰ ਸੁਰਤ ਨੂੰ ਲਗਾ ਦਿਉ, ਆਪੇ ਸੁਣਾਈ ਦੇਵੇਗਾ। ''**जपै न जपावै, अपनै से आवै**'' – ਨਾ ਖ਼ੁਦ ਜਪੋ, ਨਾ ਮਨ ਨੂੰ ਸੁਣਨ ਲਈ ਮਜਬੂਰ ਕਰੋ, ਅਤੇ ਜਾਪ ਚਲਦਾ ਰਹੇ ਇਸੇ ਦਾ ਨਾਮ ਹੈ ਅਜਪਾ। ਐਸਾ ਨਹੀਂ ਕਿ ਜਾਪ ਆਰੰਭ ਹੀ ਨਾ ਕਰੋ ਤੇ ਸਮਝੋ ਕਿ ਹੋ ਗਿਆ ਅਜਪਾ। ਜੇ ਕਿਸੇ ਨੇ ਜਾਪ ਸ਼ੁਰੂ ਨਹੀਂ ਕੀਤਾ, ਤਾਂ ਅਜਪਾ ਨਾਮ ਦੀ ਕੋਈ ਚੀਜ਼ ਵੀ ਉਸ ਕੋਲ ਨਹੀਂ ਹੋਣੀ। ਅਜਪਾ ਦਾ ਅਰਥ ਹੈ ਅਸੀਂ ਨਾ ਜਪੀਏ, ਪਰ ਜਾਪ ਸਾਡਾ ਸਾਥ ਨਾ ਛੱਡੇ। ਇਕ ਵਾਰੀ ਸੁਰਤ ਦੀ ਡੋਰ ਕੇਵਲ ਲਗਾ ਦਿਉ, ਤਾਂ ਜਾਪ ਪ੍ਰਵਾਹਿਤ ਹੋ ਜਾਏ ਅਤੇ ਨਿਰੰਤਰ ਚਲਦਾ ਰਹੇ। ਇਸ ਸੁਭਾਵਕ ਜਾਪ ਦਾ ਨਾਮ ਅਜਪਾ ਹੈ ਅਤੇ ਇਹੋ 'ਪਰਾਵਾਣੀ ਦਾ ਜਾਪ' ਹੈ, ਇਹ ਪ੍ਰਕ੍ਰਿਤੀ ਤੋਂ ਪਰੇ ਦੇ ਤੱਤ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਂਦੀ ਹੈ। ਇਸਤੋਂ ਅੱਗੇ ਵਾਣੀ ਵਿਚ ਕੋਈ ਪਰਿਵਰਤਨ ਨਹੀਂ ਹੈ। ਪਰਮ ਦਾ ਮਾਰਗਦਰਸ਼ਨ ਕਰਾਕੇ ਉਸੇ ਵਿਚ ਵਿਲੀਨ ਹੋ ਜਾਂਦੀ ਹੈ, ਇਸ ਲਈ ਇਸਨੂੰ 'ਪਰਾ'ਕਹਿੰਦੇ ਹਨ।

ਪ੍ਰਸਤੁਤ ਸ਼ਲੋਕ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਸਿਰਫ਼ ਸੁਆਸ ਉਤੇ ਧਿਆਨ ਰੱਖਣ ਲਈ ਕਿਹਾ, ਜਦਕਿ ਅੱਗੇ ਉਹ ਆਪ '**ओऽम्**' ਓਮ ਦੇ ਜਾਪ ਉੱਪਰ ਜ਼ੋਰ ਪਾਉਂਦੇ ਹਨ। ਗੌਤਮ ਬੁੱਧ ਵੀ 'ਅਨਾਪਾਨ ਸਤੀ' ਵਿਚ ਸੁਆਸ-ਪ੍ਰਸੁਆਸ ਦੀ ਹੀ ਚਰਚਾ ਕਰਦੇ ਹਨ। ਆਖ਼ਰ ਉਹ ਮਹਾਪੁਰਸ਼ ਕਹਿਣਾ ਕੀ ਚਾਹੁੰਦੇ ਹਨ ? ਦਰਅਸਲ ਆਰੰਭ ਵਿਚ ਬੈਖਰੀ, ਉਸਤੋਂ ਉਤੇ ਮੱਧਮਾ, ਫੇਰ ਉਸਤੋਂ ਉਤੇ ਹੋਣ ਤੇ ਜਾਪ ਦੀ ਪਸ਼ਯੰਤੀ ਅਵਸਥਾ ਵਿਚ ਸੁਆਸ ਪਕੜ ਵਿਚ ਆਉਂਦਾ ਹੈ। ਉਸ ਅਵਸਥਾ ਵਿਚ ਜਾਪ ਸੁਆਸ ਵਿਚ ਹੀ ਢਲਿਆ ਮਿਲੇਗਾ, ਤਾਂ ਫੇਰ ਜਪੀਏ ਕੀ ? ਫੇਰ ਤਾਂ ਸੁਆਸ ਨੂੰ ਸਿਰਫ਼ ਦੇਖਣਾ ਹੀ ਹੈ। ਇਸ ਲਈ ਪ੍ਰਾਣ-ਅਪਾਨ ਮਾਤਰ ਹੀ ਕਿਹਾ, 'ਨਾਮ ਜਪੋ' ਇਹ ਨਹੀਂ ਕਿਹਾ, ਕਿਉਂਕਿ ਇਹ ਕਹਿਣ ਦੀ ਲੋੜ ਹੀ ਨਹੀਂ ਹੈ। ਜੇ ਐਸਾ ਕਹਿੰਦੇ ਹਨ, ਤਾਂ ਸਾਧਕ ਗੁਮਰਾਹ ਹੋਕੇ ਹੇਠਲੀਆਂ ਸ਼੍ਰੇਣੀਆਂ ਵਿਚ ਭਟਕਣ ਲਗੇਗਾ। ਮਹਾਤਮਾ ਬੁੱਧ, 'ਗੁਰੂਦੇਵ ਭਗਵਾਨ' ਅਤੇ ਹਰੇਕ ਮਹਾਪੁਰਸ਼ ਜੋ ਇਸ ਰਸਤੇ ਤੋਂ ਗੁਜ਼ਰੇ ਹਨ, ਸਾਰੇ ਇੱਕੋ ਗੱਲ ਕਹਿੰਦੇ ਹਨ। ਬੈਖ਼ਰੀ ਅਤੇ ਮੱਧਮਾ ਨਾਮ ਜਾਪ ਦੇ ਕੇਵਲ ਪ੍ਰਵੇਸ਼ ਦੁਆਰ ਹਨ। ਪਸ਼ਯੰਤੀ ਤੋਂ ਹੀ ਨਾਮ ਵਿਚ ਪ੍ਰਵੇਸ਼ ਮਿਲਦਾ ਹੈ। ਪਰਾ ਵਿਚ ਨਾਮ ਧਾਰਾਵਾਹੀ ਹੋ ਜਾਂਦਾ ਹੈ, ਜਿਸ ਨਾਲ ਜਾਪ ਸਾਥ ਨਹੀਂ ਛੱਡਦਾ।

ਮਨ ਸੁਆਸ ਨਾਲ ਜੁੜਿਆ ਹੈ। ਜਦ ਸੁਆਸ ਉਤੇ ਦ੍ਰਿਸ਼ਟੀ ਹੈ, ਸੁਆਸ ਵਿਚ ਨਾਮ ਢਲ ਚੁਕਾ ਹੈ, ਅੰਦਰੋਂ ਨਾ ਕੋਈ ਸੰਕਲਪ ਉਠਦਾ ਹੈ ਅਤੇ ਨਾ ਹੀ ਬਾਹਰੀ ਵਾਯੂਮੰਡਲ ਦੇ ਸੰਕਲਪ ਅੰਦਰ ਪ੍ਰਵੇਸ਼ ਕਰ ਸਕਦੇ ਹਨ। ਤਾਂ ਮਨ ਉਤੇ ਜਿੱਤ ਦੀ ਅਵਸਥਾ ਹੈ। ਇਸੇ ਦੇ ਨਾਲ ਯੱਗ ਦਾ ਪਰਿਣਾਮ ਨਿਕਲ ਆਉਂਦਾ ਹੈ।

**अपरे नियताहारा: प्राणान्प्राणेषु जुह्वति।**
**सर्वेऽप्येते यज्ञविदो यज्ञक्षपितकल्मषा: ।।३०।।**

ਦੂਜੇ (ਲੋਕੀਂ) ਜੋ ਨਿਯਮਿਤ ਆਹਾਰ (ਭੋਜਨ ਆਦਿ) ਕਰਨ ਵਾਲੇ ਹਨ, ਉਹ ਪ੍ਰਾਣ ਦਾ ਪ੍ਰਾਣ ਵਿਚ ਹੀ ਹਵਨ ਕਰਦੇ ਹਨ। 'ਪੂਜਯ ਮਹਾਰਾਜ ਜੀ' ਕਿਹਾ ਕਰਦੇ ਸਨ ''ਯੋਗੀ ਦਾ ਆਹਾਰ ਦ੍ਰਿੜ, ਆਸਨ ਦ੍ਰਿੜ ਅਤੇ ਨੀਂਦ ਦ੍ਰਿੜ ਹੋਣੇ ਚਾਹੀਦੇ ਹਨ।'' ਆਹਾਰ-ਵਿਹਾਰ ਉਤੇ ਨਿਯੰਤ੍ਰਣ ਬਹੁਤ ਜ਼ਰੂਰੀ ਹੈ। ਐਸੇ ਅਨੇਕਾਂ ਯੋਗੀ ਪ੍ਰਾਣ ਦਾ ਪ੍ਰਾਣ ਵਿਚ ਹੀ ਹਵਨ ਕਰ ਦੇਂਦੇ ਹਨ ਅਰਥਾਤ ਸੁਆਸ ਲੈਣ ਉਤੇ ਹੀ ਧਿਆਨ ਟਿਕਾਈ ਰੱਖਦੇ ਹਨ, ਪ੍ਰਸੁਆਸ ਉਤੇ ਧਿਆਨ ਨਹੀਂ ਦੇਂਦੇ। ਸਾਹ ਆਇਆ ਤਾਂ ਸੁਣਿਆ 'ਓਮ', ਫੇਰ ਸਾਹ ਆਇਆ ਤਾਂ 'ਓਮ' ਸੁਣਦੇ ਰਹੋ। ਇਸ ਤਰ੍ਹਾਂ ਯੱਗਾਂ ਦੁਆਰਾ ਨਸ਼ਟ ਪਾਪ ਵਾਲੇ ਇਹ ਸਾਰੇ ਪੁਰਸ਼ ਯੱਗ ਦੇ ਜਾਣਕਾਰ ਹਨ। ਇਹਨਾਂ ਦਸੀਆਂ ਹੋਈਆਂ ਵਿਧੀਆਂ ਵਿਚੋਂ ਕਿਸੇ ਨਾਲ ਵੀ ਜੋ ਯੱਗ ਕਰਦੇ ਹਨ, ਉਹ ਸਾਰੇ ਯੱਗ ਦੇ ਗਿਆਤਾ ਹਨ। ਹੁਣ ਯੱਗ ਦਾ ਪਰਿਣਾਮ ਦਸਦਿਆਂ ਉਹ ਕਹਿੰਦੇ ਹਨ-

**यज्ञशिष्टामृतभुजो यान्ति ब्रह्म सनातनम्।**
**नायं लोकोऽस्त्ययज्ञस्य कुतोऽन्य: कुरुसत्तम ।।३१।।**

ਅਰਜੁਨ! '**यज्ञशिष्टामृतभुजो**'- ਯੱਗ ਜਿਸਦੀ ਉਤਪੱਤੀ ਕਰਦਾ ਹੈ, ਜਿਸਨੂੰ ਬਾਕੀ ਛੱਡਦਾ ਹੈ, ਉਹ ਹੈ ਅੰਮ੍ਰਿਤ। ਉਸਦੀ ਪ੍ਰਤੱਖ ਜਾਣਕਾਰੀ ਗਿਆਨ ਹੈ। ਉਸ ਗਿਆਨ-ਅੰਮ੍ਰਿਤ ਨੂੰ ਭੋਗਣ ਅਰਥਾਤ ਪ੍ਰਾਪਤ ਕਰਨ ਵਾਲੇ ਯੋਗੀਜਨ '**यान्ति ब्रह्म सनातनम्**'- ਸ਼ਾਸ਼ਵਤ ਸਨਾਤਨ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ। ਯੱਗ ਕੋਈ ਐਸੀ ਵਸਤੂ ਹੈ ਜੋ ਪੂਰੀ ਹੁੰਦਿਆਂ ਹੀ ਸਨਾਤਨ ਪਰਬ੍ਰਹਮ ਵਿਚ ਪ੍ਰਵੇਸ਼ ਦਿਵਾ ਦੇਂਦੀ ਹੈ। ਯੱਗ ਨਾ ਕਰੀਏ ਤਾਂ ਸੰਕਟ ਕੀ ਹੈ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਯੱਗਰਹਿਤ ਪੁਰਸ਼ ਨੂੰ ਦੁਬਾਰਾ ਇਹ ਮਨੁੱਖਲੋਕ ਅਰਥਾਤ ਮਨੁੱਖ-ਸਰੀਰ ਵੀ ਨਹੀਂ ਮਿਲਦਾ, ਤਾਂ ਹੋਰ ਦੂਜੇ ਲੋਕ ਕਿਵੇਂ ਸੁਖੀ ਹੋਣਗੇ ? ਉਹਨਾਂ ਲਈ ਤਾਂ ਤਿਰਿਅਕ ਯੋਨੀਆਂ (ਪਸ਼ੂ-ਪੰਛੀ ਦੀਆਂ ਜੂਨਾਂ) ਹੀ ਸੁਰੱਖਿਅਤ ਹਨ, ਇਸਤੋਂ ਵੱਧ ਕੁਝ ਨਹੀਂ। ਇਸ ਲਈ ਯੱਗ ਕਰਨਾ ਮਨੁੱਖ ਮਾਤਰ ਲਈ ਬੜਾ ਜ਼ਰੂਰੀ ਹੈ।

**एवं बहुविधा यज्ञा वितता ब्रह्मणो मुखे।**
**कर्मजान्विद्धि तान्सर्वानेवं ज्ञात्वा विमोक्ष्यसे ।।३२।।**

ਇਸ ਤਰ੍ਹਾਂ ਉਪਰੋਕਤ ਕਈ ਪ੍ਰਕਾਰ ਦੇ ਯੱਗ ਵੇਦ ਵਾਣੀ ਵਿਚ ਕਹੇ ਗਏ ਹਨ, ਬ੍ਰਹਮ ਦੇ ਮੁਖ ਤੋਂ ਵਿਸਤਾਰ ਨਾਲ ਉਚਾਰੇ ਗਏ ਹਨ। ਪ੍ਰਾਪਤੀ ਤੋਂ ਬਾਅਦ ਮਹਾਪੁਰਸ਼ਾਂ ਦੇ ਸਰੀਰ ਨੂੰ ਪਰਬ੍ਰਹਮ ਧਾਰਨ ਕਰ ਲੈਂਦਾ ਹੈ। ਬ੍ਰਹਮ ਤੋਂ ਅਭਿੰਨ ਅਵਸਥਾ ਵਾਲੇ ਉਹਨਾਂ ਮਹਾਤਮਾਵਾਂ ਦੀ ਬੁੱਧੀ ਕੇਵਲ ਯੰਤਰ ਹੀ ਹੁੰਦੀ ਹੈ। ਉਹਨਾਂ ਦੇ ਰਾਹੀਂ ਉਹ ਬ੍ਰਹਮ ਹੀ ਬੋਲਦਾ ਹੈ। ਉਹਨਾਂ ਦੀ ਵਾਣੀ (ਕਥਨਾਂ) ਵਿਚ ਇਹਨਾਂ ਯੱਗਾਂ ਦਾ ਵਿਸਤਾਰ ਦਸਿਆ ਗਿਆ ਹੈ।

ਇਹਨਾਂ ਸਭ ਯੱਗਾਂ ਨੂੰ ਤੂੰ '**कर्मजान् विद्धि**'- ਕਰਮ ਤੋਂ ਪੈਦਾ ਹੋਇਆ ਜਾਣ। ਇਹੋ ਪਹਿਲਾਂ ਵੀ ਕਿਹਾ ਗਿਆ ਹੈ, '**यज्ञ: कर्मसमुद्भव:**' - **(३/१४)** । ਇਸ ਤਰ੍ਹਾਂ ਕ੍ਰਿਆਤਮਕ ਰੂਪ ਵਿਚ ਚਲਕੇ ਉਹਨਾਂ ਨੂੰ ਜਾਣ ਲੈਣ ਨਾਲ (ਹੁਣੇ ਕਿਹਾ ਸੀ ਕਿ ਯੱਗ ਕਰਕੇ ਜਿਨ੍ਹਾਂ ਦਾ ਪਾਪ ਨਸ਼ਟ ਹੋ ਚੁਕਾ ਹੋਵੇ, ਉਹੀ ਯੱਗ ਦੇ ਗਿਆਤਾ ਹਨ) ਅਰਜੁਨ! ਤੂੰ '**विमोक्ष्यसे**'- ਸੰਸਾਰ-ਬੰਧਨ ਤੋਂ ਪੂਰਾ ਛੁੱਟ ਜਾਏਂਗਾ। ਇੱਥੇ ਯੋਗੇਸ਼ਵਰ ਨੇ ਕਰਮ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿਤਾ। ਉਹ

ਹਰਕਤ ਕਰਮ ਹੈ ਜਿਸ ਨਾਲ ਉਪਰੋਕਤ ਯੱਗ ਪੂਰੇ ਹੁੰਦੇ ਹਨ।

ਹੁਣ ਦੈਵੀ ਸੰਪੱਤੀ ਦਾ ਅਰਜਨ, ਸਤਿਗੁਰੂ ਦਾ ਧਿਆਨ, ਇੰਦ੍ਰੀਆਂ ਦਾ ਸੰਜਮ, ਸੁਆਸ ਦਾ ਪ੍ਰਸੁਆਸ ਵਿਚ ਹਵਨ, ਪ੍ਰਸੁਆਸ ਦਾ ਸੁਆਸ ਵਿਚ ਹਵਨ, ਪ੍ਰਾਣ-ਅਪਾਨ ਦੀ ਗਤੀ ਦਾ ਨਿਰੋਧ ਜੇ ਖੇਤੀ ਕਰਨ ਨਾਲ ਹੁੰਦਾ ਹੋਵੇ, ਵਪਾਰ-ਨੌਕਰੀ ਜਾਂ ਰਾਜਨੀਤੀ ਕਰਨ ਨਾਲ ਹੁੰਦਾ ਹੋਵੇ ਤਾਂ ਤੁਸੀਂ ਕਰੋ। ਯੱਗ ਤਾਂ ਐਸੀ ਕ੍ਰਿਆ ਹੈ ਜੋ ਪੂਰੀ ਹੁੰਦਿਆਂ ਹੀ ਤੁਰੰਤ ਪਰਬ੍ਰਹਮ ਵਿਚ ਪ੍ਰਵੇਸ਼ ਦਿਵਾ ਦੇਂਦੀ ਹੈ। ਜੇ ਬਾਹਰੀ ਕਿਸੇ ਵੀ ਕਾਰਜ ਨਾਲ ਤੁਸੀਂ ਤੁਰੰਤ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦੇ ਹੋ ਤਾਂ ਕਰੋ।

ਦਰਅਸਲ ਇਹ ਸਾਰੇ ਦੇ ਸਾਰੇ ਯੱਗ ਚਿੰਤਨ ਦੀਆਂ ਅੰਦਰੂਨੀ ਕ੍ਰਿਆਵਾਂ ਹਨ, ਆਰਾਧਨਾ ਦੇ ਚਿਤ੍ਰਣ ਹਨ, ਜਿਨ੍ਹਾਂ ਨਾਲ ਆਰਾਧਦੇਵ ਵਿਦਿਤ ਹੁੰਦਾ ਹੈ। ਯੱਗ ਉਸ ਆਰਾਧ ਤਕ ਦੀ ਦੂਰੀ ਤੈ ਕਰਨ ਦੀ ਨਿਰਧਾਰਿਤ ਕ੍ਰਿਆ ਵਿਸ਼ੇਸ਼ ਹੈ। ਇਹ ਯੱਗ, ਸੁਆਸ-ਪ੍ਰਸੁਆਸ, ਪ੍ਰਾਣਾਯਾਮ ਆਦਿ ਜਿਸ ਕ੍ਰਿਆ ਨਾਲ ਪੂਰੇ ਹੁੰਦੇ ਹਨ ਉਸ ਕਾਰਜ-ਵਿਧੀ ਦਾ ਨਾਮ ਕਰਮ ਹੈ। 'ਕਰਮ' ਦਾ ਸ਼ੁੱਧ ਅਰਥ ਹੈ 'ਆਰਾਧਨਾ', 'ਚਿੰਤਨ'।

ਅਕਸਰ ਲੋਕੀਂ ਕਹਿੰਦੇ ਹਨ ਕਿ ਸੰਸਾਰ ਵਿਚ ਕੁਝ ਵੀ ਕੀਤਾ ਜਾਏ, ਉਹੀ ਕਰਮ ਹੈ! ਕਾਮਨਾ ਤੋਂ ਰਹਿਤ ਹੋਕੇ ਕੁਝ ਵੀ ਕਰਦੇ ਜਾਉ, ਹੋ ਗਿਆ ਨਿਸ਼ਕਾਮ ਕਰਮਯੋਗ। ਕੋਈ ਕਹਿੰਦਾ ਹੈ ਕਿ ਜ਼ਿਆਦਾ ਲਾਭ ਲਈ ਤੁਸੀਂ ਵਿਦੇਸ਼ੀ ਕਪੜੇ ਵੇਚਦੇ ਹੋ ਤਾਂ ਤੁਸੀਂ ਸਕਾਮੀ ਹੋ। ਦੇਸ਼ਸੇਵਾ ਲਈ ਸਵਦੇਸ਼ੀ ਚੀਜ਼ਾਂ ਵੇਚੋ ਤਾਂ ਹੋ ਗਿਆ ਨਿਸ਼ਕਾਮ ਕਰਮਯੋਗ। ਨਿਸ਼ਠਾਪੂਰਬਕ ਨੌਕਰੀ ਕਰੋ, ਹਾਨੀ-ਲਾਭ ਦੀ ਚਿੰਤਾ ਤੋਂ ਰਹਿਤ ਹੋਕੇ ਵਿਆਪਾਰ ਕਰੋ, ਤਾਂ ਹੋ ਗਿਆ ਨਿਸ਼ਕਾਮ ਕਰਮਯੋਗ। ਜੈ-ਪਰਾਜੈ ਦੀ ਭਾਵਨਾ ਤੋਂ ਮੁਕਤ ਹੋਕੇ ਯੁੱਧ ਕਰੋ, ਚੋਣਾਂ ਲੜੋ, ਹੋ ਗਏ ਨਿਸ਼ਕਾਮ ਕਰਮੀ! ਮਰੋਗੇ ਤਾਂ ਮੁਕਤੀ ਹੋ ਜਾਏਗੀ! ਅਸਲ ਵਿਚ ਐਸਾ ਕੁਝ ਵੀ ਨਹੀਂ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਸਾਫ਼ ਸ਼ਬਦਾਂ ਵਿਚ ਦਸਿਆ ਹੈ ਕਿ ਇਸ ਨਿਸ਼ਕਾਮ ਕਰਮ ਵਿਚ ਨਿਰਧਾਰਿਤ ਕ੍ਰਿਆ ਇਕ ਹੀ ਹੈ **'व्यवसायात्मिका बुद्धिरेकेह कुरुनन्दन'**– ਅਰਜੁਨ! ਤੂੰ ਨਿਰਧਾਰਿਤ ਕਰਮ ਨੂੰ ਕਰ। ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ। ਯੱਗ ਕੀ ਹੈ ? ਸੁਆਸ-ਪ੍ਰਸੁਆਸ ਦਾ ਹਵਨ, ਇੰਦ੍ਰੀਆਂ ਦਾ ਸੰਜਮ, ਯੱਗ-ਸਵਰੂਪ ਮਹਾਪੁਰਸ਼ ਦਾ ਧਿਆਨ, ਪ੍ਰਾਣਾਯਾਮ-ਪ੍ਰਾਣਾਂ ਦਾ ਨਿਰੋਧ। ਇਹੋ ਮਨ ਨੂੰ ਜਿੱਤਣ ਦੀ ਅਵਸਥਾ ਹੈ। ਮਨ ਦਾ ਹੀ ਪ੍ਰਸਾਰ ਜਗਤ ਹੈ। ਸ਼੍ਰੀ ਕ੍ਰਿਸ਼ਣ ਦੇ ਹੀ ਸ਼ਬਦਾਂ ਵਿਚ, **'इहैव तैर्जितः सर्गो येषां साम्ये स्थितं मनः'** **(५/१९)** – ਉਹਨਾਂ ਪੁਰਸ਼ਾਂ ਨੇ ਜੜ-ਚੇਤਨ ਜਗਤ ਇੱਥੇ ਹੀ ਜਿੱਤ ਲਿਆ, ਜਿਨ੍ਹਾਂ ਦਾ ਮਨ ਸਮਤਾ ਸਥਿਤੀ ਵਿਚ ਸਥਿਰ ਹੈ। ਭਲਾ ਮਨ ਦੀ ਸਮਤਾ- ਸਥਿਤੀ ਅਤੇ ਜਗਤ ਨੂੰ ਜਿੱਤਣ ਵਿਚ ਕੀ ਸੰਬੰਧ ਹੈ? ਜੇ ਜਗਤ ਨੂੰ ਜਿੱਤ ਹੀ ਲਿਆ ਤਾਂ ਉਹ ਰੁਕਿਆ ਕਿੱਥੇ ? ਤਾਂ ਦਸਿਆ ਕਿ ਉਹ ਬ੍ਰਹਮ ਨਿਰਦੋਸ਼ ਅਤੇ ਸਮ ਹੈ, ਇਧਰ ਮਨ ਵੀ ਨਿਰਦੋਸ਼ ਅਤੇ ਸਮਤਾ-ਸਥਿਤੀ ਵਾਲਾ ਹੋ ਗਿਆ ਹੈ, ਇਸ ਲਈ ਉਹ ਬ੍ਰਹਮ ਵਿਚ ਸਥਿਰ ਹੋ ਜਾਂਦਾ ਹੈ।

ਸੰਖੇਪ ਵਿਚ ਮਨ ਦਾ ਪ੍ਰਸਾਰ ਹੀ ਜਗਤ ਹੈ। ਚਲ-ਅਚਲ ਜਗਤ ਹੀ ਹਵਨ-ਸਾਮੱਗ੍ਰੀ ਦੇ ਰੂਪ ਵਿਚ ਹੈ। ਮਨ ਦੇ ਵਿਰੋਧ ਦੇ ਨਾਲ ਹੀ ਯੱਗ ਦਾ ਪਰਿਣਾਮ ਨਿਕਲ ਆਉਂਦਾ ਹੈ। ਯੱਗ ਜਿਸਦੀ ਸ੍ਰਿਸ਼ਟੀ ਕਰਦਾ ਹੈ ਉਸ ਗਿਆਨ-ਅੰਮ੍ਰਿਤ ਨੂੰ ਪਾਨ ਕਰਨ ਵਾਲਾ ਪੁਰਸ਼ ਸਨਾਤਨ ਬ੍ਰਹਮ ਵਿਚ ਪ੍ਰਵਿਸ਼ਟ ਹੋ ਜਾਂਦਾ ਹੈ। ਇਹ ਸਾਰੇ ਯੱਗ ਬ੍ਰਹਮ ਸਥਿਤ ਮਹਾਪੁਰਸ਼ਾਂ ਦੀ ਵਾਣੀ ਰਾਹੀਂ ਕਹੇ ਗਏ ਹਨ। ਐਸਾ ਨਹੀਂ ਕਿ ਵੱਖ-ਵੱਖ ਸੰਪ੍ਰਦਾਇਆਂ ਦੇ ਸਾਧਕ ਵੱਖ-ਵੱਖ ਕਿਸਮ ਦੇ ਯੱਗ ਕਰਦੇ ਹਨ, ਬਲਕਿ ਇਹ ਸਾਰੇ ਯੱਗ ਇਕ ਹੀ ਸਾਧਕ ਦੀਆਂ ਉਚੀਆਂ-ਨੀਵੀਆਂ ਅਵਸਥਾਵਾਂ ਹਨ। ਇਹ ਯੱਗ ਜਿਸ ਨਾਲ

ਹੋਣ ਲਗੇ ਉਸ ਕ੍ਰਿਆ ਦਾ ਨਾਮ ਕਰਮ ਹੈ। ਸੰਪੂਰਣ ਗੀਤਾ ਵਿਚ ਇਕ ਵੀ ਐਸਾ ਸ਼ਲੋਕ ਨਹੀਂ ਹੈ ਜੋ ਸੰਸਾਰਕ ਕਾਰ-ਵਿਹਾਰ ਦਾ ਸਮਰਥਨ ਕਰੇ।

ਅਕਸਰ ਯੱਗ ਦਾ ਨਾਮ ਸੁਣਕੇ ਲੋਕੀਂ ਬਾਹਰ ਇਕ ਯੱਗ-ਵੇਦੀ ਬਣਾਕੇ, ਤਿਲ, ਜੌਂ ਲੈਕੇ ਸ੍ਵਾਹਾ ਬੋਲਦੇ ਹੋਏ ਹਵਨ ਸ਼ੁਰੂ ਕਰ ਦੇਂਦੇ ਹਨ। ਇਹ ਇਕ ਧੋਖਾ ਹੈ। ਦ੍ਰਵ-ਯੱਗ ਦੂਜਾ ਹੈ,ਜਿਸਨੂੰ ਸ਼੍ਰੀ ਕ੍ਰਿਸ਼ਣ ਨੇ ਕਈ ਵਾਰ ਦਸਿਆ। ਲੇਕਨ ਪਸ਼ੂ-ਬਲੀ, ਵਸਤੂ-ਦਾਹ ਨਾਲ ਇਸਦਾ ਕੋਈ ਸੰਬੰਧ ਨਹੀਂ।

**श्रेयान्द्रव्यमयाद्यज्ञाज्ज्ञानयज्ञ: परंतप।**
**सर्वं कर्माखिलं पार्थ ज्ञाने परिसमाप्यते ।।३३ ।।**

ਅਰਜੁਨ! ਸੰਸਾਰਕ ਦ੍ਰਵਾਂ ਨਾਲ ਸਿੱਧ ਹੋਣ ਵਾਲੇ ਯੱਗ ਦੀ ਤੁਲਨਾ ਵਿਚ ਗਿਆਨ-ਯੱਗ (ਜਿਸਦਾ ਪਰਿਣਾਮ ਗਿਆਨ (ਸਾਖਿਆਤਕਾਰ) ਹੈ,ਯੱਗ ਜਿਸਦੀ ਸ਼੍ਰਿਸ਼ਟੀ ਕਰਦਾ ਹੈ ਉਸ ਅੰਮ੍ਰਿਤ-ਤੱਤ ਦੀ ਜਾਣਕਾਰੀ ਦਾ ਨਾਮ ਗਿਆਨ ਹੈ, ਐਸਾ ਯੱਗ) ਸ਼੍ਰੇਸ਼ਠ ਹੈ, ਪਰਮ ਕਲਿਆਨਕਾਰੀ ਹੈ। ਹੇ ਪਾਰਥ! ਸਾਰੇ ਕਰਮ ਗਿਆਨ ਵਿਚ ਸਮਾਹਿਤ ਹੋ ਜਾਂਦੇ ਹਨ। '**परिसमाप्यते**'- ਭਲੀ ਭਾਂਤ ਸਮਝ ਜਾਂਦੇ ਹਨ। ਗਿਆਨ ਯੱਗ ਦੀ ਪਰਾਕਾਸ਼ਠਾ ਹੈ। ਉਸਤੋਂ ਬਾਅਦ ਕਰਮ ਕਰਨ ਨਾਲ ਨਾ ਕੋਈ ਲਾਭ ਹੈ ਅਤੇ ਨਾ ਛੱਡ ਦੇਣ ਨਾਲ ਉਸ ਮਹਾਪੁਰਸ਼ ਦੀ ਕੋਈ ਹਾਨੀ ਹੀ ਹੁੰਦੀ ਹੈ।

ਇਸ ਤਰ੍ਹਾਂ ਭੌਤਿਕ ਦ੍ਰਵਾਂ ਨਾਲ ਹੋਣ ਵਾਲੇ ਯੱਗ ਵੀ ਯੱਗ ਹਨ, ਪਰ ਜਿਸਦਾ ਪਰਿਣਾਮ ਪ੍ਰਤੱਖ ਦਰਸ਼ਨ ਹੈ, ਉਸ ਗਿਆਨ-ਯੱਗ ਦੀ ਤੁਲਨਾ ਵਿਚ ਬੜੇ ਘੱਟ ਹਨ। ਤੁਸੀਂ ਕਰੋੜਾਂ ਦਾ ਹਵਨ ਕਰੋ, ਸੈਂਕੜੇ ਯੱਗ-ਵੇਦੀਆਂ ਬਣਾ ਲਉ, ਸੱਚੇ ਪਾਸੇ ਧਨ ਲਗਾਉ, ਸਾਧੂ-ਸੰਤ, ਮਹਾਪੁਰਸ਼ਾਂ ਦੀ ਸੇਵਾ ਵਿਚ ਧਨ ਲਗਾਉ, ਪਰ ਇਸ ਗਿਆਨ-ਯੱਗ ਦੀ ਤੁਲਨਾ ਵਿਚ ਉਹ ਬੜੇ ਥੋੜੇ ਹਨ। ਦਰਅਸਲ ਯੱਗ ਸੁਆਸ-ਪ੍ਰਸੁਆਸ ਦਾ ਹੈ, ਇੰਦ੍ਰੀਆਂ ਦੇ ਸੰਜਮ ਦਾ ਹੈ, ਮਨ ਦੇ ਵਿਰੋਧ ਦਾ ਹੈ, ਜਿਵੇਂ ਕਿ ਸ਼੍ਰੀ ਕ੍ਰਿਸ਼ਣ ਹੁਣੇ ਦਸ ਆਏ ਹਨ। ਇਸ ਯੱਗ ਨੂੰ ਪ੍ਰਾਪਤ ਕਿੱਥੇ ਕੀਤਾ ਜਾਏ ? ਉਸਦੀ ਵਿਧੀ ਕਿੱਥੋਂ ਸਿਖੀਏ ? ਮੰਦਰਾਂ, ਮਸਜਿਦਾਂ, ਗਿਰਜਾ ਘਰਾਂ ਵਿਚ ਮਿਲੇਗਾ ਜਾਂ ਪੁਸਤਕਾਂ ਵਿਚ ? ਤੀਰਥ ਯਾਤ੍ਰਾ ਵਿਚ ਮਿਲੇਗਾ ਜਾਂ ਇਸ਼ਨਾਨ ਕਰਨ ਨਾਲ ਮਿਲੇਗਾ ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਨਹੀਂ, ਉਸਦਾ ਤਾਂ ਇੱਕੋ ਸ੍ਰੋਤ ਹੈ, ਤੱਤ-ਸਥਿਤ ਮਹਾਪੁਰਸ਼; ਵੇਖੋ

**तद्विद्धि प्रणिपातेन परिप्रश्नेन सेवया।**
**उपदेक्ष्यन्ति ते ज्ञानं ज्ञानिनस्तत्त्वदर्शिन: ।।३४ ।।**

ਇਸ ਲਈ ਅਰਜੁਨ! ਤੂੰ ਤੱਤਦਰਸ਼ੀ ਮਹਾਪੁਰਸ਼ ਦੇ ਕੋਲ ਜਾਕੇ ਭਲੀ ਪ੍ਰਕਾਰ ਨਿਮਰਤਾ ਨਾਲ ਝੁਕਕੇ (ਦੰਡਵਤ ਪ੍ਰਣਾਮ ਕਰਕੇ, ਅਹੰਕਾਰ ਤਿਆਗਕੇ, ਸ਼ਰਨੀ ਲਗਕੇ) ਭਲੀ ਪ੍ਰਕਾਰ ਸੇਵਾ ਕਰਕੇ, ਨਿਸ਼ਕਪਟ ਭਾਵ ਨਾਲ ਪ੍ਰਸ਼ਨ ਕਰਕੇ ਉਸ ਗਿਆਨ ਨੂੰ ਜਾਣ। ਉਹ ਤੱਤ ਨੂੰ ਜਾਣਨ ਵਾਲੇ ਗਿਆਨੀਜਨ ਤੇਰੇ ਲਈ ਉਸ ਗਿਆਨ ਦਾ ਉਪਦੇਸ਼ ਕਰਨਗੇ, ਸਾਧਨਾ ਮਾਰਗ ਤੇ ਚਲਾਉਣਗੇ। ਸਮਰਪਿਤ ਭਾਵ ਨਾਲ ਸੇਵਾ ਕਰਨ ਦੇ ਬਾਅਦ ਹੀ ਇਸ ਗਿਆਨ ਨੂੰ ਸਿੱਖਣ ਦੀ ਸਮਰਥਾ ਆਉਂਦੀ ਹੈ। ਤੱਤਦਰਸ਼ੀ ਮਹਾਪੁਰਸ਼ ਪਰਮਾਤਮਾ ਦਾ ਪ੍ਰਤੱਖ ਮਾਰਗਦਰਸ਼ਨ ਕਰਾਉਣ ਵਾਲੇ ਹਨ। ਉਹ ਯੱਗ ਦੀ ਵਿਧੀ ਵਿਸ਼ੇਸ਼ ਦੇ ਗਿਆਤਾ ਹਨ, ਅਤੇ ਉਹੀ ਵਿਧੀ ਤੁਹਾਨੂੰ ਵੀ ਸਿਖਾਉਣਗੇ। ਜੇ ਯੱਗ ਕੁਝ ਹੋਰ ਚੀਜ਼ ਹੁੰਦੀ ਤਾਂ ਗਿਆਨੀ-ਤੱਤਦਰਸ਼ੀ ਦੀ ਕੀ ਲੋੜ ਸੀ ?

ਖ਼ੁਦ ਭਗਵਾਨ ਦੇ ਸਾਮ੍ਹਣੇ ਹੀ ਤਾਂ ਅਰਜੁਨ ਖੜ੍ਹਾ ਸੀ। ਭਗਵਾਨ ਉਸਨੂੰ ਤੱਤਦਰਸ਼ੀ ਦੇ ਕੋਲ ਕਿਉਂ ਭੇਜਦੇ ਹਨ ? ਦਰਅਸਲ ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ। ਉਹਨਾਂ ਦਾ ਭਾਵ ਇਹ ਹੈ ਕਿ ਅੱਜ ਤਾਂ ਅਨੁਰਾਗੀ ਅਰਜੁਨ ਮੇਰੇ ਸਾਮ੍ਹਣੇ ਹਾਜ਼ਰ ਹੈ, ਭਵਿੱਖ ਵਿਚ ਅਨੁਰਾਗੀਆਂ ਨੂੰ ਕਿਧਰੇ ਭਰਮ ਨਾ ਹੋ ਜਾਏ ਕਿ ਸ਼੍ਰੀ ਕ੍ਰਿਸ਼ਣ ਤਾਂ ਚਲੇ ਗਏ, ਹੁਣ ਕਿਸਦੀ ਸ਼ਰਨ ਜਾਈਏ? ਇਸ ਲਈ ਉਹਨਾਂ ਨੇ ਸਪਸ਼ਟ ਕੀਤਾ ਕਿ ਤੱਤਦਰਸ਼ੀ ਮਹਾਪੁਰਸ਼ ਕੋਲ ਜਾਉ। ਉਹ ਗਿਆਨੀਜਨ ਤੁਹਾਨੂੰ ਉਪਦੇਸ਼ ਕਰਨਗੇ। ਅਤੇ

**यज्ज्ञात्वा न पुनर्मोहमेवं यास्यसि पाण्डव।**
**येन भूतान्यशेषेण द्रक्ष्यस्यात्मन्यथो मयि।।३५।।**

ਉਸ ਗਿਆਨ ਨੂੰ ਉਹਨਾਂ ਕੋਲੋਂ ਸਮਝਕੇ ਤੂੰ ਇਸ ਤਰ੍ਹਾਂ ਫੇਰ ਕਦੇ ਮੋਹ ਨੂੰ ਪ੍ਰਾਪਤ ਨਹੀਂ ਹੋਵੇਂਗਾ। ਉਹਨਾਂ ਕੋਲੋਂ ਪ੍ਰਾਪਤ ਜਾਣਕਾਰੀ ਨਾਲ, ਉਸ ਉਤੇ ਚਲਦੇ ਹੋਏ ਤੂੰ ਆਪਣੀ ਆਤਮਾ ਵਿਚ ਸਾਰੇ ਭੂਤਾਂ ਨੂੰ ਅਰਥਾਤ ਸਾਰੇ ਪ੍ਰਾਣੀਆਂ ਨੂੰ ਵੇਖੇਂਗਾ; ਅਰਥਾਤ ਸਾਰੇ ਪ੍ਰਾਣੀਆਂ ਵਿਚ ਇਸੇ ਆਤਮਾ ਦਾ ਪ੍ਰਸਾਰ ਵੇਖੇਂਗਾ। ਜਦੋਂ ਹਰ ਪਾਸੇ ਇਕ ਹੀ ਆਤਮਾ ਦਾ ਪ੍ਰਸਾਰ ਵੇਖਣ ਦੀ ਸਮਰਥਾ ਆ ਜਾਏਗੀ, ਉਸਤੋਂ ਬਾਅਦ ਤੂੰ ਮੇਰੇ ਅੰਦਰ ਪ੍ਰਵੇਸ਼ ਕਰੇਂਗਾ। ਇਸ ਲਈ ਉਸ ਆਤਮਾ ਦੀ ਪ੍ਰਾਪਤੀ ਦਾ ਸਾਧਨ ਤੱਤਸਥਿਤ ਮਹਾਪੁਰਸ਼ ਹੈ। ਗਿਆਨ ਦੇ ਬਾਰੇ, ਧਰਮ ਅਤੇ ਸ਼ਾਸ਼ਵਤ ਸੱਚ ਦੇ ਬਾਰੇ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਕਿਸੇ ਤੱਤਦਰਸ਼ੀ ਤੋਂ ਹੀ ਪੁਛਣ ਦਾ ਵਿਧਾਨ ਹੈ।

**अपि चेदसि पापेभ्य: सर्वेभ्य: पापकृत्तम:।**
**सर्वं ज्ञानप्लवेनैव वृजिनं संतरिष्यसि।।३६।।**

ਭਾਵੇਂ ਤੂੰ ਸਭ ਪਾਪੀਆਂ ਤੋਂ ਵੀ ਵੱਧ ਪਾਪ ਕਰਨ ਵਾਲਾ ਹੈਂ, ਤਾਂ ਵੀ ਗਿਆਨ ਰੂਪੀ ਬੇੜੀ ਰਾਹੀਂ ਸਾਰੇ ਪਾਪਾਂ ਤੋਂ ਬੇਸ਼ੱਕ ਪਾਰ ਹੋ ਜਾਏਂਗਾ। ਇਸਦਾ ਭਾਵ ਤੁਸੀਂ ਇਹ ਨਾ ਸਮਝੋ ਕਿ ਵੱਧ ਤੋਂ ਵੱਧ ਪਾਪ ਕਰਕੇ ਕਦੇ ਵੀ ਪਾਰ ਹੋ ਜਾਵਾਂਗੇ। ਸ਼੍ਰੀ ਕ੍ਰਿਸ਼ਣ ਦਾ ਭਾਵ ਬਸ ਇਹੋ ਹੀ ਹੈ ਕਿ ਕਿਧਰੇ ਤੁਸੀਂ ਇਸ ਭਰਮ ਵਿਚ ਨਾ ਰਹੋ ਕਿ ''ਅਸੀਂ ਤਾਂ ਬੜੇ ਪਾਪੀ ਹਾਂ, ਅਸੀਂ ਪਾਰ ਨਹੀਂ ਲਗਾਂਗੇ'' ਐਸੀ ਕੋਈ ਗੁੰਜਾਇਸ਼ ਨਾ ਕੱਢੋ, ਇਸ ਲਈ ਸ਼੍ਰੀ ਕ੍ਰਿਸ਼ਣ ਉਤਸਾਹ ਅਤੇ ਭਰੋਸਾ ਦੇਂਦੇ ਹਨ ਕਿ ਸਾਰੇ ਪਾਪੀਆਂ ਦੇ ਪਾਪ-ਸਮੂਹ ਤੋਂ ਵੀ ਵੱਧ ਪਾਪ ਕਰਨ ਵਾਲਾ ਬੰਦਾ ਵੀ ਤੱਤਦਰਸ਼ੀਆਂ ਤੋਂ ਪ੍ਰਾਪਤ ਗਿਆਨ ਰੂਪੀ ਬੇੜੀ ਰਾਹੀਂ ਬੇਸ਼ੱਕ ਸਾਰੇ ਪਾਪਾਂ ਤੋਂ ਭਲੀ ਭਾਂਤ ਪਾਰ ਹੋ ਜਾਏਗਾ। ਕਿਸ ਤਰ੍ਹਾਂ

**यथैधांसि समिद्धोऽग्निर्भस्मसात्कुरुतेऽर्जुन।**
**ज्ञानाग्नि: सर्वकर्माणि भस्मसात्कुरुते तथा।।३७।।**

ਅਰਜੁਨ! ਜਿਵੇਂ ਬਲਦੀ ਹੋਈ ਅੱਗ ਬਾਲਣ ਨੂੰ ਭਸਮ ਕਰ ਦੇਂਦੀ ਹੈ, ਠੀਕ ਉਸੇ ਤਰ੍ਹਾਂ ਗਿਆਨ ਰੂਪੀ ਅੱਗ ਸਾਰੇ ਕਰਮਾਂ ਨੂੰ ਭਸਮ ਕਰ ਦੇਂਦੀ ਹੈ। ਇਹ ਗਿਆਨ ਦੀ ਪ੍ਰਵੇਸ਼ ਸਥਿਤੀ ਨਹੀਂ ਕਿ ਜਿਥੋਂ ਯੱਗ ਵਿਚ ਪ੍ਰਵੇਸ਼ ਮਿਲਦਾ ਹੈ, ਸਗੋਂ ਇਹ ਗਿਆਨ ਅਰਥਾਤ ਪ੍ਰਤੱਖ ਦਰਸ਼ਨ ਦੀ ਪਰਾਕਾਸ਼ਠਾ ਦਾ ਚਿਤ੍ਰਣ ਹੈ, ਜਿਸ ਵਿਚ ਪਹਿਲਾਂ ਬਾਹਰੀ ਕਰਮ ਭਸਮ ਹੁੰਦੇ ਹਨ ਅਤੇ ਫੇਰ ਪ੍ਰਾਪਤੀ ਦੇ ਨਾਲ ਚਿੰਤਨ-ਕਰਮ ਵੀ ਉਸੇ ਵਿਚ ਲੀਨ ਹੋ ਜਾਂਦੇ ਹਨ। ਜਿਸਨੂੰ ਪਾਉਣਾ ਸੀ ਪਾ ਲਿਆ। ਹੁਣ ਅੱਗੇ ਚਿੰਤਨ ਕਰਕੇ ਕਿਸਨੂੰ ਲੱਭੀਏ ? ਐਸਾ ਪ੍ਰਤੱਖ ਦਰਸ਼ਨ ਵਾਲਾ ਗਿਆਨੀ ਸੰਪੂਰਨ ਸ਼ੁਭ-ਅਸ਼ੁਭ ਕਰਮਾਂ ਦਾ ਅੰਤ ਕਰ ਲੈਂਦਾ ਹੈ। ਉਹ ਪ੍ਰਤੱਖ ਦਰਸ਼ਨ ਹੋਵੇਗਾ ਕਿੱਥੇ ? ਬਾਹਰ ਹੋਵੇਗਾ

ਜਾਂ ਅੰਦਰ ? ਇਸਤੇ ਉਹ ਕਹਿੰਦੇ ਹਨ –

**न हि ज्ञानेन सदृशं पवित्रमिह विद्यते ।**
**तत्स्वयं योगसंसिद्धः कालेनात्मनि विन्दति ।।३८।।**

ਇਸ ਸੰਸਾਰ ਵਿਚ ਗਿਆਨ ਵਰਗਾ ਪਵਿੱਤਰ ਕਰਨ ਵਾਲਾ ਬੇਸ਼ਕ ਹੋਰ ਕੁਝ ਨਹੀਂ ਹੈ। ਉਸ ਗਿਆਨ (ਸਾਖਿਆਤਕਾਰ) ਨੂੰ ਤੂੰ ਖ਼ੁਦ (ਦੂਜਾ ਨਹੀਂ) ਯੋਗ ਦੀ ਪਰੀਪੱਕ ਅਵਸਥਾ ਵਿਚ (ਆਰੰਭ ਵਿਚ ਨਹੀਂ) ਆਪਣੀ ਆਤਮਾ ਦੇ ਅੰਦਰ, ਹਿਰਦੇ ਦੇਸ਼ ਵਿਚ ਹੀ ਅਨੁਭਵ ਕਰੇਂਗਾ, ਬਾਹਰ ਨਹੀਂ। ਇਸ ਗਿਆਨ ਲਈ ਕਿਹੜੀ ਯੋਗਤਾ ਚਾਹੀਦੀ ਹੈ? ਯੋਗੇਵਸ਼ਰ ਦੇ ਹੀ ਸ਼ਬਦਾਂ ਵਿਚ –

**श्रद्धावाँल्लभते ज्ञानं तत्परः संयतेन्द्रियः ।**
**ज्ञानं लब्ध्वा परां शान्तिमचिरेणाधिगच्छति ।।३९।।**

ਸ਼ਰਧਾਵਾਨ, ਤੱਤਪਰ ਅਤੇ ਸੰਜਮਿਤ ਇੰਦ੍ਰੀਆਂ ਵਾਲਾ ਪੁਰਸ਼ ਹੀ ਗਿਆਨ ਪ੍ਰਾਪਤ ਕਰ ਸਕਦਾ ਹੈ। ਜੇ ਭਾਵਨਾਪੂਰਬਕ ਜਿਗਿਆਸਾ ਨਹੀਂ ਹੈ ਤਾਂ ਤੱਤਦਰਸ਼ੀ ਦੀ ਸ਼ਰਨ ਜਾਣ ਨਾਲ ਵੀ ਗਿਆਨ ਪ੍ਰਾਪਤ ਨਹੀਂ ਹੁੰਦਾ। ਕੇਵਲ ਸ਼ਰਧਾ ਹੀ ਕਾਫ਼ੀ ਨਹੀਂ ਹੈ। ਸ਼ਰਧਾਵਾਨ ਦੀ ਕੋਸ਼ਿਸ ਢਿੱਲੀ ਵੀ ਹੋ ਸਕਦੀ ਹੈ। ਇਸ ਲਈ ਮਹਾਪੁਰਸ਼ ਦੇ ਦੱਸੇ ਰਾਹ ਉਤੇ ਤੱਤਪਰਤਾ ਨਾਲ ਅੱਗੇ ਵੱਧਣ ਦੀ ਲਗਨ ਜ਼ਰੂਰੀ ਹੈ। ਇਸਦੇ ਨਾਲ ਹੀ ਸਾਰੀਆਂ ਇੰਦ੍ਰੀਆਂ ਦਾ ਸੰਜਮ ਵੀ ਜ਼ਰੂਰੀ ਹੈ। ਜੋ ਵਾਸਨਾਵਾਂ ਤੋਂ ਰਹਿਤ ਨਹੀਂ ਹੈ, ਉਸਦੇ ਲਈ ਸਾਖਿਆਤਕਾਰ (ਗਿਆਨ ਪ੍ਰਾਪਤੀ) ਕਠਿਨ ਹੈ। ਸਿਰਫ਼ ਸ਼ਰਧਾਵਾਨ, ਅਚਰਣ ਕਰਨ ਵਾਲੇ ਅਤੇ ਸੰਜਮਿਤ ਇੰਦ੍ਰੀਆਂ ਵਾਲੇ ਪੁਰਸ਼ ਹੀ ਗਿਆਨ ਪ੍ਰਾਪਤ ਕਰਦੇ ਹਨ। ਗਿਆਨ ਨੂੰ ਪ੍ਰਾਪਤ ਕਰਦੇ ਹੀ ਉਹ ਤੁਰੰਤ ਪਰਮਸ਼ਾਂਤੀ ਨੂੰ ਪ੍ਰਾਪਤ ਹੋ ਜਾਂਦੇ ਹਨ। ਜਿਸਤੋਂ ਬਾਅਦ ਕੁਝ ਪ੍ਰਾਪਤ ਕਰਨਾ ਬਾਕੀ ਨਹੀਂ ਰਹਿੰਦਾ, ਇਹੋ ਅੰਤਿਮ ਸ਼ਾਂਤੀ ਹੈ। ਫੇਰ ਉਹ ਕਦੇ ਅਸ਼ਾਂਤ ਨਹੀਂ ਹੁੰਦੇ। ਅਤੇ ਜਿੱਥੇ ਸ਼ਰਧਾ ਨਹੀਂ ਹੈ

**अज्ञश्चाश्रद्दधानश्च संशयात्मा विनश्यति ।**
**नायं लोकोऽस्ति न परो न सुखं संशयात्मनः ।।४०।।**

ਅਗਿਆਨੀ, ਜੋ ਯੱਗ ਦੀ ਵਿਧੀ–ਵਿਸ਼ੇਸ਼ ਤੋਂ ਅਣਜਾਣ ਹੈ ਅਤੇ ਸ਼ਰਧਾ ਰਹਿਤ ਤੇ ਸ਼ੰਕਾ ਹੈ, ਉਹ ਇਸ ਪਰਮਾਰਥ ਮਾਰਗ ਤੋਂ ਭਟਕ ਜਾਂਦਾ ਹੈ। ਉਹਨਾਂ ਵਿਚੋਂ ਵੀ ਸੰਸਾਯੁਕਤ ਪੁਰਸ਼ ਲਈ ਨਾ ਤਾਂ ਸੁਖ ਹੈ, ਨਾ ਹੀ ਮੁੜ ਮਨੁੱਖ–ਸਰੀਰ ਹੈ ਅਤੇ ਨਾ ਹੀ ਪਰਮਾਤਮਾ। ਇਸ ਲਈ ਤੱਤਦਰਸ਼ੀ ਮਹਾਪੁਰਸ਼ ਦੇ ਪਾਸ ਜਾਕੇ ਇਸ ਮਾਰਗ ਦੇ ਸੰਸਿਆਂ ਦਾ ਨਿਵਾਰਨ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਉਹ ਅਸਲ ਵਸਤੂ ਦਾ ਭੇਦ ਕਦੇ ਨਹੀਂ ਪਾਉਣਗੇ। ਫੇਰ ਪਾਉਂਦਾ ਕੌਣ ਹੈ?

**योगसंन्यस्त कर्माणं ज्ञानसंछिन्नसंशयम् ।**
**आत्मवन्तंः न कर्माणि निबध्नन्ति धनंजय ।।४१।।**

ਯੋਗ ਰਾਹੀਂ ਜਿਸਦੇ ਕਰਮ ਭਗਵਾਨ ਵਿਚ ਲੀਨ ਹੋ ਚੁਕੇ ਹਨ, ਜਿਸਦੀ ਪੂਰੀ ਸ਼ੰਕਾ ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਰਾਹੀਂ ਨਸ਼ਟ ਹੋ ਚੁਕੀ ਹੈ, ਪਰਮਾਤਮਾ ਨਾਲ ਮਿਲੇ ਹੋਏ ਐਸੇ ਪੁਰਸ਼ ਨੂੰ ਕਰਮ ਨਹੀਂ ਬੰਨ੍ਹਦੇ। ਯੋਗ ਦੇ ਰਾਹੀਂ ਹੀ ਕਰਮਾਂ ਦਾ ਸ਼ਮਨ (ਅੰਤ) ਹੋਵੇਗਾ। ਗਿਆਨ ਨਾਲ ਹੀ ਸ਼ੰਕਾ ਨਸ਼ਟ ਹੋਵੇਗੀ। ਇਸ ਲਈ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**तस्मादज्ञानसंभूतं हृत्स्थं ज्ञानासिनात्मनः।**
**छित्त्वैनं संशयं योगमातिष्ठोत्तिष्ठ भारत॥४२॥**

ਇਸ ਲਈ ਭਰਤਵੰਸ਼ੀ ਅਰਜੁਨ! ਤੂੰ ਯੋਗ ਸਥਿਤ ਹੋ ਅਤੇ ਅਗਿਆਨ ਤੋਂ ਪੈਦਾ ਹੋਈ ਹਿਰਦੇ ਵਿਚ ਸਥਿਤ ਆਪਣੀ ਇਸ ਸ਼ੰਕਾ ਨੂੰ ਗਿਆਨ ਰੂਪੀ ਤਲਵਾਰ ਨਾਲ ਕਟ। ਯੁੱਧ ਲਈ ਖੜ੍ਹਾ ਹੋ। ਜਦ ਪ੍ਰਤੱਖ ਦਰਸ਼ਨ ਵਿਚ ਬਾਧਕ ਸੰਸਾ ਰੂਪੀ ਵੈਰੀ ਮਨ ਦੇ ਅੰਦਰ ਹੈ, ਤਾਂ ਬਾਹਰ ਕੋਈ ਕਿਸੇ ਨਾਲ ਕਿਉਂ ਲੜੇਗਾ? ਦਰਅਸਲ ਜਦ ਤੁਸੀਂ ਚਿੰਤਨ ਮਾਰਗ ਉਤੇ ਵੱਧਦੇ ਹੋ, ਤਾਂ ਸ਼ੰਕਾ ਤੋਂ ਪੈਦਾ ਬਾਹਰੀ ਪ੍ਰਵਿਰਤੀਆਂ ਦਾ ਬਾਧਾ ਦੇ ਰੂਪ ਵਿਚ ਆਉਣਾ ਸੁਭਾਵਕ ਹੈ। ਇਹ ਸ਼ਤਰੂਆਂ ਦੇ ਰੂਪ ਵਿਚ ਭਿਆਨਕ ਹਮਲਾ ਕਰਦੀਆਂ ਹਨ। ਸੰਜਮ ਦੇ ਨਾਲ ਯੱਗ ਦੀ ਵਿਧੀ-ਵਿਸ਼ੇਸ਼ ਦਾ ਆਚਰਣ ਕਰਦੇ ਹੋਏ ਇਹਨਾਂ ਵਿਕਾਰਾਂ ਤੋਂ ਪਾਰ ਹੋਣਾ ਹੀ ਯੁੱਧ ਹੈ, ਜਿਸਦਾ ਪਰਿਣਾਮ ਪਰਮ ਸ਼ਾਂਤੀ ਹੈ। ਇਹੋ ਅੰਤਿਮ ਜਿੱਤ ਹੈ, ਜਿਸਤੋਂ ਬਾਅਦ ਹਾਰ ਨਹੀਂ ਹੈ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਕਿਹਾ ਕਿ ਇਸ ਯੋਗ ਨੂੰ ਸ਼ੁਰੂ ਵਿਚ ਮੈਂ ਸੂਰਜ ਨੂੰ ਦਸਿਆ। ਸੂਰਜ ਨੇ ਮਨੂ ਨੂੰ ਅਤੇ ਮਨੂ ਨੇ ਇੱਛਵਾਕੂ ਨੂੰ ਦਸਿਆ ਅਤੇ ਰਾਜ ਰਿਸ਼ੀਆਂ ਨੇ ਜਾਣਿਆ। ਮੈਂ ਜਾਂ ਅਵਿਅਕਤ ਸਥਿਤੀ ਵਾਲੇ ਨੇ ਦਸਿਆ। ਮਹਾਪੁਰਸ਼ ਵੀ ਅਵਿਅਕਤ ਸਵਰੂਪ ਵਾਲਾ ਹੀ ਹੈ। ਸਰੀਰ ਤਾਂ ਉਸਦੇ ਰਹਿਣ-ਸਹਿਣ ਦਾ ਇਕ ਮਕਾਨ ਮਾਤਰ ਹੈ। ਐਸੇ ਮਹਾਪੁਰਸ਼ ਦੀ ਵਾਣੀ ਵਿਚ ਪਰਮਾਤਮਾ ਹੀ ਬੋਲਦਾ ਹੁੰਦਾ ਹੈ। ਐਸੇ ਕਿਸੇ ਮਹਾਪੁਰਸ਼ ਤੋਂ ਯੋਗ ਸੂਰਜ ਰਾਹੀਂ ਸੰਚਾਰਿਤ ਹੁੰਦਾ ਹੈ। ਉਸ ਪਰਮ ਪ੍ਰਕਾਸ਼ ਰੂਪ ਦਾ ਪ੍ਰਸਾਰ ਸੁਆਸ ਦੇ ਅੰਤਹਕਰਣ ਵਿਚ ਹੁੰਦਾ ਹੈ, ਇਸ ਲਈ ਸੂਰਜ ਨੂੰ ਦਸਿਆ। ਸੁਆਸ ਵਿਚ ਸੰਚਾਰਿਤ ਹੋਕੇ ਉਹ ਸੰਸਕਾਰ ਰੂਪ ਵਿਚ ਆ ਗਏ। ਸੁਆਸ ਵਿਚ ਰਹਿਣ ਤੇ, ਸਮਾਂ ਆਉਣ ਤੇ, ਉਹੋ ਮਨ ਵਿਚ ਸੰਕਲਪ ਬਣਕੇ ਆ ਜਾਂਦਾ ਹੈ। ਉਸਦੀ ਮਹੱਤਤਾ ਸਮਝਣ ਤੇ ਮਨ ਵਿਚ ਉਸ ਵਾਕ ਲਈ ਇੱਛਾ ਜਾਗਦੀ ਹੈ ਅਤੇ ਯੋਗ ਕਾਰਜ-ਰੂਪ ਲੈ ਲੈਂਦਾ ਹੈ। ਕ੍ਰਮਵਾਰ ਉਨੱਤੀ ਕਰਦੇ-ਕਰਦੇ ਇਹ ਯੋਗ ਰਿੱਧੀਆਂ-ਸਿੱਧੀਆਂ ਦੀ ਰਾਜਰਿਸ਼ੀ ਵਾਲੀ ਸ਼੍ਰੇਣੀ ਤਕ ਪਹੁੰਚਕੇ ਨਸ਼ਟ ਹੋਣ ਦੀ ਸਥਿਤੀ ਵਿਚ ਆ ਜਾਂਦਾ ਹੈ, ਪਰ ਜੋ ਪਿਆਰਾ ਭਗਤ ਹੈ, ਸ਼ਰਧਾਲੂ ਮਿੱਤਰ ਹੈ, ਉਸਨੂੰ ਮਹਾਪੁਰਸ਼ ਹੀ ਸੰਭਾਲ ਲੈਂਦੇ ਹਨ।

ਅਰਜੁਨ ਦੇ ਪ੍ਰਸ਼ਨ ਕਰਨ ਤੇ ਕਿ ਆਪਦਾ ਜਨਮ ਤਾਂ ਹੁਣ ਹੋਇਆ ਹੈ। ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਕਿਹਾ ਕਿ ਅਵਿਅਕਤ, ਅਵਿਨਾਸ਼ੀ, ਅਜਨਮਾ ਅਤੇ ਸਾਰੇ ਭੂਤਾਂ ਵਿਚ ਪ੍ਰਵਾਹਿਤ ਹੋਣ ਤੇ ਵੀ ਆਤਮ-ਮਾਇਆ, ਯੋਗ-ਪ੍ਰਕ੍ਰਿਆ ਦੁਆਰਾ ਆਪਣੀ ਤ੍ਰਿਗੁਣਮਈ ਪ੍ਰਕ੍ਰਿਤੀ ਨੂੰ ਵੱਸ ਵਿਚ ਕਰਕੇ ਮੈਂ ਪ੍ਰਗਟ ਹੁੰਦਾ ਹਾਂ। ਪ੍ਰਗਟ ਹੋਕੇ ਕੀ ਕਰਦੇ ਹੋ ? ਤਾਂ ਕਿਹਾ ਕਿ ਸਾਧਣਯੋਗ ਵਸਤੂਆਂ ਦਾ ਕਲਿਆਨ ਕਰਨ ਅਤੇ ਜਿਨ੍ਹਾਂ ਤੋਂ ਦੂਸ਼ਿਤ ਦੁਰਗੁਣ ਪੈਦਾ ਹੁੰਦੇ ਹਨ, ਉਹਨਾਂ ਦਾ ਵਿਨਾਸ਼ ਕਰਨ ਲਈ, ਪਰਮ ਧਰਮ ਪਰਮਾਤਮਾ ਨੂੰ ਸਥਿਰ ਕਰਨ ਲਈ ਮੈਂ ਆਰੰਭ ਤੋਂ ਪੂਰਨਤਾ ਤਕ ਪੈਦਾ ਹੁੰਦਾ ਹਾਂ। ਮੇਰਾ ਉਹ ਜਨਮ ਅਤੇ ਕਰਮ ਦੈਵੀ ਹੈ। ਉਸਨੂੰ ਕੇਵਲ ਤੱਤਦਰਸ਼ੀ ਹੀ ਜਾਣ ਪਾਉਂਦੇ ਹਨ। ਭਗਵਾਨ ਦਾ ਆਗਮਨ ਤਾਂ ਕਲਯੁਗ ਦੀ ਅਵਸਥਾ ਤੋਂ ਹੀ ਹੋ ਜਾਂਦਾ ਹੈ, ਜੇ ਸੱਚੀ ਲਗਨ ਹੋਵੇ। ਪਰ ਆਰੰਭਕ ਸਾਧਕ ਸਮਝ ਹੀ ਨਹੀਂ ਸਕਦਾ ਕਿ ਇਹ ਭਗਵਾਨ ਬੋਲ ਰਹੇ ਹਨ ਜਾਂ ਐਵੇਂ ਹੀ ਸੰਕੇਤ ਮਿਲ ਰਹੇ ਹਨ। ਆਕਾਸ਼ ਤੋਂ ਕੌਣ ਬੋਲਦਾ ਹੈ? 'ਮਹਾਰਾਜ ਜੀ' ਦਸਦੇ ਸਨ ਕਿ ਭਗਵਾਨ ਕਿਰਪਾ ਕਰਦੇ ਹਨ, ਆਤਮਾ ਤੋਂ ਰਥੀ ਬਣ ਜਾਂਦੇ ਹਨ, ਤਾਂ ਖੰਭੇ ਵਿਚੋਂ, ਦਰਖ਼ਤ ਵਿਚੋਂ, ਪੱਤੇ ਵਿਚੋਂ, ਆਕਾਸ਼ ਵਿਚੋਂ ਹਰ ਥਾਂ ਤੋਂ (ਉਹ) ਬੋਲਦੇ ਅਤੇ ਸੰਭਾਲਦੇ ਹਨ। ਉਨੱਤੀ ਹੁੰਦੇ-ਹੁੰਦੇ ਜਦ ਪਰਮਤੱਤ ਪਰਮਾਤਮਾ ਗਿਆਨ ਹੋ ਜਾਏ, ਤਾਂ ਉਸਦੇ ਅਰਥਾਤ

ਪਰਮਾਤਮਾ ਦੇ ਸਪਰਸ਼ ਨਾਲ ਹੀ ਸਾਧਕ ਸਭ ਕੁਝ ਸਪਸ਼ਟ ਸਮਝਣ ਲਗਦਾ ਹੈ। ਇਸ ਲਈ ਅਰਜੁਨ! ਮੇਰੇ ਉਸ ਸਵਰੂਪ ਨੂੰ ਤੱਤਦਰਸ਼ੀਆਂ ਨੇ ਵੇਖਿਆ ਅਤੇ ਮੈਨੂੰ ਜਾਣਕੇ ਉਹ ਤੱਤਕਾਲ, ਮੇਰੇ ਵਿਚ ਹੀ ਪ੍ਰਵਿਸ਼ਟ ਹੋ ਜਾਂਦੇ ਹਨ, ਜਿੱਥੋਂ ਮੁੜ ਆਵਾਗਮਨ ਵਿਚ ਨਹੀਂ ਆਉਂਦੇ।

ਇਸ ਤਰ੍ਹਾਂ ਉਹਨਾਂ ਨੇ ਭਗਵਾਨ ਦੇ ਅਵਤਾਰ ਧਾਰਨ ਦੀ ਵਿਧੀ ਦਸੀ ਕਿ ਉਹ ਕਿਸੇ ਅਨੁਰਾਗੀ ਦੇ ਹਿਰਦੇ ਵਿਚ ਅਵਤਾਰ ਲੈਂਦੇ ਹਨ, ਬਾਹਰ ਕਦੇ ਨਹੀਂ। ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਮੈਨੂੰ ਕਰਮ ਨਹੀਂ ਬੰਨ੍ਹਦੇ ਅਤੇ ਇਸ ਪੱਧਰ ਉਤੇ ਜੋ ਮੈਨੂੰ ਜਾਣਦਾ ਹੈ, ਉਸਨੂੰ ਵੀ ਕਰਮ ਨਹੀਂ ਬੰਨ੍ਹਦੇ। ਇਹੋ ਸਮਝਕੇ ਮੋਖਸ਼ ਦੇ ਇੱਛਕ ਪੁਰਸ਼ਾਂ ਨੇ ਕਰਮ ਦਾ ਆਰੰਭ ਕੀਤਾ ਸੀ ਕਿ ਜੇ ਉਸ ਪੱਧਰ ਤੇ ਜਾਣਾਗੇ ਤਾਂ ਜਿਵੇਂ ਸ਼੍ਰੀ ਕ੍ਰਿਸ਼ਣ, ਉਵੇਂ ਹੀ ਉਹ ਮੁਮੁਖ਼ਸੂ (ਮੋਖਸ਼ ਦਾ ਇੱਛਕ) ਅਰਜੁਨ। ਇਹ ਉਪਲਬਧੀ ਨਿਸਚਿਤ ਹੈ ਜੇ ਯੱਗ ਕੀਤਾ ਜਾਏ। ਯੱਗ ਦਾ ਸਵਰੂਪ ਉਹਨਾਂ ਦਸਿਆ; ਯੱਗ ਦਾ ਪਰਿਣਾਮ ਪਰਮਤੱਤ, ਪਰਮਸ਼ਾਂਤੀ ਦਸਿਆ। ਇਹ ਗਿਆਨ ਪਾਇਆ ਕਿਥੋਂ ਜਾਏ? ਇਸਦੇ ਲਈ ਕਿਸੇ ਤੱਤਦਰਸ਼ੀ ਕੋਲ ਜਾਣ ਲਈ ਅਤੇ ਐਸੇ ਢੰਗ ਨਾਲ ਬੇਨਤੀਪੂਰਬਕ ਪੇਸ਼ ਆਉਣ ਲਈ ਕਿਹਾ, ਜਿਸ ਨਾਲ ਉਹ ਮਹਾਪੁਰਸ਼ ਮਿਹਰ ਕਰਨ ਲਈ ਅਨੁਕੂਲ ਹੋ ਜਾਣ।

ਯੋਗੇਸ਼ਵਰ ਨੇ ਸਪਸ਼ਟ ਕੀਤਾ ਕਿ ਉਹ ਗਿਆਨ ਤੂੰ ਖ਼ੁਦ ਆਚਰਣ ਕਰਕੇ ਪਾਏਂਗਾ, ਦੂਜੇ ਦੇ ਆਚਰਣ ਰਾਹੀਂ ਨਹੀਂ ਮਿਲੇਗਾ। ਉਹ ਵੀ ਯੋਗ ਦੇ ਸਿੱਧੀ-ਕਾਲ ਵਿਚ ਪ੍ਰਾਪਤ ਹੋਏਗਾ, ਆਰੰਭ ਵਿਚ ਨਹੀਂ। ਉਹ ਗਿਆਨ (ਸਾਖਿਆਤਕਾਰ) ਹਿਰਦੇ-ਦੇਸ਼ ਵਿਚ ਹੋਵੇਗਾ, ਬਾਹਰ ਨਹੀਂ। ਸ਼ਰਧਾਲੂ, ਤੱਤਪਰ, ਸੰਜਮਿਤ ਇੰਦ੍ਰੀਆਂ ਵਾਲਾ ਅਤੇ ਸ਼ੰਕਾ-ਰਹਿਤ ਪੁਰਸ਼ ਹੀ ਇਸਨੂੰ ਪ੍ਰਾਪਤ ਕਰਦਾ ਹੈ। ਇਸ ਲਈ ਹਿਰਦੇ ਵਿਚ ਸਥਿਤ ਆਪਣੀ ਸ਼ੰਕਾ ਨੂੰ ਵੈਰਾਗ ਦੀ ਤਲਵਾਰ ਨਾਲ ਕਟ! ਇਹ ਹਿਰਦੇ ਦੇਸ਼ ਦੀ ਲੜਾਈ ਹੈ। ਬਾਹਰੀ ਯੁੱਧ ਨਾਲ ਗੀਤਾ ਵਾਲੇ ਯੁੱਧ ਦਾ ਕੋਈ ਮਤਲਬ ਨਹੀਂ ਹੈ।

ਇਸ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਮੁੱਖ ਰੂਪ ਨਾਲ ਯੱਗ ਦਾ ਸਵਰੂਪ ਸਪਸ਼ਟ ਕੀਤਾ ਅਤੇ ਕਿਹਾ ਕਿ ਯੱਗ ਜਿਸ ਨਾਲ ਪੂਰਾ ਹੁੰਦਾ ਹੈ, ਉਸ ਕ੍ਰਿਆ (ਕਾਰਜ-ਵਿਧੀ) ਦਾ ਨਾਮ ਕਰਮ ਹੈ। ਕਰਮ ਨੂੰ ਸਹੀ-ਸਹੀ ਇਸੇ ਅਧਿਆਇ ਵਿਚ ਸਪਸ਼ਟ ਕੀਤਾ, ਇਸ ਲਈ:

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'यज्ञकर्म-स्पष्टीकरण' नाम चतुर्थोऽध्याय: ।।४।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਅਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਯੱਗ ਕਰਮ-ਸਪਸ਼ਟੀਕਰਣ' ਨਾਮਕ ਚੌਥਾ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'यज्ञकर्म-स्पष्टीकरण' नाम चतुर्थोऽध्याय: ।।४।।**

**।। ਹਰੀ ਓਮ ਤਤਸਤਿ ।।**

ੳਮ

### ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਪੰਜਵਾਂ ਅਧਿਆਇ

ਅਧਿਆਇ ਤਿੰਨ ਵਿਚ ਅਰਜੁਨ ਨੇ ਪ੍ਰਸ਼ਨ ਰੱਖਿਆ ਸੀ ਕਿ ਭਗਵਨ! ਜਦ ਗਿਆਨਯੋਗ ਨੂੰ ਸ਼੍ਰੇਸ਼ਠ ਲਗਦਾ ਹੈ, ਤਾਂ ਤੁਸੀਂ ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ ? ਅਰਜੁਨ ਨੂੰ ਨਿਸ਼ਕਾਮ ਕਰਮਯੋਗ ਦੀ ਤੁਲਨਾ ਵਿਚ ਗਿਆਨਯੋਗ ਕੁਝ ਸਰਲ ਪ੍ਰਤੀਤ ਹੋਇਆ ਹੈ; ਕਿਉਂਕਿ ਗਿਆਨਯੋਗ ਵਿਚ ਹਾਰਨ ਤੇ ਦੇਵਤਾਈ ਅਤੇ ਜਿੱਤ ਕੇ 'ਮਹਾਮਹਿਮ ਸਥਿਤੀ' - ਦੋਵਾਂ ਹਾਲਤਾਂ ਵਿਚ ਲਾਭ ਹੀ ਲਾਭ ਪ੍ਰਤੀਤ ਹੋਇਆ। ਪਰ ਹੁਣ ਤਕ ਅਰਜੁਨ ਨੇ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਦੋਵਾਂ ਮਾਰਗਾਂ ਵਿਚ ਕਰਮ ਤਾਂ ਕਰਨਾ ਹੀ ਪਏਗਾ। (ਯੋਗੇਸ਼ਵਰ ਉਸਨੂੰ ਸ਼ੰਕਾ-ਰਹਿਤ ਹੋਕੇ ਤੱਤਦਰਸ਼ੀ ਮਹਾਪੁਰਸ਼ ਦੀ ਸ਼ਰਨ ਲੈਣ ਲਈ ਵੀ ਪ੍ਰੇਰਿਤ ਕਰਦੇ ਹਨ; ਕਿਉਂਕਿ ਸਮਝਣ ਦੇ ਲਈ ਉਹੀ ਇਕ ਸਥਾਨ ਹੈ।) ਇਸ ਲਈ ਦੋਨਾਂ ਮਾਰਗਾਂ ਵਿਚੋਂ ਇਕ ਚੁਣਨ ਤੋਂ ਪਹਿਲਾਂ ਉਸਨੇ ਬੇਨਤੀ ਕੀਤੀ

**ਅਰਜੁਨ ਉਵਾਚ-**

**संन्यासं कर्मणां कृष्ण पुनर्योगं च शंससि।**
**यच्छ्रेय एतयोरेकं तन्मे ब्रूहि सुनिश्चितम्।।१।।**

ਹੇ ਸ਼੍ਰੀ ਕ੍ਰਿਸ਼ਣ! ਤੁਸੀਂ ਕਦੇ ਸੰਨਿਆਸ-ਮਾਧਿਅਮ ਨਾਲ ਕੀਤੇ ਜਾਣ ਵਾਲੇ ਕਰਮ ਦੀ ਅਤੇ ਕਦੇ ਨਿਸ਼ਕਾਮ-ਮਾਧਿਅਮ ਨਾਲ ਕੀਤੇ ਜਾਣ ਵਾਲੇ ਕਰਮ ਦੀ ਪ੍ਰਸ਼ੰਸਾ ਕਰਦੇ ਹੋ। ਇਹਨਾਂ ਦੋਨਾਂ ਵਿਚੋਂ ਇਕ, ਜੋ ਭਲੀ ਭਾਂਤੀ ਤੁਹਾਡੇ ਦੁਆਰਾ ਨਿਸ਼ਚਿਤ ਕੀਤਾ ਹੋਇਆ ਹੋਵੇ, ਜੋ ਪਰਮ ਕਲਿਆਨਕਾਰੀ ਹੋਵੇ, ਉਹ ਮੇਰੇ ਲਈ ਦਸੋ। ਕਿਧਰੇ ਜਾਣ ਦੇ ਤੁਹਾਨੂੰ ਦੋ ਰਸਤੇ ਦਸੇ ਜਾਣ, ਤਾਂ ਤੁਸੀਂ ਆਸਾਨ ਰਸਤਾ ਜ਼ਰੂਰ ਪੁੱਛੋਗੇ। ਜੇ ਨਹੀਂ ਪੁਛਦੇ ਤਾਂ ਤੁਸੀਂ ਜਾਣ ਵਾਲੇ ਨਹੀਂ ਹੋ। ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ-

**ਸ਼੍ਰੀ ਭਗਵਾਨ ਉਵਾਚ –**

**संन्यास: कर्मयोगश्च नि:श्रेयसकरावुभौ ।**
**तयोस्तु कर्मसंन्यासात्कर्मयोगो विशिष्यते ।।२ ।।**

ਅਰਜੁਨ! ਸੰਨਿਆਸ–ਮਾਧਿਅਮ ਨਾਲ ਕੀਤਾ ਜਾਣ ਵਾਲਾ ਕਰਮ ਅਰਥਾਤ ਗਿਆਨ ਮਾਰਗ ਨਾਲ ਕੀਤਾ ਜਾਣ ਵਾਲਾ ਕਰਮ ਅਤੇ **'कर्मयोग:'**– ਨਿਸ਼ਕਾਮ ਭਾਵਨਾ ਨਾਲ ਕੀਤਾ ਜਾਣ ਵਾਲਾ ਕਰਮ– ਇਹ ਦੋਨੋਂ ਹੀ ਪਰਮ ਸ਼੍ਰੇਸ਼ਠਤਾ ਨੂੰ ਦਿਵਾਉਣ ਵਾਲੇ ਹਨ। ਪਰ ਇਹਨਾਂ ਦੋਨਾਂ ਮਾਰਗਾਂ ਵਿਚੋਂ ਸੰਨਿਆਸ ਜਾਂ ਗਿਆਨਮਾਰਗ ਨਾਲ ਕੀਤੇ ਜਾਣ ਵਾਲੇ ਕਰਮ ਦੇ ਬਜਾਇ ਨਿਸ਼ਕਾਮ ਕਰਮਯੋਗ ਸ਼੍ਰੇਸ਼ਠ ਹੈ। ਪ੍ਰਸ਼ਨ ਸੁਭਾਵਕ ਹੈ ਕਿ ਸ਼੍ਰੇਸ਼ਠ ਕਿਉਂ ਹੈ?

**ज्ञेय: स नित्यसंन्यासी यो न द्वेष्टि न काङ्क्षति ।**
**निर्द्वन्द्वो हि महाबाहो सुखं बन्धात्प्रमुच्यते ।।३ ।।**

ਮਹਾਬਾਹੂ ਅਰਜੁਨ! ਜੋ ਨਾ ਕਿਸੇ ਨਾਲ ਦ੍ਵੇਸ਼ ਕਰਦਾ ਹੈ, ਨਾ ਕਿਸੇ ਦੀ ਆਸ ਕਰਦਾ ਹੈ, ਉਹ ਸਦਾ ਸੰਨਿਆਸੀ ਹੀ ਸਮਝਣ ਦੇ ਯੋਗ ਹੈ। ਚਾਹੇ ਉਹ ਗਿਆਨਮਾਰਗ ਵਾਲਾ ਜਾਂ ਨਿਸ਼ਕਾਮ ਕਰਮ ਮਾਰਗ ਵਾਲਾ ਹੀ ਕਿਉਂ ਨਾ ਹੋਵੇ। ਰਾਗ–ਦ੍ਵੇਸ਼ ਆਦਿ ਦਵੰਦਾਂ ਤੋਂ ਰਹਿਤ ਉਹ ਪੁਰਸ਼ ਸੁਖ ਨਾਲ ਭਵ–ਬੰਧਨ ਤੋਂ ਮੁਕਤ ਹੋ ਜਾਂਦਾ ਹੈ।

**सांख्ययोगौ पृथग्बाला: प्रवदन्ति न पण्डिता: ।**
**एकमप्यास्थित: सम्यगुभयोर्विन्दते फलम् ।।४ ।।**

ਨਿਸ਼ਕਾਮ ਕਰਮਯੋਗ ਅਤੇ ਗਿਆਨਯੋਗ, ਇਹਨਾਂ ਦੋਵਾਂ ਨੂੰ ਉਹੀ ਵੱਖ–ਵੱਖ ਦਸਦੇ ਹਨ, ਜਿਨ੍ਹਾਂ ਦੀ ਸਮਝ ਇਸ ਮਾਰਗ ਵਿਚ ਅਜੇ ਬੜੀ ਘੱਟ ਹੈ। ਪੂਰਨ ਗਿਆਨੀ ਪੰਡਤ ਇਸ ਤਰ੍ਹਾਂ ਨਹੀਂ ਦਸਦੇ। ਕਿਉਂਕਿ ਦੋਨਾਂ ਵਿਚੋਂ ਇਕ ਵਿਚ ਵੀ ਚੰਗੀ ਤਰ੍ਹਾਂ ਸਥਿਤ ਹੋਇਆ ਪੁਰਸ਼ ਦੋਨਾਂ ਦੇ ਫਲਰੂਪ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ। ਦੋਵਾਂ ਦਾ ਫਲ ਇਕ ਹੈ, ਇਸ ਲਈ ਦੋਵੇਂ ਇੱਕੋ ਸਮਾਨ ਹਨ।

**यत्सांख्यै: प्राप्यते स्थानं तद्योगैरपि गम्यते ।**
**एकं सांख्यं च योगं च य: पश्यति स पश्यति ।।५ ।।**

ਜਿਥੇ ਸਾਂਖਿਅ–ਦ੍ਰਿਸ਼ਟੀ (ਗਿਆਨ ਮਾਰਗ) ਨਾਲ ਕਰਮ ਕਰਨ ਵਾਲਾ ਪਹੁੰਚਦਾ ਹੈ, ਉੱਥੇ ਹੀ ਨਿਸ਼ਕਾਮ ਮਾਰਗ ਨਾਲ ਕਰਮ ਕਰਨ ਵਾਲਾ ਵੀ ਪਹੁੰਚਦਾ ਹੈ। ਇਸ ਲਈ ਜੋ ਦੋਵਾਂ ਨੂੰ ਫਲ ਦੀ ਨਜ਼ਰ ਨਾਲ ਇਕ ਵੇਖਦਾ ਹੈ, ਉਹੀ ਯਥਾਰਥ ਜਾਣਨ ਵਾਲਾ ਹੈ। ਜਦ ਦੋਵੇਂ ਇੱਕੋ ਸਥਾਨ ਤੇ ਪਹੁੰਚਦੇ ਹਨ, ਤਾਂ ਨਿਸ਼ਕਾਮ ਕਰਮ ਵਿਸ਼ੇਸ਼ ਕਿਉਂ? ਸ਼੍ਰੀ ਕ੍ਰਿਸ਼ਣ ਦਸਦੇ ਹਨ

**संन्यासस्तु महाबाहो दु:खमाप्तुमयोगत: ।**
**योगयुक्तो मुनिर्ब्रह्म नचिरेणाधिगच्छति ।।६ ।।**

ਅਰਜੁਨ! ਨਿਸ਼ਕਾਮ ਕਰਮ ਦਾ ਆਚਰਣ ਕੀਤੇ ਬਿਨਾਂ **'संन्यास:'**– ਸੰਨਿਆਸ ਅਰਥਾਤ ਸ਼ੁਭ–ਅਸ਼ੁਭ ਕਰਮਾਂ ਦੇ ਅੰਤ ਦੀ ਸਥਿਤੀ ਸੰਭਵ ਨਹੀਂ ਹੈ। ਜਦ ਯੋਗ ਦਾ ਆਚਰਣ ਆਰੰਭ ਹੀ

ਨਹੀਂ ਕੀਤਾ ਤਾਂ ਇਹ ਅਸੰਭਵ ਹੈ। ਇਸ ਲਈ ਭਗਵਤ ਸਵਰੂਪ ਦਾ ਮਨਨ ਕਰਨ ਵਾਲਾ ਮੁਨੀ, ਜਿਸ ਦੀਆਂ ਮਨਸਹਿਤ ਇੰਦ੍ਰੀਆਂ ਮੌਨ ਹਨ, ਨਿਸ਼ਕਾਮ ਕਰਮਯੋਗ ਦਾ ਆਚਰਣ ਕਰਕੇ ਪਰਬ੍ਰਹਮ ਪਰਮਾਤਮਾ ਨੂੰ ਛੇਤੀ ਹੀ ਪ੍ਰਾਪਤ ਹੋ ਜਾਂਦਾ ਹੈ।

ਸਪਸ਼ਟ ਹੈ ਕਿ ਗਿਆਨਯੋਗ ਵਿਚ ਨਿਸ਼ਕਾਮ ਕਰਮਯੋਗ ਦਾ ਹੀ ਆਰਚਣ ਕਰਨਾ ਪਏਗਾ, ਕਿਉਂਕਿ ਕ੍ਰਿਆ ਦੋਨਾਂ ਵਿਚ ਇਕ ਹੀ ਹੈ। ਉਹੀ ਯੱਗ ਦੀ ਕ੍ਰਿਆ ਹੈ, ਜਿਸਦਾ ਸ਼ੁੱਧ ਅਰਥ ਹੈ – 'ਆਰਾਧਨਾ'। ਦੋਵਾਂ ਮਾਰਗਾਂ ਵਿਚ ਅੰਤਰ ਕੇਵਲ ਕਰਤਾ ਦੇ ਦ੍ਰਿਸ਼ਟੀਕੋਣ ਦਾ ਹੈ। ਇਕ ਆਪਣੀ ਸ਼ਕਤੀ ਨੂੰ ਸਮਝਕੇ, ਹਾਨੀ–ਲਾਭ ਦੇਖਦੇ ਹੋਏ ਇਸੇ ਕਰਮ ਦਾ ਆਰੰਭ ਕਰਦਾ ਹੈ ਅਤੇ ਦੂਜਾ ਨਿਸ਼ਕਾਮ ਕਰਮਯੋਗੀ ਇਸ਼ਟ ਉਤੇ ਨਿਰਭਰ ਹੋਕੇ ਇਸੇ ਕਰਮ ਨੂੰ ਆਰੰਭ ਕਰਦਾ ਹੈ। ਉਦਾਹਰਣ ਲਈ ਇਕ ਪ੍ਰਾਈਵੇਟ ਪੜ੍ਹਦਾ ਹੈ ਅਤੇ ਦੂਜਾ ਨਾਮੀਂਨਿਟ (ਨਾਮ ਲਿਖਾਕੇ)। ਦੋਵਾਂ ਦਾ ਸਿਲੇਬਸ (ਪਾਠਕ੍ਰਮ) ਇੱਕੋ ਹੈ। ਇਮਤਿਹਾਨ ਇੱਕੋ ਹੈ, ਪਰੀਖਿਆ ਲੈਣ ਵਾਲਾ ਤੇ ਨਿਰੀਖਣ ਕਰਨ ਵਾਲਾ ਇੱਕੋ ਹੈ। ਠੀਕ ਇਸੇ ਪ੍ਰਕਾਰ ਦੋਵਾਂ ਦੇ ਸਤਿਗੁਰੂ ਤੱਤਦਰਸ਼ੀ ਹਨ ਅਤੇ ਡਿਗਰੀ ਇੱਕੋ ਹੈ।ਸਿਰਫ਼ ਦੋਵਾਂ ਦਾ ਪੜ੍ਹਨ ਦਾ ਢੰਗ ਵੱਖ ਹੈ। ਹਾਂ, ਸਕੂਲ ਦੇ ਵਿਦਿਆਰਥੀ ਨੂੰ ਸੁਵਿਧਾਵਾਂ ਵੱਧ ਹੁੰਦੀਆਂ ਹਨ।

ਪਹਿਲਾਂ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਕਾਮ ਅਤੇ ਕ੍ਰੋਧ ਦੁਰਜੈ ਵੈਰੀ ਹਨ। ਅਰਜੁਨ! ਇਹਨਾਂ ਨੂੰ ਤੂੰ ਮਾਰ! ਅਰਜੁਨ ਨੂੰ ਲਗਿਆ ਕਿ ਇਹ ਤਾਂ ਬੜਾ ਕਠਿਨ ਹੈ, ਪਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਨਹੀਂ, ਸਰੀਰ ਤੋਂ ਪਰੇ ਇੰਦ੍ਰੀਆਂ ਹਨ, ਇੰਦ੍ਰੀਆਂ ਤੋਂ ਪਰੇ ਮਨ ਹੈ, ਮਨ ਤੋਂ ਪਰੇ ਬੁੱਧੀ ਹੈ, ਬੁੱਧੀ ਤੋਂ ਪਰੇ ਤੁਹਾਡਾ ਸਵਰੂਪ ਹੈ। ਤੁਸੀਂ ਉੱਥੋਂ ਪ੍ਰੇਰਿਤ ਹੋਵੋ। ਇਸ ਤਰ੍ਹਾਂ ਆਪਣੀ ਹਸਤੀ ਨੂੰ ਸਮਝਕੇ, ਆਪਣੀ ਸ਼ਕਤੀ ਨੂੰ ਸਾਮ੍ਹਣੇ ਰੱਖਕੇ, ਆਤਮ ਨਿਰਭਰ ਹੋਕੇ ਕਰਮ ਵਿਚ ਪ੍ਰਵਿਰਤ ਹੋਣਾ 'ਗਿਆਨਯੋਗ' ਹੈ। ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ, ਚਿਤ ਨੂੰ ਧਿਆਨ ਵਿਚ ਲਗਾਕੇ, ਕਰਮਾਂ ਨੂੰ ਮੇਰੇ ਵਿਚ ਸਮਰਪਿਤ ਕਰਕੇ,ਆਸ਼ਾ–ਮਮਤਾ ਅਤੇ ਸੰਤਾਪਰਹਿਤ ਹੋਕੇ ਯੁੱਧ ਕਰ! ਸਮਰਪਣ ਦੇ ਨਾਲ ਇਸ਼ਟ ਤੇ ਨਿਰਭਰ ਹੋਕੇ ਉਸੇ ਕਰਮ ਵਿਚ ਪ੍ਰਵਿਰਤ ਹੋਣਾ ਨਿਸ਼ਕਾਮ ਕਰਮਯੋਗ ਹੈ। ਦੋਨਾਂ ਦੀ ਕ੍ਰਿਆ ਇਕ ਹੈ ਅਤੇ ਪਰਿਣਾਮ ਵੀ ਇਕ ਹੈ।

ਇਸੇ ਉਤੇ ਜ਼ੋਰ ਦੇਂਦੇ ਹੋਏ ਸ਼੍ਰੀ ਕ੍ਰਿਸ਼ਣ ਇੱਥੇ ਕਹਿੰਦੇ ਹਨ ਕਿ ਯੋਗ ਦਾ ਆਚਰਣ ਕੀਤੇ ਬਿਨਾਂ ਸੰਨਿਆਸ ਅਰਥਾਤ ਸ਼ੁਭ–ਅਸ਼ੁਭ ਕਰਮਾਂ ਦੇ ਅੰਤ ਦੀ ਸਥਿਤੀ ਪ੍ਰਾਪਤ ਹੋਣੀ ਅਸੰਭਵ ਹੈ। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਐਸਾ ਕੋਈ ਯੋਗ ਨਹੀਂ ਹੈ ਕਿ ਹੱਥ ਤੇ ਹੱਥ ਧਰਕੇ ਬੈਠੇ–ਬੈਠੇ ਕਹੋ ਕਿ – ''ਮੈਂ ਪਰਮਾਤਮਾ ਹਾਂ, ਸ਼ੁੱਧ ਹਾਂ, ਬੁੱਧ ਹਾਂ, ਮੇਰੇ ਲਈ ਨਾ ਤਾਂ ਕਰਮ ਹੈ, ਨਾ ਬੰਧਨ। ਮੈਂ ਜੇ ਭਲਾ–ਬੁਰਾ ਕੁਝ ਕਰਦਾ ਨਜ਼ਰ ਵੀ ਆਉਂਦਾ ਹਾਂ, ਤਾਂ ਇੰਦ੍ਰੀਆਂ ਆਪਣੇ ਅਰਥਾਂ ਵਿਚ ਚਲ ਰਹੀਆਂ ਹਨ।'' ਐਸਾ ਪਾਖੰਡ ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਬਿਲਕੁਲ ਨਹੀਂ ਹੈ। ਪ੍ਰਤੱਖ ਯੋਗੇਸ਼ਵਰ ਵੀ ਆਪਣੇ ਸ਼ਰਧਾਲੂ ਮਿੱਤਰ ਅਰਜੁਨ ਨੂੰ ਬਿਨਾਂ ਕਰਮ ਦੇ ਇਹ ਸਥਿਤੀ ਨਹੀਂ ਦੇ ਸਕੇ। ਜੇ ਉਹ ਐਸਾ ਕਰ ਸਕਦੇ ਤਾਂ ਗੀਤਾ ਦੀ ਲੋੜ ਹੀ ਕੀ ਸੀ? ਕਰਮ ਤਾਂ ਕਰਨਾ ਹੀ ਪਏਗਾ। ਕਰਮ ਕਰਕੇ ਹੀ ਸੰਨਿਆਸ ਦੀ ਸਥਿਤੀ ਪਾਈ ਜਾ ਸਕਦੀ ਹੈ ਅਤੇ ਯੋਗਯੁਕਤ ਪੁਰਸ਼ ਸਹਿਜੇ ਹੀ ਪਰਮਾਤਮਾ ਨੂੰ ਪ੍ਰਾਪਤ ਹੋ ਜਾਂਦਾ ਹੈ। ਯੋਗਯੁਕਤ ਪੁਰਸ਼ ਦੇ ਲੱਛਣ ਕੀ ਹਨ? ਇਸਤੇ ਉਹ ਦਸਦੇ ਹਨ

**योगयुक्तो विशुद्धात्मा विजितात्मा जितेन्द्रियः ।**
**सर्वभूतात्मभूतात्मा कुर्वन्नपि न लिप्यते ।।७ ।।**

**'विजितात्मा'** – ਵਿਸ਼ੇਸ਼ ਰੂਪ ਨਾਲ ਜਿੱਤਿਆ ਹੋਇਆ ਸਰੀਰ ਹੈ ਜਿਸਦਾ, **'जितेन्द्रियः'**–

ਜਿੱਤੀਆਂ ਹੋਈਆਂ ਹਨ ਇੰਦ੍ਰੀਆਂ ਜਿਸ ਦੀਆਂ, ਅਤੇ **'विशुद्धात्मा'**– ਵਿਸ਼ੇਸ਼ ਰੂਪ ਨਾਲ ਸ਼ੁੱਧ ਹੈ ਅੰਤਹਕਰਣ ਜਿਸਦਾ, ਐਸਾ ਪੁਰਸ਼ **'सर्वभूतात्मभूतात्मा'** – ਸਾਰੇ ਭੂਤ (ਭੌਤਿਕ) ਪ੍ਰਾਣੀਆਂ ਦੇ ਆਤਮਾ ਦੇ ਮੂਲ ਸ੍ਰੋਤ ਪਰਮਾਤਮਾ ਨਾਲ ਏਕਾਕਾਰ ਹੋਇਆ ਯੋਗ ਨਾਲ ਯੁਕਤ ਹੈ। ਉਹ ਕਰਮ ਕਰਦਾ ਹੋਇਆ ਵੀ ਉਸ ਵਿਚ ਲੀਨ ਨਹੀਂ ਹੁੰਦਾ। ਤਾਂ ਕਰਦਾ ਕਿਉਂ ਹੈ? ਪਿੱਛੇ ਵਾਲਿਆਂ ਵਿਚ ਪਰਮਕਲਿਆਨਕਾਰੀ ਬੀਜ ਪਾਉਣ ਲਈ। ਲੀਨ ਕਿਉਂ ਨਹੀਂ ਹੁੰਦਾ, ਕਿਉਂਕਿ ਸਾਰੇ ਪ੍ਰਾਣੀਆਂ ਦਾ ਜੋ ਮੂਲ ਸ੍ਰੋਤ ਹੈ, ਜਿਸਦਾ ਨਾਮ ਪਰਮਤੱਤ ਹੈ, ਉਸ ਤੱਤ ਵਿਚ ਉਹ ਸਥਿਤ ਹੋ ਗਿਆ ਹੈ । ਅੱਗੇ ਕੋਈ ਚੀਜ਼ ਨਹੀਂ, ਜਿਸਦੀ ਖੋਜ ਕਰੇ। ਪਹਿਲਾਂ ਵਾਲੀਆਂ ਚੀਜ਼ਾਂ ਛੋਟੀਆਂ ਪੈ ਗਈਆਂ ਤਾਂ ਸਨੇਹ ਕਿਸ ਨਾਲ ਕਰੇ? ਇਸ ਲਈ ਉਹ ਕਰਮਾਂ ਵਿਚ ਲੀਨ ਨਹੀਂ ਹੁੰਦਾ। ਇਹ ਯੋਗਯੁਕਤ ਪੁਰਸ਼ ਦੀ ਪਰਾਕਾਸ਼ਠਾ ਦਾ ਚਿਤ੍ਰਣ ਹੈ। ਫੇਰ ਯੋਗਯੁਕਤ ਪੁਰਸ਼ ਦੀ ਰਹਿਣੀ ਸਪਸ਼ਟ ਕਰਦੇ ਹਨ ਕਿ ਉਹ ਕਰਮ ਕਰਦੇ ਹੋਏ ਵੀ ਉਸ ਵਿਚ ਲੀਨ ਕਿਉਂ ਨਹੀਂ ਹੁੰਦਾ

**नैव किंचित्करोमीति युक्तो मन्येत तत्त्ववित् ।**
**पश्यञ्शृण्वन्स्पृशाञ्जिघ्रन्नश्नन्गच्छन्स्वपञ्श्वसन् ।।८ ।।**

**प्रलपन्विसृजन्गृह्णन्नुन्मिषन्निमिषन्नपि ।**
**इन्द्रियाणीन्द्रियार्थेषु वर्तन्त इति धारयन् ।।९ ।।**

ਪਰਮਤੱਤ ਪਰਮਾਤਮਾ ਨੂੰ ਪ੍ਰਤੱਖ ਦਰਸ਼ਨ ਰਾਹੀਂ ਜਾਣਨ ਵਾਲੇ ਯੋਗਯੁਕਤ ਪੁਰਸ਼ ਦੀ ਇਹ ਮਨੋ ਦਿਸ਼ਾ ਅਰਥਾਤ ਅਨੁਭੂਤੀ ਹੈ ਕਿ ਮੈਂ ਰੱਤੀਭਰ ਵੀ ਕੁਝ ਨਹੀਂ ਕਰਦਾ ਹਾਂ। ਇਹ ਉਸਦੀ ਕਲਪਨਾ ਨਹੀਂ, ਬਲਕਿ ਇਹ ਸਥਿਤੀ ਉਸਨੇ ਕਰਮ ਕਰਕੇ ਪਾਈ ਹੈ। ਜਿਵੇਂ ਹੁਣ **'युक्तो मन्येत'**– ਪ੍ਰਾਪਤੀ ਦੇ ਬਾਅਦ ਉਹ ਸਭ ਕੁਝ ਸੁਣਦਾ ਹੋਇਆ, ਸਪਰਸ਼ ਕਰਦਾ ਹੋਇਆ, ਸੁੰਘਦਾ, ਭੋਜਨ ਕਰਦਾ, ਚਲਦਾ, ਸੌਂਦਾ, ਸੁਆਸ ਲੈਂਦਾ, ਤਿਆਗ ਕਰਦਾ, ਗ੍ਰਹਿਣ ਕਰਦਾ, ਅੱਖਾਂ ਖੋਲ੍ਹਦਾ ਅਤੇ ਬੰਦ ਕਰਦਾ ਹੋਇਆ ਵੀ –'ਇੰਦ੍ਰੀਆਂ ਆਪਣੇ ਅਰਥਾਂ ਵਿਚ ਵਰਤਦੀਆਂ ਹਨ' –ਐਸੀ ਧਾਰਣਾ ਵਾਲਾ ਹੁੰਦਾ ਹੈ। ਪਰਮਾਤਮਾ ਤੋਂ ਵੱਧਕੇ ਕੁਝ ਹੈ ਹੀ ਨਹੀਂ ਅਤੇ ਜਦ ਉਸ ਵਿਚ ਸਥਿਤ ਹੀ ਹੈ, ਤਾਂ ਹੋਰ ਉਸ ਤੋਂ ਵੱਧ ਕਿਸ ਸੁਖ ਦੀ ਕਾਮਨਾ ਨਾਲ ਉਹ ਕਿਸੇ ਦਾ ਸਪਰਸ਼ ਆਦਿ ਕਰੇਗਾ ? ਜੇ ਕੋਈ ਸ਼੍ਰੇਸ਼ਠ ਵਸਤੂ ਅੱਗੇ ਹੁੰਦੀ, ਤਾਂ ਆਸਕਤੀ (ਸਨੇਹ) ਜ਼ਰੂਰ ਰਹਿੰਦੀ। ਪ੍ਰਾਪਤੀ ਦੇ ਬਾਅਦ ਹੁਣ ਹੋਰ ਅੱਗੇ ਜਾਏਗਾ ਕਿੱਥੇ? ਅਤੇ ਪਿੱਛੇ ਤਿਆਗੇਗਾ ਕੀ ? ਇਸ ਲਈ ਯੋਗਯੁਕਤ ਪੁਰਸ਼ ਲੀਨ ਨਹੀਂ ਹੁੰਦਾ। ਇਸੇ ਨੂੰ ਇਕ ਉਦਾਹਰਣ ਦੇਕੇ ਸਪਸ਼ਟ ਕਰਦੇ ਹਨ–

**ब्रह्मण्याधाय कर्माणि सङ्गं त्यक्त्वा करोति यः ।**
**लिप्यते न स पापेन पद्मपत्रमिवाम्भसा ।।१० ।।**

ਕਮਲ ਚਿੱਕੜ ਵਿਚ ਹੁੰਦਾ ਹੈ। ਉਸਦਾ ਪੱਤਾ ਪਾਣੀ ਦੇ ਉੱਪਰ ਤੈਰਦਾ ਹੈ। ਲਹਿਰਾਂ ਰਾਤ–ਦਿਨ ਉਸਦੇ ਉਪਰੋਂ ਲੰਘਦੀਆਂ ਹਨ। ਪਰ ਤੁਸੀਂ ਪੱਤੇ ਨੂੰ ਵੇਖੋ, ਸੁੱਕਾ ਮਿਲੇਗਾ। ਜਲ ਦੀ ਇਕ ਬੂੰਦ ਵੀ ਉਸ ਉੱਤੇ ਟਿਕ ਨਹੀਂ ਸਕਦੀ। ਚਿੱਕੜ ਅਤੇ ਜਲ ਵਿਚ ਰਹਿੰਦੇ ਹੋਏ ਵੀ ਉਹ ਉਹਨਾਂ ਤੋਂ ਨਿਰਲੇਪ ਰਹਿੰਦਾ ਹੈ, ਰੁੱਝਦਾ ਨਹੀਂ। ਠੀਕ ਇਸੇ ਤਰ੍ਹਾਂ, ਜੋ ਪੁਰਸ਼ ਸਭ ਕਰਮਾਂ ਨੂੰ ਪਰਮਾਤਮਾ ਵਿਚ ਵਿਲੀਨ ਕਰਕੇ (ਪ੍ਰਤੱਖ ਦਰਸ਼ਨ ਦੇ ਨਾਲ ਹੀ ਕਰਮ ਵਿਲੀਨ ਹੁੰਦੇ ਹਨ, ਇਸਤੋਂ ਪਹਿਲਾਂ ਨਹੀਂ), ਸਨੇਹ ਨੂੰ

ਤਿਆਗਕੇ (ਹੁਣ ਅੱਗੇ ਕੋਈ ਵਸਤੂ ਨਹੀਂ, ਤਾਂ ਸਨੇਹ ਨਹੀਂ ਰਹਿੰਦੀ, ਇਸ ਲਈ ਸਨੇਹ ਤੋਂ ਰਹਿਤ ਹੋਕੇ) ਕਰਮ ਕਰਦਾ ਹੈ, ਉਹ ਵੀ ਇਸੇ ਤਰ੍ਹਾਂ ਲੀਨ ਨਹੀਂ ਹੁੰਦਾ । ਫੇਰ ਉਹ ਕਰਦਾ ਕੀ ਹੈ? ਤੁਹਾਡੇ ਲੋਕਾਂ ਲਈ, ਸਮਾਜ ਦੀ ਕਲਿਆਨ-ਸਾਧਨਾ ਲਈ, ਪਿੱਛੇ ਵਾਲਿਆਂ ਦੀ ਸੇਧ ਲਈ ਕਰਮ ਕਰਦਾ ਹੈ। ਇਸੇ ਉਤੇ ਜ਼ੋਰ ਦੇਂਦਿਆਂ ਕਹਿੰਦੇ ਹਨ-

**कायेन मनसा बुद्ध्या केवलैरिन्द्रियैरपि ।**
**योगिनः कर्म कुर्वन्ति सङ्गं त्यक्त्वात्मशुद्धये ।।११।।**

ਯੋਗੀਜਨ ਕੇਵਲ ਇੰਦ੍ਰੀ, ਮਨ, ਬੁੱਧੀ ਅਤੇ ਸਰੀਰ ਰਾਹੀਂ ਵੀ ਸਨੇਹ ਤਿਆਗਕੇ ਆਤਮਸ਼ੁਧੀ ਲਈ ਕਰਮ ਕਰਦੇ ਹਨ। ਜਦ ਕਰਮ ਬ੍ਰਹਮ ਵਿਚ ਮਿਲ ਗਏ, ਤਾਂ ਕੀ ਹੁਣ ਵੀ ਆਤਮਾ ਅਸ਼ੁੱਧ ਹੀ ਹੈ? ਨਹੀਂ, ਉਹ **'सर्वभूतात्मभूतात्मा'**- ਸਾਰੇ ਪ੍ਰਾਣੀਆਂ ਵਿਚ ਆਪਣੀ ਹੀ ਆਤਮਾ ਦਾ ਪ੍ਰਸਾਰ ਵੇਖਦੇ ਹਨ। ਉਹਨਾਂ ਸਾਰੀਆਂ ਆਤਮਾਵਾਂ ਦੀ ਸ਼ੁੱਧੀ ਲਈ, ਤੁਹਾਡੇ ਸਭ ਦੀ ਸੇਧਲਈ ਉਹ ਕਰਮ ਵਿਚ ਵਰਤਦੇ ਹਨ। ਸਰੀਰ, ਮਨ, ਬੁੱਧੀ ਅਤੇ ਇੰਦ੍ਰੀਆਂ ਨਾਲ ਉਹ ਕਰਮ ਨੂੰ ਸਿਰਫ਼ ਕਰਦਾ ਹੈ, ਸਵਰੂਪ ਨਾਲ ਉਹ ਕੁਝ ਵੀ ਨਹੀਂ ਕਰਦਾ, ਸਥਿਰ ਹੈ। ਬਾਹਰ ਤੋਂ ਉਹ ਰੁੱਝਿਆ ਨਜ਼ਰ ਆਉਂਦਾ ਹੈ, ਪਰ ਅੰਦਰ ਉਸਦੇ ਅਸੀਮ ਸ਼ਾਂਤੀ ਹੈ। ਰੱਸੀ ਜਲ ਚੁਕੀ ਹੈ, ਸਿਰਫ਼ ਵਲੇਵੇਂ (ਆਕਾਰ) ਬਾਕੀ ਹਨ, ਜਿਸ ਨਾਲ (ਕਿਸੇ ਨੂੰ) ਬੰਨ੍ਹਿਆਂ ਨਹੀਂ ਜਾ ਸਕਦਾ।

**युक्तः कर्मफलं त्यक्त्वा शान्तिमाप्नोति नैष्ठिकीम् ।**
**अयुक्तः कामकारेण फले सक्तो निबध्यते ।।१२।।**

'ਯੋਗਯੁਕਤ' ਅਰਥਾਤ ਯੋਗ ਦੇ ਪਰਿਣਾਮ ਨੂੰ ਪ੍ਰਾਪਤ ਪੁਰਸ਼, ਜੋ ਸਾਰੇ ਪ੍ਰਾਣੀਆਂ ਦੇ ਆਤਮਾ ਦੇ ਮੂਲ ਪਰਮਾਤਮਾ ਵਿਚ ਸਥਿਤ ਹੈ, ਐਸਾ ਯੋਗੀ ਕਰਮ ਦੇ ਫਲ ਨੂੰ ਤਿਆਗਕੇ (ਕਰਮਾਂ ਦਾ ਫਲ ਪਰਮਾਤਮਾ ਉਸਤੋਂ ਵੱਖ ਨਹੀਂ ਹੈ। ਇਸ ਲਈ ਹੁਣ ਕਰਮ-ਫਲ ਨੂੰ ਤਿਆਗਕੇ) -**'नैष्ठिकीम् शान्तिम् आप्नोति'**- ਸ਼ਾਂਤੀ ਦੀ ਅੰਤਿਮ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ, ਜਿਸਤੋਂ ਅੱਗੇ ਕੋਈ ਸ਼ਾਂਤੀ ਬਾਕੀ ਨਹੀਂ ਹੈ, ਜਿਸਦੇ ਬਾਅਦ ਉਹ ਕਦੇ ਅਸ਼ਾਂਤ ਨਹੀਂ ਹੁੰਦਾ। ਪਰ ਅਯੁਕਤ ਪੁਰਸ਼, ਜੋ ਯੋਗ ਦੇ ਪਰਿਣਾਮ ਨਾਲ ਯੁਕਤ ਨਹੀਂ ਹੈ, ਅਜੇ ਰਸਤੇ ਵਿਚ ਹੈ, ਐਸਾ ਪੁਰਸ਼ ਫਲ ਵਿਚ ਇੱਛਾ ਰੱਖਦਾ ਹੋਇਆ (ਫਲ ਹੈ ਪਰਮਾਤਮਾ, ਉਸ ਵਿਚ ਇੱਛਾ ਰੱਖਣਾ ਜ਼ਰੂਰੀ ਹੈ, ਇਸ ਲਈ ਫਲ ਵਿਚ ਇੱਛਾ ਰੱਖਦੇ ਹੋਏ ਵੀ) - **'काम कारेण निबध्यते'**- ਕਾਮਨਾ ਕਰਕੇ ਬੰਨ੍ਹਿਆ ਜਾਂਦਾ ਹੈ, ਅਰਥਾਤ ਪ੍ਰਾਪਤੀ ਤਕ ਕਾਮਨਾਵਾਂ ਜਾਗ੍ਰਿਤ ਰਹਿੰਦੀਆਂ ਹਨ। ਇਸ ਲਈ ਪ੍ਰਾਪਤੀ ਤਕ ਸਾਧਕ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। 'ਮਹਾਰਾਜ ਜੀ' ਕਹਿੰਦੇ ਸਨ ''ਓਏ! ਜੇ ਮਾਸਾ ਕੁ ਅਸੀਂ ਵੱਖ, ਭਗਵਾਨ ਵੱਖ ਹਨ, ਤਾਂ ਮਾਇਆ ਕਾਮਯਾਬ ਹੋ ਸਕਦੀ ਏ!'' ਭਾਵੇਂ ਪ੍ਰਾਪਤੀ ਕੱਲ੍ਹ ਹੀ ਹੋਣੀ ਹੈ, ਪਰ ਅੱਜ ਤਾਂ ਉਹ ਅਗਿਆਨੀ ਹੀ ਹੈ। ਤਾਂ ਤੇ ਪ੍ਰਾਪਤੀ ਤਕ ਸਾਧਕ ਨੂੰ ਢਿੱਲਾ ਨਹੀਂ ਰਹਿਣਾ ਚਾਹੀਦਾ। ਇਸੇ ਬਾਰੇ ਅੱਗੇ ਕਹਿੰਦੇ ਹਨ -

**सर्वकर्माणि मनसा संन्यस्यास्ते सुखं वशी ।**
**नवद्वारे पुरे देही नैव कुर्वन्न कारयन् ।।१३।।**

ਜੋ ਪੂਰੀ ਤਰ੍ਹਾਂ ਸ੍ਵੈਵੱਸ਼ ਹੈ, ਜੋ ਸਰੀਰ, ਮਨ, ਬੁੱਧੀ ਅਤੇ ਪ੍ਰਕ੍ਰਿਤੀ ਤੋਂ ਪਰੇ ਆਪਣੇ ਆਪ ਵਿਚ ਸਥਿਤ ਹੈ, ਐਸਾ ਸ੍ਵੈਵਸ਼ੀ ਪੁਰਸ਼ ਬੇਸ਼ੱਕ ਨਾ ਕੁਝ ਕਰਦਾ ਹੈ, ਨਾ ਕਰਾਉਂਦਾ ਹੈ। ਪਿੱਛੇ

ਵਾਲਿਆਂ ਤੋਂ ਕਰਾਉਣਾ ਵੀ ਉਸਦੀ ਅੰਦਰੂਨੀ ਸ਼ਾਂਤੀ ਨੂੰ ਸਪਰਸ਼ ਨਹੀਂ ਕਰ ਸਕਦਾ। ਐਸਾ ਸਵਰੂਪ ਸਥਿਤ ਪੁਰਸ਼ ਸ਼ਬਦ ਆਦਿ ਵਿਸ਼ਿਆਂ ਨੂੰ ਉਪਲਬਧ ਕਰਾਉਣ ਵਾਲੇ ਨੌਂ ਦਰਵਾਜ਼ਿਆਂ (ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਇਕ ਮੂੰਹ, ਪ੍ਰਜਣਨ ਇੰਦ੍ਰੀ ਅਤੇ ਤ੍ਵਚਾ) ਵਾਲੇ ਸਰੀਰਰੂਪੀ ਘਰ ਵਿਚ ਸਾਰੇ ਕਰਮਾਂ ਨੂੰ ਮਨ ਤੋਂ ਤਿਆਗਕੇ ਸਵਰੂਪ-ਆਨੰਦ ਵਿਚ ਹੀ ਸਥਿਤ ਰਹਿੰਦਾ ਹੈ। ਦਰਅਸਲ ਉਹ ਨਾ ਕੁਝ ਕਰਦਾ ਹੈ, ਅਤੇ ਨਾ ਕੁਝ ਕਰਾਉਂਦਾ ਹੈ। ਇਹੋ ਗੱਲ ਸ਼੍ਰੀ ਕ੍ਰਿਸ਼ਣ ਦੂਜੇ ਸ਼ਬਦਾਂ ਵਿਚ ਕਹਿੰਦੇ ਹਨ ਕਿ ਉਹ ਪ੍ਰਭੂ ਨਾ ਕਰਦਾ ਹੈ, ਨਾ ਕਰਾਉਂਦਾ ਹੈ। ਸਤਿਗੁਰੂ, ਭਗਵਾਨ, ਪ੍ਰਭੂ, ਸਵਰੂਪ ਸਥਿਤ ਮਹਾਪੁਰਸ਼, ਯੋਗਯੁਕਤ ਆਦਿ ਸਾਰੇ ਇਕ ਦੂਜੇ ਦੇ ਸਮਾਨਾਰਥਕ ਹਨ। ਵਖਰਾ ਕੋਈ ਭਗਵਾਨ ਕੁਝ ਕਰਨ ਨਹੀਂ ਆਉਂਦਾ। ਉਹ ਭਗਵਾਨ ਜਦੋਂ ਵੀ ਕਰਦਾ ਹੈ ਤਾਂ ਇਹਨਾਂ ਹੀ ਸਵਰੂਪ ਸਥਿਤ ਮਹਾਪੁਰਸ਼ਾਂ ਰਾਹੀਂ ਕਰਾਉਂਦਾ ਹੈ। ਮਹਾਪੁਰਸ਼ ਲਈ ਸਰੀਰ ਮਕਾਨ ਮਾਤਰ ਹੈ। ਇਸ ਲਈ ਪਰਮਾਤਮਾ ਦਾ ਕਰਨਾ ਅਤੇ ਮਹਾਪੁਰਸ਼ ਦਾ ਕਰਨਾ ਇੱਕੋ ਗੱਲ ਹੈ, ਕਿਉਂਕਿ ਉਹ ਆਪ ਮਹਾਪੁਰਸ਼ਾਂ ਰਾਹੀਂ ਹੀ ਚਲਦਾ ਹੈ। ਅਸਲ ਵਿਚ ਉਹ ਪੁਰਸ਼ ਤਾਂ ਕਰਦੇ ਹੋਏ ਵੀ ਕੁਝ ਨਹੀਂ ਕਰਦਾ। ਇਸੇ ਬਾਰੇ ਅਗਲਾ ਸ਼ਲੋਕ ਵੇਖੀਏ -

**न कर्तृत्वं न कर्माणि लोकस्य सृजति प्रभुः।**
**न कर्मफल संयोगं स्वभावस्तु प्रवर्तते ।।१४।।**

ਉਹ ਪ੍ਰਭੂ ਨਾ ਤਾਂ ਭੌਤਿਕ ਪ੍ਰਾਣੀਆਂ ਦੇ ਕਰਤਾਪਣ ਨੂੰ, ਨਾ ਕਰਮਾਂ ਨੂੰ ਅਤੇ ਨਾ ਕਰਮਫਲਾਂ ਦੇ ਸੰਯੋਗ ਨੂੰ ਜੋੜਦਾ ਹੈ, ਸਗੋਂ ਸੁਭਾਅ ਵਿਚ ਸਥਿਤ ਪ੍ਰਕ੍ਰਿਤੀ ਦੇ ਦਬਾਅ ਅਨੁਸਾਰ ਹੀ ਸਾਰੇ ਚਲਦੇ ਹਨ। ਜਿਹੋ ਜਿਹੀ ਜਿਸਦੀ ਪ੍ਰਕ੍ਰਿਤੀ ਸਾਤਵਿਕ, ਰਾਜਸੀ ਜਾਂ ਤਾਮਸੀ ਹੈ, ਉਸੇ ਪੱਧਰ ਨਾਲ ਉਹ ਵਰਤਦਾ ਹੈ। ਪ੍ਰਕ੍ਰਿਤੀ ਤਾਂ ਲੰਮੀ-ਚੌੜੀ ਹੈ, ਪਰ ਤੁਹਾਡੇ ਉੱਤੇ ਉਂਨਾ ਹੀ ਅਸਰ ਪਾ ਸਕਦੀ ਹੈ, ਜਿੰਨਾ ਤੁਹਾਡਾ ਸੁਭਾਅ ਵਿਕ੍ਰਿਤ ਜਾਂ ਵਿਕਸਿਤ ਹੈ।

ਅਕਸਰ ਲੋਕੀਂ ਕਹਿੰਦੇ ਹਨ ਕਿ ਕਰਨ-ਕਰਾਉਣ ਵਾਲਾ ਤਾਂ ਭਗਵਾਨ ਹੈ। ਅਸੀਂ ਤਾਂ ਯੰਤਰ ਮਾਤਰ ਹਾਂ। ਸਾਡੇ ਤੋਂ ਉਹ ਭਲਾ ਕਰਾਏ ਜਾਂ ਬੁਰਾ। ਪਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਨਾ ਉਹ ਪ੍ਰਭੂ ਆਪ ਕਰਦਾ ਹੈ, ਨਾ ਕਰਾਉਂਦਾ ਹੈ ਅਤੇ ਨਾ ਹੀ ਉਹ ਤਾਲਮੇਲ ਜੋੜਦਾ ਹੈ। ਲੋਕੀਂ ਆਪਣੇ ਸੁਭਾਅ ਵਿਚ ਸਥਿਤ ਪ੍ਰਕ੍ਰਿਤੀ ਦੇ ਅਨੁਸਾਰ ਚਲਦੇ ਹਨ। ਆਪੇ ਕਾਰਜ ਕਰਦੇ ਹਨ। ਉਹ ਆਪਣੀ ਆਦਤ ਤੋਂ ਮਜਬੂਰ ਹੋਕੇ ਕਰਦੇ ਹਨ, ਭਗਵਾਨ ਨਹੀਂ ਕਰਦੇ । ਤਾ ਲੋਕੀਂ ਕਹਿੰਦੇ ਕਿਉਂ ਹਨ ਕਿ ਭਗਵਾਨ ਕਰਦੇ ਹਨ? ਇਸਤੇ ਯੋਗੇਸ਼ਵਰ ਦਸਦੇ ਹਨ -

**नादत्ते कस्यचित्पापं न चैव सुकृतं विभुः।**
**अज्ञानेनावृतं ज्ञानं तेन मुह्यन्ति जन्तवः ।।१५।।**

ਜਿਸਨੂੰ ਹੁਣੇ ਪ੍ਰਭੂ ਕਿਹਾ ਗਿਆ, ਉਸੇ ਨੂੰ ਇੱਥੇ ਵਿਭੂ ਕਿਹਾ ਗਿਆ ਹੈ, ਕਿਉਂਕਿ ਉਹ ਸਾਰੇ ਵੈਭਵ (ਤੇਜ-ਪ੍ਰਤਾਪ) ਨਾਲ ਸੰਯੁਕਤ ਹੈ। ਪ੍ਰਭੁਤਾ ਅਤੇ ਵੈਭਵ ਨਾਲ ਸੰਯੁਕਤ ਉਹ ਪਰਮਾਤਮਾ ਨਾ ਕਿਸੇ ਦੇ ਪਾਪ-ਕਰਮ ਨੂੰ ਅਤੇ ਨਾ ਕਿਸੇ ਦੇ ਪੁੰਨ-ਕਰਮ ਨੂੰ ਹੀ ਗ੍ਰਹਿਣ ਕਰਦਾ ਹੈ। ਫੇਰ ਵੀ ਲੋਕੀਂ ਕਹਿੰਦੇ ਕਿਉਂ ਹਨ ? ਇਸ ਲਈ ਕਿਉਂਕਿ ਅਗਿਆਨ ਦੁਆਰਾ ਗਿਆਨ ਢੱਕਿਆ ਹੋਇਆ ਹੈ। ਉਹਨਾਂ ਨੂੰ ਅਜੇ ਪ੍ਰਤੱਖ ਦਰਸ਼ਨ ਨਾਲ ਗਿਆਨ ਤਾਂ ਹੋਇਆ ਨਹੀਂ। ਉਹ ਅਜੇ ਜੰਤੂ ਹਨ। ਮੋਹਵੱਸ਼ ਉਹ ਕੁਝ ਵੀ ਕਹਿ ਸਕਦੇ ਹਨ। ਗਿਆਨ ਨਾਲ ਕੀ ਹੁੰਦਾ ਹੈ? ਇਸਨੂੰ ਸਪਸ਼ਟ ਕਰਦੇ ਹਨ -

**ज्ञानेन तु तदज्ञानं येषां नाशितमात्मन:।**
**तेषामादित्यवज्ज्ञानं प्रकाशयति तत्परम्।।१६।।**

ਜਿਸਦੇ ਅੰਤਹਕਰਣ ਦਾ ਉਹ ਅਗਿਆਨ (ਜਿਸਨੇ ਗਿਆਨ ਨੂੰ ਢੱਕਿਆ ਹੋਇਆ ਸੀ) ਆਤਮ–ਪ੍ਰਤੱਖ ਦਰਸ਼ਨ ਰਾਹੀਂ ਨਸ਼ਟ ਹੋ ਗਿਆ ਹੈ ਅਤੇ ਇਸ ਤਰ੍ਹਾਂ ਜਿਸਨੇ ਗਿਆਨ ਪ੍ਰਾਪਤ ਕਰ ਲਿਆ ਹੈ, ਉਸਦਾ ਉਹ ਗਿਆਨ ਸੂਰਜ ਦੇ ਸਮਾਨ ਉਸ ਪਰਮਤੱਤ ਪਰਮਾਤਮਾ ਨੂੰ ਪ੍ਰਕਾਸ਼ਿਤ ਕਰਦਾ ਹੈ। ਤਾਂ ਕੀ ਪਰਮਾਤਮਾ ਕਿਸੇ ਹਨੇਰੇ ਦਾ ਨਾਮ ਹੈ? ਨਹੀਂ, ਉਹ ਤਾਂ – **'ਸੂਯਮ ਪ੍ਰਕਾਸ਼ ਰੂਪ ਦਿਨ ਰਾਤੀ'** – ਖ਼ੁਦ ਪ੍ਰਕਾਸ਼ ਰੂਪ ਹੈ। ਠੀਕ ਹੈ, ਪਰ ਸਾਡੇ ਉਪਭੋਗ ਜਾਂ ਕੰਮ ਆਉਣ ਲਈ ਤਾਂ ਨਹੀਂ ਹੈ, ਦਿਖਾਈ ਤਾਂ ਨਹੀਂ ਪੈਂਦਾ! ਜਦ ਗਿਆਨ ਦੁਆਰਾ ਅਗਿਆਨ ਦਾ ਆਵਰਣ ਹਟ ਜਾਂਦਾ ਹੈ, ਤਾਂ ਉਸਦਾ ਉਹ ਗਿਆਨ ਸੂਰਜ ਸਮਾਨ ਪਰਮਾਤਮਾ ਨੂੰ ਆਪਣੇ ਵਿਚ ਪ੍ਰਵਾਹਿਤ ਕਰ ਲੈਂਦਾ ਹੈ। ਫੇਰ ਉਸ ਪੁਰਸ਼ ਲਈ ਕਿਧਰੇ ਹਨੇਰਾ ਨਹੀਂ ਰਹਿ ਜਾਂਦਾ। ਉਸ ਗਿਆਨ ਦਾ ਸਵਰੂਪ ਕੀ ਹੈ?

**तद्बुद्धयस्तदात्मानस्तन्निष्ठास्तत्परायणा:।**
**गच्छन्त्यपुनरावृत्तिं ज्ञाननिर्धूतकल्मषा:।।१७।।**

ਜਦ ਉਸ ਪਰਮਤੱਤ ਪਰਮਾਤਮਾ ਦੇ ਅਨੁਰੂਪ ਬੁੱਧੀ ਹੋਵੇ, ਤੱਤ ਦੇ ਅਨੁਰੂਪ ਪ੍ਰਵਾਹਿਤ ਮਨ ਹੋਵੇ, ਪਰਮਤੱਤ ਪਰਮਾਤਮਾ ਵਿਚ ਏਕਾਭਾਵ ਨਾਲ ਉਸਦੀ ਰਹਿਣੀ ਹੋਵੇ ਅਤੇ ਉਸੇ ਵਿਚ ਸਮਰਪਿਤ ਹੋਵੇ, ਤਾਂ ਇਸੇ ਦਾ ਨਾਮ ਗਿਆਨ ਹੈ। ਗਿਆਨ ਕੋਈ ਬਕਵਾਸ ਜਾਂ ਬਹਿਸ ਨਹੀਂ ਹੈ। ਇਸ ਗਿਆਨ ਰਾਹੀਂ ਪਾਪਰਹਿਤ ਹੋਇਆ ਪੁਰਸ਼ ਆਵਾਗਮਨ ਰਹਿਤ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ। ਪਰਮਗਤਿ ਨੂੰ ਪ੍ਰਾਪਤ, ਪੂਰਨ ਜਾਣਕਾਰੀ ਨਾਲ ਯੁਕਤ ਪੁਰਸ਼ ਹੀ ਪੰਡਿਤ ਕਹਾਉਂਦੇ ਹਨ। ਅੱਗੇ ਵੇਖੀਏ –

**विद्याविनयसंपन्ने ब्राह्मणे गवि हस्तिनि।**
**शुनि चैव श्वपाके च पण्डिता: समदर्शिन:।।१८।।**

ਗਿਆਨ ਦੁਆਰਾ ਜਿਨ੍ਹਾਂ ਦੇ ਪਾਪ ਮਿਟ ਚੁਕੇ ਹਨ, ਜੋ ਆਵਾਗਮਨ ਰਹਿਤ ਪਰਮਗਤਿ ਨੂੰ ਪ੍ਰਾਪਤ ਹਨ, ਐਸੇ ਗਿਆਨੀਜਨ ਦੀ ਨਜ਼ਰ ਵਿਚ ਵਿਨੈਯੁਕਤ, ਨਿਮਰਤਾਯੁਕਤ ਬ੍ਰਾਹਮਣ ਅਤੇ ਚੰਡਾਲ, ਗਊ ਅਤੇ ਕੁੱਤੇ ਜਾਂ ਹਾਥੀ ਇਕ ਸਮਾਨ ਹੁੰਦੇ ਹਨ। ਉਹਨਾਂ ਦੀ ਨਜ਼ਰ ਵਿਚ ਵਿਦਿਆ–ਵਿਨੈ ਯੁਕਤ ਬ੍ਰਾਹਮਣ ਨਾ ਤਾਂ ਕੋਈ ਵਿਸ਼ੇਸ਼ਤਾ ਰੱਖਦਾ ਹੈ ਅਤੇ ਨਾ ਚੰਡਾਲ ਕੋਈ ਹੀਨਤਾ ਰੱਖਦਾ ਹੈ। ਨਾ ਗਊ ਧਰਮ ਹੈ, ਨਾ ਕੁੱਤਾ ਅਧਰਮ ਅਤੇ ਨਾ ਹਾਥੀ ਕੋਈ ਵਿਸ਼ਾਲਤਾ ਹੀ ਰੱਖਦਾ ਹੈ। ਐਸੇ ਪੰਡਿਤ, ਗਿਆਤਾਜਨ ਸਮਦਰਸ਼ੀ ਅਤੇ ਸਮਵਰਤਾਉ ਵਾਲੇ ਹੁੰਦੇ ਹਨ। ਉਹਨਾਂ ਦੀ ਨਜ਼ਰ ਚਮੜੀ ਉਤੇ ਨਹੀਂ ਹੁੰਦੀ, ਬਲਕਿ ਆਤਮਾ ਉਤੇ ਹੁੰਦੀ ਹੈ। ਅੰਤਰ ਕੇਵਲ ਏਨ੍ਹਾਂ ਹੈ ਕਿ ਵਿਦਿਆ–ਵਿਨੈ ਵਾਲਾ ਸਵਰੂਪ ਦੇ ਨੇੜੇ ਹੈ ਅਤੇ ਬਾਕੀ ਕੁਝ ਪਿੱਛੇ ਹਨ। ਕੋਈ ਇਕ ਮੰਜ਼ਿਲ ਅੱਗੇ ਹੈ ਤਾਂ ਕੋਈ ਪਿਛਲੇ ਪੜਾਅ ਉਤੇ ਹੈ। ਸਰੀਰ ਤਾਂ ਵਸਤਰ ਹੈ। ਉਹਨਾਂ ਦੀ ਨਜ਼ਰ ਵਸਤਰ ਨੂੰ ਪ੍ਰਮੁੱਖਤਾ ਨਹੀਂ ਦੇਂਦੀ, ਬਲਕਿ ਉਹਨਾਂ ਦੇ ਹਿਰਦੇ ਵਿਚ ਸਥਿਤ ਆਤਮਾ ਨੂੰ ਦੇਂਦੀ ਹੈ। ਇਸ ਲਈ ਉਹ ਕੋਈ ਭੇਦ ਨਹੀਂ ਰੱਖਦੇ।

ਸ਼੍ਰੀ ਕ੍ਰਿਸ਼ਣ ਨੇ ਕਾਫ਼ੀ ਗਊ ਸੇਵਾ ਕੀਤੀ ਸੀ। ਉਹਨਾਂ ਨੂੰ ਗਊ ਲਈ ਸਤਿਕਾਰ ਵਾਲਾ ਲਫ਼ਜ ਕਹਿਣਾ ਚਾਹੀਦਾ ਸੀ, ਪਰ ਉਹਨਾਂ ਨੇ ਐਸਾ ਕੁਝ ਵੀ ਨਹੀਂ ਕਿਹਾ। ਸ਼੍ਰੀ ਕ੍ਰਿਸ਼ਣ ਨੇ ਗਊ ਨੂੰ

ਧਰਮ ਵਿਚ ਕੋਈ ਸਥਾਨ ਨਹੀਂ ਦਿੱਤਾ। ਉਹਨਾਂ ਨੇ ਸਿਰਫ਼ ਏਨ੍ਹਾਂ ਮੰਨਿਆ ਕਿ ਹੋਰ ਜੀਵਾਤਮਾਵਾਂ ਵਾਂਗ ਉਸ ਵਿਚ ਵੀ ਆਤਮਾ ਹੈ। ਗਊ ਦਾ ਆਰਥਿਕ ਮਹੱਤਵ ਜੋ ਵੀ ਹੋਵੇ, ਉਸਦਾ ਧਾਰਮਿਕ ਮਹੱਤਵ ਬਾਅਦ ਵਾਲਿਆਂ ਦੀ ਦੇਣ ਹੈ। ਸ਼੍ਰੀ ਕ੍ਰਿਸ਼ਣ ਨੇ ਪਿੱਛੇ ਦਸਿਆ ਹੈ ਕਿ ਅਵਿਵੇਕੀਆਂ ਦੀ ਬੁੱਧੀ ਅਨੰਤ ਸ਼ਾਖਾਵਾਂ ਵਾਲੀ ਹੁੰਦੀ ਹੈ, ਇਸ ਲਈ ਉਹ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ । ਦਿਖਾਵਟੀ ਸ਼ੋਭਾਮਈ ਵਚਨਾਂ ਰਾਹੀਂ ਉਹ ਉਸਨੂੰ ਵਿਅਕਤ ਵੀ ਕਰਦੇ ਹਨ। ਉਹਨਾਂ ਦੇ ਵਚਨਾਂ ਦੀ ਛਾਪ ਜਿਨ੍ਹਾਂ ਦੇ ਚਿੱਤ ਤੇ ਪੈਂਦੀ ਹੈ ਉਹਨਾਂ ਦੀ ਵੀ ਬੁੱਧੀ ਨਸ਼ਟ ਹੋ ਜਾਂਦੀ ਹੈ। ਉਹ ਕੁਝ ਪ੍ਰਾਪਤ ਨਹੀਂ ਕਰਦੇ, ਨਸ਼ਟ ਹੋ ਜਾਂਦੇ ਹਨ। ਜਦਕਿ ਨਿਸ਼ਕਾਮ ਕਰਮਯੋਗ ਵਿਚ ਅਰਜੁਨ! ਨਿਰਧਾਰਿਤ ਕ੍ਰਿਆ ਇੱਕੋ ਹੈ–ਯੱਗ ਦੀ ਪ੍ਰਕ੍ਰਿਆ– 'ਆਰਾਧਨਾ! ਗਊ, ਕੁੱਤੇ, ਹਾਥੀ, ਪਿੱਪਲ, ਨਦੀ ਦਾ ਧਾਰਮਿਕ ਮਹੱਤਵ ਇਹਨਾਂ ਅਨੰਤ ਸ਼ਾਖਾਵਾਂ ਵਾਲੀ ਬੁੱਧੀ ਵਾਲਿਆਂ ਦੀ ਦੇਣ ਹੈ। ਜੇ ਇਹਨਾਂ ਦਾ ਕੋਈ ਧਾਰਮਿਕ ਮਹੱਤਵ ਹੁੰਦਾ ਤਾਂ ਸ਼੍ਰੀ ਕ੍ਰਿਸ਼ਣ ਜ਼ਰੂਰ ਦਸਦੇ। ਹਾਂ, ਮੰਦਿਰ–ਮਸਜਿਦ ਆਦਿ ਪੂਜਾ ਦੇ ਸਥਾਨ ਆਰੰਭਕ ਕਾਲ ਵਿਚ ਜ਼ਰੂਰੀ ਹਨ, ਕਿਉਂਕਿ ਉਥੇ ਪ੍ਰੇਰਣਾਦਾਇਕ ਸਮੂਹਕ ਉਪਦੇਸ਼ ਹੁੰਦਾ ਹੈ, ਉਹਨਾਂ ਦੀ ਉਪਯੋਗਤਾ ਹੈ, ਉਹ ਧਰਮ–ਉਪਦੇਸ਼ ਦੇ ਕੇਂਦਰ ਹਨ ।

ਪ੍ਰਸਤੁਤ ਸ਼ਲੋਕ ਵਿਚ ਦੋ ਪੰਡਿਤਾਂ ਦੀ ਚਰਚਾ ਹੈ। ਇਕ ਪੰਡਿਤ ਤਾਂ ਉਹ ਹੈ ਜੋ ਪੂਰਨ ਗਿਆਤਾ ਹੈ ਅਤੇ ਦੂਜਾ ਉਹ ਜੋ ਵਿਦਿਆ–ਵਿਨੈ ਸੰਪਨ ਹੈ। ਉਹ ਦੋ ਕਿਵੇਂ? ਦਰਅਸਲ ਹਰ ਸ਼੍ਰੇਣੀ ਦੀਆਂ ਦੋ ਸੀਮਾਵਾਂ ਹੁੰਦੀਆ ਹਨ ਇਕ ਤਾਂ ਅਧਿਕਤਮ ਸੀਮਾ–ਪਰਾਕਾਸ਼ਠਾ, ਅਤੇ ਦੂਜੀ ਨਿਮਨਤਮ ਸੀਮਾ ਜਾਂ ਪ੍ਰਵੇਸ਼ਿਕਾ। ਉਦਾਹਰਣ ਲਈ ਭਗਤੀ ਦੀ ਨਿਮਨਤਮ ਸੀਮਾ ਉਹ ਹੈ ਜਿੱਥੋਂ ਭਗਤੀ ਆਰੰਭ ਕੀਤੀ ਜਾਂਦੀ ਹੈ, ਜਦ ਵਿਵੇਕ–ਵੈਰਾਗ ਅਤੇ ਲਗਨ ਨਾਲ ਆਰਾਧਨਾ ਕਰਦੇ ਹਾਂ, ਅਤੇ ਅਧਿਕਤਮ ਸੀਮਾ ਉਹ ਹੈ ਜਿਥੇ ਭਗਤੀ ਆਪਣਾ ਪਰਿਣਾਮ ਦੇਣ ਦੀ ਸਥਿਤੀ ਵਿਚ ਹੁੰਦੀ ਹੈ। ਠੀਕ ਇਸੇ ਪ੍ਰਕਾਰ ਬ੍ਰਾਹਮਣ–ਸ਼੍ਰੇਣੀ ਹੈ। ਜਦ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀ ਸਮਰਥਾ ਆਉਂਦੀ ਹੈ, ਉਸ ਸਮੇਂ ਵਿਦਿਆ ਹੁੰਦੀ ਹੈ, ਵਿਨੈ ਹੁੰਦਾ ਹੈ। ਮਨ ਦਾ ਸ਼ਮਨ, ਇੰਦ੍ਰੀਆਂ ਦਾ ਦਮਨ, ਅਨੁਭਵ ਦੇ ਆਰੰਭ ਦਾ ਸੰਚਾਰ, ਧਾਰਾਵਾਹੀ ਚਿੰਤਨ, ਧਿਆਨ ਅਤੇ ਸਮਾਧੀ ਆਦਿ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਸਾਰੀਆਂ ਯੋਗਤਾਵਾਂ ਉਸਦੇ ਅੰਤਹਕਰਣ ਵਿਚ ਸੁਭਾਵਕ ਰੂਪ ਨਾਲ ਕਾਰਜਸ਼ੀਲ ਰਹਿੰਦੀਆਂ ਹਨ। ਇਹ ਬ੍ਰਾਹਮਣੱਤਵ ਜਾਂ ਬ੍ਰਾਹਮਣਤਾ ਦੀ ਨਿਚਲੀ ਸੀਮਾ ਹੈ। ਉੱਚਤਮ ਸੀਮਾ ਤਦੋਂ ਆਉਂਦੀ ਹੈ ਜਦ ਕ੍ਰਮਵਾਰ ਵੱਧਦੇ–ਵੱਧਦੇ ਉਹ ਬ੍ਰਹਮ ਦਾ ਮਾਰਗਦਰਸ਼ਨ ਪ੍ਰਾਪਤ ਕਰਕੇ ਉਸ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਜਿਸਨੂੰ ਜਾਣਨਾ ਸੀ, ਜਾਣ ਲਿਆ। ਉਹ ਪੂਰਨ ਗਿਆਤਾ ਹੈ। ਆਵਾਗਮਨ ਤੋਂ ਮੁਕਤ ਐਸਾ ਮਹਾਪੁਰਸ਼ ਉਸ ਵਿਦਿਆ–ਵਿਨੈ ਸੰਪਨ ਬ੍ਰਾਹਮਣ,ਚੰਡਾਲ ਕੁੱਤੇ, ਹਾਥੀ ਅਤੇ ਗਊ ਸਾਰਿਆਂ ਉਤੇ ਸਮਾਨ ਨਜ਼ਰ ਵਾਲਾ ਹੁੰਦਾ ਹੈ, ਕਿਉਂਕਿ ਉਸਦੀ ਨਜ਼ਰ ਹਿਰਦੇ–ਸਥਿਤ ਆਤਮਾ ਸਵਰੂਪ ਉਤੇ ਪੈਂਦੀ ਹੈ। ਐਸੇ ਮਹਾਪੁਰਸ਼ ਨੂੰ ਪਰਮਗਤਿ ਵਿਚ ਕੀ ਮਿਲਿਆ ਅਤੇ ਕਿਵੇਂ ? ਇਸ ਬਾਰੇ ਪ੍ਰਕਾਸ਼ ਪਾਉਂਦਿਆਂ ਯੋਗੇਸ਼ਵਰ ਸ਼ੀਕ੍ਰਿਸ਼ਣ ਦਸਦੇ ਹਨ –

**इहैव तैर्जित: सर्गो येषां साम्ये स्थितं मन: ।**
**निर्दोषं हि समं ब्रह्म तस्माद् ब्रह्मणि ते स्थिता: ।।१९ ।।**

ਉਹਨਾਂ ਪੁਰਸ਼ਾਂ ਦੁਆਰਾ ਜੀਵਿਤ ਅਵਸਥਾ ਵਿਚ ਹੀ ਸਾਰੇ ਸੰਸਾਰ ਨੂੰ ਜਿੱਤ ਲਿਆ ਗਿਆ, ਜਿਨ੍ਹਾਂ ਦਾ ਮਨ ਸਮਤਾ ਵਿਚ ਸਥਿਤ ਹੈ। ਮਨ ਦੀ ਸਮਤਾ ਦਾ ਸੰਸਾਰ ਨੂੰ ਜਿੱਤਣ ਨਾਲ ਕੀ ਮਤਲਬ ਹੈ? ਸੰਸਾਰ ਮਿਟ ਹੀ ਗਿਆ, ਤਾਂ ਉਹ ਪੁਰਸ਼ ਰਿਹਾ ਕਿਥੇ? ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, **'निर्दोषं हि समं ब्रह्म'**– ਉਹ ਬ੍ਰਹਮ ਨਿਰਦੋਸ਼ ਅਤੇ ਸਮ ਹੈ, ਇਧਰ ਉਹਨਾਂ ਦਾ ਮਨ ਵੀ ਨਿਰਦੋਸ਼ ਅਤੇ ਸਮ ਸਥਿਤੀ

ਵਾਲਾ ਹੋ ਗਿਆ। **'तस्माद् ब्रह्मणि ते स्थिता:'**– ਇਸ ਲਈ ਉਹ ਬ੍ਰਹਮ ਵਿਚ ਸਥਿਤ ਹੋ ਜਾਂਦਾ ਹੈ। ਇਸੇ ਦਾ ਨਾਮ ਅਪੁਨਰਾਵਰਤੀ, ਪਰਮਗਤਿ ਹੈ। ਇਹ ਕਦ ਮਿਲਦੀ ਹੈ? ਜਦ ਸੰਸਾਰ ਰੂਪੀ ਸ਼ਤਰੂ ਜਿੱਤ ਲਿਆ ਜਾਂਦਾ ਹੈ। ਸੰਸਾਰ ਕਦ ਜਿੱਤ ਲਿਆ ਜਾਂਦਾ ਹੈ? ਜਦ ਮਨ ਦਾ ਵਿਰੋਧ ਹੋ ਜਾਏ। ਸਮਤਾ ਵਿਚ ਪ੍ਰਵੇਸ਼ ਮਿਲ ਜਾਏ (ਕਿਉਂਕਿ ਮਨ ਦਾ ਪ੍ਰਸਾਰ ਹੀ ਜਗਤ ਹੈ)। ਜਦ ਉਹ ਬ੍ਰਹਮ ਵਿਚ ਸਥਿਤ ਹੋ ਜਾਂਦਾ ਹੈਤਾਂ ਐਸੇ ਬ੍ਰਹਮਵੇਤਾ ਦਾ ਲੱਛਣ ਕੀ ਹੈ? ਉਸਦੀ ਰਹਿਣੀ ਸਪਸ਼ਟ ਕਰਦੇ ਹਨ –

**न प्रहृष्येत्प्रियं प्राप्य नोद्विजेत् प्राप्य चाप्रियम्।**
**स्थिरबुद्धिरसंमूढो ब्रह्मविद् ब्रह्मणि स्थित: ।।२०।।**

ਉਸਦਾ ਕੋਈ ਪਿਆਰਾ ਜਾਂ ਸ਼ਤਰੂ ਨਹੀਂ ਹੁੰਦਾ। ਇਸ ਲਈ ਜਿਸਨੂੰ ਲੋਕੀਂ ਪਿਆਰਾ ਸਮਝਦੇ ਹਨ, ਉਸਨੂੰ ਪਾਕੇ ਉਹ ਹਰਸ਼ਿਤ ਜਾਂ ਖ਼ੁਸ਼ ਨਹੀਂ ਹੁੰਦਾ ਅਤੇ ਜਿਸਨੂੰ ਲੋਕੀਂ ਸ਼ਤਰੂ ਸਮਝਦੇ ਹਨ (ਜਿਵੇਂ ਧਰਮ–ਅਵਲੰਬੀ ਚਿੰਨ੍ਹ ਲਗਾਉਂਦੇ ਹਨ), ਉਸ ਨੂੰ ਪਾਕੇ ਉਹ ਵਿਆਕੁਲ ਨਹੀਂ ਹੁੰਦਾ। ਐਸਾ ਸਥਿਰ ਬੁੱਧੀ, **'असंमूढ'**– ਸੰਸਾਰਰਹਿਤ, **'ब्रह्मविद्'**– ਬ੍ਰਹਮ ਨਾਲ ਮਿਲਿਆ ਹੋਇਆ ਬ੍ਰਹਮਵੇਤਾ – **'ब्रह्मणि स्थित:'**– ਪਰਾਤਪਰ (ਅਪਰੰਪਾਰ) ਬ੍ਰਹਮ ਵਿਚ ਸਦਾ ਸਥਿਤ ਰਹਿੰਦਾ ਹੈ।

**बाह्यस्पर्शेष्वसक्तात्मा विन्दत्यात्मनि यत्सुखम्।**
**स ब्रह्मयोगयुक्तात्मा सुखमक्षयमश्नुते ।।२१।।**

ਬਾਹਰੀ ਸੰਸਾਰ ਦੇ ਵਿਸ਼ੇ–ਭੋਗਾਂ ਤੋਂ ਅਨਾਸਕਤ ਪੁਰਸ਼ ਅੰਤਰਾਤਮਾ ਵਿਚ ਸਥਿਤ ਜੋ ਸੁਖ ਹੈ, ਉਸ ਸੁਖ ਨੂੰ ਪ੍ਰਾਪਤ ਹੁੰਦਾ ਹੈ। ਉਹ ਪੁਰਸ਼ – **'ब्रह्मयोगयुक्तात्मा'**– ਪਰਬ੍ਰਹਮ ਪਰਮਾਤਮਾ ਦੇ ਮਿਲਨ ਨਾਲ ਲੀਨ ਆਤਮਾ ਵਾਲਾ ਹੈ, ਇਸ ਲਈ ਉਹ ਬੇਅੰਤ ਆਨੰਦ ਦਾ ਅਨੁਭਵ ਕਰਦਾ ਹੈ, ਜਿਸ ਆਨੰਦ ਦਾ ਕਦੇ ਅੰਤ ਨਹੀਂ ਹੁੰਦਾ। ਇਸ ਆਨੰਦ ਦਾ ਅਨੁਭਵ ਕੌਣ ਕਰ ਸਕਦਾ ਹੈ? ਜੋ ਬਾਹਰ ਦੇ ਵਿਸ਼ੇ–ਭੋਗਾਂ ਤੋਂ ਅਨਾਸਕਤ (ਨਿਰਵਿਰਤ) ਹੈ। ਤਾਂ ਕੀ ਭੋਗ ਬਾਧਕ ਹਨ? ਭਗਵਾਨ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ–

**ये हि संस्पशर्जा भोगा दु:खयोनय एव ते।**
**आद्यन्तवन्त: कौन्तेय न तेषु रमते बुध: ।।२२।।**

ਕੇਵਲ ਤ੍ਵਚਾ ਹੀ ਨਹੀਂ, ਸਾਰੀਆਂ ਇੰਦ੍ਰੀਆਂ ਸਪਰਸ਼ ਕਰਦੀਆਂ ਹਨ। ਵੇਖਣਾ–ਅੱਖ ਦਾ ਸਪਰਸ਼ ਹੈ, ਸੁਣਨਾ–ਕੰਨ ਦਾ ਸਪਰਸ਼ ਹੈ। ਇਸੇ ਤਰ੍ਹਾਂ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਤੋਂ ਪੈਦਾ ਹੋਣ ਵਾਲੇ ਸਾਰੇ ਭੋਗ, ਹਾਲਾਂਕਿ ਭੋਗਣ ਵਿਚ ਪਿਆਰੇ ਲਗਦੇ ਹਨ, ਪਰ ਬੇਸ਼ੱਕ ਉਹ ਸਭ **'दु:खयोनय:'**– ਦੁਖਮਈ ਯੋਨੀਆਂ (ਜੂਨਾਂ) ਦੇ ਕਾਰਣ ਰੂਪ ਹਨ। ਏਨ੍ਹਾਂ ਹੀ ਨਹੀਂ, ਉਹ ਭੋਗ ਪੈਦਾ ਹੋਣ ਵਾਲੇ ਅਤੇ ਮਿਟਣ ਵਾਲੇ ਹਨ, ਨਾਸ਼ਵਾਨ ਹਨ। ਇਸ ਲਈ ਅਰਜੁਨ! ਵਿਵੇਕੀ ਪੁਰਸ਼ ਉਹਨਾਂ ਵਿਚ ਨਹੀਂ ਫਸਦੇ। ਇੰਦ੍ਰੀਆਂ ਦੇ ਇਹਨਾਂ ਸਪਰਸ਼ਾਂ ਵਿਚ ਰਹਿੰਦਾ ਕੀ ਹੈ? ਕਾਮ ਅਤੇ ਕ੍ਰੋਧ, ਰਾਗ ਅਤੇ ਦ੍ਵੇਸ਼। ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ –

**शक्नोतीहैव यः सोढुं प्राक्शरीरविमोक्षणात् ।**
**कामक्रोधोद्भवं वेगं स युक्तः स सुखी नरः ।।२३ ।।**

ਇਸ ਲਈ ਜੋ ਮਨੁੱਖ ਸਰੀਰ ਦੇ ਨਾਸ਼ ਹੋਣ ਤੋਂ ਪਹਿਲਾਂ ਹੀ ਕਾਮ ਅਤੇ ਕ੍ਰੋਧ ਤੋਂ ਪੈਦਾ ਹੋਏ ਵੇਗ ਨੂੰ ਸਹਿਨ ਕਰਨ (ਮਿਟਾਉਣ) ਵਿਚ ਸਮਰੱਥ ਹੈ, ਉਹ ਨਰ (ਨਾ ਰਮਣ ਜਾਂ ਨਾ ਰੁੱਝਣ ਵਾਲਾ) ਹੈ। ਉਹੀ ਇਸ ਲੋਕ ਵਿਚ ਯੋਗ ਨਾਲ ਯੁਕਤ ਹੈ ਅਤੇ ਉਹੀ ਸੁਖੀ ਹੈ। ਜਿਸਦੇ ਪਿਛੇ ਦੁਖ ਨਹੀਂ ਹੈ, ਉਸ ਸੁਖ ਵਿਚ ਅਰਥਾਤ ਪਰਮਾਤਮਾ ਵਿਚ ਸਥਿਤੀ ਵਾਲਾ ਹੈ। ਜਿਉਂਦੇ-ਜੀ ਹੀ ਇਸਦੀ ਪ੍ਰਾਪਤੀ ਦਾ ਵਿਧਾਨ ਹੈ, ਮਰਨ ਤੇ ਨਹੀਂ। ਸੰਤ ਕਬੀਰ ਨੇ ਇਸੇ ਨੂੰ ਸਪਸ਼ਟ ਕੀਤਾ -**'ਅਵਧੂ! ਜੀਵਤ ਮੈਂ ਕਰ ਆਸ਼ਾ'**- ਤਾਂ ਕੀ ਮਰਨ ਦੇ ਬਾਅਦ ਮੁਕਤੀ ਨਹੀਂ ਹੁੰਦੀ ? ਉਹ ਕਹਿੰਦੇ ਹਨ -**'ਮੂਏ ਮੁਕਤੀ ਗੁਰੂ ਕਹੇ ਸੁਆਰਥੀ, ਝੂਠਾ ਦੇ ਵਿਸ਼ਵਾਸਾ।'** ਇਹੋ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਦਾ ਕਥਨ ਹੈ ਕਿ ਸਰੀਰ ਰਹਿੰਦਿਆਂ, ਮਰਨ ਤੋਂ ਪਹਿਲਾਂ ਹੀ ਜੋ ਕਾਮ-ਕ੍ਰੋਧ ਦੇ ਵੇਗ ਨੂੰ ਮਿਟਾ ਦੇਣ ਵਿਚ ਸਮਰੱਥ ਹੋਗਿਆ, ਉਹੀ ਪੁਰਸ਼ ਇਸ ਲੋਕ ਵਿਚ ਯੋਗੀ ਹੈ, ਉਹੀ ਸੁਖੀ ਹੈ। ਕਾਮ-ਕ੍ਰੋਧ, ਬਾਹਰੀ ਸਪਰਸ਼ ਹੀ ਵੈਰੀ ਹਨ। ਇਹਨਾਂ ਨੂੰ ਤੁਸੀਂ ਜਿੱਤੋ। ਇਸੇ ਪੁਰਸ਼ ਦੇ ਲੱਛਣ ਉਹ ਫੇਰ ਦਸਦੇ ਹਨ -

**योऽन्तःसुखोऽन्तरारामस्तथान्तर्ज्योतिरेव यः ।**
**स योगी ब्रह्मनिर्वाणं ब्रह्मभूतोऽधिगच्छति ।।२४ ।।**

ਜੋ ਵਿਅਕਤੀ ਅੰਤਰਾਤਮਾ ਵਿਚ ਹੀ ਸੁਖ ਵਾਲਾ **'अन्तरारामः'** ਅੰਤਰਾਤਮਾ ਵਿਚ ਹੀ ਆਰਾਮ ਵਾਲਾ ਅਤੇ ਜੋ ਅੰਤਰਾਤਮਾ ਵਿਚ ਹੀ ਪ੍ਰਕਾਸ਼ ਵਾਲਾ (ਸਾਖਿਆਤਕਾਰ ਵਾਲਾ) ਹੈ, ਉਹੀ ਯੋਗੀ- **'ब्रह्मभूत'**- ਬ੍ਰਹਮ ਨਾਲ ਇਕ ਹੋਕੇ - **'ब्रह्म निर्वाणम्'** - ਵਾਣੀ ਤੋਂ ਪਰੇ ਬ੍ਰਹਮ, ਸ਼ਾਸ਼ਵਤ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ । ਅਰਥਾਤ ਪਹਿਲਾਂ ਵਿਕਾਰਾਂ (ਕਾਮ-ਕ੍ਰੋਧ) ਦਾ ਅੰਤ, ਫੇਰ ਦਰਸ਼ਨ, ਫੇਰ ਪ੍ਰਵੇਸ਼ । ਅੱਗੇ ਵੇਖੀਏ -

**लभन्ते ब्रह्मनिर्वाणमृषयः क्षीणकल्मषाः ।**
**छिन्नद्वैधा यतात्मानः सर्वभूतहिते रताः ।।२५ ।।**

ਪਰਮਾਤਮਾ ਦਾ ਪ੍ਰਤੱਖ ਦਰਸ਼ਨ ਕਰਕੇ ਜਿਨ੍ਹਾਂ ਦਾ ਪਾਪ ਨਸ਼ਟ ਹੋ ਗਿਆ ਹੈ, ਜਿਨ੍ਹਾਂ ਦੀ ਦੁਬਿਧਾ ਮਿਟ ਗਈ ਹੈ, ਸਾਰੇ ਪ੍ਰਾਣੀਆਂ ਦੇ ਹਿਤ ਵਿਚ ਜੋ ਲਗੇ ਹੋਏ ਹਨ (ਪ੍ਰਾਪਤੀ ਵਾਲੇ ਹੀ ਐਸਾ ਕਰ ਸਕਦੇ ਹਨ। ਜੋ ਆਪ ਖੱਡੇ ਵਿਚ ਪਿਆ ਹੈ, ਉਹ ਦੂਜਿਆਂ ਨੂੰ ਬਾਹਰ ਕੀ ਕੱਢੇਗਾ? ਇਸੇ ਲਈ ਕਰੁਣਾ ਜਾਂ ਦਇਆ ਮਹਾਪੁਰਸ਼ ਦਾ ਸੁਭਾਵਕ ਗੁਣ ਹੋ ਜਾਂਦਾ ਹੈ) ਅਤੇ ਜੋ -**'यतात्मानः'**- ਜਿਤੇਂਦ੍ਰੀ (ਇੰਦ੍ਰੀਆਂ ਨੂੰ ਜਿੱਤਣ ਵਾਲੇ) ਬ੍ਰਹਮਵੇਤਾ ਹਨ, ਉਹੀ ਪੁਰਸ਼ ਸ਼ਾਂਤ ਪਰਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ। ਉਸੇ ਮਹਾਪੁਰਸ਼ ਦੀ ਸਥਿਤੀ ਤੇ ਫੇਰ ਪ੍ਰਕਾਸ਼ ਪਾਉਂਦੇ ਹਨ-

**कामक्रोधवियुक्तानां यतीनां यतचेतसाम् ।**
**अभितो ब्रह्मनिर्वाणं वर्तते विदितात्मनाम् ।।२६ ।।**

ਕਾਮ ਅਤੇ ਕ੍ਰੋਧ ਤੋਂ ਰਹਿਤ, ਜਿੱਤੇ ਹੋਏ ਚਿੱਤ ਵਾਲੇ, ਪਰਮਾਤਮਾ ਦਾ ਪ੍ਰਤੱਖ ਦਰਸ਼ਨ ਕੀਤੇ ਹੋਏ ਗਿਆਨੀ ਪੁਰਸ਼ਾਂ ਲਈ ਸਾਰੇ ਪਾਸਿਉਂ ਸ਼ਾਂਤ ਪਰਬ੍ਰਹਮ ਹੀ ਪ੍ਰਾਪਤ ਹੈ। ਬਾਰਬਾਰ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਉਸ ਪੁਰਸ਼ ਦੀ ਰਹਿਣੀ ਉਤੇ ਜ਼ੋਰ ਦੇ ਰਹੇ ਹਨ, ਜਿਸ ਨਾਲ ਪ੍ਰੇਰਨਾ ਮਿਲੇ। ਪ੍ਰਸ਼ਨ ਤਕਰੀਬਨ

ਪੂਰਾ ਹੋਇਆ। ਹੁਣ ਉਹ ਫੇਰ ਜ਼ੋਰ ਦੇਂਦੇ ਹਨ ਕਿ ਇਸ ਸਥਿਤੀ ਨੂੰ ਪ੍ਰਾਪਤ ਕਰਨ ਦਾ ਜ਼ਰੂਰੀ ਅੰਗ 'ਸੁਆਸ-ਪ੍ਰਸੁਆਸ ਦਾ ਚਿੰਤਨ' ਹੈ। ਯੱਗ ਦੀ ਪ੍ਰਕ੍ਰਿਆ ਵਿਚ ਪ੍ਰਾਣ ਦਾ ਅਪਾਨ ਵਿਚ ਹਵਨ, ਅਪਾਨ ਦਾ ਪ੍ਰਾਣ ਵਿਚ ਹਵਨ, ਪ੍ਰਾਣ-ਅਪਾਨ ਦੋਨਾਂ ਦੀ ਗਤਿ ਦਾ ਵਿਰੋਧ ਉਹਨਾਂ ਨੇ ਦਸਿਆ ਸੀ। ਉਸੇ ਨੂੰ ਸਮਝਾਉਂਦੇ ਹਨ -

**स्पर्शान्कृत्वा बहिर्बाह्यांश्चक्षुश्चैवान्तरे भ्रुवो: ।**
**प्राणापानौ समौ कृत्वा नासाभ्यन्तरचारिणौ ।।२७।।**

**यतेन्द्रिय मनोबुद्धिर्मुनिर्मोक्षपरायण: ।**
**विगतेच्छाभयक्रोधो य: सदा मुक्त एव स: ।।२८।।**

ਅਰਜੁਨ! ਬਾਹਰ ਦੇ ਵਿਸ਼ਿਆਂ, ਦ੍ਰਿਸ਼ਾਂ ਦਾ ਧਿਆਨ ਨਾ ਕਰਦੇ ਹੋਏ, ਉਹਨਾਂ ਨੂੰ ਤਿਆਗਕੇ, ਅੱਖਾਂ ਦੀ ਦ੍ਰਿਸ਼ਟੀ ਨੂੰ ਭਰਵੱਟਿਆਂ ਜਾਂ ਭਵਾਂ ਦੇ ਵਿਚ ਸਥਿਰ ਕਰਕੇ - **'भ्रुवो अन्तरे'** - ਯਾਨੀ ਇਹ ਮਤਲਬ ਨਹੀਂ ਕਿ ਅੱਖਾਂ ਦੇ ਵਿਚਕਾਰ ਜਾਂ ਭਵਾਂ ਦੇ ਵਿਚ ਕਿਧਰੇ ਵੇਖਣ ਦੇ ਇਰਾਦੇ ਨਾਲ ਨਜ਼ਰ ਟਿਕਾਉ। ਭਰਵੱਟਿਆਂ ਦੇ ਵਿਚ ਦਾ ਸ਼ੁੱਧ ਅਰਥ ਏਨ੍ਹਾਂ ਹੈ ਕਿ ਸਿੱਧੇ ਬੈਠਣ ਤੇ ਨਜ਼ਰ ਭਰਵੱਟਿਆਂ ਦੇ ਠੀਕ ਵਿਚੋਂ ਦੀ ਹੋਕੇ ਅੱਗੇ ਪਏ। ਸੱਜੇ-ਖੱਬੇ, ਇਧਰ-ਉਧਰ ਫਾਲਤੂ ਨਾ ਵੇਖੋ। ਨੱਕ ਦੀ ਰੇਖਾ ਉਤੇ ਸਿੱਧੀ ਨਜ਼ਰ ਰੱਖਦੇ ਹੋਏ (ਕਿਧਰੇ ਨੱਕ ਹੀ ਨਾ ਵੇਖਣ ਲੱਗੋ), ਨਾਸਾਂ ਦੇ ਅੰਦਰ ਆਉਣ-ਜਾਣ ਵਾਲੇ ਪ੍ਰਾਣਵਾਯੂ ਅਤੇ ਅਪਾਨਵਾਯੂ ਨੂੰ ਸਮ ਕਰਕੇ ਅਰਥਾਤ ਨਜ਼ਰ ਤਾਂ ਉਥੇ ਰੱਖੋ, ਅਤੇ ਸੁਰਤ ਨੂੰ ਸੁਆਸ ਵਿਚ ਲਗਾ ਦਿਉ, ਕਿ ਕਦੋਂ ਸੁਆਸ ਅੰਦਰ ਗਿਆ? ਕਿੰਨਾ ਰੁਕਿਆ ? ਤਕਰੀਬਨ ਅੱਧਾ ਸੈਕੰਡ ਰੁਕਦਾ ਹੈ, ਕੋਸ਼ਿਸ ਨਾਲ ਨਾ ਰੋਕੋ। ਕਦੋਂ ਸੁਆਸ ਬਾਹਰ ਨਿਕਲਿਆ ? ਕਿੰਨੀ ਦੇਰ ਤਕ ਬਾਹਰ ਰਿਹਾ? ਕਹਿਣ ਦੀ ਲੋੜ ਨਹੀਂ ਕਿ ਸੁਆਸ ਵਿਚ ਉਠਣ ਵਾਲੀ ਨਾਮ-ਧੁਨੀ ਸੁਣਾਈ ਪੈਂਦੀ ਰਹੇਗੀ। ਇਸ ਤਰ੍ਹਾਂ ਸੁਆਸ-ਪ੍ਰਸੁਆਸ ਉਤੇ ਜਦ ਸੁਰਤ ਟਿਕ ਜਾਏਗੀ, ਤਾਂ ਸਹਿਜੇ-ਸਹਿਜੇ ਸੁਆਸ ਅਚਲ ਸਥਿਰ ਠਹਿਰ ਜਾਏਗਾ, ਸਮ ਹੋ ਜਾਏਗਾ, ਨਾ ਅੰਦਰੋਂ ਦੀ ਸੰਕਲਪ ਉਠਣਗੇ ਅਤੇ ਨਾ ਬਾਹਰੀ ਸੰਕਲਪ ਅੰਦਰ ਜਾ ਕੇ ਟਕਰਾਉਣਗੇ। ਬਾਹਰ ਦੇ ਭੋਗਾਂ ਦਾ ਵਿਚਾਰ ਤਾਂ ਬਾਹਰ ਹੀ ਤਿਆਗ ਦਿਤਾ ਗਿਆ ਸੀ, ਅੰਦਰ ਵੀ ਸੰਕਲਪ ਨਹੀਂ ਜਾਗ੍ਰਿਤ ਹੋਣਗੇ। ਸੁਰਤ ਇਕਦਮ ਖੜ੍ਹੀ ਹੋ ਜਾਂਦੀ ਹੈ, ਤੇਲ ਦੀ ਧਾਰ ਵਾਂਗ। ਤੇਲ ਦੀ ਧਾਰ ਪਾਣੀ ਵਾਂਗ ਟਪ-ਟਪ ਨਹੀਂ ਡਿਗਦੀ, ਜਦ ਤਕ ਡਿਗੇਗੀ ਧਾਰ ਹੀ ਡਿਗੇਗੀ। ਇਸੇ ਤਰ੍ਹਾਂ ਪ੍ਰਾਣ ਅਤੇ ਅਪਾਨ ਦੀ ਗਤਿ ਇਕਦਮ ਸਮ, ਸਥਿਰ ਕਰਕੇ ਇੰਦ੍ਰੀਆਂ, ਮਨ ਅਤੇ ਬੁੱਧੀ ਨੂੰ ਜਿਸਨੇ ਜਿੱਤ ਲਿਆ ਹੈ; ਇੱਛਾ, ਭੈ ਅਤੇ ਕ੍ਰੋਧ ਤੋਂ ਰਹਿਤ, ਮਨਨਸ਼ੀਲਤਾ ਦੀ ਚਰਮ ਸੀਮਾ ਤੇ ਪਹੁੰਚਿਆ ਹੋਇਆ, ਉਹ ਮੋਖਸ਼ ਪਰਾਇਣ ਮੁਨੀ ਸਦਾ 'ਮੁਕਤ' ਹੀ ਹੈ। ਮੁਕਤ ਹੋਕੇ ਉਹ ਕਿੱਥੇ ਜਾਂਦਾ ਹੈ? ਕੀ ਪ੍ਰਾਪਤ ਕਰਦਾ ਹੈ? ਇਸਤੇ ਕਹਿੰਦੇ ਹਨ

**भोक्तारं यज्ञतपसां सर्वलोकमहेश्वरम् ।**
**सुहृदं सर्वभूतानां ज्ञात्वा मां शान्तिमृच्छति ।।२९।।**

ਉਹ ਮੁਕਤ ਪੁਰਸ਼, ਮੈਨੂੰ ਯੱਗ ਅਤੇ ਤਪਾਂ ਨੂੰ ਭੋਗਣ ਵਾਲਾ, ਸਾਰੇ ਲੋਕਾਂ ਦੇ ਈਸ਼ਵਰਾਂ ਦਾ ਵੀ ਈਸ਼ਵਰ, ਸਾਰੇ ਪ੍ਰਾਣੀਆਂ ਦਾ ਸੁਆਰਥ ਰਹਿਤ ਹਿਤੈਸ਼ੀ - ਐਸਾ ਪ੍ਰਤੱਖ ਜਾਣਕੇ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਉਸ ਪੁਰਸ਼ ਦੇ ਸੁਆਸ-ਪ੍ਰਸੁਆਸ ਦੇ ਯੱਗ ਅਤੇ ਤਪ ਦਾ ਭੋਗਤਾ ਮੈਂ ਹਾਂ। ਯੱਗ ਅਤੇ ਤਪ ਅੰਤ ਨੂੰ ਜਿਸ ਵਿਚ ਲੀਨ ਹੁੰਦੇ ਹਨ, ਉਹ ਮੈਂ ਹਾਂ। ਉਹ ਮੈਨੂੰ ਪ੍ਰਾਪਤ ਹੁੰਦਾ ਹੈ। ਯੱਗ ਦੇ ਅੰਤ ਨੂੰ ਜਿਸਦਾ ਨਾਮ ਸ਼ਾਂਤੀ ਹੈ, ਉਹ ਮੇਰਾ ਹੀ ਸਵਰੂਪ ਹੈ। ਉਹ ਮੁਕਤ ਪੁਰਸ਼ ਮੈਨੂੰ ਜਾਣਦਾ

ਹੈ ਅਤੇ ਜਾਣਦੇ ਸਾਰ ਹੀ ਮੈਨੂੰ ਪ੍ਰਾਪਤ ਹੋ ਜਾਂਦਾ ਹੈ। ਇਸੇ ਦਾ ਨਾਮ ਸ਼ਾਂਤੀ ਹੈ। ਜਿਵੇਂ ਮੈਂ ਈਸ਼ਵਰਾਂ ਦਾ ਵੀ ਈਸ਼ਵਰ ਹਾਂ, ਉਸੇ ਤਰ੍ਹਾਂ ਉਹ ਵੀ ਹੈ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਅਰਜੁਨ ਨੇ ਪ੍ਰਸ਼ਨ ਕੀਤਾ ਸੀ ਕਿ ਕਦੇ ਤਾਂ ਤੁਸੀਂ ਨਿਸ਼ਕਾਮ ਕਰਮਯੋਗ ਦੀ ਪ੍ਰਸ਼ੰਸਾ ਕਰਦੇ ਹੋ ਅਤੇ ਕਦੇ ਤੁਸੀਂ ਸੰਨਿਆਸ ਮਾਰਗ ਰਾਹੀਂ ਕਰਮ ਕਰਨ ਦੀ ਪ੍ਰਸ਼ੰਸਾ ਕਰਦੇ ਹੋ। ਇਸ ਲਈ ਦੋਨਾਂ ਵਿਚੋਂ ਇਕ ਨੂੰ, ਜੋ ਤੁਹਾਡੇ ਰਾਹੀਂ, ਸੁਨਿਸ਼ਚਿਤ ਕੀਤਾ ਹੋਵੇ, ਪਰਮ ਕਲਿਆਨਕਾਰੀ ਹੋਵੇ, ਉਹ ਦਸੋ। ਸ਼੍ਰੀ ਕ੍ਰਿਸ਼ਣ ਨੇ ਦਸਿਆ ਅਰਜੁਨ! ਪਰਮ ਕਲਿਆਨ ਤਾਂ ਦੋਨਾਂ ਵਿਚ ਹੈ। ਦੋਨਾਂ ਵਿਚ ਉਹੀ ਨਿਰਧਾਰਿਤ ਯੱਗ ਦੀ ਕ੍ਰਿਆ ਹੀ ਕੀਤੀ ਜਾਂਦੀ ਹੈ, ਫੇਰ ਵੀ ਨਿਸ਼ਕਾਮ ਕਰਮਯੋਗ ਵਿਸ਼ੇਸ਼ ਹੈ। ਬਿਨਾਂ ਇਸਨੂੰ ਕੀਤਿਆਂ ਸੰਨਿਆਸ (ਸ਼ੁਭ-ਅਸ਼ੁਭ ਕਰਮਾਂ ਦਾ ਅੰਤ) ਨਹੀਂ ਹੁੰਦਾ। ਸੰਨਿਆਸ ਮਾਰਗ ਦਾ ਨਹੀਂ, ਮੰਜ਼ਿਲ ਦਾ ਨਾਮ ਹੈ। ਯੋਗਯੁਕਤ ਹੀ ਸੰਨਿਆਸੀ ਹੈ। ਯੋਗਯੁਕਤ ਦੇ ਲੱਛਣ ਦਸੇ ਕਿ ਉਹੀ ਪ੍ਰਭੂ ਹੈ, ਉਹ ਨਾ ਕਰਦਾ ਹੈ, ਨਾ ਕੁਝ ਕਰਾਉਂਦਾ ਹੈ। ਬਲਕਿ ਸੁਭਾਅ ਵਿਚ ਪ੍ਰਕ੍ਰਿਤੀ ਦੇ ਦਬਾਅ ਅਨੁਸਾਰ ਲੋਕੀਂ ਰੁੱਝੇ ਹੋਏ ਹਨ। ਜੋ ਪ੍ਰਤੱਖ ਮੈਨੂੰ ਜਾਣ ਲੈਂਦਾ ਹੈ, ਉਹੀ ਗਿਆਤਾ ਹੈ, ਉਹੀ ਪੰਡਿਤ ਹੈ। ਯੱਗ ਦੇ ਪਰਿਣਾਮ ਵਿਚ ਲੋਕੀਂ ਮੈਨੂੰ ਜਾਣਦੇ ਹਨ। ਸੁਆਸ-ਪ੍ਰਸੁਆਸ ਦਾ ਜਾਪ ਅਤੇ ਯੱਗ-ਤਪ ਜਿਸ ਵਿਚ ਲੀਨ ਹੁੰਦੇ ਹਨ, ਉਹ ਮੈਂ ਹੀ ਹਾਂ। ਯੱਗ ਦੇ ਪਰਿਣਾਮ ਰਾਹੀਂ ਮੈਨੂੰ ਜਾਣਕੇ ਉਹ ਜਿਸ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ, ਉਹ ਵੀ ਮੈਂ ਹੀ ਹਾਂ, ਅਰਥਾਤ ਸ਼੍ਰੀ ਕ੍ਰਿਸ਼ਣ ਵਰਗਾ, ਮਹਾਪੁਰਸ਼ ਵਰਗਾ ਸਵਰੂਪ ਉਸ ਪ੍ਰਾਪਤੀ ਵਾਲੇ ਨੂੰ ਵੀ ਮਿਲਦਾ ਹੈ। ਉਹ ਵੀ ਈਸ਼ਵਰਾਂ ਦਾ ਈਸ਼ਵਰ, ਆਤਮਾ ਦਾ ਵੀ ਆਤਮ ਸਵਰੂਪਮਈ ਹੋ ਜਾਂਦਾ ਹੈ, ਉਸ ਪਰਮਾਤਮਾ ਨਾਲ ਏਕਾਭਾਵ ਪਾ ਲੈਂਦਾ ਹੈ (ਇਕ ਹੋਣ ਵਿਚ ਜਨਮ ਚਾਹੇ ਜਿੰਨੇ ਲਗਣ)। ਇਸ ਅਧਿਆਇ ਵਿਚ ਸਪਸ਼ਟ ਕੀਤਾ ਗਿਆ ਕਿ ਯੱਗ-ਤਪਾਂ ਦਾ ਭੋਗਤਾ, ਮਹਾਪੁਰਸ਼ਾਂ ਦੇ ਵੀ ਅੰਦਰ ਰਹਿਣ ਵਾਲੀ ਸ਼ਕਤੀ ਮਹੇਸ਼ਵਰ ਹੈ, ਇਸ ਲਈ -

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'यज्ञभोक्ता महापुरुषस्थ महेश्वरः, नाम पंचमो अध्यायः ।।५ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਅਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ ''ਯੱਗਭੋਗਤਾ ਮਹਾਪੁਰਸ਼ਸਥ ਮਹੇਸ਼ਵਰਹ'' ਨਾਮਕ ਪੰਜਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीतायाः 'यथार्थ गीता' भाष्ये 'यज्ञभोक्ता महापुरुषस्थ महेश्वर' नाम पंचमोऽध्यायः ।।५ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਛੇਵਾਂ ਅਧਿਆਇ

ਸੰਸਾਰ ਵਿਚ ਧਰਮ ਦੇ ਨਾਮ ਤੇ ਰੀਤ-ਰਿਵਾਜ, ਪੂਜਾ-ਵਿਧੀਆਂ, ਸੰਪ੍ਰਦਾਇਆਂ ਦੀ ਅਧਿਕਤਾ ਹੋਣ ਤੇ, ਕੁਰੀਤੀਆਂ ਨੂੰ ਦੂਰ ਕਰਕੇ ਇਕ ਈਸ਼ਵਰ ਦੀ ਸਥਾਪਨਾ ਅਤੇ ਉਸਦੀ ਪ੍ਰਾਪਤੀ ਦੀ ਪ੍ਰਕ੍ਰਿਆ ਨੂੰ ਪੱਕਾ ਕਰਨ ਲਈ ਕਿਸੇ ਮਹਾਪੁਰਸ਼ ਦਾ ਆਗਮਨ ਹੁੰਦਾ ਹੈ। ਕ੍ਰਿਆਵਾਂ ਜਾਂ ਕਰਮਾਂ ਨੂੰ ਛੱਡਕੇ ਬੈਠ ਜਾਣ ਅਤੇ ਗਿਆਨੀ ਕਹਾਉਣ ਦਾ ਮਿਥਿਆ ਰਿਵਾਜ ਕ੍ਰਿਸ਼ਣ-ਕਾਲ ਵਿਚ ਬੜਾ ਫੈਲਿਆ ਹੋਇਆ ਸੀ। ਇਸ ਲਈ ਇਸ ਅਧਿਆਇ ਦੇ ਆਰੰਭ ਵਿਚ ਹੀ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਸ ਪ੍ਰਸ਼ਨ ਨੂੰ ਚੌਥੀ ਵਾਰ ਆਪ ਉਠਾਇਆ ਕਿ ਗਿਆਨ ਯੋਗ ਅਤੇ ਨਿਸ਼ਕਾਮ ਕਰਮਯੋਗ ਦੋਵਾਂ ਦੇ ਅਨੁਸਾਰ ਕਰਮ ਕਰਨਾ ਹੀ ਪਏਗਾ।

ਅਧਿਆਇ ਦੋ ਵਿਚ ਉਹਨਾਂ ਨੇ ਕਿਹਾ ਸੀ-ਅਰਜੁਨ! ਖੱਤ੍ਰੀ ਲਈ ਯੁੱਧ ਤੋਂ ਵੱਧਕੇ ਕਲਿਆਨਕਾਰੀ ਕੋਈ ਰਸਤਾ ਨਹੀਂ ਹੈ। ਇਸ ਯੁੱਧ ਵਿਚ ਹਾਰੋਗੇ ਤਾਂ ਵੀ ਦੇਵਤਾਈ ਹੈ ਅਤੇ ਜਿੱਤਣ ਤੇ ਮਹਾਮਹਿਮ-ਸਥਿਤੀ ਹੈ-ਇਸ ਤਰ੍ਹਾਂ ਸਮਝਕੇ ਯੁੱਧ ਕਰੋ। ਅਰਜੁਨ! ਇਹ ਬੁੱਧੀ ਤੇਰੇ ਲਈ ਗਿਆਨਯੋਗ ਦੇ ਬਾਰੇ ਕਹੀ ਗਈ। ਕਿਹੜੀ ਬੁੱਧੀ ? ਇਹੋ ਕਿ ਯੁੱਧ ਕਰ। ਗਿਆਨਯੋਗ ਐਸਾ ਨਹੀਂ ਹੈ ਕਿ ਹੱਥ ਤੇ ਹੱਥ ਧਰਕੇ ਬੈਠੇ ਰਹੀਏ। ਗਿਆਨਯੋਗ ਵਿਚ ਸਿਰਫ਼ ਆਪਣੇ ਹਾਨੀ-ਲਾਭ ਦਾ ਆਪ ਧਿਆਨ ਰੱਖਕੇ, ਆਪਣੀ ਸ਼ਕਤੀ ਸਮਝਕੇ ਕਰਮ ਵਿਚ ਪ੍ਰਵਿਰਤ ਹੋਣਾ ਹੈ, ਜਦਕਿ ਪ੍ਰੇਰਕ ਮਹਾਪੁਰਸ਼ ਹੀ ਹੈ। ਗਿਆਨਯੋਗ ਵਿਚ ਯੁੱਧ ਕਰਨਾ ਜ਼ਰੂਰੀ ਹੈ।

ਅਧਿਆਇ ਤਿੰਨ ਵਿਚ ਅਰਜੁਨ ਨੇ ਪ੍ਰਸ਼ਨ ਕੀਤਾ ਸੀ ਕਿ-ਭਗਵਨ ! ਨਿਸ਼ਕਾਮ ਕਰਮਯੋਗ ਦੀ ਤੁਲਨਾ ਵਿਚ ਗਿਆਨ ਤੁਹਾਨੂੰ ਸ਼੍ਰੇਸ਼ਠ ਲਗਦਾ ਹੈ, ਤਾਂ ਮੈਨੂੰ ਘੋਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ ? ਅਰਜੁਨ ਨੂੰ ਨਿਸ਼ਕਾਮ ਕਰਮਯੋਗ ਕਠਿਨ ਪ੍ਰਤੀਤ ਹੋਇਆ। ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਦੋਨੋਂ ਤਰ੍ਹਾਂ ਦੀ ਨਿਸ਼ਠਾ ਜਾਂ ਮਾਰਗ ਮੇਰੇ ਹੀ ਦੱਸੇ ਹੋਏ ਹਨ, ਪਰ ਕਿਸੇ ਵੀ ਮਾਰਗ ਵਿਚ ਕਰਮ ਨੂੰ ਤਿਆਗਕੇ ਚਲਣ ਦਾ ਵਿਧਾਨ ਨਹੀਂ ਹੈ; ਨਾ ਹੀ ਐਸਾ ਹੈ

ਕਿ ਕਰਮ ਆਰੰਭ ਨਾ ਕਰਨ ਨਾਲ ਕੋਈ ਪਰਮ ਨਿਸ਼ਕਰਮਤਾ ਦੀ ਸਿੱਧੀ ਪਾ ਲਏ ਅਤੇ ਨਾ ਹੀ ਆਰੰਭ ਕੀਤੀ ਹੋਈ ਕ੍ਰਿਆ ਨੂੰ ਤਿਆਗ ਦੇਣ ਨਾਲ ਕੋਈ ਉਸ ਪਰਮ ਸਿੱਧੀ ਨੂੰ ਪਾ ਸਕਦਾ ਹੈ। ਦੋਵਾਂ ਮਾਰਗਾਂ ਵਿਚ ਨਿਰਧਾਰਤ ਕਰਮ-ਯੱਗ ਦੀ ਪ੍ਰਕ੍ਰਿਆ ਨੂੰ ਕਰਨਾ ਹੀ ਪਏਗਾ।

ਹੁਣ ਅਰਜੁਨ ਨੇ ਭਲੀ-ਭਾਂਤ ਸਮਝ ਲਿਆ ਕਿ ਗਿਆਨਮਾਰਗ ਚੰਗਾ ਲਗੇ ਜਾਂ ਨਿਸ਼ਕਾਮ ਕਰਮਯੋਗ, ਦੋਨਾਂ ਵਿਚ ਕਰਮ ਕਰਨਾ ਹੀ ਹੈ। ਫੇਰ ਵੀ ਪੰਜਵੇਂ ਅਧਿਆਇ ਵਿਚ ਉਸਨੇ ਪ੍ਰਸ਼ਨ ਕੀਤਾ ਕਿ ਫਲ ਦੀ ਦ੍ਰਿਸ਼ਟੀ ਨਾਲ ਕਿਹੜਾ ਸ਼੍ਰੇਸ਼ਠ ਹੈ ? ਕਿਹੜਾ ਆਸਾਨ ਹੈ ? ਸ਼੍ਰੀ ਕ੍ਰਿਸ਼ਣ ਨੇ ਕਿਹਾ - ਅਰਜੁਨ ! ਦੋਨੋਂ ਹੀ ਪਰਮ ਸ਼੍ਰੇਸ਼ਠਤਾ ਨੂੰ ਦੇਣ ਵਾਲੇ ਹਨ। ਇੱਕੋ ਸਥਾਨ ਤੇ ਦੋਵੇਂ ਪਹੁੰਚਾਉਂਦੇ ਹਨ, ਫੇਰ ਵੀ ਸਾਂਖਿਅ (ਗਿਆਨ) ਦੀ ਤੁਲਨਾ ਵਿਚ ਨਿਸ਼ਕਾਮ ਕਰਮਯੋਗ ਸ਼੍ਰੇਸ਼ਠ ਹੈ, ਕਿਉਂਕਿ ਨਿਸ਼ਕਾਮ ਕਰਮ ਦਾ ਆਚਰਣ ਕੀਤੇ ਬਿਨਾਂ ਕੋਈ ਸੰਨਿਆਸੀ ਨਹੀਂ ਹੋ ਸਕਦਾ। ਦੋਵਾਂ ਵਿਚ ਕਰਮ ਇੱਕੋ ਹੈ। ਇਸ ਲਈ ਸਪਸ਼ਟ ਹੈ ਕਿ ਉਹ ਨਿਰਧਾਰਿਤ ਕਰਮ ਕੀਤੇ ਬਿਨਾਂ ਕੋਈ ਸੰਨਿਆਸੀ ਨਹੀਂ ਹੋ ਸਕਦਾ ਅਤੇ ਨਾ ਕੋਈ ਯੋਗੀ ਹੀ ਹੋ ਸਕਦਾ ਹੈ। ਸਿਰਫ਼ ਇਸ ਉਤੇ ਚਲਣ ਵਾਲੇ ਮਾਰਗੀਆਂ ਦੀਆਂ ਦ੍ਰਿਸ਼ਟੀਆਂ ਦੋ ਹਨ, ਜੋ ਪਿੱਛੇ ਦਸੀਆਂ ਗਈਆਂ ਹਨ।

**ਸ਼੍ਰੀ ਭਗਵਾਨ ਉਵਾਚ -**

**अनाश्रित: कर्मफलं कार्यं कर्म करोति य:।**
**स संन्यासी च योगी च न निरग्निर्न चाक्रिय:।।१।।**

ਸ਼੍ਰੀ ਕ੍ਰਿਸ਼ਣ ਮਹਾਰਾਜ ਬੋਲੇ - ਅਰਜੁਨ ! ਕਰਮਫਲ ਦੇ ਆਸਰੇ ਤੋਂ ਰਹਿਤ ਹੋਕੇ ਅਰਥਾਤ ਕਰਮ ਕਰਦੇ ਸਮੇਂ ਕਿਸੇ ਪ੍ਰਕਾਰ ਦੀ ਕਾਮਨਾ ਨਾ ਰੱਖਦੇ ਹੋਏ ਜੋ **-'कार्यम् कर्म'-** ਕਰਨ ਯੋਗ ਪ੍ਰਕ੍ਰਿਆ ਵਿਸ਼ੇਸ਼ ਨੂੰ ਕਰਦਾ ਹੈ, ਉਹੀ ਸੰਨਿਆਸੀ ਹੈ, ਉਹੀ ਯੋਗੀ ਹੈ। ਕੇਵਲ ਅਗਨੀ ਨੂੰ ਤਿਆਗਣ ਵਾਲਾ ਅਤੇ ਕੇਵਲ ਕ੍ਰਿਆ ਨੂੰ ਤਿਆਗਣ ਵਾਲਾ ਨਾ ਸੰਨਿਆਸੀ ਹੈ ਨਾ ਯੋਗੀ। ਕ੍ਰਿਆਵਾਂ ਜਾਂ ਕਰਮ ਬਹੁਤ ਸਾਰੇ ਹਨ। ਉਹਨਾਂ ਵਿਚੋਂ **-'कार्यम् कर्म'-** ਕਰਨ ਯੋਗ ਕਰਮ, **-'नियत कर्म'-** ਨਿਰਧਾਰਤ ਕੀਤਾ ਹੋਇਆ ਕੋਈ ਵਿਸ਼ੇਸ਼ ਕਰਮ ਹੈ। ਉਹ ਹੈ ਯੱਗ ਦੀ ਪ੍ਰਕ੍ਰਿਆ - ਜਿਸਦਾ ਸ਼ੁੱਧ ਅਰਥ ਹੈ 'ਆਰਾਧਨਾ', ਜੋ ਆਰਾਧਦੇਵ ਵਿਚ ਪ੍ਰਵੇਸ਼ ਦਿਵਾ ਦੇਣ ਵਾਲੀ ਵਿਧੀ-ਵਿਸ਼ੇਸ਼ ਹੈ। ਉਸਨੂੰ ਕਾਰਜਰੂਪ ਦੇਣਾ ਕਰਮ ਹੈ। ਜੋ ਉਸਨੂੰ ਕਰਦਾ ਹੈ ਉਹੀ ਸੰਨਿਆਸੀ ਹੈ, ਉਹੀ ਯੋਗੀ ਹੈ। ਸਿਰਫ਼ ਅੱਗ ਨੂੰ ਤਿਆਗਣ ਵਾਲਾ, ਕਿ 'ਅਸੀਂ ਅਗਨੀ ਨੂੰ ਨਹੀਂ ਛੋਂਹਦੇ', ਜਾਂ ਕਰਮ ਤਿਆਗਣ ਵਾਲਾ ਕਿ **'ਮੇਰੇ ਲਈ ਕਰਮ ਹੈ ਹੀ ਨਹੀਂ, ਮੈਂ ਤਾਂ ਆਤਮਗਿਆਨੀ ਹਾਂ'** - ਸਿਰਫ਼ ਇਸ ਤਰ੍ਹਾਂ ਕਹੇ ਅਤੇ ਕਰਮ ਆਰੰਭ ਹੀ ਨਾ ਕਰੇ, ਕਰਨ ਯੋਗ ਕ੍ਰਿਆ-ਵਿਸ਼ੇਸ਼ ਨਾ ਕਰੇ, ਤਾਂ ਉਹ ਨਾ ਸੰਨਿਆਸੀ ਹੈ ਨਾ ਯੋਗੀ। ਇਸੇ ਗੱਲ ਨੂੰ ਅੱਗੇ ਹੋਰ ਵੇਖੀਏ -

**यं संन्यासमिति प्राहुर्योगं तं विद्धि पाण्डव।**
**न ह्यसंन्यस्तसंकल्पो योगी भवति कश्चन।।२।।**

ਅਰਜੁਨ ! ਜਿਸਨੂੰ 'ਸੰਨਿਆਸ' ਉਚਰਿਤ ਕਰਦੇ ਹਨ, ਉਸੇ ਨੂੰ ਤੂੰ ਯੋਗ ਜਾਣ, ਕਿਉਂਕਿ ਸੰਕਲਪਾਂ ਦਾ ਤਿਆਗ ਕੀਤੇ ਬਿਨਾਂ ਕੋਈ ਵੀ ਪੁਰਸ਼ ਯੋਗੀ ਨਹੀਂ ਹੁੰਦਾ, ਅਰਥਾਤ ਕਾਮਨਾਵਾਂ ਦਾ ਤਿਆਗ ਦੋਨਾਂ ਹੀ ਮਾਰਗੀਆਂ ਲਈ ਜ਼ਰੂਰੀ ਹੈ। ਤਾਂ ਤੇ ਸਰਲ ਹੈ ਕਿ ਕਹਿ ਛੱਡੀਏ ਕਿ ਅਸੀਂ ਸੰਕਲਪ ਨਹੀਂ ਕਰਦੇ ਅਤੇ ਹੋ ਗਏ ਯੋਗੀ-ਸੰਨਿਆਸੀ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਐਸਾ ਬਿਲਕੁਲ

ਨਹੀਂ ਹੈ –

**आरुरुक्षोर्मुनेर्योगं कर्म कारणमुच्यते।**
**योगारुढस्य तस्यैव शम: कारणमुच्यते।।३।।**

ਯੋਗ ਉਤੇ ਆਰੂੜ ਜਾਂ ਸਵਾਰ ਹੋਣ ਦੀ ਇੱਛਾ ਵਾਲੇ ਮਨਨਸ਼ੀਲ ਪੁਰਸ਼ ਲਈ ਯੋਗ ਦੀ ਪ੍ਰਾਪਤੀ ਵਿਚ ਕਰਮ ਕਰਨਾ ਹੀ (ਪਰਿਣਾਮ ਦਾ) ਕਾਰਨ ਹੈ ਅਤੇ ਯੋਗ–ਅਨੁਸ਼ਠਾਨ ਨੂੰ ਪੂਰਾ ਕਰਦੇ–ਕਰਦੇ ਜਦੋਂ ਉਹ ਪਰਿਣਾਮ ਦੇਣ ਦੀ ਅਵਸਥਾ ਵਿਚ ਆ ਜਾਂਦਾ ਹੈ, ਤਾਂ ਉਸ ਯੋਗ–ਆਰੂੜਤਾ ਵਿਚ **'शम: कारणम् उच्यते'** ਸਾਰੇ ਸੰਕਲਪਾਂ ਦਾ ਅਭਾਵ (ਪ੍ਰਾਪਤੀ ਦਾ) ਕਾਰਣ ਹੈ। ਇਸਤੋਂ ਪਹਿਲਾਂ ਸੰਕਲਪ ਪਿੰਡਾ ਨਹੀਂ ਛੱਡਦੇ ਅਤੇ –

**यदा हि नेन्द्रियार्थेषु न कर्मस्वनुषज्जते।**
**सर्वसंकल्पसंन्यासी योगारूढस्तदोच्यते।।४।।**

ਜਿਸ ਅਵਸਥਾ ਵਿਚ ਪੁਰਸ਼ ਨਾ ਤਾਂ ਇੰਦ੍ਰੀਆਂ ਦੇ ਭੋਗਾਂ ਵਿਚ ਆਸਕਤ ਹੁੰਦਾ ਹੈ ਅਤੇ ਨਾ ਕਰਮਾਂ ਵਿਚ ਹੀ ਇੱਛਾ ਰੱਖਦਾ ਹੈ (ਯੋਗ ਦੀ ਪਰੀਪੱਕ ਅਵਸਥਾ ਵਿਚ ਪਹੁੰਚ ਜਾਣ ਤੇ ਅੱਗੇ ਕਰਮ ਕਰਕੇ ਲੱਭੇ ਕਿਸਨੂੰ? ਇਸ ਲਈ ਨਿਯਤ ਕਰਮ ਆਰਾਧਨਾ ਦੀ ਲੋੜ ਨਹੀਂ ਰਹਿ ਜਾਂਦੀ। ਇਸੇ ਲਈ ਉਹ ਕਰਮਾਂ ਵਿਚ ਵੀ ਇੱਛਾ ਨਹੀਂ ਰੱਖਦਾ), ਉਸ ਅਵਸਥਾ ਵਿਚ–**'सर्व संकल्प संन्यासी'**– ਸਰਬ ਸੰਕਲਪਾਂ ਦਾ ਅਭਾਵ ਹੈ। ਉਹੀ ਸੰਨਿਆਸੀ ਹੈ, ਉਹੀ ਯੋਗ–ਆਰੂੜਤਾ ਹੈ। ਰਸਤੇ ਵਿਚ ਸੰਨਿਆਸ ਨਾਮ ਦੀ ਕੋਈ ਚੀਜ਼ ਨਹੀਂ ਹੈ। ਇਸ ਯੋਗ–ਆਰੂੜਤਾ ਦਾ ਲਾਭ ਕੀ ਹੈ?

**उद्धरेदातमनात्मानं नात्मानमवसादयेत्।**
**आत्मैव ह्यात्मनो बन्धुरात्मैव रिपुरात्मन:।।५।।**

ਅਰਜੁਨ! ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਦੁਆਰਾ ਆਪਣਾ ਉੱਧਾਰ ਕਰੇ। ਆਪਣੇ ਆਤਮਾ ਨੂੰ ਅਧੋਗਤਿ (ਪਤਨ) ਵਿਚ ਨਾ ਪਹੁੰਚਾਏ, ਕਿਉਂਕਿ ਇਹ ਜੀਵਾਤਮਾ ਆਪ ਹੀ ਆਪਣਾ ਮਿੱਤਰ ਵੀ ਹੈ ਅਤੇ ਇਹੋ ਆਪਣਾ ਵੈਰੀ ਵੀ ਹੈ। ਇਹ ਵੈਰੀ ਕਦੋਂ ਹੁੰਦਾ ਹੈ ਅਤੇ ਮਿੱਤਰ ਕਦੋਂ? ਇਸਤੇ ਕਹਿੰਦੇ ਹਨ –

**बन्धुरात्मात्मनस्तस्य येनात्मैवात्मना जित:।**
**अनात्मनस्तु शत्रुत्वे वर्तेतात्मैव शत्रुवत्।।६।।**

ਜਿਸ ਜੀਵਾਤਮਾ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਜਿੱਤਿਆ ਹੋਇਆ ਹੈ, ਉਸ ਲਈ ਉਸੇ ਦਾ ਜੀਵਾਤਮਾ ਮਿੱਤਰ ਹੈ, ਅਤੇ ਜਿਸਦੇ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਜਿੱਤਿਆ ਨਹੀਂ ਗਿਆ ਹੈ, ਉਸਦੇ ਲਈ ਉਹ ਜੀਵਾਤਮਾ ਖ਼ੁਦ ਹੀ ਵੈਰ ਵਿਚ ਚਲਦਾ ਹੈ।

ਇਹਨਾਂ ਦੋ ਸ਼ਲੋਕਾਂ ਵਿਚ ਸ਼੍ਰੀ ਕ੍ਰਿਸ਼ਣ ਇੱਕੋ ਗੱਲ ਕਹਿੰਦੇ ਹਨ ਕਿ ਆਪਣੇ ਦੁਆਰਾ ਆਪਣੇ ਆਤਮਾ ਦਾ ਉੱਧਾਰ ਕਰੋ, ਉਸਨੂੰ ਅਧੋਗਤਿ ਵਿਚ ਨਾ ਪਹੁੰਚਾਉ; ਕਿਉਂਕਿ ਆਤਮਾ ਹੀ ਮਿੱਤਰ ਹੈ। ਸ੍ਰਿਸ਼ਟੀ ਵਿਚ ਨਾ ਦੂਜਾ ਕੋਈ ਸ਼ਤਰੂ ਹੈ, ਨਾ ਮਿੱਤਰ। ਉਹ ਕਿਵੇਂ? ਜਿਸਦੇ ਦੁਆਰਾ ਮਨਸਹਿਤ ਇੰਦ੍ਰੀਆਂ ਜਿੱਤੀਆਂ ਹੋਈਆਂ ਹਨ, ਉਸਦੇ ਲਈ ਉਸੇ ਦਾ ਆਤਮਾ ਮਿੱਤਰ ਬਣਕੇ

ਮਿੱਤਰਤਾ ਵਿਚ ਚਲਦਾ ਹੈ, ਪਰਮ ਕਲਿਆਨ ਕਰਨ ਵਾਲਾ ਹੁੰਦਾ ਹੈ, ਅਤੇ ਜਿਸਦੇ ਦੁਆਰਾ ਮਨਸਹਿਤ ਇੰਦ੍ਰੀਆਂ ਨਹੀਂ ਜਿੱਤੀਆਂ ਗਈਆਂ ਹਨ, ਉਸਦੇ ਲਈ ਉਸੇ ਦਾ ਆਤਮਾ ਸ਼ਤਰੂ ਬਣਕੇ ਸ਼ਤਰੂਤਾ ਵਿਚ ਵਰਤਦਾ ਹੈ, ਨੀਚ ਯੋਨੀਆਂ ਅਤੇ ਸੰਕਟਾਂ ਵਲ ਲੈ ਜਾਂਦਾ ਹੈ। ਅਕਸਰ ਲੋਕੀਂ ਕਹਿੰਦੇ ਹਨ – **'ਮੈਂ ਤਾ ਆਤਮਾ ਹਾਂ।'** ਗੀਤਾ ਵਿਚ ਲਿਖਿਆ ਹੈ – ''ਨਾ ਇਸਨੂੰ ਸ਼ਸਤ੍ਰ ਕਟ ਸਕਦਾ ਹੈ, ਨਾ ਅਗਨੀ ਜਲਾ ਸਕਦਾ ਹੈ, ਨਾ ਵਾਯੂ ਸੁਕਾ ਸਕਦਾ ਹੈ। ਇਹ ਨਿੱਤ ਹੈ, ਅੰਮ੍ਰਿਤ ਸਵਰੂਪ ਹੈ, ਨਾ ਬਦਲਣ ਵਾਲਾ ਹੈ, ਸ਼ਾਸ਼ਵਤ ਹੈ ਅਤੇ ਉਹ ਆਤਮਾ ਮੇਰੇ ਵਿਚ ਹੀ ਹੈ।'' ਉਹ ਗੀਤਾ ਦੀਆਂ ਇਹਨਾਂ ਪੰਗਤੀਆਂ ਤੇ ਧਿਆਨ ਨਹੀਂ ਦੇਂਦੇ ਕਿ ਆਤਮਾ ਅਧੋਗਤੀ ਨੂੰ ਵੀ ਜਾਂਦਾ ਹੈ। ਆਤਮਾ ਦਾ ਉੱਧਾਰ ਵੀ ਹੁੰਦਾ ਹੈ, ਜਿਸਦੇ ਲਈ **'कार्यम् कर्म'–** ਕਰਨ ਯੋਗ ਪ੍ਰਕ੍ਰਿਆ ਦਸੀ ਗਈ ਹੈ। ਹੁਣ ਅਨੁਕੂਲ ਆਤਮਾ ਦੇ ਲੱਛਣ ਵੇਖੀਏ –

**जितात्मन: प्रशान्तस्य परमात्मा समाहित:।**
**शीतोष्णसुखदु:खेषु तथा मानापमानयो: ।।੭।।**

ਸਰਦੀ–ਗਰਮੀ, ਸੁਖ–ਦੁਖ ਅਤੇ ਮਾਨ–ਅਪਮਾਨ ਵਿਚ ਜਿਸਦੇ ਅੰਤਰਮਨ ਦੀਆਂ ਬਿਰਤੀਆਂ ਭਲੀ–ਭਾਂਤ ਸ਼ਾਂਤ ਹਨ, ਐਸੇ ਸਵਾਧੀਨ ਆਤਮਾ ਵਾਲੇ ਪੁਰਸ਼ ਵਿਚ ਪਰਮਾਤਮਾ ਸਦਾ ਸਥਿਤ ਹੈ, ਕਦੇ ਵੱਖ ਨਹੀਂ ਹੁੰਦਾ। ਜਿੱਤਾਤਮਾ ਅਰਥਾਤ ਜਿਸਨੇ ਮਨਸਹਿਤ ਇੰਦ੍ਰੀਆਂ ਨੂੰ ਜਿੱਤ ਲਿਆ ਹੈ, ਬਿਰਤੀ ਪਰਮਸ਼ਾਂਤੀ ਵਿਚ ਪ੍ਰਵਾਹਿਤ ਹੋ ਗਈ ਹੈ। (ਇਹੋ ਆਤਮਾ ਦੇ ਉੱਧਾਰ ਦੀ ਅਵਸਥਾ ਹੈ)। ਅੱਗੇ ਕਹਿੰਦੇ ਹਨ –

**ज्ञानविज्ञानतृप्तात्मा कूटस्थो विजितेन्द्रिय:।**
**युक्त इत्युच्यते योगी समलोष्टाश्मकांचन: ।।੮।।**

ਜਿਸਦਾ ਅੰਤਰਮਨ ਗਿਆਨ–ਵਿਗਿਆਨ ਨਾਲ ਤ੍ਰਿਪਤ ਹੈ, ਜਿਸਦੀ ਸਥਿਤੀ ਅਚਲ, ਸਥਿਰ, ਵਿਕਾਰ ਰਹਿਤ ਹੈ, ਜਿਸਨੇ ਇੰਦ੍ਰੀਆਂ ਨੂੰ ਵਿਸ਼ੇਸ਼ ਰੂਪ ਨਾਲ ਜਿੱਤ ਲਿਆ ਹੈ, ਜਿਸਦੀ ਦ੍ਰਿਸ਼ਟੀ ਵਿਚ ਮਿੱਟੀ–ਪੱਥਰ ਅਤੇ ਸੋਨਾ ਇਕ ਸਮਾਨ ਹੈ – ਐਸਾ ਯੋਗੀ 'ਯੁਕਤ' ਕਿਹਾ ਜਾਂਦਾ ਹੈ। 'ਯੁਕਤ' ਦਾ ਅਰਥ ਹੈ – ਯੋਗ ਨਾਲ ਸੰਯੁਕਤ। ਇਹ ਯੋਗ ਦੀ ਪਰਾਕਾਸ਼ਠਾ ਹੈ, ਜਿਸਨੂੰ ਯੋਗੇਸ਼ਵਰ ਪੰਜਵੇਂ ਅਧਿਆਇ ਵਿਚ ਸ਼ਲੋਕ ਸੱਤ ਤੋਂ ਬਾਰਾਂ ਤਕ ਦਸ ਆਏ ਹਨ। ਪਰਮਤੱਤ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਅਤੇ ਉਸਦੇ ਨਾਲ ਹੋਣ ਵਾਲੀ ਜਾਣਕਾਰੀ ਗਿਆਨ ਹੈ। ਰੱਤੀਭਰ ਵੀ ਇਸ਼ਟ ਤੋਂ ਦੂਰੀ ਹੈ, ਜਾਣਨ ਦੀ ਇੱਛਾ ਬਣੀ ਹੈ, ਤਦ ਤਕ ਉਹ ਅਗਿਆਨੀ ਹੈ। ਉਹ ਪ੍ਰੇਰਕ ਕਿਵੇਂ ਸਰਬ–ਵਿਆਪਤ ਹੈ ? ਕਿਵੇਂ ਪ੍ਰੇਰਨਾ ਦੇਂਦਾ ਹੈ ? ਕਿਵੇਂ ਅਨੇਕ ਆਤਮਾਵਾਂ ਦਾ ਇਕ ਸਾਥ ਮਾਰਗਦਰਸ਼ਨ ਕਰਦਾ ਹੈ ? ਕਿਵੇਂ ਉਹ ਭੂਤ, ਭਵਿੱਖ ਅਤੇ ਵਰਤਮਾਨ ਦਾ ਗਿਆਤਾ ਹੈ ? ਉਸ ਪ੍ਰੇਰਕ ਇਸ਼ਟ ਦੀ ਕਾਰਜ–ਪ੍ਰਣਾਲੀ ਦਾ ਗਿਆਨ ਹੀ 'ਵਿਗਿਆਨ' ਹੈ। ਜਿਸ ਦਿਨ ਤੋਂ ਹਿਰਦੇ ਵਿਚ ਇਸ਼ਟ ਦਾ ਆਗਮਨ ਹੁੰਦਾ ਹੈ, ਉਸੇ ਦਿਨ ਤੋਂ ਉਹ ਨਿਰਦੇਸ਼ ਦੇਣ ਲਗਦਾ ਹੈ, ਪਰ ਆਰੰਭ ਵਿਚ ਸਾਧਕ ਸਮਝ ਨਹੀਂ ਪਾਉਂਦਾ। ਪਰਾਕਾਸ਼ਠਾ–ਕਾਲ ਵਿਚ ਹੀ ਯੋਗੀ ਉਹਨਾਂ ਦੀ ਅੰਦਰੂਨੀ ਕਾਰਜ–ਪ੍ਰਣਾਲੀ ਨੂੰ ਪੂਰਾ ਸਮਝ ਸਕਦਾ ਹੈ। ਇਹੋ ਸਮਝ ਵਿਗਿਆਨ ਹੈ। ਯੋਗ–ਆਰੂੜ ਅਥਵਾ ਯੁਕਤ ਪੁਰਸ਼ ਦਾ ਅੰਤਰਮਨ ਗਿਆਨ–ਵਿਗਿਆਨ ਨਾਲ ਤ੍ਰਿਪਤ ਰਹਿੰਦਾ ਹੈ। ਇਸੇ ਤਰ੍ਹਾਂ ਯੋਗਯੁਕਤ ਪੁਰਸ਼ ਦੀ ਸਥਿਤੀ ਦਾ ਨਿਰੂਪਣ ਕਰਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਫੇਰ ਕਹਿੰਦੇ ਹਨ –

**सुहृन्मित्रार्युदासीनमध्यस्थद्वेष्यबन्धुषु।**
**साधुष्वपि च पापेषु समबुद्धिर्विशिष्यते।।९।।**

ਪ੍ਰਾਪਤੀ ਦੇ ਬਾਅਦ ਮਹਾਪੁਰਸ਼ ਸਮਦਰਸ਼ੀ ਅਤੇ ਸਮਵਰਤੀ (ਸਮ ਵਿਚ ਵਰਤਣ ਵਾਲਾ) ਹੁੰਦਾ ਹੈ। ਜਿਵੇਂ ਪਿਛਲੇ ਸ਼ਲੋਕ ਵਿਚ ਉਹਨਾਂ ਨੇ ਦਸਿਆ ਕਿ ਜੋ ਪੂਰਨ ਗਿਆਤਾ ਜਾਂ ਪੰਡਿਤ ਹੈ, ਉਹ ਵਿਦਿਆ-ਵਿਨੈ ਸੰਪਨ ਬ੍ਰਾਹਮਣ ਵਿਚ, ਚੰਡਾਲ ਵਿਚ, ਗਊ-ਕੁੱਤੇ-ਹਾਥੀ ਵਿਚ ਸਮਾਨ ਦ੍ਰਿਸ਼ਟੀ ਵਾਲਾ ਹੁੰਦਾ ਹੈ - ਉਸੇ ਦਾ ਪੂਰਕ ਇਹ ਸ਼ਲੋਕ ਹੈ। ਉਹ ਹਿਰਦੇ ਤੋਂ ਸਹਾਇਤਾ ਕਰਨ ਵਾਲੇ ਸੱਜਣ, ਮਿੱਤਰ, ਵੈਰੀ, ਉਦਾਸੀਨ, ਦ੍ਵੇਸ਼ੀ, ਆਪਣੇ, ਪਰਮਾਤਮਾ ਅਤੇ ਪਾਪੀਆਂ ਵਿਚ ਵੀ ਸਮਾਨ ਦ੍ਰਿਸ਼ਟੀ ਰੱਖਣ ਵਾਲਾ ਯੋਗਯੁਕਤ ਪੁਰਸ਼ ਅਤਿ ਸ਼੍ਰੇਸ਼ਠ ਹੈ। ਉਹ ਉਹਨਾਂ ਦੇ ਕੰਮਾਂ ਉਤੇ ਨਜ਼ਰ ਨਹੀਂ ਰੱਖਦਾ, ਬਲਕਿ ਉਸਦੀ ਨਜ਼ਰ ਉਹਨਾਂ ਦੇ ਅੰਦਰ ਆਤਮਾ ਦੇ ਸੰਚਾਰ ਉਤੇ ਹੀ ਪੈਂਦੀ ਹੈ। ਉਹਨਾਂ ਸਾਰਿਆਂ ਵਿਚ ਉਹ ਸਿਰਫ਼ ਏਨ੍ਹਾਂ ਫ਼ਰਕ ਵੇਖਦਾ ਹੈ ਕਿ ਕੋਈ ਕੁਝ ਹੇਠਲੀ ਪਉੜੀ ਤੇ ਖੜ੍ਹਾ ਹੈ, ਤਾਂ ਕੋਈ ਨਿਰਮਲਤਾ ਦੇ ਕੋਲ ਹੈ, ਪਰ ਉਹ ਸਮੱਰਥਾ ਸਾਰਿਆਂ ਵਿਚ ਹੈ। ਇੱਥੇ ਯੋਗਯੁਕਤ ਦੇ ਲੱਛਣ ਫੇਰ ਦੁਹਰਾਏ ਗਏ।

ਕੋਈ ਯੋਗਯੁਕਤ ਕਿਵੇਂ ਬਣਦਾ ਹੈ? ਉਹ ਕਿਵੇਂ ਯੱਗ ਕਰਦਾ ਹੈ? ਯੱਗ ਦਾ ਸਥਾਨ ਕਿਸ ਤਰ੍ਹਾਂ ਦਾ ਹੋਵੇ? ਆਸਨ ਕਿਸ ਤਰ੍ਹਾਂ ਦਾ ਹੋਵੇ? ਉਸ ਸਮੇਂ ਕਿਵੇਂ ਬੈਠਿਆ ਜਾਏ? ਕਰਤਾ ਕਿਹੜੇ ਨਿਯਮਾਂ ਦਾ ਪਾਲਨ ਕਰੇ? ਆਹਾਰ-ਵਿਹਾਰ, ਸੌਣ-ਜਾਗਣ ਦਾ ਸੰਜਮ ਅਤੇ ਕਰਮ ਦਾ ਕਿਹੜਾ ਉੱਦਮ ਕਰੇ? - ਇਹਨਾਂ ਗੱਲਾਂ ਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਅਗਲੇ ਪੰਜ ਸ਼ਲੋਕਾਂ ਵਿਚ ਪ੍ਰਕਾਸ਼ ਪਾਇਆ ਹੈ, ਜਿਸ ਨਾਲ ਤੁਸੀਂ ਵੀ ਉਸ ਯੱਗ ਨੂੰ ਸੰਪੂਰਣ ਕਰ ਸਕੋ।

ਅਧਿਆਇ ਤਿੰਨ ਵਿਚ ਉਹਨਾਂ ਨੇ ਯੱਗ ਦਾ ਨਾਮ ਲਿਆ ਅਤੇ ਦਸਿਆ ਕਿ ਯੱਗ ਦੀ ਪ੍ਰਕ੍ਰਿਆ ਹੀ ਉਹ ਨਿਰਧਾਤ ਕਰਮ ਹੈ। ਅਧਿਆਇ ਚਾਰ ਵਿਚ ਉਹਨਾਂ ਨੇ ਯੱਗ ਦਾ ਸਵਰੂਪ ਵਿਸਤਾਰ ਨਾਲ ਦਸਿਆ, ਜਿਸ ਵਿਚ ਪ੍ਰਾਣ ਦਾ ਅਪਾਨ ਵਿਚ ਹਵਨ, ਅਪਾਨ ਦਾ ਪ੍ਰਾਣ ਵਿਚ ਹਵਨ, ਪ੍ਰਾਣ-ਅਪਾਨ ਦੀ ਗਤੀ ਰੋਕਕੇ ਮਨ ਦਾ ਵਿਰੋਧ ਆਦਿ ਕੀਤਾ ਜਾਂਦਾ ਹੈ। ਸਭ ਮਿਲਕੇ ਯੱਗ ਦਾ ਸ਼ੁੱਧ ਅਰਥ ਹੈ ਆਰਾਧਨਾ ਅਤੇ ਆਰਾਧਦੇਵ ਤਕ ਦੀ ਦੂਰੀ ਤੈ ਕਰਾਉਣ ਵਾਲੀ ਪ੍ਰਕ੍ਰਿਆ, ਜਿਸਦੇ ਬਾਰੇ ਪੰਜਵੇਂ ਅਧਿਆਇ ਵਿਚ ਵੀ ਦਸਿਆ। ਪਰ ਉਸਦੇ ਲਈ ਆਸਨ, ਸਥਾਨ, ਕਰਨ ਦੀ ਵਿਧੀ ਆਦਿ ਦਾ ਚਿਤ੍ਰਣ ਬਾਕੀ ਸੀ। ਉਸੇ ਉਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਇੱਥੇ ਪ੍ਰਕਾਸ਼ ਪਾਉਂਦੇ ਹਨ।

**योगी युञ्जत सततमात्मानं रहसि स्थित:।**
**एकाकी यतचित्तात्मा निराशीरपरिग्रह:।।१०।।**

ਚਿੱਤ ਨੂੰ ਜਿੱਤਣ ਵਿਚ ਲਗਿਆ ਹੋਇਆ ਯੋਗੀ ਮਨ, ਇੰਦ੍ਰੀਆਂ ਅਤੇ ਸਰੀਰ ਨੂੰ ਵੱਸ ਵਿਚ ਰੱਖਕੇ, ਵਾਸਨਾ ਅਤੇ ਸੰਗ੍ਰਹਿ-ਰਹਿਤ ਹੋਕੇ, ਏਕਾਂਤ ਸਥਾਨ ਵਿਚ ਇਕੱਲਿਆਂ ਹੀ ਚਿੱਤ ਨੂੰ (ਆਤਮਾ ਦੀ ਉਪਲਬਧੀ ਕਰਾਉਣ ਵਾਲੀ) ਯੋਗ-ਕ੍ਰਿਆ ਵਿਚ ਲਗਾਏ। ਉਸਦੇ ਲਈ ਸਥਾਨ ਕਿਸ ਤਰ੍ਹਾਂ ਦਾ ਹੋਵੇ? ਆਸਨ ਕਿਸ ਤਰ੍ਹਾਂ ਦਾ ਹੋਵੇ?

**शुचौ देशे प्रतिष्ठाप्य स्थिरमासनमात्मनः।**
**नात्युच्छ्रितं नातिनीचं चैलाजिनकुशोत्तरम्।।११।।**

ਸ਼ੁਧ ਜ਼ਮੀਨ ਉਤੇ ਕੁਸ਼ (ਘਾਹ), ਮ੍ਰਿਗਛਾਲ, ਵਸਤਰ ਜਾਂ ਇਸ ਕਿਸਮ ਦੀ ਚੀਜ (ਰੇਸ਼ਮੀ, ਉਨੀ, ਤਖਤ ਆਦਿ ਕੁਝ ਵੀ) ਵਿਛਾਕੇ ਆਪਣੇ ਆਸਨ ਨੂੰ ਨਾ ਬਹੁਤ ਉੱਚਾ ਨਾ ਨੀਵਾਂ, ਸਥਿਰ ਸਥਾਪਿਤ ਕਰੇ। ਸ਼ੁਧ ਭੂਮੀ ਜਾਂ ਜ਼ਮੀਨ ਦਾ ਮਤਲਬ ਹੈ ਉਸਨੂੰ ਝਾੜੂ ਆਦਿ ਨਾਲ ਸਾਫ਼-ਸੁਥਰਾ ਕਰਨਾ, ਜ਼ਮੀਨ ਉਤੇ ਕੁਝ ਵਿਛਾ ਲੈਣਾ ਚਾਹੀਦਾ ਹੈ - ਚਾਹੇ ਮ੍ਰਿਗਛਾਲ ਹੋਵੇ ਜਾਂ ਚਟਾਈ ਜਾਂ ਕੋਈ ਵੀ ਵਸਤਰ, ਤਖਤ ਜੋ ਵੀ ਮਿਲ ਜਾਏ ਵਿਛਾ ਲੈਣਾ ਚਾਹੀਦਾ ਹੈ। ਆਸਨ ਹਿਲਣ-ਡੁਲਣ ਵਾਲਾ ਨਾ ਹੋਵੇ। ਨਾ ਜ਼ਮੀਨ ਤੋਂ ਬਹੁਤ ਉੱਚਾ ਹੋਵੇ ਅਤੇ ਨਾ ਇਕਦਮ ਨੀਵਾਂ। 'ਪੂਜ ਮਹਾਰਾਜ ਜੀ' ਲਗਭਗ ਪੰਜ ਇੰਚ ਉੱਚੇ ਆਸਨ ਉਤੇ ਬੈਠਦੇ ਸਨ। ਇਕ ਵਾਰ ਭਗਤਾਂ ਨੇ ਲਗਭਗ ਇਕ ਫੁਟ ਉੱਚਾ ਸੰਗਮਰਮਰ ਦਾ ਇਕ ਤਖ਼ਤ ਮੰਗਾ ਦਿਤਾ, ਮਹਾਰਾਜਜੀ ਇਕ ਦਿਨ ਤਾਂ ਬੈਠੇ ਫੇਰ ਬੋਲੇ - ''ਨਹੀਂ ਓਏ! ਬਹੁਤ ਉੱਚਾ ਹੋ ਗਿਆ ਏ! ਉੱਚਿਆਂ ਨਹੀਂ ਬੈਠਣਾ ਚਾਹੀਦਾ ਸਾਧੂ ਨੂੰ! ਅਭਿਮਾਨ ਹੋ ਜਾਇਆ ਕਰਦਾ ਏ! ਹੇਠ ਵੀ ਨਹੀ ਬੈਠਣਾ ਚਾਹੀਦਾ, ਹੀਨਤਾ ਆਉਂਦੀ ਏ; ਖ਼ੁਦ ਤੋਂ ਘਿਰਣਾ ਆਉਂਦੀ ਏ।'' ਬਸ ਉਸ ਤਖ਼ਤ ਨੂੰ ਚੁਕਵਾਇਆ ਅਤੇ ਜੰਗਲ ਵਿਚ ਇਕ ਬਗੀਚਾ ਸੀ, ਉੱਥੇ ਰੱਖਵਾ ਦਿਤਾ। ਉੱਥੇ ਨਾ ਕਦੇ ਮਹਾਰਾਜਜੀ ਜਾਂਦੇ ਸਨ, ਨਾ ਹੁਣ ਵੀ ਕੋਈ ਜਾਂਦਾ ਹੈ। ਇਹ ਸੀ ਉਸ ਮਹਾਪੁਰਸ਼ ਦੀ ਕ੍ਰਿਆਤਮਕ ਸਿਖਿਆ। ਇਸੇ ਤਰ੍ਹਾਂ ਸਾਧਕ ਲਈ ਵੀ ਬਹੁਤ ਉੱਚਾ ਆਸਨ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਭਜਨ ਪੂਰਾ ਬਾਅਦ ਨੂੰ ਹੋਏਗਾ, ਅਹੰਕਾਰ ਪਹਿਲਾਂ ਚੜ੍ਹ ਬੈਠੇਗਾ। ਇਸਦੇ ਬਾਅਦ-

**तत्रैकाग्रं मनः कृत्वा यतचित्तेन्द्रियक्रियः।**
**उपविश्यासने युञ्ज्याद्योगमात्मविशुद्धये।।१२।।**

ਉਸ ਆਸਨ ਤੇ ਬੈਠਕੇ (ਬੈਠਕੇ ਹੀ ਗਿਆਨ ਕਰਨ ਦਾ ਵਿਧਾਨ ਹੈ), ਮਨ ਨੂੰ ਇਕਾਗਰ ਕਰਕੇ, ਚਿੱਤ ਅਤੇ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਵੱਸ ਵਿਚ ਰੱਖਦੇ ਹੋਏ ਅੰਤਰਮਨ ਦੀ ਸ਼ੁੱਧੀ ਲਈ ਯੋਗ-ਅਭਿਆਸ ਕਰੋ। ਹੁਣ ਬਹਿਣ ਦਾ ਤਰੀਕਾ ਦਸਦੇ ਹਨ -

**समं कायशिरोग्रीवं धारयन्नचलं स्थिरः।**
**संप्रेक्ष्य नासिकाग्रं स्वं दिशश्चानवलोकयन्।।१३।।**

ਸਰੀਰ, ਗਰਦਨ ਅਤੇ ਸਿਰ ਨੂੰ ਸਿੱਧਾ, ਅਚਲ, ਸਥਿਰ ਕਰਕੇ (ਜਿਵੇਂ ਕੋਈ ਪਟਰੀ ਖੜ੍ਹੀ ਕਰ ਦਿਤੀ ਗਈ ਹੋਵੇ) ਇਸ ਤਰ੍ਹਾਂ, ਸਿੱਧੇ, ਦ੍ਰਿੜ ਹੋਕੇ, ਬੈਠ ਜਾਉ ਅਤੇ ਆਪਣੇ ਨੱਕ ਦੇ ਅਗਲੇ ਹਿੱਸੇ ਨੂੰ ਦੇਖਕੇ (ਨੱਕ ਦੇ ਸਿਰੇ ਨੂੰ ਵੇਖਣ ਦਾ ਨਿਰਦੇਸ਼ ਨਹੀਂ ਹੈ, ਬਲਕਿ ਸਿੱਧੇ ਬੈਠਣ ਤੇ ਨੱਕ ਦੀ ਸੇਧ ਵਿਚ ਜਿੱਥੇ ਨਜ਼ਰ ਪੈਂਦੀ ਹੈ, ਉਥੇ ਹੀ ਟਿਕਾਉ, ਸੱਜੇ-ਖੱਬੇ ਵੇਖਣ ਦੀ ਚੰਚਲਤਾ ਨਾ ਰਹੇ) ਹੋਰ ਦਿਸ਼ਾਵਾਂ ਨੂੰ ਨਾ ਵੇਖਦੇ ਹੋਏ ਸਥਿਰ ਹੋਕੇ ਬੈਠੋ ਅਤੇ -

**प्रशान्तात्मा विगतभीर्ब्रह्मचारिव्रते स्थितः।**
**मनः संयम्य मच्चित्तो 'क्त आसीत मत्परः।।१४।।**

ਬ੍ਰਹਮਚਰਿਅ ਵਰਤ ਵਿਚ ਸਥਿਰ ਹੋਕੇ (ਅਕਸਰ ਲੋਕੀਂ ਕਹਿੰਦੇ ਹਨ ਕਿ ਜਣਨ-ਇੰਦ੍ਰੀ ਦਾ ਸੰਜਮ ਬ੍ਰਹਮਚਰਿਅ ਵਰਤ ਹੈ; ਪਰ ਮਹਾਪੁਰਸ਼ਾਂ ਦਾ ਅਨੁਭਵ ਹੈ ਕਿ ਮਨ ਵਿਚ ਵਿਸ਼ਿਆਂ ਦਾ ਖ਼ਿਆਲ ਕਰਕੇ, ਅੱਖਾਂ ਨਾਲ ਉਸ ਤਰ੍ਹਾਂ ਦੇ ਦ੍ਰਿਸ਼ ਵੇਖਕੇ, ਤ੍ਵਚਾ ਨਾਲ ਛੋਹਕੇ, ਕੰਨਾਂ ਨਾਲ ਕਾਮ-ਉਤੇਜਕ ਸ਼ਬਦ ਸੁਣਕੇ ਜਣਨ-ਇੰਦ੍ਰੀ ਦਾ ਸੰਜਮ ਸੰਭਵ ਨਹੀਂ ਹੈ। ਬ੍ਰਹਮਚਾਰੀ ਦਾ ਅਸਲੀ ਅਰਥ ਹੈ-**'ब्रह्म आचारति स ब्रह्मचारी'** ਬ੍ਰਹਮ ਦਾ ਆਚਰਣ ਕਰਨ ਵਾਲਾ, ਬ੍ਰਹਮ ਦਾ ਆਚਰਣ ਹੈ ਨਿਰਧਾਰਿਤ ਕਰਮ, ਯੱਗ ਦੀ ਪ੍ਰਕ੍ਰਿਆ, ਜਿਸਨੂੰ ਕਰਨ ਵਾਲੇ-**'यान्ति ब्रह्म सनातनम्'**- ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦੇ ਹਨ। ਇਸਨੂੰ ਕਰਦੇ ਸਮੇਂ -**'स्पर्शान्कृत्वा बहिर्बाह्यान्'**- ਬਾਹਰ ਦੇ ਸਪਰਸ਼, ਮਨ ਅਤੇ ਸਾਰੀਆਂ ਇੰਦ੍ਰੀਆਂ ਦੇ ਸਪਰਸ਼ ਬਾਹਰ ਹੀ ਤਿਆਗਕੇ, ਚਿੱਤ ਨੂੰ ਬ੍ਰਹਮ-ਚਿੰਤਨ ਵਿਚ, ਸੁਆਸ-ਪ੍ਰਸੁਆਸ ਵਿਚ, ਧਿਆਨ ਵਿਚ ਲਗਾਉਣਾ ਹੈ। ਮਨ ਬ੍ਰਹਮ ਵਿਚ ਲਗਿਆ ਹੈ, ਤਾਂ ਬਾਹਰੀ-ਵਿਚਾਰ ਕੌਣ ਕਰੇ ? ਜੇ ਬਾਹਰੀ-ਵਿਚਾਰ ਹੈ, ਤਾਂ ਅਜੇ ਮਨ ਲਗਿਆ ਕਿੱਥੇ ? ਵਿਕਾਰ ਸਰੀਰ ਵਿਚ ਨਹੀਂ, ਮਨ ਦੀਆਂ ਤਰੰਗਾਂ ਵਿਚ ਰਹਿੰਦੇ ਹਨ। ਮਨ ਬ੍ਰਹਮ ਆਚਰਣ ਵਿਚ ਲਗਿਆ ਹੈ ਤਾਂ ਜਣਨ-ਇੰਦ੍ਰੀ ਦਾ ਸੰਜਮ ਹੀ ਨਹੀਂ, ਸਗੋਂ ਸਾਰੀਆਂ ਇੰਦ੍ਰੀਆਂ ਦਾ ਸੰਜਮ ਵੀ ਸੁਭਾਵਕ ਹੋ ਜਾਂਦਾ ਹੈ। ਇਸ ਲਈ ਬ੍ਰਹਮ ਦੇ ਆਚਰਣ ਵਿਚ ਸਥਿਤ ਰਹਿਕੇ, ਭੈ ਰਹਿਤ ਅਤੇ ਚੰਗੀ ਤਰ੍ਹਾਂ ਸ਼ਾਂਤ ਅੰਤਰਮਨ ਵਾਲਾ, ਮਨ ਨੂੰ ਧੀਰਜ ਪੂਰਵਕ ਰੱਖਦੇ ਹੋਏ, ਮੇਰੇ ਵਿਚ ਲਗੇ ਹੋਏ ਚਿੱਤ ਨਾਲ ਯੁਕਤ, ਮੇਰੇ ਪਰਾਇਣ (ਸ਼ਰਧਾਲੂ) ਹੋਕੇ ਸਥਿਤ ਹੋਵੇ। ਐਸਾ ਕਰਨ ਦਾ ਪਰਿਣਾਮ ਕੀ ਹੋਏਗਾ ?

**युञ्जन्नेवं सदात्मानं योगी नियतमानसः।**
**शान्तिं निर्वाणपरमां मत्संस्थामधिगच्छति।।१५।।**

ਇਸ ਤਰ੍ਹਾਂ ਆਪਣੇ ਆਪ ਨੂੰ ਨਿਰੰਤਰ ਉਸੇ ਚਿੰਤਨ ਵਿਚ ਲਗਾਉਂਦੇ ਹੋਏ, ਧੀਰਜ ਮਨ ਵਾਲਾ ਯੋਗੀ ਮੇਰੇ ਵਿਚ ਸਥਿਤਿਰੂਪੀ ਪਰਾਕਾਸ਼ਠਾ ਵਾਲੀ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਆਪਣੇ ਆਪ ਨੂੰ ਨਿਰੰਤਰ ਕਰਮ ਵਿਚ ਲਗਾਉ। ਇਥੇ ਇਹ ਪ੍ਰਸ਼ਨ ਲਗਭਗ ਪੂਰਾ ਹੋ ਗਿਆ ਹੈ। ਅਗਲੇ ਦੋ ਸ਼ਲੋਕਾਂ ਵਿਚ ਉਹ ਦਸਦੇ ਹਨ ਕਿ ਪਰਮ ਆਨੰਦ ਵਾਲੀ ਸ਼ਾਂਤੀ ਲਈ ਸਰੀਰਕ ਸੰਜਮ, ਯੁਕਤ-ਆਹਾਰ-ਵਿਹਾਰ ਵੀ ਜ਼ਰੂਰੀ ਹੈ -

**नात्यश्नतस्तु योगोऽस्ति न चैकान्तमनश्नतः।**
**न चाति स्वप्नशीलस्य जाग्रतो नैव चार्जुन।।१६।।**

ਅਰਜੁਨ! ਇਹ ਯੋਗ ਨਾ ਤਾਂ ਜ਼ਿਆਦਾ ਖਾਣ ਵਾਲੇ ਦਾ ਸਿੱਧ ਹੁੰਦਾ ਹੈ ਅਤੇ ਨਾ ਹੀ ਬਿਲਕੁਲ ਨਾ ਖਾਣ ਵਾਲੇ ਦਾ। ਨਾਂ ਜ਼ਿਆਦਾ ਸੌਣ ਵਾਲੇ ਦਾ ਅਤੇ ਨਾ ਹੀ ਜ਼ਿਆਦਾ ਜਾਗਣ ਵਾਲੇ ਦਾ ਸਿੱਧ ਹੁੰਦਾ ਹੈ। ਤਾਂ ਕਿਸਦਾ ਸਿੱਧ ਹੁੰਦਾ ਹੈ ?

**युक्ताहारविहारस्य युक्तचेष्टस्य कर्मसु।**
**युक्तस्वप्नावबोधस्य योगो भवति दुःखहा।।१७।।**

ਦੁਖਾਂ ਦਾ ਨਾਸ਼ ਕਰਨ ਵਾਲਾ ਯੋਗ ਉਚਿਤ ਆਹਾਰ-ਵਿਹਾਰ, ਕਰਮਾਂ ਵਿਚ ਉਚਿਤ ਉੱਦਮ ਅਤੇ ਸੰਤੁਲਿਤ ਸੌਂਣ ਜਾਗਣ ਵਾਲੇ ਦਾ ਹੀ ਪੂਰਾ ਹੁੰਦਾ ਹੈ। ਜ਼ਿਆਦਾ ਭੋਜਨ ਕਰਨ ਨਾਲ ਆਲਸ,

ਨੀਂਦ ਅਤੇ ਗਫ਼ਲਤ ਘੇਰਣਗੇ-ਤਾਂ ਸਾਧਨਾ ਨਹੀਂ ਹੋਏਗੀ। ਭੋਜਨ ਛੱਡ ਦੇਣ ਨਾਲ ਇੰਦ੍ਰੀਆਂ ਦੁਰਬਲ ਹੋ ਜਾਣਗੀਆਂ, ਅਚਲ-ਸਥਿਰ ਬੈਠਣ ਦੀ ਸਮਰਥਾ ਨਹੀਂ ਰਹੇਗੀ। 'ਪੂਜ ਮਹਾਰਾਜ ਜੀ' ਕਹਿੰਦੇ ਸਨ ਕਿ ਖ਼ੁਰਾਕ ਤੋਂ ਡੇਡ-ਦੋ ਰੋਟੀਆਂ ਘੱਟ ਖਾਣੀਆਂ ਚਾਹੀਦੀਆਂ ਹਨ। ਵਿਹਾਰ ਅਰਥਾਤ ਸਾਧਨਾ ਦੇ ਅਨੁਕੂਲ ਰਹਿਣੀ-ਬਹਿਣੀ, ਕੁਝ ਮਿਹਨਤ ਵੀ ਕਰਦੇ ਰਹਿਣਾ ਚਾਹੀਦਾ ਹੈ, ਕੋਈ ਕੰਮ ਲੱਭ ਲੈਣਾ ਚਾਹੀਦਾ ਹੈ, ਨਹੀਂ ਤਾਂ ਖ਼ੂਨ ਦਾ ਦੌਰਾ ਢਿੱਲਾ ਪੈ ਜਾਏਗਾ, ਰੋਗ ਘੇਰ ਲੈਣਗੇ। ਸੌਣ ਅਤੇ ਜਾਗਣ, ਆਹਾਰ ਅਤੇ ਅਭਿਆਸ ਨਾਲ ਉਮਰ ਵੱਧਦੀ-ਘਟਦੀ ਹੈ। 'ਮਹਾਰਾਜ ਜੀ' ਕਿਹਾ ਕਰਦੇ ਸਨ-''ਯੋਗੀ ਨੂੰ ਚਾਰ ਘੰਟੇ ਸੌਣਾ ਚਾਹੀਦਾ ਹੈ, ਅਤੇ ਨਿਰੰਤਰ ਚਿੰਤਨ ਵਿਚ ਲਗੇ ਰਹਿਣਾ ਚਾਹੀਦਾ ਹੈ। ਹੱਠ ਕਰਕੇ ਨਾ ਸੌਣ ਵਾਲੇ ਛੇਤੀ ਹੀ ਪਾਗਲ ਹੋ ਜਾਂਦੇ ਹਨ।'' ਕਰਮਾਂ ਵਿਚ ਉਚਿਤ ਉੱਦਮ ਵੀ ਹੋਵੇ ਅਰਥਾਤ ਨਿਰਧਾਰਤ ਕਰਮ ਆਰਾਧਨਾ ਦੇ ਅਨੁਰੂਪ ਨਿਰੰਤਰ ਯਤਨਸ਼ੀਲ ਰਹੋ। ਬਾਹਰੀ ਵਿਸ਼ਿਆਂ ਦਾ ਖ਼ਿਆਲ ਨਾ ਕਰਕੇ ਸਦਾ ਉਸੇ ਵਿਚ ਲਗੇ ਰਹਿਣ ਵਾਲੇ ਦਾ ਹੀ ਯੋਗ ਸਿੱਧ ਹੁੰਦਾ ਹੈ। ਇਸਦੇ ਨਾਲ ਹੀ -

**यदा विनियतं चित्तमात्मन्येवावतिष्ठते।**
**नि:स्पृहः सर्वकामेभ्यो युक्त इत्युच्यते तदा।।१८।।**

ਇਸ ਤਰ੍ਹਾਂ ਯੋਗ ਦੇ ਅਭਿਆਸ ਨਾਲ ਵਿਸ਼ੇਸ਼ ਰੂਪ ਨਾਲ ਵੱਸ ਕੀਤਾ ਹੋਇਆ ਚਿੱਤ ਜਿਸ ਸਮੇਂ ਪਰਮਾਤਮਾ ਵਿਚ ਚੰਗੀ ਤਰ੍ਹਾਂ ਸਥਿਤ ਹੋ ਜਾਂਦਾ ਹੈ, ਲੀਨ ਹੋ ਜਾਂਦਾ ਹੈ, ਉਸ ਸਮੇਂ ਸਾਰੀਆਂ ਕਾਮਨਾਵਾਂ ਤੋਂ ਰਹਿਤ ਹੋਇਆ ਪੁਰਸ਼ ਯੋਗਯੁਕਤ ਕਿਹਾ ਜਾਂਦਾ ਹੈ। ਹੁਣ ਵਿਸ਼ੇਸ਼, ਜਿੱਤੇ ਹੋਏ ਚਿੱਤ ਦੇ ਲੱਛਣ ਕੀ ਹਨ?

**यथा दीपो निवातस्थो नेंगते सोपमा स्मृता।**
**योगिनो यतचित्तस्य युञ्जतो योगमात्मनः।।१९।।**

ਜਿਸ ਤਰ੍ਹਾਂ ਹਵਾ ਰਹਿਤ ਥਾਂ ਵਿਚ ਰੱਖਿਆ ਗਿਆ ਦੀਵਾ ਚੰਚਲ ਨਹੀਂ ਹੁੰਦਾ, ਲਾਟ ਸਿਧੀ ਉੱਪਰ ਜਾਂਦੀ ਹੈ, ਉਸ ਵਿਚ ਕੰਪਨ ਨਹੀਂ ਹੁੰਦਾ, ਇਹੋ ਉਪਮਾ ਪਰਮਾਤਮਾ ਦੇ ਧਿਆਨ ਵਿਚ ਲਗੇ ਹੋਏ ਯੋਗੀ ਦੇ ਜਿੱਤੇ ਹੋਏ ਚਿੱਤ ਲਈ ਦਿਤੀ ਗਈ ਹੈ। ਦੀਵਾ ਤਾਂ ਇਕ ਉਦਾਹਰਣ ਹੈ। ਅੱਜ ਕੱਲ੍ਹ ਦੀਵੇ ਦਾ ਰਿਵਾਜ ਘੱਟ ਰਿਹਾ ਹੈ। ਅਗਰਬੱਤੀ ਜਾਂ ਧੂਪ ਜਲਾਉਣ ਤੇ ਵੀ ਧੂੰਆਂ ਸਿਧੇ ਉੱਪਰ ਜਾਂਦਾ ਹੈ, ਜੇ ਹਵਾ ਤੇਜ਼ ਨਾ ਚਲਦੀ ਹੋਵੇ। ਇਹ ਯੋਗੀ ਦੇ ਜਿੱਤੇ ਹੋਏ ਚਿੱਤ ਦਾ ਇਕ ਉਦਾਹਰਣ ਮਾਤਰ ਹੈ। ਚਿੱਤ ਭਾਵੇਂ ਜਿੱਤਿਆ ਹੈ, ਵਿਰੋਧ ਹੋ ਗਿਆ ਹੈ, ਪਰ ਅਜੇ ਚਿੱਤ ਬਾਕੀ ਹੈ। ਜਦ ਵਿਰੁੱਧ ਚਿੱਤ ਵੀ ਲੀਨ ਹੋ ਜਾਂਦਾ ਹੈ, ਤਾਂ ਕਿਹੜੀ ਵਿਭੂਤੀ (ਸਥਿਤੀ) ਮਿਲਦੀ ਹੈ? ਵੇਖੀਏ -

**यत्रोपरमते चित्तं निरुद्धं योगसेवया।**
**यत्र चैवात्मनात्मानं पश्यन्नात्मनि तुष्यति।।२०।।**

ਜਿਸ ਅਵਸਥਾ ਵਿਚ ਯੋਗ ਦੇ ਅਭਿਆਸ ਨਾਲ (ਬਿਨਾਂ ਅਭਿਆਸ ਦੇ ਕਦੇ ਵਿਰੋਧ ਨਹੀਂ ਹੋਵੇਗਾ, ਇਸ ਲਈ ਯੋਗ-ਅਭਿਆਸ ਨਾਲ) ਵਿਰੁੱਧ ਹੋਇਆ ਚਿੱਤ ਵੀ ਉਪਰਾਮ ਹੋ ਜਾਂਦਾ ਹੈ, ਸਮਾ ਜਾਂਦਾ ਹੈ, ਮਿਟ ਜਾਂਦਾ ਹੈ, ਉਸ ਅਵਸਥਾ ਵਿਚ -**'आत्मना'**- ਆਪਣੇ ਆਤਮਾ ਦੁਆਰਾ -**'आत्मानम्'**- ਪਰਮਾਤਮਾ ਨੂੰ ਵੇਖਦਾ ਹੋਇਆ -**'आत्मनि एव'**- ਆਪਣੇ ਆਤਮਾ ਵਿਚ ਹੀ ਆਪਣੇ ਹੀ ਆਤਮਾ ਨਾਲ ਸੰਤੁਸ਼ਟ ਹੁੰਦਾ ਹੈ; ਕਿਉਂਕਿ ਪ੍ਰਾਪਤੀ ਕਾਲ ਵਿਚ ਤਾਂ

ਪਰਮਾਤਮਾ ਨਾਲ ਪ੍ਰਤੱਖ ਦਰਸ਼ਨ ਹੁੰਦਾ ਹੈ; ਪਰ ਦੂਜੇ ਹੀ ਪਲ ਉਹ ਆਪਣੇ ਹੀ ਆਤਮਾ ਨੂੰ ਉਹਨਾਂ ਸ਼ਾਸਵਤ ਈਸ਼ਵਰੀ ਵਿਭੂਤੀਆਂ ਨਾਲ ਓਤਪ੍ਰੋਤ ਵੇਖਦਾ ਹੈ। ਬ੍ਰਹਮ ਅਜਰ, ਅਮਰ, ਸ਼ਾਸ਼ਵਤ, ਅਵਿਅਕਤ ਅਤੇ ਅੰਮ੍ਰਿਤ-ਸਵਰੂਪ ਹੈ। ਹੈ ਤਾਂ ਸਹੀ, ਪਰ ਅਚਿੰਤ ਵੀ ਹੈ; ਜਦ ਤਕ ਚਿੱਤ ਅਤੇ ਚਿੱਤ ਦੀ ਲਹਿਰ ਹੈ, ਤਦ ਤਕ ਉਹ ਤੁਹਾਡੇ ਉਪਭੋਗ ਲਈ ਨਹੀਂ ਹੈ। ਚਿੱਤ ਦਾ ਵਿਰੋਧ ਅਤੇ ਵਿਰੁੱਧ ਚਿੱਤ ਦੇ ਲੀਨ ਹੋਣ ਦੀ ਅਵਸਥਾ ਵਿਚ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਹੁੰਦਾ ਹੈ ਅਤੇ ਦਰਸ਼ਨ ਦੇ ਠੀਕ ਦੂਜੇ ਪਲ ਉਹਨਾਂ ਹੀ ਈਸ਼ਵਰੀ ਗੁਣ-ਧਰਮਾਂ ਨਾਲ ਯੁਕਤ ਆਪਣੇ ਹੀ ਆਤਮਾਂ ਨੂੰ ਉਹ ਪਾਉਂਦਾ ਹੈ। ਇਸ ਲਈ ਉਹ ਆਪਣੇ ਹੀ ਆਤਮਾ ਵਿਚ ਸੰਤੁਸ਼ਟ ਹੁੰਦਾ ਹੈ। ਇਹੋ ਉਸਦਾ ਸਵਰੂਪ ਹੈ। ਇਹੋ ਪਰਾਕਾਸ਼ਠਾ ਹੈ। ਇਸੇ ਦਾ ਪੂਰਕ ਅਗਲਾ ਸ਼ਲੋਕ ਵੇਖੀਏ -

**सुखमात्यन्तिकं यत्तद्बुद्धिग्राह्यमतीन्द्रियम्।**
**वेत्ति यत्र न चैवायं स्थितश्चलति तत्त्वत: ।।२१।।**

ਇੰਦ੍ਰੀਆਂ ਤੋਂ ਅਤੀਤ (ਪਰੇ), ਕੇਵਲ ਸ਼ੁੱਧ ਹੋਈ ਸੂਖਮ ਬੁੱਧੀ ਦੁਆਰਾ ਗ੍ਰਹਿਣ ਕਰਨ ਯੋਗ ਜੋ ਅਨੰਤ ਆਨੰਦ ਹੈ, ਉਸਨੂੰ ਜਿਸ ਅਵਸਥਾ ਵਿਚ ਅਨੁਭਵ ਕਰਦਾ ਹੈ ਅਤੇ ਜਿਸ ਅਵਸਥਾ ਵਿਚ ਸਥਿਤ ਹੋਇਆ ਯੋਗੀ ਭਗਵਤ-ਸਵਰੂਪ ਨੂੰ ਤੱਤ ਤੋਂ ਜਾਣਕੇ ਵਿਚਲਿਤ ਨਹੀਂ ਹੁੰਦਾ, ਸਦਾ ਉਸੇ ਵਿਚ ਸਥਿਤ ਰਹਿੰਦਾ ਹੈ, ਅਤੇ -

**यं लब्ध्वा चापरं लाभं मन्यते नाधिकं तत:।**
**यस्मिन्स्थितो न दु:खेन गुरुणापि विचाल्यते ।।२२।।**

ਪਰਮੇਸ਼ਵਰ ਪ੍ਰਾਪਤੀ-ਰੂਪੀ ਜਿਸ ਲਾਭ ਨੂੰ, ਪਰਾਕਾਸ਼ਠਾ ਦੀ ਸ਼ਾਂਤੀ ਨੂੰ ਪ੍ਰਾਪਤ ਕਰਕੇ, ਉਸਤੋਂ ਵੱਧ ਕੋਈ ਹੋਰ ਲਾਭ ਨਹੀਂ ਮੰਨਦਾ ਅਤੇ ਭਗਵਤ-ਪ੍ਰਾਪਤੀ ਰੂਪੀ ਜਿਸ ਅਵਸਥਾ ਵਿਚ ਸਥਿਤ ਹੋਇਆ ਯੋਗੀ ਭਾਰੀ ਦੁਖ ਨਾਲ ਵੀ ਵਿਚਲਿਤ ਨਹੀਂ ਹੁੰਦਾ, ਦੁਖ ਦਾ ਉਸਨੂੰ ਭਾਨ (ਖ਼ਬਰ) ਵੀ ਨਹੀਂ ਹੁੰਦਾ, ਕਿਉਂ ਕਿ ਭਾਨ ਕਰਾਉਂਣ ਵਾਲਾ ਚਿੱਤ ਤਾਂ ਮਿਟ ਗਿਆ। ਇਸ ਤਰ੍ਹਾਂ -

**तं विद्याद् दु:खसंयोगवियोगं योगसंज्ञितम्।**
**स निश्चयेन योक्तव्यो योगोऽनिर्विण्णचेतसा ।।२३।।**

ਜੋ (ਅਵਸਥਾ) ਸੰਸਾਰ ਦੇ ਸੰਜੋਗ-ਵਿਜੋਗ ਤੋਂ ਰਹਿਤ ਹੈ, ਉਸੇ ਦਾ ਨਾਮ ਯੋਗ ਹੈ। ਜੋ ਅਤਿਅੰਤ ਸੁਖ (ਦੀ ਅਵਸਥਾ) ਹੈ, ਉਸਦੇ ਮਿਲਣ ਦਾ ਨਾਮ ਯੋਗ ਹੈ। ਜਿਸਨੂੰ ਪਰਮਤੱਤ ਪਰਮਾਤਮਾ ਕਹਿੰਦੇ ਹਨ ਉਸਦੇ ਮਿਲਣ ਦਾ ਨਾਮ ਯੋਗ ਹੈ। ਯੋਗ ਨਾ ਉਕਤਾਏ ਹੋਏ ਚਿੱਤ ਨਾਲ ਨਿਸ਼ਚਾਪੂਰਬਕ ਕਰਨਾ ਕਰਤੱਵ ਹੈ। ਧੀਰਜ ਨਾਲ ਲਗਿਆ ਰਹਿਣ ਵਾਲਾ ਹੀ ਯੋਗ ਵਿਚ ਸਫਲ ਹੁੰਦਾ ਹੈ।

**संकल्पप्रभवान्कामांस्त्यक्त्वा सर्वानशेषत:।**
**मनसैवेन्द्रियग्रामं विनियम्य समन्तत: ।।२४।।**

ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਸੰਕਲਪ ਤੋਂ ਪੈਦਾ ਹੋਣ ਵਾਲੀਆਂ ਸਭ ਕਾਮਨਾਵਾਂ

ਨੂੰ ਵਾਸਨਾ ਅਤੇ ਆਸਕਤੀ ਸਮੇਤ ਪੂਰਾ ਤਿਆਗਕੇ, ਮਨ ਦੁਆਰਾ ਇੰਦ੍ਰੀਆਂ ਦੇ ਸਮੂਹ ਨੂੰ ਸਾਰੇ ਪਾਸਿਉਂ ਚੰਗੀ ਤਰ੍ਹਾਂ ਵੱਸ ਵਿਚ ਕਰਕੇ –

**शनैः शनैरुपरमेद्बुद्ध्या धृतिगृहीतया।**
**आत्मसंस्थं मनः कृत्वा न किंचिदपि चिन्तयेत्।।२५।।**

ਸਿਲਸਿਲੇਵਾਰ ਅਭਿਆਸ ਕਰਦਾ ਹੋਇਆ (ਜਦੋਂ ਸਾਧਕ) ਉਪਰਾਮਤਾ ਨੂੰ ਪ੍ਰਾਪਤ ਹੋ ਜਾਏ, ਚਿੱਤ ਦਾ ਵਿਰੋਧ ਅਤੇ ਕ੍ਰਮਵਾਰ ਚਿੱਤ ਲੀਨ ਹੋ ਜਾਏ, ਤਾਂ ਉਹ ਧੀਰਜਮਈ ਬੁੱਧੀ ਨਾਲ ਮਨ ਨੂੰ ਪਰਮਾਤਮਾ ਵਿਚ ਸਥਿਤ ਕਰਕੇ ਹੋਰ ਕੋਈ ਵੀ ਚਿੰਤਨ, ਵਿਚਾਰ ਨਾ ਕਰੇ। ਨਿਰੰਤਰ ਲਗੇ ਰਹਿਕੇ (ਪਰਮਾਤਮਾ ਨੂੰ) ਪਾਉਣ ਦਾ ਵਿਧਾਨ ਹੈ, ਪਰ ਆਰੰਭ ਵਿਚ ਮਨ ਲਗਦਾ ਨਹੀਂ। ਇਸੇ ਤੇ ਯੋਗੇਸ਼ਵਰ ਕਹਿੰਦੇ ਹਨ –

**यतो यतो निश्चरति मनश्चंचलमस्थिरम् ।**
**ततस्ततो नियम्यैतदात्मन्येव वशं नयेत्।।२६।।**

ਇਹ ਸਥਿਰ ਨਾ ਰਹਿਣ ਵਾਲਾ ਚੰਚਲ ਮਨ ਜਿਸ-ਜਿਸ ਕਾਰਣ ਕਰਕੇ ਸੰਸਾਰਕ ਪਦਾਰਥਾਂ ਵਿਚ ਅਟਕਦਾ ਹੈ, ਉਸ-ਉਸ ਕਾਰਣ ਨੂੰ ਰੋਕਕੇ ਬਾਰੰਬਾਰ ਅੰਤਰਾਤਮਾ ਵਿਚ ਹੀ ਉਸਦਾ ਨਿਰੋਧ ਕਰੋ। ਅਕਸਰ ਲੋਕੀਂ ਕਹਿੰਦੇ ਹਨ ਕਿ ਮਨ ਜਿੱਥੇ ਵੀ ਜਾਂਦਾ ਹੈ ਜਾਣ ਦਿਉ, ਪ੍ਰਕ੍ਰਿਤੀ ਵਿਚ ਹੀ ਤਾਂ ਜਾਏਗਾ ਅਤੇ ਪ੍ਰਕ੍ਰਿਤੀ ਵੀ ਉਸ ਬ੍ਰਹਮ ਦੇ ਹੀ ਤਹਿਤ ਹੈ, ਪ੍ਰਕ੍ਰਿਤੀ ਵਿਚ ਰਹਿਣਾ ਬ੍ਰਹਮ ਤੋਂ ਬਾਹਰ ਨਹੀਂ ਹੈ। ਪਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਇਹ ਗ਼ਲਤ ਹੈ। ਗੀਤਾ ਵਿਚ ਇਹਨਾਂ ਮਾਨਤਾਵਾਂ ਦਾ ਜ਼ਰਾ ਵੀ ਸਥਾਨ ਨਹੀਂ ਹੈ। ਸ਼੍ਰੀ ਕ੍ਰਿਸ਼ਣ ਦਾ ਕਥਨ ਹੈ ਕਿ ਮਨ ਜਿੱਥੇ-ਜਿਥੇ ਜਾਏ, ਜਿਸ ਮਾਧਿਅਮ ਨਾਲ ਜਾਏ, ਉਸੇ ਮਾਧਿਅਮ ਨਾਲ ਰੋਕਕੇ ਪਰਮਾਤਮਾ ਵਿਚ ਲਗਾਉ। ਮਨ ਦਾ ਵਿਰੋਧ ਸੰਭਵ ਹੈ। ਇਸ ਵਿਰੋਧ ਦਾ ਪਰਿਣਾਮ ਕੀ ਹੋਵੇਗਾ ?

**प्रशान्तमनसं ह्येनं योगिनं सुखमुत्तमम्।**
**उपैति शान्तरजसं ब्रह्मभूतकल्मषम्।।२७।।**

ਜਿਸਦਾ ਮਨ ਪੂਰੀ ਤਰਹਾਂ ਸ਼ਾਂਤ ਹੈ, ਜੋ ਪਾਪ ਤੋਂ ਰਹਿਤ ਹੈ, ਜਿਸਦਾ ਰਜੋਗੁਣ ਸ਼ਾਂਤ ਹੋ ਗਿਆ ਹੈ, ਐਸੇ ਬ੍ਰਹਮ ਨਾਲ ਏਕਾਕਾਰ ਯੋਗੀ ਨੂੰ ਸਰਵੋਤਮ ਆਨੰਦ ਪ੍ਰਾਪਤ ਹੁੰਦਾ ਹੈ, ਜਿਸਤੋਂ ਉੱਤਮ ਕੁਝ ਵੀ ਨਹੀਂ ਹੈ। ਇਸੇ ਗੱਲ ਤੇ ਫੇਰ ਜ਼ੋਰ ਪਾਉਂਦੇ ਹਨ –

**युञ्जन्नेवं सदात्मानं योगी विगतकल्मषः।**
**सुखेन ब्रह्मसंस्पर्शमत्यन्तं सुखमश्नुते।।२८।।**

ਪਾਪਰਹਿਤ ਯੋਗੀ ਇਸ ਤਰ੍ਹਾਂ ਆਤਮਾ ਨੂੰ ਨਿਰੰਤਰ ਉਸ ਪਰਮਾਤਮਾ ਵਿਚ ਲਗਾਉਂਦੇ ਹੋਏ ਸੁਖਪੂਰਬਕ ਪਰਬ੍ਰਹਮ ਪਰਮਾਤਮਾ ਦੀ ਪ੍ਰਾਪਤੀ ਦੇ ਅਨੰਤ ਆਨੰਦ ਦੀ ਅਨੁਭੂਤੀ ਕਰਦਾ ਹੈ –'**ब्रह्मसंस्पर्श**'– ਅਰਥਾਤ ਬ੍ਰਹਮ ਦੇ ਸਪਰਸ਼ ਅਤੇ ਪ੍ਰਵੇਸ਼ ਦੇ ਨਾਲ ਅਨੰਤ ਆਨੰਦ ਦਾ ਅਨੁਭਵ ਕਰਦਾ ਹੈ। ਇਸ ਲਈ ਭਜਨ ਜ਼ਰੂਰੀ ਹੈ। ਇਸੇ ਬਾਰੇ ਅੱਗੇ ਕਹਿੰਦੇ ਹਨ –

**सर्वभूतस्थमात्मानं सर्वभूतानि चात्मनि।**
**ईक्षते योगयुक्तात्मा सर्वत्र समदर्शन: ।।२९ ।।**

ਯੋਗ ਦੇ ਪਰਿਣਾਮ ਨਾਲ ਯੁਕਤ ਆਤਮਾ ਵਾਲਾ, ਸਭ ਨੂੰ ਸਮਭਾਵ ਨਾਲ ਦੇਖਣ ਵਾਲਾ ਯੋਗੀ ਆਤਮਾ ਨੂੰ ਸਾਰੇ ਪ੍ਰਾਣੀਆਂ ਵਿਚ ਦੇਖਦਾ ਹੈ ਅਤੇ ਭੂਤਾਂ ਨੂੰ (ਭੌਤਿਕ ਤੱਤਾਂ ਨੂੰ) ਆਤਮਾ ਵਿਚ ਹੀ ਪ੍ਰਵਾਹਿਤ ਦੇਖਦਾ ਹੈ। ਇਸ ਤਰ੍ਹਾਂ ਦੇਖਣ ਤੋਂ ਲਾਭ ਕੀ ਹੈ ?

**यो मां पश्यति सर्वत्र सर्वं च मयि पश्यति।**
**तस्याहं न प्रणश्यामि स च मे न प्रणश्यति ।।३० ।।**

ਜੋ ਪੁਰਸ਼ ਸਾਰੇ ਭੌਤਿਕ ਪ੍ਰਾਣੀਆਂ ਵਿਚ ਮੈਨੂੰ ਯਾਨੀ ਪਰਮਾਤਮਾ ਨੂੰ ਦੇਖਦਾ ਹੈ, ਵਿਆਪਤ ਦੇਖਦਾ ਹੈ, ਅਤੇ ਸੰਪੂਰਣ ਭੂਤਾਂ ਨੂੰ ਮੇਰੇ ਯਾਨੀ ਪਰਮਾਤਮਾ ਦੇ ਹੀ ਤਹਿਤ ਦੇਖਦਾ ਹੈ, ਉਸਦੇ ਲਈ ਮੈਂ ਅਦ੍ਰਿਸ਼ ਨਹੀਂ ਹੁੰਦਾ ਹਾਂ ਅਤੇ ਉਹ ਮੇਰੇ ਲਈ ਅਦ੍ਰਿਸ਼ ਨਹੀਂ ਹੁੰਦਾ। ਇਹ ਪ੍ਰੇਰਕ ਦਾ ਆਮੋ-ਸਾਮ੍ਹਣੇ ਜਾਂ ਰੂ-ਬ-ਰੂ ਮਿਲਨ ਹੈ, ਮਿੱਤਰ ਭਾਵ ਹੈ, ਸਮੀਪਤਾ ਰੂਪੀ ਮੁਕਤੀ ਹੈ।

**सर्वभूतस्थितं यो मां भजत्येकत्वमास्थित:।**
**सर्वथा वर्तमानोऽपि स योगी मयि वर्तते ।।३१ ।।**

ਜੋ ਪੁਰਸ਼ ਅਨੇਕਤਾ ਤੋਂ ਪਰੇ ਉਪਰੋਕਤ ਏਕਾਭਾਵ ਨਾਲ ਮੈਨੂੰ ਪਰਮਾਤਮਾ ਨੂੰ ਜਪਦਾ ਹੈ, ਉਹ ਯੋਗੀ ਸਭ ਤਰ੍ਹਾਂ ਦੇ ਕੰਮਾਂ ਵਿਚ ਚਲਦਾ ਹੋਇਆ ਮੇਰੇ ਵਿਚ ਹੀ ਚਲਦਾ ਹੈ; ਕਿਉਂਕਿ ਮੈਨੂੰ ਛੱਡਕੇ ਉਸਦੇ ਲਈ ਕੋਈ ਬਚਿਆ ਵੀ ਨਹੀਂ। ਉਸਦਾ ਤਾਂ ਸਭ ਮਿਟ ਗਿਆ, ਇਸ ਲਈ ਉਹ ਹੁਣ ਉਠਦਾ-ਬੈਠਦਾ, ਜੋ ਕੁਝ ਵੀ ਕਰਦਾ ਹੈ, ਮੇਰੇ ਸੰਕਲਪ ਨਾਲ ਕਰਦਾ ਹੈ।

**आत्मौपम्येन सर्वत्र समं पश्यति योऽर्जुन।**
**सुखं वा यदि वा दु:खं स योगी परमो मत: ।।३२ ।।**

ਹੇ ਅਰਜੁਨ ! ਜੋ ਯੋਗੀ ਆਪਣੇ ਹੀ ਸਮਾਨ ਸਾਰਿਆਂ ਭੌਤਿਕ ਪ੍ਰਾਣੀਆਂ ਨੂੰ ਸਮਾਨ ਵੇਖਦਾ ਹੈ, ਆਪਣੇ ਵਰਗਾ ਵੇਖਦਾ ਹੈ, ਸੁਖ ਅਤੇ ਦੁਖ ਵੀ ਸਭ ਵਿਚ ਸਮਾਨ ਵੇਖਦਾ ਹੈ, ਉਹ ਯੋਗੀ (ਜਿਸਦਾ ਭੇਦਭਾਵ ਸਮਾਪਤ ਹੋ ਗਿਆ ਹੈ) ਪਰਮ ਸ਼੍ਰੇਸ਼ਠ ਮੰਨਿਆ ਗਿਆ ਹੈ। ਪ੍ਰਸ਼ਨ ਪੂਰਾ ਹੋਇਆ, ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ -

**ਅਰਜੁਨ ਉਵਾਚ -**
**योऽयं योगस्त्वया प्रोक्त: साम्येन मधुसूदन।**
**एतस्याहं न पश्यामि चञ्चलत्वात्स्थितिं स्थिराम् ।।३३ ।।**

ਹੇ ਮਧੁਸੂਦਨ ! ਇਹ ਯੋਗ ਜੋ ਪਹਿਲਾਂ ਤੁਸੀਂ ਦਸ ਆਏ ਹੋ, ਜਿਸ ਨਾਲ ਸਮਭਾਵ ਦੀ ਦ੍ਰਿਸ਼ਟੀ ਮਿਲਦੀ ਹੈ, ਮਨ ਦੇ ਚੰਚਲ ਹੋਣ ਕਰਕੇ ਬਹੁਤੇ ਚਿਰ ਤਕ ਇਸ ਵਿਚ ਠਹਿਰਨ ਦੀ ਸਥਿਤੀ ਵਿਚ ਮੈਂ ਖ਼ੁਦ ਨੂੰ ਨਹੀਂ ਮਹਿਸੂਸ ਕਰਦਾ।

**चञ्जलं हि मन: कृष्ण प्रमाथि बलवद् दृढम्।**
**तस्याहं निग्रहं मन्ये वायोरिव सुदुष्करम्।।३४।।**

ਹੇ ਕ੍ਰਿਸ਼ਨ! ਇਹ ਮਨ ਬੜਾ ਚੰਚਲ ਹੈ, ਪ੍ਰਮਥਨ ਸੁਭਾਅ ਵਾਲਾ ਹੈ (ਪ੍ਰਮਥਨ ਯਾਨੀ ਦੂਜੇ ਨੂੰ ਮੱਥ ਦੇਣ ਵਾਲਾ), ਹੱਠੀ ਅਤੇ ਬਲਵਾਨ ਹੈ; ਇਸ ਲਈ ਇਸਨੂੰ ਵਸ ਵਿਚ ਕਰਨਾ ਮੈਂ ਹਵਾ ਦੀ ਤਰ੍ਹਾਂ ਬਹੁਤ ਮੁਸ਼ਕਲ ਸਮਝਦਾ ਹਾਂ। ਤੂਫ਼ਾਨੀ ਹਵਾ ਅਤੇ ਇਸਨੂੰ ਰੋਕਣਾ ਬਰਾਬਰ ਹੈ। ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ –

**ਸ਼੍ਰੀ ਕ੍ਰਿਸ਼ਣ ਉਵਾਚ –**
**असंशयं महाबाहो मनो दुर्निग्रहं चलम्।**
**अभ्यासेन तु कौन्तेय वैराग्येण च गृह्यते।।३५।।**

ਮਹਾਨ ਕਾਰਜ ਕਰਨ ਲਈ ਯਤਨਸ਼ੀਲ ਅਰਥਾਤ ਮਹਾਬਹੂ ਅਰਜੁਨ! ਬੇਸ਼ੱਕ ਮਨ ਚੰਚਲ ਹੈ, ਬੜੀ ਕਠਿਨਾਈ ਨਾਲ ਵੱਸ ਵਿਚ ਆਉਣ ਵਾਲਾ ਹੈ, ਪਰ ਅਰਜੁਨ! ਇਹ ਅਭਿਆਸ ਅਤੇ ਵੈਰਾਗ ਰਾਹੀਂ ਵੱਸ ਵਿਚ ਆਉਂਦਾ ਹੈ। ਜਿੱਥੇ ਚਿੱਤ ਨੂੰ ਲਾਉਣਾ ਹੈ, ਉੱਥੇ ਸਥਿਰ ਕਰਨ ਲਈ ਬਾਰਬਾਰ ਯਤਨ ਦਾ ਨਾਮ ਅਭਿਆਸ ਹੈ ਅਤੇ ਵੇਖੀਆਂ–ਸੁਣੀਆਂ ਵਿਸ਼ਾ–ਵਸਤੂਆਂ ਨਾਲ (ਸੰਸਾਰ ਜਾਂ ਸਵਰਗ ਆਦਿ ਦੇ ਭੋਗਾਂ ਨਾਲ) ਰਾਗ ਅਰਥਾਤ ਲਗਾਉ ਦਾ ਤਿਆਗ ਵੈਰਾਗ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਮਨ ਵੱਸ ਵਿਚ ਕਰਨਾ ਕਠਿਨ ਹੈ, ਪਰ ਅਭਿਆਸ ਅਤੇ ਵੈਰਾਗ ਦੁਆਰਾ ਇਹ ਵੱਸ ਵਿਚ ਹੋ ਜਾਂਦਾ ਹੈ।

**असंयतात्मना योगो दुष्प्राप इति मे मति:।**
**वश्यात्मना तु यतता शक्योऽवाप्तुमुपायत:।।३६।।**

ਅਰਜੁਨ! ਮਨ ਨੂੰ ਵੱਸ ਵਿਚ ਨਾ ਕਰਨ ਵਾਲੇ ਪੁਰਸ਼ ਲਈ ਯੋਗ ਪ੍ਰਾਪਤ ਹੋਣਾ ਕਠਿਨ ਹੈ; ਪਰ ਸਵੈਵੱਸ ਮਨ ਵਾਲੇ ਯਤਨਸ਼ੀਲ ਪੁਰਸ਼ ਲਈ ਯੋਗ ਸਹਿਜ ਹੈ – ਐਸਾ ਮੇਰਾ ਆਪਣਾ ਮੱਤ ਹੈ। ਜਿੰਨਾ ਔਖਾ ਤੂੰ ਮੰਨ ਲਿਆ ਹੈ, ਉਂਨਾ ਔਖਾ ਨਹੀਂ ਹੈ। ਇਸ ਲਈ ਇਸਨੂੰ ਔਖਾ ਮੰਨ ਕੇ ਛੱਡ ਨਾ ਦੇਈਂ, ਯਤਨਪੂਰਬਕ ਲਗਕੇ ਯੋਗ ਨੂੰ ਪ੍ਰਾਪਤ ਕਰ; ਕਿਉਂਕਿ ਮਨ ਵੱਸ ਵਿਚ ਕਰਨ ਨਾਲ ਹੀ ਯੋਗ ਸੰਭਵ ਹੈ। ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ –

**ਅਰਜੁਨ ਉਵਾਚ –**

**अयति: श्रद्धयोपेतो योगाच्चलितमानस:।**
**अप्राप्य योग संसिद्धिं कां गतिं कृष्ण गच्छति।।३७।।**

ਯੋਗ ਕਰਦੇ–ਕਰਦੇ ਜੇ ਕਿਸੇ ਦਾ ਮਨ ਵਿਚਲਿਤ ਹੋ ਜਾਏ, ਹਾਲਾਂਕਿ ਅਜੇ ਯੋਗ ਵਿਚ ਉਸਦੀ ਸ਼ਰਧਾ ਹੀ ਹੈ, ਤਾਂ ਐਸਾ ਪੁਰਸ਼ ਭਗਵਤਸਿੱਧੀ ਨੂੰ ਪ੍ਰਾਪਤ ਨਾ ਹੋਕੇ ਕਿਸ ਗਤੀ ਨੂੰ ਪ੍ਰਾਪਤ ਹੁੰਦਾ ਹੈ?

**कच्चिन्नोभयविभ्रष्टश्छिन्नाभ्रमिव नश्यति।**
**अप्रतिष्ठो महाबाहो विमूढो ब्रह्मण: पथि।।३८।।**

ਮਹਾਬਾਹੂ ਸ੍ਰੀ ਕ੍ਰਿਸ਼ਣ ! ਭਗਵਤ-ਪ੍ਰਾਪਤੀ ਦੇ ਮਾਰਗ ਤੋਂ ਵਿਚਲਿਤ ਹੋਇਆ ਉਹ ਮੋਹਿਤ ਪੁਰਸ਼ ਖਿੰਡੇ ਹੋਏ ਬੱਦਲ ਵਾਂਗ ਦੋਵੇਂ ਪਾਸਿਉਂ ਨਸ਼ਟ-ਭ੍ਰਿਸ਼ਟ ਤਾਂ ਨਹੀਂ ਹੁੰਦਾ ? ਛੋਟਾ ਜਿਹਾ ਬੱਦਲ ਆਕਾਸ਼ ਵਿਚ ਛਾਏ, ਤਾਂ ਨਾ ਉਹ ਵੱਸ ਸਕਦਾ ਹੈ ਤੇ ਨਾ ਪਲਟਕੇ ਬੱਦਲਾਂ ਵਿਚ ਮਿਲ ਹੀ ਸਕਦਾ ਹੈ, ਸਗੋਂ ਹਵਾ ਦੇ ਝੋਂਕਿਆਂ ਨਾਲ ਕੁਝ ਹੀ ਦੇਰ ਵਿਚ ਨਸ਼ਟ ਹੋ ਜਾਂਦਾ ਹੈ। ਉਸੇ ਤਰ੍ਹਾਂ ਕਮਜ਼ੋਰ ਯਤਨ ਵਾਲਾ, ਕੁਝ ਸਮੇਂ ਤਕ ਸਾਧਨਾ ਕਰਕੇ ਹਟ ਜਾਣ ਵਾਲਾ ਤਾਂ ਨਹੀਂ ਹੋ ਜਾਂਦਾ ? ਉਹ ਨਾ ਆਪ ਵਿਚ ਪ੍ਰਵੇਸ਼ ਕਰ ਸਕਿਆ ਅਤੇ ਨਾ ਭੋਗਾਂ ਨੂੰ ਭੋਗ ਸਕਿਆ। ਉਸਦੀ ਕੀ ਗਤੀ ਹੁੰਦੀ ਹੈ ?

**एतन्मे संशयं कृष्ण छेत्तुमर्हस्यशेषत:।**
**१त्वदन्य: संशयस्यास्य छेत्ता न ह्युपपद्यते।।३९।।**

ਹੇ ਸ੍ਰੀ ਕ੍ਰਿਸ਼ਣ ! ਮੇਰੀ ਇਹ ਸ਼ੰਕਾ ਪੂਰੀ ਤਰ੍ਹਾਂ ਦੂਰ ਕਰਨ ਵਿਚ ਆਪ ਹੀ ਸਮਰੱਥ ਹੋ। ਤੁਹਾਡੇ ਇਲਾਵਾ ਕੋਈ ਇਸ ਸ਼ੰਕਾ ਨੂੰ ਮਿਟਾਉਣ ਵਾਲਾ ਮਿਲਣਾ ਸੰਭਵ ਨਹੀਂ ਹੈ ! ਇਸਤੇ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਕਿਹਾ -

**ਸ੍ਰੀ ਭਗਵਾਨ ਉਵਾਚ -**

**पार्थ नैवेह नामुत्र विनाशस्तस्य विद्यते।**
**न हि कल्याणकृत्कश्चिद्दुर्गतिं तात गच्छति।।४०।।**

ਪਾਰਥਿਵ! ਸਰੀਰ ਨੂੰ ਹੀ ਰੱਥ ਬਣਾਕੇ ਲੱਕਸ਼ ਲਈ ਤਿਆਰ ਅਰਜੁਨ ! ਉਸ ਪੁਰਸ਼ ਦਾ ਨਾ ਤਾਂ ਇਸ ਲੋਕ ਵਿਚ ਅਤੇ ਨਾ ਹੀ ਪਰਲੋਕ ਵਿਚ ਨਾਸ਼ ਹੁੰਦਾ ਹੈ। ਕਿਉਂਕਿ ਹੇ ਤਾਤ ! (ਪਿਆਰੇ !) ਉਸ ਪਰਮ ਕਲਿਆਨਕਾਰੀ ਨਿਰਧਾਰਤ ਕਰਮ ਨੂੰ ਕਰਨ ਵਾਲਾ ਦੁਰਗਤਿ ਨੂੰ ਪ੍ਰਾਪਤ ਨਹੀਂ ਹੁੰਦਾ। ਤਾਂ ਉਸਦਾ ਹੁੰਦਾ ਕੀ ਹੈ ?

**प्राप्य पुण्यकृतां लोकानुषित्वा शाश्वती: समा:।**
**शुचीनां श्रीमतां गेहे योगभ्रष्टोऽभिजायते।।४१।।**

ਮਨ ਵਿਚਲਿਤ ਹੋਣ ਨਾਲ ਯੋਗ-ਭ੍ਰਿਸ਼ਟ ਹੋਇਆ ਉਹ ਪੁਰਸ਼ ਪੁੰਨਵਾਨਾਂ ਦੇ ਲੋਕ ਵਿਚ ਵਾਸਨਾਵਾਂ ਨੂੰ ਭੋਗਕੇ (ਜਿਨਾਂ ਵਾਸਨਾਵਾਂ ਨੂੰ ਲੈਕੇ ਉਹ ਯੋਗ-ਭ੍ਰਿਸ਼ਟ ਹੋਇਆ ਸੀ, ਭਗਵਾਨ ਉਸਨੂੰ ਥੋੜੇ ਵਿਚ ਸਭ ਵਿਖਾ-ਸੁਣਾ ਦੇਂਦੇ ਹਨ, ਉਹਨਾਂ ਨੂੰ ਭੋਗਕੇ) ਉਹ -**'शुचीनं श्रीमतां'**- ਸ਼ੁੱਧ ਆਚਰਣ ਵਾਲੇ ਸ੍ਰੀਮਾਨ ਪੁਰਸ਼ਾਂ ਦੇ ਘਰ ਜਨਮ ਲੈਂਦਾ ਹੈ (ਜੋ ਸ਼ੁੱਧ ਆਚਰਣ ਵਾਲੇ ਹਨ, ਉਹੀ ਸ੍ਰੀਮਾਨ ਹਨ)।

**अथवा योगिनामेव कुले भवति धीमताम्।**
**एतद्धि दुर्लभतरं लोके जन्म यदीदृशम्।।४२।।**

ਜਾਂ ਉੱਥੇ ਜਨਮ ਨਾ ਮਿਲਣ ਤੇ ਵੀ ਸਥਿਰਬੁੱਧੀ ਯੋਗੀਆਂ ਦੇ ਕੁਲ ਵਿਚ ਉਹ ਪ੍ਰਵੇਸ਼ ਪਾ

ਜਾਂਦਾ ਹੈ। ਸ਼੍ਰੀਮਾਨਾਂ ਦੇ ਘਰ ਵਿਚ ਪਵਿੱਤਰ ਸੰਸਕਾਰ ਬਚਪਨ ਤੋਂ ਹੀ ਮਿਲਣ ਲਗਦੇ ਹਨ; ਪਰ ਉੱਥੇ ਜਨਮ ਨਾ ਹੋ ਸਕਣ ਤੇ ਉਹ ਯੋਗੀਆਂ ਦੇ ਕੁਲ ਵਿਚ (ਘਰ ਵਿਚ ਨਹੀਂ), ਸ਼ਿਸ਼-ਪਰੰਪਰਾ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਕਬੀਰ, ਤੁਲਸੀ, ਰਵਿਦਾਸ, ਬਾਲਮੀਕ ਆਦਿ ਨੂੰ ਸ਼ੁੱਧ ਆਚਰਣ ਅਤੇ ਸ਼੍ਰੀਮਾਨਾਂ ਦਾ ਘਰ ਨਹੀਂ ਯੋਗੀਆਂ ਦੇ ਕੁਲ ਵਿਚ ਪ੍ਰਵੇਸ਼ ਮਿਲਿਆ। ਸਤਿਗੁਰੂ ਦੇ ਕੁਲ ਵਿਚ ਸੰਸਕਾਰਾਂ ਦਾ ਪਰਿਵਰਤਨ ਵੀ ਇਕ ਜਨਮ ਹੈ ਅਤੇ ਇਸ ਤਰ੍ਹਾਂ ਜਨਮ ਸੰਸਾਰ ਵਿਚ ਬੇਸ਼ੱਕ ਅਤਿ ਦੁਰਲਭ ਹੈ। ਯੋਗੀਆਂ ਦੇ ਕੁਲ ਵਿਚ ਜਨਮ ਦਾ ਅਰਥ ਉਹਨਾਂ ਦੇ ਸਰੀਰ ਤੋਂ ਪੁੱਤਰ-ਰੂਪ ਵਿਚ ਪੈਦਾ ਹੋਣਾ ਨਹੀਂ ਹੈ। ਘਰ-ਤਿਆਗ ਤੋਂ ਪਹਿਲਾਂ ਪੈਦਾ ਹੋਣ ਵਾਲੇ ਲੜਕੇ ਮੋਹਵੱਸ ਮਹਾਪੁਰਸ਼ ਨੂੰ ਵੀ ਭਾਵੇਂ ਪਿਤਾ ਹੀ ਮੰਨਦੇ ਰਹਿਣ, ਪਰ ਮਹਾਪੁਰਸ਼ ਲਈ ਘਰ ਵਾਲਿਆਂ ਦੇ ਨਾਮ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਜੋ ਸ਼ਿਸ਼ ਉਹਨਾਂ ਦੀਆਂ ਮਰਿਯਾਦਾਵਾਂ ਦਾ ਪਾਲਨ ਕਰਦੇ ਹਨ, ਉਹਨਾਂ ਦਾ ਮਹੱਤਵ ਉਹ ਲੜਕਿਆਂ ਤੋਂ ਕਈ ਗੁਣਾਂ ਵੱਧ ਮੰਨਦੇ ਹਨ। ਉਹੀ ਉਹਨਾਂ ਦੇ ਸੱਚੇ ਪੁੱਤਰ ਹਨ।

ਜੋ ਯੋਗ ਦੇ ਸੰਸਕਾਰਾਂ ਨਾਲ ਯੁਕਤ ਨਹੀਂ ਹਨ, ਉਹਨਾਂ ਨੂੰ ਮਹਾਪੁਰਸ਼ ਨਹੀਂ ਅਪਣਾਉਂਦੇ। ''ਪੂਜ ਮਹਾਰਾਜ ਜੀ'' ਜੇ ਸਾਧੂ ਬਣਾਉਂਦੇ ਤਾਂ ਹਜ਼ਾਰਾਂ ਵੈਰਾਗੀ ਉਹਨਾਂ ਦੇ ਸ਼ਿਸ਼ ਹੁੰਦੇ! ਪਰ ਉਹਨਾਂ ਨੇ ਕਿਸੇ ਨੂੰ ਕਿਰਾਇਆ-ਭਾੜਾ ਦੇਕੇ, ਕਿਸੇ ਦੇ ਘਰ ਸੰਦੇਸ਼ਾ ਭੇਜਕੇ, ਖੱਤ ਲਿਖਕੇ, ਸਮਝਾ-ਬੁਝਾਕੇ ਸਭ ਨੂੰ ਉਹਨਾਂ ਦੇ ਘਰ ਭੇਜਿਆ। ਕਈ ਲੋਕ ਬਹੁਤਾ ਹੱਠ ਕਰਨ ਲਗਣ ਤਾਂ ਉਹਨਾਂ (ਮਹਾਰਾਜਜੀ) ਨੂੰ ਅਪਸ਼ਗਨ ਹੋਣ। ਅੰਦਰੋਂ ਮਨ ਕਹੇ ਕਿ ਇਸ ਵਿਚ ਸਾਧੂ ਹੋਣ ਦਾ ਕੋਈ ਲੱਛਣ ਹੀ ਨਹੀਂ ਹੈ। ਇਸਨੂੰ ਰੱਖਣ ਵਿਚ ਭਲਾਈ ਨਹੀਂ ਹੈ, ਇਹ ਪਾਰ ਨਹੀਂ ਹੋਵੇਗਾ। ਨਿਰਾਸ਼ ਹੋਕੇ ਇਕ-ਦੋ ਬੰਦਿਆਂ ਨੇ ਤਾਂ ਪਹਾੜ ਤੋਂ ਛਾਲ ਮਾਰਕੇ ਜਾਨ ਵੀ ਦੇ ਦਿਤੀ। ਪਰ ਮਹਾਰਾਜ ਜੀ ਨੇ ਉਹਨਾਂ ਨੂੰ ਆਪਣੇ ਪਾਸ ਨਹੀਂ ਰੱਖਿਆ। ਬਾਅਦ ਵਿਚ ਪਤਾ ਚਲਣ ਤੇ ਬੋਲੇ - **''ਪਤਾ ਸੀ ਕਿ ਵਿਚਾਰਾ ਬੜਾ ਵਿਆਕੁਲ ਹੈ, ਪਰ ਇਹ ਪਤਾ ਹੁੰਦਾ ਕਿ ਸੱਚਮੁਚ ਮਰ ਜਾਏਗਾ ਤਾਂ ਰੱਖ ਹੀ ਲੈਂਦੇ। ਇਕ-ਅੱਧ ਪਤਿਤ ਹੀ ਸਹੀ, ਹੋਰ ਕੀ ਹੁੰਦਾ!''** ਮਮਤਾ ਉਹਨਾਂ ਵਿਚ ਵੀ ਬੜੀ ਸੀ, ਫੇਰ ਵੀ ਨਹੀਂ ਰੱਖਿਆ। ਛੇ-ਸੱਤ ਨੂੰ, ਜਿਨ੍ਹਾਂ ਲਈ ਆਦੇਸ਼ ਹੋਇਆ ਸੀ ਕਿ - **''ਅੱਜ ਇਕ ਯੋਗਭ੍ਰਿਸ਼ਟ ਆ ਰਿਹਾ ਹੈ, ਜਨਮ-ਜਨਮ ਤੋਂ ਭਟਕਿਆ ਹੋਇਆ ਆ ਰਿਹਾ ਹੈ, ਇਸ ਨਾਮ ਅਤੇ ਇਸ ਰੂਪ ਦਾ ਕੋਈ ਆਉਣ ਵਾਲਾ ਹੈ, ਉਸਨੂੰ ਰੱਖੋ, ਬ੍ਰਹਮ ਵਿਦਿਆ ਦਾ ਉਪਦੇਸ਼ ਦਿਉ, ਉਸਨੂੰ ਅੱਗੇ ਵਧਾਉ।''** ਸਿਰਫ਼ ਉਹਨਾਂ ਨੂੰ ਹੀ ਰੱਖਿਆ। ਅੱਜ ਵੀ ਉਹਨਾਂ ਵਿਚੋਂ ਇਕ ਮਹਾਪੁਰਸ਼ ਧਾਰਕੁੰਡੀ ਵਿਚ ਬੈਠੇ ਹਨ। ਇਕ ਅਨੁਸੁਈਆ ਵਿਚ ਹਨ, ਦੋ-ਤਿੰਨ ਹੋਰਾਂ ਥਾਵਾਂ ਤੇ ਵੀ ਹਨ। ਉਹਨਾਂ ਨੂੰ ਸਤਿਗੁਰੂ ਦੇ ਕੁਲ ਵਿਚ ਪ੍ਰਵੇਸ਼ ਮਿਲਿਆ। ਐਸੇ ਮਹਾਪੁਰਸ਼ਾਂ ਦਾ ਮਿਲਣਾ ਅਤਿ ਦੁਰਲਭ ਹੈ।

**तत्र तं बुद्धिसंयोगं लभते पौर्वदेहिकम्।**
**यतते च ततो भूयः संसिद्धौ कुरुनन्दन।।४३।।**

ਉੱਥੇ ਉਹ ਪੁਰਸ਼ ਪਹਿਲਾਂ ਵਾਲੇ ਸਰੀਰ ਵਿਚ ਸਾਧਨਾ ਕੀਤੀ ਹੋਈ ਬੁੱਧੀ ਦੇ ਸੰਯੋਗ ਨੂੰ ਅਰਥਾਤ ਪੂਰਬ ਜਨਮ ਦੇ ਸਾਧਨਾ-ਸੰਸਕਾਰਾਂ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ ਅਤੇ ਹੇ ਕੁਰੂਨੰਦਨ ਉਸਦੇ ਅਸਰ ਨਾਲ ਉਹ ਫੇਰ **-' संसिद्धौ'-** ਭਗਵਤ-ਪ੍ਰਾਪਤੀ ਰੂਪੀ ਪਰਮ ਸਿੱਧੀ ਲਈ ਯਤਨ ਕਰਨ ਲਗਦਾ ਹੈ।

**पूर्वाभ्यासेन तेनैव ह्रियते ह्यवशोऽपि सः।**
**जिज्ञासुरपि योगस्य शब्दब्रह्मातिवर्तते।।४४।।**

ਸ਼੍ਰੀਮਾਨਾਂ ਦੇ ਘਰ ਵਿਸ਼ਿਆਂ ਦੇ ਵੱਸ ਰਹਿਣ ਤੇ ਵੀ ਉਹ ਪੂਰਬ ਜਨਮ ਦੇ ਅਭਿਆਸ ਨਾਲ ਭਗਵਤ ਮਾਰਗ ਵਲ ਆਕਰਸ਼ਿਤ ਹੋ ਜਾਂਦਾ ਹੈ ਅਤੇ ਯੋਗ ਵਿਚ ਕਮਜ਼ੋਰ ਯਤਨ ਵਾਲਾ ਉਹ ਜਿਗਿਆਸੂ ਵੀ ਵਾਣੀ (ਸ਼ਬਦ ਆਦਿ) ਦੇ ਵਿਸ਼ੇ ਨੂੰ ਪਾਰ ਕਰਕੇ ਨਿਰਵਾਣ ਪਦ ਪ੍ਰਾਪਤ ਕਰ ਲੈਂਦਾ ਹੈ। ਉਸਦੀ ਪ੍ਰਾਪਤੀ ਦਾ ਇਹੋ ਤਰੀਕਾ ਹੈ। ਇਕ ਜਨਮ ਵਿਚ ਕੋਈ ਪ੍ਰਾਪਤ ਵੀ ਨਹੀਂ ਕਰਦਾ।

**प्रयत्नाद्यतमानस्तु योगी संशुद्धकिल्बिषः।**
**अनेक–जन्मसंसिद्धस्ततो याति परां गतिम्।।४५।।**

ਅਨੇਕ ਜਨਮਾਂ ਤੋਂ ਯਤਨ ਕਰਨ ਵਾਲਾ ਯੋਗੀ ਪਰਮ ਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ। ਯਤਨਪੂਰਬਕ ਅਭਿਆਸ ਕਰਨ ਵਾਲਾ ਯੋਗੀ ਸਾਰੇ ਪਾਪਾਂ ਤੋਂ ਭਲੀ ਭਾਂਤ ਸ਼ੁੱਧ ਹੋਕੇ ਪਰਮਗਤਿ ਨੂੰ ਪ੍ਰਾਪਤ ਹੋ ਜਾਂਦਾ ਹੈ। ਪ੍ਰਾਪਤੀ ਦਾ ਇਹੋ ਸਿਲਸਿਲਾ ਹੈ। ਪਹਿਲਾਂ ਕਮਜ਼ੋਰ ਜਾਂ ਢਿੱਲੇ ਯਤਨ ਨਾਲ ਉਹ ਯੋਗ ਆਰੰਭ ਕਰਦਾ ਹੈ, ਮਨ ਵਿਚਲਿਤ ਹੋਣ ਤੇ ਜਨਮ ਲੈਂਦਾ ਹੈ, ਸਤਿਗੁਰੂ ਦੇ ਕੁੱਲ ਵਿਚ ਪ੍ਰਵੇਸ਼ ਪਾਉਂਦਾ ਹੈ, ਅਤੇ ਹਰੇਕ ਜਨਮ ਵਿਚ ਅਭਿਆਸ ਕਰਦੇ ਹੋਏ ਉੱਥੇ ਹੀ ਪਹੁੰਚ ਜਾਂਦਾ ਹੈ, ਜਿਸਦਾ ਨਾਮ ਪਰਮਗਤਿ ਪਰਮਧਾਮ ਹੈ। ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਇਸ ਯੋਗ ਵਿਚ ਬੀਜ ਦਾ ਨਾਸ਼ ਨਹੀਂ ਹੁੰਦਾ। ਤੁਸੀਂ ਬਸ ਦੋ ਹੀ ਕਦਮ ਚਲ ਪਉ, ਉਸ ਸਾਧਨਾ ਦਾ ਕਦੇ ਨਾਸ਼ ਨਹੀਂ ਹੁੰਦਾ। ਹਰ ਹਾਲ ਵਿਚ ਰਹਿੰਦੇ ਹੋਏ ਪੁਰਸ਼ ਇਸ ਤਰ੍ਹਾਂ ਕਰ ਸਕਦਾ ਹੈ, ਕਿਉਂਕਿ ਥੋੜ੍ਹੀ ਸਾਧਨਾ ਤਾਂ ਹਾਲਾਤਾਂ ਨਾਲ ਘਿਰਿਆ ਹੋਇਆ ਵਿਅਕਤੀ ਹੀ ਕਰਦਾ ਹੈ, ਉਸ ਕੋਲ ਸਮਾਂ ਨਹੀਂ ਹੈ। ਤੁਸੀਂ ਕਾਲੇ ਹੋ, ਗੋਰੇ ਹੋ ਜਾਂ ਕਿਧਰੇ ਵੀ ਰਹਿਣ ਵਾਲੇ ਹੋ, ਗੀਤਾ ਸਭ ਲਈ ਹੈ। ਤੁਹਾਡੇ ਲਈ ਵੀ ਹੈ, ਬਸ਼ਰਤੇ ਤੁਸੀਂ ਮਨੁੱਖ ਹੋਵੋ। ਬਹੁਤ ਯਤਨ ਵਾਲਾ ਚਾਹੇ ਜੋ ਹੋਵੇ, ਪਰ ਕਮਜ਼ੋਰ ਯਤਨ ਵਾਲਾ ਗ੍ਰਹਿਸਥ ਹੀ ਹੁੰਦਾ ਹੈ। ਗੀਤਾ ਗ੍ਰਹਿਸਥ–ਵੈਰਾਗੀ, ਪੜ੍ਹੇ–ਲਿਖੇ–ਅਨਪੜ੍ਹ, ਹਰ ਆਮ ਮਨੁੱਖ ਮਾਤਰ ਲਈ ਹੈ। ਕਿਸੇ 'ਸਾਧੂ' ਨਾਮਕ ਅਜੀਬ ਪ੍ਰਾਣੀ ਲਈ ਹੀ ਨਹੀਂ। ਅੰਤ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨਿਰਣਾ ਦੇਂਦੇ ਹਨ –

**तपस्विभ्योऽधिको योगी ज्ञानिभ्योऽपि मतोऽधिकः।**
**कर्मिभ्यश्चाधिको योगी तस्माद्योगी भवार्जुन ।।४६।।**

ਤਪਸਵੀਆਂ ਤੋਂ ਯੋਗੀ ਸ਼੍ਰੇਸ਼ਠ ਹੈ, ਗਿਆਨੀਆਂ ਤੋਂ ਵੀ ਸ਼੍ਰੇਸ਼ਠ ਮੰਨਿਆ ਗਿਆ ਹੈ। ਕਰਮੀਆਂ ਤੋਂ ਵੀ ਯੋਗੀ ਸ਼੍ਰੇਸ਼ਠ ਹੈ। ਇਸ ਲਈ ਅਰਜੁਨ ! ਤੂੰ ਯੋਗੀ ਬਣ।

**ਤਪਸਵੀ –**

ਤਪਸਵੀ ਮਨ ਸਹਿਤ ਇੰਦ੍ਰੀਆਂ ਨੂੰ ਉਸ ਯੋਗ ਵਿਚ ਢਾਲਣ ਲਈ ਤਪਾਉਂਦਾ ਹੈ, ਅਜੇ ਯੋਗ ਉਸ ਵਿਚ ਢਲਿਆ ਨਹੀਂ।

**ਕਰਮੀ –**

ਕਰਮੀ ਇਸ ਨਿਰਧਾਰਤ ਕਰਮ ਨੂੰ ਸਮਝਕੇ ਉਸ ਵਿਚ ਪ੍ਰਵਿਰਤ ਹੁੰਦਾ ਹੈ। ਨਾ ਤਾਂ

ਉਹ ਆਪਣੀ ਸ਼ਕਤੀ ਸਮਝਕੇ ਹੀ ਪ੍ਰਵਿਰਤ ਹੈ ਅਤੇ ਨਾ ਉਹ ਸਮਰਪਣ ਕਰਕੇ ਹੀ ਪ੍ਰਵਿਰਤ ਹੈ । ਉਹ ਸਿਰਫ਼ ਕਰਦਾ ਹੈ !

**ਗਿਆਨੀ –**

ਗਿਆਨ ਮਾਰਗੀ ਉਸੇ ਨਿਰਧਾਰਤ ਕਰਮ, ਯੱਗ ਦੀ ਪ੍ਰਕ੍ਰਿਆ ਵਿਸ਼ੇਸ਼ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ, ਆਪਣੀ ਸ਼ਕਤੀ ਨੂੰ ਸਾਮ੍ਹਣੇ ਰੱਖਕੇ ਉਸ ਵਿਚ ਪ੍ਰਵਿਰਤ ਹੁੰਦਾ ਹੈ । ਉਸਦੀ ਲਾਭ–ਹਾਨੀ ਦੀ ਜ਼ਿੰਮੇਦਾਰੀ ਉਸੇ ਦੀ ਹੈ ! ਉਹ ਉਸ ਉਤੇ ਨਜ਼ਰ ਰੱਖਕੇ ਚਲਦਾ ਹੈ ।

**ਯੋਗੀ –**

ਨਿਸ਼ਕਾਮ ਕਰਮਯੋਗੀ ਇਸ਼ਟ ਉਤੇ ਨਿਰਭਰ ਹੋਕੇ ਪੂਰੇ ਸਮਰਪਣ ਨਾਲ ਉਸੇ ਨਿਯਤ ਕਰਮ 'ਯੋਗ ਸਾਧਨਾ' ਵਿਚ ਪ੍ਰਵਿਰਤ ਹੁੰਦਾ ਹੈ, ਜਿਸਦੇ ਯੋਗਖੇਮ (ਕਲਿਆਨ) ਦੀ ਜ਼ਿੰਮੇਦਾਰੀ ਭਗਵਾਨ ਅਤੇ ਯੋਗੇਸ਼ਵਰ ਪੂਰੀ ਕਰਦੇ ਹਨ । ਪਤਨ ਦੇ ਹਾਲਾਤ ਹੁੰਦੇ ਹੋਏ ਵੀ ਉਸ ਲਈ ਪਤਨ ਦਾ ਭੈ ਨਹੀਂ ਹੁੰਦਾ; ਕਿਉਂਕਿ ਜਿਸ ਪਰਮਤੱਤ ਨੂੰ ਉਹ ਚਾਹੁੰਦਾ ਹੈ, ਉਹੀ ਉਸਨੂੰ ਸੰਭਾਲਣ ਦੀ ਜ਼ਿੰਮੇਦਾਰੀ ਵੀ ਲੈ ਲੈਂਦਾ ਹੈ।

ਤਪਸਵੀ ਅਜੇ ਯੋਗ ਨੂੰ ਢਾਲਣ ਵਿਚ ਯਤਨਸ਼ੀਲ ਹੈ । ਕਰਮੀ ਕੇਵਲ ਕਰਮ ਨੂੰ ਸਮਝਕੇ ਕਰਦਾ ਹੀ ਹੈ । ਇਹ ਡਿੱਗ ਵੀ ਸਕਦੇ ਹਨ, ਕਿਉਂਕਿ ਨਾ ਇਹਨਾਂ ਦੋਵਾਂ ਵਿਚ ਸਮਰਪਣ ਹੈ ਅਤੇ ਨਾ ਆਪਣੀ ਹਾਨੀ–ਲਾਭ ਵੇਖਣ ਦੀ ਸਮਰਥਾ; ਪਰ ਗਿਆਨੀ ਯੋਗ ਦੀਆਂ ਹਾਲਤਾਂ ਨੂੰ ਜਾਣਦਾ ਹੈ, ਆਪਣੀ ਸ਼ਕਤੀ ਨੂੰ ਸਮਝਦਾ ਹੈ, ਉਸਦੀ ਜ਼ਿੰਮੇਦਾਰੀ ਉਸੇ ਉਤੇ ਹੈ, ਅਤੇ ਨਿਸ਼ਕਾਮ ਕਰਮਯੋਗੀ ਤਾਂ ਇਸ਼ਟ ਦੇ ਹਵਾਲੇ ਖ਼ੁਦ ਨੂੰ ਕਰ ਹੀ ਚੁਕਾ ਹੈ, ਉਹ ਇਸ਼ਟ ਸਾਂਭੇਗਾ । ਪਰਮ ਕਲਿਆਨ ਦੇ ਰਾਹ ਉਤੇ ਇਹ ਦੋਨੋਂ ਠੀਕ ਚਲਦੇ ਹਨ । ਪਰ ਜਿਸਦਾ ਭਾਰ ਉਹ ਇਸ਼ਟ ਸਾਂਭਦਾ ਹੈ, ਉਹ ਇਹਨਾਂ ਸਾਰਿਆਂ ਵਿਚ ਸ਼੍ਰੇਸ਼ਠ ਹੈ, ਕਿਉਂਕਿ ਪ੍ਰਭੂ ਨੇ ਉਸਨੂੰ ਗ੍ਰਹਿਣ ਕਰ ਲਿਆ ਹੈ। ਉਸਦਾ ਹਾਨੀ–ਲਾਭ ਉਹ ਪ੍ਰਭੂ ਵੇਖਦਾ ਹੈ । ਇਸ ਲਈ ਯੋਗੀ ਸ਼੍ਰੇਸ਼ਠ ਹੈ । ਇਸ ਲਈ ਅਰਜੁਨ ! ਤੂੰ ਯੋਗੀ ਬਣ । ਸਮਰਪਣ ਦੇ ਨਾਲ ਯੋਗ ਦਾ ਆਚਰਣ ਕਰ ।

ਯੋਗੀ ਸ਼੍ਰੇਸ਼ਠ ਹੈ, ਪਰ ਉਸਤੋਂ ਵੀ ਉਹ ਯੋਗੀ ਹੋਰ ਸ਼੍ਰੇਸ਼ਠ ਹੈ ਜੋ ਅੰਤਰਾਤਮਾ ਨਾਲ ਲਗਦਾ ਹੈ, ਇਸੇ ਤੇ ਕਹਿੰਦੇ ਹਨ–

**योगिनामपि सर्वेषां मद्गतेनान्तरात्मना।**
**श्रद्धावान् भजते यो मां स मे युक्ततमो मत: ।।४७।।**

ਸਾਰੇ ਨਿਸ਼ਕਾਮ ਕਰਮਯੋਗੀਆਂ ਵਿਚ ਵੀ ਜੋ ਸ਼ਰਧਾ ਨਾਲ ਓਤਪ੍ਰੋਤ ਹੋਕੇ ਅੰਤਰਾਤਮਾ ਨਾਲ, ਅੰਤਰਚਿੰਤਨ ਨਾਲ ਮੈਨੂੰ ਨਿਰੰਤਰ ਭਜਦਾ ਹੈ, ਉਹ ਯੋਗੀ ਮੇਰੇ ਲਈ ਪਰਮ ਸ਼੍ਰੇਸ਼ਠ ਹੈ। ਭਜਨ ਦਿਖਾਵੇ ਜਾਂ ਨੁਮਾਇਸ਼ ਦੀ ਚੀਜ਼ ਨਹੀਂ ਹੈ । ਇਸ ਨਾਲ ਸਮਾਜ ਭਲੇ ਹੀ ਤੁਹਾਡੇ ਅਨੁਕੂਲ ਹੋ ਜਾਏ, ਪਰ ਪ੍ਰਭੂ ਪ੍ਰਤਿਕੂਲ ਹੋ ਜਾਂਦੇ ਹਨ । ਭਜਨ ਅਤਿਅੰਤ ਅੰਦਰੂਨੀ ਚੀਜ਼ ਹੈ ਅਤੇ ਉਹ ਅੰਤਰਮਨ ਰਾਹੀਂ ਹੁੰਦਾ ਹੈ। ਉਸਦਾ ਉਤਾਰ–ਚੜ੍ਹਾਉ ਅੰਤਰਮਨ ਉਤੇ ਹੈ ।

## ਸਾਰ

ਇਸ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਫਲ ਦੇ ਆਸਰੇ ਤੋਂ ਰਹਿਤ ਹੋਕੇ ਜੋ –**'कार्यम् कर्म'**– ਅਰਥਾਤ ਕਰਨ ਯੋਗ ਪ੍ਰਕ੍ਰਿਆ ਵਿਸ਼ੇਸ਼ ਨੂੰ ਕਰਦਾ ਹੈ, ਉਹੀ ਸੰਨਿਆਸੀ ਹੈ ਅਤੇ ਉਸੇ ਕਰਮ ਨੂੰ ਕਰਨ ਵਾਲਾ ਹੀ ਯੋਗੀ ਹੈ । ਕੇਵਲ ਕਰਮਾਂ ਜਾਂ ਅਗਨੀ ਨੂੰ ਤਿਆਗਣ ਵਾਲਾ ਯੋਗੀ ਜਾਂ ਸੰਨਿਆਸੀ ਨਹੀਂ ਹੁੰਦਾ । ਅਸੀਂ ਤਾਂ ਸੰਕਲਪ ਨਹੀਂ ਕਰਦੇ–ਇਸ ਤਰ੍ਹਾ ਸਿਰਫ਼ ਕਹਿ ਦੇਣ ਨਾਲ ਸੰਕਲਪ ਸ਼ਰੀਰ ਨਹੀਂ ਛੱਡਦੇ । ਯੋਗ ਵਿਚ ਆਰੂੜ (ਸਵਾਰ) ਹੋਣ ਦੀ ਇੱਛਾ ਵਾਲੇ ਪੁਰਸ਼ ਨੂੰ ਚਾਹੀਦਾ ਹੈ ਕਿ –**'कार्यम् कर्म'**– ਯਾਨੀ ਕਰਨ ਯੋਗ ਪ੍ਰਕ੍ਰਿਆ ਕਰੇ । ਕਰਮ ਕਰਦੇ-ਕਰਦੇ ਯੋਗ–ਆਰੂੜ ਹੋ ਜਾਣ ਤੇ ਹੀ ਸਾਰੇ ਸੰਕਲਪ ਮਿਟਦੇ ਹਨ । ਇਸਤੋਂ ਪਹਿਲਾਂ ਨਹੀਂ । ਸਾਰੇ ਸੰਕਲਪਾਂ ਦਾ ਮਿਟਣਾ ਹੀ ਸੰਨਿਆਸ ਹੈ ।

ਯੋਗੇਸ਼ਵਰ ਨੇ ਫੇਰ ਦਸਿਆ ਕਿ ਆਤਮਾ ਅਧੋਗਤਿ ਵਿਚ ਵੀ ਜਾਂਦਾ ਹੈ ਅਤੇ ਉਸਦਾ ਉੱਧਾਰ ਵੀ ਹੁੰਦਾ । ਜਿਸ ਪੁਰਸ਼ ਦੁਆਰਾ ਮਨ ਸਹਿਤ ਇੰਦ੍ਰੀਆਂ ਜਿੱਤ ਲਈਆਂ ਗਈਆਂ ਹਨ, ਉਸਦਾ ਆਤਮਾ ਉਸ ਲਈ ਮਿੱਤਰ ਬਣਕੇ ਮਿੱਤਰਤਾ ਅਨੁਪਾਤ ਕਰਦਾ ਹੈ, ਪਰਮ ਕਲਿਆਨ ਕਰਨ ਵਾਲਾ ਹੁੰਦਾ ਹੈ। ਜਿਸਦੇ ਦੁਆਰਾ ਇਹ ਨਹੀਂ ਜਿੱਤੀਆਂ ਜਾਂਦੀਆਂ, ਉਸ ਲਈ ਉਸੇ ਦਾ ਆਤਮਾ ਵੈਰੀ ਬਣਕੇ ਵੈਰ ਵਿਚ ਚਲਦਾ ਹੈ, ਯਾਤਨਾਵਾਂ ਦਾ ਕਾਰਣ ਬਣਦਾ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਤਮਾ ਨੂੰ ਅਧੋਗਤਿ ਵਿਚ ਨਾ ਪਹੁੰਚਾਏ, ਆਪਣੇ ਦੁਆਰਾ ਆਪਣੇ ਆਤਮਾ ਦਾ ਉੱਧਾਰ ਕਰੇ।

ਉਹਨਾਂ ਨੇ ਪ੍ਰਾਪਤੀ ਵਾਲੇ ਯੋਗੀ ਦੀ ਰਹਿਣੀ ਦੱਸੀ । ਯੱਗ ਦਾ ਸਥਾਨ, ਬੈਠਣ ਦਾ ਆਸਨ ਅਤੇ ਬੈਠਣ ਦੇ ਤਰੀਕੇ ਲਈ ਉਹਨਾਂ ਕਿਹਾ ਕਿ ਸਥਾਨ ਏਕਾਂਤ ਅਤੇ ਸਾਫ਼ ਹੋਵੇ। ਵਸਤਰ, ਮ੍ਰਿਗਛਾਲ ਜਾਂ ਘਾਹ ਦੀ ਚਟਾਈ ਆਦਿ ਕਿਸੇ ਵੀ ਚੀਜ਼ ਦੀ ਵਿਛਾਈ ਕਰੋ । ਕਰਮ ਦੇ ਅਨੁਰੂਪ ਉੱਦਮ-ਯੁਕਤਾਹਾਰ-ਵਿਹਾਰ, ਸੌਣ-ਜਾਗਣ ਦੇ ਧੀਰਜ ਤੇ ਉਹਨਾਂ ਨੇ ਜ਼ੋਰ ਪਾਇਆ । ਯੋਗੀ ਦੇ ਨਿਰੁੱਧ ਚਿੱਤ ਦੀ ਉਪਮਾ ਉਹਨਾ ਨੇ ਹਵਾਰਹਿਤ ਸਥਾਨ ਵਿਚ ਦੀਵੇ ਦੀ ਸਥਿਰ ਲਾਟ ਨਾਲ ਕੀਤੀ ਅਤੇ ਇਸ ਤਰ੍ਹਾਂ ਉਹ ਨਿਰੁੱਧ ਚਿੱਤ ਵੀ ਜਦੋਂ ਲੀਨ ਹੋ ਜਾਂਦਾ ਹੈ ਉਸ ਸਮੇਂ ਯੋਗ ਦੀ ਪਰਾਕਾਸ਼ਠਾ, ਪਰਮ ਆਨੰਦ ਦੀ ਪ੍ਰਾਪਤੀ ਦੱਸੀ। ਸੰਸਾਰ ਦੇ ਸੰਜੋਗ-ਵਿਜੋਗ ਤੋਂ ਰਹਿਤ ਅਨੰਤ ਸੁਖ ਦਾ ਨਾਮ ਮੋਖਸ਼ ਹੈ । ਯੋਗ ਦਾ ਅਰਥ ਹੈ ਉਸ ਨਾਲ ਮਿਲਨ । ਜੋ ਯੋਗੀ ਉਸ ਵਿਚ ਪ੍ਰਵੇਸ਼ ਪਾ ਜਾਂਦਾ ਹੈ, ਉਹ ਸਾਰੇ ਭੌਤਿਕ-ਪ੍ਰਾਣੀਆਂ ਨੂੰ ਸਮਦ੍ਰਿਸ਼ਟੀ ਨਾਲ ਵੇਖਦਾ ਹੈ । ਜਿਵੇਂ ਆਪਣੀ ਆਤਮਾ, ਉਸੇ ਤਰ੍ਹਾਂ ਸਭ ਦੀ ਆਤਮਾ ਨੂੰ ਵੇਖਦਾ ਹੈ । ਉਹ ਸ਼ਾਂਤੀ ਦੀ ਪਰਮ ਪਰਕਾਸ਼ਠਾ ਨੂੰ ਪਹੁੰਚਦਾ ਹੈ। ਇਸ ਲਈ ਯੋਗ ਜ਼ਰੂਰੀ ਹੈ। ਮਨ ਜਿੱਥੇ-ਜਿੱਥੇ ਜਾਏ, ਉੱਥੋਂ-ਉੱਥੋਂ ਉਸਨੂੰ ਘਸੀਟਕੇ ਬਾਰੰਬਾਰ ਇਸਦਾ ਵਿਰੋਧ ਕਰੋ । ਸ਼੍ਰੀ ਕ੍ਰਿਸ਼ਣ ਨੇ ਸਵੀਕਾਰ ਕੀਤਾ ਕਿ ਮਨ ਬੜੀ ਕਠਿਨਾਈ ਨਾਲ ਵੱਸ ਆਉਂਦਾ ਹੈ, ਪਰ ਆਉਂਦਾ ਜ਼ਰੂਰ ਹੈ । ਇਹ ਅਭਿਆਸ ਅਤੇ ਵੈਰਾਗ ਰਾਹੀਂ ਵੱਸ ਵਿਚ ਆਉਂਦਾ ਹੈ । ਢਿੱਲੀ ਕੋਸ਼ਿਸ ਵਾਲਾ ਮਨੁੱਖ ਵੀ ਅਨੇਕ ਜਨਮਾਂ ਦੇ ਅਭਿਆਸ ਨਾਲ ਉੱਥੇ ਹੀ ਪਹੁੰਚ ਜਾਂਦਾ ਹੈ, ਜਿਸ ਥਾਂ ਦਾ ਨਾਮ ਪਰਮਧਾਮ ਜਾਂ ਪਰਮਗਤਿ ਹੈ। ਤਪਸਵੀਆਂ, ਗਿਆਨ ਮਾਰਗੀਆਂ ਅਤੇ ਕੇਵਲ ਕਰਮੀਆਂ ਤੋਂ ਯੋਗੀ ਸ਼੍ਰੇਸ਼ਠ ਹੈ । ਇਸ ਲਈ ਅਰਜੁਨ ! ਤੂੰ ਯੋਗੀ ਬਣ । ਸਮਰਪਣ ਦੇ ਨਾਲ ਅੰਤਰਮਨ ਨਾਲ ਯੋਗ ਦਾ ਆਚਰਣ ਕਰ । ਪ੍ਰਸਤੁਤ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਪ੍ਰਮੁੱਖ ਤੌਰ ਤੇ ਯੋਗ ਦੀ ਪ੍ਰਾਪਤੀ ਲਈ ਅਭਿਆਸ ਉਤੇ ਜ਼ੋਰ ਦਿਤਾ ਹੈ । ਇਸ ਲਈ–

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'अभ्यास योगो' नाम षष्ठोऽध्याय: ।। ६ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸਣ ਅਤੇ ਅਰਜੁਨ ਦੇ ਸੰਵਾਦ ਵਿਚ 'ਅਭਿਆਸ ਯੋਗ' ਨਾਮਕ ਛੇਵਾਂ ਅਧਿਆਇ ਪੂਰਾ ਹੁੰਦਾ ਹੈ ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगीववद्गीताया: 'यथार्थगीता' भाष्ये 'अभ्यासयोगो' नाम षष्ठोऽध्याय: ।। ६ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਸੱਤਵਾਂ ਅਧਿਆਇ

ਪਿਛਲੇ ਅਧਿਆਇਆਂ ਵਿਚ ਗੀਤਾ ਦੇ ਲਗਭਗ ਸਾਰੇ ਪ੍ਰਮੁੱਖ ਪ੍ਰਸ਼ਨ ਪੂਰੇ ਹੋ ਗਏ ਹਨ। ਨਿਸ਼ਕਾਮ ਕਰਮਯੋਗ, ਗਿਆਨਯੋਗ, ਕਰਮ ਅਤੇ ਯੱਗ ਦਾ ਸਵਰੂਪ ਅਤੇ ਉਸਦੀ ਵਿਧੀ, ਯੋਗ ਦਾ ਅਸਲੀ ਸਵਰੂਪ, ਉਸਦਾ ਪਰਿਣਾਮ ਅਤੇ ਅਵਤਾਰ, ਵਰਣ ਸੰਕਰ, ਸਨਾਤਨ, ਆਤਮ ਸਥਿਤ ਮਹਾਪੁਰਸ਼ ਲਈ ਵੀ ਲੋਕਹਿਤ ਵਿਚ ਕਰਮ ਕਰਨ ਤੇ ਜ਼ੋਰ, ਯੁੱਧ ਆਦਿ ਤੇ ਲੰਮੀ ਚਰਚਾ ਕੀਤੀ ਗਈ। ਅਗਲੇ ਅਧਿਆਇਆਂ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਹਨਾਂ ਹੀ ਗੱਲਾਂ ਨਾਲ ਸੰਬੰਧਿਤ ਅਨੇਕ ਪੂਰਕ ਪ੍ਰਸ਼ਨਾਂ ਨੂੰ ਲਿਆ ਹੈ, ਜਿਨ੍ਹਾਂ ਦਾ ਸਮਾਧਾਨ ਅਤੇ ਕ੍ਰਿਆਤਮਕ ਰੂਪ ਆਰਾਧਨਾ ਵਿਚ ਸਹਾਇਕ ਹੋਏਗਾ।

ਛੇਵੇਂ ਅਧਿਆਇ ਦੇ ਆਖ਼ਰੀ ਸ਼ਲੋਕ ਵਿਚ ਯੋਗੇਸ਼ਵਰ ਨੇ ਇਹ ਕਹਿਕੇ ਪ੍ਰਸ਼ਨ ਦਾ ਬੀਜ ਆਪ ਹੀ ਪਾ ਦਿਤਾ ਕਿ ਜੋ ਯੋਗੀ –**'मद्गतेनान्तरात्मना'**–ਮੇਰੇ ਵਿਚ ਭਲੀ ਭਾਂਤ ਸਥਿਤ ਅੰਤਰਮਨ ਵਾਲਾ ਹੈ, ਉਸਨੂੰ ਮੈਂ ਅਤਿਅੰਤ ਸ਼੍ਰੇਸ਼ਠ ਯੋਗੀ ਮੰਨਦਾ ਹਾਂ। ਪਰਮਾਤਮਾ ਵਿਚ ਭਲੀ ਭਾਂਤ ਸਥਿਤੀ ਕੀ ਹੈ ? ਬਹੁਤ ਸਾਰੇ ਯੋਗੀ ਪਰਮਾਤਮਾ ਨੂੰ ਪ੍ਰਾਪਤ ਤਾਂ ਹੁੰਦੇ ਹਨ, ਫੇਰ ਵੀ ਕਿਧਰੇ ਕੋਈ ਕਮੀ ਉਹਨਾਂ ਨੂੰ ਖਟਕਦੀ ਹੈ। ਰੱਤੀਭਰ ਵੀ ਕਸਰ ਨਾ ਰਹਿ ਜਾਏ–ਐਸੀ ਅਵਸਥਾ ਕਦ ਆਏਗੀ ? ਸੰਪੂਰਣਤਾ ਦੇ ਨਾਲ ਪਰਮਾਤਮਾ ਦੀ ਜਾਣਕਾਰੀ ਕਦ ਆਏਗੀ? ਕਦੋਂ ਹੁੰਦੀ ਹੈ ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ–

**ਸ਼੍ਰੀ ਭਗਵਾਨ ਉਵਾਚ–**

**मय्यासक्तमनाः पार्थ योग युञ्जन्मदाश्रयः।**
**असंशयं समग्रं मां यथा ज्ञास्यसि तच्छृणु।।१।।**

ਪਾਰਥ ! ਮੇਰੇ ਵਿਚ ਆਸਕਤ (ਚਾਹਵਾਨ) ਹੋਏ ਮਨ ਵਾਲਾ, ਬਾਹਰੀ ਨਹੀਂ ਸਗੋਂ–

**'मदाक्षय:'**–ਅਰਥਾਤ ਮੇਰੇ ਪਰਾਇਣ (ਸ਼ਰਧਾਲੂ) ਹੋਕੇ, ਯੋਗ ਵਿਚ ਲਗਿਆ (ਛੱਡਕੇ ਨਹੀਂ) ਮੈਨੂੰ ਜਿਸ ਤਰ੍ਹਾਂ ਸੰਸਾ ਰਹਿਤ ਜਾਣੇਗਾ, ਉਸਨੂੰ ਸੁਣ ! ਜਿਸਨੂੰ ਜਾਣਨ ਤੋਂ ਬਾਅਦ ਰੱਤੀਭਰ ਵੀ ਸ਼ੰਕਾ ਨਾ ਰਹਿ ਜਾਏ। ਸ਼੍ਰੇਸ਼ਠਤਾਵਾਂ ਦੀ ਉਸ ਪੂਰੀ ਜਾਣਕਾਰੀ ਤੇ ਫੇਰ ਬਲ ਦੇਂਦੇ ਹਨ–

**ज्ञानं तेऽहं सविज्ञानमिदं वक्ष्याम्येशेषत:।**
**यज्ज्ञात्वा नेह भूयोऽन्यज्ज्ञातव्यमवशिष्यते।।२।।**

ਮੈਂ ਤੇਰੇ ਲਈ ਇਸ ਵਿਗਿਆਨ ਸਹਿਤ ਗਿਆਨ ਨੂੰ ਪੂਰਾ ਦੱਸਾਂਗਾ । ਪੂਰਨਤਾਕਾਲ ਵਿਚ ਯੋਗ ਜਿਸਦੀ ਸ੍ਰਿਸ਼ਟੀ ਕਰਦਾ ਹੈ, ਉਸ ਅੰਮ੍ਰਿਤ–ਤੱਤ ਦੀ ਪ੍ਰਾਪਤੀ ਦੇ ਨਾਲ ਮਿਲਣ ਵਾਲੀ ਜਾਣਕਾਰੀ ਦਾ ਨਾਮ ਗਿਆਨ ਹੈ । ਪਰਮਤੱਤ ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਦਾ ਨਾਮ ਗਿਆਨ ਹੈ । ਮਹਾਪੁਰਸ਼ ਨੂੰ ਇਕੋ ਵਾਰ ਸਭ ਥਾਈਂ ਕਾਰਜ ਕਰਨ ਦੀ ਜੋ ਸਮਰਥਾ ਮਿਲਦੀ ਹੈ, ਉਹ ਵਿਗਿਆਨ ਹੈ । ਕਿਵੇਂ ਉਹ ਪ੍ਰਭੂ ਇਕ ਵਾਰ ਸਭਦੇ ਹਿਰਦੇ ਵਿਚ ਕਾਰਜ ਕਰਦਾ ਹੈ ? ਕਿਸ ਤਰ੍ਹਾਂ ਉਹ ਉਠਾਉਂਦਾ, ਬਿਠਾਉਂਦਾ ਅਤੇ ਪ੍ਰਕ੍ਰਿਤੀ ਦੇ ਦਵੈਤ ਵਿਚੋਂ ਕੱਢਕੇ ਸਵਰੂਪ ਤਕ ਦੀ ਦੂਰੀ ਤੈਅ ਕਰਾਉਂਦਾ ਹੈ ? ਉਹਨਾਂ ਦੀ ਇਸ ਕਾਰਜ– ਪ੍ਰਣਾਲੀ ਦਾ ਨਾਮ ਵਿਗਿਆਨ ਹੈ । ਇਸ ਵਿਗਿਆਨ ਸਹਿਤ ਗਿਆਨ ਨੂੰ ਪੂਰਾ ਦੱਸਾਂਗਾ, ਜਿਸਨੂੰ ਜਾਣਕੇ (ਸੁਣਕੇ ਨਹੀਂ) ਸੰਸਾਰ ਵਿਚ ਹੋਰ ਕੁਝ ਵੀ ਜਾਣਨ ਯੋਗ ਨਹੀਂ ਰਹਿ ਜਾਏਗਾ । ਜਾਣਨ ਵਾਲਿਆਂ ਦੀ ਗਿਣਤੀ ਬੜੀ ਘੱਟ ਹੈ–

**मनुष्याणां सहस्त्रेषु कश्चिद्यतति सिद्धये।**
**यततामपि सिद्धानां कश्चिन्मां वेत्ति तत्त्वत: ।।३।।**

ਹਜ਼ਾਰਾਂ ਮਨੁੱਖਾਂ ਵਿਚ ਕੋਈ ਵਿਰਲਾ ਮਨੁੱਖ ਮੇਰੀ ਪ੍ਰਾਪਤੀ ਲਈ ਯਤਨ ਕਰਦਾ ਹੈ ਅਤੇ ਉਸਦਾ ਯਤਨ ਕਰਨ ਵਾਲੇ ਯੋਗੀਆਂ ਵਿਚੋਂ ਵੀ ਕੋਈ ਵਿਰਲਾ ਹੀ ਪੁਰਸ਼ ਮੈਨੂੰ ਤੱਤ (ਪ੍ਰਤੱਖ) ਨਾਲ ਜਾਣਦਾ ਹੈ । ਹੁਣ ਸੰਪੂਰਨ ਤੱਤ ਹੈ ਕਿੱਥੇ ? ਇਕ ਥਾਂ ਤੇ ਜਮ੍ਹਾ ਹੈ ਜਾਂ ਸਭ ਥਾਈਂ ਵਿਆਪਤ ਹੈ ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ–

**भूमिरापोऽनलो वायु: खं मनो बुद्धिरेव च।**
**अहंकार इतीयं मे भिन्ना प्रकृतिरष्टधा।।४।।**

ਅਰਜੁਨ ! ਭੂਮੀ, ਜਲ, ਅਗਨੀ, ਵਾਯੂ,ਆਕਾਸ਼,ਮਨ, ਬੁਧੀ ਅਤੇ ਅਹੰਕਾਰ– ਇਸ ਤਰ੍ਹੋਂ ਅੱਠ ਪ੍ਰਕਾਰ ਦੇ ਭੇਦਾਂ ਵਾਲੀ ਇਹ ਮੇਰੀ ਪ੍ਰਕ੍ਰਿਤੀ ਹੈ । ਅੱਸ਼ਟਧਾ ਮੂਲ ਪ੍ਰਕ੍ਰਿਤੀ ਹੈ ।

**अपरेयमितस्त्वन्यां प्रकृतिं विद्धि मे पराम्।**
**जीवभूतां महाबाहो ययेदं धार्यते जगत्।।५।।**

**'इयम'** ਅਰਥਾਤ ਇਹ ਅੱਠ ਪ੍ਰਕਾਰਾਂ ਵਾਲੀ ਤਾਂ 'ਅਪਰਾ' ਪ੍ਰਕ੍ਰਿਤੀ ਹੈ, ਅਰਥਾਤ ਜੜ ਪ੍ਰਕ੍ਰਿਤੀ ਹੈ । ਮਹਾਬਾਹੂ ਅਰਜੁਨ ! ਇਸਤੋਂ ਵੱਖ ਪ੍ਰਕ੍ਰਿਤੀ ਨੂੰ ਜੀਵਰੂਪ 'ਅਰਥਾਤ ਚੇਤਨਾ ਪ੍ਰਕ੍ਰਿਤੀ ਜਾਣ, ਜਿਸ ਨਾਲ ਸੰਪੂਰਣ ਜਗਤ ਧਾਰਣ ਕੀਤਾ ਹੋਇਆ ਹੈ । ਉਹ ਜੀਵਾਤਮਾ ਹੈ । ਜੀਵਾਤਮਾ ਵੀ ਪ੍ਰਕ੍ਰਿਤੀ ਦੇ ਸੰਬੰਧ ਨਾਲ ਰਹਿਣ ਕਰਕੇ ਪ੍ਰਕ੍ਰਿਤੀ ਹੀ ਹੈ ।

**एतद्योनीनि भूतानि सर्वाणीत्युपधारय।**
**अहं कृत्स्नस्य जगत: प्रभव: प्रलयस्तथा।।६।।**

ਅਰਜੁਨ ! ਇਹ ਸਮਝ ਕਿ ਸਾਰੇ ਭੂਤ (ਭੌਤਿਕ ਰੂਪ) –'**एतद्योनीनि**'–ਇਹਨਾਂ ਮਹਾ ਪ੍ਰਕ੍ਰਿਤੀਆਂ ਤੋਂ, ਪਰਾ ਅਤੇ ਅਪਰਾ ਪ੍ਰਕ੍ਰਿਤੀਆਂ ਤੋਂ ਹੀ ਪੈਦਾ ਹੋਣ ਵਾਲੇ ਹਨ । ਇਹੋ ਦੋਵੇਂ ਇਕ ਮਾਤਰ ਯੋਨੀ ਹਨ। ਮੈਂ ਸੰਪੂਰਣ ਜਗਤ ਦੀ ਉਤਪੱਤੀ ਅਤੇ ਪਰਲੋ ਜਾਂ ਵਿਨਾਸ਼ ਰੂਪ ਹਾਂ, ਅਰਥਾਤ ਮੂਲ ਕਾਰਨ ਹਾਂ । ਜਗਤ ਦੀ ਉਤਪੱਤੀ ਮੇਰੇ ਤੋਂ ਹੈ ਅਤੇ ਪਰਲੋ ਜਾਂ ਵਿਲੀਨਤਾ ਵੀ ਮੇਰੇ ਵਿਚ ਹੈ । ਜਦ ਤਕ ਪ੍ਰਕ੍ਰਿਤੀ ਮੌਜੂਦ ਹੈ ਤਦ ਤਕ ਮੈਂ ਹੀ ਉਸਦੀ ਉਤਪੱਤੀ ਹਾਂ ਅਤੇ ਜਦ ਕੋਈ ਮਹਾਪੁਰਸ਼ ਪ੍ਰਕ੍ਰਿਤੀ ਦਾ ਪਾਰ ਪਾ ਲੈਂਦਾ ਹੈ, ਤਾਂ ਮੈਂ ਹੀ ਮਹਾਪਰਲੋ ਵੀ ਹਾਂ, ਜੋ ਅਨੁਭਵ ਵਿਚ ਆਉਂਦੀ ਹੈ ।

*ਸ੍ਰਿਸ਼ਟੀ ਦੀ ਉਤਪੱਤੀ ਅਤੇ ਪਰਲੋ ਦੇ ਪ੍ਰਸ਼ਨ ਨੂੰ ਮਨੁੱਖੀ ਸਮਾਜ ਨੇ ਜਿਗਿਆਸਾ ਨਾਲ ਵੇਖਿਆ ਹੈ । ਦੁਨੀਆਂ ਦੇ ਅਨੇਕ ਸ਼ਾਸਤ੍ਰਾਂ ਵਿਚ ਇਸਨੂੰ ਕਿਸੇ ਨਾ ਕਿਸੇ ਤਰ੍ਹਾਂ ਸਮਝਣ ਦੀ ਕੋਸ਼ਿਸ ਚਲੀ ਆ ਰਹੀ ਹੈ । ਕੋਈ ਕਹਿੰਦਾ ਹੈ ਪਰਲੋ ਵਿਚ ਸੰਸਾਰ ਡੁੱਬ ਜਾਂਦਾ ਹੈ, ਤਾਂ ਕੋਈ ਕਹਿੰਦਾ ਹੈ ਕਿ ਇਸੇ ਦਿਨ ਸਭਦਾ ਫ਼ੈਸਲਾ ਸੁਣਾਇਆ ਜਾਂਦਾ ਹੈ । ਤਾਂ ਕੋਈ ਨਿੱਤ ਪਰਲੋ, ਨੈਮਿਤਿਕ ਪਰਲੋ ਆਦਿ ਦੀਆਂ ਗਿਣਤੀਆਂ ਵਿਚ ਲਗਿਆ ਰਹਿੰਦਾ ਹੈ । ਪਰ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਦੇ ਅਨੁਸਾਰ ਪ੍ਰਕ੍ਰਿਤੀ ਅਨਾਦਿ ਹੈ, ਪਰਿਵਰਤਨ ਹੁੰਦੇ ਰਹੇ ਹਨ, ਪਰ ਇਹ ਨਸ਼ਟ ਕਦੇ ਨਹੀਂ ਹੋਈ ।*

ਭਾਰਤੀ ਧਰਮ ਗ੍ਰੰਥਾਂ ਦੇ ਅਨੁਸਾਰ ਮਨੂ ਨੇ ਪਰਲੋ ਵੇਖੀ ਸੀ । ਇਸ ਵਿਚ ਗਿਆਰਾਂ ਰਿਸ਼ੀਆਂ ਨੇ ਮੱਛ ਦੇ ਸਿੰਗ ਵਿਚ ਬੇੜੀ ਬੰਨ੍ਹਕੇ ਹਿਮਾਲਿਆ ਦੇ ਇਕ ਉੱਚੇ ਸ਼ਿਖਰ ਤੇ ਸ਼ਰਨ ਲਈ ਸੀ । ਲੀਲਾਕਾਰ ਸ਼੍ਰੀ ਕ੍ਰਿਸ਼ਣ ਦੇ ਉਪਦੇਸ਼ਾਂ ਅਤੇ ਜੀਵਨ ਸੰਬੰਧੀ ਉਹਨਾਂ ਦੇ ਸਮਕਾਲੀ ਸ਼ਾਸਤ੍ਰ ਭਾਗਵਤ ਵਿਚ ਮ੍ਰਕੰਡੂ ਮੁਨੀ ਦੇ ਪੁੱਤਰ ਮਾਰਕੰਡੇਅ ਰਾਹੀਂ ਪਰਲੋ ਦਾ ਅੱਖਾਂ–ਵੇਖਿਆ ਹਾਲ ਪੇਸ਼ ਹੈ। ਉਹ ਹਿਮਾਲਿਆ ਦੇ ਉੱਤਰ ਵਿਚ ਪੁਸ਼ਪਭਦ੍ਰਾ ਨਦੀ ਦੇ ਕਿਨਾਰੇ ਰਹਿੰਦੇ ਸਨ।

ਭਾਗਵਤ ਦੇ ਬਾਰ੍ਹਵੇਂ ਸਕੰਧ (ਕਾਂਡ) ਦੇ ਅੱਠਵੇਂ ਤੇ ਨੌਂਵੇਂ ਅਧਿਆਇ ਦੇ ਅਨੁਸਾਰ ਸ਼ੌਨਕਾਦਿ ਰਿਸ਼ੀਆਂ ਨੇ ਸੂਤਜੀ ਤੋਂ ਪੁੱਛਿਆ ਕਿ ਮਾਰਕੰਡੇਅ ਨੇ ਮਹਾਪਰਲੋ ਵਿਚ ਬੋੜ੍ਹ ਦੇ ਪੱਤੇ ਤੇ ਭਗਵਾਨ ਬਾਲਮੁਕੰਦ ਦੇ ਦਰਸ਼ਨ ਕੀਤੇ ਸਨ, ਪਰ ਉਹ ਤਾਂ ਸਾਡੇ ਹੀ ਵੰਸ਼ ਦੇ ਸਨ, ਸਾਡੇ ਤੋਂ ਕੁਝ ਹੀ ਪਹਿਲਾਂ ਵਾਲੇ ਸਮੇਂ ਵਿਚ ਹੋਏ ਸਨ। ਉਹਨਾਂ ਦੇ ਜਨਮ ਦੇ ਬਾਅਦ ਨਾ ਕੋਈ ਪਰਲੋ ਹੋਈ ਤੇ ਨਾ ਸ੍ਰਿਸ਼ਟੀ ਹੀ ਡੁੱਬੀ। ਸਭ ਕੁਝ ਉਸੇ ਤਰ੍ਹਾਂ ਹੈ, ਤਾਂ ਉਹਨਾਂ ਨੇ ਕਿਸ ਤਰ੍ਹਾਂ ਦੀ ਪਰਲੋ ਵੇਖੀ ?

ਸੂਤਜੀ ਨੇ ਦਸਿਆ ਕਿ ਮਾਰਕੰਡੇਅ ਜੀ ਦੀ ਪ੍ਰਾਰਥਨਾ ਤੋਂ ਪ੍ਰਸੰਨ ਹੋਕੇ ਨਰ ਨਾਰਾਇਣ ਨੇ ਉਹਨਾਂ ਨੂੰ ਦਰਸ਼ਨ ਦਿਤੇ। ਮਾਰਕੰਡੇਅ ਜੀ ਨੇ ਕਿਹਾ ਕਿ ਮੈਂ ਤੁਹਾਡੀ ਉਹ ਮਾਇਆ ਵੇਖਣਾ ਚਾਹੁੰਦਾ ਹਾਂ, ਜਿਸਤੋਂ ਪ੍ਰੇਰਿਤ ਹੋਕੇ ਇਹ ਆਤਮਾ ਅਨੰਤ ਯੋਨੀਆਂ ਵਿਚ ਆਵਾਗਮਨ ਕਰਦਾ ਹੈ। ਭਗਵਾਨ ਨੇ ਸਵੀਕਾਰ ਕੀਤਾ ਅਤੇ ਇਕ ਦਿਨ ਜਦ ਮੁਨੀ ਆਪਣੇ ਆਸ਼ਰਮ ਵਿਚ ਭਗਵਾਨ ਦੇ ਚਿੰਤਨ ਵਿਚ ਮਗਨ ਹੋ ਰਹੇ ਸਨ, ਤਾਂ ਉਹਨਾਂ ਨੂੰ ਨਜ਼ਰ ਆਇਆ ਕਿ ਚਾਰੋ ਪਾਸਿਉਂ ਸਮੁੰਦਰ ਠਾਠਾਂ ਮਾਰਦਾ ਉਹਨਾਂ ਉੱਤੇ ਆ ਰਿਹਾ ਹੈ। ਉਸ ਵਿਚ 'ਮਗਰਮੱਛ' ਛਾਲਾਂ ਮਾਰ ਰਹੇ ਹਨ।

ਉਹਨਾਂ ਦੇ ਚਪੇਟਿਆਂ ਵਿਚ ਰਿਸ਼ੀ ਮਾਰਕੰਡੇਅ ਵੀ ਆ ਰਹੇ ਸਨ। ਉਹ ਇਧਰ-ਉਧਰ ਬਚਣ ਲਈ ਦੌੜ ਰਹੇ ਸਨ। ਆਕਾਸ਼, ਪ੍ਰਿਥਵੀ, ਸੂਰਜ, ਚੰਨ, ਸੁਵਰਗ, ਜੋਤਿਸ਼-ਮੰਡਲ ਸਾਰੇ ਉਸ ਸਮੁੰਦਰ ਵਿਚ ਡੁੱਬ ਗਏ। ਏਨ੍ਹੇ ਵਿਚ ਮਾਰਕੰਡੇਅ ਜੀ ਨੂੰ ਬੋਤ੍ਹ ਦਾ ਦਰਖ਼ਤ ਅਤੇ ਉਸਦੇ ਪੱਤੇ ਉੱਤੇ ਇਕ ਛੋਟਾ ਬੱਚਾ ਦਿਖਾਈ ਪਿਆ। ਸੁਆਸ ਦੇ ਨਾਲ ਮਾਰਕੰਡੇਅ ਜੀ ਵੀ ਉਸ ਬੱਚੇ ਦੇ ਪੇਟ ਵਿਚ ਚਲੇ ਗਏ ਅਤੇ ਆਪਣਾ ਆਸ਼ਰਮ, ਸੂਰਜ-ਮੰਡਲ ਸਹਿਤ ਸ਼੍ਰਿਸ਼ਟੀ ਨੂੰ ਜਿਉਂਦਾ ਵੇਖਿਆ ਅਤੇ ਫੇਰ ਸੁਆਸ ਦੇ ਨਾਲ ਉਸ ਬੱਚੇ ਦੇ ਪੇਟ ਤੋਂ ਉਹ ਬਾਹਰ ਆ ਗਏ। ਅੱਖਾਂ ਖੁੱਲਣ ਤੇ ਮਾਰਕੰਡੇਅ ਜੀ ਨੇ ਆਪਣੇ ਆਪਨੂੰ ਉਸੇ ਆਸ਼ਰਮ ਵਿਚ ਆਪਣੇ ਹੀ ਆਸਨ ਉਤੇ ਵੇਖਿਆ।

ਸਪਸ਼ਟ ਹੈ ਕਿ ਕਰੋੜਾਂ ਸਾਲਾਂ ਦੇ ਭਜਨ ਦੇ ਬਾਅਦ ਉਸ ਮੁਨੀ ਨੇ ਈਸ਼ਵਰੀ ਦ੍ਰਿਸ਼ ਨੂੰ ਆਪਣੇ ਹਿਰਦੇ ਵਿਚ ਵੇਖਿਆ, ਅਨੁਭਵ ਵਿਚ ਵੇਖਿਆ, ਬਾਹਰ ਸਭ ਕੁਝ ਜਿਉਂ ਦਾ ਤਿਉਂ ਸੀ। ਇਸ ਲਈ ਪਰਲੋ ਯੋਗੀ ਦੇ ਹਿਰਦੇ ਵਿਚ ਈਸ਼ਵਰ ਤੋਂ ਮਿਲਣ ਵਾਲੀ ਅਨੁਭੂਤੀ ਹੈ। ਭਜਨ ਦੇ ਪੂਰਨਤਾਕਾਲ ਵਿਚ ਯੋਗੀ ਦੇ ਹਿਰਦੇ ਵਿਚ ਸੰਸਾਰ ਦਾ ਪ੍ਰਵਾਹ ਮਿਟਕੇ ਅਵਿਅਕਤ ਪਰਮਾਤਮਾ ਹੀ ਬਾਕੀ ਬਚਦਾ ਹੈ, ਇਹੋ ਪਰਲੋ ਹੈ। ਬਾਹਰ ਪਰਲੋ ਨਹੀਂ ਹੁੰਦੀ। ਮਹਾਪਰਲੋ ਸਰੀਰ ਰਹਿੰਦਿਆਂ ਹੀ ਅਦਵੈਤ ਦੀ ਅਨਿਰਵਚਨੀ (ਮੌਨ) ਸਥਿਤੀ ਹੈ। ਇਹ ਕ੍ਰਿਆਤਮਕ ਹੈ। ਕੇਵਲ ਬੁੱਧੀ ਤੋਂ ਫੈਸਲਾ ਲੈਣ ਵਾਲੇ ਭਰਮ ਦੀ ਹੀ ਰਚਨਾ ਕਰਦੇ ਹਨ, ਚਾਹੇ ਅਸੀਂ ਹੋਈਏ ਜਾਂ ਤੁਸੀਂ।

**ਇਸੇ ਗੱਲ ਨੂੰ ਅੱਗੇ ਵੇਖੀਏ -**

**मत्त: परतरं नान्यकिञ्चिदस्ति धनंजय।**
**मयि सर्वमिदं प्रोतं सूत्रे मणिगण इव॥७॥**

ਧਨੰਜਯ ! ਮੇਰੇ ਸਿਵਾਇ ਹੋਰ ਕੋਈ ਰੱਤੀਭਰ ਵੀ ਚੀਜ਼ ਨਹੀਂ ਹੈ। ਇਹ ਸਾਰਾ ਜਗਤ ਧਾਗੇ ਵਿਚ ਮੋਤੀਆਂ ਵਾਂਗ ਮੇਰੇ ਨਾਲ ਪਿਰੋਇਆ ਹੋਇਆ ਹੈ। ਹੈ ਤਾਂ ਸਹੀ, ਪਰ ਜਾਣਾਂਗੇ ਕਦੋਂ ? ਜਦੋਂ (ਇਸ ਅਧਿਆਇ ਦੇ ਪਹਿਲੇ ਸ਼ਲੋਕ ਦੇ ਅਨੁਸਾਰ) ਸ਼ਰਧਾਲੂ ਸਨੇਹ (ਭਗਤੀ) ਨਾਲ ਮੇਰੇ ਸ਼ਰਧਾਲੂ ਹੋਕੇ ਯੋਗ ਵਿਚ ਉਸੇ ਰੂਪ ਨਾਲ ਲੱਗ ਜਾਵਾਂਗੇ। ਇਸਤੋਂ ਬਿਨਾਂ ਨਹੀਂ। ਯੋਗ ਵਿਚ ਲਗਣਾ ਜ਼ਰੂਰੀ ਹੈ।

**रसोऽहमप्सु कौन्तेय प्रभास्मि शशिसूर्ययो:।**
**प्रणव: सर्ववेदेषु शब्द: खे पौरुषं नृषु॥८॥**

ਹੇ ਕੁੰਤੀਪੁੱਤਰ ! ਜਲ ਵਿਚ ਮੈਂ ਰਸ ਹਾਂ। ਚੰਨ ਤੇ ਸੂਰਜ ਵਿਚ ਪ੍ਰਕਾਸ਼ ਹਾਂ। ਸਾਰੇ ਦੇਵਾਂ ਵਿਚ ਮੈਂ ਓਮਕਾਰ ਹਾਂ। (ਓ + ਅਹੰ + ਕਾਰ) ਸੂਖਮ ਦਾ ਆਕਾਰ ਹਾਂ। ਆਕਾਸ਼ ਵਿਚ ਸ਼ਬਦ ਅਤੇ ਪੁਰਸ਼ਾਂ ਵਿਚ ਪੁਰਸ਼ੱਤਵ (ਪੁਰਸ਼ਾਰਥ) ਹਾਂ। ਅਤੇ ਮੈਂ -

**पुण्यो गन्ध पृथिव्यां च तेजश्चामि विभावसौ।**
**जीवनं सर्वभूतेषु तपश्चमि तपस्विषु॥९॥**

ਪ੍ਰਿਥਵੀ ਵਿਚ ਪਵਿਤ੍ਰ ਗੰਧ ਅਤੇ ਅਗਨੀ ਵਿਚ ਤੇਜ ਹਾਂ। ਸਾਰੇ ਜੀਵਾਂ ਵਿਚ ਉਹਨਾਂ ਦਾ ਜੀਵਨ ਹਾਂ ਅਤੇ ਤਪਸਵੀਆਂ ਵਿਚ ਉਹਨਾਂ ਦਾ ਤੱਪ ਹਾਂ।

**बीजं मां सर्दभूतानां विद्धि पार्थ सनातनम्।**
**बुद्धिर्बुद्धिमतामस्मि तेजस्तेजस्विनामहम्।।१०।।**

ਪਾਰਥ ! ਤੂੰ ਸਾਰੇ ਭੌਤਿਕ ਪ੍ਰਾਣੀਆਂ ਦਾ ਸਨਾਤਨ ਕਾਰਣ ਅਰਥਾਤ ਬੀਜ ਮੈਨੂੰ ਹੀ ਜਾਣ। ਮੈਂ ਬੁੱਧੀਮਾਨ ਦੀ ਬੁੱਧੀ ਅਤੇ ਤੇਜਸਵੀਆਂ ਦਾ ਤੇਜ ਹਾਂ। ਇਸੇ ਸਿਲਸਿਲੇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ-

**बलं बलवतां चाहं कामरागविवर्जितम्।**
**धर्माविरुद्धो भूतेषु कामोऽस्मि भरतर्षभ।।११।।**

ਹੇ ਭਰਤਸ਼੍ਰੇਸ਼ਠ ਅਰਜੁਨ ! ਮੈਂ ਬਲਾਵਾਨਾਂ ਦੀ ਕਾਮਨਾ ਅਤੇ ਆਸਕਤੀ ਰਹਿਤ ਬਲ ਹਾਂ। ਸੰਸਾਰ ਵਿਚ ਸਾਰੇ ਬਲਵਾਨ ਹੀ ਤਾਂ ਬਣਦੇ ਹਨ। ਕੋਈ ਡੰਡ-ਬੈਠਕ ਮਾਰਦਾ ਹੈ, ਕੋਈ ਪਰਮਾਣੂ ਇਕੱਠੇ ਕਰਦਾ ਹੈ; ਪਰ ਨਹੀਂ, ਸ਼੍ਰੀ ਕ੍ਰਿਸ਼ਣ ਕਹਿੰਦੇ ਹਨ। ਕਿ ਕਾਮ ਅਤੇ ਰਾਗ ਤੋਂ ਪਰੇ ਜਿਹੜਾ ਬਲ ਹੈ, ਉਹ ਮੈਂ ਹਾਂ, ਉਹੀ ਅਸਲੀ ਬਲ ਹੈ। ਸਭ ਭੌਤਿਕ ਪ੍ਰਾਣੀਆਂ ਵਿਚ ਧਰਮ ਦੇ ਅਨੁਕੂਲ ਕਾਮਨਾ ਮੈਂ ਹਾਂ। ਪਰਬ੍ਰਹਮ ਪਰਮਾਤਮਾ ਹੀ ਇਕ ਮਾਤਰ ਧਰਮ ਹੈ। ਜਿਸਨੇ ਸਭ ਨੂੰ ਧਾਰਨ ਕੀਤਾ ਹੋਇਆ ਹੈ, ਜੋ ਸ਼ਾਸ਼ਵਤ ਆਤਮਾ ਹੈ, ਉਹੀ ਧਰਮ ਹੈ। ਜੋ ਉਸ ਨਾਲ ਅਵਿਰੋਧ ਰੱਖਣ ਵਾਲੀ ਕਾਮਨਾ ਹੈ, ਮੈਂ ਹਾਂ। ਅੱਗੇ ਵੀ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ, ਅਰਜੁਨ ! ਮੈਨੂੰ ਪ੍ਰਾਪਤ ਕਰਨ ਦੀ ਇੱਛਾ ਕਰ। ਸਾਰੀਆਂ ਕਾਮਨਾਵਾਂ ਤਾਂ ਵਰਜਿਤ ਹਨ, ਪਰ ਉਸ ਪਰਮਾਤਮਾ ਨੂੰ ਪਾਉਣ ਦੀ ਕਾਮਨਾ ਜ਼ਰੂਰੀ ਹੈ, ਨਹੀਂ ਤਾਂ ਤੁਸੀਂ ਸਾਧਨਾ-ਕਰਮ ਵਿਚ ਪ੍ਰਵਿਰਤ ਨਹੀਂ ਹੋਵੋਗੇ। ਐਸੀ ਕਾਮਨਾ ਵੀ ਮੇਰੀ ਹੀ ਦੇਣ ਹੈ।

**ये चैव सात्त्विका भावा राजसास्तामसाश्च ये।**
**मत्त एवेति तान्विद्धि न त्वहं तेषु ते मयि।।१२।।**

ਹੋਰ ਵੀ ਜੋ ਸਾਤਵਿਕ ਗੁਣ ਤੋਂ ਪੈਦਾ ਹੋਣ ਵਾਲੇ ਭਾਵ ਹਨ, ਜੋ ਰਜੋ ਗੁਣ ਅਤੇ ਤਮੋ ਗੁਣ ਤੋਂ ਪੈਂਦਾ ਹੋਣ ਵਾਲੇ ਭਾਵ ਹਨ, ਉਹਨਾਂ ਸਾਰਿਆਂ ਨੂੰ ਤੂੰ ਮੇਰੇ ਤੋਂ ਹੀ ਪੈਦਾ ਹੋਇਆ ਜਾਣ। ਪਰ ਦਰਅਸਲ ਉਹਨਾਂ ਵਿਚ ਮੈਂ ਅਤੇ ਮੇਰੇ ਵਿਚ ਉਹ ਨਹੀਂ ਹਨ। ਕਿਉਂਕਿ ਨਾ ਮੈਂ ਉਹਨਾਂ ਵਿਚ ਸ਼ਾਮਿਲ ਹਾਂ ਅਤੇ ਨਾ ਉਹ ਹੀ ਮੇਰੇ ਵਿਚ ਪ੍ਰਵੇਸ਼ ਕਰ ਸਕਦੇ ਹਨ। ਕਿਉਂਕਿ ਮੈਨੂੰ ਕਰਮ ਨਾਲ ਲਗਾਉ ਨਹੀਂ ਹੈ, ਮੈਂ ਨਿਰਲੇਪ ਹਾਂ, ਮੈਨੂੰ ਉਹਨਾਂ ਵਿਚੋਂ ਕੁਝ ਨਹੀਂ ਲੈਣਾ। ਇਸ ਲਈ ਉਹ ਮੇਰੇ ਵਿਚ ਪ੍ਰਵੇਸ਼ ਨਹੀਂ ਕਰ ਪਾਉਂਦੇ। ਇਹ ਹੋਣ ਤੇ ਵੀ-

*ਜਿਸ ਤਰ੍ਹਾਂ ਆਤਮਾ ਦੀ ਮੌਜੂਦਗੀ ਨਾਲ ਹੀ ਸਰੀਰ ਨੂੰ ਭੁੱਖ-ਪਿਆਸ ਲਗਦੀ ਹੈ, ਆਤਮਾ ਨੂੰ ਅਨਾਜ ਜਾਂ ਜਲ ਨਾਲ ਕੋਈ ਮਤਲਬ ਨਹੀਂ ਹੈ, ਉਸੇ ਤਰ੍ਹਾਂ ਪ੍ਰਕ੍ਰਿਤੀ ਵੀ ਪਰਮਾਤਮਾ ਦੀ ਮੌਜੂਦਗੀ ਵਿਚ ਹੀ ਆਪਣਾ ਕੰਮ ਕਰ ਸਕਦੀ ਹੈ, ਪਰਮਾਤਮਾ ਉਸਦੇ ਗੁਣ ਅਤੇ ਕੰਮ ਤੋਂ ਨਿਰਲੇਪ ਰਹਿੰਦਾ ਹੈ।*

**त्रिभिर्गुणमयैर्भावैरेभि: सर्वमिदं जगत्।**
**मोहितं नाभिजानाति मामेभ्य: परमव्ययम्।।१३।।**

ਸਾਤਵਿਕ, ਰਾਜਸੀ ਅਤੇ ਤਾਮਸੀ - ਇਹਨਾਂ ਤਿੰਨ ਗੁਣਾਂ ਦੇ ਕਾਰਜਰੂਪ ਭਾਵਾਂ ਤੋਂ ਇਹ ਸਾਰਾ ਜਗ ਮੋਹਿਤ ਹੋ ਰਿਹਾ ਹੈ। ਇਸ ਲਈ ਲੋਕੀਂ ਇਹਨਾਂ ਤਿੰਨਾਂ ਗੁਣਾਂ ਤੋਂ ਪਰੇ ਮੈਨੂੰ, ਅਵਿਨਾਸ਼ੀ ਨੂੰ ਤੱਤ ਤੋਂ ਚੰਗੀ ਤਰ੍ਹਾਂ ਨਹੀਂ ਜਾਣਦੇ। ਮੈਂ ਇਹਨਾਂ ਤਿੰਨਾਂ ਗੁਣਾਂ ਤੋਂ ਪਰੇ

ਹਾਂ, ਅਰਥਾਤ ਜਦ ਤਕ ਅੰਸ਼ ਮਾਤਰ ਵੀ ਗੁਣਾਂ ਦਾ ਆਵਰਣ (ਪਰਦਾ) ਮੌਜੂਦ ਹੈ, ਤਦ ਤਕ ਕੋਈ ਮੈਨੂੰ ਨਹੀਂ ਜਾਣਦਾ। ਉਸਨੂੰ ਅਜੇ ਚਲਣਾ ਹੈ, ਉਹ ਰਾਹੀ ਹੈ ਅਤੇ –

**दैवी ह्येषा गुणमयी मम माया दुरत्यया।**
**मामेव ये प्रपद्यन्ते मायामेतां तरन्ति ते ।।१४।।**

ਇਹ ਤ੍ਰਿਗੁਣ-ਅਤੀਤ (ਤਿੰਨ ਗੁਣਾਂ ਤੋਂ ਪਰੇ) ਮੇਰੀ ਮਾਇਆ ਅਗੰਮ ਹੈ, ਪਰ ਜੋ ਪੁਰਸ਼ ਮੈਨੂੰ ਹੀ ਨਿਰੰਤਰ ਭਜਦੇ ਹਨ, ਉਹ ਇਸ ਮਾਇਆ ਦਾ ਪਾਰ ਪਾ ਜਾਂਦੇ ਹਨ। ਇਹ ਮਾਇਆ ਹੈ ਤਾਂ ਦੈਵੀ, ਪਰ ਧੂਪ-ਦੀਪ ਜਲਾਕੇ ਇਸਦੀ ਪੂਜਾ ਨਾ ਕਰਨ ਲਗੋ, ਇਸਤੋਂ ਪਾਰ ਪਾਉਣਾ ਹੈ।

**न मां दुष्कृतिनो मूढा: प्रपद्यन्ते नराधमा:।**
**माययापहृतज्ञाना आसुरं भावमाश्रिता: ।।१५।।**

ਜੋ ਮੈਨੂੰ ਨਿਰੰਤਰ ਸਿਮਰਦੇ ਹਨ, ਉਹ (ਮੈਨੂੰ) ਜਾਣਦੇ ਹਨ। ਫੇਰ ਵੀ ਲੋਕੀਂ ਨਹੀਂ ਸਿਮਰਦੇ। ਮਾਇਆ ਦੁਆਰਾ ਜਿਨ੍ਹਾਂ ਦੇ ਗਿਆਨ ਦਾ ਅਪਹਰਣ ਕਰ ਲਿਆ ਗਿਆ ਹੈ, ਜੋ ਆਸੁਰੀ ਸੁਭਾਅ ਨੂੰ ਧਾਰਨ ਕੀਤੇ ਹੋਏ, ਮਨੁੱਖਾਂ ਵਿਚ ਨੀਚ, ਕਾਮ-ਕ੍ਰੋਧ ਆਦਿ ਦੁਸ਼ਕਰਮਾਂ ਨੂੰ ਕਰਨ ਵਾਲੇ ਹਨ, ਉਹ ਮੂੜ ਲੋਕੀਂ ਨਹੀਂ ਸਿਮਰਦੇ। ਤਾਂ ਸਿਮਰਦਾ ਕੌਣ ਹੈ ?

**चतुर्विधा भजन्ते मां जना: सुकृतिनोऽर्जुन।**
**आर्तो जिज्ञासुरर्थार्थी ज्ञानी च भरतर्षभ।।१६।।**

ਹੇ ਭਰਤ ਸ਼੍ਰੇਸ਼ਠ ਅਰਜੁਨ ! '**सुकृतिन:**' ਉੱਤਮ ਅਰਥਾਤ ਨਿਯਤ ਕਰਮ (ਜਿਸਦੇ ਪਰਿਣਾਮ ਵਿਚ ਸ਼੍ਰੇਸ਼ਠ-ਗਤਿ ਪ੍ਰਾਪਤ ਹੋਵੇ, ਉਸਨੂੰ) ਕਰਨ ਵਾਲੇ, '**अर्थार्थी**' ਅਰਥਾਤ ਸਕਾਮ, '**आर्त:**' ਅਰਥਾਤ ਦੁਖ ਤੋਂ ਛੁੱਟਣ ਦੀ ਇੱਛਾ ਵਾਲੇ, '**जिज्ञासु**' ਅਰਥਾਤ ਪ੍ਰਤੱਖ ਰੂਪ ਨਾਲ ਜਾਣਨ ਦੀ ਇੱਛਾ ਵਾਲੇ ਅਤੇ '**ज्ञानी**' ਅਰਥਾਤ ਜੋ ਪ੍ਰਵੇਸ਼ ਦੀ ਸਥਿਤੀ ਵਿਚ ਹਨ – ਇਹ ਚਾਰੋਂ ਪ੍ਰਕਾਰ ਦੇ ਭਗਤਜਨ ਮੈਨੂੰ ਸਿਮਰਦੇ ਹਨ।

'ਅਰਥ' ਉਹ ਚੀਜ਼ ਹੈ, ਜਿਸ ਨਾਲ ਸਾਡੇ ਸਰੀਰ ਜਾਂ ਸੰਬੰਧਾਂ ਦੀ ਪੂਰਤੀ ਹੋਵੇ। ਇਸ ਲਈ ਅਰਥ, ਕਾਮਨਾਵਾਂ, ਸਭ ਕੁਝ ਪਹਿਲਾਂ ਤਾਂ ਭਗਵਾਨ ਦੁਆਰਾ ਪੂਰੀਆਂ ਹੁੰਦੀਆਂ ਹਨ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਮੈਂ ਹੀ ਪੂਰੀਆਂ ਕਰਦਾ ਹਾਂ, ਪਰ ਏਨ੍ਹਾਂ ਹੀ ਅਸਲੀ 'ਅਰਥ' ਨਹੀਂ ਹੈ। ਆਤਮਿਕ ਸੰਪੱਤੀ ਹੀ ਸਥਿਰ ਸੰਪੱਤੀ ਹੈ – ਇਹੋ ਅਰਥ ਹੈ।

ਸੰਸਾਰਕ 'ਅਰਥ' ਦੀ ਪੂਰਤੀ ਕਰਦੇ-ਕਰਦੇ ਭਗਵਾਨ ਵਾਸਤਵਿਕ 'ਅਰਥ', ਆਤਮਿਕ ਸੰਪੱਤੀ ਵਲ ਲੈ ਜਾਂਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਏਨ੍ਹੇ ਨਾਲ ਹੀ ਮੇਰਾ ਭਗਤ ਸੁਖੀ ਨਹੀਂ ਹੋਣਾ। ਇਸ ਲਈ ਉਹ ਆਤਮਿਕ ਸੰਪੱਤੀ ਵੀ ਉਸਨੂੰ ਦੇਣ ਲਗਦੇ ਹਨ – '**लोक लाहु परलोक निबाहू**'– ਲੋਕ ਵਿਚ ਲਾਭ ਅਤੇ ਪਰਲੋਕ ਵਿਚ ਨਿਬਾਹ, ਇਹ ਦੋਵੇਂ ਭਗਵਾਨ ਦੀਆਂ ਚੀਜ਼ਾਂ ਹਨ। ਆਪਣੇ ਭਗਤ ਨੂੰ ਖ਼ਾਲੀ ਨਹੀਂ ਛੱਡਦੇ।

'ਆਰਤ' ਜੋ ਦੁਖੀ ਹੋਵੇ, 'ਜਿਗਿਆਸੂ' – ਪੂਰਨਤਾ ਨਾਲ ਜਾਣਨ ਦੀ ਇੱਛਾ ਵਾਲਾ ਹੋਵੇ, ਉਹ ਮੈਨੂੰ ਸਿਮਰਦਾ ਹੈ। ਸਾਧਨਾ ਦੀ ਪਰੀਪੱਕ ਅਵਸਥਾ ਵਿਚ ਪ੍ਰਤੱਖ ਦਰਸ਼ਨ ਕਰਨ ਵਾਲੇ ਗਿਆਨੀ ਵੀ ਮੈਨੂੰ ਸਿਮਰਦੇ ਹਨ। ਇਸ ਤਰ੍ਹਾਂ ਚਾਰ ਪ੍ਰਕਾਰ ਦੇ ਭਗਤ ਮੈਨੂੰ ਸਿਮਰਦੇ

ਹਨ, ਜਿਨ੍ਹਾਂ ਵਿਚ ਗਿਆਨੀ ਸ਼੍ਰੇਸ਼ਠ ਹੈ, ਅਰਥਾਤ ਗਿਆਨੀ ਵੀ ਭਗਤ ਹੀ ਹੈ। ਇਹਨਾਂ ਸਾਰਿਆਂ ਵਿਚੋਂ ਵੀ –

**तेषां ज्ञानी नित्युक्त एकभक्तिर्विशिष्यते।**
**प्रियो हि ज्ञानिनोऽत्यर्थमहं स च मम प्रिय: ।।१७।।**

ਅਰਜੁਨ ! ਉਹਨਾਂ ਵਿਚੋਂ ਵੀ ਸਦਾ ਮੇਰੇ ਵਿਚ ਏਕਾਭਾਵ ਨਾਲ ਸਥਿਤ, ਅਨਿੰਨ ਭਗਤੀ ਵਾਲਾ ਗਿਆਨੀ ਵਿਸ਼ੇਸ਼ ਹੈ, ਕਿਉਂਕਿ ਪ੍ਰਤੱਖ ਦਰਸ਼ਨ ਸਹਿਤ ਜਾਣਨ ਵਾਲੇ ਗਿਆਨੀ ਨੂੰ ਮੈਂ ਅਤਿਅੰਤ ਪਿਆਰਾ ਹਾਂ ਅਤੇ ਉਹ ਗਿਆਨੀ ਵੀ ਮੈਨੂੰ ਅਤਿਅੰਤ ਪਿਆਰਾ ਹੈ। ਉਹ ਗਿਆਨੀ ਮੇਰਾ ਹੀ ਸਵਰੂਪ ਹੈ –

**उदारा: सर्व एवैते ज्ञानी त्वात्मैव मे मतम्।**
**आस्थित: स हि युक्तात्मा मामेवानुत्तमां गतिम्।।१८।।**

ਹਾਲਾਂਕਿ ਇਹ ਚਾਰੋਂ ਪ੍ਰਕਾਰ ਦੇ ਭਗਤ ਉਦਾਰ ਹੀ ਹਨ (ਕਿਹੜੀ ਉਦਾਰਤਾ ਕੀਤੀ ? ਕੀ ਤੁਹਾਡੇ ਰਾਹੀਂ ਭਗਤੀ ਕਰਨ ਨਾਲ ਭਗਵਾਨ ਨੂੰ ਕੁਝ ਮਿਲ ਜਾਂਦਾ ਹੈ ? ਕੀ ਭਗਵਾਨ ਨੂੰ ਕੋਈ ਕਮੀ ਹੈ, ਜੋ ਤੁਸੀਂ ਪੂਰੀ ਕਰ ਦਿਤੀ ? ਨਹੀਂ, ਦਰਅਸਲ ਉਦਾਰ ਤਾਂ ਉਹੀ ਹੈ ਜੋ ਆਪਣੇ ਆਤਮਾ ਨੂੰ ਅਧੋਗਤਿ ਵਿਚ ਨਾ ਪਹੁੰਚਾਏ, ਜੋ ਉਸਦੇ ਉੱਧਾਰ ਦੀ ਕੋਸ਼ਿਸ ਵਿਚ ਲਗਿਆ ਹੈ। ਇਸ ਤਰ੍ਹਾਂ ਇਹ ਸਾਰੇ ਉਦਾਰ ਹਨ) ਪਰ ਗਿਆਨੀ ਤਾਂ ਪ੍ਰਤੱਖ ਮੇਰਾ ਸਵਰੂਪ ਹੀ ਹੈ, ਇਸ ਤਰ੍ਹਾਂ ਮੇਰੀ ਮਾਨਤਾ ਹੈ, ਕਿਉਂਕਿ ਉਹ ਸਥਿਰਬੁੱਧੀ ਗਿਆਨੀ, ਭਗਤ–ਸਰਵੋਤਮ, ਗਤਿ–ਸਵਰੂਪ ਮੇਰੇ ਵਿਚ ਹੀ ਸਥਿਤ ਹੈ। ਅਰਥਾਤ ਉਹ ਮੈਂ ਹਾਂ, ਉਹ ਮੇਰੇ ਵਿਚ ਹੈ। ਮੇਰੇ ਅਤੇ ਉਸਦੇ ਵਿਚ ਕੋਈ ਫ਼ਰਕ ਨਹੀਂ ਹੈ। ਇਸੇ ਗੱਲ ਤੇ ਫੇਰ ਜ਼ੋਰ ਦੇਂਦੇ ਹਨ –

**बहूनां जन्मनामन्ते ज्ञानवान्मां प्रपद्यते।**
**वासुदेव: सर्वमिति स महात्मा सुदुर्लभ: ।।१९।।**

ਅਭਿਆਸ ਕਰਦੇ–ਕਰਦੇ ਬਹੁਤ ਜਨਮਾਂ ਦੇ ਅੰਤ ਵਾਲੇ ਜਨਮ ਵਿਚ, ਪ੍ਰਾਪਤੀ ਵਾਲੇ ਜਨਮ ਵਿਚ ਪ੍ਰਤੱਖ ਨੂੰ ਪ੍ਰਾਪਤ ਹੋਇਆ ਗਿਆਨੀ 'ਸਭ ਕੁਝ ਵਾਸੁਦੇਵ ਹੀ ਹਨ'–ਇਸ ਤਰ੍ਹਾਂ ਮੈਨੂੰ ਸਿਮਰਦਾ ਹੈ, ਉਹ ਮਹਾਤਮਾ ਬੜਾ ਦੁਰਲਭ ਹੈ। ਉਹ ਕਿਸੇ ਵਾਸੁਦੇਵ ਦੀ ਮੂਰਤੀ ਨਹੀਂ ਬਣਾਉਂਦਾ, ਬਲਕਿ ਆਪਣੇ ਅੰਦਰ ਹੀ ਉਸ ਪਰਮਦੇਵ ਦਾ ਵਾਸ ਵੇਖਦਾ ਹੈ। ਉਸੇ ਗਿਆਨੀ ਮਹਾਤਮਾ ਨੂੰ ਸ਼੍ਰੀ ਕ੍ਰਿਸ਼ਣ ਤੱਤਦਰਸ਼ੀ ਵੀ ਕਹਿੰਦੇ ਹਨ। ਐਸੇ ਪੁਰਸ਼ਾਂ ਨਾਲ ਹੀ ਸਮਾਜ ਵਿਚ ਲੋਕਾਂ ਦਾ ਕਲਿਆਨ ਮੁਮਕਿਨ ਹੈ। ਇਸ ਤਰ੍ਹਾਂ ਦੇ ਪ੍ਰਤੱਖ ਤੱਤਦਰਸ਼ੀ ਮਹਾਪੁਰਸ਼ ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਬੜੇ ਦੁਰਲਭ ਹਨ।

ਜਦੋਂ ਸ਼੍ਰੇਸ਼ਠਤਾ ਅਤੇ ਪ੍ਰਿਅਤਾ (ਮੁਕਤੀ ਅਤੇ ਭੋਗ) ਦੋਵੇਂ ਹੀ ਭਗਵਾਨ ਤੋਂ ਮਿਲਦੇ ਹਨ, ਤਾਂ ਤੇ ਸਾਰਿਆਂ ਨੂੰ ਸਿਰਫ਼ ਭਗਵਾਨ ਦਾ ਯਤਨ ਕਰਨਾ ਚਾਹੀਦਾ ਹੈ, ਫੇਰ ਵੀ ਲੋਕੀਂ ਉਸਦਾ ਭਜਨ ਨਹੀਂ ਕਰਦੇ। ਕਿਉਂ ? ਸ਼੍ਰੀ ਕ੍ਰਿਸ਼ਣ ਦੇ ਹੀ ਸ਼ਬਦਾਂ ਵਿਚ –

**कामैस्तैस्तैर्हृतज्ञाना: प्रपद्यन्तेऽन्यदेवता:।**
**तं तं नियममास्थाय प्रकृत्या नियता: स्वया।।२०।।**

''ਉਹ ਤੱਤਦਰਸ਼ੀ ਮਹਾਤਮਾ ਅਥਵਾ ਪਰਮਾਤਮਾ ਹੀ ਸਭ ਕੁਝ ਹੈ'' – ਲੋਕੀਂ ਇਸ ਤਰ੍ਹਾਂ ਸਮਝ ਨਹੀਂ ਸਕਦੇ, ਕਿਉਂਕਿ ਭੋਗਾਂ ਦੀਆਂ ਕਾਮਨਾਵਾਂ ਰਾਹੀਂ ਲੋਕਾਂ ਦੇ ਵਿਵੇਕ ਦਾ

ਅਪਹਰਣ ਕਰ ਲਿਆ ਗਿਆ ਹੈ। ਇਸ ਲਈ ਉਹ ਆਪਣੀ ਪ੍ਰਕ੍ਰਿਤੀ ਅਰਥਾਤ ਜਨਮ-ਜਨਮਾਂਤਰਾਂ ਤੋਂ ਅਰਜਿਤ ਸੰਸਕਾਰਾਂ ਦੇ ਸੁਭਾਅ ਤੋਂ ਪ੍ਰੇਰਿਤ ਹੋਕੇ ਮੇਰੇ ਪਰਮਾਤਮਾ ਰੂਪ ਤੋਂ ਵੱਖ ਹੋਰ ਦੇਵਤਿਆਂ ਅਤੇ ਉਹਨਾਂ ਲਈ ਪ੍ਰਚਲਿਤ ਨਿਯਮਾਂ ਦੀ ਸ਼ਰਨ ਲੈਂਦੇ ਹਨ। ਇੱਥੇ ਹੋਰ ਦੇਵਤਿਆਂ ਦਾ ਪ੍ਰਸੰਗ ਪਹਿਲੀ ਵਾਰ ਆਇਆ ਹੈ -

**ये यो यां यां तनुं भक्त: श्रद्धयार्चितुमिच्छति।**
**तस्य तस्याचलां श्रद्धां तामेव विदधाम्यहम्।।२१।।**

ਜੋ-ਜੋ ਸਕਾਮੀ ਭਗਤ ਜਿਸ-ਜਿਸ ਦੇਵਤਾ ਦੇ ਸਵਰੂਪ ਨੂੰ ਸ਼ਰਧਾ ਨਾਲ ਪੂਜਣਾ ਚਾਹੁੰਦਾ ਹੈ, ਮੈਂ ਉਸੇ ਹੀ ਦੇਵਤਾ ਦੇ ਪ੍ਰਤੀ ਉਸਦੀ ਸ਼ਰਧਾ ਨੂੰ ਸਥਿਰ ਕਰਦਾ ਹਾਂ। ਮੈਂ ਸਥਿਰ ਕਰਦਾ ਹਾਂ, ਕਿਉਂਕਿ ਦੇਵਤਾ ਨਾਮ ਦੀ ਕੋਈ ਚੀਜ਼ ਹੁੰਦੀ ਤਾਂ ਉਹ ਦੇਵਤਾ ਹੀ ਸ਼ਰਧਾ ਨੂੰ ਸਥਿਰ ਕਰਦਾ -

**स तया श्रद्धया युक्तस्तस्याराधनमीहते।**
**लभते च तत: कामान्मयैव विहितान्हि तान्।।२२।।**

ਉਹ ਪੁਰਸ਼ ਉਸ ਸ਼ਰਧਾ ਨਾਲ ਯੁਕਤ ਹੋਕੇ ਉਸ ਦੇਵ-ਮੂਰਤੀ ਦੇ ਪੂਜਨ ਵਿਚ ਲੱਗਦਾ ਹੈ ਅਤੇ ਉਸ ਦੇਵਤਾ ਦੇ ਮਾਧਿਅਮ ਨਾਲ ਮੇਰੇ ਹੀ ਦੁਆਰਾ ਬਣਾਏ ਇੱਛਿਤ ਭੋਗਾਂ ਨੂੰ ਨਿਰਸੰਦੇਹ ਪ੍ਰਾਪਤ ਹੁੰਦਾ ਹੈ। ਭੋਗ ਕੌਣ ਦੇਂਦਾ ਹੈ ? ਮੈਂ ਹੀ ਦੇਂਦਾ ਹਾਂ। ਉਸਦੀ ਸ਼ਰਧਾ ਦਾ ਪਰਿਣਾਮ ਹੈ ਭੋਗ, ਨਾ ਕਿ ਕਿਸੇ ਦੇਵਤਾ ਦੀ ਦੇਣ। ਪਰ ਉਹ ਫਲ ਤਾਂ ਪਾ ਹੀ ਲੈਂਦਾ ਹੈ। ਤਾਂ ਇਸ ਵਿਚ ਬੁਰਾਈ ਕੀ ਹੈ ? ਇਸਤੇ ਉਹ ਕਹਿੰਦੇ ਹਨ -

**अन्तवत्तु फलं तेषा तद्भवत्यल्पमेधसाम्।**
**देवान्देवयजोयान्ति मद्भक्ता यान्ति मामपि।।२३।।**

ਪਰ ਉਹਨਾਂ ਤੁਛ ਬੁੱਧੀ ਵਾਲਿਆਂ ਦਾ ਉਹ ਫਲ ਨਾਸ਼ਵਾਨ ਹੈ। ਅੱਜ ਫਲ ਹੈ ਤਾਂ ਭੋਗਦੇ-ਭੋਗਦੇ ਨਸ਼ਟ ਹੋ ਜਾਏਗਾ, ਇਸ ਲਈ ਨਾਸ਼ਵਾਨ ਹੈ। ਦੇਵਤਿਆਂ ਨੂੰ ਪੂਜਣ ਵਾਲੇ ਦੇਵਤਿਆਂ ਨੂੰ ਪ੍ਰਾਪਤ ਹੁੰਦੇ ਹਨ, ਅਰਥਾਤ ਦੇਵਤਾ ਵੀ ਨਾਸ਼ਵਾਨ ਹਨ। ਦੇਵਤਿਆਂ ਤੋਂ ਲੈਕੇ ਯੋਨੀਮਈ (ਜੂਨਾਂ ਵਾਲਾ) ਜਗਤ ਪਰਿਵਰਤਨਸ਼ੀਲ ਹੈ, ਮਰਣ-ਧਰਮਾ ਹੈ। ਮੇਰਾ ਭਗਤ ਮੈਨੂੰ ਹੀ ਪ੍ਰਾਪਤ ਹੁੰਦਾ ਹੈ, ਜੋ ਅਵਿਅਕਤ ਹੈ **'नैष्ठिकीम् परमशान्ति'** ਅਰਥਾਤ ਅਵਿਅਕਤ ਪਰਮਸ਼ਾਂਤੀ ਪਾਉਂਦਾ ਹੈ।

ਅਧਿਆਇ ਤਿੰਨ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਇਸ ਯੱਗ ਦੁਆਰਾ ਤੁਸੀਂ ਲੋਕ ਦੇਵਤਿਆਂ ਅਰਥਾਤ ਦੈਵੀ ਸੰਪੱਤੀ ਦੀ ਵ੍ਰਿਧੀ ਕਰੋ। ਜਿਉਂ-ਜਿਉਂ ਦੈਵੀ ਸੰਪੱਤੀ ਵਧੇਗੀ, ਉਹੀ ਤੁਹਾਡੀ ਉੱਨਤੀ ਹੋਵੇਗੀ। ਕ੍ਰਮਵਾਰ ਉੱਨਤੀ ਕਰਦੇ-ਕਰਦੇ ਪਰਮ ਸ਼੍ਰੇਸ਼ਠਤਾ ਨੂੰ ਪ੍ਰਾਪਤ ਕਰ ਲਉ। ਇੱਥੇ ਦੇਵਤਾ ਉਸ ਦੈਵੀ ਸੰਪੱਤੀ ਦਾ ਸਮੂਹ ਹੈ ਜਿਸ ਨਾਲ ਪਰਮਦੇਵ ਪਰਮਾਤਮਾ ਦੀ ਦੇਵਤਾਈ ਅਰਜਿਤ ਕੀਤੀ ਜਾਂਦੀ ਹੈ। ਦੈਵੀ ਸੰਪੱਤੀ ਮੋਖਸ਼ ਲਈ ਹੈ, ਜਿਸਦੇ ਦੈਵੀ ਲੱਛਣਾਂ ਦਾ ਨਿਰੂਪਣ ਗੀਤਾ ਦੇ ਸੋਲ੍ਹਵੇਂ ਅਧਿਆਇ ਵਿਚ ਕੀਤਾ ਗਿਆ ਹੈ।

'ਦੇਵਤਾ' ਹਿਰਦੇ ਦੇ ਅੰਤਰਾਲ ਵਿਚ ਪਰਮਦੇਵ ਪਰਮਾਤਮਾ ਦੀ ਦੇਵਤਾਈ ਨੂੰ ਅਰਜਿਤ ਕਰਾਉਣ ਵਾਲੇ ਸਦਗੁਣਾਂ ਦਾ ਨਾਮ ਹੈ। ਚੀਜ਼ ਤਾਂ ਇਹ ਅੰਦਰ ਦੀ ਸੀ, ਪਰ ਕਾਲਾਂਤਰ ਵਿਚ ਲੋਕਾਂ ਨੇ ਅੰਦਰ ਦੀ ਚੀਜ਼ ਨੂੰ ਬਾਹਰ ਵੇਖਣਾ ਸ਼ੁਰੂ ਕਰ ਦਿਤਾ। ਮੂਰਤਾਂ ਘੜ ਲਈਆਂ,

ਕਰਮਕਾਂਡ ਰਚ ਲਏ ਅਤੇ ਹਕੀਕਤ ਤੋਂ ਦੂਰ ਖੜ੍ਹੇ ਹੋ ਗਏ। ਸ਼੍ਰੀ ਕ੍ਰਿਸ਼ਣ ਨੇ ਇਸ ਭਰਮ ਨੂੰ ਉਪਰੋਕਤ ਚਾਰ ਸ਼ਲੋਕਾਂ ਵਿਚ ਦੂਰ ਕੀਤਾ। ਗੀਤਾ ਵਿਚ ਪਹਿਲੀ ਵਾਰ 'ਹੋਰ ਦੇਵਤਿਆਂ' ਦਾ ਨਾਮ ਲੈਂਦਿਆਂ ਉਹਨਾਂ ਨੇ ਕਿਹਾ ਕਿ ਦੇਵਤਾ ਹੁੰਦੇ ਹੀ ਨਹੀਂ। ਲੋਕਾਂ ਦੀ ਸ਼ਰਧਾ ਜਿੱਥੇ ਝੁਕਦੀ ਹੈ, ਉੱਥੇ ਮੈਂ ਹੀ ਖੜ੍ਹਾਂ ਹੋਕੇ ਉਹਨਾਂ ਦੀ ਸ਼੍ਰਰਧਾ ਨੂੰ ਪੱਕਾ ਕਰਦਾ ਹਾਂ ਅਤੇ ਮੈਂ ਹੀ ਉੱਥੇ ਫਲ ਵੀ ਦੇਂਦਾ ਹਾਂ। ਉਹ ਫਲ ਵੀ ਨਸ਼ਵਰ ਹੈ। ਫਲ ਨਸ਼ਟ ਹੋ ਜਾਂਦੇ ਹਨ, ਦੇਵਤਾ ਨਸ਼ਟ ਹੋ ਜਾਂਦੇ ਹਨ ਅਤੇ ਦੇਵਤਿਆਂ ਨੂੰ ਪੂਜਣ ਵਾਲਾ ਵੀ ਨਸ਼ਟ ਹੋ ਜਾਂਦਾ ਹੈ। ਜਿਨ੍ਹਾਂ ਦਾ ਵਿਵੇਕ ਨਸ਼ਟ ਹੋ ਗਿਆ ਹੈ, ਉਹ ਮੂੜਬੁੱਧੀ ਹੀ ਦੂਜੇ ਦੇਵਤਿਆਂ ਨੂੰ ਪੂਜਦੇ ਹਨ। ਸ਼੍ਰੀ ਕ੍ਰਿਸ਼ਣ ਤਾਂ ਇਥੋਂ ਤਕ ਕਹਿੰਦੇ ਹਨ ਕਿ ਹੋਰ ਦੇਵਤਿਆਂ ਨੂੰ ਪੂਜਣ ਦਾ ਵਿਧਾਨ ਹੀ ਅਯੁਕਤੀਪੂਰਣ ਹੈ (ਅੱਗੇ ਵੇਖਾਂਗੇ - ੯/੨੩)।

**अव्यक्तं व्यक्तिमापन्नं मन्यन्ते मामबुद्धय:।**
**परं भावमजानन्तो ममाव्ययमनुत्तमम्।।२४।।**

ਜਦ ਦੇਵਤਿਆਂ ਦੀ ਕੋਈ ਹੋਂਦ ਹੀ ਨਹੀਂ, ਤਾਂ ਦੇਵਤਿਆਂ ਦੇ ਨਾਮ ਦਾ ਜੋ ਫਲ ਮਿਲਦਾ ਹੈ ਉਹ ਵੀ ਨਾਸ਼ਵਾਨ ਹੈ, ਫੇਰ ਵੀ ਸਭ ਲੋਕ ਮੇਰਾ ਭਜਨ ਨਹੀਂ ਕਰਦੇ, ਕਿਉਂਕਿ ਬੁੱਧੀਹੀਨ ਲੋਕੀਂ (ਜਿਵੇਂ ਕਿ ਪਿਛਲੇ ਸ਼ਲੋਕ ਵਿਚ ਆਇਆ ਕਿ ਕਾਮਨਾਵਾਂ ਦੁਆਰਾ ਜਿਨ੍ਹਾਂ ਦੇ ਗਿਆਨ ਦਾ ਅਪਹਰਣ ਹੋ ਗਿਆ ਹੈ ਉਹ) ਮੇਰੇ ਸਰਵੋਤਮ, ਅਵਿਨਾਸ਼ੀ ਅਤੇ ਪਰਮ ਪ੍ਰਭਾਵ ਨੂੰ ਭਲੀ ਭਾਂਤ ਨਹੀਂ ਜਾਣਦੇ। ਇਸ ਲਈ ਉਹ ਮੇਰੇ ਅਵਿਅਕਤ ਰੂਪ ਨੂੰ ਵਿਅਕਤ ਰੂਪ ਵਿਚ ਮੰਨਦੇ ਹਨ, ਮਨੁੱਖ ਮੰਨਦੇ ਹਨ। ਅਰਥਾਤ ਸ਼੍ਰੀ ਕ੍ਰਿਸ਼ਣ ਵੀ ਮਨੁੱਖ ਸਰੀਰਧਾਰੀ ਯੋਗੀ ਸਨ, ਯੋਗੇਸ਼ਵਰ ਸਨ। ਜੋ ਆਪ ਯੋਗੀ ਹੋਵੇ, ਅਤੇ ਦੂਜਿਆਂ ਨੂੰ ਵੀ ਯੋਗ ਦੇਣ ਦੀ ਜਿਸ ਵਿਚ ਸਮਰਥਾ ਹੋਵੇ, ਉਸਨੂੰ ਯੋਗੇਸ਼ਵਰ ਕਹਿੰਦੇ ਹਨ। ਸਾਧਨਾ ਦੇ ਸਹੀ ਸਿਲਸਿਲੇ ਵਿਚ ਪੈਕੇ ਕ੍ਰਮਵਾਰ ਉੱਥਾਨ ਹੁੰਦੇ-ਹੁੰਦੇ ਮਹਾਪੁਰਸ਼ ਵੀ ਉਸੇ ਪਰਮਭਾਵ ਵਿਚ ਸਥਿਤ ਹੋ ਜਾਂਦੇ ਹਨ। ਸਰੀਰਧਾਰੀ ਹੁੰਦੇ ਹੋਏ ਵੀ ਉਹ ਉਸੇ ਅਵਿਅਕਤ ਸਵਰੂਪ ਵਿਚ ਸਥਿਤ ਹੋ ਜਾਂਦੇ ਹਨ, ਫੇਰ ਵੀ ਕਾਮਨਾਵਾਂ ਤੋਂ ਬੇਵੱਸ ਮੰਦਬੁੱਧੀ ਲੋਕੀਂ ਉਹਨਾਂ ਨੂੰ ਸਾਧਾਰਣ ਵਿਅਕਤੀ ਹੀ ਮੰਨਦੇ ਹਨ। ਉਹ ਸੋਚਦੇ ਹਨ ਕਿ ਸਾਡੀ ਹੀ ਤਰ੍ਹਾਂ ਤਾਂ ਇਹ ਵੀ ਪੈਦਾ ਹੋਏ ਹਨ, ਭਗਵਾਨ ਕਿਵੇਂ ਹੋ ਸਕਦੇ ਹਨ ? ਉਹਨਾਂ ਵਿਚਾਰਿਆਂ ਦਾ ਦੋਸ਼ ਵੀ ਕੀ ਹੈ ? ਉਹਨਾਂ ਨੂੰ ਤਾਂ ਸਿਰਫ਼ ਸਰੀਰ ਹੀ ਦਿਖਾਈ ਦੇਂਦਾ ਹੈ। ਉਹ ਮਹਾਪੁਰਸ਼ ਦੇ ਅਸਲੀ ਸਵਰੂਪ ਨੂੰ ਵੇਖ ਕਿਉਂ ਨਹੀਂ ਸਕਦੇ ? ਇਸ ਬਾਰੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਤੋਂ ਹੀ ਸੁਣੀਏ -

**नाहं प्रकाश: सर्वस्य योगमायासमावृत:।**
**मूढोऽयं नाभिजानाति लोको मामजमव्ययम्।।२५।।**

ਆਮ ਮਨੁੱਖ ਲਈ ਮਾਇਆ ਇਕ ਪਰਦਾ ਹੈ, ਜਿਸਦੇ ਰਾਹੀਂ ਪਰਮਾਤਮਾ ਬਿਲਕੁਲ ਛੁੱਪਿਆ ਹੋਇਆ ਹੈ । ਯੋਗ-ਸਾਧਨਾ ਨੂੰ ਸਮਝਕੇ ਉਹ ਇਸ ਸਾਧਨਾ ਵਿਚ ਪ੍ਰਵਿਰਤ ਹੁੰਦਾ ਹੈ। ਇਸਤੋਂ ਬਾਅਦ ਯੋਗ-ਮਾਇਆ ਅਰਥਾਤ ਯੋਗ-ਕ੍ਰਿਆ ਵੀ ਇਕ ਪਰਦਾ ਹੀ ਹੈ । ਯੋਗ ਦਾ ਅਭਿਆਸ ਕਰਦੇ-ਕਰਦੇ ਉਸਦੀ ਪਰਾਕਾਸ਼ਠਾ, ਯੋਗ ਆਰੂੜਤਾ ਆ ਜਾਣ ਤੇ ਉਹ ਛੁੱਪਿਆ ਹੋਇਆ ਪਰਮਾਤਮਾ ਵਿਦਿਤ ਹੁੰਦਾ ਹੈ । ਯੋਗੇਸ਼ਵਰ ਕਹਿੰਦੇ ਹਨ ਕਿ ਮੈਂ ਆਪਣੀ ਯੋਗ-ਮਾਇਆ ਨਾਲ ਢੱਕਿਆ ਹਾਂ, ਸਿਰਫ਼ ਯੋਗ ਦੀ ਪਰੀਪੱਕ ਅਵਸਥਾ ਵਾਲੇ ਹੀ ਮੈਨੂੰ ਯਥਾਰਥ ਵਿਚ ਵੇਖ ਸਕਦੇ ਹਨ । ਮੈਂ ਸਾਰਿਆਂ ਲਈ ਪ੍ਰਤੱਖ ਨਹੀਂ ਹਾਂ, ਇਸ

ਲਈ ਇਹ ਅਗਿਆਨੀ ਮਨੁੱਖ ਮੇਰੇ ਜਨਮ-ਰਹਿਤ (ਜਿਸਨੂੰ ਹੁਣ ਜਨਮ ਨਹੀਂ ਲੈਣਾ ਹੈ), ਅਵਿਨਾਸ਼ੀ (ਜਿਸਦਾ ਨਾਸ਼ ਨਹੀਂ ਹੋਣਾ ਹੈ), ਅਵਿਅਕਤ ਸਵਰੂਪ (ਜਿਸਨੂੰ ਮੁੜ ਵਿਅਕਤ ਨਹੀਂ ਹੋਣਾ ਹੈ) ਨੂੰ ਨਹੀਂ ਜਾਣਦੇ । ਅਰਜੁਨ ਵੀ ਸ਼੍ਰੀ ਕ੍ਰਿਸ਼ਣ ਨੂੰ ਆਪਣੀ ਹੀ ਤਰ੍ਹਾਂ ਮਨੁੱਖ ਮੰਨਦਾ ਸੀ । ਅੱਗੇ ਜੱਦ ਅਰਜੁਨ ਨੂੰ ਉਹਨਾਂ ਨੇ ਆਪਣਾ ਵਿਰਾਟ ਰੂਪ ਦਸਿਆ ਤਾਂ ਉਹ ਗਿੜਗਿੜਾਉਣ ਲੱਗਾ, ਬੇਨਤੀ ਕਰਨ ਲੱਗਾ । ਦਰਅਸਲ ਅਵਿਅਕਤ-ਸਥਿਤ ਮਹਾਪੁਰਸ਼ ਨੂੰ ਪਛਾਣਨ ਵਿਚ ਅਸੀਂ ਲੋਕੀਂ ਲਗਭਗ ਅੰਨ੍ਹੇ ਹੀ ਹਾਂ । ਅੱਗੇ ਕਹਿੰਦੇ ਹਨ-

**वेदाहं समतोनानि वर्तमानानि चार्जुन।**
**भविष्याणि च भूतानि मां तु वेद न कश्चन ।।२६।।**

ਅਰਜੁਨ ! ਮੈਂ ਅਤੀਤ, ਵਰਤਮਾਨ ਅਤੇ ਭਵਿੱਖ ਵਿਚ ਹੋਣ ਵਾਲੇ ਸਾਰੇ ਪ੍ਰਾਣੀਆਂ ਨੂੰ ਜਾਣਦਾ ਹਾਂ, ਪਰ ਮੈਂਨੂੰ ਕੋਈ ਨਹੀਂ ਜਾਣਦਾ । ਕਿਉਂ ਨਹੀਂ ਜਾਣ ਸਕਦਾ ?

**इच्छाद्वेषसमुत्थेन द्वंद्वमोहेन भारत।**
**सर्वभूतानि संमोहं सर्गे यान्ति परंतप ।।२७।।**

ਭਰਤਵੰਸ਼ੀ ਅਰਜੁਨ ! ਇੱਛਾ ਅਤੇ ਦ੍ਵੇਸ਼ ਅਰਥਾਤ ਰਾਗ-ਦ੍ਵੇਸ਼ਾਦਿ ਦਵੰਦ ਦੇ ਮੋਹ ਨਾਲ ਸੰਸਾਰ ਦੇ ਸਾਰੇ ਪ੍ਰਾਣੀ ਅਤਿਅੰਤ ਮੋਹਿਤ ਹੋ ਰਹੇ ਹਨ, ਇਸ ਲਈ ਮੈਨੂੰ ਨਹੀਂ ਜਾਣ ਸਕਦੇ । ਤਾਂ ਕੀ ਕੋਈ ਜਾਣੇਗਾ ਹੀ ਨਹੀਂ ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ-

**येषां त्वन्तगतं पापं जनानां पुण्यकर्मणाम्।**
**ते द्वन्द्वमोहनिर्मुक्ता भजन्ते मां दृढव्रताः ।।२८।।**

ਪਰ ਪੁੰਨ-ਕਰਮ (ਜੋ ਸੰਸਾਰ-ਬੰਧਨ ਦਾ ਅੰਤ ਕਰਨ ਵਾਲਾ ਹੈ, ਜਿਸਦਾ ਨਾਮ 'ਕਾਰਿਅਮ ਕਰਮ', ਨਿਯਤ ਕਰਮ, ਯੱਗ ਦੀ ਪ੍ਰਕ੍ਰਿਆ ਕਹਿਕੇ ਬਾਰੰਬਾਰ ਸਮਝਾਇਆ ਹੈ, ਉਸ ਕਰਮ ਨੂੰ) ਕਰਨ ਵਾਲੇ ਜਿਨ੍ਹਾਂ ਭਾਗਤਾਂ ਦਾ ਪਾਪ ਨਸ਼ਟ ਹੋ ਗਿਆ ਹੈ, ਉਹ ਰਾਗ-ਦ੍ਵੇਸ਼ਾਦਿ ਦਵੰਦ ਦੇ ਮੋਹ ਤੋਂ ਭਲੀ ਭਾਂਤ ਮੁਕਤ ਹੋਕੇ, ਵਰਤ ਵਿਚ ਦ੍ਰਿੜ ਰਹਿਕੇ ਮੈਨੂੰ ਸਿਮਰਦੇ ਹਨ । ਕਿਸ ਲਈ ਸਿਮਰਦੇ ਹਨ ?

**जरामरणमोक्षाय मामाश्रित्य यतन्ति ये।**
**ते ब्रह्म तद्विदुः कृत्स्नमध्यात्मं कर्म चाखिलम् ।।२९।।**

ਜੋ ਮੇਰੀ ਸ਼ਰਨ ਹੋਕੇ ਜਰਾ (ਰੋਗ) ਅਤੇ ਮਰਨ ਤੋਂ ਮੁਕਤੀ ਪਾਉਣ ਲਈ ਯਤਨ ਕਰਦਾ ਹੈ, ਉਹ ਮਨੁੱਖ ਉਸ ਬ੍ਰਹਮ ਨੂੰ, ਸਾਰੇ ਅਧਿਆਤਮ ਨੂੰ ਅਤੇ ਸਾਰੇ ਕਰਮਾਂ ਨੂੰ ਜਾਣਦਾ ਹੈ, ਅਤੇ ਇਸੇ ਸਿਲਸਿਲੇ ਵਿਚ -

**साधिभूताधिदैवं मां साधियज्ञं च ये विदुः।**
**प्रयाणकालेऽपि च मां ते विदुर्युक्तचेतसः ।।३०।।**

ਜੋ ਪੁਰਸ਼ ਅਧਿਭੂਤ, ਅਧਿਦੈਵ, ਅਧਿਯੱਗ ਦੇ ਸਹਿਤ ਮੈਨੂੰ ਜਾਣਦੇ ਹਨ, ਉਹ ਮੇਰੇ ਵਿਚ ਸਮਾਹਿਤ ਚਿੱਤ ਵਾਲੇ ਪੁਰਸ਼ ਅੰਤਕਾਲ ਵਿਚ ਵੀ ਮੈਨੂੰ ਹੀ ਜਾਣਦੇ ਹਨ, ਮੇਰੇ ਵਿਚ ਹੀ ਸਥਿਤ ਰਹਿੰਦੇ ਹਨ ਅਤੇ ਸਦਾ ਮੈਨੂੰ ਪ੍ਰਾਪਤ ਰਹਿੰਦੇ ਹਨ । ਛੱਬੀਵੇਂ-ਸਤਾਈਵੇਂ ਸ਼ਲੋਕ ਵਿਚ ਉਹਨਾਂ ਨੇ ਕਿਹਾ ਕਿ ਮੈਨੂੰ ਕੋਈ ਨਹੀਂ ਜਾਣਦਾ, ਕਿਉਂਕਿ ਉਹ ਮੋਹ-ਗ੍ਰਸਤ ਹਨ ।

ਪਰ ਜੋ ਉਸ ਮੋਹ ਤੋਂ ਮੁਕਤੀ ਲਈ ਯਤਨਸ਼ੀਲ ਹਨ, ਉਹ (੧) ਸਾਰੇ ਬ੍ਰਹਮ, (੨) ਸਾਰੇ ਅਧਿਆਤਮ, (੩) ਸਾਰੇ ਕਰਮ, (੪) ਸਾਰੇ ਅਧਿਭੂਤ, (੫) ਸਾਰੇ ਅਧਿਦੈਵ ਅਤੇ (੬) ਸਾਰੇ ਅਧਿਯੱਗ ਸਹਿਤ ਮੈਨੂੰ ਜਾਣਦੇ ਹਨ, ਅਰਥਾਤ ਇਹਨਾਂ ਸਾਰਿਆਂ ਦਾ ਪਰਿਣਾਮ ਮੈਂ (ਸਤਿਗੁਰੂ) ਹਾਂ। ਉਹੀ ਮੈਨੂੰ ਜਾਣਦੇ ਹਨ, ਇਸ ਤਰ੍ਹਾਂ ਨਹੀਂ ਕਿ ਕੋਈ ਨਹੀਂ ਜਾਣਦਾ।

**ਸਾਰ**

ਇਸ ਸੱਤਵੇਂ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਅਨਿੰਨ ਭਾਵ ਨਾਲ ਮੇਰੇ ਵਿਚ ਸਮਰਪਿਤ ਹੋਕੇ, ਮੇਰੇ ਆਸਰੇ ਹੋਕੇ ਜੋ ਯੋਗ ਵਿਚ ਲੱਗਦਾ ਹੈ, ਉਹ ਮੈਨੂੰ ਪੂਰੀ ਤਰ੍ਹਾਂ ਜਾਣਦਾ ਹੈ। ਮੈਨੂੰ ਜਾਣਨ ਲਈ ਹਜ਼ਾਰਾਂ ਵਿਚੋਂ ਕੋਈ ਵਿਰਲਾ ਹੀ ਯਤਨ ਕਰਦਾ ਹੈ ਅਤੇ ਯਤਨ ਕਰਨ ਵਾਲਿਆਂ ਵਿਚੋਂ ਵੀ ਕੋਈ ਵਿਰਲਾ ਹੀ ਜਾਣਦਾ ਹੈ। ਉਹ ਮੈਨੂੰ ਭੌਤਿਕ ਜਾਂ ਸਥੂਲ ਰੂਪ ਵਿਚ ਕਿਸੇ ਇਕ ਦੇਸ਼ ਦਾ ਨਹੀਂ, ਸਗੋਂ ਸਭ ਥਾਈਂ ਵਿਆਪਤ ਵੇਖਦਾ ਹੈ। ਅੱਠ ਭੇਦਾਂ ਵਾਲੀ ਮੇਰੀ ਜੜ ਪ੍ਰਕ੍ਰਿਤੀ ਹੈ ਅਤੇ ਇਸਦੇ ਅੰਤਰਾਲ ਵਿਚ ਜੀਵਰੂਪ ਮੇਰੀ ਚੇਤਨ ਪ੍ਰਕ੍ਰਿਤੀ ਹੈ। ਇਹਨਾਂ ਹੀ ਦੋਨਾਂ ਦੇ ਸੰਜੋਗ ਨਾਲ ਪੂਰਾ ਜਗਤ ਖੜ੍ਹਾ ਹੈ। ਤੇਜ ਅਤੇ ਬਲ ਮੇਰੇ ਹੀ ਦੁਆਰਾ ਹਨ। ਰਾਗ ਅਤੇ ਕਾਮ ਤੋਂ ਰਹਿਤ, ਬਲ ਅਤੇ ਧਰਮ-ਅਨੁਕੂਲ ਕਾਮਨਾ ਵੀ ਮੈਂ ਹੀ ਹਾਂ। ਸਭ ਕਾਮਨਾਵਾਂ ਤਾਂ ਵਰਜਿਤ ਹਨ, ਪਰ ਮੇਰੀ ਪ੍ਰਾਪਤੀ ਦੀ ਕਾਮਨਾ ਕਰ। ਐਸੀ ਇੱਛਾ ਦਾ ਪੈਦਾ ਹੋਣਾ ਹੀ ਮੇਰਾ ਪ੍ਰਸਾਦ ਹੈ। ਸਿਰਫ਼ ਪਰਮਾਤਮਾ ਨੂੰ ਪਾਉਣ ਦੀ ਕਾਮਨਾ ਹੀ 'ਧਰਮ-ਅਨੁਕੂਲ ਕਾਮਨਾ' ਹੈ।

ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਮੈਂ ਤਿੰਨਾਂ ਗੁਣਾਂ ਤੋਂ ਪਰੇ ਹਾਂ। ਪਰਮ ਦਾ ਸਪਰਸ਼ ਕਰਕੇ ਪਰਮਭਾਵ ਵਿਚ ਸਥਿਤ ਹਾਂ; ਪਰ ਭੋਗਾਂ ਦੇ ਮਾਰੇ ਹੋਏ ਮਨੁੱਖ ਸਿਧੇ ਮੈਨੂੰ ਨਾ ਸਿਮਰਕੇ ਹੋਰ ਦੇਵਤਿਆਂ ਦੀ ਉਪਾਸਨਾ ਕਰਦੇ ਹਨ, ਜਦਕਿ ਦੇਵਤਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਪੱਥਰ-ਪਾਣੀ-ਪੇੜ, ਜੋ ਵੀ ਉਹ ਪੂਜਣਾ ਚਾਹੁੰਦੇ ਹਨ, ਉਸੇ ਵਿਚ ਮੈਂ ਉਹਨਾਂ ਦੀ ਸ਼ਰਧਾ ਪੱਕੀ ਕਰਦਾ ਹਾਂ। ਉਸਦੀ ਆੜ ਵਿਚ ਖੜ੍ਹਾ ਹੋਕੇ ਮੈਂ ਹੀ ਫਲ ਦੇਂਦਾ ਹਾਂ, ਕਿਉਂਕਿ ਨਾਂ ਤਾਂ ਉੱਥੇ ਕੋਈ ਦੇਵਤਾ ਹੈ, ਨਾ ਕਿਸੇ ਦੇਵਤਾ ਕੋਲ ਕੋਈ ਭੋਗ ਹੀ ਹੈ। ਮੈਨੂੰ ਆਮ ਮਨੁੱਖ ਸਮਝਕੇ ਲੋਕੀਂ ਨਹੀਂ ਸਿਮਰਦੇ, ਕਿਉਂਕਿ ਮੈਂ ਯੋਗ-ਪ੍ਰਕਿਆ ਨਾਲ ਢੱਕਿਆ ਹੋਇਆ ਹਾਂ। ਯੋਗ-ਸਾਧਨਾ ਕਰਦੇ-ਕਰਦੇ ਯੋਗਮਾਇਆ ਦਾ ਪਰਦਾ ਪਾਰ ਕਰਨ ਵਾਲੇ ਹੀ ਮੇਰੇ ਸਰੀਰਧਾਰੀ ਰੂਪ ਨੂੰ ਵੀ ਅਵਿਅਕਤ ਰੂਪ ਵਿਚ ਜਾਣਦੇ ਹਨ। ਹੋਰ ਤਰੀਕਿਆਂ ਨਾਲ ਨਹੀਂ।

ਮੇਰੇ ਭਗਤ ਚਾਰ ਪ੍ਰਕਾਰ ਦੇ ਹਨ - ਅਰਥਾਰਥੀ, ਆਰਤ, ਜਿਗਿਆਸੂ ਅਤੇ ਗਿਆਨੀ। ਸਾਧਨਾ ਕਰਦੇ-ਕਰਦੇ ਅਨੇਕ ਜਨਮਾਂ ਦੇ ਅੰਤਿਮ ਜਨਮ ਵਿਚ ਪ੍ਰਾਪਤੀ ਵਾਲਾ ਗਿਆਨੀ, ਮੇਰਾ ਹੀ ਸਵਰੂਪ ਹੈ, ਅਰਥਾਤ ਅਨੇਕ ਜਨਮਾਂ ਤੋਂ ਸਾਧਨਾ ਕਰਕੇ ਉਸ ਭਗਵਨ-ਸਵਰੂਪ ਨੂੰ ਪ੍ਰਾਪਤ ਕੀਤਾ ਜਾਂਦਾ ਹੈ। ਰਾਗ-ਦ੍ਵੇਸ਼ ਦੇ ਮੋਹ ਨਾਲ ਦਬੇ ਹੋਏ ਮਨੁੱਖ ਮੈਨੂੰ ਕਦੇ ਨਹੀਂ ਜਾਣ ਸਕਦੇ, ਪਰ ਰਾਗ-ਦ੍ਵੇਸ਼ ਦੇ ਮੋਹ ਤੋਂ ਰਹਿਤ ਹੋਕੇ ਜੋ ਨਿਰਧਾਰਤ ਕਰਮ (ਜਿਸਨੂੰ ਸੰਖੇਪ ਵਿਚ ਆਰਾਧਨਾ ਕਹਿ ਸਕਦੇ ਹਾਂ) ਕਰਦਿਆਂ ਜਨਮ-ਮਰਨ ਦੇ ਬੰਧਨ ਤੋਂ ਛੁੱਟਣ ਲਈ ਯਤਨਸ਼ੀਲ ਹਨ, ਉਹ ਮਨੁੱਖ ਮੈਨੂੰ ਪੂਰੀ ਤਰ੍ਹਾਂ ਜਾਣ ਲੈਂਦੇ ਹਨ। ਉਹ ਸੰਪੂਰਣ ਬ੍ਰਹਮ, ਸੰਪੂਰਣ ਅਧਿਆਤਮ, ਸੰਪੂਰਣ ਅਧਿਦੈਵ, ਸੰਪੂਰਣ ਕਰਮ ਅਤੇ ਸੰਪੂਰਣ ਯੋਗ ਸਹਿਤ ਮੈਨੂੰ ਜਾਣਦੇ ਹਨ। ਉਹ ਮੇਰੇ ਵਿਚ ਪ੍ਰਵੇਸ਼ ਕਰਦੇ ਹਨ ਅਤੇ ਅੰਤਕਾਲ ਵਿਚ ਵੀ ਮੈਨੂੰ ਹੀ ਜਾਣਦੇ ਹਨ, ਅਰਥਾਤ ਫੇਰ ਕਦੇ ਨਹੀਂ ਭੁਲਦੇ।

ਇਸ ਅਧਿਆਇ ਵਿਚ ਪਰਮਾਤਮਾ ਦੀ ਸੰਪੂਰਣ ਜਾਣਕਾਰੀ ਦਾ ਵਿਵੇਚਨ ਹੈ, ਇਸ ਲਈ –

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'संमग्र बोध:' नाम सप्तमोऽध्याय : ।। ७ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਸਮਗ੍ਰ ਜਾਣਕਾਰੀ' ਨਾਮਕ ਸੱਤਵਾਂ ਅਧਿਆਇ ਪੂਰਾ ਹੁੰਦਾ ਹੈ ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगीववद्गीताया: 'यथार्थगीता' भाष्ये 'समग्र बोध:' नाम सप्तमोऽध्याय: ।। ७ ।।**

**।। ਹਰੀ ਓਮ ਤਤਸਤਿ ।।**

ਓਮ

### ਸ੍ਰੀ ਪਰਮਾਤਮਾ ਨੂੰ ਨਮਹ

# ਆਰੰਭ ਅੱਠਵਾਂ ਅਧਿਆਇ

ਸੱਤਵੇਂ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਕਿਹਾ ਕਿ ਪੁੰਨ-ਕਰਮ (ਨਿਯਤ ਕਰਮ, ਆਰਾਧਨਾ) ਨੂੰ ਕਰਨ ਵਾਲੇ ਯੋਗੀ ਸਾਰੇ ਪਾਪਾਂ ਤੋਂ ਛੁੱਟਕੇ ਉਸ ਵਿਆਪਤ ਬ੍ਰਹਮ ਨੂੰ ਜਾਣਦੇ ਹਨ, ਅਰਥਾਤ ਕਰਮ ਕੋਈ ਇਸ ਤਰ੍ਹਾਂ ਦੀ ਚੀਜ਼ ਹੈ ਜੋ ਵਿਆਪਤ ਬ੍ਰਹਮ ਦੀ ਜਾਣਕਾਰੀ ਕਰਾਉਂਦਾ ਹੈ। ਉਸ ਕਰਮ ਨੂੰ ਕਰਨ ਵਾਲੇ ਵਿਆਪਤ ਬ੍ਰਹਮ ਨੂੰ, ਸੰਪੂਰਣ ਕਰਮ ਨੂੰ, ਸੰਪੂਰਣ ਅਧਿਆਤਮ ਨੂੰ, ਸੰਪੂਰਣ ਅਧਿਦੈਵ, ਸੰਪੂਰਣ ਅਧਿਭੂਤ ਅਤੇ ਸੰਪੂਰਣ ਅਧਿਯੱਗ ਸਹਿਤ ਮੇਰੇ ਰੂਪ ਨੂੰ ਜਾਣਦੇ ਹਨ। ਇਸ ਲਈ ਕਰਮ ਕੋਈ ਇਸ ਤਰ੍ਹਾਂ ਦੀ ਚੀਜ਼ ਹੈ ਜੋ ਇਹਨਾਂ ਸਾਰਿਆਂ ਦੀ ਜਾਣਕਾਰੀ ਕਰਾਉਂਦੀ ਹੈ। ਉਹ ਅੰਤਕਾਲ ਵਿਚ ਵੀ ਮੈਨੂੰ ਹੀ ਜਾਣਦੇ ਹਨ, ਉਹਨਾਂ ਦੀ ਜਾਣਕਾਰੀ ਕਦੀ ਭੁਲਦੀ ਨਹੀਂ।

ਇਸਤੇ ਅਰਜੁਨ ਨੇ ਇਸ ਅਧਿਆਇ ਦੇ ਆਰੰਭ ਵਿਚ ਹੀ ਉਹਨਾਂ ਹੀ ਸ਼ਬਦਾਂ ਨੂੰ ਦੁਹਰਾਉਂਦਿਆਂ ਪ੍ਰਸ਼ਨ ਕੀਤਾ

**ਅਰਜੁਨ ਉਵਾਚ-**

**किं तद्ब्रह्म किमध्यात्मं किं कर्म पुरुषोत्तम।**
**अधिभूतं च किं प्रोक्तमधिदैवं किमुच्यते।।१।।**

ਹੇ ਪੁਰਸ਼ੋਤਮ! ਉਹ ਬ੍ਰਹਮ ਕੀ ਹੈ? ਕਰਮ ਕੀ ਹੈ? ਅਧਿਭੂਤ ਅਤੇ ਅਧਿਦੈਵ ਕਿਸਨੂੰ ਕਹਿੰਦੇ ਹਨ?

**अधियज्ञ: कथं कोऽत्र देहेऽस्मिन्मधुसूदन।**
**प्रयाणकाले च कथं ज्ञेयोऽसि नियतात्मभि:।।२।।**

ਹੇ ਮਧੁਸੂਦਨ! ਇਥੇ ਅਧਿਯੱਗ ਕੌਣ ਹੈ ਅਤੇ ਉਹ ਇਸ ਸਰੀਰ ਵਿਚ ਕਿਵੇਂ ਹੈ? ਸਿੱਧ

ਹੈ ਕਿ ਅਧਿਯੱਗ ਅਰਥਾਤ ਯੱਗ ਦਾ ਅਧਿਸ਼ਠਾਤਾ (ਕਰਤਾ–ਧਰਤਾ) ਕੋਈ ਐਸਾ ਪੁਰਸ਼ ਹੈ, ਜੋ ਮਨੁੱਖੀ ਸਰੀਰ ਦੇ ਆਧਾਰ ਵਾਲਾ ਹੈ। ਸਮਾਹਿਤ ਚਿੱਤ ਵਾਲੇ ਪੁਰਸ਼ਾਂ ਰਾਹੀਂ ਅੰਤ ਸਮੇਂ ਵਿਚ ਤੁਸੀਂ ਕਿਵੇਂ ਜਾਣਨ ਵਿਚ ਆਉਂਦੇ ਹੋ? ਇਹਨਾਂ ਸੱਤਾਂ ਪ੍ਰਸ਼ਨਾਂ ਦਾ ਸਿਲਸਿਲੇਵਾਰ ਨਿਰਣਾ ਦੇਣ ਲਈ ਯੋਗੇਸ਼ਵਰ ਸ਼੍ਰੀ ਕ੍ਰਿਸ਼ਨ ਬੋਲੇ

**ਸ਼੍ਰੀ ਭਗਵਾਨ ਉਵਾਚ –**

**अक्षरं ब्रह्म परमं स्वभावोऽध्यात्ममुच्यते ।**
**भूतभावोद्भवकरो विसर्गः कर्मसंज्ञितः ।।३ ।।**

'**अक्षरं ब्रह्म परमं**'– ਜੋ ਅਨਾਸ਼ ਹੈ, ਜਿਸ ਦਾ ਨਾਸ਼ ਨਹੀਂ ਹੁੰਦਾ, ਉਹੀ ਪਰਮ ਬ੍ਰਹਮ ਹੈ। '**स्वभावः अध्यात्मम् उच्यते**'– ਸ੍ਵਯਮ ਵਿਚ ਸਥਿਰ ਭਾਵ ਹੀ ਅਧਿਆਤਮ ਅਰਥਾਤ ਆਤਮਾ ਦਾ ਸ਼ਾਸਨ (ਪ੍ਰਭੁਤਵ) ਹੈ। ਇਸਤੋਂ ਪਹਿਲਾਂ ਸਾਰੇ ਮਾਇਆ ਦੇ ਸ਼ਾਸਨ ਵਿਚ ਰਹਿੰਦੇ ਹਨ, ਪਰ ਜਦੋਂ 'ਸ੍ਵ'–ਭਾਵ ਅਰਥਾਤ ਸਵਰੂਪ ਵਿਚ ਸਥਿਰਭਾਵ (ਸ੍ਵਯਮ ਵਿਚ ਸਥਿਰਭਾਵ) ਮਿਲ ਜਾਂਦਾ ਹੈ ਤਾਂ ਆਤਮਾ ਦਾ ਹੀ ਸ਼ਾਸਨ ਉਸ ਵਿਚ ਪ੍ਰਵਾਹਿਤ ਹੋ ਜਾਂਦਾ ਹੈ। ਇਹੋ ਅਧਿਆਤਮ ਹੈ, ਅਧਿਆਤਮ ਦੀ ਪਰਾਕਾਸ਼ਠਾ ਹੈ। '**भूतभावोद्भवकरः**'– ਭੌਤਿਕ ਪ੍ਰਾਣੀਆਂ ਦੇ ਉਹ ਭਾਵ ਜੋ ਕੁਝ ਨਾ ਕੁਝ ਉਦਭਵ (ਪੈਦਾ) ਕਰਦੇ ਹਨ ਅਰਥਾਤ ਪ੍ਰਾਣੀਆਂ ਦੇ ਉਹ ਸੰਕਲਪ, ਜੋ ਭਲੇ ਜਾਂ ਬੁਰੇ ਸੰਸਕਾਰਾਂ ਦੀ ਰਚਨਾ ਕਰਦੇ ਹਨ, ਉਹਨਾਂ ਦਾ ਵਿਸਰਗ ਅਰਥਾਤ ਵਿਸਰਜਨ, ਉਹਨਾਂ ਦਾ ਮਿਟ ਜਾਣਾ ਹੀ ਕਰਮ ਦੀ ਪਰਾਕਾਸ਼ਠਾ ਹੈ। ਇਹੋ ਸੰਪੂਰਣ ਕਰਮ ਹੈ,ਜਿਸਦੇ ਲਈ ਯੋਗੇਸ਼ਵਰ ਨੇ ਕਿਹਾ ਸੀ ਕਿ 'ਉਹ ਸੰਪੂਰਣ ਕਰਮ ਨੂੰ ਜਾਣਦਾ ਹੈ।' ਉੱਥੇ ਕਰਮ ਪੂਰਣ ਹੈ, ਅੱਗੇ ਲੋੜ ਨਹੀਂ ਹੈ, (ਨਿਯਤ ਕਰਮ ਦੀ) ਇਸ ਅਵਸਥਾ ਵਿਚ ਜਦਕਿ ਪ੍ਰਾਣੀਆਂ ਦੇ ਉਹ ਭਾਵ ਜੋ ਕੁਝ ਨਾ ਕੁਝ ਰਚਦੇ ਹਨ, ਭਲੇ ਜਾਂ ਬੁਰੇ ਸੰਸਕਾਰਾਂ ਦਾ ਸੰਗ੍ਰਹਿ ਕਰਦੇ ਹਨ, ਬਣਾਉਂਦੇ ਹਨ, ਉਹ ਜਦ ਪੂਰੀ ਤਰ੍ਹਾਂ ਸ਼ਾਂਤ ਹੋ ਜਾਣ ਤਾਂ ਇਹ ਕਰਮ ਦੀ ਸੰਪੂਰਣਤਾ ਹੈ, ਇਸਤੋਂ ਬਾਅਦ ਕਰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਇਸ ਲਈ ਕਰਮ ਕੋਈ ਇਸ ਤਰ੍ਹਾਂ ਦੀ ਚੀਜ਼ ਹੈ ਜੋ ਜੀਵਾਂ ਦੇ ਸੰਪੂਰਣ ਸੰਕਲਪਾਂ ਨੂੰ ਜਿਨ੍ਹਾਂ ਨਾਲ ਕੁਝ ਨਾ ਕੁਝ ਸੰਸਕਾਰ ਬਣਦੇ ਹਨ, ਉਹਨਾਂ ਦਾ ਸ਼ਮਨ ਕਰ ਦੇਂਦੀ ਹੈ। ਕਰਮ ਦਾ ਅਰਥ ਹੈ (ਆਰਾਧਨਾ) ਚਿੰਤਨ, ਜੋ ਯੱਗ ਵਿਚ ਹੈ।

**अधिभूतं क्षरो भावः पुरुषश्चाधिदैवतम् ।**
**अधियज्ञोऽहमेवात्र देहे देहभृतां वर ।।४ ।।**

ਜਦ ਤਕ ਅਨਾਸ਼ ਭਾਵ ਨਹੀਂ ਮਿਲਦਾ, ਤਦ ਤਕ ਨਸ਼ਟ ਹੋਣ ਵਾਲੇ ਸਾਰੇ ਨਾਸ਼ਵਾਨ ਭਾਵ 'ਅਧਿਭੂਤ' ਅਰਥਾਤ ਭੌਤਿਕ ਪ੍ਰਾਣੀਆਂ ਦੇ ਅਧਿਸ਼ਠਾਨ (ਘਰ) ਹਨ। ਉਹੀ ਪ੍ਰਾਣੀਆਂ ਦੀ ਉਤਪੱਤੀ ਦੇ ਕਾਰਣ ਹਨ। '**पुरुषः च अधिदैवतम्**' – ਅਤੇ ਪ੍ਰਕ੍ਰਿਤੀ ਤੋਂ ਪਰੇ ਜੋ ਪਰਮ ਪੁਰਸ਼ ਹੈ, ਉਹੀ ਅਧਿਦੈਵ ਅਰਥਾਤ ਸੰਪੂਰਣ ਦੇਵਾਂ (ਦੈਵੀ ਸੰਪੱਤੀ) ਦਾ ਅਧਿਸ਼ਠਾਤਾ ਹੈ, ਦੈਵੀ ਸੰਪੱਤੀ ਉਸੇ ਪਰਮਦੇਵ ਵਿਚ ਸਮਾ ਜਾਂਦੀ ਹੈ। ਦੇਹਧਾਰੀਆਂ ਵਿਚ ਸ਼੍ਰੇਸ਼ਠ ਅਰਜੁਨ! ਇਸ ਮਨੁੱਖੀ ਸਰੀਰ ਵਿਚ ਮੈਂ ਹੀ 'ਅਧਿਯੱਗ' ਅਰਥਾਤ ਯੱਗਾਂ ਦਾ ਅਧਿਸ਼ਠਾਤਾ ਹਾਂ। ਇਸ ਲਈ ਇਸੇ ਸਰੀਰ ਵਿਚ, ਅਵਿਅਕਤ ਸਵਰੂਪ ਵਿਚ ਸਥਿਤ ਮਹਾਪੁਰਸ਼ ਹੀ ਅਧਿਯੱਗ ਹੈ। ਸ਼੍ਰੀ ਕ੍ਰਿਸ਼ਨ ਇਕ ਯੋਗੀ ਸਨ। ਜੋ ਸੰਪੂਰਣ ਯੱਗਾਂ ਦਾ ਭੋਗਤਾ ਹੈ, ਅੰਤ ਵਿਚ ਯੱਗ ਉਸ ਵਿਚ ਪ੍ਰਵੇਸ਼ ਪਾ ਜਾਂਦੇ ਹਨ। ਉਹੋ ਪਰਮ ਸਵਰੂਪ ਮਿਲ ਜਾਂਦਾ ਹੈ। ਇਸ ਤਰ੍ਹਾਂ ਅਰਜੁਨ ਦੇ ਛੇ ਪ੍ਰਸ਼ਨਾਂ ਦਾ ਸਮਾਧਾਨ ਹੋਇਆ। ਹੁਣ ਅੰਤਿਮ

ਪ੍ਰਸ਼ਨ ਕਿ, ਅੰਤਕਾਲ ਵਿਚ ਕਿਵੇਂ ਤੁਸੀਂ ਜਾਣਨ ਵਿਚ ਆਉਂਦੇ ਹੋ, ਜੋ ਕਦੇ ਭੁੱਲਦੇ ਨਹੀਂ ?

**अन्तकाले च मामेव स्मरन्मुक्त्वा कलेवरम्।**
**यः प्रयाति स मद्भावं याति नास्त्यत्र संशयः ।।५।।**

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਜੋ ਪੁਰਸ਼ ਅੰਤਕਾਲ ਵਿਚ ਅਰਥਾਤ ਮਨ ਦੇ ਵਿਰੋਧ ਅਤੇ ਵਿਲੀਨ ਹੋਣ ਦੇ ਸਮੇਂ ਮੇਰਾ ਹੀ ਧਿਆਨ ਧਰਦੇ ਹੋਏ ਸਰੀਰ ਦੇ ਸੰਬੰਧ ਨੂੰ ਛੱਡਕੇ ਵੱਖ ਹੋ ਜਾਂਦਾ ਹੈ, ਉਹ **'मद्‌भावं'**– ਪ੍ਰਤੱਖ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦਾ ਹੈ, ਇਸ ਵਿਚ ਸ਼ੰਕਾ ਨਹੀਂ ਹੈ।

ਸਰੀਰ ਦਾ ਅੰਤ ਸ਼ੁੱਧ ਅੰਤਕਾਲ ਨਹੀਂ ਹੈ। ਮਰਨ ਤੋਂ ਬਾਅਦ ਵੀ ਸਰੀਰਾਂ ਦਾ ਸਿਲਸਿਲਾ ਪਿੱਛੇ ਲਗਿਆ ਰਹਿੰਦਾ ਹੈ। ਸੰਚਿਤ ਸੰਸਕਾਰਾਂ ਦੀ ਪਰਤ ਮਿਟ ਜਾਣ ਦੇ ਨਾਲ ਹੀ ਮਨ ਦਾ ਵਿਰੋਧ ਹੋ ਜਾਂਦਾ ਹੈ ਅਤੇ ਉਹ ਮਨ ਵੀ ਜਦ ਵਿਲੀਨ ਹੋ ਜਾਂਦਾ ਹੈ ਤਾਂ ਉਥੇ ਹੀ ਅੰਤਕਾਲ ਹੈ, ਜਿਸਤੋਂ ਬਾਅਦ ਸਰੀਰ ਧਾਰਨ ਨਹੀਂ ਕਰਨਾ ਪੈਂਦਾ। ਇਹ ਕ੍ਰਿਆਤਮਕ ਹੈ, ਸਿਰਫ਼ ਕਹਿਣ ਨਾਲ, ਗੱਲਬਾਤ ਜਾਂ ਸੁਣਨ ਨਾਲ ਸਮਝ ਵਿਚ ਨਹੀਂ ਆਉਂਦਾ। ਜਦ ਤਕ ਵਸਤਰਾਂ ਦੀ ਤਰ੍ਹਾਂ ਸਰੀਰਾਂ ਦਾ ਪਰਿਵਰਤਨ ਹੋ ਰਿਹਾ ਹੈ, ਤਦ ਤਕ ਸਰੀਰਾਂ ਦਾ ਅੰਤ ਕਿੱਥੇ ਹੋਇਆ? ਮਨ ਦੇ ਵਿਰੋਧ ਅਤੇ ਨਿਰਮਾਣ ਮਨ ਦੇ ਵੀ ਵਿਲੀਨ ਹੋਣ ਦੇ ਸਮੇਂ ਜਿਉਂਦੇ-ਜੀ ਹੀ ਸਰੀਰ ਦੇ ਸੰਬੰਧਾਂ ਦਾ ਅੰਤ ਹੋ ਜਾਂਦਾ ਹੈ। ਜੇ ਮਰਨ ਤੋਂ ਬਾਅਦ ਹੀ ਇਹ ਸਥਿਤੀ ਮਿਲਦੀ ਹੈ, ਤਾਂ ਸ਼੍ਰੀ ਕ੍ਰਿਸ਼ਣ ਵੀ ਪੂਰਣ ਨਾ ਹੁੰਦੇ। ਉਹਨਾਂ ਨੇ ਕਿਹਾ ਕਿ ਅਨੇਕ ਜਨਮਾਂ ਦੇ ਅਭਿਆਸ ਨਾਲ ਪ੍ਰਾਪਤੀ ਵਾਲਾ ਗਿਆਨੀ ਪ੍ਰਤੱਖ ਮੇਰਾ ਸਵਰੂਪ ਹੈ। ਮੈਂ ਉਹ ਹਾਂ ਅਤੇ ਉਹ ਮੇਰੇ ਵਿਚ ਹੈ। ਰਾਈ ਭਰ ਵੀ ਉਸ ਵਿਚ ਅਤੇ ਮੇਰੇ ਵਿਚ ਅੰਤਰ ਨਹੀਂ ਹੈ। ਇਹ ਜਿਉਂਦੇ-ਜੀ ਪ੍ਰਾਪਤੀ ਹੈ। ਜਦੋਂ ਫੇਰ ਕਦੇ ਸਰੀਰ ਨਾ ਮਿਲੇ, ਉਹੋ ਸਰੀਰਾਂ ਦਾ ਅੰਤ ਹੈ।

ਇਹ ਤਾਂ ਵਾਸਤਵਿਕ ਸਰੀਰ-ਅੰਤ ਦਾ ਚਿਤ੍ਰਣ ਹੋਇਆ, ਜਿਸਦੇ ਬਾਅਦ ਜਨਮ ਨਹੀਂ ਲੈਣਾ ਪੈਂਦਾ ਹੈ। ਦੂਜਾ ਸਰੀਰ-ਅੰਤ ਮੌਤ ਹੈ, ਜੋ ਲੋਕ-ਪ੍ਰਚਲਿਤ ਹੈ, ਪਰ ਇਸ ਸਰੀਰ-ਅੰਤ ਦੇ ਬਾਅਦ ਮੁੜ ਜਨਮ ਲੈਣਾ ਪੈਂਦਾ ਹੈ–

**यं यं वापि स्मरन्भावं त्यजत्यन्ते कलेवरम्।**
**तं तमेवैति कौन्तेय सदा तद्भावभावितः ।।६।।**

ਹੇ ਕੁੰਤੀਪੁੱਤਰ! ਮੌਤ ਦੇ ਸਮੇਂ ਮਨੁੱਖ ਜਿਹੜੇ ਵੀ ਭਾਵ ਨੂੰ ਸੋਚਦਾ ਹੋਇਆ ਸਰੀਰ ਤਿਆਗਦਾ ਹੈ ਉਹ ਉਸੇ (ਭਾਵ) ਨੂੰ ਪ੍ਰਾਪਤ ਹੁੰਦਾ ਹੈ। ਤਾਂ ਤੇ ਬੜਾ ਸਸਤਾ ਸੌਦਾ ਹੈ। ਸਾਰਾ ਜੀਵਨ ਮੌਜ ਕਰੋ, ਮਰਨ ਲਗੋ ਤਾਂ ਭਗਵਾਨ ਦਾ ਧਿਆਨ ਧਰ ਲਉ। ਪਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਇਹ ਨਹੀਂ ਹੁੰਦਾ – **'सदा तद्भावभावितः'**– ਉਸ ਹੀ ਭਾਵ ਦਾ ਧਿਆਨ ਕਰ ਸਕਦਾ ਹੈ, ਜਿਸ ਤਰ੍ਹਾਂ ਜੀਵਨ ਭਰ ਕੀਤਾ ਹੈ। ਉਹੋ ਵਿਚਾਰ ਅਣਚਾਹੇ ਹੀ ਆ ਜਾਂਦਾ ਹੈ, ਜਿਸਦਾ ਜੀਵਨ ਭਰ ਅਭਿਆਸ ਕੀਤਾ ਗਿਆ ਹੈ, ਹੋਰ ਕੁਝ ਨਹੀਂ ਹੋ ਸਕਦਾ। ਇਸ ਲਈ –

**तस्मात्सर्वेषु कालेषु मामनुस्मर युध्य च।**
**मय्यर्पितमनोबुद्धिर्मामेवैष्यस्यसंशयम्।।७।।**

ਇਸ ਲਈ ਅਰਜੁਨ! ਤੂੰ ਹਰ ਸਮੇਂ ਮੇਰਾ ਸਿਮਰਨ ਕਰ ਅਤੇ ਯੁੱਧ ਕਰ। ਮੇਰੇ ਵਿਚ ਅਰਪਿਤ ਮਨ ਅਤੇ ਬੁੱਧੀ ਨਾਲ ਯੁਕਤ ਹੋਕੇ ਤੂੰ ਨਿਰਸੰਦੇਹ ਮੈਨੂੰ ਹੀ ਪ੍ਰਾਪਤ ਹੋਵੇਂਗਾ। ਨਿਰੰਤਰ ਚਿੰਤਨ ਅਤੇ ਯੁੱਧ ਇੱਕੋ ਵਾਰ ਕਿਵੇਂ ਸੰਭਵ ਹੈ? ਹੋ ਸਕਦਾ ਹੈ ਕਿ ਨਿਰੰਤਰ ਚਿੰਤਨ ਅਤੇ ਯੁੱਧ ਦਾ ਇਹੋ ਸਵਰੂਪ ਹੋਵੇ ਕਿ 'ਜੈ ਕਨੱ੍ਹਈਆ ਲਾਲ ਦੀ', 'ਜੈ ਭਗਵਾਨ ਦੀ' ਕਹਿੰਦੇ ਰਹੀਏ ਅਤੇ ਬਾਣ (ਤੀਰ) ਮਾਰਦੇ ਰਹੀਏ। ਪਰ ਸਿਮਰਨ ਦਾ ਸਵਰੂਪ ਅਗਲੇ ਸ਼ਲੋਕ ਵਿਚ ਸਪਸ਼ਟ ਕਰਦੇ ਹੋਏ ਯੋਗੇਸ਼ਵਰ ਕਹਿੰਦੇ ਹਨ

**अभ्यासयोगयुक्तेन चेतसा नान्यगामिना।**
**परमं पुरुषं दिव्यं याति पार्थानुचिन्तयन्॥८॥**

ਹੇ ਪਾਰਥ! ਉਸ ਸਿਮਰਨ ਦੇ ਲਈ ਯੋਗ ਦੇ ਅਭਿਆਸ ਨਾਲ ਯੁਕਤ ਹੋਕੇ (ਮੇਰਾ ਚਿੰਤਨ ਅਤੇ ਯੋਗ ਦਾ ਅਭਿਆਸ ਸਮਾਨਾਰਥਕ ਹਨ) ਮੇਰੇ ਸਿਵਾਇ ਦੂਜੇ ਪਾਸੇ ਨਾ ਜਾਣ ਵਾਲੇ ਚਿੱਤ ਨਾਲ ਨਿਰੰਤਰ ਚਿੰਤਨ ਕਰਨ ਵਾਲਾ (ਪੁਰਸ਼) ਪਰਮਪ੍ਰਕਾਸ਼ ਸਵਰੂਪ ਦੈਵੀਪੁਰਸ਼ ਅਰਥਾਤ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ। ਮੰਨ ਲਉ ਕਿ ਇਹ ਪੈਨਸਿਲ ਭਗਵਾਨ ਹੈ, ਤਾਂ ਇਸਤੋਂ ਸਿਵਾਇ ਕਿਸੇ ਹੋਰ ਚੀਜ਼ ਦਾ ਧਿਆਨ ਨਹੀਂ ਆਉਣਾ ਚਾਹੀਦਾ। ਇਸਦੇ ਆਸੇ-ਪਾਸੇ ਤੁਹਾਨੂੰ ਕਿਤਾਬ ਦਿਖਾਈ ਪੈਂਦੀ ਹੈ ਜਾਂ ਕੁਝ ਹੋਰ ਵੀ, ਤਾਂ ਤੁਹਾਡਾ ਧਿਆਨ ਖੰਡਿਤ ਹੋ ਗਿਆ। ਸਿਮਰਨ ਜਾਂ ਧਿਆਨ ਜਦੋਂ ਏਨ੍ਹਾਂ ਸੂਖਮ ਹੋਵੇ ਕਿ ਇਸ਼ਟ ਤੋਂ ਵੱਖ ਕੋਈ ਦੂਜੀ ਚੀਜ਼ ਨਜ਼ਰ ਹੀ ਨਾ ਆਵੇ, ਉਸ ਚੀਜ਼ ਦੀ ਹਲਕੀ ਜਿਹੀ ਤਰੰਗ ਵੀ ਨਾ ਆਏ ਤਾਂ ਸਿਮਰਨ ਅਤੇ ਯੁੱਧ ਦੋਵੇਂ ਇਕ ਵਾਰ ਕਿਵੇਂ ਹੋਣਗੇ ? ਦਰਅਸਲ ਜਦੋਂ ਤੁਸੀਂ ਚਿੱਤ ਨੂੰ ਸਾਰੇ ਪਾਸਿਉਂ ਸਮੇਟਕੇ ਆਪਣੇ ਇਕ ਆਰਾਧ ਦੇ ਸਿਮਰਨ ਵਿਚ ਲੱਗੋਗੇ, ਤਾਂ ਉਸ ਸਮੇਂ ਮਾਇਆਮਈ ਪ੍ਰਵਿਰਤੀਆਂ-ਕਾਮ-ਕ੍ਰੋਧ, ਰਾਗ-ਦ੍ਵੇਸ਼ ਰੁਕਾਵਟ ਦੇ ਰੂਪ ਵਿਚ ਸਾਮ੍ਹਣੇ ਪ੍ਰਗਟ ਹੋਣਗੀਆਂ। ਤੁਸੀਂ ਸਿਮਰਨ ਕਰੋਗੇ, ਪਰ ਉਹ ਤੁਹਾਡੇ ਅੰਦਰ ਹਲਚਲ ਪੈਦਾ ਕਰਨਗੀਆਂ, ਤੁਹਾਡਾ ਮਨ ਸਿਮਰਨ ਤੋ ਵਿਚਲਿਤ ਕਰਨਗੀਆਂ। ਇਹਨਾਂ ਬਾਹਰੀ ਪ੍ਰਵਿਰਤੀਆਂ ਤੋਂ ਪਾਰ ਪਾਉਣਾ ਹੀ ਯੁੱਧ ਹੈ। ਨਿਰੰਤਰ ਚਿੰਤਨ ਦੇ ਨਾਲ ਹੀ ਯੁੱਧ ਸੰਭਵ ਹੈ। ਗੀਤਾ ਦਾ ਇਕ ਵੀ ਸ਼ਲੋਕ ਬਾਹਰੀ ਖ਼ੂਨ-ਖ਼ਰਾਬੇ ਦਾ ਵਰਣਨ ਨਹੀਂ ਕਰਦਾ। ਚਿੰਤਨ ਕਿਸਦਾ ਕਰੀਏ? ਇਸਤੇ ਕਹਿੰਦੇ ਹਨ -

**कविं पुराणमनुशासितारमणोरणीयांसमनुस्मरेद्यः।**
**सर्वस्य धातारमचिन्त्यरूपमादित्यवर्णं तमसः परस्तात्॥९॥**

ਉਸ ਯੁੱਧ ਦੇ ਨਾਲ ਉਹ ਪੁਰਸ਼ ਸਰਬ-ਜਾਣੀਜਾਣ, ਅਨਾਦਿ, ਸਭਦੇ ਨਿਯੰਤਾ, ਸੂਖਮ ਤੋਂ ਵੀ ਅਤਿ ਸੂਖਮ, ਸਭਦੇ ਪਾਲਨ-ਪੋਸ਼ਣ ਕਰਨ ਵਾਲੇ ਪਰ ਅਚਿੰਤ (ਜਦ ਤਕ ਚਿੱਤ ਅਤੇ ਚਿੱਤ ਦੀ ਲਹਿਰ ਹੈ, ਤਦ ਤਕ ਉਹ ਦਿਖਾਈ ਨਹੀਂ ਦੇਂਦਾ। ਚਿੱਤ ਦੇ ਵਿਰੋਧ ਅਤੇ ਵਿਲੀਨ ਹੋਣ ਦੇ ਸਮੇਂ ਵਿਚ ਹੀ ਜੋ ਵਿਦਿਤ ਹੁੰਦਾ ਹੈ) ਚਿੱਤ ਪ੍ਰਕਾਸ਼ ਸਵਰੂਪ ਅਤੇ ਅਵਿਦਿਆ ਤੋਂ ਪਰੇ, ਉਸ ਪਰਮਾਤਮਾ ਦਾ ਸਿਮਰਨ ਕਰਦਾ ਹੈ। ਪਹਿਲਾਂ ਦਸਿਆ ਹੈ ਮੇਰਾ ਚਿੰਤਨ ਕਰਦਾ ਹੈ, ਇੱਥੇ ਕਹਿੰਦੇ ਹਨ-ਪਰਮਾਤਮਾ ਦਾ। ਇਸ ਲਈ ਉਸ ਪਰਮਾਤਮਾ ਦੇ ਚਿੰਤਨ (ਧਿਆਨ) ਦਾ ਮਾਧਿਅਮ ਤੱਤਸਥਿਤ ਮਹਾਪੁਰਸ਼ ਹੈ। ਇਸੇ ਸਿਲਸਿਲੇ ਵਿਚ -

**प्रयाणकाले मनसाचलेन भक्त्या युक्तो योगबलेन चैव।**
**भ्रुवोर्मध्ये प्राणमावेश्य सम्यक् स तं परं पुरुषमुपैति दिव्यम्॥१०॥**

ਜੋ ਨਿਰੰਤਰ ਉਸ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਹ ਭਗਤੀਮਈ ਪੁਰਸ਼ **'प्रयाणकाले'**– ਮਨ ਦੇ ਵਿਲੀਨ ਹੋਣ ਦੀ ਅਵਸਥਾ ਦੇ ਸਮੇਂ, ਯੋਗਬਲ ਨਾਲ ਅਰਥਾਤ ਉਸੇ ਨਿਯਤ ਕਰਮ ਦੇ ਆਚਰਣ ਦੁਆਰਾ, ਭਰਵੱਟਿਆਂ ਦੇ ਵਿਚਕਾਰ ਪ੍ਰਾਣ ਨੂੰ ਚੰਗੀ ਤਰ੍ਹਾਂ ਸਥਾਪਿਤ ਕਰਕੇ (ਪ੍ਰਾਣ–ਅਪਾਨ ਨੂੰ ਚੰਗੀ ਤਰ੍ਹਾਂ ਸਮ ਕਰਕੇ, ਨਾ ਅੰਦਰੋਂ ਮਨੋਵੇਗ ਪੈਦਾ ਹੋਵੇ, ਨਾ ਬਾਹਰੀ ਸੰਕਲਪ ਪ੍ਰਵੇਸ਼ ਕਰੇ, ਸਤਿ–ਰਜ–ਤਮ ਭਲੀ ਭਾਂਤ ਸ਼ਾਂਤ ਹੋਣ, ਸੁਰਤ ਇਸ਼ਟ ਵਿਚ ਹੀ ਸਥਿਤ ਹੋਵੇ, ਉਸ ਸਮੇਂ) ਉਹ ਅਚਲ ਮਨ ਵਾਲਾ ਅਰਥਾਤ ਸਥਿਰ ਬੁੱਧੀ ਵਾਲਾ ਪੁਰਸ਼ ਉਸ ਦੈਵੀ ਪੁਰਸ਼ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ। ਹਮੇਸ਼ਾ ਯਾਦ ਰੱਖਣਾ ਹੈ ਕਿ ਉਸੇ ਇਕ ਪਰਮਾਤਮਾ ਦੀ ਪ੍ਰਾਪਤੀ ਦਾ ਵਿਧਾਨ ਯੋਗ ਹੈ। ਉਸਦੇ ਲਈ ਨਿਰਧਾਰਤ ਕ੍ਰਿਆ ਦਾ ਆਚਰਣ ਹੀ ਯੋਗ–ਕ੍ਰਿਆ ਹੈ, ਜਿਸਦਾ ਵਿਸਤਾਰਪੂਰਬਕ ਵਰਣਨ ਯੋਗੇਸ਼ਵਰ ਨੇ ਚੌਥੇ–ਛੇਵੇਂ ਅਧਿਆਇ ਵਿਚ ਕੀਤਾ ਹੈ। ਹੁਣੇ ਉਹਨਾਂ ਨੇ ਕਿਹਾ ''ਨਿਰੰਤਰ ਮੇਰਾ ਹੀ ਸਿਮਰਨ ਕਰ।'' ਕਿਵੇਂ ਕਰੀਏ ? ਤਾਂ ਇਸੇ ਯੋਗ–ਧਾਰਣਾ ਵਿਚ ਸਥਿਰ ਰਹਿੰਦੇ ਹੋਏ ਕਰਨਾ ਹੈ। ਐਸਾ ਕਰਨ ਵਾਲਾ ਹੀ ਉਸ ਦਿੱਵ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ, ਜੋ ਕਦੇ ਭੁੱਲਦਾ ਨਹੀਂ। ਇੱਥੇ ਇਸ ਪ੍ਰਸ਼ਨ ਦਾ ਸਮਾਧਾਨ ਹੋਇਆ ਕਿ ਪਰਮਾਤਮਾ ਪ੍ਰਯਾਣਕਾਲ (ਮਨ ਦੇ ਵਿਲੀਨ ਹੋਣ ਦੀ ਅਵਸਥਾ ਦੇ ਸਮੇਂ) ਵਿਚ ਕਿਸ ਤਰ੍ਹਾਂ ਜਾਣਨ ਵਿਚ ਆਉਂਦੇ ਹਨ। ਪ੍ਰਾਪਤੀ ਯੋਗ ਪਦ ਦਾ ਚਿਤ੍ਰਣ ਵੇਖੀਏ, ਜੋ ਗੀਤਾ ਵਿਚ ਥਾਂ–ਥਾਂ ਤੇ ਆਇਆ ਹੈ

**यदक्षरं वेदविदो वदन्ति विशन्ति यद्यतयो वीतरागा:।**
**यदिच्छन्तो ब्रह्मचर्यं चरन्ति तत्ते पदं संग्रहेण प्रवक्ष्ये।।११।।**

**'वेदविद्'** – ਅਰਥਾਤ ਅਵਿਦਿਤ ਤੱਤ ਨੂੰ ਪ੍ਰਤੱਖ ਜਾਣਨ ਵਾਲੇ ਲੋਕ ਜਿਸ ਪਰਮਪਦ ਨੂੰ **'अक्षरम्'**– ਅਨਾਸ਼ ਕਹਿੰਦੇ ਹਨ, ਵੀਤਰਾਗ (ਮੋਹ ਤੋਂ ਰਹਿਤ) ਮਹਾਤਮਾ ਜਿਸ ਵਿਚ ਪ੍ਰਵੇਸ਼ ਲਈ ਯਤਨਸ਼ੀਲ ਰਹਿੰਦੇ ਹਨ, ਜਿਸ ਪਰਮਪਦ ਨੂੰ ਚਾਹੁਣ ਵਾਲੇ ਬ੍ਰਹਮਚਰਿਅ ਦਾ ਪਾਲਨ ਕਰਦੇ ਹਨ (ਬ੍ਰਹਮਚਰਿਅ ਦਾ ਅਰਥ ਜਣਨ–ਇੰਦ੍ਰੀ ਮਾਤਰ ਦਾ ਵਿਰੋਧ ਨਹੀਂ, ਸਗੋਂ **'ब्रह्म आचरति स ब्रह्मचारी'**– ਬਾਹਰੀ ਸਪਰਸ਼ਾਂ ਨੂੰ ਮਨ ਤੋਂ ਤਿਆਗਕੇ ਬ੍ਰਹਮ ਦਾ ਨਿਰੰਤਰ ਮਨਨ ਹੀ ਬ੍ਰਹਮਚਰਿਅ ਹੈ, ਜੋ ਬ੍ਰਹਮ ਦਾ ਦਰਸ਼ਨ ਕਰਾਕੇ, ਉਸੇ ਵਿਚ ਸਥਾਨ ਦਿਵਾਕੇ ਸ਼ਾਂਤ ਹੋ ਜਾਂਦਾ ਹੈ। ਇਸ ਆਚਰਣ ਨਾਲ ਇੰਦ੍ਰੀ–ਸੰਜਮ ਹੀ ਨਹੀਂ, ਬਲਕਿ ਸੰਪੂਰਣ–ਇੰਦ੍ਰੀ–ਸੰਜਮ ਆਪਣੇ ਆਪ ਹੋ ਜਾਂਦਾ ਹੈ। ਇਸ ਤਰ੍ਹਾਂ ਜੋ ਬ੍ਰਹਮਚਰਿਅ ਦਾ ਆਚਰਣ ਕਰਦੇ ਹਨ) ਜੋ ਹਿਰਦੇ ਵਿਚ ਸਾਂਭਣ ਯੋਗ ਹੈ, ਧਾਰਨ ਕਰਨ ਯੋਗ ਹੈ, ਉਸ ਪਦ ਨੂੰ ਮੈਂ ਤੇਰੇ ਲਈ ਦਸਾਂਗਾ। ਉਹ ਪਦ ਹੈ ਕੀ ? ਕਿਵੇਂ ਪਾਇਆ ਜਾਂਦਾ ਹੈ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ –

**सर्वद्वाराणि संयम्य मनो हृदि निरूध्य च।**
**मूर्ध्न्याधायात्मन: प्राणमास्थितो योगधारणाम्।।१२।।**

ਸਾਰੀਆਂ ਇੰਦ੍ਰੀਆਂ ਦੇ ਦਰਵਾਜ਼ਿਆਂ ਨੂੰ ਰੋਕਕੇ ਅਰਥਾਤ ਵਾਸਨਾਵਾਂ ਤੋਂ ਅਲੱਗ ਰਹਿਕੇ, ਮਨ ਨੂੰ ਹਿਰਦੇ ਵਿਚ ਸਥਿਤ ਕਰਕੇ (ਧਿਆਨ ਹਿਰਦੇ ਵਿਚ ਧਰਿਆ ਜਾਂਦਾ ਹੈ, ਬਾਹਰ ਨਹੀਂ, ਪੂਜਾ ਬਾਹਰ ਨਹੀਂ ਹੁੰਦੀ) ਪ੍ਰਾਣ ਅਰਥਾਤ ਅੰਤਰਮਨ ਦੀ ਕ੍ਰਿਆ–ਪ੍ਰਤਿਕ੍ਰਿਆ ਦਾ ਦਿਮਾਗ ਵਿਚ ਵਿਰੋਧ ਕਰਕੇ ਯੋਗ–ਧਾਰਣ ਵਿਚ ਸਥਿਤ ਹੋਕੇ (ਯੋਗ ਨੂੰ ਧਾਰਨ ਕੀਤੇ ਰਹਿਣਾ ਹੈ, ਦੂਜਾ ਤਰੀਕਾ ਨਹੀਂ ਹੈ) ਇਸ ਤਰ੍ਹਾਂ ਦੀ ਸਥਿਤੀ ਨਾਲ –

**ओमित्येकाक्षरं ब्रह्म व्याहरन् मामनुस्मरन्।**
**य: प्रयाति त्यजन्देहं स याति परमां गतिम्।।१३।।**

ਜੋ ਪੁਰਸ਼ – 'ਓਮ ਇਤਿ' – ਅਰਥਾਤ ਓਮ ਏਨ੍ਹਾਂ ਹੀ, ਜੋ ਅਨਾਸ਼ ਬ੍ਰਹਮ ਦਾ ਪਰਿਚਾਇਕ ਹੈ, ਉਸਦਾ ਜਪ ਅਤੇ ਮੇਰਾ ਸਿਮਰਨ ਕਰਦਾ ਹੋਇਆ ਸਰੀਰ ਦਾ ਤਿਆਗ ਕਰ ਜਾਂਦਾ ਹੈ, ਉਹ ਪੁਰਸ਼ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ। ਸ਼੍ਰੀ ਕ੍ਰਿਸ਼ਣ ਇਕ ਯੋਗੇਸ਼ਵਰ, ਪਰਮਤੱਤ ਵਿਚ ਸਥਿਰ ਮਹਾਪੁਰਸ਼, ਸਤਿਗੁਰੂ ਸਨ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ 'ਓਮ' ਅਨਾਸ਼ ਬ੍ਰਹਮ ਦਾ ਪਰਿਚਾਇਕ ਹੈ, ਤੂੰ ਉਸਦਾ ਜਪ ਕਰ, ਅਤੇ ਧਿਆਨ ਮੇਰਾ ਕਰ। ਪ੍ਰਾਪਤੀ ਵਾਲੇ ਹਰ ਮਹਾਪੁਰਸ਼ ਦਾ ਨਾਮ ਉਹੀ ਹੁੰਦਾ ਹੈ, ਜਿਸਨੂੰ ਉਹ ਪ੍ਰਾਪਤ ਹੈ, ਜਿਸ ਵਿਚ ਉਹ ਵਿਲੀਨ ਹੈ। ਇਸ ਲਈ ਨਾਮ ਓਮ ਦਾ ਦਸਿਆ ਅਤੇ ਰੂਪ ਆਪਣਾ। ਯੋਗੇਸ਼ਵਰ ਨੇ 'ਕ੍ਰਿਸ਼ਣ-ਕ੍ਰਿਸ਼ਣ' ਜਪਣ ਦਾ ਨਿਰਦੇਸ਼ ਨਹੀਂ ਦਿਤਾ। ਕਾਲਾਂਤਰ ਵਿਚ ਭਾਵੁਕ-ਭਗਤਾਂ ਨੇ ਉਹਨਾਂ ਦਾ ਵੀ ਨਾਮ ਜਪਣਾ ਸ਼ੁਰੂ ਕਰ ਦਿਤਾ ਅਤੇ ਆਪਣੀ ਸ਼ਰਧਾ ਦੇ ਅਨੁਸਾਰ ਫਲ ਵੀ ਪਾਉਂਦੇ ਹਨ, ਜਿਵੇਂ ਕਿ (ਸ਼੍ਰੀ ਕ੍ਰਿਸ਼ਣ ਦੇ ਅਨੁਸਾਰ) ਮਨੁੱਖ ਦੀ ਸ਼ਰਧਾ ਜਿੱਥੇ ਟਿਕ ਜਾਂਦੀ ਹੈ, ਉੱਥੇ ਮੈਂ ਹੀ ਉਸਦੀ ਸ਼ਰਧਾ ਨੂੰ ਪੱਕਾ ਕਰਦਾ ਅਤੇ ਮੈਂ ਹੀ ਫਲ ਦਾ ਵਿਧਾਨ ਵੀ ਕਰਦਾ ਹਾਂ।

ਭਗਵਾਨ ਸ਼ਿਵ ਨੇ 'ਰਾਮ' ਸ਼ਬਦ ਨੂੰ ਜਪਣ ਤੇ ਬਲ ਦਿਤਾ। '**रमन्ते योगिन: यस्मिन् स राम।**' '**रा और म के बीच में कबिरा रहा लुकाय।**' ਰਾ ਅਤੇ ਮ ਇਹਨਾਂ ਦੋ ਅੱਖਰਾਂ ਦੇ ਵਿਚ ਕਬੀਰ ਆਪਣੇ ਮਨ ਨੂੰ ਰੋਕਣ ਵਿਚ ਸਮਰੱਥ ਹੋ ਗਏ।

ਸ਼੍ਰੀ ਕ੍ਰਿਸ਼ਣ ਓਮ ਉਤੇ ਜ਼ੋਰ ਦੇਂਦੇ ਹਨ। '**ओऽहं स ओम्**' ਅਰਥਾਤ ਉਹ ਸੱਤਾ ਮੇਰੇ ਅੰਦਰ ਹੈ, ਕਿਧਰੇ ਬਾਹਰ ਨਾ ਲੱਭਣ ਲਗੋ। ਇਹ ਓਮ ਵੀ ਉਸ ਪਰਮਸੱਤਾ ਦੀ ਪਹਿਚਾਣ ਕਰਾਕੇ ਸ਼ਾਂਤ ਹੋ ਜਾਂਦਾ ਹੈ। ਦਰਅਸਲ ਉਸ ਪ੍ਰਭੂ ਦੇ ਅਨੰਤ ਨਾਮ ਹਨ। ਪਰ ਜੱਪ ਦੇ ਲਈ ਉਹੀ ਨਾਮ ਸਾਰਥਕ ਹੁੰਦਾ ਹੈ ਜੋ ਛੋਟਾ ਹੋਵੇ, ਸੁਆਸ ਵਿਚ ਢੱਲ ਜਾਏ ਅਤੇ ਇਕ ਪਰਮਾਤਮਾ ਦਾ ਹੀ ਬੋਧ ਕਰਾਉਂਦਾ ਹੋਵੇ। ਉਸਤੋਂ ਭਿੰਨ ਅਨੇਕ ਦੇਵੀ-ਦੇਵਤਿਆਂ ਦੀ ਅਵਿਵੇਕ ਪੂਰਣ ਕਲਪਨਾ ਵਿਚ ਉਲਝਕੇ ਲੱਖਸ਼ ਤੋਂ ਨਜ਼ਰ ਨਾ ਹਟਾ ਦੇਵੇ।

'ਪੂਜਯ ਮਹਾਰਾਜ ਜੀ' ਕਿਹਾ ਕਰਦੇ ਸਨ 'ਮੇਰਾ ਰੂਪ ਦੇਖੋ ਤੇ ਸ਼ਰਧਾ ਦੇ ਮੁਤਾਬਕ ਕੋਈ ਵੀ ਦੋ-ਢਾਈ ਅੱਖਰ ਦਾ ਨਾਮ-ਓਮ, ਰਾਮ, ਸ਼ਿਵ ਵਿਚੋਂ ਕੋਈ ਵੀ ਇਕ ਲੈ ਲਉ। ਉਸਦਾ ਚਿੰਤਨ ਕਰੋ ਅਤੇ ਉਸੇ ਦੇ ਅਰਥ-ਸਵਰੂਪ ਇਸ਼ਟ ਦੇ ਸਵਰੂਪ ਦਾ ਧਿਆਨ ਕਰੋ। ''ਧਿਆਨ ਸਤਿਗੁਰੂ ਦਾ ਹੀ ਕੀਤਾ ਜਾਂਦਾ ਹੈ। ਤੁਸੀਂ ਰਾਮ, ਕ੍ਰਿਸ਼ਣ ਜਾਂ '**वीतराग विषयं वा चित्तम्**' ਵੀਤਰਾਗ ਮਹਾਤਮਾਵਾਂ ਅਥਵਾ '**यताभिमतध्यानाद्वा**' (ਪਾਤੰਜਲ ਯੋਗ 1/37, 39) ਅਰਥਾਤ ਕਿਸੇ ਦਾ ਵੀ ਸਵਰੂਪ ਪਕੜੋ, ਉਹ ਅਨੁਭਵ ਵਿਚ ਤੁਹਾਨੂੰ ਮਿਲਣਗੇ ਅਤੇ ਤੁਹਾਡੇ ਸਮਕਾਲੀਨ ਕਿਸੇ ਸਤਿਗੁਰੂ ਦੇ ਵਲ ਤੁਹਾਨੂੰ ਲੈ ਜਾਣਗੇ, ਜਿਨ੍ਹਾਂ ਦੇ ਪਥਪਰਦਸ਼ਨ ਨਾਲ ਤੁਸੀਂ ਸਹਿਜੇ-ਸਹਿਜੇ ਪ੍ਰਕ੍ਰਿਤੀ ਦੇ ਘੇਰੇ ਤੋਂ ਪਾਰ ਹੁੰਦੇ ਜਾਉਗੇ।' ਮੈਂ ਵੀ ਆਰੰਭ ਵਿਚ ਇਕ ਦੇਵਤਾ (ਕ੍ਰਿਸ਼ਣ ਦੇ ਵਿਰਾਟ ਰੂਪ) ਦੇ ਚਿਤ੍ਰ ਦਾ ਧਿਆਨ ਧਰਦਾ ਸਾਂ, ਪਰ ਪੂਜਯ ਮਹਾਰਾਜ ਜੀ ਦੇ ਅਨੁਭਵੀ ਪ੍ਰਵੇਸ਼ ਦੇ ਨਾਲ ਹੀ ਉਹ ਸ਼ਾਂਤ ਹੋ ਗਿਆ।

ਆਰੰਭਕ ਸਾਧਕ ਨਾਮ ਤਾਂ ਜਪਦੇ ਹਨ ਪਰ ਮਹਾਪੁਰਸ਼ ਦੇ ਸਵਰੂਪ ਦਾ ਧਿਆਨ ਧਰਨ ਤੋਂ ਝਿਜਕਦੇ ਹਨ। ਉਹ ਆਪਣੀਆਂ ਬਣਾਈਆਂ ਮਾਨਤਾਵਾਂ ਦੀ ਪੁਰਾਣੀ ਧਾਰਣਾ ਛੱਡ ਨਹੀਂ ਪਾਉ

ੰਦੇ। ਉਹ ਕਿਸੇ ਹੋਰ ਦੇਵਤਾ ਦਾ ਧਿਆਨ ਧਰਦੇ ਹਨ, ਜਿਸਦਾ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨਿਸ਼ੇਧ ਕਰਦੇ ਹਨ। ਇਸ ਲਈ ਪੂਰੇ ਸਮਰਪਣ ਨਾਲ ਕਿਸੇ ਅਨੁਭਵੀ ਮਹਾਪੁਰਸ਼ ਦੀ ਸ਼ਰਨ ਲਉ। ਪੁੰਨ-ਪੁਰਸ਼ਾਰਥ ਸਬਲ ਹੁੰਦੇ ਹੀ ਕੁਤਰਕਾਂ ਦਾ ਸ਼ਮਨ ਅਤੇ ਯਥਾਰਥ ਕ੍ਰਿਆ ਵਿਚ ਪ੍ਰਵੇਸ਼ ਮਿਲ ਜਾਏਗਾ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਇਸ ਤਰ੍ਹਾਂ ਓਮ ਦੇ ਜਪ ਅਤੇ ਪਰਮਾਤਮਾ-ਸਵਰੂਪ ਸਤਿਗੁਰੂ ਦੇ ਸਵਰੂਪ ਦਾ ਨਿਰੰਤਰ ਸਿਮਰਨ ਕਰਨ ਨਾਲ ਮਨ ਦਾ ਵਿਰੋਧ ਅਤੇ ਵਿਲੀਨੀਕਰਣ ਹੋ ਜਾਂਦਾ ਹੈ ਅਤੇ ਉਸੇ ਪਲ ਸਰੀਰ ਦੇ ਸੰਬੰਧ ਦਾ ਤਿਆਗ ਹੋ ਜਾਂਦਾ ਹੈ। ਕੇਵਲ ਮਰਨ ਨਾਲ ਸਰੀਰ ਪਿੱਛਾ ਨਹੀਂ ਛੱਡਦੇ।

**अनन्यचेता: सततं यो मां स्मरति नित्यश: ।**
**तस्याहं सुलभ: पार्थ नित्ययुक्तस्य योगिन: ।।१४।।**

''ਮੇਰੇ ਸਿਵਾਇ ਹੋਰ ਕੋਈ ਚਿੱਤ ਹੈ ਹੀ ਨਹੀਂ'' ਉਸ ਹੋਰ ਕਿਸੇ ਦਾ ਚਿੰਤਨ ਨਾ ਕਰਦਾ ਹੋਇਆ ਅਰਥਾਤ ਅਨਿੰਨ ਚਿੱਤ ਨਾਲ ਸਥਿਰ ਹੋਇਆ, ਜੋ ਲਗਾਤਾਰ ਮੇਰਾ ਸਿਮਰਨ ਕਰਦਾ ਹੈ, ਮੇਰੇ ਵਿਚ ਨਿਤ ਯੁਕਤ ਉਸ ਯੋਗੀ ਲਈ ਮੈਂ ਸੁਲਭ ਹਾਂ। ਆਪਦੇ ਸੁਲਭ ਹੋਣ ਨਾਲ ਕੀ ਮਿਲੇਗਾ?

**मामुपेत्य पुनर्जन्म दु:खालयमशाश्वतम् ।**
**नाप्नुवन्ति महात्मान: संसिद्धिं परमां गता: ।।१५।।**

ਮੈਨੂੰ ਪ੍ਰਾਪਤ ਕਰਕੇ ਉਹ ਦੁੱਖਾਂ ਦੇ ਫਲਸਵਰੂਪ ਛਿਨ ਮਾਤਰ ਪੁਨਰਜਨਮ ਨੂੰ ਪ੍ਰਾਪਤ ਨਹੀਂ ਹੁੰਦੇ, ਸਗੋਂ ਪਰਮਸਿੱਧੀ ਨੂੰ ਪ੍ਰਾਪਤ ਹੁੰਦੇ ਹਨ। ਅਰਥਾਤ ਮੈਨੂੰ ਪ੍ਰਾਪਤ ਹੋਣਾ ਅਥਵਾ ਪਰਮਸਿੱਧੀ ਨੂੰ ਪ੍ਰਾਪਤ ਹੋਣਾ ਇੱਕੋ ਗੱਲ ਹੈ। ਕੇਵਲ ਭਗਵਾਨ ਹੀ ਇਸ ਤਰ੍ਹਾਂ ਹਨ ਜਿਸਨੂੰ ਪਾਕੇ ਉਸ ਪੁਰਸ਼ ਦਾ ਪੁਨਰਜਨਮ ਨਹੀਂ ਹੁੰਦਾ। ਫੇਰ ਪੁਨਰਜਨਮ ਦੀ ਸੀਮਾ ਕਿਥੋਂ ਤਕ ਹੈ?

**आब्रह्मभुवनाल्लोका: पुनरावर्तिनोऽर्जुन ।**
**मामुपेत्य तु कौन्तेय पुनर्जन्म न विद्यते ।।१६।।**

ਅਰਜੁਨ! ਬ੍ਰਹਮਾ ਤੋਂ ਲੈਕੇ ਕੀਟ-ਪਤੰਗਾ ਆਦਿ ਸਾਰੇ ਲੋਕ ਪੁਨਰਵਰਤੀ ਸਥਿਤੀ ਵਾਲੇ ਹਨ, ਜਨਮ ਲੈਣ ਅਤੇ ਮਰਨ, ਅਤੇ ਮੁੜ-ਮੁੜ ਇਸੇ ਕ੍ਰਮ ਵਿਚ ਚੱਲਣ ਵਾਲੇ ਹਨ, ਪਰ ਕੁੰਤੀਸੁਤ! ਮੈਨੂੰ ਪ੍ਰਾਪਤ ਹੋਣ ਵਾਲੇ ਪੁਰਸ਼ ਦਾ ਪੁਨਰਜਨਮ ਨਹੀਂ ਹੁੰਦਾ।

ਧਰਮਗ੍ਰੰਥਾਂ ਵਿਚ ਲੋਕ-ਲੋਕਾਂਤਰਾਂ ਦੀਆਂ ਕਲਪਨਾਵਾਂ ਈਸ਼ਵਰ-ਪਥ ਦੀਆਂ ਸਥਿਤੀਆਂ ਦਾ ਬੋਧ ਕਰਾਉਣ ਦੇ ਆਂਤਰਿਕ ਅਨੁਭਵ ਜਾਂ ਰੂਪਕ ਮਾਤਰ ਹਨ। ਅੰਤਰਿਖਸ਼ ਵਿਚ ਨਾਂ ਤਾਂ ਐਸਾ ਕੋਈ ਖੱਡਾ ਹੈ ਜਿੱਥੇ ਕੀੜੇ ਕਟਦੇ ਹੋਣ ਅਤੇ ਨਾ ਐਸੇ ਮਹਿਲ ਜਿਨ੍ਹਾਂ ਨੂੰ ਸਵਰਗ ਕਿਹਾ ਜਾਂਦਾ ਹੈ। ਦੈਵੀ ਸੰਪੱਤੀ ਨਾਲ ਯੁਕਤ ਪੁਰਸ਼ ਦੇਵਤਾ, ਅਤੇ ਆਸੁਰੀ ਸੰਪੱਤੀ ਨਾਲ ਯੁਕਤ ਪੁਰਸ਼ ਹੀ ਅਸੁਰ ਹੈ। ਸ਼੍ਰੀ ਕ੍ਰਿਸ਼ਣ ਦੇ ਹੀ ਸਕੇ-ਸੰਬੰਧੀ ਕੰਸ ਰਾਖਸ਼ ਅਤੇ ਬਾਣਾਸੁਰ ਦੈਂਤ ਸਨ। ਦੇਵ, ਮਾਨਵ, ਤਿਰਿਅਕ (ਪਸ਼ੂ-ਪੰਛੀ) ਯੋਨੀਆਂ ਹੀ ਭਿੰਨ-ਭਿੰਨ ਲੋਕ ਹਨ। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਇਹ ਜੀਵਾਤਮਾ ਮਨਸਹਿਤ ਪੰਜੋ ਇੰਦ੍ਰੀਆਂ ਨੂੰ ਲੈਕੇ ਜਨਮ-ਜਨਮਾਂਤਰਾਂ ਦੇ ਸੰਸਕਾਰਾਂ ਦੇ ਅਨੁਸਾਰ ਨਵਾਂ ਸਰੀਰ ਧਾਰਨ ਕਰ ਲੈਂਦਾ ਹੈ।

ਅਮਰ ਕਹੇ ਜਾਣ ਵਾਲੇ ਦੇਵਤਾ ਵੀ ਮਰਨ-ਧਰਮਾ ਹਨ **'क्षीणे पुण्ये मर्त्यलोकं विशन्ति।'** ਇਸਤੋਂ ਵੱਡੀ ਹਾਨੀ ਕੀ ਹੋਵੇਗੀ? ਉਹ ਦੇਵ-ਤਨ ਹੀ ਕਿਸ ਕੰਮ ਦਾ. ਜਿਸ ਵਿਚ

ਇਕੱਠੇ ਹੋਏ ਪੁੰਨ ਵੀ ਸਮਾਪਤ ਹੋ ਜਾਏ ? ਦੇਵਲੋਕ, ਪਸ਼ੂਲੋਕ, ਕੀਟ-ਪਤੰਗਾ ਆਦਿ ਲੋਕ ਭੋਗ ਮਾਤਰ ਹਨ। ਕੇਵਲ ਮਨੁੱਖ ਹੀ ਕਰਮਾਂ ਦਾ ਰਚਣਹਾਰ ਹੈ, ਜਿਨਾਂ ਰਾਹੀਂ ਉਹ ਉਸ ਪਰਮਧਾਮ ਤਕ ਨੂੰ ਪ੍ਰਾਪਤ ਕਰ ਸਕਦਾ ਹੈ, ਜਿੱਥੋ ਪੁਨਰਗਮਨ ਨਹੀਂ ਹੁੰਦਾ। ਯਥਾਰਥ ਕਰਮ ਦਾ ਆਚਰਣ ਕਰਕੇ ਮਨੁੱਖ ਦੇਵਤਾ ਬਣ ਜਾਏ, ਬ੍ਰਹਮਾ ਦੀ ਸਥਿਤੀ ਪ੍ਰਾਪਤ ਕਰ ਲਏ, ਪਰ ਉਹ ਪੁਨਰਜਨਮ ਤੋਂ ਤਦ ਤਕ ਨਹੀਂ ਬਚ ਸਕਦਾ, ਜਦ ਤਕ ਕਿ ਮਨ ਦੇ ਵਿਰੋਧ ਅਤੇ ਵਿਲੀਨੀਕਰਣ ਦੇ ਨਾਲ ਪਰਮਾਤਮਾ ਦਾ ਪਰਤੱਖ ਦਰਸ਼ਨ ਕਰਕੇ ਉਸੇ ਪਰਮਭਾਵ ਵਿਚ ਸਥਿਤ ਨਾ ਹੋ ਜਾਏ। ਮਿਸਾਲ ਲਈ, ਉਪਨਿਸ਼ਦ ਵੀ ਇਸੇ ਸੱਚ ਦਾ ਉਦਘਾਟਨ ਕਰਦੇ ਹਨ-

**यदा सर्वे प्रमुच्यन्ते कामा येऽस्य हृदिस्थिता: ।**
**अथ मर्त्योऽमृतो भवत्यत्र ब्रह्म समश्नुते ।।**

**ਕੱਠੋਪਨਿਸ਼ਦ (੨/੩/੧੪)**

ਜਦ ਹਿਰਦੇ ਸਥਿਤ ਸੰਪੂਰਣ ਕਾਮਨਾਵਾਂ ਸਮੂਲ ਨਸ਼ਟ ਹੋ ਜਾਂਦੀਆਂ ਹਨ, ਤਦ ਮਰਨ-ਧਰਮਾ ਮਨੁੱਖ ਅਮਰ ਹੋ ਜਾਂਦਾ ਹੈ, ਅਤੇ ਇੱਥੇ ਹੀ-ਇਸੇ ਸੰਸਾਰ ਵਿਚ, ਇਸੇ ਮਨੁੱਖੀ ਸਰੀਰ ਵਿਚ ਪਰਬ੍ਰਹਮ ਦਾ ਭਲੀ ਭਾਂਤ ਪ੍ਰਤੱਖ ਅਨੁਭਵ ਕਰ ਲੈਂਦਾ ਹੈ।

ਪ੍ਰਸ਼ਨ ਉਠਦਾ ਹੈ ਕਿ ਕੀ ਬ੍ਰਹਮਾ ਵੀ ਮਰਨ-ਧਰਮਾ ਹੈ? ਅਧਿਆਇ ਤਿੰਨ ਵਿਚ ਤਾਂ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਪ੍ਰਜਾਪਤੀ ਬ੍ਰਹਮਾ ਦੇ ਬਾਰੇ ਕਿਹਾ ਸੀ ਕਿ ਪ੍ਰਾਪਤੀ ਤੋਂ ਬਾਅਦ ਬੁੱਧੀ ਯੰਤਰ ਮਾਤਰ ਹੈ। ਉਸਦੇ ਰਾਹੀਂ ਪਰਮਾਤਮਾ ਹੀ ਵਿਅਕਤ ਹੁੰਦਾ ਹੈ। ਐਸੇ ਮਹਾਪੁਰਸ਼ਾਂ ਦੇ ਦੁਆਰਾ ਹੀ ਯੱਗ ਦੀ ਰਚਨਾ ਹੋਈ ਹੈ ਅਤੇ ਇੱਥੇ ਕਹਿੰਦੇ ਹਨ ਕਿ ਬ੍ਰਹਮਾ ਦੀ ਸਥਿਤੀ ਪ੍ਰਾਪਤ ਕਰਨ ਵਾਲਾ ਵੀ ਪੁਨਰਗਮਨ ਕਰਨ ਵਾਲਾ ਹੈ। ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿਣਾ ਕੀ ਚਾਹੁੰਦੇ ਹਨ?

ਦਰਅਸਲ ਜਿਨ੍ਹਾਂ ਮਹਾਪੁਰਸ਼ਾਂ ਦੁਆਰਾ ਪਰਮਾਤਮਾ ਹੀ ਵਿਅਕਤ ਹੁੰਦਾ ਹੈ, ਉਹਨਾਂ ਮਹਾਪੁਰਸ਼ਾਂ ਦੀ ਬੁੱਧੀ ਵੀ ਬ੍ਰਹਮਾ ਨਹੀਂ ਹੈ, ਪਰ ਲੋਕਾਂ ਨੂੰ ਉਪਦੇਸ਼ ਦੇਣ ਦੇ ਕਾਰਨ, ਕਲਿਆਨ ਦਾ ਆਰੰਭ ਕਰਨ ਦੇ ਕਾਰਨ ਬ੍ਰਹਮਾ ਕਹੇ ਜਾਂਦੇ ਹਨ। ਖ਼ੁਦ ਵਿਚ ਉਹ ਬ੍ਰਹਮਾ ਵੀ ਨਹੀਂ ਹਨ। ਉਹਨਾਂ ਕੋਲ ਆਪਣੀ ਬੁੱਧੀ ਰਹਿ ਹੀ ਨਹੀਂ ਜਾਂਦੀ। ਪਰ ਇਸਤੋਂ ਪਹਿਲਾਂ ਸਾਧਨਾਕਾਲ ਵਿਚ ਬੁੱਧੀ ਹੀ ਬ੍ਰਹਮਾ ਹੈ **''अहंकार शिव, बुद्धि अज, मन शशि, चित्त महान'' ।।**

ਸਾਧਾਰਣ ਮਨੁੱਖ ਦੀ ਬੁੱਧੀ ਬ੍ਰਹਮਾ ਨਹੀਂ ਹੈ। ਬੁੱਧੀ ਜਦ ਇਸ਼ਟ ਵਿਚ ਪ੍ਰਵੇਸ਼ ਕਰਨ ਲਗਦੀ ਹੈ, ਤਦ ਤੋਂ ਬ੍ਰਹਮਾ ਦੀ ਰਚਨਾ ਹੋਣ ਲਗਦੀ ਹੈ, ਜਿਸਦੇ ਚਾਰ ਸ੍ਰੋਤ ਮਨੀਸ਼ੀਆਂ ਨੇ ਦਸੇ ਹਨ। ਪਿਛਲੇ ਅਧਿਆਇ ਤਿੰਨ ਵਿਚ ਦਸ ਆਏ ਹਾਂ, ਚੇਤੇ ਰੱਖਣ ਲਈ ਫੇਰ ਵੇਖ ਸਕਦੇ ਹਾਂ-ਬ੍ਰਹਮਵਿੱਤ, ਬ੍ਰਹਮਵਿਦ੍ਵਰ, ਬ੍ਰਹਮਵਿਦ੍ਵਰੀਆਨ, ਬ੍ਰਹਮਵਿਦ੍ਵਰਿਸ਼ਟ। ਬ੍ਰਹਮਵਿੱਤ ਉਹ ਬੁੱਧੀ ਹੈ ਜੋ ਬ੍ਰਹਮ-ਵਿਦਿਆ ਨਾਲ ਸੰਯੁਕਤ ਹੋਵੇ। ਬ੍ਰਹਮਵਿਦ੍ਵਰ ਉਹ ਹੈ ਜੋ ਬ੍ਰਹਮ-ਵਿਦਿਆ ਵਿਚ ਸ਼੍ਰੇਸ਼ਠਤਾ-ਪ੍ਰਾਪਤ ਹੋਵੇ। ਬ੍ਰਹਮਵਿਦ੍ਵਰੀਆਨ ਉਹ ਬੁੱਧੀ ਹੈ, ਜਿਸ ਨਾਲ ਉਹ ਬ੍ਰਹਮ-ਵਿਦਿਆ ਵਿਚ ਨਿਪੁੰਨ ਹੀਂ ਨਹੀਂ, ਸਗੋਂ ਉਸਦਾ ਨਿਯੰਤ੍ਰਕ, ਸੰਚਾਲਕ ਬਣ ਜਾਂਦਾ ਹੈ। ਬ੍ਰਹਮਵਿਦ੍ਵਰਿਸ਼ਟ ਬੁੱਧੀ ਦਾ ਉਹ ਅੰਤਿਮ ਤੋਹਫਾ ਹੈ, ਜਿਸ ਨਾਲ ਇਸ਼ਟ ਪ੍ਰਵਾਹਿਤ ਹੈ। ਇੱਥੋਂ ਤਕ ਬੁੱਧੀ ਦਾ ਅਸਤਿਤੱਵ ਹੈ, ਕਿਉਂਕਿ ਪ੍ਰਵਾਹਿਤ ਹੋਣ ਵਾਲਾ ਇਸ਼ਟ ਅਜੇ ਕਿਧਰੇ ਅਲੱਗ ਹੈ, ਅਤੇ ਗ੍ਰਹਿਣਕਰਤਾ ਬੁੱਧੀ ਅਲੱਗ ਹੈ। ਅਜੇ ਉਹ ਪ੍ਰਕ੍ਰਿਤੀ ਦੀ ਸੀਮਾ ਵਿਚ ਹੈ। ਹੁਣ ਖ਼ੁਦ ਪ੍ਰਕਾਸ਼-ਸਵਰੂਪ ਵਿਚ ਜਦ ਬੁੱਧੀ (ਬ੍ਰਹਮਾ)

ਰਹਿੰਦੀ ਹੈ, ਜਾਗ੍ਰਿਤ ਹੈ ਤਾਂ ਸੰਪੂਰਣ ਭੂਤ (ਚਿੰਤਨ ਦਾ ਪ੍ਰਵਾਹ)) ਜਾਗ੍ਰਿਤ ਹੈ, ਅਤੇ ਜਦ ਅਵਿਦਿਆ ਵਿਚ ਰਹਿੰਦੀ ਹੈ ਤਾਂ ਅਚੇਤ ਹੈ। ਇਸੇ ਨੂੰ ਪ੍ਰਕਾਸ਼ ਅਤੇ ਹਨੇਰਾ, ਰਾਤ ਅਤੇ ਦਿਨ ਕਿਹਾ ਗਿਆ ਹੈ। ਵੇਖੀਏ

ਬ੍ਰਹਮਾ ਅਰਥਾਤ ਬ੍ਰਹਮਵਿਦ੍ਵੇਤਾ ਦੀ ਉਹ ਸ਼੍ਰੇਣੀ, ਜਿਸ ਵਿਚ ਇਸ਼ਟ ਪ੍ਰਵਾਹਿਤ ਹੈ, ਉਸਨੂੰ ਪ੍ਰਾਪਤ ਸਰਵੋਤਮ ਬੁੱਧੀ ਵਿਚ ਵੀ ਵਿਦਿਆ (ਜੋ ਸੂਖਮ ਪ੍ਰਕਾਸ਼-ਸਵਰੂਪ ਹੈ, ਉਸ ਵਿਚ ਮਿਲਾਉਂਦੀ ਹੈ) ਦਾ ਦਿਨ ਅਤੇ ਅਵਿਦਿਆ ਦੀ ਰਾਤ, ਪ੍ਰਕਾਸ਼ ਅਤੇ ਹਨੇਰੇ ਦਾ ਸਿਲਸਿਲਾ ਲਗਾ ਰਹਿੰਦਾ ਹੈ, ਇਥੋਂ ਤਕ ਸਾਧਕ ਵਿਚ ਮਾਇਆ ਕਾਮਯਾਬ ਹੁੰਦੀ ਹੈ। ਪ੍ਰਕਾਸ਼ਕਾਲ ਵਿਚ ਅਚੇਤ ਭੂਤ (ਭੌਤਿਕ ਪ੍ਰਾਣੀ) ਸਚੇਤ ਹੋ ਜਾਂਦੇ ਹਨ, ਉਹਨਾਂ ਨੂੰ ਮੁਕਾਮ ਨਜ਼ਰ ਆਉਣ ਲਗਦਾ ਹੈ ਅਤੇ ਬੁੱਧੀ ਦੇ ਅੰਤਰਾਲ ਵਿਚ ਅਵਿਦਿਆ ਦੀ ਰਾਤ ਦੇ ਪ੍ਰਵੇਸ਼ਕਾਲ ਵਿਚ ਸਾਰੇ ਭੌਤਿਕ ਪ੍ਰਾਣੀ ਅਚੇਤ ਹੋ ਜਾਂਦੇ ਹਨ। ਬੁੱਧੀ ਫੈਸਲਾ ਨਹੀਂ ਕਰ ਪਾਉਂਦੀ। ਸਵਰੂਪ ਵਲ ਅੱਗੇ ਵਧਣਾ ਬੰਦ ਹੋ ਜਾਂਦਾ ਹੈ। ਇਹੋ ਬ੍ਰਹਮਾ ਦਾ ਦਿਨ ਅਤੇ ਇਹੋ ਬ੍ਰਹਮਾ ਦੀ ਰਾਤ ਹੈ। ਦਿਨ ਦੇ ਪ੍ਰਕਾਸ਼ ਵਿਚ ਬੁੱਧੀ ਦੀਆਂ ਅਨੇਕਾਂ ਪ੍ਰਵਿਰਤੀਆਂ ਵਿਚ ਈਸ਼ਵਰੀ ਪ੍ਰਕਾਸ਼ ਫੈਲ ਜਾਂਦਾ ਹੈ ਅਤੇ ਅਵਿਦਿਆ ਦੀ ਰਾਤ ਵਿਚ ਇਹਨਾਂ ਹੀ ਅਨੇਕਾਂ ਪਰਤਾਂ ਵਿਚ ਅਚੇਤ ਅਵਸਥਾ ਦਾ ਹਨੇਰਾ ਫੈਲ ਜਾਂਦਾ ਹੈ।

ਸ਼ੁਭ ਅਤੇ ਅਸ਼ੁਭ, ਵਿਦਿਆ ਅਤੇ ਅਵਿਦਿਆ-ਇਹਨਾਂ ਦੋਨਾਂ ਪ੍ਰਵਿਰਤੀਆਂ ਦੇ ਸ਼ਾਂਤ ਹੋਣ ਤੇ ਅਰਥਾਤ ਅਚੇਤ ਅਤੇ ਸਚੇਤ, ਰਾਤ ਵਿਚ ਲੀਨ ਅਤੇ ਦਿਨ ਵਿਚ ਪੈਦਾ, ਦੋਵੇਂ ਪ੍ਰਕਾਰ ਦੇ ਜੀਵਾਂ (ਸੰਕਲਪ ਪ੍ਰਵਾਹ) ਦੇ ਮਿਟ ਜਾਣ ਤੇ ਉਸ ਅਵਿਅਕਤ ਬੁੱਧੀ ਤੋਂ ਵੀ ਬਹੁਤ ਪਰੇ ਸ਼ਾਸ਼ਵਤ ਅਵਿਅਕਤ ਭਾਵ ਮਿਲਦਾ ਹੈ, ਜੋ ਫੇਰ ਕਦੇ ਨਸ਼ਟ ਨਹੀਂ ਹੁੰਦਾ । ਜੀਵਾਂ ਦੀ ਅਚੇਤ ਅਤੇ ਸਚੇਤ ਦੋਵੇਂ ਸਥਿਤੀਆਂ ਦੇ ਮਿਲਣ ਤੇ ਹੀ ਉਹ ਸਨਾਤਨ ਭਾਵ ਮਿਲਦਾ ਹੈ।

ਬੁੱਧੀ ਦੀਆਂ ਚਾਰ ਉਪਰੋਕਤ ਅਵਸਥਾਵਾਂ ਦੇ ਬਾਅਦ ਵਾਲਾ ਪੁਰਸ਼ ਹੀ ਮਹਾਪੁਰਸ਼ ਹੈ। ਉਸਦੇ ਅੰਤਰਾਲ ਵਿਚ ਬੁੱਧੀ ਨਹੀਂ ਹੈ, ਬੁੱਧੀ ਪਰਮਾਤਮਾ ਦੇ ਯੰਤਰ ਵਰਗੀ ਹੋ ਗਈ ਹੈ, ਪਰ ਲੋਕਾਂ ਨੂੰ ਉਹ ਉਪਦੇਸ਼ ਕਰਦਾ ਹੈ, ਨਿਸ਼ਚੈ ਨਾਲ ਪ੍ਰੇਰਣਾ ਦੇਂਦਾ ਹੈ, ਇਸ ਲਈ ਉਸ ਵਿਚ ਬੁੱਧੀ ਪ੍ਰਤੀਤ ਹੁੰਦੀ ਹੈ। ਪਰ ਉਹ ਬੁੱਧੀ ਦੇ ਪੱਧਰ ਤੋਂ ਪਰੇ ਹੈ। ਉਹ ਪਰਮ ਅਵਿਅਕਤ ਭਾਵ ਵਿਚ ਸਥਿਤ ਹੈ। ਉਸਦਾ ਪੁਨਰਜਨਮ ਨਹੀਂ ਹੋਣਾ ਹੈ, ਪਰ ਇਸ ਅਵਿਅਕਤ ਸਥਿਤੀ ਤੋਂ ਪਹਿਲਾਂ ਜਦ ਤਕ ਉਸ ਕੋਲ ਆਪਣੀ ਬੁੱਧੀ ਹੈ, ਜਦ ਤਕ ਉਹ ਬ੍ਰਹਮਾ ਹੈ, ਉਹ ਪੁਨਰਜਨਮ ਦੇ ਘੇਰੇ ਵਿਚ ਹੈ। ਇਹਨਾਂ ਹੀ ਗੱਲਾਂ ਬਾਰੇ ਦਸਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ

**सहस्रयुगपर्यन्तमहर्यद् ब्रह्मणो विदु: ।**
**रात्रिं युगसहस्रान्तां तेऽहोरात्रविदो जना: ।।१७।।**

ਜੋ ਹਜ਼ਾਰ ਚਤੁਰਯੁਗਾਂ (ਚਾਰ ਯੁਗਾਂ) ਦੀ ਬ੍ਰਹਮਾ ਦੀ ਰਾਤ ਅਤੇ ਹਜ਼ਾਰ ਚਤੁਰਯੁਗਾਂ ਦੇ ਉਸਦੇ ਦਿਨ ਨੂੰ ਪ੍ਰਤੱਖ ਜਾਣਦੇ ਹਨ, ਉਹ ਪੁਰਸ਼ ਸਮੇਂ ਦੇ ਤੱਤ ਨੂੰ ਯਥਾਰਥ ਜਾਣਦੇ ਹਨ।

ਪ੍ਰਸਤੁਤ ਸ਼ਲੋਕ ਵਿਚ ਦਿਨ ਅਤੇ ਰਾਤ, ਵਿਦਿਆ ਅਤੇ ਅਵਿਦਿਆ ਦੇ ਰੂਪਕ ਹਨ। ਬ੍ਰਹਮ ਵਿਦਿਆ ਨਾਲ ਸੰਯੁਕਤ ਬੁੱਧੀ ਬ੍ਰਹਮਾ ਦੀ ਪ੍ਰਵੇਸ਼ਿਕਾ ਅਤੇ ਬ੍ਰਹਮਵਿਦੂਰਿਸ਼ਟ ਬੁੱਧੀ ਬ੍ਰਹਮਾ ਦੀ ਪਰਾਕਾਸ਼ਠਾ ਹੈ। ਵਿਦਿਆ ਨਾਲ ਸੰਯੁਕਤ ਬੁੱਧੀ ਹੀ ਬ੍ਰਹਮਾ ਦਾ ਦਿਨ ਹੈ। ਜਦ ਵਿਦਿਆ ਕਾਰਜ ਕਰ ਰਹੀ ਹੁੰਦੀ ਹੈ ਤਾਂ ਉਸ ਸਮੇਂ ਯੋਗੀ ਸਵਰੂਪ ਵਲ ਵੱਧ ਰਿਹਾ ਹੁੰਦਾ ਹੈ, ਅੰਤਹਕਰਣ ਦੀਆਂ ਅਸੰਖ ਪ੍ਰਵਿਰਤੀਆਂ ਵਿਚ ਈਸ਼ਵਰੀ ਪ੍ਰਕਾਸ਼ ਦਾ ਸੰਚਾਰ ਹੋ ਜਾਂਦਾ ਹੈ। ਇਸੇ ਤਰ੍ਹਾਂ

ਅਵਿਦਿਆ ਦੀ ਰਾਤ ਆਉਣ ਤੇ ਅੰਤਰਮਨ ਦੀਆਂ ਅਨੇਕਾਂ ਪ੍ਰਵਿਰਤੀਆਂ ਵਿਚ ਮਾਇਆ ਦਾ ਦਵੰਦ ਪ੍ਰਵਾਹਿਤ ਹੋ ਜਾਂਦਾ ਹੈ। ਪ੍ਰਕਾਸ਼ ਅਤੇ ਹਨੇਰੇ ਦੀ ਇਥੋਂ ਤਕ ਹੀ ਸੀਮਾ ਹੈ। ਇਸਤੋਂ ਬਾਅਦ ਨਾ ਤਾਂ ਅਵਿਦਿਆ ਰਹਿ ਜਾਂਦੀ ਹੈ, ਨਾ ਹੀ ਵਿਦਿਆ। ਉਹ ਪਰਮਤੱਤ ਪਰਮਾਤਮਾ ਗਿਆਨ ਹੋ ਜਾਂਦਾ ਹੈ। ਜੋ ਇਸਨੂੰ ਤੱਤ ਤੋਂ ਭਲੀ ਭਾਂਤ ਜਾਣਦੇ ਹਨ, ਉਹ ਯੋਗੀਜਨ ਕਾਲ ਦੇ ਤੱਤ ਨੂੰ ਜਾਣਨ ਵਾਲੇ ਹਨ ਕਿ ਕਦੋਂ ਅਵਿਦਿਆ ਦੀ ਰਾਤ ਹੁੰਦੀ ਹੈ, ਕਦ ਵਿਦਿਆ ਦਾ ਦਿਨ ਆਉਂਦਾ ਹੈ, ਕਾਲ ਦਾ ਪ੍ਰਭਾਵ ਕਿਥੋਂ ਤਕ ਹੈ ਜਾਂ ਕਾਲ ਕਿਥੋਂ ਤਕ ਪਿੱਛਾ ਕਰਦਾ ਹੈ।

ਆਰੰਭਕ ਮਨੀਸ਼ੀ ਅੰਤਰਮਨ ਨੂੰ ਚਿੱਤ ਜਾਂ ਕਦੇ-ਕਦੇ ਕੇਵਲ ਬੁੱਧੀ ਕਿਹਾ ਕਰਦੇ ਸਨ। ਕਾਲਾਂਤਰ ਵਿਚ ਅੰਤਰਮਨ ਦਾ ਵਿਭਾਜਨ ਮਨ, ਬੁੱਧੀ, ਚਿੱਤ ਅਤੇ ਅਹੰਕਾਰ ਦੀਆਂ ਚਾਰ ਪ੍ਰਮੁੱਖ ਬਿਰਤੀਆਂ ਵਿਚ ਕੀਤਾ ਗਿਆ, ਵੈਸੇ ਅੰਤਰਮਨ ਦੀਆਂ ਬਿਰਤੀਆਂ ਅਨੰਤ ਹਨ। ਬੁੱਧੀ ਦੇ ਅੰਤਰਾਲ ਵਿਚ ਹੀ ਅਵਿਦਿਆ ਦੀ ਰਾਤ ਹੁੰਦੀ ਹੈ ਅਤੇ ਉਸੇ ਬੁੱਧੀ ਵਿਚ ਵਿਦਿਆ ਦਾ ਦਿਨ ਵੀ ਹੁੰਦਾ ਹੈ। ਇਹੋ ਬ੍ਰਹਮਾ ਦੀ ਰਾਤ ਅਤੇ ਦਿਨ ਹੈ। ਜਗਤ ਰੂਪੀ ਰਾਤ ਵਿਚ ਸਾਰੇ ਜੀਵ ਅਚੇਤ ਪਏ ਹਨ। ਪ੍ਰਕ੍ਰਿਤੀ ਵਿਚ ਰਹਿਣ ਵਾਲੀ ਉਹਨਾਂ ਦੀ ਬੁੱਧੀ ਉਸ ਪ੍ਰਕਾਸ਼-ਸਵਰੂਪ ਨੂੰ ਨਹੀਂ ਵੇਖ ਸਕਦੀ, ਪਰ ਯੋਗ ਦਾ ਆਚਰਣ ਕਰਨ ਵਾਲੇ ਯੋਗੀ ਇਸ ਨਾਲ ਜਾਗ ਜਾਂਦੇ ਹਨ, ਉਹ ਸਵਰੂਪ ਵਲ ਵੱਧਦੇ ਹਨ, ਜਿਵੇਂ ਕਿ ਗੋਸੁਵਾਮੀ ਤੁਲਸੀਦਾਸ ਨੇ ਰਾਮਚਰਿਤ ਮਾਨਸ ਵਿਚ ਲਿਖਿਆ ਹੈ -

**''कबहुंक दिवस महँ निबिड़तम, कबहुँक प्रकट पतंग।**
**बिनसई उपजई ग्यान जिमि, पाइ कुसंग-सुसंग।।**

**(ਰਾਮਚਰਿਤਮਾਨਸ ੪/੧੫ ਖ)**

ਵਿਦਿਆ ਨਾਲ ਸੰਯੁਕਤ ਬੁੱਧੀ ਕੁਸੰਗ ਪਾਕੇ ਅਵਿਦਿਆ ਵਿਚ ਬਦਲ ਜਾਂਦੀ ਹੈ। ਫੇਰ ਸੁਸੰਗ ਨਾਲ ਵਿਦਿਆ ਦਾ ਸੰਚਾਰ ਉਸੇ ਬੁੱਧੀ ਵਿਚ ਹੋ ਜਾਂਦਾ ਹੈ। ਇਹ ਉਤਾਰ-ਚੜ੍ਹਾਉ ਪੂਰਨਤਾ-ਕਾਲ ਤਕ ਲਗਾ ਰਹਿੰਦਾ ਹੈ। ਪੂਰਨਤਾ ਦੇ ਬਾਅਦ ਨਾ ਬੁੱਧੀ ਹੈ ਨਾ ਬ੍ਰਹਮਾ, ਨਾ ਰਾਤ ਰਹਿੰਦੀ ਹੈ ਨਾ ਦਿਨ। ਇਹੋ ਬ੍ਰਹਮਾ ਦੇ ਦਿਨ-ਰਾਤ ਦੇ ਰੂਪਕ ਹਨ। ਨਾ ਹਜ਼ਾਰਾਂ ਸਾਲ ਦੀ ਲੰਮੀ ਰਾਤ ਹੁੰਦੀ ਹੈ,ਨਾ ਹਜ਼ਾਰਾਂ ਚਤੁਰਯੁਗਾਂ ਦਾ ਦਿਨ ਹੀ ਹੁੰਦਾ ਹੈ, ਅਤੇ ਨਾ ਹੀ ਕੋਈ ਚਾਰ ਮੂੰਹ ਵਾਲਾ ਬ੍ਰਹਮਾ ਹੈ। ਬੁੱਧੀ ਦੀਆਂ ਉਪਰੋਕਤ ਚਾਰ ਕ੍ਰਮਵਾਰ ਅਵਸਥਾਵਾਂ ਹੀ ਬ੍ਰਹਮਾ ਦੇ ਮੁਖ ਅਤੇ ਅੰਤਰਮਨ ਦੀਆਂ ਚਾਰ ਪ੍ਰਮੁੱਖ ਪ੍ਰਵਿਰਤੀਆਂ ਹੀ ਉਹਨਾਂ ਦੇ ਚਤੁਰਯੁਗ ਹਨ। ਰਾਤ ਅਤੇ ਦਿਨ ਇਹਨਾਂ ਪ੍ਰਵਿਰਤੀਆਂ ਵਿਚ ਹੀ ਹੁੰਦੇ ਹਨ। ਜੋ ਪੁਰਸ਼ ਇਸਦੇ ਭੇਦ ਨੂੰ ਤੱਤ ਤੋਂ ਜਾਣਦੇ ਹਨ, ਉਹ ਯੋਗੀਜਨ ਕਾਲ ਦੇ ਭੇਦ ਨੂੰ ਜਾਣਦੇ ਹਨ ਕਿ ਕਾਲ ਕਿਥੋਂ ਤਕ ਪਿੱਛਾ ਕਰਦਾ ਹੈ, ਅਤੇ ਕਿਹੜਾ ਪੁਰਸ਼ ਕਾਲ ਤੋਂ ਵੀ ਅਤੀਤ ਹੋ ਜਾਂਦਾ ਹੈ। ਰਾਤ ਅਤੇ ਦਿਨ, ਅਵਿਦਿਆ ਅਤੇ ਵਿਦਿਆ ਵਿਚ ਹੋਣ ਵਾਲੇ ਕਾਰਜ ਨੂੰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਸਪਸ਼ਟ ਕਰਦੇ ਹਨ -

**अव्यक्ताद्व्यक्तय: सर्वा: प्रभवत्यहरागमे ।**
**रात्र्यागमे प्रलीयन्ते तत्रैवाव्यक्तसंज्ञके।। १८ ।।**

ਬ੍ਰਹਮਾ ਦੇ ਦਿਨ ਦੇ ਪ੍ਰਵੇਸ਼ਕਾਲ ਵਿਚ ਅਰਥਾਤ ਵਿਦਿਆ (ਦੈਵੀ ਸੰਪੱਤੀ) ਦੇ ਪ੍ਰਵੇਸ਼ਕਾਲ ਵਿਚ ਸਾਰੇ ਪ੍ਰਾਣੀ ਅਵਿਅਕਤ ਬੁੱਧੀ ਵਿਚ ਜਾਗ੍ਰਿਤ ਹੋ ਜਾਂਦੇ ਹਨ ਅਤੇ ਰਾਤ ਦੇ ਪ੍ਰਵੇਸ਼ਕਾਲ ਵਿਚ ਉਸੇ ਅਵਿਅਕਤ, ਅਦ੍ਰਿਸ਼ ਬੁੱਧੀ ਵਿਚ ਜਾਗ੍ਰਿਤੀ ਦੇ ਸੂਖਮ ਤੱਤ ਅਚੇਤ ਹੋ ਜਾਂਦੇ ਹਨ। ਉਹ ਪ੍ਰਾਣੀ ਅਵਿਦਿਆ ਦੀ ਰਾਤ ਵਿਚ ਸਵਰੂਪ ਨੂੰ ਸਾਫ਼ ਵੇਖ ਨਹੀਂ ਸਕਦੇ ਪਰ ਉਹਨਾਂ ਦੀ ਹੋਂਦ ਰਹਿੰਦੀ ਹੈ।

ਜਾਗ੍ਰਿਤ ਹੋਣ ਅਤੇ ਅਚੇਤ ਹੋਣ ਦਾ ਮਾਧਿਅਮ ਇਹ ਬੁੱਧੀ ਹੈ, ਜੋ ਸਭ ਵਿਚ ਅਵਿਅਕਤ ਰਹਿੰਦੀ ਹੈ, ਨਜ਼ਰ ਨਹੀਂ ਆਉਂਦੀ।

**भूतग्राम: स एवायं भूत्वा भूत्वा प्रलीयते।**
**रात्र्यागमेऽवश: पार्थ प्रभवत्यहरागमे।।१९।।**

ਹੇ ਪਾਰਥ! ਸਾਰੇ ਪ੍ਰਾਣੀ ਇਸ ਪ੍ਰਕਾਰ ਜਾਗ੍ਰਿਤ ਹੋਕੇ, ਪ੍ਰਕ੍ਰਿਤੀ ਤੋਂ ਵਿਵਸ਼ ਹੋਕੇ ਅਵਿਦਿਆ ਰੂਪੀ ਰਾਤ ਦੇ ਆਉਣ ਤੇ ਅਚੇਤ ਹੋ ਜਾਂਦੇ ਹਨ। ਉਹ ਨਹੀਂ ਦੇਖ ਸਕਦੇ ਕਿ ਸਾਡਾ ਲੱਖਸ਼ ਕੀ ਹੈ। ਦਿਨ ਦੇ ਪ੍ਰਵੇਸ਼ਕਾਲ ਵਿਚ ਉਹ ਫੇਰ ਜਾਗ ਪੈਂਦੇ ਹਨ। ਜਦ ਤਕ ਬੁੱਧੀ ਹੈ, ਤਦ ਤਕ ਇਸਦੇ ਅੰਤਰਾਲ ਵਿਚ ਵਿਦਿਆ ਅਤੇ ਅਵਿਦਿਆ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਤਦ ਤਕ ਉਹ ਸਾਧਕ ਹੀ ਹੈ, ਮਹਾਪੁਰਸ਼ ਨਹੀਂ।

**परस्तस्मात्तु भावोऽन्योऽव्यक्तोऽव्यक्तात्सनातन:।**
**य: स सर्वेषु भूतेषु नश्यत्सु न विनश्यति।।२०।।**

ਇਕ ਤਾਂ ਬ੍ਰਹਮਾ ਅਰਥਾਤ ਬੁੱਧੀ ਅਵਿਅਕਤ ਹੈ, ਇੰਦ੍ਰੀਆਂ ਰਾਹੀਂ ਨਜ਼ਰ ਨਹੀਂ ਆਉਂਦੀ ਅਤੇ ਇਸਤੋਂ ਵੀ ਪਰੇ ਸਨਾਤਨ ਅਵਿਅਕਤ ਭਾਵ ਹੈ, ਜੋ ਜੀਵਾਂ ਦੇ ਨਸ਼ਟ ਹੋਣ ਤੇ ਵੀ ਨਸ਼ਟ ਨਹੀਂ ਹੁੰਦਾ, ਅਰਥਾਤ ਵਿਦਿਆ ਵਿਚ ਸਚੇਤ ਅਤੇ ਅਵਿਦਿਆ ਵਿਚ ਅਚੇਤ, ਦਿਨ ਵਿਚ ਪੈਦਾ ਅਤੇ ਰਾਤ ਵਿਚ ਵਿਲੀਨ ਭਾਵਾਂ ਵਾਲੇ ਅਵਿਅਕਤ ਬ੍ਰਹਮਾ ਦੇ ਵੀ ਮਿਟ ਜਾਣ ਤੇ ਵੀ ਉਹ ਸਨਾਤਨ ਅਵਿਅਕਤ ਭਾਵ ਮਿਲਦਾ ਹੈ, ਜੋ ਨਸ਼ਟ ਨਹੀਂ ਹੁੰਦਾ। ਬੁੱਧੀ ਵਿਚ ਹੋਣ ਵਾਲੇ ਉਪਰੋਕਤ ਦੋਨੋਂ ਉਤਾਰ-ਚੜ੍ਹਾਅ ਜਦ ਮਿਟ ਜਾਂਦੇ ਹਨ, ਤਦ ਸਨਾਤਨ ਅਵਿਅਕਤ ਭਾਵ ਮਿਲਦਾ ਹੈ, ਜੋ ਮੇਰਾ ਪਰਮਧਾਮ ਹੈ। ਜਦ ਸਨਾਤਨ ਅਵਿਅਕਤ ਭਾਵ ਮਿਲ ਗਿਆ, ਤਾਂ ਬੁੱਧੀ ਵੀ ਉਸੇ ਭਾਵ ਵਿਚ ਰੰਗੀ ਜਾਂਦੀ ਹੈ, ਉਸੇ ਭਾਵ ਨੂੰ ਧਾਰਨ ਕਰ ਲੈਂਦੀ ਹੈ। ਇਸ ਲਈ ਉਹ ਬੁੱਧੀ ਆਪ ਤਾਂ ਮਿਟ ਜਾਂਦੀ ਹੈ ਅਤੇ ਉਸਦੇ ਥਾਂ ਸਨਾਤਨ ਅਵਿਅਕਤ ਭਾਵ ਹੀ ਬਾਕੀ ਬਚਦਾ ਹੈ।

**अव्यक्तोऽक्षर इत्युक्तस्तमाहु: परमां गतिम्।**
**यं प्राप्य न निवर्तन्ते तद्धाम परमं मम।।२१।।**

ਉਸ ਸਨਾਤਨ ਅਵਿਅਕਤ ਭਾਵ ਨੂੰ ਅੱਖਰ (ਜੋ ਖੁਰਦਾ ਨਹੀਂ) ਅਰਥਾਤ ਅਵਿਨਾਸ਼ੀ ਕਿਹਾ ਜਾਂਦਾ ਹੈ। ਉਸੇ ਨੂੰ ਪਰਮਗਤਿ ਕਹਿੰਦੇ ਹਨ। ਉਹੀ ਮੇਰਾ ਪਰਮਧਾਮ ਹੈ, ਜਿਸਨੂੰ ਪ੍ਰਾਪਤ ਹੋਕੇ ਮਨੁੱਖ ਵਾਪਸ ਨਹੀਂ ਆਉਂਦੇ- ਉਹਨਾਂ ਦਾ ਪੁਨਰਜਨਮ ਨਹੀਂ ਹੁੰਦਾ। ਇਸ ਸਨਾਤਨ ਅਵਿਅਕਤ ਭਾਵ ਦੀ ਪ੍ਰਾਪਤੀ ਦਾ ਵਿਧਾਨ ਦਸਦੇ ਹਨ -

**पुरुष: स पर: पार्थ भक्त्या लभ्यस्त्वनन्यया।**
**यस्यान्त: स्थानि भूतानि येन सर्वमिदं ततम्।।२२।।**

ਪਾਰਥ! ਜਿਸ ਪਰਮਾਤਮਾ ਦੇ ਤਹਿਤ ਸਾਰੇ ਜੀਵ ਹਨ, ਜਿਸ ਨਾਲ ਸਾਰਾ ਜਗਤ ਵਿਆਪਤ ਹੈ, ਸਨਾਤਨ ਅਵਿਅਕਤ ਭਾਵ ਵਾਲਾ ਉਹ ਪਰਮ-ਪੁਰਸ਼ ਸ਼ਰਧਾ ਭਗਤੀ ਰਾਹੀਂ ਪ੍ਰਾਪਤ ਹੋਣ ਯੋਗ ਹੈ। ਸ਼ਰਦਾ ਭਗਤੀ ਦਾ ਮਤਲਬ ਹੈ ਕਿ ਪਰਮਾਤਮਾ ਤੋਂ ਸਿਵਾਏ ਹੋਰ ਕਿਸੇ ਦਾ ਧਿਆਨ ਨਾ ਕਰਦੇ ਹੋਏ ਉਸ ਨਾਲ ਜੁੜ ਜਾਣਾ। ਸ਼ਰਦਾ ਭਾਵ ਨਾਲ ਜੁੜਨ ਵਾਲੇ ਪੁਰਸ਼ ਵੀ ਕਦ ਤਕ ਪੁਨਰ ਜਨਮ ਦੀ ਸੀਮਾ ਵਿਚ ਹਨ ਅਤੇ ਕਦੋਂ ਉਹ ਪੁਨਰ ਜਨਮ ਦੀ ਸੀਮਾ ਪਾਰ ਕਰ ਜਾਂਦੇ

ਹਨ? ਇਸਤੇ ਯੋਗੇਸ਼ਵਰ ਕਹਿੰਦੇ ਹਨ –

**यत्र काले त्वनावृत्तिमावृत्तिं चैव योगिन:।**
**प्रयाता यान्ति तं कालं वक्ष्यामि भरतर्षभ ।।२३।।**

ਹੇ ਅਰਜੁਨ! ਜਿਸ ਕਾਲ ਵਿਚ ਸਰੀਰ ਤਿਆਗਕੇ ਗਏ ਹੋਏ ਯੋਗੀਜਨ ਪੁਨਰ ਜਨਮ ਨੂੰ ਨਹੀਂ ਪ੍ਰਾਪਤ ਹੁੰਦੇ ਅਤੇ ਜਿਸ ਕਾਲ ਵਿਚ ਸਰੀਰ ਤਿਆਗਣ ਤੇ ਪੁਨਰ ਜਨਮ ਲੈਂਦੇ ਹਨ, ਮੈਂ ਹੁਣ ਉਸ ਕਾਲ ਦਾ ਵਰਣਨ ਕਰਦਾ ਹਾਂ –

**अग्निर्ज्योतिरह: शुक्ल: षण्मासा उत्तरायणम्।**
**तत्र प्रयाता गच्छन्ति ब्रह्म ब्रह्मविदो जना: ।।२४।।**

ਸਰੀਰ–ਸੰਬੰਧ ਦਾ ਤਿਆਗ ਕਰਦੇ ਸਮੇਂ ਜਿਸਦੇ ਨਾਲ ਜੋਤਮਈ ਅਗਨੀ ਜਲ ਰਹੀ ਹੋਵੇ, ਦਿਨ ਦਾ ਪ੍ਰਕਾਸ਼ ਫੈਲਿਆ ਹੋਵੇ, ਸੂਰਜ ਚਮਕਦਾ ਹੋਵੇ, ਸ਼ੁਕਲ ਪੱਖ ਦਾ ਚੰਨ ਵੱਧ ਰਿਹਾ ਹੋਵੇ, ਉੱਤਰਾਇਣ ਦਾ ਖੁਲ੍ਹਾ ਅਤੇ ਸੁੰਦਰ ਆਕਾਸ਼ ਹੋਵੇ, ਉਸ ਕਾਲ ਵਿਚ ਦੇਹ–ਤਿਆਗ ਕਰਨ ਵਾਲੇ ਬ੍ਰਹਮਵੇਤਾ ਯੋਗੀਜਨ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ।

ਅਗਨੀ ਬ੍ਰਹਮਤੇਜ ਦਾ ਪ੍ਰਤੀਕ ਹੈ। ਦਿਨ ਵਿਦਿਆ ਦਾ ਪ੍ਰਕਾਸ਼ ਹੈ। ਸ਼ੁਕਲ ਪੱਖ ਨਿਰਮਲਤਾ ਦਾ ਪ੍ਰਤੀਕ ਹੈ। ਵਿਵੇਕ, ਵੈਰਾਗ, ਸ਼ਮ, ਦਮ, ਤੇਜ ਅਤੇ ਪ੍ਰਗਿਆ, ਇਹ ਛੇ ਸ਼੍ਰੇਸ਼ਠਤਾਵਾਂ ਹੀ ਛੇ ਮਹੀਨੇ ਹਨ। ਉਪਰਗਾਮੀ (ਸਿੱਧੀ ਉਤਾਂਹ ਨੂੰ ਜਾਂਦੀ ਰੇਖਾ) ਸਥਿਤੀ ਹੀ ਉਤਰਾਇਣ ਹੈ। ਪ੍ਰਕ੍ਰਿਤੀ ਤੋਂ ਬਿਲਕੁਲ ਪਰੇ ਇਸ ਅਵਸਥਾ ਵਿਚ ਜਾਣ ਵਾਲੇ ਬ੍ਰਹਮਵੇਤਾ ਯੋਗੀਜਨ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ, ਉਹਨਾਂ ਦਾ ਪੁਨਰ ਜਨਮ ਨਹੀਂ ਹੁੰਦਾ, ਪਰ ਅਨਿੰਨ ਚਿੱਤ ਨਾਲ ਲਗੇ ਹੋਏ ਯੋਗੀਜਨ ਜੇ ਇਸ ਪ੍ਰਕਾਸ਼ ਨੂੰ ਪ੍ਰਾਪਤ ਨਾ ਕਰ ਸਕੇ, ਜਿਨ੍ਹਾਂ ਦੀ ਸਾਧਨਾ ਅਜੇ ਪੂਰੀ ਨਹੀਂ ਹੈ, ਉਹਨਾਂ ਦਾ ਕੀ ਹੁੰਦਾ ਹੈ? ਇਸਤੇ ਕਹਿੰਦੇ ਹਨ –

**धूमो रात्रिस्तथा कृष्ण: षण्मासा दक्षिणायनम्।**
**तत्र चान्द्रमसं ज्योतिर्योगी प्राप्य निवर्तते ।।२५।।**

ਜਿਸਦੇ ਅੰਤ ਸਮੇਂ ਵਿਚ ਧੂਆਂ ਫੈਲ ਰਿਹਾ ਹੋਵੇ, ਯੋਗ–ਅਗਨੀ ਹੋਵੇ (ਅਗਨੀ ਯੱਗ–ਪ੍ਰਕ੍ਰਿਆ ਵਿਚ ਹੋਣ ਵਾਲੀ ਅਗਨੀ ਦਾ ਸਵਰੂਪ ਹੈ) ਪਰ ਧੂਏਂ ਨਾਲ ਢੱਕੀ ਹੋਵੇ, ਅਵਿਦਿਆ ਦੀ ਰਾਤ ਹੋਵੇ, ਹਨੇਰਾ ਹੋਵੇ, ਕ੍ਰਿਸ਼ਣ ਪੱਖ ਦਾ ਚੰਨ ਘੱਟ ਰਿਹਾ ਹੋਵੇ, ਕਾਲਖ ਦੀ ਬਹੁਲਤਾ ਹੋਵੇ, ਛੇ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਮਦ ਤੇ ਮਤਸਰ ਜਾਂ ਈਰਖਾ) ਨਾਲ ਯੁਕਤ ਦੱਖਿਣਾਯਨ ਅਰਥਾਤ ਬਾਹਰਮੁਖੀ ਸਥਿਤੀ (ਜੋ ਪਰਮਾਤਮਾ ਵਿਚ ਪ੍ਰਵੇਸ਼ ਤੋਂ ਅਜੇ ਦੂਰ ਹੋਵੇ) ਉਸ ਯੋਗੀ ਨੂੰ ਪੁਨਰ ਜਨਮ ਲੈਣਾ ਪੈਂਦਾ ਹੈ, ਤਾਂ ਕੀ ਸਰੀਰ ਦੇ ਨਾਲ ਉਸ ਯੋਗੀ ਦੀ ਸਾਧਨਾ ਨਸ਼ਟ ਹੋ ਜਾਂਦੀ ਹੈ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ –

**शुक्ल कृष्णे गती ह्येते जगत: शाश्वते मते।**
**एकया यात्यनावृत्तिमन्ययावर्तते पुन: ।।२६।।**

ਉਪਰੋਕਤ ਸ਼ੁਕਲ ਅਤੇ ਕ੍ਰਿਸ਼ਣ ਦੋਨੋਂ ਤਰ੍ਹਾਂ ਦੀਆਂ ਗਤੀਆਂ ਜਗਤ ਵਿਚ ਸ਼ਾਸ਼ਵਤ ਹਨ, ਅਰਥਾਤ ਸਾਧਨਾ ਦਾ ਕਦੇ ਵਿਨਾਸ਼ ਨਹੀਂ ਹੁੰਦਾ। ਇਕ (ਸ਼ੁਕਲ) ਅਵਸਥਾ ਵਿਚ ਚਲਾਣਾ ਕਰ ਜਾਣ ਵਾਲਾ ਮੁੜ ਵਾਪਸ ਨਾ ਆਉਣ ਵਾਲੀ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ ਅਤੇ ਦੂਜੀ ਅਵਸਥਾ

ਵਿਚ ਘੱਟ ਪ੍ਰਕਾਸ਼ ਅਤੇ ਅਜੇ ਕਾਲਖ ਹੈ, ਐਸੀ ਅਵਸਥਾ ਵਿਚ ਚਲਾਣਾ ਕਰਨ ਵਾਲਾ ਮੁੜ ਵਾਪਸ ਆਉਂਦਾ ਹੈ, ਜਨਮ ਲੈਂਦਾ ਹੈ। ਜਦ ਤਕ ਪੂਰਣ ਪ੍ਰਕਾਸ਼ ਨਹੀਂ ਮਿਲਦਾ, ਤਦ ਤਕ ਉਸਨੂੰ ਭਜਨ ਕਰਨਾ ਹੈ। ਪ੍ਰਸ਼ਨ ਪੂਰਾ ਹੋਇਆ। ਹੁਣ ਇਸ ਲਈ ਸਾਧਨਾ ਉਤੇ ਫੇਰ ਜ਼ੋਰ ਦੇਂਦੇ ਹਨ –

**नैते सृती पार्थ जानन्योगी मुह्यति कश्चन।**
**तस्मात्सर्वेषु कालेषु योगयुक्तो भवार्जुन।।२७।।**

ਹੇ ਪਾਰਥ! ਇਸ ਤਰ੍ਹਾਂ ਇਹਨਾਂ ਮਾਰਗਾਂ ਨੂੰ ਜਾਣਕੇ ਕੋਈ ਵੀ ਯੋਗੀ ਮੋਹਿਤ ਨਹੀਂ ਹੁੰਦਾ। ਉਹ ਜਾਣਦਾ ਹੈ ਕਿ ਪੂਰਣ ਪ੍ਰਕਾਸ਼ ਪ੍ਰਾਪਤ ਕਰਕੇ ਉਹ ਬ੍ਰਹਮ ਨੂੰ ਪ੍ਰਾਪਤ ਹੋਏਗਾ ਅਤੇ ਘੱਟ ਪ੍ਰਕਾਸ਼ ਰਹਿਣ ਤੇ ਵੀ ਪੁਨਰ ਜਨਮ ਵਿਚ ਸਾਧਨਾ ਦਾ ਨਾਸ਼ ਨਹੀਂ ਹੁੰਦਾ। ਦੋਨੋਂ ਗਤੀਆਂ ਸ਼ਾਸ਼ਵਤ ਹਨ। ਇਸ ਲਈ ਅਰਜੁਨ! ਤੂੰ ਹਰ ਸਮੇਂ ਯੋਗ ਨਾਲ ਯੁਕਤ ਰਹਿ ਅਰਥਾਤ ਨਿਰੰਤਰ ਸਾਧਨਾ ਕਰ।

**वेदेषु यज्ञेषु तपःसु चैव दानेषु यत्पुण्यफलं प्रदिष्टम्।**
**अत्येति तत्सर्वमिदं विदित्वा योगी परं स्थानमुपैति चाद्यम्।।२८।।**

ਇਸਨੂੰ ਪ੍ਰਤੱਖ ਦਰਸ਼ਨ ਨਾਲ ਜਾਣਕੇ (ਮੰਨਕੇ ਨਹੀਂ) ਯੋਗੀ ਵੇਦ, ਯੱਗ, ਤੱਪ, ਅਤੇ ਦਾਨ ਦੇ ਪੁੰਨ–ਫਲਾਂ ਤੋਂ ਬੇਸ਼ੱਕ ਅੱਗੇ ਨਿਕਲ ਜਾਂਦਾ ਹੈ ਅਤੇ ਸਨਾਤਨ ਪਰਮਪਦ ਨੂੰ ਪ੍ਰਾਪਤ ਹੁੰਦਾ ਹੈ। ਅਵਿਦਿਤ ਪਰਮਾਤਮਾ ਦੀ ਪ੍ਰਤੱਖ ਜਾਣਕਾਰੀ ਦਾ ਨਾਮ ਵੇਦ ਹੈ। ਉਹ ਅਵਿਦਿਤ ਤੱਤ ਜਦ ਵਿਦਿਤ ਹੋ ਗਿਆ, ਤਾਂ ਹੁਣ ਕੌਣ ਕਿਸਨੂੰ ਜਾਣੇ? ਇਸ ਲਈ ਵਿਦਿਤ ਹੋਣ ਦੇ ਬਾਅਦ ਵੇਦਾਂ ਨਾਲ ਵੀ ਮਤਲਬ ਖ਼ਤਮ ਹੋ ਜਾਂਦਾ ਹੈ, ਕਿਉਂਕਿ ਜਾਣਨਯੋਗ (ਪਰਮਾਤਮਾ) ਵੱਖ ਨਹੀਂ ਹੈ। ਯੱਗ ਅਰਥਾਤ ਆਰਾਧਨਾ ਦੀ ਨਿਰਧਾਰਤ ਕ੍ਰਿਆ ਜ਼ਰੂਰੀ ਸੀ, ਪਰ ਜਦ ਇਹ ਤੱਤ ਵਿਦਿਤ ਹੋ ਗਿਆ ਤਾਂ ਕਿਸਦੇ ਲਈ ਭਜਨ ਕਰੀਏ? ਮਨ ਸਹਿਤ ਇੰਦ੍ਰੀਆਂ ਨੂੰ ਲੱਖਸ਼ ਦੇ ਅਨੁਰੂਪ ਤਪਾਉਣਾ ਤੱਪ ਹੈ। ਲੱਖਸ਼ ਪ੍ਰਾਪਤ ਹੋਣ ਤੇ ਕਿਸਦੇ ਲਈ ਤੱਪ ਕਰੀਏ? ਮਨ, ਵਚਨ ਅਤੇ ਕਰਮ ਨਾਲ ਚੰਗੀ ਤਰ੍ਹਾਂ ਸਮਰਪਣ ਦਾ ਨਾਮ ਦਾਨ ਹੈ। ਇਹਨਾਂ ਸਾਰਿਆਂ ਦਾ ਪੁੰਨ–ਫਲ ਹੈ ਪਰਮਾਤਮਾ ਦੀ ਪ੍ਰਾਪਤੀ। ਫਲ ਵੀ ਹੁਣ ਵੱਖ ਨਹੀਂ ਹੈ। ਇਸ ਲਈ ਇਹਨਾਂ ਸਾਰਿਆਂ ਦੀ ਹੁਣ ਲੋੜ ਵੀ ਨਹੀਂ ਹੈ। ਉਹ ਯੋਗੀ ਯੱਗ, ਤੱਪ, ਦਾਨ ਆਦਿ ਦੇ ਫਲ ਨੂੰ ਵੀ ਪਾਰ ਕਰ ਜਾਂਦਾ ਹੈ। ਉਹ ਪਰਮਪਦ ਨੂੰ ਪ੍ਰਾਪਤ ਹੁੰਦਾ ਹੈ।

**ਸਾਰ**

ਇਸ ਅਧਿਆਇ ਵਿਚ ਪੰਜ ਪ੍ਰਮੁੱਖ ਗੱਲਾਂ ਉਤੇ ਵਿਚਾਰ ਕੀਤਾ ਗਿਆ, ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਉਹ ਗੱਲ ਹੈ ਜਿਸ ਬਾਰੇ ਅਧਿਆਇ ਸੱਤ ਦੇ ਅੰਤ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੁਆਰਾ ਬੀਜੇ ਗਏ ਪ੍ਰਸ਼ਨ ਨੂੰ ਸਪਸ਼ਟ ਸਮਝਣ ਲਈ ਇਸ ਅਧਿਆਇ ਦੇ ਆਰੰਭ ਵਿਚ ਅਰਜੁਨ ਨੇ ਸੱਤ ਪ੍ਰਸ਼ਨ ਕੀਤੇ ਕਿ ਭਗਵਾਨ! ਜੋ ਤੁਸੀਂ ਦਸਿਆ ਉਹ ਬ੍ਰਹਮ ਕੀ ਹੈ? ਉਹ ਅਧਿਆਤਮ ਕੀ ਹੈ? ਉਹ ਸੰਪੂਰਣ ਕਰਮ ਕੀ ਹੈ? ਅਧਿਦੈਵ, ਅਧਿਭੂਤ ਅਤੇ ਅਧਿਯੱਗ ਕੀ ਹੈ, ਅਤੇ ਅੰਤ ਕਾਲ ਨੂੰ ਤੁਸੀਂ ਕਿਸ ਤਰ੍ਹਾਂ ਚੇਤੇ ਆਉਂਦੇ ਹੋ ਕਿ ਕਦੇ ਵੀ ਭੁੱਲਦੇ ਨਹੀਂ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਜਿਸਦਾ ਵਿਨਾਸ਼ ਨਹੀਂ ਹੁੰਦਾ, ਉਹੀ ਪਰਬ੍ਰਹਮ ਹੈ। ਸੂਯਮ ਦੀ ਉਪਲਬਧੀ ਜਾਂ ਆਪਣੇ ਆਪ ਨੂੰ ਪਾਉਣ ਦੀ ਸਥਿਤੀ ਵਾਲਾ ਪਰਮ ਭਾਵ ਹੀ ਅਧਿਆਤਮ ਹੈ। ਜਿਸ ਰਾਹੀਂ ਜੀਵ ਮਾਇਆ ਦੇ ਸ਼ਾਸਨ ਤੋਂ ਨਿਕਲਕੇ ਆਤਮਾ ਦੇ ਸ਼ਾਸਨ ਵਿਚ ਹੋ ਜਾਂਦਾ ਹੈ ਉਹੀ ਅਧਿਆਤਮ ਹੈ

ਅਤੇ ਭੂਤਾਂ (ਭੌਤਿਕ ਜੀਵਾਂ) ਦੇ ਉਹ ਭਾਵ ਜੋ ਸ਼ੁਭ ਜਾਂ ਅਸ਼ੁਭ ਸੰਸਕਾਰ ਪੈਦਾ ਕਰਦੇ ਹਨ, ਉਹਨਾਂ ਭਾਵਾਂ ਦਾ ਰੁਕ ਜਾਣਾ, ਮਿਟ ਜਾਣਾ ਹੀ ਕਰਮ ਦੀ ਸੰਪੂਰਣਤਾ ਹੈ। ਇਸਤੋਂ ਬਾਅਦ ਕਰਮ ਕਰਨ ਦੀ ਲੋੜ ਨਹੀਂ ਰਹਿੰਦੀ। ਕਰਮ ਕੋਈ ਇਸ ਤਰ੍ਹਾਂ ਦੀ ਵਸਤੂ ਹੈ ਜੋ ਸੰਸਕਾਰਾਂ ਦੇ ਸ੍ਰੋਤ ਨੂੰ ਹੀ ਮਿਟਾ ਦੇਂਦੀ ਹੈ।

ਇਸੇ ਤਰ੍ਹਾਂ ਖੁਰਨਸ਼ੀਲ ਭਾਵ (ਖੁਰਣ ਵਾਲੇ, ਨਸ਼ਟ ਹੋਣ ਵਾਲੇ ਭਾਵ) ਅਧਿਭੂਤ ਹਨ, ਅਰਥਾਤ ਨਸ਼ਟ ਹੋਣ ਵਾਲੇ ਭਾਵ ਹੀ ਭੂਤਾਂ (ਪ੍ਰਾਣੀਆਂ) ਨੂੰ ਜਨਮ ਦੇਣ ਦਾ ਮਾਧਿਅਮ ਹਨ। ਉਹ ਹੀ ਜੀਵਾਂ ਦੇ ਅਧਿਸ਼ਠਾਤਾ ਹਨ। ਪਰਮ ਪੁਰਸ਼ ਹੀ ਅਧਿਦੈਵ ਹੈ। ਉਸ ਵਿਚ ਦੈਵੀ ਸੰਪੱਤੀ ਲੀਨ ਹੁੰਦੀ ਹੈ। ਇਸ ਸਰੀਰ ਵਿਚ ਅਧਿਯੱਗ ਮੈਂ ਹੀ ਹਾਂ, ਅਰਥਾਤ ਯੱਗ ਜਿਸ ਵਿਚ ਲੀਨ ਹੁੰਦੇ ਹਨ, ਉਹ ਮੈਂ ਹਾਂ, ਮੈਂ ਯੱਗ ਦਾ ਅਧਿਸ਼ਠਾਤਾ ਹਾਂ। ਉਹ ਮੇਰੇ ਸਵਰੂਪ ਨੂੰ ਹੀ ਪ੍ਰਾਪਤ ਹੁੰਦਾ ਹੈ, ਅਰਥਾਤ ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ। ਅਧਿਯੱਗ ਕੋਈ ਐਸਾ ਪੁਰਸ਼ ਹੈ ਜੋ ਇਸ ਸਰੀਰ ਵਿਚ ਰਹਿੰਦਾ ਹੈ, ਬਾਹਰ ਨਹੀਂ। ਅੰਤਿਮ ਪ੍ਰਸ਼ਨ ਸੀ ਕਿ ਅੰਤ ਸਮੇਂ ਨੂੰ ਆਪ ਕਿਸ ਤਰ੍ਹਾਂ ਚੇਤੇ ਆਉਂਦੇ ਹੋ। ਉਹਨਾਂ ਦਸਿਆ ਕਿ ਜੋ ਮੇਰਾ ਨਿਰੰਤਰ ਸਿਮਰਨ ਕਰਦੇ ਹਨ, ਮੇਰੇ ਸਿਵਾਇ ਕਿਸੇ ਦੂਜੇ ਵਿਸ਼ੇ-ਵਸਤੂ ਦਾ ਧਿਆਨ ਨਹੀਂ ਆਉਣ ਦੇਂਦੇ ਅਤੇ ਇਸੇ ਤਰ੍ਹਾਂ ਕਰਦੇ ਹੋਏ ਸਰੀਰ ਦਾ ਸੰਬੰਧ-ਤਿਆਗ ਕਰਦੇ ਹਨ, ਉਹ ਮੇਰੇ ਪ੍ਰਤੱਖ ਸਵਰੂਪ ਨੂੰ ਪ੍ਰਾਪਤ ਹੁੰਦੇ ਹਨ ਅਤੇ ਅੰਤ ਨੂੰ ਵੀ ਉਹਨਾਂ ਨੂੰ ਉਹ ਪ੍ਰਾਪਤ ਰਹਿੰਦਾ ਹੈ। ਸਰੀਰ ਦੀ ਮੌਤ ਨਾਲ ਇਹ ਉਪਲਬਧੀ ਮਿਲਦੀ ਹੋਵੇ, ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਜੇ ਮਰਨ ਤੇ ਹੀ ਮਿਲਦੀ ਤਾਂ ਸ਼੍ਰੀ ਕ੍ਰਿਸ਼ਣ ਪੂਰਣ ਨਾ ਹੁੰਦੇ, ਅਨੇਕ ਜਨਮਾਂ ਵਿਚ ਚੱਲਕੇ ਪ੍ਰਾਪਤ ਕਰਨ ਵਾਲਾ ਗਿਆਨੀ ਉਹਨਾਂ ਦਾ ਸਵਰੂਪ ਨਾ ਹੁੰਦਾ। ਮਨ ਦਾ ਪੂਰਾ ਵਿਰੋਧ ਅਤੇ ਨਿਰਮਲ ਮਨ ਦਾ ਵੀ ਲੀਨ ਹੋਣਾ ਹੀ ਅੰਤ ਕਾਲ ਹੈ, ਜਿੱਥੇ ਫੇਰ ਸਰੀਰਾਂ ਦੇ ਜਨਮ ਦਾ ਮਾਧਿਅਮ ਸ਼ਾਂਤ ਹੋ ਜਾਂਦਾ ਹੈ। ਉਸ ਸਮੇਂ ਉਹ ਪਰਮ ਭਾਵ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਉਸਦਾ ਪੁਨਰ ਜਨਮ ਨਹੀਂ ਹੁੰਦਾ।

ਇਸ ਪ੍ਰਾਪਤੀ ਲਈ ਉਹਨਾਂ ਨੇ ਸਿਮਰਨ ਦਾ ਤਰੀਕਾ ਦਸਿਆ ਕਿ ਅਰਜੁਨ! ਨਿਰੰਤਰ ਮੇਰਾ ਸਿਮਰਨ ਕਰ ਅਤੇ ਯੁੱਧ ਕਰ। ਦੋਵੇਂ ਇੱਕੋ ਸਮੇਂ ਕਿਵੇਂ ਹੋਣਗੇ? ਕਿਧਰੇ ਇਸ ਤਰ੍ਹਾਂ ਤਾਂ ਨਹੀਂ ਕਿ ''ਜੈ ਗੋਪਾਲ, ਜੈ ਕ੍ਰਿਸ਼ਣ'' ਉੱਚਾਰਦੇ ਰਹੋ ਤੇ ਲਾਠੀਆਂ ਵੀ ਮਾਰਦੇ ਰਹੋ! ਉਹਨਾਂ ਸਿਮਰਨ ਦਾ ਸਵਰੂਪ ਸਪਸ਼ਟ ਕੀਤਾ ਕਿ ਯੋਗ-ਧਿਆਨ ਵਿਚ ਸਥਿਰ ਰਹਿੰਦੇ ਹੋਏ, ਮੇਰੇ ਸਿਵਾਇ ਹੋਰ ਕਿਸੇ ਵੀ ਚੀਜ਼ ਦਾ ਧਿਆਨ ਨਾ ਕਰਦੇ ਹੋਏ, ਨਿਰੰਤਰ ਸਿਮਰਨ ਕਰ। ਜਦ ਸਿਮਰਨ ਇਤਨਾ ਸੂਖਮ ਹੈ, ਤਾਂ ਯੁੱਧ ਕੌਣ ਕਰੇਗਾ? ਮੰਨ ਲਉ ਕਿ ਇਹ ਪੁਸਤਕ ਭਗਵਾਨ ਹੈ, ਤਾਂ ਇਸਦੇ ਆਸੇ-ਪਾਸੇ ਦੀਆਂ ਚੀਜ਼ਾਂ, ਸਾਮ੍ਹਣੇ ਬੈਠੇ ਲੋਕ ਜਾਂ ਹੋਰ ਵੇਖੀਆਂ-ਸੁਣੀਆਂ ਚੀਜ਼ਾਂ ਦਾ ਕੋਈ ਖ਼ਿਆਲ ਵੀ ਨਾ ਆਵੇ, ਨਜ਼ਰ ਨਾ ਆਉਣ, ਜੇ ਨਜ਼ਰ ਆਉਣ ਤਾਂ ਯਾਦ ਨਾ ਹੋਣ, ਐਸੇ ਸਿਮਰਨ ਵਿਚ ਯੁੱਧ ਕਿਹਾ? ਦਰਅਸਲ, ਤੁਸੀਂ ਜਦੋਂ ਇਸ ਤਰ੍ਹਾਂ ਦੇ ਸਿਮਰਨ ਵਿਚ ਲੱਗੋਗੇ ਤਾਂ ਉਸੇ ਪਲ ਯੁੱਧ ਦਾ ਸਹੀ ਸਵਰੂਪ ਖੜ੍ਹਾ ਹੋਵੇਗਾ। ਉਸ ਸਮੇਂ ਮਾਇਆਮਈ ਪ੍ਰਵਿਰਤੀਆਂ ਰੁਕਾਵਟਾਂ ਬਣਕੇ ਸਾਮ੍ਹਣੇ ਆਉਣਗੀਆਂ।ਕਾਮ-ਕ੍ਰੋਧ, ਰਾਗ-ਦ੍ਵੇਸ਼ ਦੁਰਜੈ ਵੈਰੀ ਅੱਗੇ ਆਉਣਗੇ ਤੇ ਸਿਮਰਨ ਨਹੀਂ ਕਰਨ ਦੇਣਗੇ। ਉਹਨਾਂ ਤੋਂ ਪਾਰ ਪਾਉਣਾ ਹੀ ਤਾਂ ਯੁੱਧ ਹੈ। ਇਹਨਾਂ ਵੈਰੀਆਂ ਦੇ ਮਿਟ ਜਾਣ ਤੇ ਹੀ ਮਨੁੱਖ ਪਰਮਗਤਿ ਪ੍ਰਾਪਤ ਕਰਦਾ ਹੈ।

ਇਹ ਪਰਮਗਤਿ ਪਾਉਣ ਲਈ ਹੇ ਅਰਜੁਨ! ਤੂੰ ਜਾਪ ਤਾਂ ''ਓਮ'' ਦਾ ਕਰ ਅਤੇ ਧਿਆਨ ਮੇਰਾ ਕਰ, ਅਰਥਾਤ ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ। ਨਾਮ ਤੇ ਰੂਪ ਆਰਾਧਨਾ ਦੀ ਕੁੰਜੀ ਹੈ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਹ ਪ੍ਰਸ਼ਨ ਵੀ ਲਿਆ ਕਿ ਪੁਨਰ ਜਨਮ ਕੀ ਹੈ? ਉਸ ਵਿਚ ਕੌਣ-ਕੌਣ ਆਉਂਦੇ ਹਨ? ਉਹਨਾਂ ਦਸਿਆ ਕਿ ਬ੍ਰਹਮਾ ਤੋਂ ਲੈਕੇ ਜੀਵ ਮਾਤਰ ਦਾ ਜਗਤ ਪੁਨਰ-ਜਨਮੀ ਹੈ ਅਤੇ ਇਹਨਾਂ ਸਾਰਿਆਂ ਦੇ ਸਮਾਪਤ ਹੋਣ ਤੇ ਵੀ ਮੇਰਾ ਪਰਮ ਅਵਿਅਕਤ ਭਾਵ ਅਤੇ ਉਸ ਵਿਚ ਸਥਿਤੀ ਸਮਾਪਤ ਨਹੀਂ ਹੁੰਦੀ।

ਇਸ ਯੋਗ ਵਿਚ ਪ੍ਰਵਿਸ਼ਟ ਪੁਰਸ਼ ਦੀਆਂ ਦੋ ਗਤੀਆਂ ਹਨ। ਜੋ ਪੂਰਣ ਪ੍ਰਕਾਸ਼ ਨੂੰ ਪ੍ਰਾਪਤ, ਛੇ ਵਿਕਾਰਾਂ ਤੋਂ ਮੁਕਤ, ਉੱਪਰਗਾਮੀ ਹੈ, ਜਿਸ ਵਿਚ ਰੱਤੀ ਭਰ ਵੀ ਕਮੀ ਨਹੀਂ ਹੈ, ਉਹ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ। ਜੇ ਉਸ ਯੋਗੀ ਵਿਚ ਰੱਤੀ ਭਰ ਵੀ ਕਮੀ ਹੈ, ਕ੍ਰਿਸ਼ਣ-ਪੱਖ ਦੀ ਕਾਲਖ ਦਾ ਸੰਚਾਰ ਹੈ, ਐਸੀ ਅਵਸਥਾ ਵਿਚ ਸਰੀਰ-ਤਿਆਗ ਦਾ ਸਮਾ ਆ ਗਿਆ ਹੈ ਤਾਂ ਉਸਨੂੰ ਪੁਨਰ ਜਨਮ ਲੈਣਾ ਪੈਂਦਾ ਹੈ। ਪਰ ਆਮ ਪ੍ਰਾਣੀਆਂ ਵਾਂਗ ਜਨਮ-ਮਰਨ ਦੇ ਗੇੜ ਵਿਚ ਨਹੀਂ ਫਸਦਾ, ਸਗੋਂ ਜਨਮ ਲੈਕੇ ਉਸ ਵਿਚ ਹੋਰ ਸਾਧਨਾ ਪੂਰੀ ਕਰਦਾ ਹੈ।

ਇਸ ਤਰ੍ਹਾਂ ਅਗਲੇ ਜਨਮ ਵਿਚ ਉਸੇ ਕ੍ਰਿਆ ਤੋਂ ਅੱਗੇ ਚਲਦੇ ਹੋਏ ਉਹ ਵੀ ਉੱਥੇ ਹੀ ਪਹੁੰਚ ਜਾਂਦਾ ਹੈ ਜਿਸਦਾ ਨਾਮ ਪਰਮਧਾਮ ਹੈ। ਪਹਿਲਾਂ ਵੀ ਸ਼੍ਰੀ ਕ੍ਰਿਸ਼ਣ ਕਹਿ ਆਏ ਹਨ ਕਿ ਇਸਦੀ ਥੋੜ੍ਹੀ ਵੀ ਸਾਧਨਾ ਜਨਮ-ਮਰਨ ਦੇ ਮਹਾ ਭੈ ਤੋਂ ਉੱਧਾਰ ਕਰਾਕੇ ਹੀ ਛੱਡਦੀ ਹੈ। 'ਦੋਨੋਂ ਰਸਤੇ ਸ਼ਾਸ਼ਵਤ ਹਨ, ਅਮਿਟ ਹਨ' ਇਸ ਗੱਲ ਨੂੰ ਸਮਝਕੇ ਕੋਈ ਵੀ ਮਨੁੱਖ ਯੋਗ ਤੋਂ ਵਿਚਲਿਤ ਨਹੀਂ ਹੁੰਦਾ। ਅਰਜੁਨ! ਤੂੰ ਯੋਗੀ ਬਣ। ਯੋਗੀ ਵੇਦ, ਯੱਗ, ਤੱਪ ਅਤੇ ਦਾਨ ਦੇ ਪੁੰਨ-ਫਲ ਤੋਂ ਵੀ ਅੱਗੇ ਪਹੁੰਚ ਜਾਂਦਾ ਹੈ, ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ।

ਇਸ ਅਧਿਆਇ ਵਿਚ ਥਾਂ-ਥਾਂ ਤੇ ਪਰਮਗਤਿ ਦਾ ਚਿਤ੍ਰਣ ਕੀਤਾ ਗਿਆ ਹੈ। ਜਿਸਨੂੰ ਅਵਿਅਕਤ, ਅਨਾਸ਼ ਅਤੇ ਅਖੈ ਕਹਿਕੇ ਸੰਬੋਧਿਤ ਕੀਤਾ ਗਿਆ ਹੈ, ਜਿਸਦਾ ਕਦੇ ਨਾਸ਼ ਜਾਂ ਵਿਨਾਸ਼ ਨਹੀਂ ਹੁੰਦਾ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'अक्षर ब्रह्मयोगो' नाम अष्टमोऽध्याय: ।।८।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ-ਅਰਜੁਨ ਸੰਵਾਦ ਵਿਚ 'ਅੱਖ਼ਸ਼ਰ ਬ੍ਰਹਮਯੋਗ' ਨਾਮਕ ਅੱਠਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'अक्षर ब्रह्मयोगो' नाम अष्टमोध्याय: ।।८।।**

**।। ਹਰੀ ੴਮ ਤਤਸਤਿ ।।**

ਓਮ

### ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਨੌਵਾਂ ਅਧਿਆਇ

ਅਧਿਆਇ ਛੇ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਯੋਗ ਦਾ ਸਿਲਸਿਲੇਵਾਰ ਵਿਸ਼ਲੇਸ਼ਣ ਕੀਤਾ। ਜਿਸਦਾ ਸ਼ੁੱਧ ਅਰਥ ਸੀ ਯੱਗ ਦੀ ਪ੍ਰਕ੍ਰਿਆ। ਯੱਗ ਉਸ ਪਰਮਾਤਮਾ ਵਿਚ ਪ੍ਰਵੇਸ਼ ਦਿਵਾ ਦੇਣ ਵਾਲੀ ਆਰਾਧਨਾ ਦੀ ਵਿਧਿ-ਵਿਸ਼ੇਸ਼ ਦਾ ਚਿਤ੍ਰਣ ਹੈ, ਜਿਸ ਵਿਚ ਚਲ-ਅਚਲ ਜਗਤ ਹਵਨ-ਸਾਮੱਗ੍ਰੀ ਦੇ ਰੂਪ ਵਿਚ ਹੈ। ਮਨ ਦੇ ਵਿਰੋਧ  ਅਤੇ ਨਿਰਮਲ ਮਨ ਦੇ ਵੀ ਲੀਨ ਹੋਣ ਦੇ ਸਮੇਂ ਉਹ ਅੰਮ੍ਰਿਤ-ਤੱਤ ਵਿਦਿਤ ਹੋ ਜਾਂਦਾ ਹੈ। ਪੂਰਤੀਕਾਲ (ਪੂਰਨਤਾ ਕਾਲ) ਵਿਚ ਯੱਗ ਜਿਸਦੀ ਸ੍ਰਿਸ਼ਟੀ ਕਰਦਾ ਹੈ, ਉਸਨੂੰ ਪਾਨ ਕਰਨ ਵਾਲਾ ਗਿਆਨੀ ਹੈ ਅਤੇ ਉਹ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਉਸ ਮਿਲਨ ਦਾ ਨਾਮ ਹੀ ਯੋਗ ਹੈ। ਉਸ ਯੱਗ ਨੂੰ ਕਾਰਜਰੂਪ ਦੇਣਾ ਕਰਮ ਕਹਾਉਂਦਾ ਹੈ। ਸੱਤਵੇਂ ਅਧਿਆਇ ਵਿਚ ਉਹਨਾਂ ਨੇ ਦਸਿਆ ਕਿ ਇਸ ਕਰਮ ਨੂੰ ਕਰਨ ਵਾਲੇ ਵਿਆਪਤ ਬ੍ਰਹਮ, ਸੰਪੂਰਣ ਕਰਮ, ਸੰਪੂਰਣ ਅਧਿਆਤਮ, ਸੰਪੂਰਣ ਅਧਿਦੈਵ, ਅਧਿਭੂਤ ਅਤੇ ਅਧਿਯੱਗ ਸਹਿਤ ਮੈਨੂੰ ਜਾਣਦੇ ਹਨ। ਅੱਠਵੇਂ ਅਧਿਆਇ ਵਿਚ ਉਹਨਾਂ ਨੇ ਕਿਹਾ ਕਿ ਇਹੋ ਪਰਮਗਤਿ ਹੈ, ਪਰਮਧਾਮ ਹੈ।

ਪ੍ਰਸਤੁਤ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਆਪ ਚਰਚਾ ਕੀਤੀ ਕਿ ਯੋਗਯੁਕਤ ਪੁਰਸ਼ ਦਾ ਐਸ਼ਵਰਿਅ (ਪ੍ਰਭੁਤਾ) ਕਿਹਾ ਹੈ। ਸਭ ਵਿਚ ਵਿਆਪਤ ਰਹਿਣ ਤੇ ਵੀ ਉਹ ਕਿਵੇਂ ਨਿਰਲੇਪ ਹੈ। ਕਰਦੇ ਹੋਏ ਵੀ ਉਹ ਕਿਵੇਂ ਅਕਰਤਾ ਹੈ। ਉਸ ਪੁਰਸ਼ ਦੇ ਸੁਭਾਅ ਅਤੇ ਪ੍ਰਭਾਵ ਉਤੇ ਪ੍ਰਕਾਸ਼ ਪਾਇਆ, ਯੋਗ ਨੂੰ ਆਚਰਣ ਵਿਚ ਢਾਲਣ ਨਾਲ ਆਉਣ ਵਾਲੇ ਦੇਵਤਾਦਿਕ ਵਿਘਨਾਂ ਤੋਂ ਸਚੇਤ ਕੀਤਾ ਅਤੇ ਉਸ ਮਹਾਪੁਰਸ਼ ਦੀ ਸ਼ਰਨ ਜਾਣ ਤੇ ਬਲ ਦਿਤਾ।

**ਸ਼੍ਰੀ ਭਗਵਾਨ ਉਵਾਚ**

**इदं तु ते गुह्यतमं प्रवक्ष्याम्यनसूयवे।**
**ज्ञानं विज्ञानसहितं यज्ज्ञात्वा मोक्ष्यसेऽशुभात्।।१।।**

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ-ਅਰਜੁਨ! ਅਸੂਯਾ (ਈਰਖਾ, ਸਾੜਾ) ਰਹਿਤ, ਤੇਰੇ ਲਈ ਮੈਂ ਇਸ ਪਰਮ ਰਹੱਸਮਈ ਗਿਆਨ ਨੂੰ ਵਿਗਿਆਨ ਸਹਿਤ ਕਹਾਂਗਾ, ਅਰਥਾਤ ਪ੍ਰਾਪਤੀ ਤੋਂ ਬਾਅਦ ਮਹਾਪੁਰਸ਼ ਦੀ ਰਹਿਣੀ ਦੇ ਸਹਿਤ ਕਹਾਂਗਾ ਕਿ ਕਿਵੇਂ ਉਹ ਮਹਾਪੁਰਸ਼ ਸਭਥਾਈਂ ਇਕ ਵੇਲੇ ਕਰਮ ਕਰਦਾ ਹੈ. ਕਿਵੇਂ ਉਹ ਜਾਗ੍ਰਿਤੀ ਦੇਂਦਾ ਹੈ, ਰਥੀ ਬਣਕੇ ਆਤਮਾ ਦੇ ਨਾਲ ਕਿਵੇਂ ਸਦਾ ਰਹਿੰਦਾ ਹੈ। "**यत् ज्ञात्वा**'-ਅਰਥਾਤ ਜਿਸਨੂੰ ਪ੍ਰਤੱਖ ਜਾਣਕੇ ਤੂੰ ਦੁਖ ਰੂਪੀ ਸੰਸਾਰ ਤੋਂ ਮੁਕਤ ਹੋ ਜਾਏਂਗਾ। ਉਹ ਗਿਆਨ ਕਿਹੋ ਜਿਹਾ ਹੈ? ਇਸਤੇ ਕਹਿੰਦੇ ਹਨ -

**राजविद्या राजगुह्यं पवित्रमिदमुत्तमम् ।**
**प्रत्यक्षावगमं धर्म्यं सुसुखं कर्तुमव्ययम् ।।२ ।।**

ਵਿਗਿਆਨ ਨਾਲ ਯੁਕਤ ਇਹ ਗਿਆਨ ਸਾਰੀਆਂ ਵਿਦਿਆਵਾਂ ਦਾ ਰਾਜਾ ਹੈ। ਵਿਦਿਆ ਦਾ ਅਰਥ ਭਾਸ਼ਾ-ਗਿਆਨ ਜਾਂ ਤਾਲੀਮ ਨਹੀਂ ਹੈ। '**विद्या हि का ब्रह्मगतिप्रदाया**', '**सा विद्या या विमुक्तये**'- ਵਿਦਿਆ ਉਸਨੂੰ ਕਹਿੰਦੇ ਹਨ ਕਿ ਜਿਸ ਕੋਲ ਉਹ ਆਏ, ਉਸਨੂੰ ਚੁੱਕਕੇ ਬ੍ਰਹਮ-ਮਾਰਗ ਤੇ ਚਲਾਉਂਦੇ ਹੋਏ ਮੋਖਸ਼ ਦਿਵਾਏ। ਜੇ ਰਸਤੇ ਵਿਚ ਰਿੱਧੀਆਂ-ਸਿੱਧੀਆਂ ਜਾਂ ਪ੍ਰਕ੍ਰਿਤੀ ਵਿਚ ਕਿਧਰੇ ਉਲਝ ਗਿਆ ਤਾਂ ਤੇ ਸਿੱਧ ਹੈ ਕਿ ਅਵਿਦਿਆ ਸਫਲ ਹੋ ਗਈ, ਉਹ ਵਿਦਿਆ ਨਹੀਂ ਹੈ। ਇਹ ਰਾਜ-ਵਿਦਿਆ ਇਸ ਤਰ੍ਹਾਂ ਹੈ ਜੋ ਨਿਸ਼ਚਿਤ ਕਲਿਆਨ ਕਰਨ ਵਾਲੀ ਹੈ। ਇਹ ਸਾਰੇ ਰਹੱਸਾਂ ਦਾ ਰਾਜਾ ਹੈ। ਵਿਦਿਆ ਅਤੇ ਅਵਿਦਿਆ ਦਾ ਭੇਦ ਖੁਲ੍ਹਣ ਤੇ, ਯੋਗ-ਯੁਕਤਤਾ ਦੇ ਬਾਅਦ ਹੀ ਇਸ ਨਾਲ ਮੇਲ ਹੁੰਦਾ ਹੈ। ਇਹ ਅਤਿ ਪਵਿਤ੍ਰ, ਉੱਤਮ ਅਤੇ ਪ੍ਰਤੱਖ ਫਲ ਵਾਲੀ ਹੈ। 'ਇਧਰ ਕਰੋ, ਉਧਰ ਲਉ' ਐਸੇ ਪ੍ਰਤੱਖ ਫਲ ਵਾਲੀ ਹੈ। ਇਹ ਅੰਧ-ਵਿਸ਼ਵਾਸ ਨਹੀਂ ਹੈ ਕਿ ਇਸ ਜਨਮ ਵਿਚ ਸਾਧਨਾ ਕਰੋ ਤੇ ਫਲ ਕਦੇ ਦੂਜੇ ਜਨਮ ਵਿਚ ਮਿਲੇਗਾ। ਇਹ ਪਰਮ ਧਰਮ ਪਰਮਾਤਮਾ ਨਾਲ ਸੰਯੁਕਤ ਹੈ।

ਅਧਿਆਇ ਦੋ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਅਰਜੁਨ! ਇਸ ਯੋਗ ਵਿਚ ਬੀਜ ਦਾ ਨਾਸ਼ ਨਹੀਂ ਹੁੰਦਾ। ਇਸਦੀ ਥੋੜ੍ਹੀ ਜਿਹੀ ਵੀ ਸਾਧਨਾ ਜਨਮ-ਮਰਨ ਦੇ ਮਹਾ ਭੈ ਤੋਂ ਉਧਾਰ ਕਰ ਦੇਂਦੀ ਹੈ। ਛੇਵੇਂ ਅਧਿਆਇ ਵਿਚ ਅਰਜੁਨ ਨੇ ਪੁੱਛਿਆ ਸੀ ਕਿ ਭਗਵਨ! ਢਿੱਲੀ ਕੋਸ਼ਿਸ ਵਾਲਾ ਸਾਧਕ ਨਸ਼ਟ-ਭ੍ਰਸ਼ਟ ਤਾਂ ਨਹੀਂ ਹੋ ਜਾਂਦਾ? ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਅਰਜੁਨ! ਪਹਿਲਾਂ ਤਾਂ ਕਰਮ ਨੂੰ ਸਮਝਣਾ ਜ਼ਰੂਰੀ ਹੈ ਅਤੇ ਸਮਝਣ ਦੇ ਬਾਅਦ ਥੋੜ੍ਹੀ ਵੀ ਸਾਧਨਾ ਪਾਰ ਲੱਗ ਗਈ ਤਾਂ ਉਸਦਾ ਕਿਸੇ ਜਨਮ ਵਿਚ, ਕਦੇ ਵਿਨਾਸ਼ ਨਹੀਂ ਹੁੰਦਾ; ਬਲਕਿ ਉਸ ਥੋੜ੍ਹੇ ਜਿਹੇ ਅਭਿਆਸ ਦੇ ਪ੍ਰਭਾਵ ਨਾਲ ਹਰ ਜਨਮ ਵਿਚ ਸਾਧਕ ਉਹੀ ਕਰਦਾ ਹੈ। ਅਨੇਕ ਜਨਮਾਂ ਦੇ ਪਰਿਣਾਮ ਵਿਚ ਉਹ ਉੱਥੇ ਹੀ ਪਹੁੰਚ ਜਾਂਦਾ ਹੈ, ਜਿਸਦਾ ਨਾਮ ਪਰਮਗਤਿ ਅਰਥਾਤ ਪਰਮਾਤਮਾ ਹੈ। ਉਸੇ ਗੱਲ ਨੂੰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਇੱਥੇ ਵੀ ਕਹਿੰਦੇ ਹਨ ਕਿ ਇਹ ਸਾਧਨਾ ਅਮਲ ਵਿਚ ਬੜੀ ਆਸਾਨ ਅਤੇ ਅਵਿਨਾਸ਼ੀ ਹੈ ਪਰ ਇਸਦੇ ਲਈ ਸ਼ਰਧਾ ਅਤਿਅੰਤ ਜ਼ਰੂਰੀ ਹੈ -

**अश्रद्दधानाः पुरुषा धर्मस्यास्य परंतप ।**
**अप्राप्य मां निवर्तन्ते मृत्युसंसारवर्त्मनि ।।३ ।।**

ਪਰੰਤੱਪ ਅਰਜੁਨ! ਇਸ ਧਰਮ ਵਿਚ (ਜਿਸਦੀ ਥੋੜ੍ਹੀ ਵੀ ਸਾਧਨਾ ਕਰਨ ਤੇ ਵਿਨਾਸ਼ ਨਹੀਂ ਹੁੰਦਾ) ਸ਼ਰਧਾ ਰਹਿਤ ਪੁਰਸ਼ (ਇਕ ਇਸ਼ਟ ਵਿਚ ਮਨ ਨੂੰ ਕੇਂਦ੍ਰਿਤ ਨਾ ਰੱਖਣ ਵਾਲਾ ਪੁਰਸ਼) ਮੈਨੂੰ ਪ੍ਰਾਪਤ ਨਾ ਹੋਕੇ ਸੰਸਾਰ-ਖੇਤਰ ਵਿਚ ਗੇੜੇ ਮਾਰਦਾ ਹੀ ਰਹਿੰਦਾ ਹੈ। ਇਸ ਲਈ ਸ਼ਰਧਾ ਜ਼ਰੂਰੀ ਹੈ। ਕੀ ਆਪ ਸੰਸਾਰ ਤੋਂ ਪਰੇ ਹੋ ? ਇਸਤੇ ਉਹ ਕਹਿੰਦੇ ਹਨ -

**मया ततमिदं सर्वं जगदव्यक्तमूर्तिना।**
**मत्स्थानि सर्वभूतानि न चाहं तेष्ववस्थित:।।४।।**

ਮੇਰੇ ਅਵਿਅਕਤ ਸਵਰੂਪ ਨਾਲ ਇਹ ਸਾਰਾ ਜਗਤ ਵਿਆਪਤ ਹੈ, ਅਰਥਾਤ ਮੈਂ ਜਿਸ ਸਵਰੂਪ ਵਿਚ ਸਥਿਤ ਹਾਂ ਉਹ ਹਰਥਾਈਂ ਵਿਆਪਤ ਹੈ। ਸਾਰੇ ਪ੍ਰਾਣੀ ਮੇਰੇ ਵਿਚ ਸਮਾਏ ਹਨ, ਪਰ ਮੈਂ ਉਹਨਾਂ ਵਿਚ ਸਥਿਤ ਨਹੀਂ ਹਾਂ; ਕਿਉਂ ਕਿ ਮੈਂ ਅਵਿਅਕਤ ਸਵਰੂਪ ਵਿਚ ਸਥਿਤ ਹਾਂ। ਮਹਾਪੁਰਸ਼ ਜਿਸ ਅਵਿਅਕਤ ਸਵਰੂਪ ਵਿਚ ਸਥਿਤ ਹਨ, ਉੱਥੋਂ ਹੀ (ਸ਼ਰੀਰ ਤੋਂ ਵੱਖ ਉਸੇ ਅਵਿਅਕਤ ਪੱਧਰ ਤੋਂ ਹੀ) ਬੋਲਦੇ ਹਨ। ਇਸੇ ਸਿਲਸਿਲੇ ਵਿਚ ਅੱਗੇ ਕਹਿੰਦੇ ਹਨ –

**न च मत्स्थानि भूतानि पश्य मे योगमैश्वरम्।**
**भूतभृन्न च भूतस्थो ममात्मा भूतभावन:।।५।।**

ਦਰਅਸਲ ਸਾਰੇ ਜੀਵ (ਪ੍ਰਾਣੀ) ਵੀ ਮੇਰੇ ਅੰਦਰ ਸਥਿਤ ਨਹੀਂ ਹਨ, ਕਿਉਂ ਕਿ ਉਹ ਮਰਨ–ਧਰਮਾ ਹਨ, ਨਸ਼ਟਵਾਨ ਅਤੇ ਪ੍ਰਕ੍ਰਿਤੀ ਦੇ ਆਸਰੇ ਹਨ, ਪਰ ਮੇਰੀ ਯੋਗ–ਮਾਇਆ ਦੀ ਪ੍ਰਭੁਤਾ ਨੂੰ ਵੇਖ, ਕਿ ਜੀਵਧਾਰੀਆਂ ਨੂੰ ਪੈਦਾ ਕਰਨ ਵਾਲਾ, ਉਹਨਾਂ ਦਾ ਪੋਸ਼ਣ ਕਰਨ ਵਾਲਾ ਮੇਰਾ ਆਤਮਾ ਜੀਵਾਂ ਵਿਚ ਸਥਿਤ ਨਹੀਂ ਹੈ। ਮੈਂ ਆਤਮਾ–ਸਵਰੂਪ ਹਾਂ ਇਸ ਲਈ ਮੈਂ ਉਹਨਾਂ ਜੀਵਾਂ ਵਿਚ ਸਥਿਤ ਨਹੀਂ ਹਾਂ।ਇਹੋ ਯੋਗ ਦਾ ਪ੍ਰਭਾਵ ਹੈ। ਇਸਨੂੰ ਸਪਸ਼ਟ ਕਰਨ ਲਈ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦ੍ਰਿਸ਼ਟਾਂਤ ਦੇਂਦੇ ਹਨ –

**यथाकाशस्थितो नित्यं वायु: सर्वत्रगो महान्।**
**तथा सर्वाणि भूतानि मत्स्थानीत्युपधारय।।६।।**

ਜਿਵੇਂ ਆਕਾਸ਼ ਵਿਚ ਹੀ ਪੈਦਾ ਹੋਣ ਵਾਲਾ ਮਹਾਨ ਵਾਯੂ ਆਕਾਸ਼ ਵਿਚ ਸਦਾ ਸਥਿਤ ਰਹਿੰਦਾ ਹੈ, ਪਰ ਉਸਨੂੰ ਮੈਲਾ ਨਹੀਂ ਕਰ ਸਕਦਾ ਠੀਕ ਉਸੇ ਤਰ੍ਹਾਂ ਸਾਰੇ ਭੂਤ (ਪ੍ਰਾਣੀ) ਮੇਰੇ ਵਿਚ ਸਥਿਰ ਹਨ, ਐਸਾ ਸਮਝ। ਠੀਕ ਇਸੇ ਤਰ੍ਹਾਂ ਮੈਂ ਆਕਾਸ਼ ਵਾਂਗ ਨਿਰਲੇਪ ਹਾਂ, ਉਹ ਮੈਨੂੰ ਮੈਲਾ ਨਹੀਂ ਕਰ ਸਕਦੇ। ਪ੍ਰਸ਼ਨ ਪੂਰਾ ਹੋਇਆ, ਇਹੋ ਯੋਗ ਦਾ ਪ੍ਰਭਾਵ ਹੈ। ਹੁਣ ਯੋਗੀ ਕੀ ਕਰਦਾ ਹੈ? ਇਸਤੇ ਉਹ ਕਹਿੰਦੇ ਹਨ –

**सर्वभूतानि कौन्तेय प्रकृतिं यान्ति मामिकाम्।**
**कल्पक्षये पुनस्तानि कल्पादौ विसृजाम्यहम्।।७।।**

ਅਰਜੁਨ! ਕੱਲਪ ਦੇ ਵਿਲੀਨ ਹੋਣ ਦੇ ਸਮੇਂ ਸਾਰੇ ਜੀਵ ਮੇਰੀ ਪ੍ਰਕ੍ਰਿਤੀ ਅਰਥਾਤ ਮੇਰੇ ਸੁਭਾਅ ਨੂੰ ਪ੍ਰਾਪਤ ਹੁੰਦੇ ਹਨ ਅਤੇ ਕੱਲਪ ਦੇ ਆਰੰਭ ਵਿਚ ਮੈਂ ਉਹਨਾਂ ਦਾ ਮੁੜ–ਮੁੜ **'विसृजामि'**– ਵਿਸ਼ੇਸ਼ ਰੂਪ ਨਾਲ ਸਿਰਜਨ ਕਰਦਾ ਹਾਂ। ਹਾਲਾਂਕਿ ਉਹ ਪਹਿਲਾਂ ਤੋਂ ਮੌਜੂਦ ਸਨ, ਪਰ ਵਿਕਾਰਮਈ ਸਨ, ਉਹਨਾਂ ਨੂੰ ਹੀ ਰਚਦਾ ਹਾਂ, ਸਜਾਉਂਦਾ ਹਾਂ। ਜੋ ਅਚੇਤ ਹਨ ਉਹਨਾਂ ਨੂੰ ਜਾਗ੍ਰਿਤ ਕਰਦਾ ਹਾਂ। ਕੱਲਪ ਲਈ ਪ੍ਰੇਰਦਾ ਹਾਂ। ਕੱਲਪ ਦਾ ਮਤਲਬ ਹੈ ਉੱਥਾਨਮੁਖੀ ਪਰਿਵਰਤਨ। ਆਸੁਰੀ ਸੰਪੱਤੀ ਤੋਂ ਨਿਕਲਕੇ ਜਿਉਂ–ਜਿਉਂ ਮਨੁੱਖ ਦੈਵੀ ਸੰਪੱਤੀ ਵਿਚ ਪ੍ਰਵੇਸ਼ ਪਾਉਂਦਾ ਹੈ, ਤਾਂ ਇੱਥੋਂ ਹੀ ਕੱਲਪ ਦਾ ਆਰੰਭ ਹੈ ਅਤੇ ਜਦ ਈਸ਼ਵਰ–ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ ਉੱਥੇ ਹੀ ਕੱਲਪ ਦਾ ਅੰਤ ਹੈ। ਆਪਣਾ ਕਰਮ ਪੂਰਾ ਕਰਕੇ ਕੱਲਪ ਵੀ ਵਿਲੀਨ ਹੋ ਜਾਂਦਾ ਹੈ। ਭਜਨ ਦਾ ਆਰੰਭ ਕੱਲਪ ਦਾ ਆਦਿ (ਆਰੰਭ) ਹੈ ਅਤੇ ਭਜਨ ਦੀ ਪਰਾਕਾਸ਼ਠਾ, ਜਿੱਥੇ ਲੱਖਸ਼ ਵਿਦਿਤ ਹੁੰਦਾ ਹੈ, ਕੱਲਪ ਦਾ ਅੰਤ ਹੈ। ਜਦੋਂ ਆਵਾਗਮਨ ਦੇ ਗੇੜ ਵਿਚ ਪਿਆ ਇਹ ਆਤਮਾ ਯੋਨੀਆਂ ਦੇ ਕਾਰਣ–ਭੂਤ

(ਕਾਰਣ ਬਣਨ ਵਾਲੇ) ਰਾਗ-ਦ੍ਵੇਸ਼ ਆਦਿ ਤੋਂ ਮੁਕਤੀ ਪਾਕੇ ਆਪਣੇ ਸ਼ਾਸ਼ਵਤ ਸਵਰੂਪ ਵਿਚ ਸਥਿਰ ਹੋ ਜਾਏ, ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਤਾਂ ਉਹ ਮੇਰੀ ਪ੍ਰਕ੍ਰਿਤੀ ਨੂੰ ਪ੍ਰਾਪਤ ਹੁੰਦਾ ਹੈ।

ਜੋ ਮਹਾਪੁਰਸ਼ ਪ੍ਰਕ੍ਰਿਤੀ ਨੂੰ ਵਿਲੀਨ ਕਰਕੇ ਸਵਰੂਪ ਵਿਚ ਪ੍ਰਵੇਸ਼ ਪਾ ਗਿਆ ਉਸਦੀ ਪ੍ਰਕ੍ਰਿਤੀ ਕੀ ਰਹੀ? ਕੀ ਉਸ ਵਿਚ ਪ੍ਰਕ੍ਰਿਤੀ ਬਾਕੀ ਹੈ? ਨਹੀਂ, ਅਧਿਆਇ 3/33 ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿ ਚੁਕੇ ਹਨ ਕਿ ਸਾਰੇ ਪ੍ਰਾਣੀ ਆਪਣੀ ਪ੍ਰਕ੍ਰਿਤੀ ਨੂੰ ਪ੍ਰਾਪਤ ਹੁੰਦੇ ਹਨ। ਜਿਸ ਤਰ੍ਹਾਂ ਉਹਨਾਂ ਉੱਤੇ ਆਪਣੀ ਪ੍ਰਕ੍ਰਿਤੀ ਦਾ ਦਬਾਅ ਹੈ, ਉਸੇ ਤਰ੍ਹਾਂ ਉਹ ਕਰਦੇ ਹਨ ਅਤੇ **'ज्ञानवानपि'**- ਪ੍ਰਤੱਖ ਦਰਸ਼ਨ ਰਾਹੀਂ ਜਾਣਕਾਰੀ ਪ੍ਰਾਪਤ ਗਿਆਨੀ ਵੀ ਆਪਣੀ ਪ੍ਰਕ੍ਰਿਤੀ ਅਨੁਸਾਰ ਯਤਨ ਕਰਦਾ ਹੈ। ਉਹ ਬਾਅਦ ਵਾਲਿਆਂ ਦੇ ਕਲਿਆਨ ਲਈ ਕਰਦਾ ਹੈ। ਪੂਰਣ ਗਿਆਨੀ, ਤੱਤ ਸਥਿਤ ਮਹਾਪੁਰਸ਼ ਦੀ ਰਹਿਣੀ ਹੀ ਉਸਦੀ ਪ੍ਰਕ੍ਰਿਤੀ ਹੈ। ਉਹ ਆਪਣੇ ਇਸੇ ਸੁਭਾਅ ਵਿਚ ਚਲਦਾ ਹੈ। ਕੱਲਪ ਦੇ ਅੰਤ ਨੂੰ ਲੋਕੀਂ ਮਹਾਪੁਰਸ਼ ਦੀ ਇਸੇ ਰਹਿਣੀ ਨੂੰ ਪ੍ਰਾਪਤ ਹੁੰਦੇ ਹਨ। ਮਹਾਪੁਰਸ਼ ਦੀ ਇਸੇ ਕਰਨੀ ਉੱਤੇ ਉਹ ਫੇਰ ਪ੍ਰਕਾਸ਼ ਪਾਉਂਦੇ ਹਨ -

**प्रकृतिं स्वामवष्टभ्य विसृजामि पुन: पुन:।**
**भूतग्राममिमं कृत्स्नमवशं प्रकृतेर्वशात्।।८।।**

ਆਪਣੀ ਪ੍ਰਕ੍ਰਿਤੀ ਅਰਥਾਤ ਮਹਾਪੁਰਸ਼ ਦੀ ਰਹਿਣੀ ਸਵੀਕਾਰ ਕਰਕੇ **'प्रकृतेर्वशात्'**- ਆਪਣੇ-ਆਪਣੇ ਸੁਭਾਅ ਵਿਚ ਸਥਿਤ ਪ੍ਰਕ੍ਰਿਤੀ ਦੇ ਗੁਣਾਂ ਨਾਲ ਪਰਵੱਸ ਹੋਏ ਇਹਨਾਂ ਸਾਰੇ ਭੂਤ ਪ੍ਰਾਣੀਆਂ ਦੇ ਸਮੂਹ ਦਾ ਮੈਂ ਬਾਰੰਬਾਰ **'विसृजामि'**- ਵਿਸ਼ੇਸ਼ ਸਿਰਜਨ ਕਰਦਾ ਹਾਂ, ਵਿਸ਼ੇਸ਼ ਰੂਪ ਨਾਲ ਸਜਾਉਂਦਾ ਹਾਂ। ਇਹਨਾਂ ਨੂੰ ਆਪਣੇ (ਦੈਵੀ) ਸਵਰੂਪ ਵਲ ਵੱਧਣ ਲਈ ਪ੍ਰੇਰਦਾ ਹਾਂ। ਤਾਂ ਕੀ ਤੁਸੀਂ (ਸ਼੍ਰੀ ਕ੍ਰਿਸ਼ਣ) ਕਰਮ ਨਾਲ ਬੰਨ੍ਹੇ ਹੋਏ ਹੋ?

**न च मां तानि कर्माणि निबध्नन्ति धनंजय।**
**उदासीनवदासीनमसक्तं तेषु कर्मसु।।९।।**

ਅਧਿਆਇ 4/9 ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਮਹਾਪੁਰਸ਼ ਦੀ ਕਾਰਜ-ਪ੍ਰਣਾਲੀ ਅਲੌਕਿਕ ਹੈ। ਅਧਿਆਇ 9/5 ਵਿਚ ਦਸਿਆ ਕਿ ਮੈਂ ਅਵਿਅਕਤ ਰੂਪ ਨਾਲ ਕਾਰਜ ਕਰਦਾ ਹਾਂ। ਇੱਥੇ ਵੀ ਇਹੋ ਕਹਿੰਦੇ ਹਨ ਕਿ ਧਨੰਜਯ! ਜਿਹੜੇ ਕਰਮਾਂ ਨੂੰ ਮੈਂ ਅਦ੍ਰਿਸ਼ ਰੂਪ ਨਾਲ ਕਰਦਾ ਹਾਂ, ਉਹਨਾਂ ਵਿਚ ਮੇਰੀ ਆਸਕਤੀ ਨਹੀਂ ਹੈ। ਉਦਾਸੀਨ (ਨਿਰਲੇਪ) ਸਥਿਤੀ ਵਿਚ ਰਹਿਣ ਵਾਲੇ ਮੇਰੇ ਪਰਮਾਤਮਾ ਸਵਰੂਪ ਨੂੰ ਉਹ ਕਰਮ ਬੰਨ੍ਹ ਨਹੀਂ ਸਕਦੇ, ਕਿਉਂਕਿ ਕਰਮ ਦੇ ਪਰਿਣਾਮ ਵਿਚ ਜੋ ਲੱਖਸ਼ ਪ੍ਰਾਪਤੀ ਹੁੰਦੀ ਹੈ, ਉਸ ਵਿਚ ਮੈਂ ਸਥਿਤ ਹਾਂ। ਇਸ ਲਈ ਉਹਨਾਂ ਨੂੰ ਕਰਨ ਲਈ ਮੈਂ ਮਜਬੂਰ ਨਹੀਂ ਹਾਂ।

ਇਹ ਤਾਂ ਸੁਭਾਅ ਨਾਲ ਜੁੜੀ ਪ੍ਰਕ੍ਰਿਤੀ ਦੇ ਕਾਰਜਾਂ ਦਾ ਪ੍ਰਸ਼ਨ ਸੀ, ਮਹਾਪੁਰਸ਼ ਦੀ ਰਹਿਣੀ ਸੀ, ਉਹਨਾ ਦੀ ਰਚਨਾ ਸੀ। ਹੁਣ ਮੇਰੇ ਅਧਿਆਸ (ਗ਼ਲਤ ਉਪਯੋਗ ਜਾਂ ਪ੍ਰਪੰਚ) ਨਾਲ ਮਾਇਆ ਜੋ ਰਚਦੀ ਹੈ, ਉਹ ਕੀ ਹੈ? ਉਹ ਵੀ ਇਕ ਕੱਲਪ ਹੈ -

**मयाध्यक्षेण प्रकृति: सूयते सचराचरम्।**
**हेतुनानेन कौन्तेय जगद्विपरिवर्तते।।१०।।**

ਅਰਜੁਨ! ਮੇਰੀ ਅਧਿਅਖਸ਼ਤਾ (ਪ੍ਰਧਾਨਗੀ) ਵਿਚ ਅਰਥਾਤ ਮੇਰੀ ਮੌਜੂਦਗੀ ਵਿਚ ਸਭਥਾਈਂ ਵਿਆਪਤ ਮੇਰੇ ਅਧਿਆਸ ਨਾਲ ਇਹ ਮਾਇਆ (ਤ੍ਰਿਗੁਣਮਈ ਪ੍ਰਕ੍ਰਿਤੀ, ਅਸ਼ਟਧਾਮੂਲ ਪ੍ਰਕ੍ਰਿਤੀ ਅਤੇ ਚੇਤਨ ਦੋਨੋਂ) ਚਲ-ਅਚਲ ਸਹਿਤ ਸਾਰੇ ਸੰਸਾਰ ਨੂੰ ਰਚਦੀ ਹੈ, ਜੋ ਛੋਟਾ ਕੱਲਪ ਹੈ ਅਤੇ ਇਸੇ ਲਈ ਇਹ ਸੰਸਾਰ ਆਵਾਗਮਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਪ੍ਰਕ੍ਰਿਤੀ ਦਾ ਇਹ ਤੁੱਛ ਕੱਲਪ, ਜਿਸ ਵਿਚ ਕਾਲ ਦਾ ਪਰਿਵਰਤਨ ਹੈ, ਮੇਰੇ ਅਧਿਆਸ ਨਾਲ ਪ੍ਰਕ੍ਰਿਤੀ ਹੀ ਕਰਦੀ ਹੈ, ਮੈਂ ਨਹੀਂ ਕਰਦਾ; ਪਰ ਸੱਤਵੇਂ ਸ਼ਲੋਕ ਦਾ ਕੱਲਪ, ਆਰਾਧਨਾ ਦੇ ਸੰਚਾਰ ਅਤੇ ਪੂਰਨਤਾਕਾਲ ਤਕ ਮਾਰਗ-ਦਰਸ਼ਨ ਵਾਲਾ ਕੱਲਪ ਮਹਾਪੁਰਸ਼ ਆਪ ਕਰਦੇ ਹਨ। ਇਕ ਥਾਂ ਤੇ ਉਹ ਆਪ ਕਰਤਾ ਹਨ, ਜਿੱਥੇ ਉਹ ਵਿਸ਼ੇਸ਼ ਰੂਪ ਨਾਲ ਸਿਰਜਨ ਕਰਦੇ ਹਨ। ਇੱਥੇ ਕਰਤਾ ਪ੍ਰਕ੍ਰਿਤੀ ਹੈ, ਜੋ ਮੇਰੇ ਆਭਾਸ (ਬਹਾਨੇ) ਨਾਲ ਇਹ ਤੁੱਛ ਪਰਿਵਰਤਨ ਕਰਦੀ ਹੈ, ਜਿਸ ਵਿਚ ਸਰੀਰਾਂ ਦਾ ਪਰਿਵਰਤਨ, ਕਾਲ ਦਾ ਪਰਿਵਰਤਨ, ਯੁਗ ਦਾ ਪਰਿਵਰਤਨ ਆਦਿ ਆਉਂਦੇ ਹਨ। ਇਸ ਤਰ੍ਹਾਂ ਵਿਆਪਤ ਪ੍ਰਭਾਵ ਹੋਣ ਤੇ ਵੀ ਮੂਰਖ ਲੋਕੀਂ ਮੈਨੂੰ ਨਹੀਂ ਜਾਣਦੇ । ਜਿਵੇਂ -

**अवजानन्ति मां मूढा मानुषीं तनुमाश्रितम्।**
**परं भावमजानन्तो मम भूतमहेश्वरम्।।११।।**

ਸਾਰੇ ਜੀਵਾਂ (ਪ੍ਰਾਣੀਆਂ) ਦੇ ਮਹਾਨ ਈਸ਼ਵਰਰੂਪ ਮੇਰੇ ਪਰਮਭਾਵ ਨੂੰ ਨਾ ਜਾਣਨ ਵਾਲੇ ਮੂੜ ਲੋਕ ਮੈਨੂੰ ਮਨੁੱਖ ਸਰੀਰ ਦੇ ਆਧਾਰ ਵਾਲਾ ਅਤੇ ਤੁੱਛ ਸਮਝਦੇ ਹਨ। ਸਾਰੇ ਪ੍ਰਾਣੀਆਂ ਦੇ ਈਸ਼ਵਰਾਂ ਦਾ ਵੀ ਜੋ ਮਹਾਨ ਈਸ਼ਵਰ ਹੈ, ਉਸ ਪਰਮਭਾਵ ਵਿਚ ਮੈਂ ਸਥਿਤ ਹਾਂ, ਪਰ ਹਾਂ ਮਨੁੱਖ-ਸਰੀਰਧਾਰੀ, ਮੂਰਖ ਲੋਕ ਇਹ ਨਹੀਂ ਜਾਣਦੇ। ਉਹ ਮੈਨੂੰ ਮਨੁੱਖ ਕਹਿਕੇ ਸੰਬੋਧਿਤ ਕਰਦੇ ਹਨ। ਉਹਨਾਂ ਦਾ ਦੋਸ਼ ਵੀ ਕੀ ਹੈ? ਜਦ ਉਹ ਵੇਖਦੇ ਹਨ ਤਾਂ ਮਹਾਪੁਰਸ਼ ਦਾ ਸਰੀਰ ਹੀ ਨਜ਼ਰ ਆਉਂਦਾ ਹੈ। ਕਿਵੇਂ ਉਹ ਸਮਝਣ ਕਿ ਤੁਸੀਂ ਮਹਾਨ ਈਸ਼ਵਰਭਾਵ ਵਿਚ ਸਥਿਤ ਹੋ? ਉਹ ਕਿਉਂ ਨਹੀਂ ਵੇਖ ਸਕਦੇ ? ਇਸਤੇ ਉਹ ਕਹਿੰਦੇ ਹਨ -

**मोघाशा मोघकर्माणो मोघज्ञाना विचेतसः।**
**राक्षसीमासुरीं चैव प्रकृतिं मोहिनीं श्रिताः।।१२।।**

ਉਹ ਬਿਰਥੀ ਆਸ਼ਾ (ਜੋ ਕਦੇ ਪੂਰੀ ਨਾ ਹੋਵੇ ਐਸੀ ਆਸ), ਬਿਰਥਾ ਕਰਮ (ਬੰਧਨਕਾਰੀ ਕਰਮ), ਬਿਰਥਾ ਗਿਆਨ (ਜੋ ਦਰਅਸਲ ਅਗਿਆਨ ਹੈ), '**विचेतसः**'- ਵਿਸ਼ੇਸ਼ ਰੂਪ ਨਾਲ ਅਚੇਤ ਹੋਏ, ਰਾਖਸ਼ਾਂ ਅਤੇ ਅਸੁਰਾਂ ਵਾਂਗ ਮੋਹਿਤ ਹੋਣ ਵਾਲੇ ਸੁਭਾਅ ਨੂੰ ਧਾਰਨ ਕੀਤੇ ਹੋਏ ਹੁੰਦੇ ਹਨ ਅਰਥਾਤ ਆਸੁਰੀ ਸੁਭਾਅ ਵਾਲੇ ਹੁੰਦੇ ਹਨ। ਇਸੇ ਲਈ ਮੈਨੂੰ ਮਨੁੱਖ ਸਮਝਦੇ ਹਨ। ਅਸੁਰ ਅਤੇ ਰਾਖਸ਼ ਮਾਨਵ ਮਨ ਦਾ ਇਕ ਸੁਭਾਅ ਹੁੰਦਾ ਹੈ, ਕੋਈ ਜਾਤੀ ਜਾਂ ਜੂਨ ਨਹੀਂ। ਆਸੁਰੀ ਸੁਭਾਅ ਵਾਲੇ ਮੈਨੂੰ ਨਹੀਂ ਜਾਣ ਸਕਦੇ, ਪਰ ਮਹਾਤਮਾਜਨ ਮੈਨੂੰ ਜਾਣਦੇ ਅਤੇ ਸਿਮਰਦੇ ਹਨ -

**महात्मानस्तु मां पार्थ दैवीं प्रकृतिमाश्रिताः।**
**भजन्त्यनन्यमनसो ज्ञात्वा भूतादिमव्ययम्।।१३।।**

ਹੇ ਪਾਰਥ! ਪਰ ਦੈਵੀ ਪ੍ਰਕ੍ਰਿਤੀ ਅਰਥਾਤ ਦੈਵੀ ਸੰਪੱਤੀ ਦੇ ਆਸਰੇ ਹੋਏ ਮਹਾਤਮਾ ਮੈਨੂੰ ਸਾਰੇ ਜੀਵਾਂ ਦਾ ਆਦਿ ਕਾਰਣ, ਅਵਿਅਕਤ ਅਤੇ ਅੱਖਰ (ਜੋ ਖੁਰਦਾ ਜਾਂ ਨਾਸ਼ ਨਹੀਂ ਹੁੰਦਾ) ਜਾਣਕੇ ਅਨਿੰਨ ਮਨ ਨਾਲ ਅਰਥਾਤ ਮਨ ਵਿਚ ਕਿਸੇ ਹੋਰ ਨੂੰ ਨਾ ਲਿਆਉਂਦੇ ਹੋਏ, ਕੇਵਲ ਮੇਰੇ ਵਿਚ ਸ਼ਰਧਾ ਰੱਖਕੇ, ਨਿਰੰਤਰ ਮੈਨੂੰ ਜਪਦੇ ਹਨ। ਕਿਸ ਤਰ੍ਹਾਂ ਭਜਦੇ ਹਨ ? ਇਸਤੇ ਦਸਿਆ ਹੈ-

**सततं कीर्तयन्तो मां यतन्तश्च दृढव्रता : ।**
**नमस्यन्तश्च मां भक्त्या नित्ययुक्ता उपासते ।।१४ ।।**

ਉਹ ਨਿਰੰਤਰ ਚਿੰਤਨ ਦੇ ਵਰਤ ਵਿਚ ਅਚਲ ਰਹਿੰਦੇ ਹੋਏ ਮੇਰੇ ਗੁਣਾਂ ਦਾ ਚਿੰਤਨ ਕਰਦੇ ਹਨ, ਪ੍ਰਾਪਤੀ ਦੇ ਯਤਨ ਕਰਦੇ ਹਨ ਅਤੇ ਮੈਨੂੰ ਬਾਰੰਬਾਰ ਨਮਸਕਾਰ ਕਰਦੇ ਹੋਏ ਸਦਾ ਮੇਰੇ ਨਾਲ ਸੰਯੁਕਤ ਹੋਕੇ, ਅਨਿੰਨ ਭਗਤੀ ਨਾਲ ਮੇਰੀ ਉਪਾਸਨਾ ਕਰਦੇ ਹਨ। ਇਕਸਾਰ ਲਗੇ ਰਹਿੰਦੇ ਹਨ ਪਰ ਉਹ ਕਿਹੜੀ ਉਪਾਸਨਾ ਕਰਦੇ ਹਨ ? ਕੀ ਹੈ ਉਸਦਾ ਸਵਰੂਪ ? ਤਾਂ ਕਿਹਾ ਕਿ ਕੋਈ ਹੋਰ ਉਪਾਸਨਾ ਨਹੀਂ, ਸਗੋਂ ਉਹੀ 'ਯੱਗ' ਜਿਸਨੂੰ ਵਿਸਤਾਰ ਪੂਰਬਕ ਦਸ ਆਏ ਹਾਂ। ਉਸੇ ਆਰਾਧਨਾ ਨੂੰ ਇੱਥੇ ਸੰਖੇਪ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੁਹਰਾ ਰਹੇ ਹਨ –

**ज्ञानयज्ञेन चाप्यन्ये यजन्तो मामुपासते ।**
**एकत्वेन पृथक्त्वेन बहुधा विश्वतोमुखम् ।।१५ ।।**

ਉਹਨਾਂ ਵਿਚੋਂ ਕੋਈ ਤਾਂ ਮੇਰੇ ਸਰਬ–ਵਿਆਪੀ ਵਿਰਾਟ ਪਰਮਾਤਮਾ ਰੂਪ ਦੀ ਗਿਆਨ–ਯੱਗ ਰਾਹੀਂ ਉਪਾਸਨਾ ਕਰਦੇ ਹਨ, ਅਰਥਾਤ ਆਪਣੀ ਲਾਭ–ਹਾਨੀ ਅਤੇ ਸ਼ਕਤੀ ਨੂੰ ਸਮਝਕੇ ਇਸੇ ਨਿਰਧਾਰਤ ਕਰਮ ਯੱਗ ਵਿਚ ਪ੍ਰਵਿਰਤ ਹੁੰਦੇ ਹਨ। ਕੁਝ ਏਕਾਭਾਵ ਨਾਲ ਮੇਰੀ ਉਪਾਸਨਾ ਕਰਦੇ ਹਨ ਕਿ ਮੈਨੂੰ ਇਸੇ ਵਿਚ ਇਕ ਹੋ ਜਾਣਾ ਹੈ ਅਤੇ ਦੂਜੇ ਸਭ ਕੁਝ ਵੱਖ ਕਰਕੇ, ਮੈਨੂੰ ਸਮਰਪਿਤ ਹੋਕੇ, ਨਿਸ਼ਕਾਮ ਸੇਵਾ–ਭਾਵ ਨਾਲ ਮੇਰੀ ਉਪਾਸਨਾ ਕਰਦੇ ਹਨ ਅਤੇ ਅਨੇਕ ਪੱਧਰਾਂ ਉੱਤੇ ਉਪਾਸਨਾ ਕਰਦੇ ਹਨ, ਕਿਉਂਕਿ ਇਕ ਹੀ ਯੱਗ ਦੇ ਉੱਚੇ–ਨੀਵੇਂ ਬੜੇ ਪੱਧਰ ਹਨ। ਯੱਗ ਦਾ ਆਰੰਭ ਸੇਵਾ ਤੋਂ ਹੀ ਹੁੰਦਾ ਹੈ, ਪਰ ਉਸਨੂੰ ਪੂਰਾ ਕਿਵੇਂ ਕੀਤਾ ਜਾਂਦਾ ਹੈ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਯੱਗ ਮੈਂ ਕਰਦਾ ਹਾਂ। ਜੇ ਮਹਾਪੁਰਸ਼ ਰਥੀ ਨਾ ਹੋਵੇ ਤਾਂ ਯੱਗ ਪਾਰ ਨਹੀਂ ਲਗੇਗਾ। ਉਹਨਾਂ ਦੇ ਹੀ ਮਾਰਗ–ਦਰਸ਼ਨ ਰਾਹੀਂ ਸਾਧਕ ਸਮਝ ਪਾਉਂਦਾ ਹੈ ਕਿ ਹੁਣ ਕਿਹੜੇ ਪੱਧਰ ਤੇ ਹੈ, ਕਿਥੋਂ ਤਕ ਪਹੁੰਚਿਆ ਹੈ। ਦਰਅਸਲ ਯੱਗ–ਕਰਤਾ ਕੌਣ ਹੈ ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ –

**अहं क्रतुरहं यज्ञ: स्वधाहमहमौषधम् ।**
**मन्त्रोऽहमहमेवाज्यमहमग्निरहं हुतम् ।।१६ ।।**

ਕਰਤਾ ਮੈਂ ਹਾਂ। ਦਰਅਸਲ ਕਰਤਾ ਦੇ ਪਿੱਛੇ ਪ੍ਰੇਰਕ ਦੇ ਰੂਪ ਵਿਚ ਸਦਾ ਸੰਚਾਲਿਤ ਕਰਨ ਵਾਲਾ ਇਸ਼ਟ ਹੀ ਹੈ। ਕਰਤਾ–ਦੁਆਰਾ ਜੋ ਵੀ ਪਾਰ ਪਾਇਆ ਜਾਂਦਾ ਹੈ, ਮੇਰੀ ਦੇਣ ਹੈ। ਮੈਂ ਯੱਗ ਹਾਂ। ਯੱਗ ਆਰਾਧਨਾ ਦੀ ਵਿਧੀ–ਵਿਸ਼ੇਸ਼ ਹੈ। ਪੂਰਤੀਕਾਲ (ਪੂਨਰਤਾ) ਵਿਚ ਯੱਗ ਜਿਸਦੀ ਸ੍ਰਿਸ਼ਟੀਕਰਦਾ ਹੈ ਉਸ ਅੰਮ੍ਰਿਤ ਦਾ ਪਾਨ ਕਰਨ ਵਾਲਾ ਪੁਰਸ਼ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਸ੍ਵਧਾ ਮੈਂ ਹਾਂ ਅਰਥਾਤ ਅਤੀਤ ਦੇ ਅਨੰਤ ਸੰਸਕਾਰਾਂ ਨੂੰ ਵਿਲੀਨ ਕਰਨਾ, ਉਹਨਾਂ ਨੂੰ ਤ੍ਰਿਪਤ ਕਰਨਾ ਮੇਰੀ ਦੇਣ ਹੈ। ਭਵਰੋਗ ਨੂੰ ਮਿਟਾਉਣ ਵਾਲੀ ਦਵਾਈ ਮੈਂ ਹਾਂ। ਮੈਨੂੰ ਪਾਕੇ ਲੋਕ ਰੋਗ ਤੋਂ ਮੁਕਤ ਹੋ ਜਾਂਦੇ ਹਨ। ਮੰਤ੍ਰ ਮੈਂ ਹਾਂ। ਮਨ ਦਾ ਸੁਆਸ ਦੇ ਅੰਤਰਾਲ ਵਿਚ ਵਿਰੋਧ ਕਰਨਾ ਮੇਰੀ ਦੇਣ ਹੈ। ਇਸ ਵਿਰੋਧ–ਕ੍ਰਿਆ ਵਿਚ ਤੇਜ਼ੀ ਲਿਆਉਣ ਵਾਲੀ ਵਸਤੂ 'ਆਜਿਅ' (ਹਵਨ ਸਾਮੱਗ੍ਰੀ) ਵੀ ਮੈਂ ਹਾਂ। ਮੇਰੇ ਹੀ ਪ੍ਰਕਾਸ਼ ਵਿਚ ਮਨ ਦੀਆਂ ਸਾਰੀਆਂ ਪ੍ਰਵਿਰਤੀਆਂ ਲੀਨ ਹੁੰਦੀਆਂ ਹਨ ਅਤੇ ਹਵਨ ਅਰਥਾਤ ਸਮਰਪਣ ਵੀ ਮੈਂ ਹੀ ਹਾਂ।

ਇੱਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਬਾਰੰਬਾਰ 'ਮੈਂ ਹਾਂ' ਕਹਿ ਰਹੇ ਹਨ। ਇਸਦਾ ਭਾਵ ਮਾਤਰ

ਏਨ੍ਹਾਂ ਹੈ ਕਿ ਮੈਂ ਹੀ ਪ੍ਰੇਰਕ ਦੇ ਰੂਪ ਵਿਚ ਆਤਮਾ ਤੋਂ ਅਭਿੰਨ ਹੋਕੇ ਖੜ੍ਹਾ ਹੋ ਜਾਂਦਾ ਹਾਂ ਅਤੇ ਨਿਰੰਤਰ ਫੈਸਲਾ ਦੇਂਦੇ ਹੋਏ ਯੋਗ-ਕ੍ਰਿਆ ਪੂਰੀ ਕਰਾਉਂਦਾ ਹਾਂ। ਇਸੇ ਦਾ ਨਾਮ ਵਿਗਿਆਨ ਹੈ। 'ਪੂਜਯ ਮਹਾਰਾਜ ਜੀ' ਕਿਹਾ ਕਰਦੇ ਸਨ ਕਿ ''ਜਦ ਤਕ ਇਸ਼ਟਦੇਵ ਰਥੀ ਹੋਕੇ ਸੁਆਸ-ਪ੍ਰਸੁਆਸ ਉਤੇ ਰੋਕਥਾਮ ਨਾ ਕਰਨ ਲੱਗਣ, ਤਦ ਤਕ ਭਜਨ ਆਰੰਭ ਹੀ ਨਹੀਂ ਹੁੰਦਾ। ਕੋਈ ਲੱਖ ਅੱਖਾਂ ਮੀਟੇ, ਭਜਨ ਕਰੇ, ਸਰੀਰ ਨੂੰ ਤਪਾ ਸੁੱਟੇ ਪਰ ਜਦ ਤਕ ਜਿਸ ਪਰਮਾਤਮਾ ਦੀ ਸਾਨੂੰ ਚਾਹ ਹੈ ਉਹ ਜਿਸ ਪੱਧਰ ਤੇ ਅਸੀਂ ਖੜ੍ਹੇ ਹਾਂ, ਉਸ ਪੱਧਰ ਤੇ ਉਤਰ ਕੇ, ਆਤਮਾ ਨਾਲੋਂ ਅਭਿੰਨ ਹੋਕੇ ਜਾਗ੍ਰਿਤ ਨਹੀਂ ਹੋ ਜਾਂਦਾ, ਤਦ ਤਕ ਸਹੀ ਢੰਗ ਨਾਲ ਭਜਨ ਦਾ ਸਵਰੂਪ ਸਮਝ ਵਿਚ ਨਹੀਂ ਆਉਂਦਾ।'' ਇਸੇ ਲਈ 'ਮਹਾਰਾਜ ਜੀ' ਕਹਿੰਦੇ ਸਨ ''ਮੇਰੇ ਸਵਰੂਪ ਨੂੰ ਪਕੜੋ, ਮੈਂ ਸਭ ਦੇਵਾਂਗਾ।'' ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਸਭ ਮੇਰੇ ਰਾਹੀਂ ਹੁੰਦਾ ਹੈ।

**पिताहमस्य जगतो माता धाता पितामहः।**
**वेद्यं पवित्रमोंकार ऋक्साम यजुरेव च ।।१७।।**

ਅਰਜੁਨ! ਮੈਂ ਹੀ ਸਾਰੇ ਜਗਤ ਦਾ '**धाता**' ਅਰਥਾਤ ਧਾਰਨ ਕਰਨ ਵਾਲਾ, '**पिता**' ਅਰਥਾਤ ਪਾਲਨ ਕਰਨ ਵਾਲਾ, '**माता**' ਅਰਥਾਤ ਪੈਦਾ ਕਰਨ ਵਾਲਾ, '**पितामहः**' ਅਰਥਾਤ ਮੂਲ ਸ੍ਰੋਤ ਹਾਂ, ਜਿਸ ਵਿਚ ਸਾਰੇ ਪ੍ਰਵੇਸ਼ ਪਾਉਂਦੇ ਹਨ। ਜਾਣਨ ਯੋਗ ਪਵਿਤ੍ਰ ਓਮਕਾਰ ਅਰਥਾਤ '**अहम् आकार: इति ऊँकार:**' ਉਹ ਮੇਰੇ ਸਵਰੂਪ ਵਿਚ ਹੈ; '**सोऽहं**', '**तत्त्वमसि**' ਆਦਿ ਇਕ ਦੂਜੇ ਦੇ ਸਮਾਨਾਰਥਕ ਹਨ, ਐਸਾ ਜਾਣਨ ਯੋਗ ਸਵਰੂਪ ਮੈਂ ਹੀ ਹਾਂ। '**ऋक्**' ਅਰਥਾਤ ਸੰਪੂਰਣ ਪ੍ਰਾਰਥਨਾ, '**साम**' ਅਰਥਾਤ ਸਮਤਾ ਦਿਵਾਉਣ ਵਾਲੀ ਪ੍ਰਕ੍ਰਿਆ, '**यजु:**' ਅਰਥਾਤ ਯੱਗ ਕਰਨ ਦੀ ਵਿਧੀ-ਵਿਸ਼ੇਸ਼ ਵੀ ਮੈਂ ਹੀ ਹਾਂ। ਯੋਗ ਅਨੁਸ਼ਠਾਨ (ਵਿਧੀ-ਵਿਧਾਨ) ਦੇ ਉਪਰੋਕਤ ਤਿੰਨੋਂ ਜ਼ਰੂਰੀ ਅੰਗ ਮੇਰੇ ਰਾਹੀਂ ਹੁੰਦੇ ਹਨ -

**गतिर्भर्ता प्रभुः साक्षी निवासः शरणं सुहृत्।**
**प्रभवः प्रलयः स्थानं निधानं बीजमव्ययम् ।।१८।।**

ਹੇ ਅਰਜੁਨ! '**गति:**' ਅਰਥਾਤ ਪ੍ਰਾਪਤ ਹੋਣ ਯੋਗ ਪਰਮਗਤਿ, '**भर्ता**' ਅਰਥਾਤ ਭਰਣ-ਪੋਸ਼ਣ ਜਾਂ ਪਾਲਣ-ਪੋਸ਼ਣ ਕਰਨ ਵਾਲਾ ਸਭ ਦਾ ਸੁਵਾਮੀ, '**साक्षी**' ਅਰਥਾਤ ਦ੍ਰਿਸ਼ਟਾ ਰੂਪ ਵਿਚ ਸਥਿਤ ਸਭ ਨੂੰ ਜਾਣਨ ਵਾਲਾ, ਸਾਰੇ ਵਾਸ-ਸਥਾਨ, ਸ਼ਰਨ ਲੈਣ ਯੋਗ, ਅਕਾਰਣ ਪ੍ਰੇਮੀ ਮਿੱਤਰ, ਉਤਪੱਤੀ ਅਤੇ ਪਰਲੋ ਅਰਥਾਤ ਸ਼ੁਭ-ਅਸ਼ੁਭ ਸੰਸਕਾਰਾਂ ਨੂੰ ਵਿਲੀਨ ਕਰਨ ਵਾਲਾ ਅਵਿਨਾਸ਼ੀ ਕਾਰਣ ਮੈਂ ਹੀ ਹਾਂ। ਅਰਥਾਤ ਅੰਤ ਨੂੰ ਜਿਨ੍ਹਾਂ ਵਿਚ ਪ੍ਰਵੇਸ਼ ਮਿਲਦਾ ਹੈ, ਉਹ ਸਾਰੀਆਂ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਮੈਂ ਹੀ ਹਾਂ।

**तपाम्यहमहं वर्षं निगृह्णाम्युत्सृजामि च।**
**अमृतं चैव मृत्युश्च सदसच्चाहमर्जुन ।।१९।।**

ਮੈਂ ਸੂਰਜ ਦੇ ਰੂਪ ਵਿਚ ਤੱਪਦਾ ਹਾਂ, ਬਾਰਸ਼ ਨੂੰ ਆਕਰਸ਼ਿਤ ਕਰਦਾ ਹਾਂ। ਮੌਤ ਤੋਂ ਪਰੇ ਅੰਮ੍ਰਿਤ-ਤੱਤ ਅਤੇ ਮੌਤ, ਸੱਚ ਅਤੇ ਝੂਠ ਸਭ ਕੁਝ ਮੈਂ ਹੀ ਹਾਂ। ਅਰਥਾਤ ਜੋ ਪਰਮ ਪ੍ਰਕਾਸ਼ ਦੇਂਦਾ ਹੈ, ਉਹ ਸੂਰਜ ਮੈਂ ਹੀ ਹਾਂ। ਕਦੇ-ਕਦੇ ਸਿਮਰਨ ਕਰਨ ਵਾਲੇ ਮੈਨੂੰ ਝੂਠ ਵੀ ਮੰਨ ਲੈਂਦੇ ਹਨ, ਉਹ ਮੌਤ ਨੂੰ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਉਹ ਕਹਿੰਦੇ ਹਨ -

**त्रैविद्या मां सोमपा: पूतपापा यज्ञैरिष्ट्वा स्वर्गतिं प्रार्थयन्ते।**
**ते पुण्यमासाद्य सुरेन्द्रलोकमश्नन्ति दिव्यान्दिवि देवभोगान्।।२०।।**

ਆਰਾਧਨਾ ਵਿਦਿਆ ਦੇ ਤਿੰਨੋਂ ਅੰਗ-ਰਿਕ, ਸਾਮ ਅਤੇ ਯਜੁ ਅਰਥਾਤ ਪ੍ਰਾਰਥਨਾ, ਸਮਤਾ ਦੀ ਪ੍ਰਕ੍ਰਿਆ ਅਤੇ ਯੱਗ-ਵਿਧੀ ਦਾ ਆਚਰਣ ਕਰਨ ਵਾਲੇ, ਸੋਮ ਅਰਥਾਤ ਚੰਦ੍ਰਮਾ ਦੇ ਮੰਦ ਪ੍ਰਕਾਸ਼ ਨੂੰ ਪਾਉਣ ਵਾਲੇ, ਪਾਪ ਤੋਂ ਮੁਕਤ ਹੋਕੇ ਪਵਿਤ੍ਰ ਹੋਏ ਪੁਰਸ਼ ਉਸੇ ਯੱਗ ਦੀ ਨਿਰਧਾਰਤ ਪ੍ਰਕ੍ਰਿਆ ਦੁਆਰਾ ਮੈਨੂੰ ਇਸ਼ਟਰੂਪ ਵਿਚ ਪੂਜਕੇ ਸਵਰਗ ਪ੍ਰਾਪਤੀ ਲਈ ਪ੍ਰਾਰਥਨਾ ਕਰਦੇ ਹਨ। ਇਹੋ ਝੂਠ ਦੀ ਕਾਮਨਾ ਹੈ, ਇਸ ਨਾਲ ਉਹ ਮੌਤ ਨੂੰ ਪ੍ਰਾਪਤ ਹੁੰਦੇ ਹਨ, ਉਹਨਾਂ ਦਾ ਪੁਨਰ ਜਨਮ ਹੁੰਦਾ ਹੈ, ਜਿਵੇਂ ਕਿ ਪਿਛਲੇ ਸ਼ਲੋਕ ਵਿਚ ਯੋਗੇਸ਼ਵਰ ਨੇ ਦਸਿਆ ਹੈ। ਉਹ ਪੂਜਦੇ ਮੈਨੂੰ ਹੀ ਹਨ, ਉਸੇ ਨਿਰਧਾਰਤ ਵਿਧੀ ਨਾਲ ਪੂਜਦੇ ਹਨ, ਪਰ ਬਦਲੇ ਵਿਚ ਸਵਰਗ ਦੀ ਯਾਚਨਾ ਕਰਦੇ ਹਨ। ਉਹ ਪੁਰਸ਼ ਆਪਣੇ ਪੁੰਨ ਦੇ ਫਲਸਰੂਪ ਇੰਦ੍ਰਲੋਕ ਨੂੰ ਪ੍ਰਾਪਤ ਹੋਕੇ, ਸਵਰਗ ਵਿਚ ਦੇਵਤਿਆਂ ਦੇ ਅਲੌਕਿਕ ਭੋਗ ਭੋਗਦੇ ਹਨ; ਅਰਥਾਤ ਇਹ ਭੋਗ ਵੀ ਮੈਂ ਹੀ ਦੇਂਦਾ ਹਾਂ।

**ते तं भुक्त्वा स्वर्गलोकं विशालं क्षीणे पुण्ये मर्त्यलोकं विशान्ति।**
**एवं त्रयीधर्ममनुप्रपन्ना गतागतं कामकामा लभन्ते।।२१।।**

ਉਹ ਉਸ ਵਿਸ਼ਾਲ ਸਵਰਗ ਨੂੰ ਭੋਗਕੇ, ਪੁੰਨ ਘੱਟ ਜਾਣ ਤੇ ਮ੍ਰਿਤਲੋਕ ਅਰਥਾਤ ਜਨਮ-ਮਰਨ ਨੂੰ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ **'त्रयीधर्मम्'**- ਪ੍ਰਾਰਥਨਾ, ਸਮਤਾ ਅਤੇ ਯੱਗ ਕਰਨ ਦੀਆਂ ਤਿੰਨੋਂ ਵਿਧੀਆਂ ਨਾਲ ਇੱਕੋ ਯੱਗ ਦਾ ਅਨੁਸ਼ਠਾਨ ਕਰਨ ਵਾਲੇ, ਮੇਰੀ ਸ਼ਰਨ ਹੋਏ ਵੀ ਕਾਮਨਾ ਵਾਲੇ ਪੁਰਸ਼ ਮੁੜ-ਮੁੜ ਆਉਣ-ਜਾਣ ਨੂੰ ਅਰਥਾਤ ਪੁਨਰ ਜਨਮ ਨੂੰ ਪ੍ਰਾਪਤ ਹੁੰਦੇ ਹਨ। ਪਰ ਉਹਨਾਂ ਦਾ ਮੂਲ ਨਾਸ਼ ਕਦੇ ਨਹੀਂ ਹੁੰਦਾ, ਕਿਉਂਕਿ ਇਸ ਮਾਰਗ ਵਿਚ ਬੀਜ ਦਾ ਨਾਸ਼ ਨਹੀਂ ਹੁੰਦਾ ਹੈ। ਪਰ ਜੋ ਕਿਸੇ ਪ੍ਰਕਾਰ ਦੀ ਕਾਮਨਾ ਨਹੀਂ ਕਰਦੇ, ਉਹਨਾਂ ਨੂੰ ਕੀ ਮਿਲਦਾ ਹੈ?

**अनन्याश्चिन्तयन्तो मां ये जना: पर्युपासते।**
**तेषां नित्याभियुक्तानां योगक्षेमं वहाम्यहम्।।२२।।**

'ਅਨਿੰਨ ਭਾਵ' ਨਾਲ ਮੇਰੇ ਵਿਚ ਸਥਿਤ ਭਗਤਜਨ ਮੇਰੇ ਪਰਮਾਤਮਾ ਸਵਰੂਪ ਦਾ ਨਿਰੰਤਰ ਚਿੰਤਨ ਕਰਦੇ ਹਨ, **'पर्युपासते'** ਰੱਤੀ ਭਰ ਵੀ ਤਰੁੱਟੀ ਨਾ ਰੱਖਕੇ ਮੇਰੀ ਉਪਾਸਨਾ ਕਰਦੇ ਹਨ, ਇਸ ਤਰ੍ਹਾਂ ਨਿੱਤ ਏਕਾਭਾਵ ਨਾਲ ਸੰਯੁਕਤ ਹੋਏ ਪੁਰਸ਼ਾਂ ਦਾ ਯੋਗਖੇਮ (ਕੁਸ਼ਲ-ਮੰਗਲ) ਮੈਂ ਆਪ ਕਰਦਾ ਹਾਂ ਅਰਥਾਤ ਉਹਨਾਂ ਦੇ ਯੋਗ ਦੀ ਸੁਰੱਖਿਆ ਦੀ ਸਾਰੀ ਜ਼ਿੰਮੇਵਾਰੀ ਮੈਂ ਆਪਣੇ ਹੱਥ ਵਿਚ ਲੈਂਦਾ ਹਾਂ। ਏਨ੍ਹਾਂ ਹੋਣ ਤੇ ਵੀ ਲੋਕੀਂ ਹੋਰਾਂ ਦੇਵਤਿਆਂ ਨੂੰ ਸਿਮਰਦੇ ਹਨ -

**येऽप्यन्यदेवता भक्ता यजन्ते श्रद्धयान्विता:।**
**तेऽपि मामेव कौन्तेय यजन्त्यविधिपूर्वकम्।।२३।।**

ਹੇ ਕੁੰਤੀਸੁਤ! ਸ਼ਰਧਾ ਨਾਲ ਯੁਕਤ ਹੋਕੇ ਜੋ ਭਗਤ ਹੋਰ-ਹੋਰ ਦੇਵਤਿਆਂ ਨੂੰ ਪੂਜਦੇ ਹਨ, ਉਹ ਵੀ ਮੈਨੂੰ ਹੀ ਪੂਜਦੇ ਹਨ; ਕਿਉਂਕਿ ਉੱਥੇ ਦੇਵਤਾ ਨਾਂ ਦੀ ਕੋਈ ਚੀਜ਼ ਤਾਂ ਹੁੰਦੀ ਨਹੀਂ, ਪਰ ਉਹਨਾਂ ਦਾ ਉਹ ਪੂਜਨ ਅਵਿਧੀਪੂਰਬਕ ਹੈ; ਮੇਰੀ ਪ੍ਰਾਪਤੀ ਦੀ ਵਿਧੀ ਤੋਂ ਰਹਿਤ ਹੈ।

ਇੱਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੂਜੀ ਵਾਰੀ ਦੇਵਤਿਆਂ ਦੇ ਪ੍ਰਸੰਗ ਨੂੰ ਲਿਆ ਹੈ। ਸਭਤੋਂ ਪਹਿਲਾਂ ਅਧਿਆਇ ਸੱਤ ਦੇ ਵੀਹਵੇਂ ਤੋਂ ਤੇਈਵੇਂ ਸ਼ਲੋਕ ਤਕ ਉਹਨਾਂ ਨੇ ਕਿਹਾ ਕਿ ਅਰਜੁਨ!

ਕਾਮਨਾਵਾਂ ਰਾਹੀਂ ਜਿਨ੍ਹਾਂ ਦੇ ਗਿਆਨ ਦਾ ਅਪਹਰਣ ਕਰ ਲਿਆ ਗਿਆ ਹੈ, ਐਸੇ ਮੰਦਬੁੱਧੀ ਪੁਰਸ਼ ਹੋਰਾਂ ਦੇਵਤਿਆਂ ਦੀ ਪੂਜਾ ਕਰਦੇ ਹਨ, ਅਤੇ ਜਿੱਥੇ ਪੂਜਾ ਕਰਦੇ ਹਨ, ਉੱਥੇ ਦੇਵਤਾ ਨਾਂ ਦੀ ਕਿਸੇ ਸਮਰੱਥ ਸੱਤਾ ਦੀ ਹੋਂਦ ਹੈ ਹੀ ਨਹੀਂ। ਪਿੱਪਲ-ਪੱਥਰ-ਭੂਤ-ਭਵਾਨੀ ਜਾਂ ਹੋਰ ਕਿਧਰੇ ਜਿੱਥੇ ਉਹਨਾਂ ਦੀ ਸ਼ਰਧਾ ਝੁਕ ਜਾਂਦੀ ਹੈ, ਉਥੇ ਕੋਈ ਦੇਵਤਾ ਨਹੀਂ ਹੈ। ਮੈਂ ਹੀ ਹਰ ਥਾਂ ਤੇ ਹਾਂ, ਉਸ ਥਾਂ ਤੇ ਵੀ ਮੈਂ ਖੜ੍ਹਾ ਹੋਕੇ ਉਹਨਾਂ ਦੀ ਦੇਵ-ਸ਼ਰਧਾ ਨੂੰ ਉਹਨਾਂ ਥਾਵਾਂ ਉੱਤੇ ਸਥਿਰ ਕਰਦਾ ਹਾਂ। ਮੈਂ ਹੀ ਫਲ ਦਾ ਵਿਧਾਨ ਕਰਦਾ ਹਾਂ, ਫਲ ਦੇਂਦਾ ਹਾਂ। ਫਲ ਜ਼ਰੂਰ ਮਿਲਦਾ ਹੈ, ਪਰ ਉਹਨਾਂ ਦਾ ਉਹ ਫਲ ਨਾਸ਼ਵਾਨ ਹੈ। ਅੱਜ ਹੈ ਤਾਂ ਕੱਲ੍ਹ ਭੋਗ ਵਿਚ ਆ ਜਾਏਗਾ, ਨਸ਼ਟ ਹੋ ਜਾਏਗਾ, ਜਦਕਿ ਮੇਰਾ ਭਗਤ ਨਸ਼ਟ ਨਹੀਂ ਹੁੰਦਾ। ਇਸ ਲਈ ਉਹ ਮੂੜ੍ਹਬੁੱਧੀ, ਜਿਨ੍ਹਾਂ ਦੇ ਗਿਆਨ ਦਾ ਅਪਹਰਣ ਹੋ ਗਿਆ ਹੈ, ਉਹੀ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ।

ਪ੍ਰਸਤੁਤ ਅਧਿਆਇ ਨੌਂ ਦੇ ਤੇਈਵੇਂ ਤੋਂ ਪੱਚੀਵੇਂ ਸ਼ਲੋਕ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਫੇਰ ਦੁਹਰਾਉਂਦੇ ਹਨ ਕਿ ਅਰਜੁਨ! ਜੋ ਸ਼ਰਧਾ ਨਾਲ ਹੋਰ-ਹੋਰ ਦੇਵਤਿਆਂ ਨੂੰ ਪੂਜਦੇ ਹਨ, ਉਹ ਮੈਨੂੰ ਹੀ ਪੂਜਦੇ ਹਨ, ਪਰ ਅਵਿਧੀਪੂਰਬਕ। ਉੱਥੇ ਦੇਵਤਾ ਨਾਮ ਦੀ ਸਮਰੱਥ ਸੱਤਾ ਨਹੀਂ ਹੈ, ਉਹਨਾਂ ਦੀ ਪ੍ਰਾਪਤੀ ਦੀ ਵਿਧੀ ਗ਼ਲਤ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਜਦ ਉਹ ਵੀ ਹੋਰ ਤਰੀਕੇ ਨਾਲ ਆਪਨੂੰ ਹੀ ਪੂਜਦੇ ਹਨ ਅਤੇ ਫਲ ਵੀ ਮਿਲਦਾ ਹੈ, ਤਾਂ ਦੋਸ਼ ਕੀ ਹੈ ?

**अहं हि सर्वयज्ञानां भोक्ता च प्रभुरेव च।**
**न तु मामभिजानन्ति तत्त्वेनातश्च्यवन्ति ते।।२४।।**

ਸਾਰੇ ਯੱਗਾਂ ਦਾ ਭੋਗਤਾ ਅਰਥਾਤ ਯੱਗ ਜਿਸ ਵਿਚ ਵਿਲੀਨ ਹੁੰਦੇ ਹਨ, ਯੱਗ ਦੇ ਪਰਿਣਾਮ ਵਿਚ ਜੋ ਮਿਲਦਾ ਹੈ, ਉਹ ਮੈਂ ਹਾਂ ਅਤੇ ਸੁਵਾਮੀ ਵੀ ਮੈਂ ਹਾਂ, ਪਰ ਉਹ ਮੈਨੂੰ ਤੱਤ ਤੋਂ ਭਲੀ ਪ੍ਰਕਾਰ ਨਹੀਂ ਜਾਣਦੇ, ਇਸ ਲਈ '**च्यवन्ति**'- ਡਿੱਗਦੇ ਹਨ। ਅਰਥਾਤ ਉਹ ਕਦੇ ਹੋਰ ਤੇ ਕਦੇ ਹੋਰ ਦੇਵਤਿਆਂ ਵਿਚ ਡਿੱਗਦੇ ਹਨ ਅਤੇ ਤੱਤ ਤੋਂ ਜਦ ਤਕ ਨਹੀਂ ਜਾਣਦੇ ਤਦ ਤਕ ਕਾਮਨਾਵਾਂ ਨਾਲ ਵੀ ਡਿੱਗਦੇ ਹਨ। ਉਹਨਾਂ ਦੀ ਗਤਿ ਕੀ ਹੈ?

**यान्ति देवव्रता देवान् पितॄन्यान्ति पितृव्रताः।**
**भूतानि यान्ति भूतेज्या यान्ति मद्याजिनोऽपि माम्।।२५।।**

ਅਰਜੁਨ!ਦੇਵਤਿਆਂ ਨੂੰ ਪੂਜਣ ਵਾਲੇ ਦੇਵਤਿਆਂ ਨੂੰ ਪ੍ਰਾਪਤ ਹੁੰਦੇ ਹਨ। ਦੇਵਤੇ ਤਾਂ ਬਦਲੀ ਹੋਈ ਸੱਤਾ ਹਨ। ਉਹ ਆਪਣੇ ਚੰਗੇ ਕਰਮਾਂ ਅਨੁਸਾਰ ਜੀਵਨ ਬਿਤਾਉਂਦੇ ਹਨ। ਪਿਤਰਾਂ ਨੂੰ ਪੂਜਣ ਵਾਲੇ ਪਿਤਰਾਂ ਨੂੰ ਪ੍ਰਾਪਤ ਹੁੰਦੇ ਹਨ ਅਰਥਾਤ ਅਤੀਤ ਵਿਚ ਉਲਝੇ ਰਹਿੰਦੇ ਹਨ। ਭੂਤਾਂ ਨੂੰ ਪੂਜਣ ਵਾਲੇ ਭੂਤ ਹੁੰਦੇ ਹਨ, ਸਰੀਰ ਧਾਰਨ ਕਰਦੇ ਹਨ, ਅਤੇ ਮੇਰਾ ਭਗਤ ਮੈਨੂੰ ਪ੍ਰਾਪਤ ਹੁੰਦਾ ਹੈ। ਉਹ ਮੇਰੇ ਸਾਖਿਆਤ ਸਵਰੂਪ ਹੁੰਦੇ ਹਨ। ਉਹਨਾਂ ਦਾ ਪਤਨ ਨਹੀ ਹੁੰਦਾ। ਏਨ੍ਹਾਂ ਹੀ ਨਹੀਂ, ਮੇਰੀ ਪੂਜਾ ਦਾ ਵਿਧਾਨ ਵੀ ਆਸਾਨ ਹੈ -

**पत्रं पुष्पं फलं तोयं यो मे भक्त्या प्रयच्छति।**
**तदहं भक्त्युपहृतमश्नामि प्रयतात्मनः।।२६।।**

ਭਗਤੀ ਦਾ ਆਰੰਭ ਇੱਥੋਂ ਹੀ ਹੈ ਕਿ ਪੱਤੇ-ਫੁੱਲ-ਫਲ-ਜਲ ਆਦਿ ਜੋ ਕੋਈ ਮੈਨੂੰ ਸ਼ਰਧਾ ਨਾਲ ਅਰਪਿਤ ਕਰਦਾ ਹੈ, ਉਸ ਮਨ ਨਾਲ ਯਤਨ ਕਰਨ ਵਾਲੇ ਭਗਤ ਦਾ ਉਹ ਸਭ ਮੈਂ ਖਾਂਦਾ ਹਾਂ ਅਰਥਾਤ ਸਵੀਕਾਰ ਕਰਦਾ ਹਾਂ। ਇਸ ਲਈ -

**यत्करोषि यदश्नासि यज्जुहोषि ददासि यत्।**
**यत्तपस्यसि कौन्तेय तत्कुरुष्व मदर्पणम्।।२७।।**

ਅਰਜੁਨ! ਤੂੰ ਜੋ ਕਰਮ (ਯਥਾਰਥ ਕਰਮ) ਕਰਦਾ ਹੈਂ, ਜੋ ਖਾਂਦਾ ਹੈਂ, ਜੋ ਹਵਨ ਕਰਦਾ ਹੈਂ, ਸਮਰਪਣ ਕਰਦਾ ਹੈਂ, ਦਾਨ ਦੇਂਦਾ ਹੈਂ, ਮਨ ਸਹਿਤ ਇੰਦ੍ਰੀਆਂ ਨੂੰ ਜੋ ਮੇਰੇ ਅਨੁਰੂਪ ਤਪਾਉਂਦਾ ਹੈ, ਉਹ ਮੈਨੂੰ ਅਰਪਣ ਕਰ, ਅਰਥਾਤ ਮੇਰੇ ਪ੍ਰਤਿ ਸਮਰਪਿਤ ਹੋਕੇ ਇਹ ਸਭ ਕਰ। ਸਮਰਪਣ ਕਰਨ ਨਾਲ ਯੋਗ ਦੇ ਖੇਤਰ ਦੀ ਜ਼ਿੰਮੇਵਾਰੀ ਮੈਂ ਲੈ ਲਵਾਂਗਾ।

**शुभाशुभफलैरेवं मोक्ष्यसे कर्मबंधनै:।**
**संन्यासयोगयुक्तात्मा विमुक्तो मामुपैष्यसि।।२८।।**

ਇਸ ਤਰ੍ਹਾਂ ਸੰਨਿਆਸ ਯੋਗ ਅਰਥਾਤ ਸੰਪੂਰਨ ਤਿਆਗ ਨਾਲ ਯੁਕਤ ਹੋਇਆ, ਸ਼ੁਭ-ਅਸ਼ੁਭ ਫਲਦਾਤਾ ਕਰਮਾਂ ਦੇ ਬੰਧਨ ਤੋਂ ਮੁਕਤ ਹੋਕੇ ਤੂੰ ਮੈਨੂੰ ਪ੍ਰਾਪਤ ਹੋਵੇਂਗਾ।

ਉਪਰੋਕਤ ਤਿੰਨ ਸ਼ਲੋਕਾਂ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਸਿਲਸਿਲੇਵਾਰ ਸਾਧਨਾ ਅਤੇ ਉਸਦੇ ਪਰਿਣਾਮ ਦਾ ਚਿਤ੍ਰਣ ਕੀਤਾ ਹੈ। ਪਹਿਲੇ ਫੁੱਲ-ਪੱਤੇ, ਫਲ-ਜਲ ਦਾ ਪੂਰੀ ਸ਼ਰਧਾ ਨਾਲ ਅਰਪਣ. ਦੂਜਾ ਸਮਰਪਿਤ ਹੋਕੇ ਕਰਮ ਦਾ ਆਚਰਣ ਅਤੇ ਤੀਜਾ ਪੂਰੇ ਸਮਰਪਣ ਨਾਲ ਸੰਪੂਰਨ ਤਿਆਗ। ਇਹਨਾਂ ਰਾਹੀਂ ਕਰਮ-ਬੰਧਨ ਤੋਂ ਮੁਕਤ (ਵਿਸ਼ੇਸ਼ ਰੂਪ ਨਾਲ ਮੁਕਤ) ਹੋ ਜਾਏਂਗਾ। ਮੁਕਤੀ ਨਾਲ ਮਿਲੇਗਾ ਕੀ? ਤਾਂ ਕਿਹਾ, ਮੈਨੂੰ ਪ੍ਰਾਪਤ ਹੋਏਂਗਾ। ਇੱਥੇ ਮੁਕਤੀ ਅਤੇ ਪ੍ਰਾਪਤੀ ਇਕ ਦੂਜੇ ਦੇ ਪੂਰਕ ਹਨ। ਤੁਹਾਡੀ ਪ੍ਰਾਪਤੀ ਹੀ ਮੁਕਤੀ ਹੈ, ਤਾਂ ਉਸਤੋਂ ਲਾਭ ? ਇਸਤੇ ਕਹਿੰਦੇ ਹਨ-

**समोऽहं सर्वभूतेषु न मे द्वेष्योऽस्ति न प्रिय:।**
**ये भजन्ति तु मां भक्त्या मयि ते तेषु चाप्यहम्।।२९।।**

ਸ੍ਰਿਸ਼ਟੀ ਵਿਚ ਨਾ ਕੋਈ ਮੇਰਾ ਪਿਆਰਾ ਹੈ ਅਤੇ ਨਾ ਅਪ੍ਰਿਅ ਹੈ, ਪਰ ਜੋ ਸ਼ਰਧਾਲੂ ਭਗਤ ਹੈ, ਉਹ ਮੇਰੇ ਵਿਚ ਹੈ ਅਤੇ ਮੈਂ ਉਸ ਵਿਚ ਹਾਂ। ਇਹੋ ਮੇਰਾ ਇਕ ਮਾਤਰ ਰਿਸ਼ਤਾ ਹੈ। ਉਸ ਵਿਚ ਏਕਾਕਾਰ ਹੋ ਜਾਂਦਾ ਹਾਂ। ਮੇਰੇ ਅਤੇ ਉਸਦੇ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਤਾਂ ਤੇ ਬੜੇ ਭਾਗਾਂ ਵਾਲੇ ਹੀ ਭਜਨ ਕਰਦੇ ਹੋਣਗੇ ? ਭਜਨ ਕਰਨ ਦਾ ਅਧਿਕਾਰ ਕਿਸਨੂੰ ਹੈ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ -

**अपि चेत्सुदुराचारो भजते मामनन्यभाक्।**
**साधुरेव स मन्तव्य: सम्यग्व्यवसितो हि स:।।३०।।**

ਜੇ ਅਤਿ ਦੁਰਾਚਾਰੀ ਵੀ ਸ਼ਰਧਾ ਭਾਵ ਨਾਲ ਅਰਥਾਤ (ਅਨਿੰਨ ਦਾ ਅਰਥ ਹੈ ਜਿਸ ਵਿਚ ਕੋਈ ਹੋਰ ਦੂਜਾ ਨਹੀਂ) ਮੇਰੇ ਸਿਵਾਇ ਕਿਸੇ ਦੂਜੀ ਵਸਤੂ ਜਾਂ ਦੇਵਤਾ ਨੂੰ ਨਾ ਸਿਮਰਕੇ ਕੇਵਲ ਮੈਨੂੰ ਹੀ ਨਿਰੰਤਰ ਸਿਮਰਦਾ ਹੈ, ਉਹ ਸਾਧੂ ਹੀ ਮੰਨਣ ਯੋਗ ਹੈ। ਅਜੇ ਉਹ ਸਾਧੂ ਹੋਇਆ ਨਹੀਂ ਹੈ ਪਰ ਉਸਦੇ ਹੋ ਜਾਣ ਵਿਚ ਸੰਸਾ ਵੀ ਨਹੀਂ ਹੈ, ਕਿਉਂਕਿ ਉਹ ਯਥਾਰਥ ਨਿਸ਼ਚਾ ਨਾਲ ਲੱਗ ਗਿਆ ਹੈ। ਇਸ ਲਈ ਭਜਨ ਤੁਸੀਂ ਵੀ ਕਰ ਸਕਦੇ ਹੋ, ਬਸ਼ਰਤੇ ਤੁਸੀਂ ਮਨੁੱਖ ਹੋਵੋ, ਕਿਉਂਕਿ ਮਨੁੱਖ ਹੀ ਯਥਾਰਥ ਨਿਸ਼ਚਾ ਵਾਲਾ ਹੈ। ਗੀਤਾ ਪਾਪੀਆਂ ਦਾ ਪਾਰ-ਉਤਾਰਾ ਕਰਦੀ ਹੈ ਅਤੇ ਉਹ ਪਾਪੀ ਵੀ -

**क्षिप्रं भवति धर्मात्मा शश्वच्छान्तिं निगच्छति।**
**कौन्तेय प्रतिजानीहि न मे भक्त: प्रणश्यति।।३१।।**

ਇਸ ਭਜਨ ਦੇ ਪ੍ਰਭਾਵ ਨਾਲ ਉਹ ਦੁਰਾਚਾਰੀ ਵੀ ਛੇਤੀ ਹੀ ਧਰਮਾਤਮਾ ਹੋ ਜਾਂਦਾ ਹੈ, ਪਰਮ ਧਰਮ ਪਰਮਾਤਮਾ ਨਾਲ ਮਿਲ ਜਾਂਦਾ ਹੈ ਅਤੇ ਸਦਾ ਰਹਿਣ ਵਾਲੀ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਹੇ ਕੁੰਤੀਸੁਤ! ਤੂੰ ਨਿਸ਼ਚਾ ਪੂਰਬਕ ਸੱਚ ਜਾਣ ਕਿ ਮੇਰਾ ਭਗਤ ਕਦੇ ਨਸ਼ਟ ਨਹੀਂ ਹੁੰਦਾ। ਜੇ ਇਕ ਜਨਮ ਵਿਚ ਪਾਰ ਨਹੀਂ ਲਗਦਾ ਤਾਂ ਅਗਲੇ ਜਨਮਾਂ ਵਿਚ ਵੀ ਉਹੀ ਸਾਧਨਾ ਕਰਕੇ ਛੇਤੀ ਹੀ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਸਦਾਚਾਰੀ, ਦੁਰਾਚਾਰੀ ਸਾਰਿਆਂ ਨੂੰ ਭਜਨ ਕਰਨ ਦਾ ਅਧਿਕਾਰ ਹੈ। ਏਨ੍ਹਾਂ ਹੀ ਨਹੀਂ, ਸਗੋਂ –

**मां हि पार्थ व्यपाश्रित्य येऽपि स्यु: पापयोनय:।**
**स्त्रियो वैश्यास्तथा शूद्रास्तेऽपि यान्ति परां गतिम्।।३२।।**

ਪਾਰਥ! ਇਸਤ੍ਰੀ–ਵੈਸ਼, ਸ਼ੂਦ੍ਰ ਆਦਿ ਅਤੇ ਜੋ ਕੋਈ ਪਾਪਯੋਨੀ ਵਾਲੇ ਵੀ ਹੋਣ, ਉਹ ਸਾਰੇ ਮੇਰੇ ਆਸਰੇ ਹੋਕੇ ਪਰਮਗਤਿ ਨੂੰ ਪ੍ਰਾਪਤ ਹੁੰਦੇ ਹਨ। ਇਸ ਲਈ ਇਹ ਗੀਤਾ ਹਰ ਮਨੁੱਖ ਲਈ ਹੈ, ਚਾਹੇ ਉਹ ਕੁਝ ਵੀ ਕਰਦਾ ਹੋਵੇ, ਕਿਧਰੇ ਵੀ ਪੈਦਾ ਹੋਇਆ ਹੋਵੇ। ਸਭਦੇ ਲਈ ਇਹ ਇਕ ਸਮਾਨ ਕਲਿਆਨ ਦਾ ਉਪਦੇਸ਼ ਕਰਦੀ ਹੈ। ਗੀਤਾ ਵਿਸ਼ਵ–ਵਿਆਪੀ ਹੈ।

**ਪਾਪਯੋਨੀ** : ਅਧਿਆਇ 16/7 ਤੋਂ 21 ਵਿਚ ਆਸੁਰੀ ਬਿਰਤੀ ਦੇ ਲੱਛਣਾਂ ਦੇ ਤਹਿਤ ਭਗਵਾਨ ਨੇ ਦਸਿਆ ਕਿ ਜੋ ਸ਼ਾਸਤ੍ਰ–ਵਿਧੀ ਨੂੰ ਤਿਆਗਕੇ, ਨਾਮ ਮਾਤਰ ਦੇ ਯੱਗਾਂ ਦੁਆਰਾ ਅਹੰਕਾਰ ਨਾਲ ਯੱਗ ਕਰਦੇ ਹਨ ਉਹ ਮੇਰੇ ਨਰਾਂ ਵਿਚ ਨੀਚ ਹਨ। ਯੱਗ ਹੈ ਨਹੀਂ ਪਰ ਨਾਮ ਦੇ ਛੱਡਿਆ ਹੈ ਅਤੇ ਅਹੰਕਾਰ ਨਾਲ ਯੱਗ ਕਰਦਾ ਹੈ, ਉਹ ਦੁਸ਼ਟ–ਕਰਮੀ ਅਤੇ ਪਾਪ–ਆਚਾਰੀ (ਪਾਪਯੋਨੀ) ਹੈ। ਵੈਸ਼–ਸ਼ੂਦ੍ਰ ਭਗਵਤ–ਮਾਰਗ ਦੀਆਂ ਪੌੜੀਆਂ ਹਨ। ਇਸਤ੍ਰੀਆਂ ਲਈ ਕਦੇ ਆਦਰ–ਸਨਮਾਨ, ਕਦੇ ਹੀਨਤਾ ਦੀ ਭਾਵਨਾ ਰਹੀ ਹੈ, ਪਰ ਯੋਗ–ਪ੍ਰਕ੍ਰਿਆ ਵਿਚ ਇਸਤ੍ਰੀ ਅਤੇ ਪੁਰਸ਼ ਦੋਵਾਂ ਦਾ ਇੱਕੋ ਜਿਹਾ ਪ੍ਰਵੇਸ਼ ਹੈ।

**किं पुनर्ब्राह्मणा: पुण्या भक्ता राजर्षयस्तथा।**
**अनित्यमसुखं लोकमिमं प्राप्य भजस्व माम।।३३।।**

ਫੇਰ ਤਾਂ ਬ੍ਰਾਹਮਣ ਅਤੇ ਰਾਜਰਿਸ਼ੀ ਖੱਤ੍ਰੀ ਸ਼੍ਰੇਣੀ ਦੇ ਭਗਤਾਂ ਲਈ ਤਾਂ ਕਹਿਣਾ ਹੀ ਕੀ ਹੈ? ਬ੍ਰਾਹਮਣ ਇਕ ਅਵਸਥਾ ਵਿਸ਼ੇਸ਼ ਹੈ, ਜਿਸ ਅੰਦਰ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਸਾਰੀਆਂ ਯੋਗਤਾਵਾਂ ਮੌਜੂਦ ਹਨ। ਸ਼ਾਂਤੀ, ਅਨੁਭਵੀ ਉਪਲਬਧੀ, ਧਿਆਨ ਅਤੇ ਇਸ਼ਟ ਦੇ ਪਥਪ੍ਰਦਰਸ਼ਨ ਰਾਹੀਂ ਜਿਸ ਵਿਚ ਚੱਲਣ ਦੀ ਸਮਰਥਾ ਹੈ, ਉਹੀ ਬ੍ਰਾਹਮਣ–ਅਵਸਥਾ ਹੈ। ਰਾਜਰਿਸ਼ੀ ਖੱਤ੍ਰੀ ਵਿਚ ਰਿੱਧੀਆਂ–ਸਿੱਧੀਆਂ ਦਾ ਸੰਚਾਰ, ਸੂਰਬੀਰਤਾ, ਸੁਵਾਮੀਭਾਵ, ਪਿੱਛੇ ਨਾ ਹੱਟਣ ਦਾ ਸੁਭਾਅ ਰਹਿੰਦਾ ਹੈ। ਇਸ ਯੋਗ–ਪੱਧਰ ਉੱਤੇ ਪਹੁੰਚੇ ਹੋਏ ਯੋਗੀ ਤਾਂ ਪਾਰ ਹੁੰਦੇ ਹੀ ਹਨ, ਉਹਨਾਂ ਲਈ ਕੀ ਕਹਣਾ ਹੈ। ਇਸ ਲਈ ਅਰਜੁਨ! ਤੂੰ ਸੁਖਰਹਿਤ, ਛਿਣ–ਮਾਤਰ ਇਸ ਮਨੁੱਖ ਸਰੀਰ ਨੂੰ ਪ੍ਰਾਪਤ ਹੋਕੇ ਮੇਰਾ ਹੀ ਭਜਨ ਕਰ। ਇਸ ਨਸ਼ਵਰ ਸਰੀਰ ਦੇ ਮੋਹ, ਪੋਸ਼ਣ ਵਿਚ ਸਮਾਂ ਨਸ਼ਟ ਨਾ ਕਰ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਇੱਥੇ ਚੌਥੀ ਵਾਰ ਬ੍ਰਾਹਮਣ, ਖੱਤ੍ਰੀ, ਵੈਸ਼ ਅਤੇ ਸ਼ੂਦ੍ਰ ਦੀ ਚਰਚਾ

ਕੀਤੀ। ਅਧਿਆਇ ਦੋ ਵਿਚ ਉਹਨਾਂ ਨੇ ਕਿਹਾ ਕਿ ਖੱਤ੍ਰੀ ਲਈ ਯੁੱਧ ਤੋਂ ਵੱਧਕੇ ਕਲਿਆਨ ਦਾ ਕੋਈ ਰਸਤਾ ਨਹੀਂ ਹੈ। ਅਧਿਆਇ ਤਿੰਨ ਵਿਚ ਉਹਨਾਂ ਨੇ ਕਿਹਾ ਕਿ ਸਵੈਧਰਮ ਵਿਚ ਥੋੜ੍ਹੀ ਸਥਿਤੀ ਵੀ ਨਕਲ ਨਾਲੋਂ ਚੰਗੀ ਹੈ। ਅਧਿਆਇ ਚਾਰ ਵਿਚ ਉਹਨਾਂ ਨੇ ਸੰਖੇਪ ਵਿਚ ਕਿਹਾ ਕਿ ਚਾਰ ਵਰਣਾਂ ਦੀ ਰਚਨਾ ਮੈਂ ਕੀਤੀ। ਤਾਂ ਕੀ ਮਨੁੱਖ ਨੂੰ ਚਾਰ ਜਾਤੀਆਂ ਵਿਚ ਵੰਡਿਆ? ਤਾਂ ਕਿਹਾ ਕਿ ਨਹੀਂ, **'ਗੁਣ ਕਰਮ ਵਿਭਾਗਸ਼:'**– ਗੁਣ ਦੇ ਪੈਮਾਨੇ ਨਾਲ ਕਰਮ ਨੂੰ ਚਾਰ ਸ਼੍ਰੇਣੀਆਂ ਵਿਚ ਰੱਖਿਆ। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਕਰਮ ਇਕ ਮਾਤਰ ਯੱਗ ਦੀ ਪ੍ਰਕ੍ਰਿਆ ਹੈ। ਇਸ ਲਈ ਇਸ ਯੱਗ ਦੇ ਕਰਨ ਵਾਲੇ ਚਾਰ ਪ੍ਰਕਾਰ ਦੇ ਹਨ। ਪ੍ਰਵੇਸ਼ ਕਾਲ ਵਿਚ ਇਹ ਯੱਗਕਰਤਾ ਸ਼ੂਦ੍ਰ ਹੈ, ਘੱਟ ਜਾਣਨ ਵਾਲਾ ਹੈ। ਕੁਝ ਕਰਨ ਦੀ ਸਮਰਥਾ ਆਈ, ਆਤਮਿਕ ਸੰਪੱਤੀ ਦਾ ਸੰਗ੍ਰਹਿ ਹੋਇਆ, ਤਾਂ ਉਹੀ ਯੱਗਕਰਤਾ ਵੈਸ਼ ਬਣ ਗਿਆ। ਇਸਤੋਂ ਉੱਚੇ ਹੋਣ ਤੇ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਨੂੰ ਕੱਟਣ ਦੀ ਸਮਰਥਾ ਆ ਜਾਣ ਨਾਲ ਉਹੀ ਸਾਧਕ ਖੱਤ੍ਰੀ ਸ਼੍ਰੇਣੀ ਦਾ ਹੈ ਅਤੇ ਜਦੋਂ ਇਸੇ ਸਾਧਕ ਦੇ ਸੁਭਾਅ ਅੰਦਰ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਯੋਗਤਾਵਾਂ ਢੱਲ ਜਾਂਦੀਆਂ ਹਨ ਤਾਂ ਉਹੀ ਬ੍ਰਾਹਮਣ ਹੈ। ਵੈਸ਼ ਅਤੇ ਸ਼ੂਦ੍ਰ ਦੀ ਤੁਲਨਾ ਵਿਚ ਖੱਤ੍ਰੀ ਅਤੇ ਬ੍ਰਾਹਮਣ ਸ਼੍ਰੇਣੀ ਦੇ ਸਾਧਕ ਪ੍ਰਾਪਤੀ ਦੇ ਜ਼ਿਆਦਾ ਨੇੜੇ ਹਨ। ਸ਼ੂਦ੍ਰ ਅਤੇ ਵੈਸ਼ ਵੀ ਉਸੇ ਬ੍ਰਹਮ ਵਿਚ ਪ੍ਰਵੇਸ਼ ਪਾਕੇ ਸ਼ਾਂਤ ਹੋਣਗੇ। ਫੇਰ ਇਸਤੋਂ ਅੱਗੇ ਦੀ ਅਵਸਥਾ ਵਾਲਿਆਂ ਲਈ ਤਾਂ ਕਹਿਣ ਦੀ ਲੋੜ ਹੀ ਕੀ ਹੈ? ਉਹਨਾਂ ਦੀ ਪ੍ਰਾਪਤੀ ਤਾਂ ਨਿਸ਼ਚਿਤ ਹੈ।

ਗੀਤਾ ਜਿਹੜੇ ਉਪਨਿਸ਼ਦਾਂ ਦਾ ਸਾਰ ਹੈ, ਉਹਨਾਂ ਵਿਚ ਬ੍ਰਹਮ-ਗਿਆਨੀ ਇਸਤ੍ਰੀਆਂ ਦੇ ਪ੍ਰਸੰਗ ਭਰੇ ਪਏ ਹਨ। ਆਪਣੇ ਆਪ ਨੂੰ ਧਾਰਮਿਕ, ਗਿਆਨੀ ਕਹਿਣ ਵਾਲੇ ਰੂੜ੍ਹੀਵਾਦੀ ਵੇਦ-ਅਧਿਐਨ ਦੇ ਅਧਿਕਾਰ-ਅਨਾਧਿਕਾਰ ਦੀ ਵਿਵਸਥਾ ਦੇ ਬਾਰੇ ਭਾਵੇਂ ਸਿਰ-ਖਪਾਈ ਕਰਦੇ ਰਹਿਣ, ਪਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦਾ ਸਾਫ਼-ਸਾਫ਼ ਐਲਾਨ ਹੈ ਕਿ ਯੱਗ-ਕਰਮ ਦੀ ਨਿਰਧਾਰਤ-ਕ੍ਰਿਆ ਵਿਚ ਇਸਤ੍ਰੀ-ਪੁਰਸ਼ ਸਾਰੇ ਪ੍ਰਵੇਸ਼ ਲੈ ਸਕਦੇ ਹਨ। ਇਸ ਲਈ ਉਹ ਭਜਨ ਦੀ ਧਾਰਨਾ ਲਈ ਪ੍ਰੋਤਸਾਹਨ ਦੇਂਦੇ ਹਨ –

**मन्मना भव मद्भक्तो मद्याजी मां नमस्कुरु।**
**मामेवैष्यसि युक्त्वैवमात्मानं मत्परायण: ।।३४।।**

ਅਰਜੁਨ! ਮੇਰੇ ਹੀ ਮਨ ਵਾਲਾ ਹੋ। ਸਿਵਾਇ ਮੇਰੇ, ਦੂਜੇ ਭਾਵ ਮਨ ਵਿਚ ਆਉਣ ਹੀ ਨਾ। ਮੇਰਾ ਅਨਿੰਨ ਭਗਤ ਹੋ, ਨਿਰੰਤਰ ਚਿੰਤਨ ਵਿਚ ਲੱਗ। ਸ਼ਰਧਾ ਸਹਿਤ ਮੇਰਾ ਹੀ ਪੂਜਨ ਕਰ ਅਤੇ ਮੈਨੂੰ ਹੀ ਨਮਸਕਾਰ ਕਰ। ਇਸ ਤਰ੍ਹਾਂ ਮੇਰੀ ਸ਼ਰਨ ਹੋਇਆ, ਆਤਮਾ ਨੂੰ ਮੇਰੇ ਵਿਚ ਏਕੇਭਾਵ ਨਾਲ ਸਥਿਤ ਕਰਕੇ ਤੂੰ ਮੈਨੂੰ ਹੀ ਪ੍ਰਾਪਤ ਹੋਏਂਗਾ, ਅਰਥਾਤ ਮੇਰੇ ਨਾਲ ਇਕਰੂਪ ਹੋ ਜਾਏਂਗਾ।

### ਸਾਰ

ਇਸ ਅਧਿਆਇ ਦੇ ਆਰੰਭ ਵਿਚ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ-ਅਰਜੁਨ! ਤੇਰੇ ਜਿਹੇ ਦੋਸ਼ ਰਹਿਤ ਭਗਤ ਲਈ ਮੈਂ ਇਸ ਗਿਆਨ ਨੂੰ ਵਿਗਿਆਨ ਸਹਿਤ ਕਹਾਂਗਾ, ਜਿਸ ਨੂੰ ਜਾਣਕੇ ਕੁਝ ਵੀ ਜਾਣਨਾ ਬਾਕੀ ਨਹੀਂ ਰਹੇਗਾ। ਇਸਨੂੰ ਜਾਣਕੇ ਤੂੰ ਸੰਸਾਰ-ਬੰਧਨ ਤੋਂ ਛੁੱਟ ਜਾਏਂਗਾ। ਇਹ ਗਿਆਨ ਸਾਰੀਆਂ ਵਿਦਿਆਵਾਂ ਦਾ ਰਾਜਾ ਹੈ। ਵਿਦਿਆ ਉਹ ਹੈ ਜੋ ਪਰਮ ਬ੍ਰਹਮ ਵਿਚ ਪ੍ਰਵੇਸ਼ ਦਿਵਾਏ। ਇਹ ਗਿਆਨ ਉਸਦਾ ਵੀ ਰਾਜਾ ਹੈ, ਅਰਥਾਤ ਨਿਸ਼ਚਿਤ ਕਲਿਆਨ ਕਰਨ ਵਾਲਾ ਹੈ। ਇਹ ਸਾਰੇ ਰਹੱਸਾਂ ਦਾ ਵੀ ਰਾਜਾ ਹੈ, ਰਹੱਸਮਈ ਗੁਪਤ ਚੀਜ਼ਾਂ ਨੂੰ ਵੀ ਪ੍ਰਤੱਖ ਕਰਨ ਵਾਲਾ ਹੈ। ਇਹ

ਪ੍ਰਤੱਖ ਫਲ ਵਾਲੀ ਸਾਧਨਾ ਕਰਨ ਵਿਚ ਆਸਾਨ ਅਤੇ ਅਵਿਨਾਸ਼ੀ ਹੈ। ਥੋੜ੍ਹੀ ਜਿਹੀ ਸਾਧਨਾ ਤੁਹਾਡੇ ਕੋਲੋਂ ਪਾਰ ਲੱਗ ਜਾਏ, ਤਾਂ ਇਸਦਾ ਕਦੇ ਨਾਸ਼ ਨਹੀਂ ਹੁੰਦਾ, ਸਗੋਂ ਇਸਦੇ ਪ੍ਰਭਾਵ ਨਾਲ ਉਹ ਪਰਮ ਸ਼੍ਰੇਸ਼ਠਤਾ ਤਕ ਪਹੁੰਚ ਜਾਂਦਾ ਹੈ, ਪਰ ਇਸ ਵਿਚ ਸ਼ਰਤ ਹੈ। ਸ਼ਰਧਾਹੀਨ ਪੁਰਸ਼ ਪਰਮਗਤਿ ਨੂੰ ਪ੍ਰਾਪਤ ਨਾ ਹੋਕੇ ਸੰਸਾਰ-ਚੱਕਰ ਵਿਚ ਭਟਕਦਾ ਹੈ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਯੋਗ ਦੀ ਪ੍ਰਭੁਤਾ ਉੱਤੇ ਵੀ ਪ੍ਰਕਾਸ਼ ਪਾਇਆ। ਦੁੱਖ ਦੇ ਸੰਯੋਗ ਦਾ ਵਿਯੋਗ ਹੀ ਯੋਗ ਹੈ, ਅਰਥਾਤ ਜੋ ਸੰਸਾਰ ਦੇ ਸੰਜੋਗ-ਵਿਯੋਗ ਤੋਂ ਬਿਲਕੁਲ ਰਹਿਤ ਹੈ, ਉਸਦਾ ਨਾਮ ਯੋਗ ਹੈ। ਪਰਮਤੱਤ ਪਰਮਾਤਮਾ ਦੇ ਮਿਲਨ ਦਾ ਨਾਮ ਯੋਗ ਹੈ। ਪਰਮਾਤਮਾ ਦੀ ਪ੍ਰਾਪਤੀ ਹੀ ਯੋਗ ਦੀ ਪਰਾਕਾਸ਼ਠਾ ਹੈ। ਜੋ ਇਸ ਵਿਚ ਪ੍ਰਵੇਸ਼ ਪਾ ਗਿਆ, ਉਸ ਯੋਗੀ ਦੇ ਪ੍ਰਭਾਵ ਨੂੰ ਵੇਖੋ ਕਿ ਸਾਰੇ ਭੂਤਾਂ (ਪ੍ਰਾਣੀਆਂ) ਦਾ ਸੁਵਾਮੀ ਅਤੇ ਪਾਲਨਹਾਰ ਹੋਣ ਤੇ ਵੀ ਮੇਰਾ ਆਤਮਾ ਉਹਨਾਂ ਜੀਵਾਂ ਵਿਚ ਸਥਿਤ ਨਹੀਂ ਹੈ। ਮੈਂ ਆਤਮ ਸਵਰੂਪ ਵਿਚ ਸਥਿਤ ਹਾਂ। ਉਹੀ ਹਾਂ। ਜਿਵੇਂ ਆਕਾਸ਼ ਵਿਚ ਪੈਦਾ, ਸਭ ਥਾਈਂ ਰਹਿਣ ਵਾਲਾ ਵਾਯੂ ਆਕਾਸ਼ ਵਿਚ ਹੀ ਸਥਿਤ ਹੈ ਪਰ ਉਸਨੂੰ ਮੈਲਾ ਨਹੀਂ ਕਰ ਸਕਦਾ। ਉਸੇ ਤਰ੍ਹਾਂ ਸਾਰੇ ਜੀਵ ਮੇਰੇ ਵਿਚ ਸਥਿਤ ਹਨ ਪਰ ਮੈਂ ਉਹਨਾਂ ਵਿਚ ਲਿਪਤ ਨਹੀਂ ਹਾਂ।

ਅਰਜੁਨ! ਕੱਲਪ ਦੇ ਆਰੰਭ ਵਿਚ ਮੈਂ ਜੀਵਾਂ ਨੂੰ ਵਿਸ਼ੇਸ਼ ਤਰ੍ਹਾਂ ਨਾਲ ਰਚਦਾ ਹਾਂ, ਸਜਾਉਂਦਾ ਹਾਂ ਅਤੇ ਕੱਲਪ ਦੇ ਪੂਰਨਤਾਕਾਲ ਵਿਚ ਸਾਰੇ ਜੀਵ ਮੇਰੀ ਪ੍ਰਕ੍ਰਿਤੀ ਨੂੰ ਅਰਥਾਤ ਯੋਗ-ਆਰੂੜ ਮਹਾਪੁਰਸ਼ ਦੀ ਰਹਿਣੀ ਨੂੰ, ਉਹਨਾਂ ਦੇ ਅਵਿਅਕਤ ਭਾਵ ਨੂੰ ਪ੍ਰਾਪਤ ਹੁੰਦੇ ਹਨ। ਹਾਲਾਂਕਿ ਮਹਾਪੁਰਸ਼ ਪ੍ਰਕ੍ਰਿਤੀ ਤੋਂ ਪਰੇ ਹੈ, ਪਰ ਪ੍ਰਾਪਤੀ ਦੇ ਬਾਅਦ ਸੁਭਾਅ ਅਰਥਾਤ ਖ਼ੁਦ ਵਿਚ ਸਥਿਤ ਰਹਿੰਦੇ ਹੋਏ ਲੋਕਹਿਤ ਲਈ ਜੋ ਕਾਰਜ ਕਰਦਾ ਹੈ, ਉਹ ਉਸਦੀ ਇਕ ਰਹਿਣੀ ਹੈ। ਇਸੇ ਰਹਿਣੀ ਦੇ ਕਾਰਜ-ਕਲਾਪ ਨੂੰ ਉਸ ਮਹਾਪੁਰਸ਼ ਦੀ ਪ੍ਰਕ੍ਰਿਤੀ ਕਿਹਾ ਗਿਆ ਹੈ।

ਇਕ ਰਚਨਾਕਾਰ ਤਾਂ ਮੈਂ ਹਾਂ, ਜੋ ਭੂਤਾਂ ਨੂੰ ਕੱਲਪ ਲਈ ਪ੍ਰੇਰਿਤ ਕਰਦਾ ਹਾਂ ਅਤੇ ਦੂਜੀ ਰਚਨਾਕਾਰ ਤ੍ਰਿਗੁਣਮਈ ਪ੍ਰਕ੍ਰਿਤੀ ਹੈ, ਜੋ ਮੇਰੇ ਅਧਿਆਸ (ਆਭਾਸ, ਬਹਾਨੇ) ਨਾਲ ਚਲ-ਅਚਲ ਸਹਿਤ ਭੂਤਾਂ ਨੂੰ ਰਚਦੀ ਹੈ। ਇਹ ਵੀ ਇਕ ਕੱਲਪ ਹੈ, ਜਿਸ ਵਿਚ ਸਰੀਰ-ਪਰਿਵਰਤਨ, ਸੁਭਾਅ-ਪਰਿਵਰਤਨ ਅਤੇ ਕਾਲ-ਪਰਿਵਰਤਨ ਨਿਹਿਤ ਹੈ। ਗੋਸੁਵਾਮੀ ਤੁਲਸੀਦਾਸ ਜੀ ਵੀ ਇਹੋ ਕਹਿੰਦੇ ਹਨ -

**एक दुष्ट अतिशय दु:ख रूपा।**
**जा बस जीव परा भवकूपा।।** (ਰਾਮਚਰਿਤਮਾਨਸ 3/14/5)

ਪ੍ਰਕ੍ਰਿਤੀ ਦੇ ਭੇਦ ਵਿਦਿਆ ਅਤੇ ਅਵਿਦਿਆ ਹਨ। ਇਹਨਾਂ ਵਿਚੋਂ ਅਵਿਦਿਆ ਦੁਸ਼ਟ ਹੈ, ਦੁੱਖਰੂਪ ਹੈ, ਜਿਸ ਨਾਲ ਬੇਵੱਸ ਜੀਵ ਭਵ ਰੂਪੀ ਖੂਹ ਵਿਚ ਪਿਆ ਹੈ, ਜਿਸ ਨਾਲ ਪ੍ਰੇਰਿਤ ਹੋਕੇ ਜੀਵ ਕਾਲ, ਕਰਮ, ਸੁਭਾਅ ਅਤੇ ਗੁਣ ਦੇ ਘੇਰੇ ਵਿਚ ਆ ਜਾਂਦਾ ਹੈ। ਦੂਜੀ ਹੈ ਵਿਦਿਆ ਮਾਇਆ, ਜਿਸਨੂੰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਮੈਂ ਰਚਦਾ ਹਾਂ। ਗੋਸੁਵਾਮੀਜੀ ਦੇ ਅਨੁਸਾਰ ਪ੍ਰਭੂ ਰਚਦੇ ਹਨ

**एक रचइ जग गुन बस जाके ।**
**प्रभु प्रेरित नहिं निज बल ताके।** (ਰਾਮਚਰਿਤਮਾਨਸ 3/14/6)

ਇਹ ਜਗਤ ਦੀ ਰਚਨਾ ਕਰਦੀ ਹੈ, ਜਿਸ ਵਿਚ ਗੁਣਾਂ ਦਾ ਨਿਵਾਸ ਹੈ। ਕਲਿਆਨਕਾਰੀ ਗੁਣ ਕੇਵਲ ਈਸ਼ਵਰ ਵਿਚ ਹਨ। ਪ੍ਰਕ੍ਰਿਤੀ ਵਿਚ ਗੁਣ ਹੈ ਹੀ ਨਹੀਂ। ਉਹ ਤਾਂ ਨਸ਼ਵਰ ਹੈ, ਪਰ ਵਿਦਿਆ ਵਿਚ ਪ੍ਰਭੂ ਹੀ ਪ੍ਰੇਰਕ ਬਣਕੇ ਕਾਰਜ ਕਰਦੇ ਹਨ।

ਇਸ ਤਰ੍ਹਾਂ ਕੱਲਪ ਦੋ ਪ੍ਰਕਾਰ ਦੇ ਹਨ। ਇਕ ਤਾਂ ਸਥੂਲ ਦਾ, ਸਰੀਰ ਦਾ ਅਤੇ ਕਾਲ ਦਾ ਪਰਿਵਰਤਨ ਕੱਲਪ ਹੈ, ਅਤੇ ਇਹ ਪਰਿਵਰਤਨ ਪ੍ਰਕ੍ਰਿਤੀ ਹੀ ਮੇਰੇ ਆਭਾਸ (ਬਹਾਨੇ) ਨਾਲ ਕਰਦੀ ਹੈ, ਪਰ ਇਸਤੋਂ ਮਹਾਨ ਕੱਲਪ, ਜੋ ਆਤਮਾ ਨੂੰ ਨਿਰਮਲ ਸਵਰੂਪ ਦੇਂਦਾ ਹੈ, ਉਸਦਾ ਸ਼ਿੰਗਾਰ ਮਹਾਪੁਰਸ਼ ਕਰਦੇ ਹਨ। ਉਹ ਅਚੇਤ ਭੂਤਾਂ ਨੂੰ ਸਚੇਤ ਕਰਦੇ ਹਨ। ਭਜਨ ਦਾ ਆਰੰਭ ਹੀ ਇਸ ਕੱਲਪ ਦਾ ਆਰੰਭ ਹੈ ਅਤੇ ਭਜਨ ਦੀ ਪਰਾਕਾਸ਼ਠਾ ਕੱਲਪ ਦਾ ਅੰਤ ਹੈ। ਜਦ ਇਹ ਕੱਲਪ ਭਵ-ਰੋਗ ਤੋਂ ਪੂਰਾ ਨਿਰੋਗ ਕਰਕੇ ਸ਼ਾਸ਼ਵਤ ਬ੍ਰਹਮ ਵਿਚ ਪ੍ਰਵੇਸ਼ (ਸਥਿਤੀ) ਦਿਵਾ ਦੇਂਦਾ ਹੈ, ਉਸ ਪ੍ਰਵੇਸ਼ਕਾਲ ਵਿਚ ਯੋਗੀ ਮੇਰੀ ਰਹਿਣੀ ਅਤੇ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦਾ ਹੈ। ਪ੍ਰਾਪਤੀ ਦੇ ਬਾਅਦ ਮਹਾਪੁਰਸ਼ ਦੀ ਰਹਿਣੀ ਹੀ ਉਸਦੀ ਪ੍ਰਕ੍ਰਿਤੀ ਹੈ।

ਧਰਮ ਗ੍ਰੰਥਾਂ ਵਿਚ ਕਥਾਵਾਂ ਆਉਂਦੀਆਂ ਹਨ ਕਿ ਚਾਰੋਂ ਯੁਗ ਬੀਤਣ ਤੇ ਹੀ ਕੱਲਪ ਪੂਰਾ ਹੁੰਦਾ ਹੈ, ਮਹਾਪਰਲੋ ਹੁੰਦੀ ਹੈ, ਅਕਸਰ ਲੋਕ ਇਸਨੂੰ ਸੱਚ ਨਹੀਂ ਮੰਨਦੇ। ਯੁਗ ਦਾ ਅਰਥ ਹੈ ਦੋ। ਤੁਸੀਂ ਅਲੱਗ ਹੋ, ਆਰਾਧ ਅਲੱਗ ਹੈ, ਤਦ ਤਕ ਯੁਗ ਦਾ ਰੂਪ ਬਣਿਆ ਰਹੇਗਾ। ਗੋਸੁਵਾਮੀ ਜੀ ਨੇ ਰਾਮਚਰਿਤਮਾਨਸ ਦੇ ਉੱਤਰਕਾਂਡ ਵਿਚ ਇਸਦੀ ਚਰਚਾ ਕੀਤੀ ਹੈ। ਜਦੋਂ ਤਾਮਸੀ ਗੁਣ ਕੰਮ ਕਰਦੇ ਹਨ, ਰਜੋਗੁਣ ਘੱਟ ਹਨ, ਚਾਰੋਂ ਪਾਸੇ ਵੈਰ-ਵਿਰੋਧ ਹੈ, ਤਾਂ ਐਸਾ ਵਿਅਕਤੀ ਕਲਯੁਗੀ ਹੈ, ਉਹ ਭਜਨ ਨਹੀਂ ਕਰ ਸਕਦਾ, ਲੇਕਿਨ ਸਤਿਯੁਗ ਆਰੰਭ ਹੋਣ ਤੇ ਯੁਗ-ਪਰਿਵਰਤਨ ਹੋ ਜਾਂਦਾ ਹੈ। ਜਦ ਰਜੋਗੁਣ ਵੱਧਣ ਲਗਦਾ ਹੈ, ਤਮੋਗੁਣ ਘਟਣ ਲਗਦਾ ਹੈ, ਕੁਝ ਸਤਿਗੁਣ ਵੀ ਸੁਭਾਅ ਵਿਚ ਆ ਜਾਂਦਾ ਹੈ। ਕ੍ਰਮਵਾਰ ਸਤਿਗੁਣ ਦੀ ਬਹੁਲਤਾ ਹੋਣ ਤੇ ਰਜੋਗੁਣ ਘਟ ਰਹਿ ਜਾਂਦਾ ਹੈ, ਆਰਾਧਨਾ ਵਿਚ ਮਨ ਲੱਗਣ ਲੱਗਦਾ ਹੈ, ਤਾਂ ਐਸੇ ਤ੍ਰੇਤਾ ਯੁਗ ਵਿਚ ਤਿਆਗਮਈ ਸਥਿਤੀ ਵਾਲਾ ਸਾਧਕ ਅਨੇਕਾਂ ਯੱਗ ਕਰਦਾ ਹੈ। **'यज्ञानां जपयज्ञोऽस्मि'**- ਐਸੀ ਸ਼੍ਰੇਣੀ ਵਾਲਾ ਜਪ, ਜਿਸਦਾ ਉਤਾਰ-ਚੜ੍ਹਾਅ, ਸੁਆਸ-ਪ੍ਰਸੁਆਸ ਉਤੇ ਹੈ, ਉਸਨੂੰ ਕਰਨ ਦੀ ਸਮਰਥਾ ਆਉਂਦੀ ਹੈ। ਜਦੋਂ ਕੇਵਲ ਸਤਿਗੁਣ ਹੀ ਬਾਕੀ ਰਹਿ ਜਾਂਦਾ ਹੈ, ਵਿਸ਼ਮਤਾ ਮੁੱਕ ਜਾਂਦੀ ਹੈ, ਸਮਤਾ ਆ ਜਾਂਦੀ ਹੈ, ਤਾਂ ਇਹ ਕ੍ਰਿਤਾਰਥ ਯੁਗ ਅਰਥਾਤ ਸਤਿਯੁਗ ਦਾ ਆਗਮਨ ਹੈ। ਉਸ ਸਮੇਂ ਸਾਰੇ ਯੋਗੀ ਵਿਗਿਆਨੀ ਹੁੰਦੇ ਹਨ, ਈਸ਼ਵਰ ਨਾਲ ਮਿਲਨ ਵਾਲੇ ਹੁੰਦੇ ਹਨ, ਧਿਆਨ ਧਰਨ ਦੀ ਸੁਭਾਵਕ ਸਮਰਥਾ ਉਹਨਾਂ ਵਿਚ ਹੁੰਦੀ ਹੈ।

ਵਿਵੇਕੀਜਨ ਯੁਗ-ਧਰਮਾਂ ਦਾ ਉਤਾਰ-ਚੜ੍ਹਾਅ ਮਨ ਵਿਚ ਸਮਝਦੇ ਹਨ। ਮਨ ਦੇ ਵਿਰੋਧ ਲਈ ਅਧਰਮ ਦਾ ਤਿਆਗ ਕਰਕੇ ਧਰਮ ਵਿਚ ਪ੍ਰਵਿਰਤ ਹੋ ਜਾਂਦੇ ਹਨ। ਨਿਰਮਲ ਮਨ ਵੀ ਵਿਲੀਨ ਹੋ ਜਾਣ ਤੇ ਯੁਗਾਂ ਦੇ ਨਾਲ-ਨਾਲ ਕੱਲਪ ਦਾ ਵੀ ਅੰਤ ਹੋ ਜਾਂਦਾ ਹੈ। ਪੂਰਣਤਾ ਵਿਚ ਪ੍ਰਵੇਸ਼ ਦਿਵਾਕੇ ਕੱਲਪ ਵੀ ਸ਼ਾਂਤ ਹੋ ਜਾਂਦਾ ਹੈ। ਇਹੋ ਪਰਲੋ ਹੈ, ਜਦ ਪ੍ਰਕ੍ਰਿਤੀ ਪੁਰਸ਼ ਵਿਚ ਸਮਾ ਜਾਂਦੀ ਹੈ। ਇਸਦੇ ਬਾਅਦ ਮਹਾਪੁਰਸ਼ ਦੀ ਜੋ ਰਹਿਣੀ ਹੈ, ਉਹੀ ਉਸਦੀ ਪ੍ਰਕ੍ਰਿਤੀ ਹੈ, ਉਸਦਾ ਸੁਭਾਅ ਹੈ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਅਰਜੁਨ! ਮੂਰਖ ਲੋਕ ਮੈਨੂੰ ਨਹੀਂ ਜਾਣਦੇ। ਮੈਨੂੰ ਅਰਥਾਤ ਈਸ਼ਵਰਾਂ ਦੇ ਈਸ਼ਵਰ ਨੂੰ ਵੀ ਤੁੱਛ ਸਮਝਦੇ ਹਨ, ਆਮ ਮਨੁੱਖ ਸਮਝਦੇ ਹਨ। ਹਰ

ਮਹਾਪੁਰਸ਼ ਨਾਲ ਇਹ ਬੇਤੁਕਾਪਣ ਜਾਂ ਮਜਾਕ ਹੁੰਦਾ ਆਇਆ ਹੈ ਕਿ ਤੱਤਕਾਲੀਨ ਸਮਾਜ ਨੇ ਉਹਨਾਂ ਦੀ ਉਪੇਖਿਆ ਕੀਤੀ। ਉਹਨਾਂ ਦਾ ਘੋਰ ਵਿਰੋਧ ਕੀਤਾ। ਸ਼੍ਰੀ ਕ੍ਰਿਸ਼ਣ ਵੀ ਇਸਦੇ ਅਪਵਾਦ ਨਹੀਂ ਸਨ। ਉਹ ਕਹਿੰਦੇ ਹਨ ਕਿ ਮੈਂ ਪਰਮਭਾਵ ਵਿਚ ਸਥਿਤ ਹਾਂ, ਪਰ ਸਰੀਰ ਮੇਰਾ ਵੀ ਮਨੁੱਖ ਦਾ ਹੀ ਹੈ। ਇਸ ਲਈ ਮੂਰਖ ਲੋਕੀਂ ਮੈਨੂੰ ਤੁੱਛ ਕਹਿਕੇ, ਮਨੁੱਖ ਕਹਿਕੇ ਸੰਬੋਧਿਤ ਕਰਦੇ ਹਨ। ਐਸੇ ਲੋਕ ਫ਼ਿਜ਼ੂਲ ਆਸ਼ਾ ਵਾਲੇ ਹਨ, ਫ਼ਿਜ਼ੂਲ ਕਰਮ ਵਾਲੇ ਹਨ, ਫ਼ਿਜ਼ੂਲ ਗਿਆਨ ਵਾਲੇ ਹਨ ਕਿ ਭਾਵੇਂ ਕੁਝ ਵੀ ਕਰੀਏ ਤੇ ਕਹਿ ਛੱਡੀਏ ਕਿ ਅਸੀਂ ਤਾਂ ਕਾਮਨਾ ਨਹੀਂ ਕਰਦੇ, ਹੋ ਗਏ ਨਿਸ਼ਕਾਮ ਕਰਮਯੋਗੀ। ਉਹ ਆਸੁਰੀ ਸੁਭਾਅ ਵਾਲੇ ਮੈਨੂੰ ਨਹੀਂ ਪਰਖ ਸਕਦੇ, ਪਰ ਦੈਵੀ ਸੰਪੱਤੀ ਨੂੰ ਪ੍ਰਾਪਤ ਮਨੁੱਖ ਅਨਿੰਨ ਭਾਵ ਨਾਲ ਮੇਰਾ ਧਿਆਨ ਕਰਦੇ ਹਨ। ਮੇਰੇ ਗੁਣਾਂ ਦਾ ਨਿਰੰਤਰ ਚਿੰਤਨ ਕਰਦੇ ਹਨ।

ਅਨਿੰਨ ਉਪਾਸਨਾ ਅਰਥਾਤ ਯੱਗ-ਕਰਮ ਦੇ ਦੋ ਹੀ ਮਾਰਗ ਹਨ। ਪਹਿਲਾ ਹੈ ਗਿਆਨ ਯੱਗ, ਅਰਥਾਤ ਆਪਣੇ ਭਰੋਸੇ, ਆਪਣੀ ਸ਼ਕਤੀ ਨੂੰ ਸਮਝਕੇ ਉਸੇ ਨਿਰਧਾਰਤ ਕਰਮ ਵਿਚ ਪ੍ਰਵਿਰਤ ਹੋਣਾ ਅਤੇ ਦੂਜਾ ਮਾਰਗ ਹੈ ਸੁਵਾਮੀ-ਸੇਵਕ ਭਾਵਨਾ ਵਾਲਾ, ਜਿਸ ਵਿਚ ਸਤਿਗੁਰੂ ਨੂੰ ਸਮਰਪਿਤ ਹੋਕੇ ਉਹੀ ਕਰਮ ਕੀਤਾ ਜਾਂਦਾ ਹੈ। ਇਹਨਾਂ ਹੀ ਦੋ ਦ੍ਰਿਸ਼ਟੀਆਂ ਨਾਲ ਲੋਕ ਮੇਰੀ ਉਪਾਸਨਾ ਕਰਦੇ ਹਨ, ਪਰ ਉਹਨਾਂ ਦੇ ਰਾਹੀਂ ਜੋ ਪਾਰ ਪੈਂਦਾ ਹੈ ਉਹ ਯੱਗ, ਉਹ ਹਵਨ, ਉਹ ਕਰਤਾ, ਸ਼ਰਧਾ ਅਤੇ ਦਵਾਈ ਜਿਸ ਨਾਲ ਭਵ-ਰੋਗ ਦਾ ਇਲਾਜ ਹੁੰਦਾ ਹੈ, ਉਹ ਮੈਂ ਹੀ ਹਾਂ।ਅੰਤ ਨੂੰ ਜੋ ਗਤਿ ਪ੍ਰਾਪਤ ਹੁੰਦੀ ਹੈ, ਉਹ ਗਤਿ ਵੀ ਮੈਂ ਹੀ ਹਾਂ।

ਇਸੇ ਯੱਗ ਨੂੰ ਲੋਕ '**त्रैविद्या:**'-ਪ੍ਰਾਰਥਨਾ' ਯਜਨ (ਯੱਗ-ਕ੍ਰਿਆ) ਅਤੇ ਸਮਤਾ ਦਿਵਾਉਣ ਵਾਲੀਆਂ ਵਿਧੀਆਂ ਨਾਲ ਪੂਰਾ ਕਰਦੇ ਹਨ। ਪਰ ਬਦਲੇ ਵਿਚ ਸਵਰਗ ਦੀ ਕਾਮਨਾ ਕਰਦੇ ਹਨ ਤਾਂ ਮੈਂ ਸਵਰਗ ਵੀ ਦੇਂਦਾ ਹਾਂ। ਉਸਦੇ ਬਦਲੇ ਵਿਚ ਉਹ ਇੰਦ੍ਰਪਦ ਪ੍ਰਾਪਤ ਕਰ ਲੈਂਦੇ ਹਨ, ਲੰਮੇ ਸਮੇਂ ਤਕ ਉਸਨੂੰ ਭੋਗਦੇ ਹਨ। ਪਰ ਪੁੰਨ ਘੱਟ ਜਾਣ ਦੇ ਬਾਅਦ ਉਹ ਫੇਰ ਪੁਨਰ ਜਨਮ ਨੂੰ ਜਾ ਪਹੁੰਚਦੇ ਹਨ। ਉਹਨਾਂ ਦੀ ਕ੍ਰਿਆ ਸਹੀ ਸੀ, ਪਰ ਭੋਗਾਂ ਦੀ ਕਾਮਨਾ ਰਹਿਣ ਨਾਲ ਪੁਨਰ ਜਨਮ ਵਿਚ ਪੈਂਦੇ ਹਨ। ਇਸ ਲਈ ਭੋਗਾਂ ਦੀ ਕਾਮਨਾ ਨਹੀਂ ਕਰਨੀ ਚਾਹੀਦੀ। ਜੋ ਅਨਿੰਨ ਭਾਵ ਨਾਲ, ਅਰਥਾਤ 'ਮੇਰੇ ਸਿਵਾਇ ਦੂਜਾ ਹੈ ਹੀ ਨਹੀਂ', ਐਸੇ ਭਾਵ ਨਾਲ ਜੋ ਨਿਰੰਤਰ ਮੇਰਾ ਚਿੰਤਨ ਕਰਦੇ ਹਨ, ਅਤੇ ਰੱਤੀਭਰ ਵੀ ਤਰੁੱਟੀ ਨਾ ਰਹੇ,ਇਸ ਤਰ੍ਹਾਂ ਸਿਮਰਦੇ ਹਨ, ਉਹਨਾਂ ਦੇ ਯੋਗ ਦੀ ਸੁਰੱਖਿਆ ਦਾ ਭਾਰ ਮੈਂ ਆਪਣੇ ਹੱਥ ਲੈ ਲੈਂਦਾ ਹਾਂ।

ਏਨ੍ਹਾਂ ਹੋਣ ਤੇ ਵੀ ਕੁਝ ਲੋਕ ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ। ਉਹ ਵੀ ਮੇਰੀ ਹੀ ਪੂਜਾ ਕਰਦੇ ਹਨ, ਪਰ ਉਹ ਵਿਧੀ ਮੇਰੀ ਪ੍ਰਾਪਤੀ ਦੀ ਵਿਧੀ ਨਹੀਂ ਹੈ। ਉਹ ਮੈਨੂੰ ਸਾਰੇ ਯੱਗਾਂ ਦੇ ਉਪਭੋਗਤਾ ਦੇ ਰੂਪ ਵਿਚ ਨਹੀਂ ਜਾਣਦੇ ਅਰਥਾਤ ਉਹਨਾਂ ਦੀ ਪੂਜਾ ਦੇ ਪਰਿਣਾਮ ਵਿਚ ਮੈਂ ਨਹੀਂ ਮਿਲਦਾ, ਇਸੇ ਲਈ ਉਹਨਾਂ ਦਾ ਪਤਨ ਹੋ ਜਾਂਦਾ ਹੈ। ਉਹ ਦੇਵਤਾ, ਭੂਤ ਜਾਂ ਪਿਤਰਾਂ ਦੇ ਕਲਪਿਤ ਰੂਪ ਵਿਚ ਨਿਵਾਸ ਕਰਦੇ ਹਨ, ਜਦਕਿ ਮੇਰਾ ਭਗਤ ਪ੍ਰਤੱਖ ਮੇਰੇ ਅੰਦਰ ਨਿਵਾਸ ਕਰਦਾ ਹੈ, ਮੇਰਾ ਹੀ ਸਵਰੂਪ ਹੋ ਜਾਂਦਾ ਹੈ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਸ ਯੱਗ-ਕਰਮ ਨੂੰ ਬੜਾ ਸਰਲ ਕਿਹਾ ਕਿ ਕੋਈ ਫਲ-ਫੁੱਲ ਜਾਂ ਜੋ ਸ਼ਰਧਾ ਨਾਲ ਦੇਂਦਾ ਹੈ ਮੈਂ ਉਸਨੂੰ ਸਵੀਕਾਰ ਕਰਦਾ ਹਾਂ। ਇਸ ਲਈ ਅਰਜੁਨ! ਤੂੰ ਜੋ ਵੀ ਆਰਾਧਨਾ ਕਰਦਾ ਹੈਂ, ਮੈਨੂੰ ਸਮਰਪਿਤ ਕਰ। ਜਦ ਸੰਪੂਰਣ ਤਿਆਗ ਦੀ ਭਾਵਨਾ ਆ ਜਾਏਗੀ ਤਾਂ ਯੋਗ ਨਾਲ ਯੁਕਤ ਹੋਕੇ ਤੂੰ ਕਰਮਾਂ ਦੇ ਬੰਧਨ ਤੋਂ ਮੁਕਤ ਹੋ ਜਾਏਂਗਾ ਅਤੇ ਇਹ ਮੁਕਤੀ ਮੇਰਾ

ਹੀ ਸਵਰੂਪ ਹੈ।

ਸੰਸਾਰ ਵਿਚ ਸਾਰੇ ਪ੍ਰਾਣੀ ਮੇਰੇ ਹੀ ਹਨ। ਕਿਸੇ ਵੀ ਪ੍ਰਾਣੀ ਨਾਲ ਨਾ ਮੈਨੂੰ ਪਿਆਰ ਹੈ, ਨਾ ਦ੍ਵੇਸ਼। ਮੈਂ ਨਿਰਲੇਪ ਹਾਂ, ਪਰ ਜੋ ਮੇਰਾ ਅਨਿੰਨ ਭਗਤ ਹੈ, ਮੈਂ ਉਸ ਵਿਚ ਹਾਂ, ਉਹ ਮੇਰੇ ਵਿਚ ਹੈ। ਅਤਿ ਦੁਰਾਚਾਰੀ, ਘੋਰ ਪਾਪੀ ਵੀ ਕੋਈ ਕਿਉਂ ਨਾ ਹੋਵੇ, ਫੇਰ ਵੀ ਜੇ ਅਨਿੰਨ ਸ਼ਰਧਾ-ਭਗਤੀ ਨਾਲ ਮੈਨੂੰ ਸਿਮਰਦਾ ਹੈ, ਤਾਂ ਉਹ ਸਾਧੂ ਮੰਨਣ ਦੇ ਯੋਗ ਹੈ। ਜੇ ਉਸਦਾ ਨਿਸ਼ਚਾ ਪੱਕਾ ਹੈ ਤਾਂ ਛੇਤੀ ਹੀ ਪਰਮਭਾਵ ਨਾਲ ਮਿਲ ਜਾਂਦਾ ਹੈ ਅਤੇ ਸਦਾ ਰਹਿਣ ਵਾਲੀ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਇੱਥੇ ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕੀਤਾ ਕਿ ਧਾਰਮਿਕ ਕੌਣ ਹੈ। ਸੰਸਾਰ ਵਿਚ ਜਨਮ ਲੈਣ ਵਾਲਾ ਕੋਈ ਵੀ ਪ੍ਰਾਣੀ ਜੇ ਪੂਰੇ ਭਾਵ ਨਾਲ ਇਕ ਪਰਮਾਤਮਾ ਨੂੰ ਸਿਮਰਦਾ ਹੈ, ਉਸਦਾ ਚਿੰਤਨ ਕਰਦਾ ਹੈ ਤਾਂ ਛੇਤੀ ਹੀ ਉਹ ਧਾਰਮਿਕ ਹੋ ਜਾਂਦਾ ਹੈ। ਇਸ ਲਈ ਧਾਰਮਿਕ ਉਹ ਹੈ ਜੋ ਇਕ ਪਰਮਾਤਮਾ ਦਾ ਸਿਮਰਨ ਕਰਦਾ ਹੈ। ਅੰਤ ਨੂੰ ਉਹ ਭਰੋਸਾ ਦੇਂਦੇ ਹਨ ਕਿ ਅਰਜੁਨ! ਮੇਰਾ ਭਗਤ ਕਦੇ ਨਸ਼ਟ ਨਹੀਂ ਹੁੰਦਾ। ਕੋਈ ਸ਼ੂਦ੍ਰ ਹੋਵੇ, ਨੀਚ ਹੋਵੇ, ਆਦਿ ਵਾਸੀ ਹੋਵੇ ਜਾਂ ਅਨਾਦਿਵਾਸੀ ਜਾਂ ਕੁਝ ਵੀ ਨਾਮਧਾਰੀ ਹੋਵੇ, ਪੁਰਸ਼ ਜਾਂ ਇਸਤ੍ਰੀ ਹੋਵੇ, ਅਥਵਾ ਪਾਪਯੋਨੀ, ਤਿਰਿਅਕ (ਪਸ਼ੂ-ਪੰਛੀ) ਯੋਨੀ ਵਾਲਾ ਵੀ ਜੋ ਹੋਵੇ, ਮੇਰੀ ਸ਼ਰਨ ਆਕੇ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਅਰਜੁਨ! ਨਾਸ਼ਵਾਨ ਪਰ ਦੁਰਲਭ ਮਨੁੱਖ-ਸਰੀਰ ਪ੍ਰਾਪਤ ਕਰਕੇ ਮੇਰਾ ਭਜਨ ਕਰ। ਇਹ ਮਾਰਗ ਸਾਰਿਆਂ ਲਈ ਸੁਲਭ ਹੈ ਅਤੇ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਯੋਗਤਾਵਾਂ ਵਾਲੇ ਬ੍ਰਾਹਮਣਾਂ ਅਤੇ ਰਾਜਰਿਸ਼ੀ ਪੱਧਰ ਦੇ ਭਜਨੀਕਾਂ, ਯੋਗੀਆਂ ਲਈ ਤਾਂ ਇਹ ਬਿਲਕੁਲ ਖੁਲ੍ਹਾ ਹੀ ਹੈ। ਉਹ ਤਾਂ ਪਾਰ ਹੀ ਹਨ। ਇਸ ਲਈ ਅਰਜੁਨ! ਨਿਰੰਤਰ ਮੇਰੇ ਵਿਚ ਮਨ ਲਗਾਉਣ ਵਾਲਾ ਹੋ, ਨਮਸਕਾਰ ਕਰ। ਇਸ ਢੰਗ ਨਾਲ ਮੇਰੀ ਸ਼ਰਨ ਹੋਕੇ ਤੂੰ ਮੈਨੂੰ ਹੀ ਪ੍ਰਾਪਤ ਹੋਵੇਂਗਾ, ਜਿੱਥੋਂ ਮੁੜ ਪਿੱਛੇ ਵਾਪਸ ਨਹੀਂ ਆਉਣਾ ਪੈਂਦਾ।

ਪ੍ਰਸਤੁਤ ਅਧਿਆਇ ਵਿਚ ਉਸ ਵਿਦਿਆ ਉਤੇ ਪ੍ਰਕਾਸ਼ ਪਾਇਆ ਗਿਆ, ਜਿਸਨੂੰ ਸ਼੍ਰੀ ਕ੍ਰਿਸ਼ਣ ਆਪ ਜਾਗ੍ਰਿਤ ਕਰਦੇ ਹਨ। ਇਹ ਰਾਜ-ਵਿਦਿਆ ਹੈ ਜੋ ਇਕ ਵਾਰੀ ਜਾਗ੍ਰਿਤ ਹੋਣ ਤੇ ਨਿਸ਼ਚਿਤ ਹੀ ਕਲਿਆਨ ਕਰਦੀ ਹੈ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'राजविद्या जागृति' नाम नवमोऽध्याय: ।।९ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ-ਅਰਜੁਨ ਦੇ ਸੰਵਾਦ ਵਿਚ 'ਰਾਜਵਿਦਿਆ-ਜਾਗ੍ਰਿਤੀ' ਨਾਮਕ ਨੌਂਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानंदकृते श्रीमद्भगवद्गीताया: 'यथार्थ गीता' भाष्ये 'राजविद्या जागृति' नाम नवमोऽध्याय: ।।९ ।।**

**।। ਹਰੀ ਓਮ ਤਤਸਤਿ ।।**

ਓਮ

### ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਦਸਵਾਂ ਅਧਿਆਇ

ਪਿਛਲੇ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਗੁਪਤ ਰਾਜਵਿਦਿਆ ਦਾ ਚਿਤ੍ਰਣ ਕੀਤਾ ਜੋ ਯਕੀਨਨ ਹੀ ਕਲਿਆਨ ਕਰਦੀ ਹੈ। ਦਸਵੇਂ ਅਧਿਆਇ ਵਿਚ ਉਹਨਾਂ ਦਾ ਕਥਨ ਹੈ ਕਿ, ਮਹਾਬਾਹੂ ਅਰਜੁਨ! ਮੇਰੇ ਅਤਿ ਰਹੱਸਮਈ ਵਚਨ ਨੂੰ ਫੇਰ ਵੀ ਸੁਣ। ਇੱਥੇ ਉਸੇ ਗੱਲ ਨੂੰ ਦੂਜੀ ਵਾਰ ਕਹਿਣ ਦੀ ਲੋੜ ਕੀ ਹੈ? ਦਰਅਸਲ ਸਾਧਕ ਨੂੰ ਪੂਰਨਤਾ ਤਕ ਖ਼ਤਰਾ ਹੈ। ਜਿਉਂ-ਜਿਉਂ ਉਹ ਸਵਰੂਪ ਵਿਚ ਢੱਲਦਾ ਜਾਂਦਾ ਹੈ, ਪ੍ਰਕ੍ਰਿਤੀ ਦੇ ਪਰਦੇ ਸੂਖਮ ਹੁੰਦੇ ਜਾਂਦੇ ਹਨ, ਨਵੇਂ-ਨਵੇਂ ਦ੍ਰਿਸ਼ ਆਉਂਦੇ ਹਨ। ਉਸਦੀ ਜਾਣਕਾਰੀ ਮਹਾਪੁਰਸ਼ ਹੀ ਦੇਂਦੇ ਰਹਿੰਦੇ ਹਨ। ਸਾਧਕ ਆਪ ਨਹੀਂ ਜਾਣਦਾ। ਜੇ ਉਹ ਮਾਰਗ-ਦਰਸ਼ਨ ਕਰਨਾ ਬੰਦ ਕਰ ਦੇਣ ਤਾਂ ਸਾਧਕ ਸਵਰੂਪ ਦੀ ਪ੍ਰਾਪਤੀ ਤੋਂ ਵਾਂਝਾ ਰਹੇਗਾ। ਜਦ ਤਕ ਉਹ ਸਵਰੂਪ ਤੋਂ ਦੂਰ ਹੈ ਤਦ ਤਕ ਸਿੱਧ ਹੈ ਕਿ ਪ੍ਰਕ੍ਰਿਤੀ ਦਾ ਕੋਈ ਨਾ ਕੋਈ ਪਰਦਾ ਬਣਿਆ ਹੈ, ਫਿਸਲਣ-ਲੜਖੜਾਉਣ ਦੀ ਗੁੰਜਾਇਸ਼ ਕਾਇਮ ਹੈ। ਅਰਜੁਨ ਸ਼ਰਨਾਗਤ ਸ਼ਿਸ਼ ਹੈ। ਉਸਨੇ ਅਖਿਆ ਸੀ - "**'शिष्यस्तेऽहं शाधि मां त्वां प्रपन्नम्' –** ਭਗਵਨ! ਮੈਂ ਤੁਹਾਡਾ ਸ਼ਿਸ਼ ਹਾਂ, ਤੁਹਾਡੀ ਸ਼ਰਨ ਹਾਂ, ਮੈਨੂੰ ਸੰਭਾਲੋ। ਇਸ ਲਈ ਉਸਦੇ ਹਿਤ ਦੀ ਕਾਮਨਾ ਕਰਕੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਫੇਰ ਬੋਲੇ

**ਸ਼੍ਰੀ ਭਗਵਾਨ ਉਵਾਚ** –

**भूय एव महाबाहो श्रृणु मे परमं वच:।**
**यत्तेऽहं प्रीयमाणाय वक्ष्यामि हितकाम्यया ।।१।।**

ਮਹਾਬਾਹੂ ਅਰਜੁਨ! ਮੇਰੇ ਅਤਿ ਪ੍ਰਭਾਵਸ਼ਾਲੀ ਵਚਨ ਨੂੰ ਮੁੜ-ਮੁੜ ਸੁਣ, ਜੋ ਤੇਰੇ ਵਰਗੇ ਅਤਿ ਪ੍ਰੇਮੀ ਭਗਤ ਦੇ ਹਿਤ ਲਈ ਮੈਂ ਕਹਿਣਾ ਚਾਹੁੰਦਾ ਹਾਂ।

**न मे विदु: सुरगणा: प्रभवं न महर्षय:।**
**अहमार्दिर्हि देवानां महर्षीणां च सर्वश: ।।२।।**

ਅਰਜੁਨ! ਮੇਰੀ ਪੈਦਾਇਸ਼ ਨੂੰ ਨਾ ਦੇਵਤਾ ਲੋਕੀਂ ਜਾਣਦੇ ਹਨ ਅਤੇ ਨਾ ਮਹਾਰਿਸ਼ੀਗਣ ਹੀ ਜਾਣਦੇ ਹਨ। ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ **'"जन्म कर्म च मे दिव्यं'** – ਮੇਰਾ ਉਹ ਜਨਮ ਅਤੇ ਕਰਮ ਅਲੌਕਿਕ ਹੈ, ਇਹਨਾਂ ਚਮੜੀ ਦੀਆਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ। ਇਸ ਲਈ ਮੇਰੇ ਪ੍ਰਗਟ ਹੋਣ ਨੂੰ ਦੇਵ ਤੇ ਮਹਾਰਿਸ਼ੀ ਪੱਧਰ ਤਕ ਪਹੁੰਚੇ ਹੋਏ ਲੋਕ ਵੀ ਨਹੀਂ ਜਾਣਦੇ। ਮੈਂ ਹਰ ਤਰ੍ਹਾਂ ਨਾਲ ਦੇਵਤਿਆਂ ਅਤੇ ਮਹਾਰਿਸ਼ੀਆਂ ਦਾ ਆਦਿ ਕਾਰਣ ਹਾਂ।

**यो मामजमनादिं च वेत्ति लोकमहेश्वरम् ।**
**असंमूढ: स मर्त्येषु सर्वपापै: प्रमुच्यते ।।३ ।।**

ਜੋ ਮੇਰੇ ਜਨਮ-ਮਰਨ ਤੋਂ ਰਹਿਤ, ਆਦਿ-ਅੰਤ ਤੋਂ ਰਹਿਤ, ਸਭ ਲੋਕਾਂ ਦੇ ਮਹਾਨ ਈਸ਼ਵਰ-ਰੂਪ ਨੂੰ ਪ੍ਰਤੱਖ ਦਰਸ਼ਨ ਨਾਲ ਜਾਣ ਲੈਂਦਾ ਹੈ, ਉਹ ਪੁਰਸ਼ ਮਹਾਨ-ਧਰਮੀ ਮਨੁੱਖਾਂ ਵਿਚ ਗਿਆਨਵਾਨ ਹੈ ਅਰਥਾਤ ਆਦਿ, ਅਨਾਦਿ ਅਤੇ ਸਰਬਲੋਕ ਦੇ ਮਹੇਸ਼ਵਰ ਨੂੰ ਚੰਗੀ ਤਰ੍ਹਾਂ ਜਾਣਨਾ ਹੀ ਗਿਆਨ ਹੈ ਅਤੇ ਇਸ ਤਰ੍ਹਾਂ ਜਾਣਨ ਵਾਲਾ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ, ਪੁਨਰ ਜਨਮ ਨੂੰ ਪ੍ਰਾਪਤ ਨਹੀਂ ਹੁੰਦਾ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਇਹ ਉਪਲਬਧੀ ਵੀ ਮੇਰੀ ਦੇਣ ਹੈ।

**बुद्धिर्ज्ञानमसम्मोह: क्षमा सत्यं दम: शम: ।**
**सुखं दु:खं भवोऽभावो भयं चाभयमेव च ।।४ ।।**

ਅਰਜੁਨ! ਨਿਸ਼ਚਿਆਤਮਕ ਬੁੱਧੀ, ਪ੍ਰੱਤਖ ਦਰਸ਼ਨ ਸਹਿਤ ਜਾਣਕਾਰੀ, ਮੁਕਾਮ ਵਿਚ ਵਿਵੇਕਪੂਰਣ ਪ੍ਰਵਿਰਤੀ, ਖਿਮਾ, ਸ਼ਾਸ਼ਵਤ ਸੱਚ, ਇੰਦ੍ਰੀਆਂ ਦਾ ਦਮਨ, ਮਨ ਦਾ ਸ਼ਮਨ, ਅੰਤਰਮਨ ਦੀ ਪ੍ਰਸੰਨਤਾ, ਚਿੰਤਨ-ਮਾਰਗ ਦੇ ਕਸ਼ਟ, ਪਰਮਾਤਮਾ ਦੀ ਜਾਗ੍ਰਿਤੀ, ਸਵਰੂਪ ਦੇ ਪ੍ਰਾਪਤੀਕਾਲ ਵਿਚ ਸਭ ਗੱਲਾਂ ਦੀ ਵਿਲੀਨਤਾ, ਇਸ਼ਟ ਲਈ ਅਨੁਸ਼ਾਸਨਾਤਮਕ ਡਰ ਅਤੇ ਪ੍ਰਕ੍ਰਿਤੀ ਤੋਂ ਨਿਡਰਤਾ ਅਤੇ

**अहिंसा समता तुष्टिस्तपो दानं यशोऽयश: ।**
**भवन्ति भावा भूतानां मत्त एव पृथग्विधा: ।।५ ।।**

ਅਹਿੰਸਾ ਅਰਥਾਤ ਆਪਣੇ ਆਤਮਾ ਨੂੰ ਅਧੋਗਤਿ ਵਿਚ ਨਾ ਪਹੁੰਚਾਉਣ ਦਾ ਆਚਰਣ, ਸਮਤਾ-ਜਿਸ ਵਿਚ ਵਿਸ਼ਮਤਾ ਨਾ ਹੋਵੇ, ਸੰਤੋਸ਼, ਮਨ ਸਮੇਤ ਇੰਦ੍ਰੀਆਂ ਨੂੰ ਲੱਖਸ਼ ਦੇ ਅਨੁਰੂਪ ਤਪਾਉਣਾ, ਦਾਨ ਅਰਥਾਤ ਸਭ ਕੁਝ ਸਮਰਪਣ, ਭਗਵਤ-ਮਾਰਗ ਵਿਚ ਮਾਨ-ਅਪਮਾਨ ਸਹਿਣਾ ਇਸ ਤਰ੍ਹਾਂ ਪ੍ਰਾਣੀਆਂ ਦੇ ਇਹ ਸਾਰੇ ਭਾਵ ਮੇਰੇ ਤੋਂ ਹੀ ਪੈਦਾ ਹੁੰਦੇ ਹਨ। ਇਹ ਸਾਰੇ ਭਾਵ ਦੈਵੀ-ਚਿੰਤਨ-ਵਿਧੀ ਦੇ ਲੱਛਣ ਹਨ। ਇਹਨਾਂ ਦਾ ਅਭਾਵ ਹੀ 'ਆਸੁਰੀ ਸੰਪੱਤੀ' ਹੈ।

**महर्षय: सप्त पूर्वे चत्वारो मनवस्तथा ।**
**मद्भावा मानसा जाता येषां लोक इमा: प्रजा: ।।६ ।।**

ਸੱਤਰਿਸ਼ੀ ਅਰਥਾਤ ਯੋਗ ਦੀਆਂ ਸੱਤ ਕ੍ਰਮਵਾਰ ਸਥਿਤੀਆਂ (ਸ਼ੁਭ ਇੱਛਾ, ਸੁਵਿਚਾਰ, ਤਨੁਮਾਨਸਾ, ਸੱਤ੍ਵਾਪੱਤੀ, ਅਸੰਸਕਤੀ, ਪਦਾਰਥਭਾਵਨਾ ਅਤੇ ਤੁਰਇਸਾ) ਅਤੇ ਇਹਨਾਂ ਦੇ ਅਨੁਰੂਪ ਅੰਤਰਮਨ ਦੇ ਚਾਰ ਰੂਪਾਂ (ਮਨ, ਬੁੱਧੀ, ਚਿੱਤ ਅਤੇ ਅਹੰਕਾਰ) ਅਤੇ ਇਹਨਾਂ ਦੇ ਅਨੁਰੂਪ ਮਨ, ਜੋ ਮੇਰੇ ਵਿਚ ਭਾਵ ਵਾਲਾ ਹੈ ਇਹ ਸਭ ਮੇਰੇ ਹੀ ਸੰਕਲਪ ਤੋਂ (ਮੇਰੀ ਪ੍ਰਾਪਤੀ ਦੇ ਸੰਕਲਪ ਤੋਂ ਅਤੇ ਜੋ ਮੇਰੀ ਹੀ ਪ੍ਰੇਰਣਾ ਨਾਲ ਹੁੰਦੇ ਹਨ। ਦੋਵੇਂ ਇਕ ਦੂਜੇ ਦੇ ਪੂਰਕ ਹਨ) ਪੈਦਾ ਹੁੰਦੇ ਹਨ।

ਇਸ ਸੰਸਾਰ ਵਿਚ ਇਹ (ਸਾਰੀ ਦੈਵੀ ਸੰਪੱਤੀ) ਇਹਨਾਂ ਦੀ ਹੀ ਪਰਜਾ ਹੈ। ਕਿਉਂਕਿ ਸੱਤ ਸਥਿਤੀਆਂ ਦੇ ਸੰਚਾਰ ਵਿਚ ''ਦੈਵੀ ਸੰਪੱਤੀ'' ਹੀ ਹੈ, ਹੋਰ ਕੁਝ ਨਹੀਂ।

**एतां विभूतिं योगं च मम यो वेत्ति तत्त्वत: ।**
**सोऽविकम्पेन योगेन युज्यते नात्र संशय: ।।७।।**

ਜੋ ਪੁਰਸ਼ ਯੋਗ ਦੀ ਅਤੇ ਮੇਰੀ ਉਪਰੋਕਤ ਸ਼੍ਰੇਸ਼ਠਤਾਵਾਂ ਨੂੰ ਪ੍ਰਤੱਖ ਦਰਸ਼ਨ ਰਾਹੀਂ ਜਾਣਦਾ ਹੈ, ਉਹ ਸਥਿਰ ਧਿਆਨ ਯੋਗ ਨਾਲ ਮੇਰੇ ਵਿਚ ਏਕਾਭਾਵ ਨਾਲ ਸਥਿਤ ਹੁੰਦਾ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਹੈ। ਜਿਸ ਤਰ੍ਹਾਂ ਵਾਯੂ ਰਹਿਤ ਥਾਂ ਵਿਚ ਰੱਖੇ ਦੀਵੇ ਦੀ ਲੌ ਸਿੱਧੀ ਜਾਂਦੀ ਹੈ, ਕੰਪਨ ਨਹੀਂ ਹੁੰਦਾ, ਯੋਗੀ ਦੇ ਜਿੱਤੇ ਹੋਏ ਚਿੱਤ ਦੀ ਇਹੋ ਪਰੀਭਾਸ਼ਾ ਹੈ। ਪ੍ਰਸਤੁਤ ਸ਼ਲੋਕ ਵਿਚ **'अविकम्पेन'** ਸ਼ਬਦ ਇਸੇ ਗੱਲ ਵਲ ਇਸ਼ਾਰਾ ਕਰਦਾ ਹੈ।

**अहं सर्वस्य प्रभवो मत्त: सर्वं प्रवर्तते ।**
**इति मत्वा भजन्ते मां बुधा भावसमन्विता: ।।८।।**

ਮੈਂ ਸਾਰੀ ਸ਼੍ਰਿਸ਼ਟੀ ਦੀ ਉਤਪੱਤੀ ਦਾ ਕਾਰਣ ਹਾਂ। ਮੇਰੇ ਤੋਂ ਹੀ ਸਾਰਾ ਜਗਤ ਹਰਕਤ ਕਰਦਾ ਹੈ। ਇਸ ਤਰ੍ਹਾਂ ਮੰਨਕੇ ਸ਼ਰਧਾ ਅਤੇ ਭਗਤੀ ਨਾਲ ਭਰਕੇ ਵਿਵੇਕੀਜਨ ਮੇਰਾ ਨਿਰੰਤਰ ਭਜਨ ਕਰਦੇ ਹਨ। ਭਾਵ ਇਹ ਹੈ ਕਿ ਯੋਗੀ ਦੁਆਰਾ ਮੇਰੇ ਅਨੁਰੂਪ ਜੋ ਪ੍ਰਵਿਰਤੀ ਹੁੰਦੀ ਹੈ, ਉਸਨੂੰ ਮੈਂ ਹੀ ਕਰਿਆ ਕਰਦਾ ਹਾਂ। ਉਹ ਮੇਰਾ ਹੀ ਪ੍ਰਸਾਦ ਹੈ। (ਕਿਵੇਂ ਹੈ? ਇਸਨੂੰ ਪਿੱਛੇ ਥਾਂ-ਥਾਂ ਤੇ ਦਸਿਆ ਗਿਆ ਹੈ) ਉਹ ਨਿਰੰਤਰ ਭਜਨ ਕਿਸ ਤਰ੍ਹਾਂ ਕਰਦੇ ਹਨ ? ਇਸਤੇ ਉਹ ਕਹਿੰਦੇ ਹਨ -

**मच्चित्ता मद्‌गतप्राणा बोधयन्त: परस्परम् ।**
**कथयन्तश्च मां नित्यं तुष्यन्ति च रमन्ति च ।।९।।**

ਹੋਰ ਕਿਸੇ ਵਲ ਧਿਆਨ ਨਾ ਦੇਕੇ ਮੇਰੇ ਵਿਚ ਨਿਰੰਤਰ ਚਿੱਤ ਨੂੰ ਲਗਾਉਣ ਵਾਲੇ, ਮੇਰੇ ਵਿਚ ਹੀ ਪ੍ਰਾਨ ਲਗਾਉਣ ਵਾਲੇ, ਸਦਾ ਪਰਸਪਰ ਮੇਰੀ ਪ੍ਰਕ੍ਰਿਆਵਾਂ ਦਾ ਬੋਧ ਕਰਦੇ ਹਨ। ਮੇਰਾ ਗੁਣ-ਗਾਨ ਕਰਦੇ ਹੋਏ ਹੀ ਸੰਤੁਸ਼ਟ ਹੁੰਦੇ ਹਨ ਅਤੇ ਨਿਰੰਤਰ ਮੇਰੇ ਵਿਚ ਹੀ ਰਹਿੰਦੇ ਹਨ।

**तेषां सततयुक्तानां भजतां प्रीतिपूर्वकम् ।**
**ददामि बुद्धियोगं तं येन मामुपयान्ति ते ।।१०।।**

ਨਿਰੰਤਰ ਮੇਰੇ ਧਿਆਨ ਵਿਚ ਲੱਗੇ ਹੋਏ ਅਤੇ ਪ੍ਰੇਮ ਨਾਲ ਸਿਮਰਨ ਕਰਨ ਵਾਲੇ ਉਹਨਾਂ ਭਗਤਾਂ ਨੂੰ ਮੈਂ ਉਹ ਬੁੱਧੀਯੋਗ ਅਰਥਾਤ ਯੋਗ ਵਿਚ ਪ੍ਰਵੇਸ਼ ਵਾਲੀ ਬੁੱਧੀ ਦੇਂਦਾ ਹਾਂ, ਜਿਸ ਨਾਲ ਉਹ ਮੈਨੂੰ ਪ੍ਰਾਪਤ ਹੁੰਦੇ ਹਨ, ਅਰਥਾਤ ਯੋਗ ਦੀ ਜਾਗ੍ਰਿਤੀ ਈਸ਼ਵਰ ਦੀ ਦੇਣ ਹੈ। ਉਹ ਅਵਿਅਕਤ ਪੁਰਸ਼, 'ਮਹਾਪੁਰਸ਼' ਯੋਗ ਵਿਚ ਪ੍ਰਵੇਸ਼ ਦਿਵਾਉਣ ਵਾਲੀ ਬੁੱਧੀ ਕਿਵੇਂ ਦੇਂਦਾ ਹੈ ?

**तेषामेवानुकम्पार्थमहमज्ञानजं तम : ।**
**नाशयाम्यात्मभावस्थो ज्ञानदीपेन भास्वता ।।११।।**

ਉਹਨਾਂ ਉੱਤੇ ਪੂਰੀ ਕਿਰਪਾ ਕਰਨ ਲਈ ਮੈਂ ਉਹਨਾਂ ਦੀ ਆਤਮਾ ਨਾਲ ਇਕ ਹੋਕੇ, ਰਥੀ ਹੋਕੇ, ਅਗਿਆਨ ਤੋਂ ਪੈਦਾ ਹੋਏ ਅੰਧਿਆਰੇ ਨੂੰ ਗਿਆਨਰੂਪੀ ਦੀਪਕ ਨਾਲ ਪ੍ਰਕਾਸ਼ਿਤ ਕਰਕੇ ਨਸ਼ਟ

ਕਰਦਾ ਹਾਂ। ਦਰਅਸਲ ਕਿਸੇ ਸਥਿਤਪ੍ਰਗਿਅ ਯੋਗੀ ਦੇ ਮਾਰਗ-ਦਰਸ਼ਨ ਰਾਹੀਂ ਜਦ ਤਕ ਉਹ ਪਰਮਾਤਮਾ ਤੁਹਾਡੇ ਆਤਮਾਂ ਤੋਂ ਹੀ ਜਾਗ੍ਰਿਤ ਹੋਕੇ ਪਲ-ਪਲ ਨਹੀਂ ਚਲਾਉਂਦਾ, ਰੋਕਥਾਮ ਨਹੀਂ ਕਰਦਾ, ਇਸ ਪ੍ਰਕ੍ਰਿਤੀ ਦੇ ਦਵੰਦ ਵਿਚੋਂ ਕੱਢਦੇ ਹੋਏ ਆਪ ਅੱਗੇ ਨਹੀਂ ਲੈ ਜਾਂਦਾ, ਤਦ ਤਕ ਅਸਲ ਵਿਚ ਭਜਨ ਆਰੰਭ ਹੀ ਨਹੀਂ ਹੁੰਦਾ।ਵੈਸੇ ਤਾਂ ਭਗਵਾਨ ਹਰ ਥਾਂ-ਹਰ ਪਾਸਿਉਂ ਬੋਲਣ ਲਗਦੇ ਹਨ, ਪਰ ਆਰੰਭ ਵਿਚ ਉਹ ਸਵਰੂਪ ਸਥਿਤ ਮਹਾਪੁਰਸ਼ ਰਾਹੀਂ ਹੀ ਬੋਲਦੇ ਹਨ। ਜੇ ਐਸਾ ਮਹਾਪੁਰਸ਼ ਤੁਹਾਨੂੰ ਪ੍ਰਾਪਤ ਨਹੀਂ ਹੈ ਤਾਂ ਪ੍ਰਭੂ ਤੁਹਾਡੇ ਨਾਲ ਸਾਫ਼-ਸਾਫ਼ ਨਹੀਂ ਬੋਲਣਗੇ।

ਇਸ਼ਟ, ਸਤਿਗੁਰੂ ਜਾਂ ਪਰਮਾਤਮਾ ਦਾ ਰਥੀ ਹੋਣਾ ਇੱਕੋ ਗੱਲ ਹੈ। ਸਾਧਕ ਦੇ ਆਤਮਾ ਤੋਂ ਜਾਗ੍ਰਿਤ ਹੋ ਜਾਣ ਤੇ ਉਹਨਾਂ ਦੇ ਨਿਰਦੇਸ਼ ਜਾਂ ਮਾਰਗ-ਦਰਸ਼ਨ ਚਾਰ ਤਰ੍ਹਾਂ ਨਾਲ ਮਿਲਦੇ ਹਨ। ਪਹਿਲਾਂ ਸਥੂਲ ਸਾਹ-ਸੰਬੰਧੀ ਅਨੁਭਵ ਹੁੰਦਾ ਹੈ। ਤੁਸੀਂ ਚਿੰਤਨ ਵਿਚ ਬੈਠੇ ਹੋ। ਕਦੋਂ ਤੁਹਾਡਾ ਮਨ ਲੱਗਣ ਵਾਲਾ ਹੈ? ਕਿੰਨੀ ਹੱਦ ਤਕ ਲੱਗ ਗਿਆ ਹੈ? ਕਦੋਂ ਮਨ ਦੌੜਨਾ ਚਾਹੁੰਦਾ ਹੈ? ਕਦੋਂ ਦੌੜ ਗਿਆ? ਇਸਨੂੰ ਹਰ ਪਲ, ਹਰ ਸੈਕਿੰਡ ਤੇ ਅੰਗ-ਥਰਕਣ ਰਾਹੀਂ ਸੂਚਿਤ ਕਰਦੇ ਹਨ। ਅੰਗਾਂ ਦਾ ਫੜਕਣਾ ਸਥੂਲ ਸਾਹ-ਸੰਬੰਧੀ ਅਨੁਭਵ ਹੈ, ਜੋ ਇਕ ਪਲ ਵਿਚ ਦੋ-ਚਾਰ ਥਾਵਾਂ ਤੇ ਇਕੱਠਾ ਆਉਂਦਾ ਹੈ ਅਤੇ ਤੁਹਾਡੇ ਵਿਕ੍ਰਿਤ ਹੋਣ ਤੇ ਮਿੰਟ-ਮਿੰਟ ਤੇ ਆਉਣ ਲਗੇਗਾ। ਇਹ ਸੰਕੇਤ ਤਦੋਂ ਆਏਗਾ ਜਦ ਇਸ਼ਟ ਦੇ ਸਵਰੂਪ ਨੂੰ ਤੁਸੀਂ ਪੂਰੀ ਏਕਾਗਰਤਾ ਨਾਲ ਪਕੜੋਗੇ, ਵਰਨਾ ਆਮ ਜੀਵਾਂ ਵਿਚ ਸੰਸਕਾਰਾਂ ਦੇ ਟਕਰਾਅ ਨਾਲ ਅੰਗ-ਥਰਕਣ ਹੁੰਦੀ ਰਹਿੰਦੀ ਹੈ, ਜਿਸਦਾ ਇਸ਼ਟ ਨਾਲ ਕੋਈ ਮਤਲਬ ਨਹੀਂ ਹੈ।

ਦੂਜਾ ਅਨੁਭਵ ਸ੍ਵਪਨਸੁਰਾ (ਸੁਪਨੇ ਵਿਚ ਸਾਹ) ਸੰਬੰਧੀ ਹੁੰਦਾ ਹੈ। ਆਮ ਮਨੁੱਖ ਆਪਣੀਆਂ ਵਾਸਨਾਵਾਂ ਨਾਲ ਸੰਬੰਧਿਤ ਸੁਪਨੇ ਵੇਖਦਾ ਹੈ, ਪਰ ਜਦੋਂ ਤੁਸੀਂ ਇਸ਼ਟ ਨੂੰ ਪਕੜ ਲਉਗੇ ਤਾਂ ਇਹ ਸੁਪਨਾ ਵੀ ਨਿਰਦੇਸ਼ ਵਿਚ ਬਦਲ ਜਾਏਗਾ। ਯੋਗੀ ਸੁਪਨਾ ਨਹੀਂ ਵੇਖਦਾ, ਹੋਣੀ ਨੂੰ ਵੇਖਦਾ ਹੈ।

ਉਪਰੋਕਤ ਦੋਵੇਂ ਅਨੁਭਵ ਆਰੰਭਕ ਹਨ, ਜੋ ਤੱਤ-ਸਥਿਤ ਮਹਾਪੁਰਸ਼ ਦੀ ਸਮੀਪਤਾ ਨਾਲ, ਮਨ ਵਿਚ ਉਹਨਾਂ ਲਈ ਸ਼ਰਧਾ ਰੱਖਣ ਮਾਤਰ ਨਾਲ, ਉਹਨਾਂ ਦੀ ਟੁੱਟੀ-ਫੁੱਟੀ ਸੇਵਾ ਕਰਨ ਨਾਲ ਵੀ ਜਾਗ੍ਰਿਤ ਹੋ ਜਾਂਦੇ ਹਨ, ਪਰ ਇਹਨਾਂ ਦੋਵਾਂ ਤੋਂ ਵੀ ਸੂਖਮ ਬਾਕੀ ਦੋ ਅਨੁਭਵ ਕ੍ਰਿਆਤਮਕ ਹਨ, ਜਿਨ੍ਹਾਂ ਨੂੰ ਕ੍ਰਿਆਤਮਕ ਰੂਪ ਨਾਲ ਕਰਕੇ ਹੀ ਪਾਇਆ ਜਾ ਸਕਦਾ ਹੈ।

ਤੀਜਾ ਅਨੁਭਵ ਸੁਸ਼ੁਪਤੀ ਸੁਰਾ ਸੰਬੰਧੀ ਹੁੰਦਾ ਹੈ। ਸੰਸਾਰ ਵਿਚ ਸਭ ਸੌਂਦੇ ਹੀ ਤਾਂ ਰਹਿੰਦੇ ਹਨ। ਮੋਹ-ਨਿਸ਼ਾ ਵਿਚ ਸਾਰੇ ਅਚੇਤ ਪਏ ਹਨ। ਰਾਤ-ਦਿਨ ਜੋ ਕੁਝ ਕਰਦੇ ਹਾਂ, ਸੁਪਨਾ ਹੀ ਤਾਂ ਹੈ। ਇੱਥੇ ਸੁਸ਼ੁਪਤੀ ਦਾ ਸ਼ੁੱਧ ਅਰਥ ਹੈ, ਜਦੋਂ ਪਰਮਾਤਮਾ ਦੇ ਚਿੰਤਨ ਦੀ ਐਸੀ ਡੋਰ ਲੱਗ ਜਾਏ ਕਿ ਸੁਰਤ (ਖ਼ਿਆਲ) ਇਕਦਮ ਸਥਿਰ ਹੋ ਜਾਏ, ਸਰੀਰ ਜਾਗਦਾ ਰਹੇ ਤੇ ਮਨ ਸੌਂ ਜਾਏ। ਐਸੀ ਅਵਸਥਾ ਵਿਚ ਉਹ ਇਸ਼ਟਦੇਵ ਫੇਰ ਆਪਣਾ ਇਕ ਸੰਕੇਤ ਦੇਣਗੇ। ਯੋਗ ਦੀ ਅਵਸਥਾ ਦੇ ਅਨੁਰੂਪ ਇਕ ਰੂਪਕ (ਦ੍ਰਿਸ਼) ਆਉਂਦਾ ਹੈ ਜੋ ਸਹੀ ਦਿਸ਼ਾ ਤੋਂ, ਭੂਤ-ਭਵਿੱਖ ਤੋਂ ਵਾਕਫ਼ ਕਰਾਉਂਦਾ ਹੈ। 'ਪੂਜਯ ਮਾਹਾਰਾਜ ਜੀ' ਕਿਹਾ ਕਰਦੇ ਸਨ ਕਿ, ''ਡਾਕਟਰ ਜਿਵੇਂ ਬੇਹੋਸ਼ੀ ਦੀ ਦਵਾਈ ਦੇਕੇ, ਉਚਿਤ ਇਲਾਜ ਕਰਕੇ ਹੋਸ਼ ਵਿਚ ਲਿਆਉਂਦਾ ਹੈ, ਉਸੇ ਤਰ੍ਹਾਂ ਭਗਵਾਨ ਵੀ ਦਸ ਦੇਂਦੇ ਹਨ।''

ਚੌਥਾ ਅਤੇ ਅੰਤਿਮ ਅਨੁਭਵ ਸਮਸੁਰਾ ਸੰਬੰਧੀ ਹੈ। ਜਿਸ ਵਿਚ ਤੁਸੀਂ ਸੁਰਤ ਲਗਾਈ ਸੀ, ਉਸ ਪਰਮਾਤਮਾ ਨਾਲ ਸਮਤਾ ਮਿਲ ਗਈ, ਉਸ ਤੋਂ ਬਾਅਦ ਉਠਦੇ-ਬੈਠਦੇ, ਚਲਦੇ-ਫਿਰਦੇ, ਹਰ ਥਾਂ ਤੋਂ ਉਸਨੂੰ ਅਨੁਭੂਤੀ ਹੋਣ ਲਗਦੀ ਹੈ। ਇਹ ਯੋਗੀ ਤ੍ਰਿਕਾਲ-ਦਰਸ਼ੀ ਹੁੰਦਾ ਹੈ। ਇਹ

ਅਨੁਭਵ ਤਿੰਨਾ ਕਾਲਾਂ ਤੋਂ ਪਰੇ ਅਵਿਅਕਤ ਸਥਿਤੀ ਵਾਲੇ ਮਹਾਪੁਰਸ਼ ਆਤਮਾ ਤੋਂ ਜਾਗ੍ਰਿਤ ਹੋਕੇ, ਅਗਿਆਨਮਈ ਹਨੇਰੇ ਨੂੰ ਗਿਆਨ-ਦੀਪਕ ਨਾਲ ਨਸ਼ਟ ਕਰਕੇ ਪ੍ਰਾਪਤ ਕਰਦੇ ਹਨ। ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ

**ਅਰਜੁਨ ਉਵਾਚ –**

**परं ब्रह्म परं धाम पवित्रं परमं भवान्।**
**पुरुषं शाश्वतं दिव्यमादिदेवमजं विभुम्।।१२।।**

**आहुस्त्वामृषयः सर्वे देवर्षिर्नारदस्तथा।**
**असितो देवलो व्यासः स्वयं चैव ब्रवीषि मे।।१३।।**

ਭਗਵਨ! ਆਪ ਪਰਬ੍ਰਹਮ, ਪਰਮਧਾਮ ਤੇ ਪਰਮ ਪਵਿਤ੍ਰ ਹੋ, ਕਿਉਂਕਿ ਤੁਸੀਂ ਸਾਰੇ ਰਿਸ਼ੀਜਨ ਸਨਾਤਨ, ਦਿੱਵ ਪੁਰਸ਼, ਦੇਵਾਂ ਦਾ ਵੀ ਆਦਿ ਦੇਵ, ਅਜਨਮਾ ਅਤੇ ਸਰਬ ਵਿਆਪੀ ਕਹਿੰਦੇ ਹਨ। ਪਰਮ ਪੁਰਸ਼, ਪਰਮਧਾਮ ਦਾ ਪਰਿਆਇ ਦਿੱਵਯ ਪੁਰਸ਼, ਅਜਨਮਾ ਆਦਿ ਸ਼ਬਦ ਹਨ। ਦੇਵਰਿਸ਼ੀ ਨਾਰਦ, ਅਸਿਤ, ਦੇਵਲ, ਵਿਆਸ ਅਤੇ ਖ਼ੁਦ ਤੁਸੀਂ ਵੀ ਇਹੋ ਕਹਿੰਦੇ ਹੋ। ਅਰਥਾਤ ਪਹਿਲੇ ਭੂਤਕਾਲ ਦੇ ਮਹਾਰਿਸ਼ੀ ਕਹਿੰਦੇ ਸਨ ਤੇ ਹੁਣ ਵਰਤਮਾਨ ਸਮੇਂ ਵਿਚ, ਅਰਜੁਨ ਦੇ ਸਮਕਾਲੀ ਨਾਰਦ, ਦੇਵਲ, ਅਸਿਤ ਤੇ ਵਿਆਸ ਵੀ ਕਹਿੰਦੇ ਹਨ (ਅਰਜੁਨ ਨੂੰ ਸਤਿਪੁਰਸ਼ਾਂ ਦੀ ਸੰਗਤ ਪ੍ਰਾਪਤ ਸੀ)। ਤੇ ਤੁਸੀਂ ਆਪ ਵੀ ਇਹੋ ਕਹਿੰਦੇ ਹੋ। ਇਸ ਲਈ –

**सर्वमेतदृतं मन्ये यन्मां वदसि केशव।**
**न हि ते भगवव्यक्तिं विदुर्देवा न दानवाः।।१४।।**

ਹੇ ਕੇਸ਼ਵ! ਜੋ ਕੁਝ ਵੀ ਆਪ ਮੇਰੇ ਲਈ ਕਹਿ ਰਹੇ ਹੋ ਉਹ ਸਭ ਮੈਂ ਸੱਚ ਮੰਨਦਾ ਹਾਂ। ਤੁਹਾਡੇ ਵਿਅਕਤਿੱਤਵ ਨੂੰ ਨਾ ਦੇਵਤਾ ਜਾਣਦੇ ਹਨ, ਨਾ ਦਾਨਵ।

**स्वयमेवात्मनात्मानं वेत्थ त्वं पुरुषोत्तम।**
**भूतभावन भूतेश देवदेव जगत्पते।।१५।।**

ਹੇ ਜੀਵਾਂ (ਪ੍ਰਾਣੀਆਂ) ਨੂੰ ਪੈਦਾ ਕਰਨ ਵਾਲੇ! ਹੇ ਜੀਵਾਂ ਦੇ ਈਸ਼ਵਰ! ਹੇ ਦੇਵ-ਦੇਵ! ਹੇ ਜਗਤ ਦੇ ਸੁਵਾਮੀ! ਹੇ ਪੁਰਸ਼ਾਂ ਵਿਚ ਉੱਚਤਮ! ਸੂਯਮ ਤੁਸੀਂ ਹੀ ਖ਼ੁਦ ਨੂੰ ਜਾਣਦੇ ਹੋ ਜਾਂ ਜਿਸਦੀ ਆਤਮਾ ਵਿਚ ਜਾਗ੍ਰਿਤ ਹੋਕੇ ਤੁਸੀਂ ਜਾਣੂ ਕਰਾਉਂਦੇ ਹੋ ਉਹ ਜਾਣਦਾ ਹੈ। ਉਹ ਵੀ ਤੁਹਾਡੇ ਦੁਆਰਾ ਤੁਹਾਡਾ ਜਾਣਨਾ ਹੀ ਹੋਇਆ। ਇਸ ਲਈ –

**वक्तुमर्हस्यशेषेण दिव्या ह्यात्मविभूतयः।**
**याभिर्विभूतिभिर्लोकानिमांस्त्वं व्याप्य तिष्ठसि।।१६।।**

ਤੁਸੀਂ ਹੀ ਆਪਣੀਆਂ ਉਹਨਾਂ ਦਿੱਵਯ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਨੂੰ, ਪੂਰੀ ਤਰ੍ਹਾਂ, ਰੱਤੀ ਭਰ ਵੀ ਬਾਕੀ ਨਾ ਛੱਡਕੇ ਕਹਿਣ ਵਿਚ ਸਮਰੱਥ ਹੋ, ਜਿਨ੍ਹਾਂ ਵਿਭੂਤੀਆਂ ਰਾਹੀਂ ਤੁਸੀਂ ਇਹਨਾਂ ਸਾਰੇ ਲੋਕਾਂ ਨੂੰ ਵਿਆਪਤ ਕਰਕੇ ਸਥਿਤ ਹੋ।

**कथं विद्यामहं योगिंस्त्वां सदा परिचिन्तयन्।**
**केषु केषु च भावेषु चिन्त्योऽसि भगवन्मया।।१७।।**

ਹੇ ਯੋਗੀ! (ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ) ਮੈਂ ਕਿਸ ਤਰ੍ਹਾਂ ਨਿਰੰਤਰ ਚਿੰਤਨ ਕਰਦਾ ਹੋਇਆ ਤੁਹਾਨੂੰ ਜਾਣਾਂ ਅਤੇ ਹੇ ਭਗਵਨ! ਮੈਂ ਕਿਹੜੇ-ਕਿਹੜੇ ਭਾਵ ਨਾਲ ਤੁਹਾਡਾ ਸਿਮਰਨ ਕਰਾਂ?

**विस्तरेणात्मनो योगं विभूतिं च जनार्दन।**
**भूय: कथय तृप्तिर्हि श्रृण्वतो नास्ति मेऽमृतम्।।१८।।**

ਹੇ ਜਨਾਰਦਨ! ਤੁਸੀਂ ਯੋਗ-ਸ਼ਕਤੀ ਨੂੰ ਅਤੇ ਯੋਗ ਦੀ ਵਿਭੂਤੀ ਨੂੰ ਫੇਰ ਤੋਂ ਵਿਸਤਾਰ ਨਾਲ ਦੱਸੋ। ਸੰਖੇਪ ਵਿਚ ਤਾਂ ਇਸੇ ਅਧਿਆਇ ਦੇ ਸ਼ੁਰੂ ਵਿਚ ਹੀ ਕਿਹਾ ਹੈ। ਫੇਰ ਕਹੋ, ਕਿਉਂਕਿ ਅੰਮ੍ਰਿਤ-ਤੱਤ ਨੂੰ ਦਸਣ ਵਾਲੇ ਇਹਨਾਂ ਵਚਨਾਂ ਨੂੰ ਸੁਣ-ਸੁਣ ਕੇ ਵੀ ਮੇਰੀ ਤ੍ਰਿਪਤੀ ਨਹੀਂ ਹੁੰਦੀ।

**राम चरित जे सुनत अघाहिं।**
**रस विशेष जाना तिन्ह नाहीं।।**

(ਰਾਮਚਰਿਤਮਾਨਸ 7/52/2 )

ਜਦ ਤਕ ਪ੍ਰਵੇਸ਼ ਨਹੀਂ ਮਿਲ ਜਾਂਦਾ ਤਦ ਤਕ ਉਸ ਅੰਮ੍ਰਿਤ-ਤੱਤ ਨੂੰ ਜਾਣਨ ਦੀ ਪਿਪਾਸਾ ਬਣੀ ਰਹਿੰਦੀ ਹੈ। ਜੇ ਪ੍ਰਵੇਸ਼ ਤੋਂ ਪਹਿਲਾਂ ਰਸਤੇ ਵਿਚ ਹੀ ਕੋਈ ਇਹ ਸੋਚਕੇ ਬਹਿ ਗਿਆ ਕਿ ਬਹੁਤ ਜਾਣ ਲਿਆ, ਤਾਂ ਉਸਨੇ ਨਹੀਂ ਜਾਣਿਆ। ਸਿੱਧ ਹੈ ਕਿ ਉਸਦਾ ਰਸਤਾ ਬੰਦ ਹੋਣਾ ਚਾਹੁੰਦਾ ਹੈ। ਇਸ ਲਈ ਸਾਧਕ ਨੂੰ ਪੂਰਨਤਾਕਾਲ ਤਕ ਇਸ਼ਟ ਦੇ ਮਾਰਗ-ਦਰਸ਼ਨ ਨੂੰ ਪਕੜਦੇ ਰਹਿਣਾ ਚਾਹੀਦਾ ਹੈ ਅਤੇ ਉਸਨੂੰ ਆਚਰਣ ਵਿਚ ਢਾਲਣਾ ਚਾਹੀਦਾ ਹੈ। ਅਰਜੁਨ ਦੀ ਇਸ ਜਿਗਿਆਸਾ ਉਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ

**ਸ਼੍ਰੀ ਭਗਵਾਨ ਉਵਾਚ –**

**हन्त ते कथयिष्यामि दिव्या ह्यात्मविभूतय:।**
**प्राधान्यत: कुरुश्रेष्ठ नास्त्यन्तो विस्तरस्य मे।।१९।।**

ਕੁਰੂ ਸ਼੍ਰੇਸ਼ਠ ਅਰਜੁਨ! ਹੁਣ ਮੈਂ ਆਪਣੀਆਂ ਦਿੱਵਯ ਵਿਭੂਤੀਆਂ ਨੂੰ, ਉਹਨਾਂ ਵਿਚੋਂ ਪ੍ਰਮੁੱਖ ਵਿਭੂਤੀਆਂ ਨੂੰ ਤੇਰੇ ਲਈ ਦਸਾਂਗਾ, ਕਿਉਂਕਿ ਮੇਰੀਆਂ ਵਿਭੂਤੀਆਂ ਦੇ ਵਿਸਤਾਰ ਦਾ ਅੰਤ ਨਹੀਂ ਹੈ।

**अहमात्मा गुडाकेश सर्वभूताशयस्थित:।**
**अहमादिश्च मध्यं च भूतानामन्त एव च।।२०।।**

ਅਰਜੁਨ! ਮੈਂ ਸਾਰੇ ਜੀਵਾਂ ਦੇ ਹਿਰਦੇ ਵਿਚ ਸਥਿਤ ਸਭਦੀ ਆਤਮਾ ਹਾਂ ਅਤੇ ਸਾਰੇ ਜੀਵਾਂ ਦਾ ਆਦਿ, ਮੱਧ ਅਤੇ ਅੰਤ ਵੀ ਮੈਂ ਹੀ ਹਾਂ ਅਰਥਾਤ ਜਨਮ-ਮਰਨ ਤੇ ਜੀਵਨ ਵੀ ਮੈਂ ਹੀ ਹਾਂ।

**आदित्यानामहं विष्णुर्ज्योतिषां रविरंशुमान्।**
**मरीचिर्मरुतामस्मि नक्षत्राणामहं शशी।।२१।।**

ਮੈਂ ਅਦਿਤੀ ਦੇ ਬਾਰਾਂ ਪੁੱਤਰਾਂ ਵਿਚ ਵਿਸ਼ਨੂ ਅਤੇ ਜਿਓਤੀਆਂ ਵਿਚ ਸੂਰਜ ਹਾਂ। ਵਾਯੂ ਦੇ ਭੇਦਾਂ ਵਿਚ ਮੈਂ ਮਰੀਚਿ ਨਾਮਕ ਵਾਯੂ ਅਤੇ ਗ੍ਰਹਿ-ਨਛੱਤਰਾਂ ਵਿਚ ਚੰਦ੍ਰਮਾ ਹਾਂ।

**वेदानां सामवेदोऽस्मि देवानामस्मि वासवः।**
**इंद्रियाणां मनश्चास्मि भूतानामस्मि चेतना।।२२।।**

ਵੇਦਾਂ ਵਿਚ ਮੈਂ ਸਾਮਵੇਦ ਅਰਥਾਤ ਸੰਪੂਰਣ ਸਮੱਤਵ ਦਿਵਾਉਣ ਵਾਲਾ ਗਾਇਨ ਹਾਂ। ਦੇਵਾਂ ਵਿਚ ਮੈਂ ਉਹਨਾਂ ਦਾ ਅਧਿਪਤੀ (ਨਾਯਕ) ਇੰਦ੍ਰ ਹਾਂ ਅਤੇ ਇੰਦ੍ਰੀਆਂ ਵਿਚ ਮਨ ਹਾਂ, ਕਿਉਂਕਿ ਮਨ ਦੇ ਨਿਯੰਤ੍ਰਣ ਨਾਲ ਹੀ ਮੈਂ ਜਾਣਿਆ ਜਾਂਦਾ ਹਾਂ ਅਤੇ ਪ੍ਰਾਣੀਆਂ ਵਿਚ ਮੈਂ ਉਹਨਾਂ ਦੀ ਚੇਤਨਾ ਹਾਂ।

**रुद्राणां शंकरश्चास्मि वित्तेशो यक्षरक्षसाम्।**
**वसूनां पावकश्चास्मि मेरुः शिखरिणामहम्।।२३।।**

ਗਿਆਰਾਂ ਰੁਦ੍ਰਾਂ ਵਿਚ ਮੈਂ ਸ਼ੰਕਰ ਹਾਂ। ਸ਼ੰਕ + ਅਰ ਅਰਥਾਤ ਸ਼ੰਕਾਵਾਂ ਤੋਂ ਪਰੇ ਵਾਲੀ ਅਵਸਥਾ ਵਿਚ ਹਾਂ। ਯੱਕਸ਼ ਅਤੇ ਰਾਖਸ਼ਾਂ ਵਿਚ ਮੈਂ ਧਨ ਦਾ ਸੁਵਾਮੀ ਕੁਬੇਰ ਹਾਂ। ਅੱਠ ਵਸੂਆਂ ਵਿਚ ਮੈਂ ਅਗਨੀ ਅਤੇ ਸ਼ਿਖਰ ਵਾਲਿਆਂ ਵਿਚ ਸੁਮੇਰ ਅਰਥਾਤ ਸ਼ੁਭਾਂ ਦਾ ਮੇਲ ਮੈਂ ਹਾਂ। ਉਹੀ (ਪਰਮਾਤਮਾ) ਸਭ ਤੋਂ ਉੱਚਾ ਸ਼ਿਖਰ ਹੈ, ਨਾ ਕਿ ਕੋਈ ਪਹਾੜ। ਦਰਅਸਲ ਇਹ ਸਭ ਯੋਗ-ਸਾਧਨਾ ਦੇ ਪ੍ਰਤੀਕ ਹਨ, ਯੌਗਿਕ ਸ਼ਬਦ ਹਨ।

**पुरोधसां च मुख्यं मां विद्धि पार्थ बृहस्पतिम्।**
**सेनानीनामहं स्कन्दः सरसामस्मि सागरः।।२४।।**

ਪੁਰ (ਨਗਰੀ, ਪਿੰਡ ਜਾਂ ਸ਼ਹਿਰ) ਦੀ ਰੱਖਿਆ ਕਰਨ ਵਾਲੇ ਪੁਰੋਹਿਤਾਂ ਵਿਚੋਂ ਮੈਨੂੰ ਬ੍ਰਹਿਸਪਤੀ ਹੀ ਜਾਣ, ਜਿਸ ਰਾਹੀਂ ਦੈਵੀ ਸੰਪੱਤੀ ਦਾ ਸੰਚਾਰ ਹੁੰਦਾ ਹੈ, ਅਤੇ ਹੇ ਪਾਰਥ! ਸੈਨਾਪਤੀਆਂ ਵਿਚ ਮੈਂ ਸੁਵਾਮੀ ਕਾਰਤਿਕੇਅ ਹਾਂ। ਕਰਮ ਦਾ ਤਿਆਗ ਹੀ ਕਾਰਤਿਕ ਹੈ, ਜਿਸ ਨਾਲ ਚਲ-ਅਚਲ ਦਾ ਸੰਘਾਰ, ਪਰਲੋ ਅਤੇ ਇਸ਼ਟ ਦੀ ਪ੍ਰਾਪਤੀ ਹੁੰਦੀ ਹੈ। ਜਲਾਸ਼ਿਆਂ (ਜਲ-ਭੰਡਾਰਾਂ) ਵਿਚ ਮੈਂ ਸਮੁੰਦਰ ਹਾਂ।

**महर्षीणां भृगुरहं गिरामस्म्येकमक्षरम् ।**
**यज्ञानां जपयज्ञोऽस्मि स्थावराणां हिमालयः।।२५।।**

ਮਹਾਰਿਸ਼ੀਆਂ ਵਿਚ ਮੈਂ ਭ੍ਰਿਗੁ ਹਾਂ ਅਤੇ ਵਾਣੀ ਵਿਚ ਇਕ ਅਖਸ਼ਰ (ਅੱਖਰ) 'ਓਮ' ਕਾਰ ਹਾਂ, ਜੋ ਉਸ ਬ੍ਰਹਮ ਦਾ ਪ੍ਰਤੀਕ ਹੈ। ਸਾਰੇ ਯੱਗਾਂ ਵਿਚ ਮੈਂ ਜੱਪ-ਯੱਗ ਹਾਂ। ਯੱਗ ਪਰਮੇਸ਼ਵਰ ਵਿਚ ਪ੍ਰਵੇਸ਼ ਦਿਵਾਉਣ ਵਾਲੀ ਆਰਾਧਨਾ ਦੀ ਵਿਧੀ ਵਿਸ਼ੇਸ਼ ਹੈ। ਜਿਸਦਾ ਸਾਰਾਂਸ਼ ਹੈ ਸਵਰੂਪ ਦਾ ਸਿਮਰਨ ਅਤੇ ਨਾਮ ਦਾ ਜਾਪ। ਦੋ ਵਾਣੀਆਂ ਤੋਂ ਪਾਰ ਹੋ ਜਾਣ ਤੇ ਨਾਮ ਜਦੋਂ ਯੱਗ ਦੀ ਸ਼੍ਰੇਣੀ ਵਿਚ ਆਉਂਦਾ ਹੈ ਤਾਂ ਵਾਣੀ ਨਾਲ ਨਹੀਂ ਜਪਿਆ ਜਾਂਦਾ, ਨਾ ਚਿੰਤਨ ਨਾਲ ਨਾ ਕੰਠ ਨਾਲ, ਸਗੋਂ ਉਹ ਸੁਆਸ ਵਿਚ ਜਾਗ੍ਰਿਤ ਹੋ ਜਾਂਦਾ ਹੈ। ਕੇਵਲ ਸੁਰਤ ਨੂੰ ਸੁਆਸ ਦੇ ਨਾਲ ਲਗਾਕੇ, ਏਕਾਗਰ ਮਨ ਨਾਲ ਚਲਣਾ ਮਾਤਰ ਪੈਂਦਾ ਹੈ। ਯੱਗ ਦੀ ਸ਼੍ਰੇਣੀ ਵਾਲੇ ਨਾਮ ਦਾ ਉਤਾਰ-ਚੜ੍ਹਾਅ ਸੁਆਸ ਉਤੇ ਨਿਰਭਰ ਹੈ। ਇਹ ਕ੍ਰਿਆਤਮਕ ਹੈ। ਸਥਿਰ ਰਹਿਣ ਵਾਲਿਆਂ ਵਿਚ ਮੈਂ ਹਿਮਾਲਿਆ ਹਾਂ। ਜੋ ਸ਼ੀਤਲ, ਸਮ ਅਤੇ ਅਚਲ ਇਕਮਾਤਰ ਪਰਮਾਤਮਾ ਦਾ ਰੂਪ ਹੈ। ਜਦ ਪਰਲੋ ਹੋਈ, ਤਾਂ ਮਨੂ ਨੇ ਉਸੇ ਸ਼ਿਖਰ ਦਾ ਆਸਰਾ ਲਿਆ। ਅਚਲ, ਸਮ ਅਤੇ ਸ਼ਾਂਤ ਬ੍ਰਹਮ ਲਈ ਪਰਲੋ ਨਹੀਂ ਹੁੰਦੀ। ਉਸ ਬ੍ਰਹਮ ਦੀ ਪਕੜ ਮੈਂ ਹਾਂ।

**अश्वत्थ: सर्ववृक्षाणां देवर्षीणां च नारद: ।**
**गन्धर्वाणां चित्ररथ: सिद्धानां कपिलो मुनि: ।।२६ ।।**

ਸਾਰੇ ਦਰਖਤਾਂ ਵਿਚ ਮੈਂ ਅਸ਼ਵੱਥ ਹਾਂ। **'अश्व:'**– ਕੱਲ੍ਹ ਤਕ ਵੀ ਜਿਸਦੇ ਰਹਿਣ ਦੀ ਗਾਰੰਟੀ ਨਹੀਂ ਦਿਤੀ ਜਾ ਸਕਦੀ, ਐਸਾ **'ऊर्ध्वमूलध: शाखम् अश्वत्थ'**– ਉੱਪਰ ਪਰਮਾਤਮਾ ਜਿਸਦਾ ਮੂਲ (ਜੜ) ਹੈ, ਹੇਠਾਂ ਪ੍ਰਕ੍ਰਿਤੀ ਜਿਸ ਦੀਆਂ ਸ਼ਾਖਾਂ ਹਨ, ਐਸਾ ਸੰਸਾਰ ਰੂਪੀ ਇਕ ਦਰਖਤ ਹੈ, ਜਿਸਨੂੰ ਪਿੱਪਲ ਆਖਿਆ ਗਿਆ ਹੈ। ਆਮ ਪਿੱਪਲ ਦਾ ਦਰਖਤ ਨਹੀਂ ਕਿ ਪੂਜਾ ਕਰਨ ਲੱਗੋ। ਇਸੇਤੇ ਕਹਿੰਦੇ ਹਨ ਕਿ ਉਹ ਮੈਂ ਹਾਂ ਅਤੇ ਦੇਵ–ਰਿਸ਼ੀਆਂ ਵਿਚ ਮੈਂ ਨਾਰਦ ਹਾਂ। **'नाद रंध: स नारद'**– ਅਰਥਾਤ ਦੈਵੀ ਸੰਪੱਤੀ ਏਨ੍ਹੀਂ ਸੂਖਮ ਹੋ ਗਈ ਕਿ ਸ੍ਵਰ ਵਿਚ ਉਠਣ ਵਾਲੀ ਧੁਨੀ (ਨਾਦ) ਪਕੜ ਵਿਚ ਆ ਜਾਏ, ਐਸੀ ਜਾਗ੍ਰਿਤੀ ਮੈਂ ਹਾਂ। ਗੰਧਰਵਾਂ ਵਿਚ ਮੈਂ ਚਿਤ੍ਰਰਥ ਹਾਂ, ਅਰਥਾਤ ਗਾਇਨ (ਚਿੰਤਨ) ਕਰਨ ਵਾਲੀਆਂ ਪ੍ਰਵਿਰਤੀਆਂ ਵਿਚ ਜਦੋਂ ਸਵਰੂਪ ਚਿਤ੍ਰਿਤ ਹੋਣ ਲਗੇ, ਉਹ ਅਵਸਥਾ ਵਿਸ਼ੇਸ਼ ਮੈਂ ਹਾਂ। ਸਿੱਧਾਂ ਵਿਚ ਮੈਂ ਕਪਿਲ ਮੁਨੀ ਹਾਂ। 'ਕਾਇਆ' ਹੀ ਕਪਿਲ ਹੈ, ਇਸ ਵਿਚ ਜਦੋਂ ਲਵ (ਲੌ) ਲੱਗ ਜਾਏ, ਉਸ ਈਸ਼ਵਰੀ ਸੰਚਾਰ ਦੀ ਅਵਸਥਾ ਮੈਂ ਹਾਂ।

**उच्चै:श्रवसमश्वानां विद्धि माममृतोद्भवम् ।**
**ऐरावतं गजेन्द्राणां नराणां च नराधिपम् ।।२७ ।।**

ਘੋੜਿਆਂ ਵਿਚ ਮੈਂ ਅੰਮ੍ਰਿਤ ਤੋਂ ਪੈਦਾ ਹੋਣ ਵਾਲਾ ਉੱਚੈਸ਼੍ਰਵਾ ਨਾਮਕ ਘੋੜਾ ਹਾਂ। ਦੁਨੀਆਂ ਵਿਚ ਹਰ ਚੀਜ਼ ਨਾਸ਼ਵਾਨ ਹੈ। ਆਤਮਾ ਹੀ ਅਜਰ–ਅਮਰ, ਅੰਮ੍ਰਿਤ ਸਵਰੂਪ ਹੈ। ਇਸ ਅੰਮ੍ਰਿਤ ਸਵਰੂਪ ਨਾਲ ਜਿਸਦਾ ਸੰਚਾਰ ਹੈ, ਉਹ ਘੋੜਾ ਮੈਂ ਹਾਂ। ਘੋੜਾ ਗਤਿ ਜਾਂ ਰਫ਼ਤਾਰ ਦਾ ਪ੍ਰਤੀਕ ਹੈ। ਆਤਮਤੱਤ ਨੂੰ ਗ੍ਰਹਿਣ ਕਰਨ ਵਿਚ ਮਨ ਜਦ ਉਸ ਪਾਸੇ ਗਤਿ ਪਕੜਦਾ ਹੈ ਘੋੜਾ ਹੈ, ਐਸੀ ਗਤਿ ਮੈਂ ਹਾਂ। ਹਾਥੀਆਂ ਵਿਚ ਐਰਾਵਤ ਨਾਮਕ ਹਾਥੀ ਮੈਂ ਹਾਂ। ਮਨੁੱਖਾਂ ਵਿਚ ਰਾਜਾ ਮੈਨੂੰ ਜਾਣ। ਦਰਅਸਲ ਮਹਾਪੁਰਸ਼ ਹੀ ਰਾਜਾ ਹੈ, ਜਿਸਦੇ ਕੋਲ ਅਭਾਵ ਨਹੀਂ ਹੈ।

**आयुधानामहं वज्रं धेनूनामस्मि कामधुक्।**
**प्रजनश्चास्मि कन्दर्प: सर्पाणामस्मि वासुकि: ।।२८ ।।**

ਸ਼ਸਤ੍ਰਾਂ ਵਿਚ ਮੈਂ ਵਜ੍ਰ ਹਾਂ। ਗਊਆਂ ਵਿਚ ਕਾਮਧੇਨੁ ਹਾਂ। ਕਾਮਧੇਨੁ ਕੋਈ ਐਸੀ ਗਊ ਨਹੀਂ ਹੈ, ਜੋ ਦੁੱਧ ਦੀ ਜਗ੍ਹਾ ਤੇ ਮਨਚਾਹਾ ਭੋਜਨ–ਵਿਅੰਜਨ ਪਰੋਸਦੀ ਹੋਵੇ। ਰਿਸ਼ੀਆਂ ਵਿਚ ਵਸ਼ਿਸ਼ਠ ਦੇ ਕੋਲ ਕਾਮਧੇਨੁ ਸੀ। ਦਰਅਸਲ 'ਗੋ' (ਗਊ) ਇੰਦ੍ਰੀਆਂ ਨੂੰ ਕਹਿੰਦੇ ਹਨ। ਇੰਦ੍ਰੀਆਂ ਦਾ ਸੰਜਮਿਤ ਹੋਣਾ ਇਸ਼ਟ ਨੂੰ ਵੱਸ ਵਿਚ ਰੱਖਣ ਵਾਲੇ ਦਾ ਗੁਣ ਹੈ। ਜਿਸ ਦੀਆਂ ਇੰਦ੍ਰੀਆਂ ਈਸ਼ਵਰ ਦੇ ਅਨੁਰੂਪ ਸਥਿਰ ਹੋ ਜਾਂਦੀਆਂ ਹਨ, ਉਸਦੇ ਲਈ ਉਸੇ ਦੀਆਂ ਇੰਦ੍ਰੀਆਂ 'ਕਾਮਧੇਨੁ' ਬਣ ਜਾਂਦੀਆਂ ਹਨ। ਫੇਰ ਤਾਂ 'ਜੋ ਇੱਛਾ ਕਰਿਅਹੁ ਮਨ ਮਾਹੀਂ। ਹਰਿ ਪ੍ਰਸਾਦ ਕਛੁ ਦੁਰਲਭ ਨਾਹੀਂ' (ਰਾਮਚਰਿਤਮਾਨਸ 7/113/4)। ਉਸਦੇ ਲਈ ਕੁਝ ਵੀ ਦੁਰਲਭ ਨਹੀਂ ਰਹਿੰਦਾ। ਪ੍ਰਜਣਨ ਕਰਨ ਵਾਲਿਆਂ ਵਿਚ ਮੈਂ ਨਵੀਆਂ ਸਥਿਤੀਆਂ ਨੂੰ ਪ੍ਰਗਟ ਕਰਨ ਵਾਲਾ ਹਾਂ। ਪ੍ਰਜਣਨ ਯਾਨੀ ਇਕ ਤਾਂ ਔਲਾਦ ਪੈਦਾ ਕੀਤੀ ਜਾਂਦੀ ਹੈ। ਚਲ–ਅਚਲ ਵਿਚ ਰਾਤ–ਦਿਨ ਇਹ ਪੈਦਾਇਸ਼ ਲੱਗੀ ਹੋਈ ਹੈ, ਚੂਹੇ–ਬਿੱਲੀਆਂ, ਮੱਛਰ–ਮੱਖੀਆਂ ਰਾਤ–ਦਿਨ ਇਹ ਕਰਦੇ ਹਨ। ਪਰ ਇਸ ਤਰ੍ਹਾਂ ਨਹੀਂ, ਬਲਕਿ ਇਕ ਸਥਿਤੀ ਤੋਂ ਦੂਜੀ ਸਥਿਤੀ, ਇਸ ਤਰ੍ਹਾਂ ਬਿਰਤੀਆਂ ਦਾ ਪਰਿਵਰਤਨ ਹੁੰਦਾ ਹੈ, ਉਹ ਪਰਿਵਰਤਿਤ ਸਵਰੂਪ ਮੈਂ ਹਾਂ। ਸੱਪਾਂ ਵਿਚ ਮੈਂ ਵਾਸੁਕਿ ਹਾਂ।

**अनन्तश्चास्मि नागानां वरुणो यादसामहम्।**
**पितृणामर्यमा चास्मि यम: संयमतामहम्।।२९।।**

ਨਾਗਾਂ ਵਿਚ ਮੈਂ ਅਨੰਤ ਅਰਥਾਤ ਸ਼ੇਸ਼ਨਾਗ ਹਾਂ। ਵੈਸੇ ਇਹ ਕੋਈ ਸਰਪ ਨਹੀਂ ਹੈ। ਗੀਤਾ ਦੀ ਸਮਕਾਲੀਨ ਪੁਸਤਕ ਸ਼੍ਰੀਮਦਭਗਵਤ ਵਿਚ ਇਸਦੇ ਰੂਪ ਦੀ ਚਰਚਾ ਹੈ, ਕਿ ਇਸ ਪ੍ਰਿਥਵੀ ਤੋਂ ਤੀਹ ਹਜ਼ਾਰ ਯੋਜਨ ਦੂਰ ਇਹ ਉਸ ਪਰਮਾਤਮਾ ਦੀ ਵੈਸ਼ਣਵੀ ਸ਼ਕਤੀ ਹੈ, ਜਿਸਦੇ ਸਿਰ ਉੱਤੇ ਇਹ ਪ੍ਰਿਥਵੀ ਰਾਈ ਦੇ ਦਾਣੇ ਵਾਂਗ ਭਾਰ ਰਹਿਤ ਟਿਕੀ ਹੋਈ ਹੈ। ਉਸ ਯੁਗ ਵਿਚ ਯੋਜਨ ਦਾ ਪੈਮਾਨਾ ਜਾਂ ਮਾਪ ਚਾਹੇ ਜੋ ਵੀ ਰਿਹਾ ਹੋਵੇ, ਫੇਰ ਵੀ ਇਹ ਕਾਫ਼ੀ ਦੂਰ ਹੈ। ਦਰਅਸਲ ਇਹ ਆਕਰਸ਼ਣ ਸ਼ਕਤੀ ਦਾ ਚਿਤ੍ਰਣ ਹੈ। ਜਿਸਨੂੰ ਵਿਗਿਆਨਿਕਾਂ ਨੇ ਈਥਰ ਕਿਹਾ ਹੈ। ਗ੍ਰਹਿ-ਉਪਗ੍ਰਹਿ ਸਾਰੇ ਉਸੇ ਦੇ ਆਧਾਰ ਤੇ ਟਿਕੇ ਹੋਏ ਹਨ। ਉਸ ਸ਼ੂਨਯ ਜਾਂ ਅੰਤਰਿਖਸ਼ ਵਿਚ ਗ੍ਰਹਾਂ ਦਾ ਕੋਈ ਭਾਰ ਵੀ ਨਹੀਂ ਹੈ। ਉਸ ਸ਼ਕਤੀ ਨੇ ਸੱਪ ਦੀ ਕੁੰਡਲੀ ਵਾਂਗ ਸਾਰੇ ਗ੍ਰਹਾਂ ਨੂੰ ਲਪੇਟਿਆ ਹੋਇਆ ਹੈ। ਇਹੋ ਹੈ ਉਹ ਅਨੰਤ, ਜਿਸ ਰਾਹੀਂ ਪ੍ਰਿਥਵੀ ਧਾਰਨ ਕੀਤੀ ਗਈ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਐਸੀ ਈਸ਼ਵਰੀ ਸ਼ਕਤੀ ਮੈਂ ਹਾਂ। ਜਲਚਰਾਂ (ਪਾਣੀ ਦੇ ਜੀਵਾਂ) ਵਿਚ ਉਹਨਾਂ ਦਾ ਰਾਜਾ 'ਵਰੁਣ' ਹਾਂ ਅਤੇ ਪਿਤਰਾਂ ਵਿਚ 'ਅਰਯਮਾ' ਹਾਂ। ਅਹਿੰਸਾ, ਸੱਤਿਅ, ਅਸਤੇਯ (ਚੋਰੀ ਨਾ ਕਰਨਾ), ਬ੍ਰਹਮਚਰਿਅ ਅਤੇ ਅਪਰਿਗ੍ਰਹਿ (ਸਭ ਚੀਜ਼ਾਂ ਦਾ ਤਿਆਗ) ਪੰਜ ਯਮ ਹਨ। ਇਹਨਾਂ ਦੇ ਪਾਲਨ ਵਿਚ ਆਉਣ ਵਾਲੇ ਵਿਕਾਰਾਂ ਨੂੰ ਕੱਟਣਾ 'ਅਰਹ' ਹੈ। ਵਿਕਾਰਾਂ ਦੇ ਸ਼ਮਨ (ਮਿਟਣ) ਨਾਲ ਪਿਤਰ ਅਰਥਾਤ ਭੂਤ-ਸੰਸਕਾਰ ਤ੍ਰਿਪਤ ਹੁੰਦੇ ਹਨ, ਨਿਸਤਾਰਾ ਕਰ ਦੇਂਦੇ ਹਨ। ਸ਼ਾਸਨ ਕਰਨ ਵਾਲਿਆਂ ਵਿਚ ਮੈਂ ਯਮਰਾਜ ਹਾਂ, ਅਰਥਾਤ ਉਪਰੋਕਤ ਯਮਾਂ ਦਾ ਨਿਆਮਕ ਹਾਂ।

**प्रह्लादश्चास्मि दैत्यानां काल: कलयतामहम्।**
**मृगाणां च मृगेन्द्रोऽहं वैनतेयश्च पक्षिणाम्।।३०।।**

ਮੈਂ ਦੈਂਤਾਂ ਵਿਚ ਪ੍ਰਹਿਲਾਦ ਹਾਂ। ਪ੍ਰੇਮ ਹੀ ਪ੍ਰਹਿਲਾਦ ਹੈ (ਪਰ ਆਹਲਾਦ-ਪਰ ਯਾਨੀ ਪਰਮੇਸ਼ਵਰ, ਆਹਲਾਦ ਯਾਨੀ ਪ੍ਰੇਮ ਜਾਂ ਖ਼ੁਸ਼ੀ)। ਅਸੁਰੀ ਸੰਪੱਤੀ ਵਿਚ ਰਹਿੰਦੇ ਹੋਏ ਈਸ਼ਵਰ ਲਈ ਆਕਰਸ਼ਣ-ਵਿਆਕੁਲਤਾ ਆਰੰਭ ਹੁੰਦੀ ਹੈ, ਜਿਸ ਨਾਲ ਪਰਮਪ੍ਰਭੂ ਦਾ ਮਾਰਗ-ਦਰਸ਼ਨ ਮਿਲਦਾ ਹੈ। ਐਸਾ ਪ੍ਰੇਮ ਮੈਂ ਹਾਂ। ਗਿਣਤੀ ਕਰਨ ਵਾਲਿਆਂ ਵਿਚ ਮੈਂ ਸਮਾਂ ਹਾਂ। ਇਕ, ਦੋ, ਤਿੰਨ, ਚਾਰ, ਐਸੀ ਗਿਣਤੀ ਜਾਂ ਪਲ-ਘੜੀ-ਦਿਨ-ਪੱਖ-ਮਹੀਨਾ ਆਦਿ ਨਹੀਂ, ਬਲਕਿ ਈਸ਼ਵਰ ਦੇ ਚਿੰਤਨ ਵਿਚ ਲਗਿਆ ਸਮਾਂ ਮੈਂ ਹਾਂ। ਇਥੋਂ ਤਕ ਕਿ **'ਜਾਗਤ ਮੇਂ ਸੁਮਿਰਨ ਕਰੇ, ਸੋਵਤ ਮੇਂ ਲਵ ਲਾਇ'** ਨਿਰੰਤਰ ਚਿੰਤਨ ਰੂਪੀ ਸਮਾਂ ਮੈਂ ਹਾਂ। ਪਸ਼ੂਆਂ ਵਿਚ ਮ੍ਰਿਗਰਾਜ (ਯੋਗੀ ਵੀ ਮ੍ਰਿ + ਗ ਅਰਥਾਤ ਯੋਗਰੂਪੀ ਜੰਗਲ ਵਿਚ ਗਮਨ ਕਰਨ ਵਾਲਾ ਹੈ) ਅਤੇ ਪੰਛੀਆਂ ਵਿਚ ਗਰੁੜ ਮੈਂ ਹਾਂ। ਗਿਆਨ ਹੀ ਗਰੁੜ ਹੈ। ਜਦ ਈਸ਼ਵਰੀ ਅਨੁਭੂਤੀ ਆਉਣ ਲਗਦੀ ਹੈ, ਤਾਂ ਇਹੋ ਮਨ ਆਪਣੇ ਆਰਾਧ ਦੀ ਸਵਾਰੀ ਬਣ ਜਾਂਦਾ ਹੈ ਅਤੇ ਜਦ ਇਹੋ ਮਨ ਸੰਸ਼ਾ ਨਾਲ ਭਰਿਆ ਹੈ ਤਾਂ 'ਸਰਪ' ਹੁੰਦਾ ਹੈ, ਡੱਸਦਾ ਰਹਿੰਦਾ ਹੈ, ਯੋਨੀਆਂ ਵਿਚ ਸੁਟਦਾ ਰਹਿੰਦਾ ਹੈ। ਗਰੁੜ ਵਿਸ਼ਣੂ ਦੀ ਸਵਾਰੀ ਹੈ। ਜੋ ਸੱਤਾ ਵਿਸ਼ਵ ਵਿਚ ਅਣੂ ਰੂਪ ਨਾਲ ਸੰਚਾਰਿਤ ਹੈ, ਗਿਆਨ-ਯੁਕਤ ਮਨ ਉਸਨੂੰ ਆਪਣੇ ਵਿਚ ਧਾਰਨ ਕਰਦਾ ਹੈ, ਉਸਦਾ ਵਾਹਕ ਬਣਦਾ ਹੈ । ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਇਸ਼ਟ ਨੂੰ ਧਾਰਨ ਕਰਨ ਵਾਲਾ ਮਨ ਮੈਂ ਹਾਂ।

**पवन: पवतामस्मि राम: शस्त्रभृतामहम्।**
**झषाणां मकरश्चास्मि स्रोतसामस्मि जाह्नवी।।३१।।**

ਪਵਿਤ੍ਰ ਕਰਨ ਵਾਲਿਆਂ ਵਿਚ ਮੈਂ ਵਾਯੂ ਹਾਂ, ਸ਼ਸਤ੍ਰ ਧਾਰੀਆਂ ਵਿਚ ਰਾਮ ਹਾਂ। '**रमन्ति योगिन: यस्मिन् स राम:**'– ਯੋਗੀ ਕਿਸ ਵਿਚ ਰਮਣ (ਰੁੱਝਣਾ) ਕਰਦੇ ਹਨ? ਅਨੁਭਵ ਵਿਚ। ਈਸ਼ਵਰ ਇਸ਼ਟ ਰੂਪ ਨਾਲ ਜੋ ਨਿਰਦੇਸ਼ ਦੇਂਦਾ ਹੈ, ਯੋਗੀ ਉਸ ਵਿਚ ਰਮਣ ਕਰਦੇ ਹਨ। ਉਸ ਜਾਗ੍ਰਿਤੀ ਦਾ ਨਾਮ ਰਾਮ ਹੈ ਅਤੇ ਉਹ ਜਾਗ੍ਰਿਤੀ ਮੈਂ ਹਾਂ। ਮੱਛੀਆਂ ਵਿਚ ਮਗਰਮੱਛ ਅਤੇ ਨਦੀਆਂ ਵਿਚ ਗੰਗਾ ਮੈਂ ਹਾਂ।

**सर्गाणामादिरन्तश्च मध्यं चैवाहमर्जुन।**
**अध्यात्मविद्या विद्यानां वाद: प्रवदतामहम्।।३२।।**

ਹੇ ਅਰਜੁਨ! ਸ੍ਰਿਸ਼ਟੀਆਂ ਦਾ ਆਦਿ, ਮੱਧ ਤੇ ਅੰਤ ਮੈਂ ਹੀ ਹਾਂ। ਵਿਦਿਆਵਾਂ ਵਿਚ ਅਧਿਆਤਮ ਵਿਦਿਆ ਮੈਂ ਹਾਂ। ਜੋ ਆਤਮਾ ਦਾ ਆਧਿਪੱਤ (ਸ਼ਾਸਨ) ਦਿਵਾਏ, ਉਹ ਵਿਦਿਆਂ ਮੈਂ ਹਾਂ। ਸੰਸਾਰ ਵਿਚ ਜ਼ਿਆਦਾਤਰ ਪ੍ਰਾਣੀ ਮਾਇਆ ਦੇ ਆਧਿਪੱਤ ਵਿਚ ਹਨ, ਰਾਗ-ਦ੍ਵੇਸ਼, ਕਾਲ, ਕਰਮ, ਸੁਭਾਅ ਅਤੇ ਗੁਣਾਂ ਤੋਂ ਪ੍ਰੇਰਿਤ ਹਨ। ਇਹਨਾਂ ਦੇ ਸ਼ਾਸਨ ਵਿਚੋਂ ਕੱਢਕੇ ਆਤਮਾ ਦੇ ਸ਼ਾਸਨ ਵਿਚ ਲੈ ਜਾਣ ਵਾਲੀ ਵਿਦਿਆ ਮੈਂ ਹਾਂ, ਜਿਸਨੂੰ ਅਧਿਆਤਮ ਵਿਦਿਆ ਕਹਿੰਦੇ ਹਨ। ਪਰਸਪਰ ਹੋਣ ਵਾਲੇ ਵਿਵਾਦਾਂ ਵਿਚ ਬ੍ਰਹਮ-ਚਰਚਾ ਸੰਬੰਧੀ ਜੋ ਨਿਰਣਾਕਾਰੀ ਹੈ, ਐਸੀ ਵਾਰਤਾ ਮੈਂ ਹਾਂ। ਬਾਕੀ ਨਿਰਣੇਂ ਤਾਂ ਨਿਰਣੀਤ ਹੀ ਨਹੀਂ ਹੁੰਦੇ।

**अक्षराणामकारोऽस्मि द्वन्द्व: सामासिकस्य च।**
**अहमेवाक्षय: कालो धाताहं विश्वतोमुख:।।३३।।**

ਮੈਂ ਅਖਸ਼ਰਾਂ (ਅੱਖਰਾਂ) ਵਿਚ 'ਅ'ਕਾਰ ਓਮਕਾਰ ਅਤੇ ਸਮਾਸਾਂ ਵਿਚ ਦਵੰਦ ਨਾਮਕ ਸਮਾਸ ਹਾਂ। ਅਖਸ਼ੈਕਾਲ (ਖੈ ਰਹਿਤ ਕਾਲ) ਮੈਂ ਹਾਂ। ਕਾਲ ਸਦਾ ਪਰਿਵਰਤਨਸ਼ੀਲ ਹੈ, ਪਰ ਉਹ ਸਮਾਂ, ਜੋ ਅਖਸ਼ੈ, ਅਜਰ-ਅਮਰ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਂਦਾ ਹੈ, ਉਹ ਅਵਸਥਾ ਮੈਂ ਹਾਂ। ਵਿਰਾਟ ਸਵਰੂਪ ਅਰਥਾਤ ਸਰਬਥਾਈਂ ਵਿਆਪਤ, ਸਭਦਾ ਪਾਲਣ ਪੋਸ਼ਣ ਕਰਨ ਵਾਲਾ ਵੀ ਮੈਂ ਹੀ ਹਾਂ।

**मृत्यु: सर्वहरश्चाहमुद्भवश्च भविष्यताम्।**
**कीर्ति: श्रीर्वाक्च नारीणां स्मृतिर्मेधा धृति: क्षमा।।३४।।**

ਮੈਂ ਸਭ ਦਾ ਨਾਸ਼ ਕਰਨ ਵਾਲੀ ਮੌਤ ਅਤੇ ਅੱਗੇ ਹੋਣ ਵਾਲੀ ਉਤਪੱਤੀ ਦਾ ਕਾਰਣ ਹਾਂ। ਇਸਤ੍ਰੀਆਂ ਵਿਚ ਮੈਂ ਜੱਸ, ਸ਼ਕਤੀ, ਬੋਲਣ ਦੀ ਚਤੁਰਤਾ, ਯਾਦਸ਼ਕਤੀ, ਮੇਧਾ ਅਰਥਾਤ ਬੁੱਧੀ, ਧੀਰਜ ਅਤੇ ਖਿਮਾ ਮੈਂ ਹਾਂ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ''**द्वाविमौ पुरुषौ लोके क्षरश्चाक्षर एव च।**'' (ਆਧਿਆਇ 15 ਸ਼ਲੋਕ 16)। ਪੁਰਸ਼ ਦੋ ਹੀ ਪ੍ਰਕਾਰ ਦੇ ਹੁੰਦੇ ਹਨ, ਖਰ ਅਤੇ ਅੱਖਰ। ਸਾਰੇ ਭੂਤ ਪ੍ਰਾਣੀਆਂ ਦੀ ਉਤਪੱਤੀ ਅਤੇ ਵਿਨਾਸ਼ ਵਾਲੇ ਸਰੀਰ ਖਰ ਪੁਰਸ਼ ਹਨ। ਉਹ ਨਰ, ਮਾਦਾ, ਪੁਰਸ਼ ਜਾਂ ਇਸਤ੍ਰੀ, ਕੁਝ ਵੀ ਕਹਾਉਣ, ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਪੁਰਸ਼ ਹੀ ਹਨ, ਦੂਜਾ ਹੈ ਅੱਖਰ ਪੁਰਸ਼ ਜੋ ਉੱਚੀ ਅਵਸਥਾ ਵਾਲੇ ਚਿੱਤ ਦੇ ਸਥਿਰ ਹੋਣ ਦੇ ਸਮੇਂ ਦਿਸਦਾ ਹੈ। ਇਹੋ ਕਾਰਣ ਹੈ ਕਿ ਇਸ ਯੋਗ ਪਥ ਵਿੱਚ ਨਾਰੀ ਪੁਰਸ਼ ਸਮਾਨ ਸਥਿਤੀ ਵਾਲੇ ਹੁੰਦੇ ਆਏ ਹਨ। ਇੱਥੇ ਵੀ ਬੁੱਧੀ ਆਦਿ ਗੁਣ ਇਸਤ੍ਰੀਆਂ ਦੇ ਹੀ ਦਸੇ ਗਏ ਹਨ। ਕੀ ਇਹਨਾਂ ਸਤਿਗੁਣਾਂ ਦੀ ਲੋੜ ਪੁਰਸ਼ਾਂ ਲਈ ਨਹੀਂ ਹੈ? ਕਿਹੜਾ ਐਸਾ ਪੁਰਸ਼ ਹੈ ਜੋ ਸ਼੍ਰੀਮਾਨ, ਕੀਰਤੀਵਾਨ, ਚਤੁਰ ਵਕਤਾ, ਯਾਦਸ਼ਕਤੀ ਵਾਲਾ,

ਬੁੱਧੀਮਾਨ, ਧੀਰਜਵਾਨ ਅਤੇ ਖਿਮਾਵਾਨ ਨਹੀਂ ਬਣਨਾ ਚਾਹੁੰਦਾ ? ਬੌਧਿਕ ਪੱਧਰ ਤੇ ਕਮਜ਼ੋਰ ਲੜਕੇ ਵਿਚ ਇਹਨਾਂ ਹੀ ਗੁਣਾਂ ਦਾ ਵਿਕਾਸ ਕਰਨ ਲਈ ਮਾਤਾ-ਪਿਤਾ ਪੜ੍ਹਾਈ ਦੀ ਵੱਖਰੀ ਵਿਵਸਥਾ ਵੀ ਕਰਦੇ ਹਨ। ਪਰ ਇੱਥੇ ਕਿਹਾ ਗਿਆ ਹੈ ਕਿ ਇਹ ਲੱਛਣ ਸਿਰਫ਼ ਇਸਤ੍ਰੀਆਂ ਵਿਚ ਹੁੰਦੇ ਹਨ। ਇਹ ਗੁਣ ਅਰਜੁਨ ਵਿੱਚ ਵੀ ਸਨ ਜਦੋਂ ਕਿ ਅਰਜੁਨ ਪੁਰਸ਼ ਸੀ। ਯੁੱਧ ਦੇ ਆਰੰਭ ਵਿੱਚ ਹੀ ਉਹ ਪਿੱਛੇ ਹੱਟ ਗਿਆ। ਗੋਵਿੰਦ! ਭਾਵੇਂ ਇਹ ਸ਼ਸਤਰਧਾਰੀ ਕੌਰਵ ਮੈਨੂੰ ਮਾਰ ਹੀ ਕਿਉਂ ਨਾ ਦੇਣ, ਮੈਂ ਯੁੱਧ ਨਹੀਂ ਕਰਾਂਗਾ। ਭਗਵਾਨ ਨੇ ਕਿਹਾ! ਅਰਜੁਨ ਜੇ ਤੂੰ ਇਸ ਧਰਮਯੁੱਧ ਨੂੰ ਨਹੀਂ ਕਰੇਂਗਾ, ਸਵਧਰਮ, ਕੀਰਤੀ ਅਤੇ ਯਸ਼ ਨੂੰ ਗੁਆ ਕੇ ਪਾਪ ਨੂੰ ਪ੍ਰਾਪਤ ਹੋਵੇਂਗਾ। ਵੈਰੀ ਲੋਕ ਤੇਰੇ ਅਪਯੱਸ਼ ਦਾ ਲੰਬੇ ਸਮੇਂ ਤੱਕ ਗਾਨ ਕਰਨਗੇ, ਸਨਮਾਨਿਤ ਪੁਰਸ਼ ਵਾਸਤੇ ਅਪਯੱਸ਼ ਮੌਤ ਨਾਲੋਂ ਵੀ ਵੱਧਕੇ ਹੈ। ਇੱਥੇ ਪੁਰਸ਼ ਵਾਸਤੇ ਵੀ ਯੱਸ਼ ਨੂੰ ਜ਼ਰੂਰੀ ਦੱਸਿਆ ਹੈ।

ਗੀਤਾ ਦੇ ਅੰਤ ਵਿੱਚ ਸੰਜਯ ਨੇ ਫੈਸਲਾ ਦਿੱਤਾ ਕਿ ਜਿੱਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਨ ਹਨ ਉਥੇ ਹੀ ਧਨੁਰਧਾਰੀ ਅਰਜੁਨ ਹਨ ਅਤੇ ਉੱਥੇ ਹੀ ਜਿੱਤ ਹੈ, ਸ਼੍ਰੇਸ਼ਠਤਾ ਹੈ ਅਤੇ ਅਚਲ ਨੀਤੀ ਹੈ। ਇਹ ਮੇਰਾ ਮਤ ਹੈ। ਯੱਸ਼, ਸ਼੍ਰੀ, ਸ਼੍ਰੇਸ਼ਠਤਾ ਇਹ ਗੁਣ ਤਾਂ ਨਾਰੀਆਂ ਦੇ ਹਨ ਅਰਜੁਨ ਨਾਲ ਕਿਵੇਂ? ਅਧਿਆਏ ੧੫/੧੫ ਵਿੱਚ ਭਗਵਾਨ ਕਹਿੰਦੇ ਹਨ **सर्वस्य चाहं हृदि सन्निविष्टो मत्तः स्मृतिर्ज्ञानमपोहनं च**। – ਅਰਜੁਨ ਮੈਂ ਸਭ ਦੇ ਦਿਲ ਵਿੱਚ ਸਮਾ ਕੇ ਸਦਾ ਨਿਵਾਸ ਕਰਦਾ ਹਾਂ। ਬੁੱਧੀ, ਯਾਦਸ਼ਤ, ਗਿਆਨ, ਵਾਸਤਵਿਕ ਜਾਣਕਾਰੀ ਅਤੇ ਵਿਕਾਰਾਂ ਤੋਂ ਅਲੱਗ ਰਹਿਣ ਦੀ ਸਮਰੱਥਾ ਮੇਰੀ ਹੀ ਦੇਣ ਹੈ। ਦਰਅਸਲ, ਮਾਨਵ ਦਿਲ ਦੀ ਪ੍ਰਵਿਰਤੀ ਹੀ ਨਾਰੀ ਹੈ। ਸਰੀਰ ਤਾਂ ਕੇਵਲ ਕੱਪੜੇ ਹਨ। ਇਸਤਰੀ, ਪੁਰਸ਼, ਹਿਜੜੇ ਆਦਿ ਸਰੀਰ ਦੀਆਂ ਆਕ੍ਰਿਤੀਆਂ ਹਨ ਸਵਰੂਪ ਦੀ ਨਹੀਂ। ਸਰੀਰ ਦੇ ਅੰਤ ਵਿੱਚ ਹਿਰਦੇ ਦੀ ਪ੍ਰਵਿਰਤੀ ਪ੍ਰਕਿਰਤੀ ਵੱਲ ਆਪਣੇ ਆਪ ਚੱਲ ਪੈਂਦੀ ਹੈ। ਇਨ੍ਹਾਂ ਪ੍ਰਵਿਰਤੀਆਂ ਵਿੱਚ ਈਸ਼ਵਰ ਦੇ ਭਾਵ ਯਾਦਸ਼ਤ, ਧੀਰਜ, ਖਿਮਾ, ਆਦਿ ਗੁਣ ਭਗਵਾਨ ਤੋਂ ਹੀ ਪ੍ਰਸਾਰਿਤ ਹੁੰਦੇ ਹਨ। ਇਨ੍ਹਾਂ ਗੁਣਾ ਨਾਲ ਮਾਨਵ, ਲੋਕ ਵਿੱਚ ਸਮਰਿੱਧੀ ਅਤੇ ਪਰਮ ਪਦ ਦੇ ਰਸਤੇ ਨੂੰ ਪੱਕਾ ਕਰਦੇ ਹਨ।

ਇਸ ਲਈ ਤੁਸੀਂ ਸੋਚਕੇ ਵੇਖੋ ਕਿ ਇਸਤ੍ਰੀ ਕੌਣ ਹੈ? ਦਰਅਸਲ ਤੁਹਾਡੇ ਹਿਰਦੇ ਦੀ ਪ੍ਰਵਿਰਤੀ ਹੀ 'ਨਾਰੀ' ਹੈ। ਉਸ ਵਿਚ ਇਹਨਾਂ ਗੁਣਾਂ ਦਾ ਸੰਚਾਰ ਹੋਣਾ ਚਾਹੀਦਾ ਹੈ। ਇਹਨਾਂ ਗੁਣਾਂ ਨੂੰ ਧਾਰਨ ਕਰਨਾ ਇਸਤ੍ਰੀਲਿੰਗ-ਪੁਲਿੰਗ ਸਭ ਦੇ ਲਈ ਲਾਭਕਾਰੀ ਹੈ।

**बृहत्साम तथा साम्नां गायत्री छन्दसामहम्।**
**मासानां मार्गशीर्षोऽहमृतूनां कुसुमाकरः ।।३५।।**

ਗਾਇਨ ਕਰਨ ਯੋਗ ਸ਼ਰੁਤੀਆਂ ਵਿਚ ਮੈਂ ਬ੍ਰਿਹਤਸਾਮ ਅਰਥਾਤ ਬ੍ਰਿਹਤ (ਵਿਆਪਕ) ਨਾਲ ਸੰਯੁਕਤ ਸਾਮ ਯਾਨੀ ਸਮੱਤਵ ਦਿਵਾਉਣ ਵਾਲਾ ਗਾਇਨ ਹਾਂ। ਅਰਥਾਤ ਇਹੋ ਜਾਗ੍ਰਿਤੀ ਮੈਂ ਹਾਂ। ਛੰਦਾਂ ਵਿਚ ਗਾਇਤ੍ਰੀ ਛੰਦ ਮੈਂ ਹਾਂ। ਗਾਇਤ੍ਰੀ ਕੋਈ ਮੰਤ੍ਰ ਨਹੀਂ ਹੈ ਜਿਸਨੂੰ ਪੜ੍ਹਨ ਨਾਲ ਮੁਕਤੀ ਮਿਲਦੀ ਹੋਵੇ, ਸਗੋਂ ਇਕ ਸਮਰਪਣਾਤਮਕ ਛੰਦ ਹੈ। ਤਿੰਨ ਵਾਰ ਵਿਚਲਿਤ ਹੋਣ ਤੋਂ ਬਾਅਦ ਰਿਸ਼ੀ ਵਿਸ਼ਵਾਮਿਤ੍ਰ ਨੇ ਆਪਣੇ ਆਪ ਨੂੰ ਇਸ਼ਟ ਦੇ ਪ੍ਰਤਿ ਸਮਰਪਿਤ ਕਰਦੇ ਹੋਏ ਕਿਹਾ "**ॐ भूर्भुवः स्वः तत्सवितुर्वरेण्यं भर्गो देवस्य धीमहि धियो यो नः प्रचोदयात्।**" ਅਰਥਾਤ ਹੇ ਭੂਹ, ਭੁਵ ਅਤੇ ਸਵ, ਤਿੰਨਾਂ ਲੋਕਾਂ ਵਿਚ ਤੱਤਰੂਪ ਨਾਲ ਵਿਆਪਤ ਦੇਵ! ਆਪ ਹੀ ਵਰੇਣਿਅ (ਉਸਤਤ-ਵਰਣਨ ਯੋਗ) ਹੋ। ਸਾਨੂੰ ਐਸੀ ਬੁੱਧੀ ਦਿਉ, ਐਸੀ ਪ੍ਰੇਰਣਾ ਕਰੋ ਕਿ ਅਸੀਂ ਲੱਖਸ਼ ਨੂੰ ਪ੍ਰਾਪਤ ਕਰ ਲਈਏ। ਇਹ ਸਿਰਫ਼ ਇਕ ਪ੍ਰਾਰਥਨਾ ਹੈ। ਸਾਧਕ ਆਪਣੀ ਬੁੱਧੀ ਨਾਲ ਆਸਾਨੀ ਨਾਲ ਨਿਰਣਾ

ਨਹੀਂ ਕਰ ਪਾਉਂਦਾ ਕਿ ਮੈਂ ਕਦੋਂ ਸਹੀ ਹਾਂ ਅਤੇ ਕਦੋਂ ਗ਼ਲਤ। ਉਸਦੀ ਇਹ ਸਮਰਪਿਤ ਪ੍ਰਾਰਥਨਾ ਮੈਂ ਹਾਂ, ਜਿਸ ਵਿਚ ਯਕੀਨਨ ਹੀ ਕਲਿਆਨ ਹੈ, ਕਿਉਂਕਿ ਉਹ ਮੇਰੇ ਆਸਰੇ ਹੋਇਆ ਹੈ। ਮਹੀਨਿਆਂ ਵਿਚ ਮਾਰਗਸ਼ੀਰਸ਼ (ਹਿੰਦੂ ਕੈਲੰਡਰ ਅਨੁਸਾਰ ਨੌਵਾਂ ਮਹੀਨਾਂ ਜਾਂ ਮਘਰ) ਮੈਂ ਹਾਂ, ਜਿਸ ਵਿਚ ਸਦਾ ਬਹਾਰ ਹੋਵੇ, ਐਸੀ ਰੁੱਤ, ਹਿਰਦੇ ਦੀ ਐਸੀ ਅਵਸਥਾ ਵੀ ਮੈਂ ਹੀ ਹਾਂ।

**द्यूतं छलयतामस्मि तेजस्तेजस्विनामहम् ।**
**जयोऽस्मि व्यवसायोऽस्मि सत्त्वं सत्त्ववतामहम् ।।३६ ।।**

ਤੇਜਸਵੀ ਪੁਰਸ਼ਾਂ ਦਾ ਤੇਜ ਮੈਂ ਹਾਂ। ਜੂਏ ਵਿਚ ਛੱਲ ਕਰਨ ਵਾਲਿਆਂ ਦਾ ਛੱਲ ਮੈ ਹਾਂ। ਤਾਂ ਤੇ ਚੰਗਾ ਹੈ, ਜੂਆ ਖੇਡੀਏ, ਉਸ ਵਿਚ ਕਲ-ਬਲ-ਛਲ ਕਰੀਏ, ਉੱਥੇ ਵੀ ਭਗਵਾਨ ਹੈ। ਪਰ ਨਹੀਂ, ਐਸਾ ਕੁਝ ਨਹੀਂ ਹੈ। ਇਹ ਪ੍ਰਕ੍ਰਿਤੀ ਹੀ ਇਕ ਜੂਆ ਹੈ। ਇਹੋ ਠਗਣੀ ਹੈ। ਇਸ ਪ੍ਰਕ੍ਰਿਤੀ ਦੇ ਦਵੰਦ ਤੋਂ ਨਿਕਲਣ ਲਈ ਦਿਖਾਵਾ ਛੱਡਕੇ, ਛੁਪਾਅ ਦੇ ਨਾਲ, ਗੁਪਤ ਰੂਪ ਨਾਲ ਭਜਨ ਕਰਨਾ ਹੀ ਛੱਲ ਹੈ। ਛੱਲ ਹੈ ਤਾਂ ਨਹੀਂ ਪਰ ਬਚਾਅ ਲਈ ਜ਼ਰੂਰੀ ਹੈ। ਮੂੜਬੁੱਧੀ ਵਾਂਗ, ਪਾਗਲ, ਅੰਨ੍ਹਾ-ਬੋਲਾ ਤੇ ਗੂੰਗਾਂ ਬਣਕੇ,ਅੰਦਰੋਂ ਜਾਣਦੇ ਹੋਏ ਵੀ ਬਾਹਰੋਂ ਅਣਜਾਣ ਬਣਕੇ, ਸੁਣਦੇ ਹੋਏ ਵੀ ਨਾ ਸੁਣਨ ਦਾ ਢੌਂਗ ਕਰਕੇ, ਵੇਖਦੇ ਹੋਏ ਵੀ ਅਣਦੇਖਾ ਕਰਕੇ, ਛੁੱਪਕੇ ਹੀ ਭਜਨ ਕਰਨ ਦਾ ਵਿਧਾਨ ਹੈ, ਤਦ ਹੀ ਸਾਧਕ ਪ੍ਰਕ੍ਰਿਤੀ-ਪੁਰਸ਼ ਦੇ ਜੂਏ ਵਿਚੋਂ ਪਾਰ ਪਾਉਂਦਾ ਹੈ। ਜਿੱਤਣ ਵਾਲਿਆਂ ਦੀ ਜਿੱਤ ਮੈਂ ਹਾਂ ਅਤੇ ਵਿਵਸਾਈਆਂ ਦਾ ਨਿਸ਼ਚਾ (ਜੋ ਅਧਿਆਇ ਦੋ, ਸ਼ਲੋਕ ਇਕਤਾਲੀ ਵਿਚ ਕਹਿ ਆਏ ਹਾਂ। ਇਸ ਯੋਗ ਵਿਚ ਨਿਸ਼ਚਿਆਤਮਕ ਕ੍ਰਿਆ ਇਕ ਹੈ, ਬੁੱਧੀ ਇਕ ਹੀ ਹੈ, ਦਿਸ਼ਾ ਇੱਕੋ ਹੈ, ਐਸੀ) ਕ੍ਰਿਆਤਮਕ ਬੁੱਧੀ ਮੈਂ ਹਾਂ। ਸਾਤਵਿਕ ਪੁਰਸ਼ਾਂ ਦਾ ਤੇਜ ਅਤੇ ਓਜ ਮੈਂ ਹਾਂ।

**वृष्णीनां वासुदेवोऽस्मि पाण्डवानां धनंजय: ।**
**मुनीनामप्यहं व्यास: कवीनामुशना कवि: ।।३७ ।।**

ਵ੍ਰਿਸ਼ਣੀ ਵੰਸ਼ ਵਿਚ ਮੈਂ ਵਾਸੁਦੇਵ ਅਰਥਾਤ ਸਭਥਾਈਂ ਵਾਸ ਕਰਨ ਵਾਲਾ ਦੇਵ ਹਾਂ। ਪਾਂਡਵਾਂ ਵਿਚ ਮੈਂ ਧਨੰਜਯ ਹਾਂ। ਪੁੰਨ ਹੀ ਪਾਂਡੂ ਹੈ ਅਤੇ ਆਤਮਿਕ ਸੰਪੱਤੀ ਹੀ ਸਥਿਰ ਸੰਪੱਤੀ ਹੈ। ਪੁੰਨ ਤੋਂ ਪ੍ਰੇਰਿਤ ਹੋਕੇ ਆਤਮਿਕ ਸੰਪੱਤੀ ਨੂੰ ਅਰਜਿਤ ਕਰਨ ਵਾਲਾ ਧਨੰਜਯ ਮੈਂ ਹਾਂ।ਮੁਨੀਆਂ ਦੇ ਵਿਚ ਵਿਆਸ ਮੈਂ ਹਾਂ। ਪਰਮਤੱਤ ਨੂੰ ਵਿਅਕਤ ਕਰਨ ਦੀ ਜਿਸ ਵਿਚ ਸਮਰਥਾ ਹੈ, ਉਹ ਮੁਨੀ ਮੈਂ ਹਾਂ। ਕਵੀਆਂ ਵਿਚ 'ਉਸਨਾ' ਅਰਥਾਤ ਉਸ ਵਿਚ ਪ੍ਰਵੇਸ਼ ਦਿਵਾਉਣ ਵਾਲਾ ਕਾਵਿਅਕਾਰ ਮੈਂ ਹਾਂ।

**दण्डो दमयतामस्मि नीतिरस्मि जिगीषताम् ।**
**मौनं चैवास्मि गुह्यानां ज्ञानं ज्ञानवतामहम् ।।३८ ।।**

ਦਮਨ ਕਰਨ ਵਾਲਿਆਂ ਵਿਚ ਦਮਨ ਦੀ ਸ਼ਕਤੀ ਮੈਂ ਹਾਂ। ਜਿੱਤਣ ਦੀ ਇੱਛਾ ਵਾਲਿਆਂ ਦੀ ਮੈਂ ਨੀਤੀ ਹਾਂ। ਗੁਪਤ ਰੱਖਣ ਯੋਗ ਭਾਵਾਂ ਵਿਚ ਮੌਨ ਮੈਂ ਹੀ ਹਾਂ ਅਤੇ ਗਿਆਨਵਾਨਾਂ ਵਿਚ ਸਾਖਿਆਤ ਰਾਹੀਂ ਮਿਲਣ ਵਾਲੀ ਜਾਣਕਾਰੀ, ਪੂਰਣ ਗਿਆਨ ਮੈਂ ਹਾਂ।

**यच्चापि सर्वभूतानां बीजं तदहमर्जुन ।**
**न तदस्ति विना यत्स्यान्मया भूतं चराचरम् ।।३९ ।।**

ਅਰਜੁਨ! ਸਾਰਿਆਂ ਜੀਵਾਂ ਦੀ ਉਤਪੱਤੀ ਦਾ ਕਾਰਣ ਵੀ ਮੈਂ ਹਾਂ, ਕਿਉਂਕਿ ਚਲ-ਅਚਲ ਐਸਾ ਕੋਈ ਜੀਵ ਨਹੀਂ ਹੈ ਜੋ ਮੇਰੇ ਤੋਂ ਰਹਿਤ ਹੋਵੇ। ਮੈਂ ਹਰ ਥਾਂ ਵਿਆਪਤ ਹਾਂ। ਸਭ ਮੇਰੇ ਹੀ ਕਾਰਣ ਹਨ।

**नान्तोऽस्ति मम दिव्यानां विभूतीनां परंतप।**
**एष तूद्देशत: प्रोक्तो विभूतेर्विस्तरो मया।।४०।।**

ਪਰੰਤਪ ਅਰਜੁਨ! ਮੇਰੀਆਂ ਦਿੱਵਯ ਵਿਭੂਤੀਆਂ (ਅਲੌਕਿਕ ਰੂਪਾਂ) ਦਾ ਅੰਤ ਨਹੀਂ ਹੈ। ਆਪਣੀਆਂ ਵਿਭੂਤੀਆਂ ਦਾ ਵਿਸਤਾਰ ਤਾਂ ਮੈਂ ਸੰਖੇਪ ਵਿਚ ਦਸਿਆ ਹੈ। ਦਰਅਸਲ ਉਹ ਅਨੰਤ ਹਨ।

ਇਸ ਅਧਿਆਇ ਵਿਚ ਕੁਝ ਹੀ ਰੂਪਾਂ ਦਾ ਸਪਸ਼ਟੀਕਰਣ ਕੀਤਾ ਗਿਆ ਹੈ, ਕਿਉਂਕਿ ਅਗਲੇ ਹੀ ਅਧਿਆਇ ਵਿਚ ਅਰਜੁਨ ਇਹਨਾਂ ਸਾਰਿਆਂ ਨੂੰ ਵੇਖਣਾ ਚਾਹੁੰਦਾ ਹੈ, ਕਿਉਂਕਿ ਪ੍ਰਤੱਖ ਦਰਸ਼ਨ ਨਾਲ ਹੀ ਰੂਪਾਂ ਦੀ ਸਮਝ ਆਉਂਦੀ ਹੈ। ਇੱਥੇ ਵਿਚਾਰਧਾਰਾ ਨੂੰ ਸਮਝਣ ਲਈ ਥੋੜ੍ਹਾ ਜਿਹਾ ਅਰਥ ਦਸਿਆ ਗਿਆ।

**यद्यद्विभूतिमत्सत्त्वं श्रीमदूर्जितमेव वा।**
**तत्तदेवावगच्छ त्वं मम तेजोंऽशसम्भवम्।।४१।।**

ਜੋ-ਜੋ ਵੀ ਪ੍ਰਭੂਤਾਮਈ, ਤੇਜਮਈ ਅਤੇ ਸ਼ਕਤੀਮਾਨ ਵਸਤੂਆਂ ਹਨ, ਉਹਨਾਂ ਸਭ ਨੂੰ ਤੂੰ ਮੇਰੇ ਤੇਜ ਦੇ ਇਕ ਅੰਸ਼ ਮਾਤਰ ਤੋਂ ਪੈਦਾ ਹੋਇਆ ਜਾਣ।

**अथवा बहुनैतेन किं ज्ञातेन तवार्जुन।**
**विष्टभ्याहमिदं कृत्स्नमेकांशेन स्थितो जगत्।।४२।।**

ਅਥਵਾ ਅਰਜੁਨ! ਇਸ ਬਹੁਤ ਜਾਣਨ ਤੋਂ ਤੇਰਾ ਕੀ ਮਤਲਬ ਹੈ ? ਮੈਂ ਇਸ ਸੰਪੂਰਨ ਜਗਤ ਨੂੰ ਇਕ ਅੰਸ਼ ਮਾਤਰ ਨਾਲ ਧਾਰਨ ਕਰਕੇ ਸਥਿਤ ਹਾਂ।

ਉਪਰੋਕਤ ਵਿਭੂਤੀਆਂ ਦੇ ਵਰਣਨ ਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਜਾਂ ਅਰਜੁਨ ਇਹਨਾਂ ਸਾਰੀਆਂ ਚੀਜ਼ਾਂ ਨੂੰ ਪੂਜਣ ਲੱਗੋ, ਬਲਕਿ ਸ਼੍ਰੀ ਕ੍ਰਿਸ਼ਣ ਦਾ ਭਾਵ ਸਿਰਫ਼ ਇੰਨਾ ਹੈ ਕਿ ਇਹਨਾਂ ਸਾਰਿਆਂ ਤੋਂ ਸ਼ਰਧਾ ਸਮੇਟਕੇ ਸਿਰਫ਼ ਉਸ ਅਵਿਨਾਸ਼ੀ ਪਰਮਾਤਮਾ ਵਿਚ ਲਗਾਉ। ਏਨ੍ਹੇਂ ਨਾਲ ਹੀ ਉਹਨਾਂ ਦਾ ਮਤਲਬ ਪੂਰਾ ਹੋ ਜਾਂਦਾ ਹੈ।

**ਸਾਰ**

ਇਸ ਅਧਿਆਇ ਵਿਚ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਅਰਜੁਨ ! ਮੈਂ ਤੈਨੂੰ ਫੇਰ ਉਪਦੇਸ਼ ਕਰਾਂਗਾ, ਕਿਉਂਕਿ ਤੂੰ ਮੇਰਾ ਅਤਿ ਪ੍ਰੇਮੀ ਸ਼ਿਸ਼ ਹੈਂ। ਪਹਿਲੇ ਉਹ ਕਹਿ ਚੁਕੇ ਹਨ, ਫੇਰ ਵੀ ਕਹਿਣ ਜਾ ਰਹੇ ਹਨ, ਕਿਉਂਕਿ ਪੂਰਨਤਾਕਾਲ ਤਕ ਸਤਿਗੁਰੂ ਤੋਂ ਸੁਣਨ ਦੀ ਲੋੜ ਰਹਿੰਦੀ ਹੈ। ਮੇਰੀ ਉਤਪੱਤੀ ਨੂੰ ਨਾ ਦੇਵਤਾ ਅਤੇ ਨਾ ਹੀ ਮਹਾਰਿਸ਼ੀ ਜਾਣਦੇ ਹਨ, ਕਿਉਂਕਿ ਮੈਂ ਉਹਨਾਂ ਦਾ ਆਦਿ ਕਾਰਣ ਹਾਂ। ਕਿਉਂਕਿ ਅਵਿਅਕਤ ਸਥਿਤੀ ਦੇ ਬਾਅਦ ਦੀ ਸਾਰੀ ਸੰਸਾਰਕ ਅਵਸਥਾ ਨੂੰ ਉਹੋ ਜਾਣਦਾ ਹੈ ਜੋ ਆਪ ਪੂਰਨ ਹੋ ਚੁਕਾ ਹੈ। ਜੋ ਮੇਰੇ ਅਜਨਮਾ,ਅਨਾਦਿ, ਸਾਰੇ ਲੋਕਾਂ ਦੇ ਮਹਾਨ ਈਸ਼ਵਰ-ਰੂਪ ਨੂੰ ਪ੍ਰਤੱਖ ਦਰਸ਼ਨ ਰਾਹੀਂ ਜਾਣਦਾ ਹੈ, ਉਹੀ ਗਿਆਨੀ ਹੈ।

ਬੁੱਧੀ, ਗਿਆਨ, ਅਸੰਮੂੜਤਾ (ਸਜਗਤਾ), ਇੰਦ੍ਰੀਆਂ ਦਾ ਦਮਨ, ਮਨ ਦਾ ਸ਼ਮਨ, ਸੰਤੋਸ਼, ਤਪ, ਦਾਨ ਅਤੇ ਕੀਰਤੀ (ਜੱਸ) ਦੇ ਭਾਵ ਅਰਥਾਤ ਦੈਵੀ ਸੰਪੱਤੀ ਦੇ ਇਹ ਲੱਛਣ ਮੇਰੀ ਦੇਣ ਹਨ। ਸੱਤ ਮਹਾਰਿਸ਼ੀ ਅਰਥਾਤ ਯੋਗ ਦੀਆਂ ਸੱਤ ਭੂਮਿਕਾਵਾਂ, ਉਸਤੋਂ ਵੀ ਪਹਿਲਾਂ ਹੋਣ ਵਾਲੇ ਉਸੇ ਦੇ ਅਨੁਰੂਪ ਅੰਤਰਮਨ ਦੇ ਚਾਰ ਰੂਪ ਅਤੇ ਇਹਨਾਂ ਦੇ ਅਨੁਕੂਲ ਮਨ, ਜੋ ਸ੍ਵਯਮਭੂ, ਆਪਣਾ ਰਚਣਹਾਰ ਆਪ ਹੈ ਇਹ ਸਭ ਮੇਰੇ ਵਿਚ ਭਾਵ ਵਾਲੇ, ਲਗਾਅ ਵਾਲੇ ਅਤੇ ਸ਼ਰਧਾ ਵਾਲੇ ਹਨ, ਜਿਨ੍ਹਾਂ ਦੀ ਪਰਜਾ ਸਾਰਾ ਸੰਸਾਰ ਹੈ, ਇਹ ਸਭ ਮੇਰੇ ਤੋਂ ਹੀ ਪੈਦਾ ਹਨ ਅਰਥਾਤ ਸਾਧਨਾਮਈ ਪ੍ਰਵਿਰਤੀਆਂ ਮੇਰੀ ਹੀ ਪਰਜਾ ਹਨ। ਇਹਨਾਂ ਦੀ ਉਤਪੱਤੀ ਆਪੇ ਨਹੀਂ, ਗੁਰੂ ਤੋਂ ਹੁੰਦੀ ਹੈ। ਜੋ ਉਪਰੋਕਤ ਮੇਰੀਆਂ ਵਿਭੂਤੀਆਂ ਨੂੰ ਪ੍ਰਤੱਖ ਕਰਕੇ ਜਾਣ ਲੈਂਦਾ ਹੈ, ਉਹ ਬੇਸ਼ੱਕ ਮੇਰੇ ਵਿਚ ਏਕਾਭਾਵ ਨਾਲ ਪ੍ਰਵੇਸ਼ ਕਰਨ ਯੋਗ ਹੈ।

ਅਰਜੁਨ! 'ਮੈਂ ਹੀ ਸਭ ਦੀ ਉਤਪੱਤੀ ਦਾ ਕਾਰਨ ਹਾਂ' ਇਸ ਤਰ੍ਹਾਂ ਜੋ ਸ਼ਰਧਾ ਨਾਲ ਜਾਣ ਲੈਂਦੇ ਹਨ, ਉਹ ਅਨਿੰਨ ਭਾਵ ਨਾਲ ਮੇਰਾ ਚਿੰਤਨ ਕਰਦੇ ਹਨ, ਨਿਰੰਤਰ ਮੇਰੇ ਵਿਚ ਮਨ, ਬੁੱਧੀ ਅਤੇ ਪ੍ਰਾਣ ਨਾਲ ਲੱਗਣ ਵਾਲੇ ਹੁੰਦੇ ਹਨ। ਮੇਰਾ ਗੁਣ-ਚਿੰਤਨ ਕਰਨ ਵਾਲੇ ਅਤੇ ਮੇਰੇ ਵਿਚ ਰਮਣ (ਰੁੱਝਣ) ਵਾਲੇ ਹੁੰਦੇ ਹਨ। ਮੇਰੇ ਨਾਲ ਲੱਗੇ ਹੋਏ ਐਸੇ ਪੁਰਸ਼ਾਂ ਨੂੰ ਮੈਂ ਯੋਗ ਵਿਚ ਪ੍ਰਵੇਸ਼ ਕਰਨ ਵਾਲੀ ਬੁੱਧੀ ਦੇਂਦਾ ਹਾਂ। ਇਹ ਵੀ ਮੇਰੀ ਹੀ ਦੇਣ ਹੈ। ਬੁੱਧੀ-ਯੋਗ ਕਿਵੇਂ ਦੇਂਦੇ ਹਨ ? ਤਾਂ ਕਿਹਾ, ਅਰਜੁਨ! **'आत्मभावस्थ'**- ਉਹਨਾਂ ਦੇ ਆਤਮਾ ਵਿਚ ਜਾਗ੍ਰਿਤ ਹੋਕੇ ਖੜ੍ਹਾ ਹੋ ਜਾਂਦਾ ਹਾਂ ਅਤੇ ਉਹਨਾਂ ਦੇ ਹਿਰਦੇ ਅੰਦਰ ਅਗਿਆਨ ਤੋਂ ਪੈਦਾ ਹਨੇਰੇ ਨੂੰ ਗਿਆਨ-ਦੀਪਕ ਨਾਲ ਨਸ਼ਟ ਕਰਦਾ ਹਾਂ।

ਅਰਜੁਨ ਨੇ ਪ੍ਰਸ਼ਨ ਕੀਤਾ ਕਿ ਭਗਵਨ ! ਤੁਸੀਂ ਪਰਮ ਪਵਿਤ੍ਰ, ਸਨਾਤਨ ਦਿੱਵ, ਅਨਾਦਿ ਅਤੇ ਸਰਬਥਾਈਂ ਵਿਆਪਤ ਹੋ ਇਸ ਤਰ੍ਹਾਂ ਮਹਾਰਿਸ਼ੀਗਣ ਕਹਿੰਦੇ ਸਨ ਅਤੇ ਵਰਤਮਾਨ ਵਿਚ ਦੇਵਰਿਸ਼ੀ ਨਾਰਦ, ਦੇਵਲ, ਵਿਆਸ ਅਤੇ ਤੁਸੀਂ ਆਪ ਵੀ ਕਹਿੰਦੇ ਹੋ। ਇਹ ਸੱਚ ਵੀ ਹੈ ਕਿ ਤੁਹਾਨੂੰ ਨਾ ਦੇਵਤਾ ਜਾਣਦੇ ਹਨ, ਨਾ ਦਾਨਵ। ਖ਼ੁਦ ਆਪ ਤੁਸੀਂ ਜਿਸਨੂੰ ਗਿਆਨ ਦਿਉ, ਉਹੀ ਜਾਣ ਸਕਦਾ ਹੈ। ਤੁਸੀਂ ਖ਼ੁਦ ਹੀ ਆਪਣੀਆਂ ਵਿਭੂਤੀਆਂ ਨੂੰ ਦਸਣ ਵਿਚ ਸਮਰੱਥ ਹੋ। ਇਸ ਲਈ ਜਨਾਰਦਨ! ਤੁਸੀਂ ਆਪਣੀਆਂ ਵਿਭੂਤੀਆਂ ਨੂੰ ਵਿਸਤਾਰ ਨਾਲ ਦੱਸੋ। ਪੂਰਨਤਾ ਤਕ ਇਸ਼ਟ ਤੋਂ ਸੁਣਦੇ ਰਹਿਣ ਦੀ ਜਿਗਿਆਸਾ ਬਣੀ ਰਹਿਣੀ ਚਾਹੀਦੀ ਹੈ। ਤਾਂ ਫੇਰ ਅੱਗੇ ਇਸ਼ਟ ਦੇ ਅੰਤਰਾਲ ਵਿਚ ਕੀ ਹੈ? ਸਾਧਕ ਉਸਨੂੰ ਕੀ ਜਾਣੇ ?

ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਕ-ਇਕ ਕਰਕੇ ਆਪਣੀਆਂ ਇਕਿਆਸੀ ਵਿਭੂਤੀਆਂ ਦੇ ਲੱਛਣ ਸੰਖੇਪ ਵਿਚ ਦੱਸੇ -ਜਿਨ੍ਹਾਂ ਵਿਚੋਂ ਕੁਝ ਤਾਂ ਯੋਗ-ਸਾਧਨਾ ਵਿਚ ਪ੍ਰਵੇਸ਼ ਕਰਨ ਨਾਲ ਮਿਲਣ ਵਾਲੀਆਂ ਆਂਤਰਿਕ ਵਿਭੂਤੀਆਂ ਦਾ ਚਿਤ੍ਰਣ ਹੈ ਅਤੇ ਬਾਕੀ ਸਮਾਜ ਵਿਚ ਰਿੱਧੀਆਂ-ਸਿੱਧੀਆਂ ਨਾਲ ਮਿਲੀਆਂ ਵਿਭੂਤੀਆਂ ਹਨ। ਅੰਤ ਵਿਚ ਉਹਨਾਂ ਨੇ ਜ਼ੋਰ ਦੇਕੇ ਕਿਹਾ ਕਿ ਅਰਜੁਨ! ਬਹੁਤ ਕੁਝ ਜਾਣਨ ਤੋਂ ਤੇਰਾ ਮਤਲਬ ਕੀ ਹੈ? ਇਸ ਸੰਸਾਰ ਵਿਚ ਜੋ ਕੁਝ ਵੀ ਤੇਜਮਈ, ਪ੍ਰਭੁਤਾਮਈ ਚੀਜ਼ ਹੈ, ਉਹ ਸਭ ਮੇਰੇ ਤੇਜ ਦੇ ਅੰਸ਼ ਮਾਤਰ ਵਿਚ ਸਥਿਤ ਹੈ। ਦਰਅਸਲ ਮੇਰੀਆਂ ਵਿਭੂਤੀਆਂ ਅਨੰਤ ਹਨ। ਐਸਾ ਕਹਿਕੇ ਯੋਗੇਸ਼ਵਰ ਨੇ ਇਹ ਅਧਿਆਇ ਪੂਰਾ ਕੀਤਾ।

ਇਸ ਅਧਿਆਇ ਵਿਚ ਸ਼੍ਰੀ ਕ੍ਰਿਸ਼ਣ ਨੇ ਆਪਣੀਆਂ ਵਿਭੂਤੀਆਂ ਦੀ ਸਿਰਫ਼ ਬੌਧਿਕ ਜਾਣਕਾਰੀ ਦਿਤੀ, ਜਿਸ ਨਾਲ ਅਰਜੁਨ ਦੀ ਸ਼ਰਧਾ ਸਾਰੇ ਪਾਸਿਉਂ ਸਿਮਟਕੇ ਇਕ ਇਸ਼ਟ ਵਿਚ

ਲਗ ਜਾਏ; ਪਰ ਸੱਜਣੋ! ਸਭ ਕੁਝ ਸੁਣ ਲੈਣ ਅਤੇ ਵਾਲ ਦੀ ਖੱਲ ਉਤਾਰਕੇ ਸਮਝ ਲੈਣ ਦੇ ਬਾਅਦ ਵੀ ਉਸਨੂੰ ਚੱਲਕੇ, ਅਨੁਭਵ ਨਾਲ ਜਾਣਨਾ ਬਾਕੀ ਹੀ ਰਹਿੰਦਾ ਹੈ। ਇਹ ਮਾਰਗ ਕ੍ਰਿਆਤਮਕ ਹੈ।

ਸਾਰੇ ਅਧਿਆਇ ਵਿਚ ਯੋਗੇਸ਼ਵਰ ਦੀਆਂ ਵਿਭੂਤੀਆਂ ਦਾ ਹੀ ਵਰਣਨ ਹੈ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'विभूति वर्णनं' नाम दशमोऽध्याय: ।।१०।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ ਤੇ ਅਰਜੁਨ ਦੇ ਸੰਵਾਦ ਵਿਚ 'ਵਿਭੂਤੀ ਵਰਣਨ' ਨਾਮਕ ਦਸਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'विभूति वर्णनं' नाम दशमोऽध्याय: ।।१०।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਗਿਆਰਵਾਂ ਅਧਿਆਇ

ਪਿਛਲੇ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਆਪਣੀਆਂ ਪ੍ਰਮੁੱਖ ਵਿਭੂਤੀਆਂ ਦਾ ਸੰਖੇਪ ਨਾਲ ਵਿਰਤਾਂਤ ਪੇਸ਼ ਕੀਤਾ; ਪਰ ਅਰਜੁਨ ਨੂੰ ਲਗਿਆ ਕਿ ਉਸਨੇ ਵਿਸਤਾਰ ਨਾਲ ਸੁਣ ਲਿਆ ਹੈ। ਉਸਨੇ ਕਿਹਾ ਕਿ ਤੁਹਾਡੇ ਬਚਨ ਸੁਣਕੇ ਮੇਰਾ ਸਾਰਾ ਮੋਹ ਨਸ਼ਟ ਹੋ ਗਿਆ। ਪਰ ਤੁਸੀਂ ਜੋ ਕਿਹਾ ਉਹ ਮੈਂ ਪ੍ਰਤੱਖ ਵੇਖਣਾ ਚਾਹੁੰਦਾ ਹਾਂ। ਸੁਣਨ ਅਤੇ ਵੇਖਣ ਵਿਚ ਪਸ਼ਚਿਮ ਅਤੇ ਪੂਰਬ ਦਾ ਫ਼ਰਕ ਹੈ। ਚੱਲਕੇ ਵੇਖਣ ਨਾਲ ਅਸਲੀ ਸਥਿਤੀ ਕੁਝ ਹੋਰ ਹੀ ਹੁੰਦੀ ਹੈ। ਅਰਜੁਨ ਨੇ ਉਸ ਰੂਪ ਨੂੰ ਵੇਖਿਆ ਤਾਂ ਕੰਬਣ ਲੱਗਾ। ਖਿਮਾ-ਯਾਚਨਾ ਕਰਨ ਲੱਗਾ। ਕੀ ਗਿਆਨੀ ਭੈਭੀਤ ਹੁੰਦਾ ਹੈ । ਉਸਨੂੰ ਕੋਈ ਜਿਗਿਆਸਾ ਰਹਿ ਜਾਂਦੀ ਹੈ ? ਨਹੀਂ, ਬੌਧਿਕ ਪੱਧਰ ਦੀ ਜਾਣਕਾਰੀ ਹਮੇਸ਼ਾ ਫਿੱਕੀ ਹੁੰਦੀ ਹੈ। ਹਾਂ, ਉਹ ਯਥਾਰਥ ਜਾਣਕਾਰੀ ਲਈ ਪ੍ਰੇਰਣਾ ਜ਼ਰੂਰ ਦੇਂਦੀ ਹੈ। ਇਸ ਲਈ ਅਰਜੁਨ ਨੇ ਬੇਨਤੀ ਕੀਤੀ

**ਅਰਜੁਨ ਉਵਾਚ-**

**मदनुग्रहाय परमं गुह्यमध्यात्मसंज्ञितम् ।**
**यत्त्वयोक्तं वचस्तेन मोहोऽयं विगतो मम ।।१।।**

ਹੇ ਭਗਵਨ! ਮੇਰੇ ਉਤੇ ਕਿਰਪਾ ਕਰਨ ਲਈ ਜੋ ਤੁਹਾਡੇ ਰਾਹੀਂ ਰਹੱਸਮਈ ਅਧਿਆਤਮ ਵਿਚ ਪ੍ਰਵੇਸ਼ ਦਿਵਾਉਣ ਵਾਲਾ ਉਪਦੇਸ਼ ਦਿੱਤਾ ਗਿਆ, ਉਸ ਨਾਲ ਮੇਰਾ ਇਹ ਅਗਿਆਨ ਨਸ਼ਟ ਹੋ ਗਿਆ। ਮੈਂ ਗਿਆਨੀ ਹੋ ਗਿਆ।

**भवाप्ययौ हि भूतानां श्रुतौ विस्तरशो मया।**
**त्वत्तः कमलपत्राक्ष माहात्म्यमपि चाव्ययम् ।।२।।**

ਕਿਉਂਕਿ ਹੇ ਕੰਵਲਨੇਤ੍ਰ! ਮੈਂ ਜੀਵਾਂ ਦੀ ਉਤਪੱਤੀ ਅਤੇ ਪਰਲੋ ਤੁਹਾਡੇ ਕੋਲੋਂ ਸੁਣ ਚੁਕਾ ਹਾਂ ਅਤੇ ਤੁਹਾਡਾ ਅਵਿਨਾਸ਼ੀ ਪ੍ਰਭਾਵ ਵੀ ਸੁਣ ਚੁਕਾ ਹਾਂ।

**एवमेतद्यथात्थ त्वमात्मानं परमेश्वर।**
**द्रष्टुमिच्छामि ते रूपमैश्वरं पुरुषोत्तम।।३।।**

ਹੇ ਪਰਮੇਸ਼ਵਰ! ਤੁਸੀਂ ਆਪਣੇ ਨੂੰ ਜਿਸ ਤਰ੍ਹਾਂ ਕਹਿੰਦੇ ਹੋ, ਉਹ ਠੀਕ ਉਸੇ ਤਰ੍ਹਾਂ ਹੀ ਹੈ, ਇਸ ਵਿਚ ਕੋਈ ਸ਼ੰਕਾ ਨਹੀਂ, ਪਰ ਮੈਂ ਉਸਨੂੰ ਸਿਰਫ਼ ਸੁਣਿਆ ਹੈ, ਇਸ ਲਈ ਹੇ ਪੁਰਸ਼ੋਤਮ! ਉਸ ਪ੍ਰਭੂਤਾਮਈ ਸਵਰੂਪ ਨੂੰ ਮੈਂ ਪ੍ਰਤੱਖ ਵੇਖਣਾ ਚਾਹੁੰਦਾ ਹਾਂ।

**मन्यसे यदि तच्छक्यं मया द्रष्टुमिति प्रभो।**
**योगेश्वर ततो मे त्वं दर्शयात्मानमव्ययम्।।४।।**

ਹੇ ਪ੍ਰਭੂ! ਜੇ ਮੇਰੇ ਰਾਹੀਂ ਤੁਹਾਡਾ ਉਹ ਰੂਪ ਵੇਖਿਆ ਜਾਣਾ ਮੁਮਕਿਨ ਹੈ, ਜੇ ਤੁਸੀਂ ਇਸ ਤਰ੍ਹਾਂ ਮੰਨਦੇ ਹੋ, ਤਾਂ ਯੋਗੇਸ਼ਵਰ! ਤੁਸੀਂ ਆਪਣੇ ਅਵਿਨਾਸ਼ੀ ਸਵਰੂਪ ਦਾ ਮੈਨੂੰ ਦਰਸ਼ਨ ਕਰਾਉ। ਇਸਤੇ ਯੋਗੇਸ਼ਵਰ ਨੇ ਕੋਈ ਇਤਰਾਜ਼ ਨਾ ਕੀਤਾ, ਕਿਉਂਕਿ ਪਹਿਲਾਂ ਵੀ ਉਹ ਥਾਂ-ਥਾਂ ਤੇ ਕਹਿ ਆਏ ਹਨ ਕਿ ਤੂੰ ਮੇਰਾ ਸ਼ਰਧਾਲੂ ਮਿੱਤਰ, ਪਿਆਰਾ ਭਗਤ ਹੈ। ਇਸ ਲਈ ਬੜੀ ਪ੍ਰਸੰਨਤਾ ਨਾਲ ਉਹਨਾਂ ਨੇ ਆਪਣਾ ਸਵਰੂਪ ਦਰਸਾਇਆ

**ਸ਼੍ਰੀ ਭਗਵਾਨ ਉਵਾਚ** –

**पश्य मे पार्थ रूपाणि शतशोऽथ सहस्रशः।**
**नानाविधानि दिव्यानि नानावर्णाकृतीनि च।।५।।**

ਪਾਰਥ! ਮੇਰੇ ਸੈਂਕੜੇ ਅਤੇ ਹਜ਼ਾਰਾਂ ਵੱਖ-ਵੱਖ ਤਰ੍ਹਾਂ ਦੇ ਅਤੇ ਵੱਖ-ਵੱਖ ਵਰਣ ਅਤੇ ਆਕਾਰ ਵਾਲੇ ਦਿੱਵਯ ਸਵਰੂਪ ਨੂੰ ਵੇਖ।

**पश्यादित्यान्वसून्रुद्रानश्विनौ मरुतस्तथा।**
**बहून्यदृष्टपूर्वाणि पश्याश्चर्याणि भारत।।६।।**

ਹੇ ਭਾਰਤ! ਅਦਿਤੀ ਦੇ ਬਾਰਾਂ ਪੁੱਤਰਾਂ, ਅੱਠ ਵਸਤੁਆਂ, ਗਿਆਰਾਂ ਰੁਦ੍ਰਾਂ, ਦੋਨਾਂ ਅਸ਼ਵਿਨੀ ਕੁਮਾਰਾਂ ਅਤੇ ਉਣਿੰਜਾ ਮਰੁਦਗਣਾਂ ਨੂੰ ਵੇਖ ਅਤੇ ਹੋਰ ਬਹੁਤ ਸਾਰੇ, ਪਹਿਲਾਂ ਤੇਰੇ ਰਾਹੀਂ ਕਦੇ ਨਾ ਵੇਖੇ ਹੋਏ, ਹੈਰਾਨੀ ਭਰੇ ਰੂਪਾਂ ਨੂੰ ਵੇਖ।

**इहैकस्थं जगत्कृत्सनं पश्याद्य सचराचरम्।**
**मम देहे गुडाकेश यच्चान्यद् द्रष्टुमिच्छसि।।७।।**

ਅਰਜੁਨ! ਹੁਣ ਮੇਰੇ ਇਸ ਸਰੀਰ ਵਿਚ ਇਕ ਹੀ ਸਥਾਨ ਤੇ ਸਥਿਤ ਹੋਏ ਚਲ-ਅਚਲ ਸਹਿਤ ਸਾਰੇ ਜਗਤ ਨੂੰ ਵੇਖ ਅਤੇ ਹੋਰ ਵੀ ਜੋ ਕੁਝ ਵੇਖਣਾ ਚਾਹੁੰਦਾ ਹੈਂ ਉਹ ਵੇਖ।

ਇਸ ਤਰ੍ਹਾਂ ਤਿਨਾਂ ਸ਼ਲੋਕਾਂ ਤਕ ਭਗਵਾਨ ਲਗਾਤਾਰ ਦਿਖਾਉਂਦੇ ਚਲੇ ਗਏ, ਪਰ ਅਰਜੁਨ ਨੂੰ ਕੁਝ ਦਿਖਾਈ ਨਾ ਪਿਆ (ਉਹ ਅੱਖਾਂ ਮਲਦਾ ਰਹਿ ਗਿਆ)। ਇਸ ਲਈ ਇਹ ਸਭ ਦਿਖਾਉਂਦੇ ਹੋਏ ਭਗਵਾਨ ਅਚਾਨਕ ਰੁਕ ਜਾਂਦੇ ਹਨ ਅਤੇ ਕਹਿੰਦੇ ਹਨ –

**न तु मां शक्यसे द्रष्टुमनेनैव स्वचक्षुषा।**
**दिव्यं ददामि ते चक्षुः पश्य मे योगमैश्वरम्।।८।।**

ਅਰਜੁਨ! ਤੂੰ ਮੈਨੂੰ ਆਪਣੇ ਨੇਤ੍ਰਾਂ ਨਾਲ ਅਰਥਾਤ ਬੌਧਿਕ ਦ੍ਰਿਸ਼ਟੀ ਨਾਲ ਵੇਖਣ ਵਿਚ ਸਮਰੱਥ ਨਹੀਂ ਹੈਂ। ਇਸ ਲਈ ਮੈਂ ਤੈਨੂੰ ਦਿੱਵਯ ਅਰਥਾਤ ਅਲੌਕਿਕ ਦ੍ਰਿਸ਼ਟੀ ਦੇਂਦਾ ਹਾਂ, ਜਿਸ ਨਾਲ ਤੂੰ ਮੇਰੇ ਪ੍ਰਭਾਵ ਅਤੇ ਯੋਗਸ਼ਕਤੀ ਨੂੰ ਵੇਖ।

ਇਧਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਕਿਰਪਾ-ਪ੍ਰਸਾਦ ਨਾਲ ਅਰਜੁਨ ਨੂੰ ਉਹੀ ਦ੍ਰਿਸ਼ਟੀ ਪ੍ਰਾਪਤ ਹੋਈ, ਉਸਨੇ ਵੇਖਿਆ ਅਤੇ ਉਧਰ ਯੋਗੇਸ਼ਵਰ ਵਿਆਸ ਦੇ ਕਿਰਪਾ-ਪ੍ਰਸਾਦ ਨਾਲ ਉਹੀ ਦ੍ਰਿਸ਼ਟੀ ਸੰਜਯ ਨੂੰ ਮਿਲੀ ਸੀ। ਜੋ ਕੁਝ ਅਰਜੁਨ ਨੇ ਵੇਖਿਆ, ਬਿਲਕੁਲ ਉਹੀ ਨਜ਼ਾਰਾ ਸੰਜਯ ਨੇ ਵੀ ਵੇਖਿਆ ਅਤੇ ਉਸਦੇ ਪ੍ਰਭਾਵ ਨਾਲ ਆਪਣੇ ਆਪ ਨੂੰ ਕਲਿਆਨ ਦਾ ਭਾਗੀ ਬਣਾਇਆ। ਸਪਸ਼ਟ ਹੈ ਕਿ ਸ਼੍ਰੀ ਕ੍ਰਿਸ਼ਣ ਇਕ ਯੋਗੀ ਹਨ।

**ਸੰਜਯ ਉਵਾਚ**

**एवमुक्त्वा ततो राजन्महायोगेश्वरो हरिः ।**
**दर्शयामास पार्थाय परमं रूपमैश्वरम् ।।९ ।।**

ਸੰਜਯ ਬੋਲਿਆ  ਹੇ ਰਾਜਨ! ਮਹਾਯੋਗੇਸ਼ਵਰ ਹਰੀ ਨੇ ਇਸ ਤਰ੍ਹਾਂ ਕਹਿਕੇ ਉਸਦੇ ਬਾਅਦ ਪਾਰਥ ਨੂੰ ਆਪਣਾ ਪਰਮ ਵਿਰਾਟ ਦਿੱਵਯ ਸਵਰੂਪ ਦੱਸਿਆ। ਜੋ ਯੋਗੀ ਹੈ ਅਤੇ ਦੂਜਿਆਂ ਨੂੰ ਵੀ ਯੋਗ ਦੇਣ ਦੀ ਸਮਰਥਾ ਜਿਸ ਵਿਚ ਹੈ, ਜੋ ਯੋਗ ਦਾ ਸੁਵਾਮੀ ਹੈ, ਉਸਨੂੰ ਯੋਗੇਸ਼ਵਰ ਕਹਿੰਦੇ ਹਨ। ਇਸੇ ਤਰ੍ਹਾਂ ਸਭ ਕੁਝ ਹਰਣ ਕਰਨ ਵਾਲਾ, ਲੈ ਲੈਣ ਵਾਲਾ ਹਰੀ ਹੈ। ਜੇ ਸਿਰਫ਼ ਦੁੱਖਾਂ ਦਾ ਹਰਣ ਕੀਤਾ ਤੇ ਸੁਖ ਛੱਡ ਦਿਤੇ, ਤਾਂ ਦੁੱਖ ਆਏਗਾ। ਇਸ ਲਈ ਸਭ ਪਾਪਾਂ ਦੇ ਨਾਸ਼ ਦੇ ਨਾਲ ਸਭੋ ਕੁਝ ਦਾ ਹਰਣ ਕਰਕੇ ਆਪਣਾ ਸਵਰੂਪ ਦੇਣ ਵਿਚ ਜੋ ਸਮਰੱਥ ਹੈ, ਉਹ ਹਰੀ ਹੈ। ਉਹਨਾਂ ਨੇ ਪਾਰਥ ਨੂੰ ਆਪਣਾ ਦਿੱਵਯ ਸਵਰੂਪ ਦੱਸਿਆ। ਸਾਮ੍ਹਣੇ ਹੀ ਤਾਂ ਖੜ੍ਹੇ ਸਨ।

**अनेकवक्त्रनयनमनेकाद्भुत-दर्शनम् ।**
**अनेकदिव्याभरणं दिव्यानेकोद्यतायुधम् ।।१० ।।**

ਅਨੇਕ ਮੁਖ ਅਤੇ ਨੇਤ੍ਰਾਂ ਵਾਲਾ, ਅਨੇਕ ਅਚਰਜਕਾਰੀ ਦਰਸ਼ਨਾਂ ਵਾਲਾ, ਅਨੇਕ ਦਿੱਵਯ ਭੂਸ਼ਣਾਂ (ਕਪੜੇ-ਗਹਿਣੇ) ਵਾਲਾ ਅਤੇ ਦਿੱਵਯ ਸ਼ਸਤ੍ਰਾਂ ਨੂੰ ਹੱਥਾਂ ਵਿਚ ਚੁੱਕਿਆ ਹੋਇਆ ਅਤੇ

**दिव्यमाल्याम्बरधरं दिव्यगन्धानुलेपनम् ।**
**सर्वाश्चर्यमयं देवमनन्तं विश्वतोमुखम् ।।११ ।।**

ਦਿੱਵ ਮਾਲਾ ਅਤੇ ਵਸਤਰਾਂ ਨੂੰ ਧਾਰਨ ਕੀਤਾ ਹੋਇਆ, ਦਿੱਵ ਗੰਧ ਦਾ ਲੇਪ ਕੀਤਾ ਹੋਇਆ, ਸਭ ਤਰ੍ਹਾਂ ਦੇ ਅਸਚਰਜਾਂ ਨਾਲ ਭਰਿਆ ਹੋਇਆ, ਸੀਮਾ ਰਹਿਤ ਵਿਰਾਟ ਸਵਰੂਪ ਪਰਮਦੇਵ ਨੂੰ ਅਰਜੁਨ ਨੇ ਉਸ ਦਿੱਵ ਦ੍ਰਿਸ਼ਟੀ ਰਾਹੀਂ ਵੇਖਿਆ।

**दिवि सूर्यसहस्रस्य भवेद्युगपदुत्थिता ।**
**यदि भाः सदृशी सा स्याद्भासस्तस्य महात्मनः ।।१२ ।।**

(ਅਗਿਆਨ ਰੂਪੀ ਧ੍ਰਿਤਰਾਸ਼ਟ੍ਰ, ਸੰਜਮ ਰੂਪੀ ਸੰਜਯ  ਜਿਵੇਂ ਪਿੱਛੇ ਕਿਹਾ ਗਿਆ ਹੈ) ਸੰਜਯ ਬੋਲਿਆ  ਹੇ ਰਾਜਨ! ਆਕਾਸ਼ ਵਿਚ ਇੱਕੋ ਸਮੇਂ ਹਜ਼ਾਰ ਸੂਰਜਾਂ ਦੇ ਉੱਗਣ ਜਿੰਨਾ ਪ੍ਰਕਾਸ਼ ਵੀ ਉਸ ਵਿਸ਼ਵਰੂਪ ਮਹਾਤਮਾ ਦੇ ਪ੍ਰਕਾਸ਼ ਦੇ ਬਰਾਬਰ ਸ਼ਾਇਦ ਹੀ ਹੋਵੇ। ਇੱਥੇ ਸ਼੍ਰੀ ਕ੍ਰਿਸ਼ਣ ਮਹਾਤਮਾ ਹੀ ਹਨ, ਯੋਗੇਸ਼ਵਰ ਸਨ।

**तत्रैकस्थं जगत्कृत्स्नं प्रविभक्तमनेकधा।**
**अपश्यद् देवदेवस्य शरीरे पाण्डवस्तदा।।१३।।**

ਪਾਂਡੂ ਪੁੱਤਰ ਅਰਜੁਨ ਨੇ (ਪੁੰਨ ਹੀ ਪਾਂਡੂ ਹੈ, ਪੁੰਨ ਹੀ ਅਨੁਰਾਗ ਨੂੰ ਪੈਦਾ ਕਰਦਾ ਹੈ) ਉਸ ਸਮੇਂ ਅਨੇਕ ਤਰ੍ਹਾਂ ਨਾਲ ਫੈਲੇ ਹੋਏ ਸਾਰੇ ਜਗਤ ਨੂੰ ਉਸ ਪਰਮਦੇਵ ਦੇ ਸਰੀਰ ਵਿਚ ਇਕ ਥਾਂ ਤੇ ਸਥਿਤ ਵੇਖਿਆ।

**ततः स विस्मयाविष्टो हृष्टरोमा धनंजयः।**
**प्रणम्य शिरसा देवं कृताञ्जलिरभाषत।।१४।।**

ਇਸਦੇ ਬਾਅਦ ਹੈਰਾਨੀ ਨਾਲ ਭਰਿਆ, ਰੋਮ-ਰੋਮ ਵਿਚ ਪ੍ਰਸੰਨਤਾ ਅਨੁਭਵ ਕਰਦਾ ਹੋਇਆ ਅਰਜੁਨ ਪਰਮਦੇਵ ਨੂੰ ਸਿਰ ਤੋਂ ਪ੍ਰਣਾਮ ਕਰਕੇ (ਪਹਿਲਾਂ ਵੀ ਪ੍ਰਣਾਮ ਕਰਦਾ ਸੀ, ਪਰ ਪ੍ਰਭਾਵ ਦੇਖਣ ਦੇ ਬਾਅਦ ਆਦਰ ਸਹਿਤ ਪ੍ਰਣਾਮ ਕਰਕੇ), ਹੱਥ ਜੋੜਕੇ ਬੋਲਿਆ। ਇੱਥੇ ਅਰਜੁਨ ਨੇ ਅੰਤਰਮਨ ਨਾਲ ਨਮਨ ਕੀਤਾ ਅਤੇ ਕਿਹਾ

**ਅਰਜੁਨ ਉਵਾਚ**

**पश्यामि देवांस्तव देव देहे**
**सर्वांस्तथा भूतविशेषसंघान्।**
**ब्रह्माणमीशं कमलासनस्थम्**
**ऋषींश्चसर्वानुरगांश्च दिव्यान्।।१५।।**

ਹੇ ਦੇਵ! ਤੁਹਾਡੇ ਸਰੀਰ ਵਿਚ ਮੈਂ ਸਾਰੇ ਦੇਵਾਂ ਨੂੰ ਅਤੇ ਅਨੇਕ ਜੀਵਾਂ ਦੇ ਸਮੂਹਾਂ ਨੂੰ, ਕੰਵਲ ਦੇ ਆਸਨ ਉੱਤੇ ਬੈਠੇ ਬ੍ਰਹਮਾ ਨੂੰ, ਮਹਾਦੇਵ ਨੂੰ, ਸਾਰੇ ਰਿਸ਼ੀਆਂ ਨੂੰ ਅਤੇ ਦਿੱਵਯ ਸਰੂਪਾਂ ਨੂੰ ਵੇਖਦਾ ਹਾਂ। ਇਹ ਪ੍ਰਤੱਖ ਦਰਸ਼ਨ ਸੀ, ਕੋਰੀ ਕਲਪਨਾ ਨਹੀਂ, ਪਰ ਇਹ ਤਾਂ ਹੀ ਹੋ ਸਕਦਾ ਹੈ ਜਦ ਯੋਗੇਸ਼ਵਰ, ਪੂਰਨਤਾ ਪ੍ਰਾਪਤ ਮਹਾਪੁਰਸ਼ ਪ੍ਰਸੰਨ ਹੋਕੇ ਦ੍ਰਿਸ਼ਟੀ ਦੇਣ। ਇਹ ਸਾਧਨਾ ਰਾਹੀਂ ਹੁੰਦਾ ਹੈ।

**अनेक बाहूदरवक्त्रनेत्रं पश्यामि त्वां सर्वतोऽनन्तरूपम्।**
**नान्तं न मध्यं न पुनस्तवादिं पश्यामि विश्वेश्वर विश्वरूप।।१६।।**

ਸੰਸਾਰ ਦੇ ਸੁਵਾਮੀ! ਮੈਂ ਤੁਹਾਨੂੰ ਅਨੇਕ ਹੱਥ-ਪੇਟ-ਮੁਖ ਅਤੇ ਨੇਤ੍ਰਾਂ ਵਾਲਾ ਅਤੇ ਸਾਰੇ ਪਾਸਿਉਂ ਅਨੰਤ ਰੂਪਾਂ ਵਾਲਾ ਵੇਖਦਾ ਹਾਂ। ਹੇ ਵਿਸ਼ਵਰੂਪ! ਨਾ ਮੈਂ ਆਪਦੇ ਆਦਿ ਨੂੰ, ਨਾ ਮੱਧ ਨੂੰ ਅਤੇ ਨਾ ਅੰਤ ਨੂੰ ਵੇਖਦਾ ਹਾਂ, ਅਰਥਾਤ ਆਪਦੇ ਆਦਿ, ਮੱਧ ਤੇ ਅੰਤ ਦਾ ਕੋਈ ਫੈਸਲਾ ਨਹੀਂ ਕਰ ਸਕਦਾ।

**करीटिनं गदिनं चक्रिणं च तेजोराशिं सर्वतो दीप्तिमन्तम्।**
**पश्यामि त्वां दुर्निरीक्ष्यं समन्ता द्दीप्तानलार्कद्युतिप्रमेयम्।।१७।।**

ਮੈਂ ਤੁਹਾਨੂੰ ਮੁਕਟਧਾਰੀ, ਗਦਾਧਾਰੀ, ਚੱਕ੍ਰਧਾਰੀ, ਸਭ ਪਾਸਿਆਂ ਤੋਂ ਪ੍ਰਕਾਸ਼ਰੂਪ, ਤੇਜਪੁੰਜਰੂਪ, ਬਲਦੀ ਹੋਈ ਅੱਗ ਅਤੇ ਸੂਰਜ ਦੇ ਸਮਾਨ ਵੇਖਣ ਵਿਚ ਮੁਸ਼ਕਿਲ, ਅਰਥਾਤ ਜਿਸਨੂੰ ਅੱਖਾਂ ਨਾ ਝੱਲ ਸਕਣ, ਐਸਾ ਅਤੇ ਹਰ ਪਾਸਿਉਂ ਬੁੱਧੀ ਆਦਿ ਨਾਲ ਗ੍ਰਹਿਣ ਨਾ ਹੋਣ ਯੋਗ, ਅਪਾਰ ਵੇਖਦਾ ਹਾਂ। ਇਸ ਤਰ੍ਹਾਂ ਸਾਰੀਆਂ ਇੰਦ੍ਰੀਆਂ ਸਮੇਤ ਪੂਰਾ ਸਮਰਪਿਤ ਹੋਕੇ, ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੂੰ ਇਸ ਰੂਪ ਵਿਚ ਵੇਖਕੇ ਅਰਜੁਨ ਉਹਨਾਂ ਦੀ ਬੰਦਨਾ ਕਰਨ ਲੱਗਾ -

**त्वमक्षरं परमं वेदितव्यं त्वमस्य विश्वस्य परं निधानम्।**
**त्वमव्यय: शाश्वतधर्मगोप्ता सनातनस्त्वं पुरुषो मतो मे ।।१८।।**

ਭਗਵਨ! ਤੁਸੀਂ ਜਾਣਨ ਯੋਗ ਪਰਮ ਅੱਖਰ ਅਰਥਾਤ ਅਨਾਸ਼ ਪਰਮਾਤਮਾ ਹੋ। ਤੁਸੀਂ ਇਸ ਜਗਤ ਦਾ ਪਰਮ ਆਸਰਾ ਹੋ, ਤੁਸੀਂ ਸ਼ਾਸ਼ਵਤ ਧਰਮ ਦੇ ਰੱਖਿਅਕ ਹੋ ਅਤੇ ਆਪ ਅਵਿਨਾਸ਼ੀ ਸਨਾਤਨ ਪੁਰਸ਼ ਹੋ ਐਸੀ ਮੱਤ ਹੈ। ਆਤਮਾ ਦਾ ਸਵਰੂਪ ਕੀ ਹੈ ? ਸ਼ਾਸਵਤ ਹੈ, ਸਨਾਤਨ ਹੈ, ਅਵਿਅਕਤ ਹੈ, ਅਵਿਨਾਸ਼ੀ ਹੈ। ਇੱਥੇ ਸ਼੍ਰੀ ਕ੍ਰਿਸ਼ਣ ਦਾ ਕੀ ਸਵਰੂਪ ਹੈ ? ਉਹੀ ਸ਼ਾਸ਼ਵਤ, ਸਨਾਤਨ, ਅਵਿਅਕਤ, ਅਵਿਨਾਸ਼ੀ! ਅਰਥਾਤ ਪ੍ਰਾਪਤੀ ਦੇ ਬਾਅਦ ਮਹਾਪੁਰਸ਼ ਵੀ ਉਸ ਆਤਮ-ਭਾਵ ਵਿਚ ਸਥਿਤ ਹੁੰਦਾ ਹੈ। ਤਾਂ ਹੀ ਤਾਂ ਭਗਵਾਨ ਅਤੇ ਆਤਮਾ ਇੱਕੋ ਲੱਛਣਾਂ ਵਾਲੇ ਹਨ।

**अनादिमध्यान्तमनन्तवीर्य-**
**मनन्तबाहुं शशिसूर्यनेत्रम्।**
**पश्यामि त्वां दीप्तहुताशवक्त्रं-**
**स्वतेजसा विश्वमिदं तपन्तम्।।१९।।**

ਹੇ ਪਰਮਾਤਮਾ! ਮੈਂ ਤੁਹਾਨੂੰ ਆਦਿ, ਮੱਧ ਤੇ ਅੰਤ ਤੋਂ ਰਹਿਤ, ਅਨੰਤ ਸਮਰਥਾਵਾਨ, ਅਨੰਤ ਹੱਥਾਂ ਵਾਲਾ (ਪਹਿਲਾਂ ਹਜ਼ਾਰਾਂ ਸਨ, ਹੁਣ ਅਨੰਤ ਹੋ ਗਏ), ਚੰਨ ਅਤੇ ਸੂਰਜ ਰੂਪੀ ਨੇਤ੍ਰਾਂ ਵਾਲਾ (ਤਾਂ ਤੇ ਭਗਵਾਨ ਕਾਣੇ ਹੋ ਗਏ! ਇਕ ਅੱਖ ਚੰਨ ਵਾਂਗ ਕਮਜ਼ੋਰ ਰੋਸ਼ਨੀ ਵਾਲੀ ਅਤੇ ਦੂਜੀ ਸੂਰਜ ਵਾਂਗ ਸਤੇਜ, ਪਰ ਐਸਾ ਕੁਝ ਨਹੀਂ ਹੈ। ਸੂਰਜ ਵਾਂਗ ਪ੍ਰਕਾਸ਼ ਦੇਣ ਵਾਲਾ ਅਤੇ ਚੰਨ ਵਾਂਗ ਸ਼ੀਤਲਤਾ ਦੇਣ ਵਾਲਾ ਗੁਣ ਭਗਵਾਨ ਵਿਚ ਹੈ। ਚੰਨ-ਸੂਰਜ ਸਿਰਫ਼ ਪ੍ਰਤੀਕ ਹਨ। ਅਰਥਾਤ ਸੂਰਜ ਅਤੇ ਚੰਦ੍ਰਮਾ ਦੀ ਦ੍ਰਿਸ਼ਟੀ ਵਾਲੇ) ਅਤੇ ਬਲਦੀ ਅੱਗ ਰੂਪੀ ਮੁਖ ਵਾਲਾ ਅਤੇ ਆਪਣੇ ਤੇਜ ਨਾਲ ਇਸ ਜਗਤ ਨੂੰ ਤਪਾਉਂਦੇ ਹੋਏ ਵੇਖਦਾ ਹਾਂ।

**द्यावापृथिव्योरिदमन्तरं हि व्याप्तं**
**त्वयैकेन दिशश्च सर्वा: ।**
**दृष्ट्वाद्भुतं रूपमुग्रं तवेदं**
**लोकत्रयं प्रव्यथितं महात्मन्।।२०।।**

ਹੇ ਮਹਾਤਮਾ! ਅੰਤਰਿਖਸ਼ ਅਤੇ ਪ੍ਰਿਥਵੀ ਦੇ ਵਿਚਕਾਰ ਦਾ ਸਾਰਾ ਆਕਾਸ਼ ਅਤੇ ਸਭ ਦਿਸ਼ਾਵਾਂ ਇਕ ਮਾਤਰ ਆਪ ਨਾਲ ਹੀ ਭਰੀਆਂ ਹਨ। ਤੁਹਾਡੇ ਇਸ ਅਲੌਕਿਕ, ਭਿਅੰਕਰ ਰੂਪ ਨੂੰ ਦੇਖਕੇ ਤਿੰਨੋਂ ਲੋਕ ਅਤਿਅੰਤ ਘਬਰਾ ਰਹੇ ਹਨ।

**अमी हि त्वां सुरसंघा विशन्ति**
**केचिद्भीता: प्राञ्जलयो गृणन्ति ।**
**स्वस्तीत्युक्त्वा महर्षिसिद्धसंघा :**
**स्तुवन्ति त्वां स्तुतिभि: पुष्कलाभि: ।।२१।।**

ਉਹ ਦੇਵਤਿਆਂ ਦੇ ਸਮੂਹ ਆਪ ਵਿਚ ਹੀ ਪ੍ਰਵੇਸ਼ ਕਰ ਰਹੇ ਹਨ ਅਤੇ ਕਈ ਭੈਭੀਤ ਹੋਕੇ, ਹੱਥ ਜੋੜਕੇ ਤੁਹਾਡੇ ਗੁਣਾਂ ਦਾ ਗਾਇਨ ਕਰ ਰਹੇ ਹਨ। ਮਹਾਰਿਸ਼ੀਆਂ ਅਤੇ ਸਿੱਧਾਂ ਦੇ ਸਮੂਹ ਸ੍ਵਸਤੀਵਾਚਨ ਅਰਥਾਤ ਕਲਿਆਨ ਹੋਵੇ, ਕਲਿਆਨ ਹੋਵੇ, ਕਹਿੰਦੇ ਹੋਏ ਸਾਰੇ ਸਤੋਤ੍ਰਾਂ ਨਾਲ

ਆਪਦੀ ਉਸਤਤ ਕਰ ਰਹੇ ਹਨ।

**रुद्रादित्या वसवो ये च साध्या**
**विश्वेऽश्विनौ मरुतश्चोष्मपाश्च।**
**गन्धर्वयक्षासुर सिद्धसंघा**
**वीक्षन्ते त्वां विस्मिताश्चैव सर्वे।।२२।।**

ਰੁਦ੍ਰ, ਆਦਿਤਿਅ, ਵਸੂ, ਸਾਧਿਅ, ਵਿਸ਼ਵਦੇਵ, ਅਸ਼ਵਿਨੀ ਕੁਮਾਰ, ਵਾਯੂਦੇਵ, ਪਿਤਰਾਂ, ਗੰਧਰਵਾਂ-ਯੱਕਸ਼ਾਂ-ਰਾਖਸ਼ਾਂ ਅਤੇ ਸਿੱਧਾਂ ਦੇ ਸਮੂਹ ਸਾਰੇ ਆਪਨੂੰ ਹੈਰਾਨੀ ਨਾਲ ਵੇਖ ਰਹੇ ਹਨ, ਅਰਥਾਤ ਵੇਖਦੇ ਹੋਏ ਵੀ ਸਮਝ ਨਹੀਂ ਪਾ ਰਹੇ ਹਨ, ਕਿਉਂਕਿ ਉਹਨਾਂ ਕੋਲ ਦ੍ਰਿਸ਼ਟੀ ਹੀ ਨਹੀਂ ਹੈ। ਪਹਿਲਾਂ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਸੀ ਕਿ ਆਸੁਰੀ ਸੁਭਾਅ ਵਾਲੇ ਮੈਨੂੰ ਤੁੱਛ ਕਹਿਕੇ ਸੰਬੋਧਿਤ ਕਰਦੇ ਹਨ। ਆਮ ਮਨੁੱਖ ਵਰਗਾ ਮੰਨਦੇ ਹਨ, ਜਦਕਿ ਮੈਂ ਪਰਮਭਾਵ ਵਿਚ, ਪਰਮੇਸ਼ਵਰ ਰੂਪ ਵਿਚ ਸਥਿਤ ਹਾਂ, ਭਾਵੇਂ ਮਨੁੱਖ-ਸਰੀਰ ਦੇ ਆਧਾਰ ਵਾਲਾ ਹੀ ਹਾਂ। ਉਸੇ ਦਾ ਇੱਥੇ ਵਿਸਤਾਰ ਹੈ ਕਿ ਉਹ ਹੈਰਾਨੀ ਨਾਲ ਵੇਖ ਰਹੇ ਹਨ, ਅਸਲ ਵਿਚ ਉਹਨਾਂ ਨੂੰ ਸਮਝ ਨਹੀਂ ਆ ਰਹੀ ਅਸਲੀਅਤ ਨਹੀਂ ਵੇਖ ਪਾ ਰਹੇ।

**रूपं महत्ते बहुवक्त्रनेत्रं**
**महाबाहो बहुबाहूरुपादम्।**
**बहूदरं बहुदंष्ट्राकरालं दृष्ट्वा**
**लोका: प्रव्यथितास्तथाहम्।।२३।।**

ਮਹਾਬਾਹੋ! (ਸ਼੍ਰੀ ਕ੍ਰਿਸ਼ਣ ਮਹਾਬਾਹੂ ਹਨ ਅਤੇ ਅਰਜੁਨ ਵੀ ਮਹਾਬਾਹੂ ਹੈ। ਪ੍ਰਕ੍ਰਿਤੀ ਤੋਂ ਪਰੇ ਮਹਾਨ ਸੱਤਾ ਵਿਚ ਜਿਸਦਾ ਕਾਰਜ-ਖੇਤਰ ਹੋਵੇ ਉਹ ਮਹਾਬਾਹੂ ਹੈ। ਸ਼੍ਰੀ ਕ੍ਰਿਸ਼ਣ ਮਹਾਨਤਾ ਦੇ ਖੇਤਰ ਵਿਚ ਪੂਰਣ ਹਨ, ਵੱਧ ਤੋਂ ਵੱਧ ਸੀਮਾ ਵਿਚ ਹਨ, ਅਰਜੁਨ ਉਸੇ ਦੀ ਪ੍ਰਵੇਸ਼ਿਕਾ ਵਿਚ ਹੈ, ਰਸਤੇ ਵਿਚ ਹੈ। ਮੰਜ਼ਿਲ ਰਸਤੇ ਦਾ ਦੂਜਾ ਸਿਰਾ ਹੀ ਤਾਂ ਹੈ।) ਮਹਾਬਾਹੂ ਯੋਗੇਸ਼ਵਰ! ਤੁਹਾਡੇ ਬਹੁਤ ਮੁਖ ਅਤੇ ਨੇਤ੍ਰਾਂ ਵਾਲੇ, ਅਨੇਕ ਹੱਥ-ਜੰਘਾ ਅਤੇ ਪੈਰਾਂ ਵਾਲੇ, ਅਨੇਕ ਉਦਰ ਵਾਲੇ, ਅਨੇਕ ਵਿਕਰਾਲ ਦਾੜਾਂ ਵਾਲੇ ਮਹਾਨ ਰੂਪ ਨੂੰ ਵੇਖਕੇ ਸਾਰੇ ਲੋਕ ਵਿਆਕੁਲ ਹੋ ਰਹੇ ਹਨ ਅਤੇ ਮੈਂ ਵੀ ਵਿਆਕੁਲ ਹੋ ਰਿਹਾ ਹਾਂ। ਹੁਣ ਅਰਜੁਨ ਨੂੰ ਭੈ ਹੋ ਰਿਹਾ ਹੈ ਕਿ ਸ਼੍ਰੀ ਕ੍ਰਿਸ਼ਣ ਏਨ੍ਹੇਂ ਮਹਾਨ ਹਨ।

**नभःस्पृशं दीप्तमनेकवर्णं व्यात्ताननं दीप्तविशाल नेत्रम्।**
**दृष्ट्वा हि त्वां प्रव्यथितान्तरात्मा धृतिं न विन्दामि शमं च विष्णो।।२४।।**

ਸੰਸਾਰ ਵਿਚ ਹਰ ਥਾਈਂ ਅਣੂ ਰੂਪ ਨਾਲ ਵਿਆਪਤ ਹੇ ਵਿਸ਼ਣੂ! ਆਕਾਸ਼ ਨਾਲ ਮਿਲੇ ਹੋਏ ਹੇ ਪ੍ਰਕਾਸ਼ਮਾਨ, ਅਨੇਕ ਰੂਪਾਂ ਨਾਲ ਯੁਕਤ, ਫੈਲਾਏ ਹੋਏ ਮੁਖ ਅਤੇ ਪ੍ਰਕਾਸ਼ਮਾਨ ਵਿਸ਼ਾਲ ਨੇਤ੍ਰਾਂ ਵਾਲਾ ਆਪਦਾ ਰੂਪ ਵੇਖਕੇ, ਵਿਸ਼ੇਸ਼ ਤੌਰ ਤੇ ਭੈਭੀਤ ਅੰਤਰਮਨ ਵਾਲਾ ਮੈਂ, ਧੀਰਜ ਅਤੇ ਮਨ ਦੀ ਸਮਾਧਾਨ ਰੂਪੀ ਸ਼ਾਂਤੀ ਨਹੀਂ ਪਾ ਰਿਹਾ ਹਾਂ।

**दंष्ट्राकरालानि च ते मुखानि दृष्ट्वैव कालानलसन्निभानि।**
**दिशो न जाने न लभे च शर्म प्रसीद देवेश जगन्निवास।।२५।।**

ਤੁਹਾਡੇ ਵਿਕਰਾਲ ਦਾੜ੍ਹਾਂ ਵਾਲੇ ਅਤੇ ਕਾਲ-ਅਗਨੀ (ਕਾਲ ਦੇ ਲਈ ਵੀ ਅਗਨੀ ਹੈ ਪਰਮਾਤਮਾ) ਦੇ ਸਮਾਨ ਬਲਦੇ ਹੋਏ ਮੁਖਾਂ ਨੂੰ ਵੇਖਕੇ ਮੈਂ ਦਿਸ਼ਾਵਾਂ ਨੂੰ ਨਹੀਂ ਜਾਣ ਪਾ ਰਿਹਾ ਹਾਂ। ਚਾਰੋਂ ਪਾਸੇ ਪ੍ਰਕਾਸ਼ ਵੇਖਕੇ ਦਿਸ਼ਾ-ਭਰਮ ਹੋ ਰਿਹਾ ਹੈ। ਤੁਹਾਡਾ ਇਹ ਰੂਪ ਦੇਖਦੇ ਹੋਏ ਮੈਨੂੰ ਸੁਖ ਵੀ ਨਹੀਂ ਮਿਲ ਰਿਹਾ ਹੈ। ਦੇਵੇਸ਼! ਹੇ ਜਗੱਨਿਵਾਸ! ਤੁਸੀਂ ਪ੍ਰਸੰਨ ਹੋਵੋ!

**अमी च त्वां धृतराष्ट्रस्य पुत्रा:**
**सर्वे सहैवावनिपालसङ्घैः।**
**भीष्मो द्रोण: सूतपुत्रस्तथासौ**
**सहास्मदीयैरपि योधमुख्यैः ।।२६।।**

ਉਹ ਸਾਰੇ ਹੀ ਧ੍ਰਿਤਰਾਸ਼ਟ੍ਰ ਦੇ ਪੁੱਤਰ ਰਾਜਿਆਂ ਦੇ ਸਮੂਹਾਂ ਸਮੇਤ ਤੁਹਾਡੇ ਵਿਚ ਪ੍ਰਵੇਸ਼ ਕਰ ਰਹੇ ਹਨ ਅਤੇ ਭੀਮ ਪਿਤਾਮਹ, ਦ੍ਰੋਣਾਚਾਰਿਅ, ਉਹ ਕਰਣ (ਜਿਸਤੋਂ ਅਰਜੁਨ ਬਹੁਤ ਭੈਭੀਤ ਸੀ, ਉਹ ਕਰਣ) ਅਤੇ ਸਾਡੇ ਪਾਸੇ ਵਲ ਦੇ ਪ੍ਰਮੁੱਖ ਯੋਧਿਆਂ ਸਮੇਤ ਸਾਰੇ ਦੇ ਸਾਰੇ -

**वक्त्राणि ते त्वरमाणा विशन्ति**
**दंष्ट्राकरालानि भयानकानि।**
**केचिद्विलग्ना दशनान्तरेषु**
**संदृश्यन्ते चूर्णितैरुत्तमाङ्गैः ।।२७।।**

ਬੜੇ ਵੇਗ ਨਾਲ ਤੁਹਾਡੇ ਵਿਕਰਾਲ ਦਾੜ੍ਹਾਂ ਵਾਲੇ ਭਿਆਨਕ ਮੁੱਖ ਵਿਚ ਪ੍ਰਵੇਸ਼ ਕਰ ਰਹੇ ਹਨ ਅਤੇ ਉਹਨਾਂ ਵਿਚੋਂ ਕਿੰਨੇ ਹੀ ਚੂਰਾਚੂਰਾ ਹੋਏ ਸਿਰਾਂ ਸਮੇਤ ਤੁਹਾਡੇ ਦੰਦਾਂ ਦੇ ਵਿਚ ਅਟਕੇ ਹੋਏ ਦਿਖਾਈ ਦੇ ਰਹੇ ਹਨ। ਉਹ ਕਿੰਨੇ ਵੇਗ ਨਾਲ ਪ੍ਰਵੇਸ਼ ਕਰ ਰਹੇ ਹਨ? ਹੁਣ ਉਹਨਾਂ ਦਾ ਵੇਗ ਵੇਖੀਏ

**यथा नदीनां बहवोऽम्बुवेगा:**
**समुद्रमेवाभिमुखा द्रवन्ति।**
**तथा तवामी नरलोकवीरा**
**विशन्ति वक्त्राण्यभिविज्वलन्ति।।२८।।**

ਜਿਵੇਂ ਨਦੀਆਂ ਦੇ ਬਹੁਤ ਸਾਰੇ ਜਲ-ਪ੍ਰਵਾਹ (ਖ਼ੁਦ ਵਿਚ ਵਿਕਰਾਲ ਹੁੰਦੇ ਹੋਏ ਵੀ) ਸਮੁੰਦਰ ਵਲ ਦੌੜਦੇ ਹਨ, ਸਮੁੰਦਰ ਵਿਚ ਪ੍ਰਵੇਸ਼ ਕਰਦੇ ਹਨ, ਠੀਕ ਉਸੇ ਪ੍ਰਕਾਰ ਉਹ ਸੂਰਬੀਰ ਮਨੁੱਖਾਂ ਦੇ ਸਮੂਹ ਤੁਹਾਡੇ ਬਲਦੇ ਮੁਖਾਂ ਵਿਚ ਪ੍ਰਵੇਸ਼ ਕਰ ਰਹੇ ਹਨ। ਅਰਥਾਤ ਉਹ ਅਪਣੇ ਆਪ ਵਿਚ ਸੂਰਬੀਰ ਤਾਂ ਹਨ ਪਰ ਆਪ ਸਮੁੰਦਰ ਸਮਾਨ ਹੋ। ਤੁਹਾਡੇ ਸਾਮ੍ਹਣੇ ਉਹਨਾਂ ਦਾ ਬਲ ਬੜਾ ਹੀ ਤੁੱਛ ਹੈ। ਉਹ ਕਿਸ ਲਈ ਅਤੇ ਕਿਵੇਂ ਪ੍ਰਵੇਸ਼ ਕਰ ਰਹੇ ਹਨ? ਇਸਦੇ ਲਈ ਉਦਾਹਰਣ ਦਿਤਾ ਹੈ -

**यथा प्रदीप्तं ज्वलनं पतङ्गा**
**विशन्ति नाशाय समृद्धवेगा:।**
**तथैव नाशाय विशन्ति लोकस्त-**
**वापि वक्त्राणि समृद्धवेगा: ।।२९।।**

ਜਿਵੇਂ ਪਤੰਗੇ ਸੜ ਜਾਣ ਲਈ ਬਲਦੀ ਅੱਗ ਵਿਚ ਬੜੇ ਵੇਗ ਨਾਲ ਪ੍ਰਵੇਸ਼ ਕਰਦੇ ਹਨ,

ਉਸੇ ਤਰ੍ਹਾਂ ਇਹ ਸਭ ਪ੍ਰਾਣੀ ਵੀ ਆਪਣੇ ਨਾਸ਼ ਲਈ ਤੁਹਾਡੇ ਮੁਖਾਂ ਵਿਚ ਅਤਿ ਵੇਗ ਨਾਲ ਪ੍ਰਵੇਸ਼ ਕਰ ਰਹੇ ਹਨ।

**लेलिह्यसे ग्रसमान: समन्ताल्लोकान्समग्रान्वदनैर्ज्वलद्भि: ।**
**तेजोभिरापूर्य जगत्समग्रंभासस्तवोग्रा: प्रतपन्ति विष्णो ।।३०।।**

ਤੁਸੀਂ ਉਹਨਾਂ ਸਾਰੇ ਲੋਕਾਂ ਨੂੰ ਬਲਦੇ ਹੋਏ ਮੁਖਾਂ ਰਾਹੀਂ ਸਾਰਿਆਂ ਪਾਸਿਆਂ ਤੋਂ ਨਿਗਲਦੇ ਹੋਏ ਚੱਟ ਰਹੇ ਹੋ, ਉਹਨਾਂ ਦਾ ਸੁਵਾਦ ਲੈ ਰਹੇ ਹੋ, ਹੇ ਸਰਬਵਿਆਪੀ ਪਰਮਾਤਮਾ! ਤੁਹਾਡਾ ਨੂਰ ਤੀਬਰ ਤੇਜ ਨਾਲ ਸਾਰੇ ਸੰਸਾਰ ਵਿਚ ਵਿਆਪਦਾ ਹੋਇਆ ਸੰਸਾਰ ਨੂੰ ਤਪਾ ਰਿਹਾ ਹੈ। ਅਰਥਾਤ ਪਹਿਲਾਂ ਆਸੁਰੀ ਸੰਪੱਤੀ ਪਰਮਤੱਤ ਵਿਚ ਲੀਨ ਹੋ ਜਾਂਦੀ ਹੈ, ਉਸਦੇ ਬਾਅਦ ਦੈਵੀ ਸੰਪੱਤੀ ਦਾ ਕੋਈ ਕੰਮ ਨਹੀਂ ਰਹਿ ਜਾਂਦਾ। ਇਸ ਲਈ ਉਹ ਵੀ ਉਸੇ ਸਵਰੂਪ ਵਿਚ ਲੀਨ ਹੋ ਜਾਂਦੀ ਹੈ। ਅਰਜੁਨ ਨੇ ਵੇਖਿਆ ਕਿ ਕੌਰਵ ਪੱਖ, ਉਸਦੇ ਬਾਅਦ ਉਸਦੇ ਆਪਣੇ ਪੱਖ ਦੇ ਯੋਧਾ ਸ਼੍ਰੀ ਕ੍ਰਿਸ਼ਣ ਨੇ ਮੁੱਖ ਵਿਚ ਸਮਾਉਂਦੇ ਜਾ ਰਹੇ ਹਨ। ਉਸਨੇ ਪੁਛਿਆ

**आख्याहि मे को भावानुग्ररूपो नमोऽस्तु ते देववर प्रसीद ।**
**विज्ञातुमिच्छामि भवन्तमाद्यं न हि प्रजानामि तव प्रवृत्तिम् ।।३१।।**

ਮੈਨੂੰ ਦੱਸੋ ਕਿ ਭਿਅੰਕਰ ਆਕਾਰ ਵਾਲੇ ਤੁਸੀਂ ਕੌਣ ਹੋ ? ਹੇ ਦੇਵਾਂ ਵਿਚ ਸ਼੍ਰੇਸ਼ਟ! ਤੁਹਾਨੂੰ ਨਮਸਕਾਰ ਹੈ, ਤੁਸੀਂ ਪ੍ਰਸੰਨ ਹੋਵੋ। ਹੇ ਆਦਿ ਸਵਰੂਪ! ਮੈਂ ਤੁਹਾਨੂੰ ਚੰਗੀ ਤਰ੍ਹਾ ਜਾਣਨਾ ਚਾਹੁੰਦਾ ਹਾਂ (ਕਿ ਆਪ ਕੌਣ ਹੋ? ਕੀ ਕਰਨਾ ਚਾਹੁੰਦੇ ਹੋ); ਕਿਉਂਕਿ ਆਪਦੀ ਪ੍ਰਵਿਰਤੀ ਅਰਥਾਤ ਹਰਕਤਾਂ ਨੂੰ ਮੈਂ ਸਮਝ ਨਹੀਂ ਪਾ ਰਿਹਾ ਹਾਂ। ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸਣ ਬੋਲੇ

**ਸ਼੍ਰੀ ਭਗਵਾਨ ਉਵਾਚ**

**कालोऽस्मि लोकक्षयकृत्प्रवृद्धो**
**लोकान्समाहर्तुमिह प्रवृत्त: ।**
**ऋतेऽपि त्वां न भविष्यन्ति सर्वे**
**येऽवस्थिता: प्रत्यनीकेषु योधा: ।।३२।।**

ਅਰਜੁਨ ! ਮੈਂ ਲੋਕਾਂ ਦਾ ਨਾਸ਼ ਕਰਨ ਵਾਲਾ ਵਧਿਆ ਹੋਇਆ ਕਾਲ ਹਾਂ ਅਤੇ ਇਸ ਸਮੇਂ ਇਹਨਾਂ ਲੋਕਾਂ ਨੂੰ ਨਸ਼ਟ ਕਰਨ ਲਈ ਲੱਗਿਆ ਹੋਇਆ ਹਾਂ। ਪ੍ਰਤਿਪੱਖੀਆਂ ਦੀ ਸੈਨਾ ਦੇ ਜਿੰਨੇ ਵੀ ਯੋਧਾ ਹਨ, ਉਹ ਸਾਰੇ ਤੇਰੇ ਬਿਨਾਂ ਵੀ ਨਹੀਂ ਰਹਿਣਗੇ, ਉਹ ਜ਼ਿੰਦਾ ਨਹੀਂ ਬਚਣਗੇ, ਇਸੇ ਲਈ ਲੱਗਿਆ ਹੋਇਆ ਹਾਂ।

**तस्मात्त्वमुत्तिष्ठ यशो लभस्व जित्वा शत्रून् भुङ्क्ष्व राज्यं समृद्धम् ।**
**मयैवैते निहता: पूर्वमेव निमित्तमात्रं भव सव्यसाचिन् ।।३३।।**

ਇਸ ਲਈ ਅਰਜੁਨ! ਤੂੰ ਯੁੱਧ ਲਈ ਖੜ੍ਹਾ ਹੋ, ਜੱਸ ਪ੍ਰਾਪਤ ਕਰ। ਵੈਰੀਆਂ ਨੂੰ ਜਿੱਤ, ਸਮ੍ਰਿਧੀ ਭਰਿਆ ਰਾਜ ਭੋਗ। ਇਹ ਸਾਰੇ ਸੂਰਬੀਰ ਮੇਰੇ ਰਾਹੀਂ ਪਹਿਲਾਂ ਤੋਂ ਹੀ ਮਾਰੇ ਹੋਏ ਹਨ। ਹੇ ਸਵਿਅਸਾਚੀ! ਤੂੰ ਕੇਵਲ ਨਿਮਿੱਤ ਮਾਤਰ ਬਣ।

ਅਕਸਰ ਹਰ ਥਾਂ ਤੇ ਸ਼੍ਰੀ ਕ੍ਰਿਸ਼ਣ ਨੇ ਕਿਹਾ ਹੈ ਕਿ ਉਹ ਪਰਮਾਤਮਾ ਨਾ ਕੁਝ ਆਪ ਕਰਦਾ ਹੈ, ਨਾ ਕਰਾਉਂਦਾ ਹੈ, ਨਾ ਤਾਲਮੇਲ ਹੀ ਜੋੜਦਾ ਹੈ। ਮੋਹ ਨਾਲ ਢੱਕੀ ਬੁੱਧੀ ਦੇ ਕਾਰਨ ਹੀ ਲੋਕੀਂ ਕਹਿੰਦੇ ਹਨ ਕਿ ਪਰਮਾਤਮਾ ਕਰਾਉਂਦਾ ਹੈ, ਪਰ ਇੱਥੇ ਉਹ ਆਪ ਖ਼ੁਦ ਕਹਿ ਰਹੇ ਹਨ ਕਿ, ਅਰਜੁਨ! ਕਰਤਾ-ਧਰਤਾ ਮੈਂ ਹਾਂ। ਮੇਰੇ ਦੁਆਰਾ ਇਹ ਪਹਿਲਾਂ ਤੋਂ ਹੀ ਮਾਰੇ ਹੋਏ ਹਨ। ਤੂੰ ਬਸ ਖੜ੍ਹਾ ਹੋ, ਜੱਸ ਲੈ ਲੈ! ਇਹ ਇਸ ਲਈ ਹੈ ਕਿ **'ਸੋ ਕੇਵਲ ਭਗਵਾਨ ਹਿਤ ਲਾਗੀ'** ਅਰਜੁਨ ਉਸ ਅਵਸਥਾ ਨੂੰ ਪ੍ਰਾਪਤ ਕਰ ਚੁਕਾ ਸੀ ਕਿ ਭਗਵਾਨ ਆਪ ਹੀ ਉਸ ਲਈ ਖੜ੍ਹੇ ਹੋ ਗਏ। ਅਨੁਰਾਗ ਹੀ ਅਰਜੁਨ ਹੈ। ਅਨੁਰਾਗੀ ਲਈ ਭਗਵਾਨ ਸਦਾ ਖੜ੍ਹੇ ਹਨ, ਉਹਨਾਂ ਦੇ ਹੀ ਕਰਤਾ ਹਨ, ਰਥੀ ਬਣ ਜਾਂਦੇ ਹਨ।

ਇੱਥੇ ਗੀਤਾ ਵਿਚ ਤੀਜੀ ਵਾਰੀ ਸਾਮਰਾਜ ਦਾ ਪ੍ਰਸੰਗ ਆਇਆ ਹੈ। ਪਹਿਲਾਂ ਅਰਜੁਨ ਲੜਨਾ ਨਹੀਂ ਚਾਹੁੰਦਾ ਸੀ। ਉਸਨੇ ਕਿਹਾ ਕਿ ਪ੍ਰਿਥਵੀ ਦੇ ਅੰਨ-ਧਨ ਭਰੇ ਸੁਲਭ ਸਾਮਰਾਜ ਅਤੇ ਦੇਵਤਿਆਂ ਦੇ ਸੁਵਾਮੀਪਦ ਜਾਂ ਤ੍ਰਿਲੋਕ ਦੇ ਰਾਜ ਵਿਚ ਵੀ ਮੈਂ ਉਹ ਉਪਾਅ ਨਹੀਂ ਵੇਖਦਾ, ਜੋ ਇੰਦ੍ਰੀਆਂ ਨੂੰ ਸੁਕਾਉਣ ਵਾਲੇ ਮੇਰੇ ਇਸ ਸੋਗ ਨੂੰ ਦੂਰ ਕਰ ਸਕੇ। ਜਦ ਤੜਪ ਬਣੀ ਹੀ ਰਹੇਗੀ, ਤਾਂ ਸਾਨੂੰ ਨਹੀਂ ਚਾਹੀਦਾ। ਯੋਗੇਸ਼ਵਰ ਨੇ ਕਿਹਾ ਇਸ ਯੁੱਧ ਵਿਚ ਹਾਰੋਗੇ ਤਾਂ ਦੇਵਤਾਈ ਅਤੇ ਜਿੱਤੋਗੇ ਤਾਂ ਮਹਾਮਹਿਮ ਦੀ ਸਥਿਤੀ ਮਿਲੇਗੀ। ਅਤੇ ਇੱਥੇ ਗਿਆਰਵੇਂ ਅਧਿਆਇ ਵਿਚ ਕਹਿੰਦੇ ਹਨ ਕਿ ਇਹ ਵੈਰੀ ਮੇਰੇ ਰਾਹੀਂ ਮਾਰੇ ਹੋਏ ਹਨ, ਤੂੰ ਨਿਮਿੱਤ ਮਾਤਰ ਬਣ ਜਾ, ਜੱਸ ਪ੍ਰਾਪਤ ਕਰ ਲੈ ਅਤੇ ਸਮ੍ਰਿਧੀ ਭਰੇ ਰਾਜ ਦਾ ਭੋਗ ਕਰ! ਫੇਰ ਉਹੀ ਗੱਲ! ਜਿਹੜੀ ਗੱਲ ਨਾਲ ਅਰਜੁਨ ਤ੍ਰਬਕਦਾ ਹੈ, ਜਿਸ ਵਿਚ ਸੋਗ ਨੂੰ ਮਿਟਦਾ ਹੋਇਆ ਨਹੀਂ ਵੇਖਦਾ, ਕੀ ਸ਼੍ਰੀ ਕ੍ਰਿਸ਼ਣ ਫੇਰ ਵੀ ਉਹੋ ਰਾਜ ਦੇਣਗੇ ? ਨਹੀਂ, ਦਰਅਸਲ ਵਿਕਾਰਾਂ ਦੇ ਅੰਤ ਦੇ ਨਾਲ ਪਰਮਾਤਮ ਸਵਰੂਪ ਦੀ ਸਥਿਤੀ ਹੀ ਅਸਲੀ ਸਮ੍ਰਿਧੀ ਹੈ। ਜੋ ਸਥਿਰ ਸੰਪੱਤੀ ਹੈ। ਜਿਸਦਾ ਕਦੇ ਵਿਨਾਸ਼ ਨਹੀਂ ਹੁੰਦਾ ਜੋ ਰਾਜ-ਯੋਗ ਦਾ ਪਰਿਣਾਮ ਹੈ।

**द्रोणं च भीष्मं च जयद्रथं च**
**कर्णं तथान्यानपि योधवीरान्।**
**मया हतांस्त्वं जहि मा व्यथिष्ठा**
**युध्यस्व जेतासि रणे सपत्नान्।।३४।।**

ਇਹਨਾਂ ਦ੍ਰੋਣ, ਭੀਸ਼ਮ, ਜੈਦ੍ਰਥ, ਕਰਣ ਅਤੇ ਹੋਰ ਅਨੇਕਾਂ ਮੇਰੇ ਰਾਹੀਂ ਮਾਰੇ ਹੋਏ ਸੂਰਬੀਰ ਯੋਧਿਆਂ ਨੂੰ ਤੂੰ ਮਾਰ, ਭੈ ਨਾ ਕਰ। ਸੰਗ੍ਰਾਮ ਵਿਚ ਵੈਰੀਆਂ ਨੂੰ ਤੂੰ ਯਕੀਨਨ ਜਿੱਤੇਂਗਾ, ਇਸ ਲਈ ਯੁੱਧ ਕਰ। ਇੱਥੇ ਵੀ ਯੋਗੇਸ਼ਵਰ ਨੇ ਕਿਹਾ ਕਿ ਵੈਰੀ ਮੇਰੇ ਦੁਆਰਾ ਮਾਰੇ ਹੋਏ ਹਨ। ਇਹਨਾਂ ਮਰੇ ਹੋਇਆਂ ਨੂੰ ਤੂੰ ਮਾਰ। ਸਪਸ਼ਟ ਕੀਤਾ ਕਿ ਮੈਂ ਕਰਤਾ ਹਾਂ, ਜਦਕਿ ਪੰਜਵੇਂ ਅਧਿਆਇ ਦੇ ਸ਼ਲੋਕ 13-14 ਤੇ 15 ਵਿਚ ਉਹਨਾਂ ਨੇ ਕਿਹਾ ਸੀ ਭਗਵਾਨ ਅਕਰਤਾ ਹਨ। ਅਠਾਰ੍ਹਵੇ ਅਧਿਆਇ ਵਿਚ ਉਹ ਕਹਿੰਦੇ ਹਨ ਸ਼ੁਭ ਜਾਂ ਅਸ਼ੁਭ ਹਰ ਕੰਮ ਦੇ ਹੋਣ ਵਿਚ ਪੰਜ ਮਾਧਿਅਮ ਹਨ ਅਧਿਸ਼ਠਾਨ (ਸਥਾਪਨ), ਕਰਤਾ, ਕਰਣ, ਚੇਸ਼ਟਾ (ਹਰਕਤ) ਅਤੇ ਦੈਵ। ਜੋ ਕਹਿੰਦੇ ਹਨ ਕਿ ਕੇਵਲਤਾ ਸਵਰੂਪ ਪਰਮਾਤਮਾ ਕਰਦੇ ਹਨ, ਉਹ ਅਵਿਵੇਕੀ ਹਨ, ਯਥਾਰਥ ਨਹੀਂ ਜਾਣਦੇ ਅਰਥਾਤ ਭਗਵਾਨ ਨਹੀਂ ਕਰਦੇ। ਐਸਾ ਵਿਰੋਧਾਭਾਸ ਕਿਉਂ ?

ਦਰਅਸਲ, ਪ੍ਰਕ੍ਰਿਤੀ ਅਤੇ ਉਸ ਪਰਮਾਤਮਾ ਪੁਰਸ਼ ਦੇ ਵਿਚ ਇਕ ਸੀਮਾ ਰੇਖਾ ਹੈ। ਜਦ ਤਕ ਪ੍ਰਕ੍ਰਿਤੀ ਦੇ ਪਰਮਾਣੂਆਂ ਦਾ ਦਬਾਅ ਜ਼ਿਆਦਾ ਰਹਿੰਦਾ ਹੈ, ਤਦ ਤਕ ਮਾਇਆ ਪ੍ਰੇਰਣਾ ਦੇਂਦੀ

ਹੈ ਅਤੇ ਜਦ ਸਾਧਕ ਉਸਤੋਂ ਉੱਤੇ ਉਠ ਜਾਂਦਾ ਹੈ, ਤਾਂ ਉਹ ਈਸ਼ਵਰ, ਇਸ਼ਟ ਜਾਂ ਸਤਿਗੁਰੂ ਦੇ ਕਾਰਜ-ਖੇਤਰ ਵਿਚ ਪਹੁੰਚ ਜਾਂਦਾ ਹੈ, ਜਿਸਤੋਂ ਬਾਅਦ ਸਤਿਗੁਰੂ, ਇਸ਼ਟ (ਯਾਦ ਰਹੇ ਕਿ ਪ੍ਰੇਰਕ ਦੀ ਜਗ੍ਹਾ ਤੇ ਸਤਿਗੁਰੂ, ਆਤਮਾ, ਪਰਮਾਤਮਾ, ਇਸ਼ਟ, ਭਗਵਾਨ ਸਾਰੇ ਸਮਾਨਰਥੀ ਹਨ। ਉਹ ਕੁਝ ਵੀ ਕਹਿਣ, ਕਹਿੰਦਾ ਭਗਵਾਨ ਆਪ ਹੀ ਹੈ) ਹਿਰਦੇ ਤੋਂ ਰਥੀ ਹੋ ਜਾਂਦਾ ਹੈ, ਆਤਮਾ ਤੋਂ ਜਾਗ੍ਰਿਤ ਹੋਕੇ ਉਸ ਅਨੁਰਾਗੀ ਸਾਧਕ ਦਾ ਖ਼ੁਦ ਮਾਰਗ-ਸੰਚਾਲਨ ਕਰਨ ਲੱਗ ਜਾਂਦਾ ਹੈ।

'ਪੂਜਯ ਮਹਾਰਾਜ ਜੀ' ਕਹਿੰਦੇ ਸਨ ''ਓਏ! ਜਿਸ ਪਰਮਾਤਮਾ ਦੀ ਸਾਨੂੰ ਚਾਹ ਹੈ, ਜਿਸ ਪੱਧਰ ਤੇ ਅਸੀਂ ਖੜ੍ਹੇ ਹਾਂ, ਉਸ ਪੱਧਰ ਤੇ ਖ਼ੁਦ ਉਤਰਕੇ ਜਦ ਤਕ ਆਤਮਾ ਤੋਂ ਜਾਗ੍ਰਿਤ ਨਹੀਂ ਹੋ ਜਾਂਦਾ, ਤਦ ਤਕ ਸਹੀ ਮਾਤਰਾ ਵਿਚ ਸਾਧਨਾ ਦਾ ਆਰੰਭ ਨਹੀਂ ਹੁੰਦਾ। ਉਸਤੋਂ ਬਾਅਦ ਸਾਧਕ ਕੋਲੋਂ ਜੋ ਕੁਝ ਪਾਰ ਲੱਗਦਾ ਹੈ ਉਹ ਉਸਦੀ ਦੇਣ ਹੈ। ਸਾਧਕ ਤਾਂ ਕਿਸੇ ਮਾਧਿਅਮ ਵਾਂਗ ਉਸਦੇ ਸੰਕੇਤ ਅਤੇ ਆਦੇਸ਼ ਉੱਤੇ ਹੀ ਚੱਲਦਾ ਹੈ। ਸਾਧਕ ਦੀ ਸਫਲਤਾ ਉਸਦੀ ਦੇਣ ਹੈ। ਐਸੇ ਅਨੁਰਾਗੀ ਲਈ ਈਸ਼ਵਰ ਆਪਣੀ ਦ੍ਰਿਸ਼ਟੀ ਨਾਲ ਵੇਖਦਾ ਹੈ, ਵਿਖਾਉਂਦਾ ਹੈ ਅਤੇ ਆਪਣੇ ਸਵਰੂਪ ਤਕ ਪਹੁੰਚਾਉਂਦਾ ਹੈ।'' ਇਹੋ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਮੇਰੇ ਦੁਆਰਾ ਮਾਰੇ ਹੋਏ ਇਹਨਾਂ ਵੈਰੀਆਂ ਨੂੰ ਮਾਰ। ਯਕੀਨਨ ਤੇਰੀ ਜਿੱਤ ਹੋਏਗੀ, ਮੈਂ ਜੋ ਖੜ੍ਹਾ ਹਾਂ।

**ਸੰਜਯ ਉਵਾਚ**

**एतच्छ्रुत्वा वचनं केशवस्य**
**कृताञ्जलिर्वेपमान: किरीटी ।**
**नमस्कृत्वा भूय एवाह कृष्णं**
**सगद्गदं भीतभीत: प्रणम्य ।।३५ ।।**

ਸੰਜਯ ਬੋਲਿਆ ਜੋ ਕੁਝ ਅਰਜੁਨ ਨੇ ਵੇਖਿਆ, ਠੀਕ ਇਸੇ ਤਰ੍ਹਾਂ ਹੀ ਸੰਜਯ ਨੇ ਵੇਖਿਆ ਹੈ। ਅਗਿਆਨ ਨਾਲ ਢੱਕਿਆ ਮਨ ਹੀ ਅੰਨ੍ਹਾ ਧ੍ਰਿਤਰਾਸ਼ਟ੍ਰ ਹੈ, ਪਰ ਐਸਾ ਮਨ ਵੀ ਸੰਜਯ ਦੇ ਮਾਧਿਅਮ ਨਾਲ ਚੰਗੀ ਤਰ੍ਹਾਂ ਵੇਖਦਾ, ਸੁਣਦਾ ਅਤੇ ਸਮਝਦਾ ਹੈ। ਕੇਸ਼ਵ ਦੇ ਇਹ ਉਪਰੋਕਤ ਵਚਨ ਸੁਣਕੇ ਮੁਕਟਧਾਰੀ ਅਰਜੁਨ ਭੈਭੀਤ ਹੋਕੇ ਕੰਬਦਾ ਹੋਇਆ ਹੱਥ ਜੋੜਕੇ, ਨਮਸਕਾਰ ਕਰਕੇ, ਫੇਰ ਸ਼੍ਰੀ ਕ੍ਰਿਸ਼ਣ ਨੂੰ ਇਸ ਤਰ੍ਹਾਂ ਗਦਗਦ ਕੰਠ ਨਾਲ ਕਹਿੰਦਾ ਹੈ -

**ਅਰਜੁਨ ਉਵਾਚ -**

**स्थाने हृषीकेश तव प्रकीर्त्या**
**जगत्प्रहृष्यत्यनुरज्यते च ।**
**रक्षांसि भीतानि दिशो द्रवन्ति**
**सर्वे नमस्यन्ति च सिद्धसंघा: ।।३६ ।।**

ਹੇ ਅੰਤਰਯਾਮੀ ਰਿਸ਼ੀਕੇਸ਼! ਇਹ ਉਚਿਤ ਹੀ ਹੈ ਕਿ ਤੁਹਾਡੇ ਜੱਸ ਨਾਲ ਸੰਸਾਰ ਪ੍ਰਸੰਨ ਹੁੰਦਾ ਹੈ ਅਤੇ ਅਨੁਰਾਗ ਨੂੰ ਪ੍ਰਾਪਤ ਹੁੰਦਾ ਹੈ। ਤੁਹਾਡੀ ਹੀ ਮਹਿਮਾ ਨਾਲ ਭੈਭੀਤ ਹੋਏ ਰਾਖ਼ਸ਼ ਦੂਰ ਦਿਸ਼ਾਵਾਂ ਵਿਚ ਦੌੜਦੇ ਹਨ ਅਤੇ ਸਾਰੇ ਸਿੱਧਗਣਾਂ ਦੇ ਸਮੂਹ ਆਪਦੀ ਮਹਿਮਾ ਵੇਖਕੇ ਨਮਸਕਾਰ ਕਰਦੇ ਹਨ।

**कस्माच्च ते न नमेरन्महात्मन्**
**गरीयसे ब्रह्मणोऽप्यादिकर्त्रे ।**
**अनन्त देवेश जगन्निवास**
**त्वमक्षरं सदसत्तत्परं यत् ।।३७ ।।**

ਹੇ ਮਹਾਤਮਾ! ਬ੍ਰਹਮਾ ਦੇ ਵੀ ਆਦਿ ਕਰਤਾ ਅਤੇ ਸਭ ਤੋਂ ਵੱਡੇ ਤੁਹਾਨੂੰ ਉਹ ਸਾਰੇ ਨਮਸਕਾਰ ਕਿਉਂ ਨਾ ਕਰਨ; ਕਿਉਂਕਿ ਹੇ ਅਨੰਤ! ਹੇ ਦੇਵੇਸ਼! ਹੇ ਜਗੱਨਿਵਾਸ! ਸੱਚ, ਝੂਠ ਅਤੇ ਉਹਨਾਂ ਤੋਂ ਵੀ ਪਰੇ ਅਖਸ਼ਰ ਅਰਥਾਤ ਅਨਾਸ਼ ਸਵਰੂਪ ਆਪ ਹੀ ਹੋ। ਅਰਜੁਨ ਨੇ ਅਨਾਸ਼ ਸਵਰੂਪ ਦਾ ਪ੍ਰਤੱਖ ਦਰਸ਼ਨ ਕੀਤਾ ਸੀ। ਸਿਰਫ਼ ਬੌਧਿਕ ਪੱਧਰ ਤੇ ਕਲਪਨਾ ਕਰਨ ਜਾਂ ਮੰਨ ਲੈਣ ਨਾਲ ਹੀ ਕੋਈ ਐਸੀ ਸਥਿਤੀ ਨਹੀਂ ਮਿਲਦੀ ਜੋ ਅਨਾਸ਼ ਹੋਵੇ। ਅਰਜੁਨ ਦਾ ਪ੍ਰਤੱਖ ਦਰਸ਼ਨ ਉਸਦਾ ਅੰਦਰੂਨੀ ਅਨੁਭਵ ਹੈ। ਉਸਨੇ ਬੇਨਤੀ ਕੀਤੀ –

**त्वमादिदेवः पुरुषः पुराण–**
**स्त्वमस्य विश्वस्य परं निधानम् ।**
**वेत्तासि वेद्यं च परं च धाम**
**त्वया ततं विश्वमनन्तरूप ।।३८ ।।**

ਤੁਸੀਂ ਆਦਿਦੇਵ ਅਤੇ ਸਨਾਤਨ ਪੁਰਸ਼ ਹੋ। ਤੁਸੀਂ ਜਗਤ ਦੇ ਪਰਮ ਆਸਰਾ ਹੋ, ਜਾਣੀਜਾਣ ਹੋ, ਜਾਣਨ ਯੋਗ ਹੋ, ਪਰਮਾਤਮਾ ਹੋ। ਹੇ ਅਨੰਤ ਸਵਰੂਪ! ਤੁਹਾਡੇ ਨਾਲ ਇਹ ਸਾਰਾ ਜੱਗ ਵਿਆਪਤ ਹੈ। ਤੁਸੀਂ ਹਰਥਾਈਂ ਹੋ।

**वायुर्यमोऽग्निर्वरुणः शशाङ्कः**
**प्रजापतिस्त्वं प्रपितामहश्च ।**
**नमो नमस्तेऽस्तु सहस्रकृत्वः**
**पुनश्च भूयोऽपि नमो नमस्ते ।।३९ ।।**

ਤੁਸੀਂ ਹੀ ਵਾਯੂ, ਯਮਰਾਜ, ਅਗਨੀ, ਚੰਦ੍ਰਮਾ ਅਤੇ ਪਰਜਾ ਦੇ ਸੁਵਾਮੀ ਬ੍ਰਹਮਾ ਅਤੇ ਬ੍ਰਹਮਾ ਦੇ ਵੀ ਪਿਤਾ ਹੋ। ਤੁਹਾਨੂੰ ਹਜ਼ਾਰਾਂ ਵਾਰ ਨਮਸਕਾਰ। ਫੇਰ ਵੀ ਬਾਰ–ਬਾਰ ਨਮਸਕਾਰ ਹੈ। ਅਤਿਅੰਤ ਸ਼ਰਧਾ ਅਤੇ ਭਗਤੀ ਦੇ ਕਾਰਨ ਨਮਨ ਕਰਦੇ ਹੋਏ ਅਰਜੁਨ ਨੂੰ ਤ੍ਰਿਪਤੀ ਨਹੀਂ ਹੋ ਰਹੀ ਹੈ। ਉਹ ਕਹਿੰਦਾ ਹੈ –

**नमः पुरस्तादथ पृष्ठतस्ते**
**नमोऽस्तु ते सर्वत एव सर्व ।**
**अनन्तवीर्यामितविक्रमस्त्वं**
**सर्वं समाप्नोषि ततोऽसि सर्वः ।।४० ।।**

ਹੇ ਅਤਿਅੰਤ ਸਮਰਥਾਵਾਨ! ਤੁਹਾਨੂੰ ਅੱਗੇ ਤੋਂ ਵੀ ਅਤੇ ਪਿੱਛੇ ਤੋਂ ਵੀ ਨਮਸਕਾਰ। ਹੇ ਸਰਬ–ਆਤਮਾ! ਤੁਹਾਨੂੰ ਸਾਰਿਆਂ ਹੀ ਪਾਸਿਆਂ ਤੋਂ ਨਮਸਕਾਰ। ਕਿਉਂਕਿ ਹੇ ਅਤਿ ਪਰਾਕਰਮਸ਼ਾਲੀ! ਤੁਸੀਂ ਸੰਸਾਰ ਦੇ ਹਰ ਪਾਸੇ ਵਿਆਪਤ ਹੋਏ ਹੋ। ਇਸ ਤਰ੍ਹਾਂ ਬਾਰੰਬਾਰ ਨਮਸਕਾਰ ਕਰਕੇ ਭੈਭੀਤ

ਅਰਜੁਨ ਆਪਣੀਆਂ ਭੁਲਾਂ ਲਈ ਖਿਮਾ ਯਾਚਨਾ ਕਰਦਾ ਹੈ –

**सखेति मत्वा प्रसभं यदुक्तं हे कृष्ण हे यादव हे सखेति।**
**अजानता महिमानं तवेदं मया प्रमादात्प्रणयेन वापि।।४१।।**

ਤੁਹਾਡੇ ਇਸ ਪ੍ਰਭਾਵ ਨੂੰ ਨਾ ਜਾਣਦੇ ਹੋਏ ਤੁਹਾਨੂੰ ਸਖਾ, ਮਿੱਤਰ ਮੰਨਕੇ ਮੇਰੇ ਰਾਹੀਂ ਪ੍ਰੇਮ ਜਾਂ ਗ਼ਲਤੀ ਨਾਲ ਹੀ ਕ੍ਰਿਸ਼ਣ, ਹੇ ਯਾਦਵ, ਹੇ ਸਖਾ–ਇਸ ਤਰ੍ਹਾਂ ਜੋ ਕੁਝ ਵੀ ਹੱਠ ਕਰਦੇ ਹੋਏ ਕਿਹਾ ਗਿਆ ਹੈ। ਅਤੇ –

**यच्चावहासार्थमसत्कृतोऽसि**
**विहारशय्यासनभोजनेषु।**
**एकोऽथवाप्यच्युत तत्समक्षं**
**तत्क्षामये त्वामहमप्रमेयम्।।४२।।**

ਹੇ ਅਚਿਉਤ! ਖੇਡਦਿਆਂ, ਸੌਂਦਿਆਂ, ਬੈਠਦਿਆਂ ਅਤੇ ਖਾਂਦਿਆਂ ਸਮੇਂ, ਇਕੱਲੇ ਜਾਂ ਲੋਕਾਂ ਦੇ ਸਾਮ੍ਹਣੇ ਵੀ ਮੇਰੇ ਰਾਹੀਂ ਤੁਹਾਡਾ ਜੋ ਅਪਮਾਨ ਹੋਇਆ ਹੋਵੇ, ਉਹਨਾਂ ਸਾਰੇ ਅਪਰਾਧਾਂ ਲਈ, ਹੇ ਅਚਿੰਤ ਪ੍ਰਭਾਵ ਵਾਲੇ! ਤੁਹਾਡੇ ਤੋਂ ਮੈਂ ਖਿਮਾ ਮੰਗਦਾ ਹਾਂ। ਖਿਮਾ ਕਿਸ ਤਰ੍ਹਾਂ ਕਰਨ?

**पितासि लोकस्य चराचरस्य**
**त्वमस्य पूज्यश्च गुरुर्गरीयान्।**
**न त्वत्समोऽस्त्यभ्यधिकः कुतोऽन्यो**
**लोकत्रयेऽप्यप्रतिमप्रभाव ।।४३।।**

ਤੁਸੀਂ ਇਸ ਚਲ–ਅਚਲ ਜਗਤ ਦੇ ਪਿਤਾ, ਗੁਰੂ ਤੋਂ ਵੀ ਵੱਡੇ ਗੁਰੂ ਅਤੇ ਅਤਿ ਪੂਜਨੀਕ ਹੋ। ਜਿਸਦੀ ਕੋਈ ਮੂਰਤ ਨਹੀਂ, ਐਸੇ ਅਮੂਰਤ ਪ੍ਰਭਾਵ ਵਾਲੇ! ਤੁਹਾਡੇ ਬਰਾਬਰ ਤਿਨਾਂ ਲੋਕਾਂ ਵਿਚ ਹੋਰ ਕੋਈ ਨਹੀਂ ਹੈ, ਜੇ ਬਰਾਬਰ ਨਹੀਂ ਹੈ ਤਾਂ ਜ਼ਿਆਦਾ ਕਿਵੇਂ ਹੋਵੇਗਾ? ਤੁਸੀਂ ਸਖਾ ਵੀ ਨਹੀਂ, ਸਖਾ ਤਾਂ ਹਾਣ ਦਾ ਹੁੰਦਾ ਹੈ।

**तस्मात्प्रणम्य प्रणिधाय कायं**
**प्रसादये त्वामहमीशमीड्यम् ।**
**पितेव पुत्रस्य सखेव सख्युः**
**प्रियः प्रियायार्हसि देव सोढुम्।।४४।।**

ਤੁਸੀਂ ਚਲ–ਅਚਲ ਦੇ ਪਿਤਾ ਹੋ, ਇਸ ਲਈ ਮੈਂ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਤੁਹਾਡੇ ਚਰਨਾਂ ਵਿਚ ਰੱਖਕੇ, ਪ੍ਰਣਾਮ ਕਰਕੇ, ਉਸਤਤ ਕਰਨ ਯੋਗ ਤੁਸੀਂ ਈਸ਼ਵਰ ਨੂੰ ਪ੍ਰਸੰਨ ਹੋਣ ਦੀ ਪ੍ਰਾਰਥਨਾ ਕਰਦਾ ਹਾਂ। ਹੇ ਦੇਵ! ਪਿਤਾ ਜਿਵੇਂ ਪੁੱਤਰ ਦੇ, ਮਿੱਤਰ ਜਿਵੇਂ ਮਿੱਤਰ ਦੇ, ਅਤੇ ਪਤੀ ਜਿਵੇਂ ਪ੍ਰਿਅ ਪਤਨੀ ਦੇ ਅਪਰਾਧਾਂ ਨੂੰ ਮਾਫ਼ ਕਰਦਾ ਹੈ, ਉਸੇ ਤਰ੍ਹਾਂ ਤੁਸੀਂ ਵੀ ਮੇਰੇ ਅਪਰਾਧਾਂ ਨੂੰ ਸਹਿਨ ਕਰਨ ਵਾਲੇ ਹੋ। ਅਪਰਾਧ ਕੀ ਸੀ ? ਅਸੀਂ ਕਦੇ ਹੇ ਯਾਦਵ! ਹੇ ਸਖਾ! ਹੇ ਕ੍ਰਿਸ਼ਣ! ਕਿਹਾ ਸੀ। ਸਮਾਜ ਦੇ ਵਿਚ ਜਾਂ ਏਕਾਂਤ ਵਿਚ ਵੀ ਕਿਹਾ ਸੀ। ਭੋਜਨ ਦੇ ਸਮੇਂ ਜਾਂ ਸੌਣ ਦੇ ਸਮੇਂ ਕਿਹਾ ਸੀ। ਕੀ ਕ੍ਰਿਸ਼ਣ ਕਹਿਣਾ ਅਪਰਾਧ ਸੀ? ਕਾਲੇ ਤਾਂ ਹੈ ਹੀ ਸਨ, ਗੋਰੇ ਕਿਵੇਂ ਕਹੇ ਜਾਂਦੇ? ਯਾਦਵ ਕਹਿਣਾ ਵੀ ਅਪਰਾਧ ਨਹੀਂ ਸੀ ਕਿਉਂਕਿ ਖ਼ੁਦ ਸ਼੍ਰੀ ਕ੍ਰਿਸ਼ਣ ਦਾ ਯਾਦਵ–ਕੁਲ ਵਿਚ ਜਨਮ

ਹੋਇਆ ਸੀ। ਸਖਾ ਕਹਿਣਾ ਵੀ ਅਪਰਾਧ ਨਹੀਂ ਸੀ, ਕਿਉਂਕਿ ਖ਼ੁਦ ਸ਼੍ਰੀ ਕ੍ਰਿਸ਼ਣ ਵੀ ਖੁਦ ਨੂੰ ਅਰਜੁਨ ਦਾ ਸਖਾ ਮੰਨਦੇ ਸਨ। ਤੇ ਜਦ ਕ੍ਰਿਸ਼ਣ ਕਹਿਣਾ ਅਪਰਾਧ ਹੀ ਹੈ, ਇਕ ਵਾਰ ਕ੍ਰਿਸ਼ਣ ਕਹਿਣ ਲਈ ਅਰਜੁਨ ਅਨੰਤ ਵਾਰ ਗਿੜਗਿੜਾਕੇ ਮਾਫ਼ੀਆਂ ਮੰਗਦਾ ਹੈ, ਤਾਂ ਜਾਪ ਕਿਸਦਾ ਕਰੀਏ? ਨਾਮ ਕਿਹੜਾ ਲਈਏ ?

ਦਰਅਸਲ ਚਿੰਤਨ ਦਾ ਜਿਸ ਤਰ੍ਹਾਂ ਦਾ ਵਿਧਾਨ ਖ਼ੁਦ ਸ਼੍ਰੀ ਕ੍ਰਿਸ਼ਣ ਨੇ ਦਸਿਆ ਹੈ, ਉਸੇ ਤਰ੍ਹਾਂ ਹੀ ਤੁਸੀਂ ਕਰੋ। ਉਹਨਾਂ ਨੇ ਪਿੱਛੇ ਦਸਿਆ ਹੈ **'ओमित्येकाक्षरं ब्रह्म व्याहरन् मामनुस्मरन्'** – ਅਰਜੁਨ! 'ਓਮ' ਬਸ ਏਨ੍ਹਾਂ ਹੀ ਅਨਾਸ਼ ਬ੍ਰਹਮ ਦਾ ਪ੍ਰਤੀਕ ਹੈ। ਇਸਦਾ ਤੂੰ ਜੱਪ ਕਰ ਅਤੇ ਧਿਆਨ ਮੇਰਾ ਧਰ, ਕਿਉਂਕਿ ਉਸ ਪਰਮਭਾਵ ਵਿਚ ਪ੍ਰਵੇਸ਼ ਮਿਲ ਜਾਣ ਦੇ ਬਾਅਦ ਉਸ ਮਹਾਪੁਰਸ਼ ਦਾ ਵੀ ਉਹੀ ਨਾਮ ਹੈ, ਜੋ ਉਸ ਅਵਿਅਕਤ ਦਾ ਪ੍ਰਤੀਕ ਹੈ। ਪ੍ਰਭਾਵ ਵੇਖਣ ਦੇ ਬਾਅਦ ਅਰਜੁਨ ਨੇ ਮਹਿਸੂਸ ਕੀਤਾ ਕਿ ਨਾ ਤਾਂ ਇਹ ਕਾਲੇ ਹਨ, ਨਾ ਗੋਰੇ, ਨਾ ਸਖਾ ਹਨ, ਨਾ ਯਾਦਵ। ਇਹ ਤਾਂ ਅਨਾਸ਼ ਬ੍ਰਹਮ ਦੀ ਸਥਿਤੀ ਵਾਲੇ ਮਹਾਤਮਾ ਹਨ।

ਸਾਰੀ ਗੀਤਾ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਪੰਜ ਵਾਰ ਗੀਤਾ ਦੇ ਉਚਾਰਣ ਉੱਤੇ ਬਲ ਦਿਤਾ ਹੈ। ਹੁਣ ਜੇ ਤੁਹਾਨੂੰ ਜੱਪ ਕਰਨਾ ਹੈ, ਤਾਂ ਕ੍ਰਿਸ਼ਣ-ਕ੍ਰਿਸ਼ਣ ਨਾ ਕਹਿਕੇ ਓਮ ਦਾ ਹੀ ਜੱਪ ਕਰੋ। ਅਕਸਰ ਭਗਤੀਭਾਵ ਵਾਲੇ ਲੋਕੀਂ ਕੋਈ ਨਾ ਕੋਈ ਰਸਤਾ ਕੱਢ ਲੈਂਦੇ ਹਨ। ਕੋਈ ਓਮ ਜੱਪਣ ਦੇ ਅਧਿਕਾਰ ਅਤੇ ਅਣਧਿਕਾਰ ਦੀ ਚਰਚਾ ਤੋਂ ਭੈਭੀਤ ਹੈ, ਤਾਂ ਕੋਈ ਮਹਾਤਮਾਵਾਂ ਦੀ ਦੁਹਾਈ ਦੇਂਦਾ ਹੈ ਜਾਂ ਕੋਈ ਸ਼੍ਰੀ ਕ੍ਰਿਸ਼ਣ ਹੀ ਨਹੀਂ, ਉਹਨਾਂ ਦੇ ਨਾਮ ਨਾਲ ਪਹਿਲਾਂ ਰਾਧਾ ਅਤੇ ਗੋਪੀਆਂ ਦਾ ਨਾਮ ਵੀ ਜੋੜਕੇ ਉਹਨਾਂ ਨੂੰ ਛੇਤੀ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਲੋਕੀਂ ਸ਼ਰਧਾ ਨਾਲ ਇਸ ਤਰ੍ਹਾਂ ਕਰਦੇ ਹਨ ਇਸ ਲਈ ਇਹ ਉਹਨਾਂ ਦੀ ਕੋਰੀ ਭਾਵੁਕਤਾ ਹੈ। ਜੇ ਤੁਸੀਂ ਸੱਚਮੁੱਚ ਭਗਤੀਭਾਵ ਵਾਲੇ ਹੋ ਤਾਂ ਉਹਨਾਂ ਦੇ ਆਦੇਸ਼ ਦਾ ਪਾਲਨ ਕਰੋ। ਉਹ ਅਵਿਅਕਤ ਵਿਚ ਸਥਿਤ ਹੁੰਦੇ ਹੋਏ ਵੀ ਅੱਜ ਤੁਹਾਡੇ ਸਾਮ੍ਹਣੇ ਨਹੀਂ ਹਨ, ਪਰ ਉਹਨਾਂ ਦੀ ਵਚਨ-ਵਾਣੀ ਤੁਹਾਡੇ ਸਾਮ੍ਹਣੇ ਹੈ। ਉਹਨਾਂ ਦੀ ਆਗਿਆ ਦਾ ਪਾਲਨ ਕਰੋ, ਵਰਨਾ ਤੁਸੀਂ ਆਪੇ ਦੱਸੋ ਕਿ ਗੀਤਾ ਵਿਚ ਤੁਹਾਡੀ ਕਿਹੜੀ ਥਾਂ ਹੈ ? ਹਾਂ, ਏਨ੍ਹਾਂ ਜ਼ਰੂਰ ਹੈ ਕਿ **'अध्येष्यते च य इमं श्रद्धावाननसूयश्च श्रृणुयादपि यो नरः'**– ਜੋ ਅਧਿਐਨ ਕਰਦਾ ਹੈ, ਸੁਣਦਾ ਹੈ, ਉਹ ਗਿਆਨ ਅਤੇ ਯੱਗ ਨੂੰ ਜਾਣ ਲੈਂਦਾ ਹੈ, ਸ਼ੁਭ ਲੋਕਾਂ ਨੂੰ ਪਾ ਲੈਂਦਾ ਹੈ। ਇਸ ਲਈ ਅਧਿਐਨ ਜ਼ਰੂਰ ਕਰੋ।

ਪ੍ਰਾਣ-ਅਪਾਨ ਦੇ ਚਿੰਤਨ ਵਿਚ 'ਕ੍ਰਿਸ਼ਣ' ਨਾਮ ਦਾ ਸਿਲਸਿਲਾ ਪਕੜ ਵਿਚ ਨਹੀਂ ਆਉਂਦਾ। ਬਹੁਤ ਸਾਰੇ ਲੋਕੀਂ ਕੋਰੀ ਭਾਵੁਕਤਾਵੱਸ਼ ਸਿਰਫ਼ 'ਰਾਧੇ-ਰਾਧੇ' ਕਹਿਣ ਲਗੇ ਹਨ। ਅੱਜਕਲ ਅਫ਼ਸਰਾਂ ਤੋਂ ਕੰਮ ਨਾ ਬਣਨ ਦੇ ਬਾਅਦ ਉਹਨਾਂ ਦੇ ਰਿਸ਼ਤੇਦਾਰਾਂ, ਪ੍ਰੇਮੀ ਜਾਂ ਪਤਨੀ ਤੋਂ 'ਸੋਰਸ' ਲਗਾਕੇ ਕੰਮ ਬਣਾ ਲੈਣ ਦਾ ਰਿਵਾਜ ਹੈ। ਲੋਕੀਂ ਸੋਚਦੇ ਹਨ ਸ਼ਾਇਦ ਭਗਵਾਨ ਦੇ ਘਰ ਵੀ ਇਸ ਤਰ੍ਹਾਂ ਚਲਦਾ ਹੋਣਾ ਹੈ, ਇਸ ਲਈ ਉਹਨਾਂ ਨੇ 'ਕ੍ਰਿਸ਼ਣ' ਕਹਿਣਾ ਬੰਦ ਕਰਕੇ 'ਰਾਧੇ-ਰਾਧੇ' ਕਹਿਣਾ ਸ਼ੁਰੂ ਕਰ ਦਿਤਾ। ਉਹ ਕਹਿੰਦੇ ਹਨ 'ਰਾਧੇ-ਰਾਧੇ!' 'ਸ਼ਾਮ ਮਿਲਾਦੇ!' ਰਾਧਾ ਇਕ ਵਾਰੀ ਵਿਛੜੀ ਤਾਂ ਖ਼ੁਦ ਸ਼ਾਮ ਨਾਲ ਨਾ ਮਿਲ ਸਕੀ, ਉਹ ਤੁਹਾਨੂੰ ਕਿਵੇਂ ਮਿਲਾ ਦੇਵੇ ? ਇਸ ਲਈ ਹੋਰ ਕਿਸੇ ਦੀ ਨਾ ਮੰਨਦੇ ਹੋਏ ਸ਼੍ਰੀ ਕ੍ਰਿਸ਼ਣ ਦੇ ਆਦੇਸ਼ ਦਾ ਹੀ ਤੁਸੀਂ ਇਕ-ਇਕ ਅੱਖਰ ਪਾਲਨ ਕਰੋ, ਓਮ ਦਾ ਜੱਪ ਕਰੋ। ਹਾਂ, ਇਥੋਂ ਤਕ ਉਚਿਤ ਹੈ ਕਿ ਰਾਧਾ ਸਾਡਾ ਆਦਰਸ਼ ਹੈ, ਉੱਨੀ ਹੀ ਲਗਨ ਨਾਲ ਸਾਨੂੰ ਵੀ ਲੱਗਣਾ ਚਾਹੀਦਾ ਹੈ। ਜੇ ਪਾਉਣਾ ਹੈ ਤਾਂ ਰਾਧਾ ਦੀ ਤਰ੍ਹਾਂ ਬਿਰਹੀ ਬਣਨਾ ਹੈ।

ਅੱਗੇ ਵੀ ਅਰਜੁਨ ਨੇ 'ਕ੍ਰਿਸ਼ਣ' ਕਿਹਾ। 'ਕ੍ਰਿਸ਼ਣ' ਉਹਨਾਂ ਦਾ ਪ੍ਰਚਲਿਤ ਨਾਮ ਸੀ। ਐਸੇ ਕਈ ਨਾਮ ਸਨ ਉਹਨਾਂ ਦੇ, ਜਿਵੇਂ 'ਗੋਪਾਲ', ਪਰ ਬਹੁਤ ਸਾਰੇ ਸਾਧਕ ਗੁਰੂ-ਗੁਰੂ ਜਾਂ ਗੁਰੂ ਦਾ ਪ੍ਰਚਲਿਤ ਨਾਮ ਭਾਵੁਕਤਾਵੱਸ਼ ਜੱਪਣਾ ਚਾਹੁੰਦੇ ਹਨ। ਪਰ ਪ੍ਰਾਪਤੀ ਦੇ ਬਾਅਦ ਹਰ ਮਹਾਪੁਰਸ਼ ਦਾ ਉਹੀ ਨਾਮ ਹੈ, ਜਿਸ ਅਵਿਅਕਤ ਵਿਚ ਉਹ ਸਥਿਤ ਹੈ। ਬਹੁਤ ਸਾਰੇ ਸ਼ਿਸ਼ ਪ੍ਰਸ਼ਨ ਕਰਦੇ ਹਨ ''ਗੁਰੂਦੇਵ! ਜਦ ਧਿਆਨ ਤੁਹਾਡਾ ਕਰਦੇ ਹਾਂ ਤਾਂ ਪੁਰਾਣਾ ਨਾਮ 'ਓਮ' ਵਗੈਰਾ ਕਿਉਂ ਜਪੀਏ ? ਗੁਰੂ-ਗੁਰੂ ਜਾਂ ਕ੍ਰਿਸ਼ਣ-ਕ੍ਰਿਸ਼ਣ ਕਿਉਂ ਨਾ ਜਪੀਏ ? ਪਰ ਇੱਥੇ ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕੀਤਾ ਕਿ ਅਵਿਅਕਤ ਸਵਰੂਪ ਵਿਚ ਵਿਲੀਨਤਾ ਦੇ ਬਾਅਦ ਮਹਾਪੁਰਸ਼ ਦਾ ਵੀ ਉਹੀ ਨਾਮ ਹੈ, ਜਿਸ ਵਿਚ ਉਹ ਸਥਿਤ ਹੈ। 'ਕ੍ਰਿਸ਼ਣ' ਇਕ ਸੰਬੋਧਨ ਸੀ, ਜੱਪਣ ਲਈ ਨਾਮ ਨਹੀਂ।

ਯੋਗੇਸ਼ਵਰ ਸ਼੍ਰੀਕਿਸ਼ਣ ਤੋਂ ਅਰਜੁਨ ਨੇ ਆਪਣੇ ਅਪਰਾਧਾਂ ਲਈ ਖਿਮਾ-ਯਾਚਨਾ ਕੀਤੀ, ਉਹਨਾਂ ਨੂੰ ਸੁਭਾਵਕ-ਸਹਿਜ ਰੂਪ ਵਿਚ ਆਉਣ ਲਈ ਬੇਨਤੀ ਕੀਤੀ। ਸ਼੍ਰੀ ਕ੍ਰਿਸ਼ਣ ਮੰਨ ਗਏ, ਸਹਿਜ ਹੋ ਗਏ ਅਰਥਾਤ ਉਸਨੂੰ ਮਾਫ ਵੀ ਕਰ ਦਿਤਾ। ਉਸਨੇ ਨਿਵੇਦਨ ਕੀਤਾ -

**अदृष्टपूर्वं हृषितोऽस्मि दृष्ट्वा भयेन च प्रव्यथितं मनो मे।**
**तदेव मे दर्शय देव रूपंप्रसीद देवेश जगन्निवास ।।४५ ।।**

ਅਜੇ ਤਕ ਅਰਜੁਨ ਦੇ ਸਾਮ੍ਹਣੇ ਯੋਗੇਸ਼ਵਰ ਵਿਸ਼ਵਰੂਪ ਵਿਚ ਹਨ। ਇਸ ਲਈ ਉਹ ਕਹਿੰਦਾ ਹੈ ਕਿ ਮੈਂ ਪਹਿਲਾਂ ਨਾ ਵੇਖੇ ਹੋਏ ਤੁਹਾਡੇ ਇਸ ਹੈਰਾਨਮਈ ਰੂਪ ਨੂੰ ਵੇਖਕੇ ਪ੍ਰਸੰਨ ਹੋ ਰਿਹਾ ਹਾਂ ਅਤੇ ਮੇਰਾ ਮਨ ਭੈ ਨਾਲ ਅਤਿ ਵਿਆਕੁਲ ਵੀ ਹੋ ਰਿਹਾ ਹੈ। ਪਹਿਲਾਂ ਤਾਂ ਸਖਾ ਸਮਝਦਾ ਸਾਂ, ਧਨੁਰ ਵਿਦਿਆ ਵਿਚ ਸ਼ਾਇਦ ਖ਼ੁਦ ਨੂੰ ਕੁਝ ਵੱਧ ਹੀ ਸਮਝਦਾ, ਪਰ ਹੁਣ ਇਹ ਪ੍ਰਭਾਵ ਵੇਖਕੇ ਭੈ ਹੋ ਰਿਹਾ ਹੈ। ਪਿਛਲੇ ਅਧਿਆਇ ਵਿਚ ਪ੍ਰਭਾਵ ਸੁਣਕੇ ਉਹ ਖ਼ੁਦ ਨੂੰ ਗਿਆਨੀ ਮੰਨਦਾ ਸੀ। ਗਿਆਨੀ ਨੂੰ ਵੀ ਕਦੇ ਭੈ ਹੁੰਦਾ ਹੈ ? ਦਰਅਸਲ, ਪ੍ਰਤੱਖ ਦਰਸ਼ਨ ਦਾ ਪ੍ਰਭਾਵ ਹੀ ਵਿਲੱਖਣ ਜਾਂ ਅਦਭੁਤ ਹੁੰਦਾ ਹੈ। ਸਭ ਕੁਝ ਸੁਣ ਅਤੇ ਮੰਨ ਲੈਣ ਤੋਂ ਬਾਅਦ ਵੀ ਸਭ ਕੁਝ ਚੱਲਕੇ ਜਾਣਨਾ ਬਾਕੀ ਹੁੰਦਾ ਹੈ। ਉਹ ਕਹਿੰਦਾ ਹੈ ਪਹਿਲਾਂ ਨਾ ਵੇਖੇ ਹੋਏ ਇਸ ਰੂਪ ਨੂੰ ਵੇਖਕੇ ਮੈਂ ਪ੍ਰਸੰਨ ਹੋ ਰਿਹਾ ਹਾਂ, ਮੇਰਾ ਮਨ ਭੈ ਨਾਲ ਵਿਆਕੁਲ ਵੀ ਹੋ ਰਿਹਾ ਹੈ। ਇਸ ਲਈ ਹੇ ਦੇਵ ! ਤੁਸੀਂ ਪ੍ਰਸੰਨ ਹੋਵੋ। ਹੇ ਦੇਵੇਸ਼! ਹੇ ਜਗੱਨਿਵਾਸ! ਤੁਸੀਂ ਆਪਣਾ ਉਹੀ ਰੂਪ ਮੈਨੂੰ ਦੱਸੋ! ਕਿਹੜਾ ਰੂਪ?

**किरीटिनं गदिनं चक्रहस्त-**
**मिच्छामि त्वां द्रष्टुमहं तथैव।**
**तेनैव रूपेण चतुर्भुजेन**
**सहस्रबाहो भव विश्वमूर्ते ।।४६ ।।**

ਮੈਂ ਤੁਹਾਨੂੰ ਇਸੇ ਤਰ੍ਹਾਂ ਹੀ ਅਰਥਾਤ ਪਹਿਲਾਂ ਵਾਂਗ ਹੀ ਸਿਰ ਤੇ ਮੁਕਟ ਧਾਰਨ ਕੀਤੇ ਹੋਏ, ਹੱਥ ਵਿਚ ਗਦਾ ਅਤੇ ਚੱਕ੍ਰ ਲਏ ਹੋਏ ਰੂਪ ਵਿਚ ਵੇਖਣਾ ਚਾਹੁੰਦਾ ਹਾਂ। ਇਸ ਲਈ ਹੇ ਵਿਸ਼ਵਰੂਪ! ਹੇ ਸਹਸਤ੍ਰ ਬਾਹੂ! ਆਪ ਆਪਣੇ ਉਸੇ ਚਤੁਰਭੁਜ ਸਵਰੂਪ ਵਿਚ ਹੋਵੋ। ਕਿਹੜਾ ਰੂਪ ਵੇਖਣਾ ਚਾਹਿਆ? ਚਤੁਰਭੁਜ ਰੂਪ। ਹੁਣ ਵੇਖਣਾ ਹੈ ਕਿ ਚਤੁਰਭੁਜ ਰੂਪ ਹੈ ਕੀ ?

**ਸ਼੍ਰੀ ਭਗਵਾਨ ਉਵਾਚ**

**मया प्रसन्नेन तवार्जुनेदं रूपं परं दर्शितमात्मयोगात्।**
**तेजोमयं विश्वमनन्तमाद्यं यन्मे त्वदन्येन न दृष्टपूर्वम् ।।४७ ।।**

ਇਸ ਤਰ੍ਹਾਂ ਅਰਜੁਨ ਦੀ ਪ੍ਰਾਰਥਨਾ ਸੁਣਕੇ ਸ਼੍ਰੀ ਕ੍ਰਿਸ਼ਣ ਬੋਲੇ ਅਰਜੁਨ! ਮੈਂ ਕਿਰਪਾ ਕਰਦੇ

ਹੋਏ ਆਪਣੀ ਯੋਗਸ਼ਕਤੀ ਦੇ ਪ੍ਰਭਾਵ ਨਾਲ ਆਪਣਾ ਪਰਮ ਤੇਜਮਈ, ਸਭਦਾ ਆਦਿ ਅਤੇ ਸੀਮਾ ਰਹਿਤ ਵਿਸ਼ਵ ਰੂਪ ਤੈਨੂੰ ਦੱਸਿਆ ਹੈ, ਜਿਸਨੂੰ ਤੇਰੇ ਸਿਵਾਇ ਦੂਜੇ ਕਿਸੇ ਨੇ ਪਹਿਲਾਂ ਕਦੇ ਨਹੀਂ ਵੇਖਿਆ –

**न वेदयज्ञाध्ययनैर्न दानैर्न च क्रियाभिर्न तपोभिरुग्रैः।**
**एवंरूपः शक्य अहं नृलोके द्रष्टुं त्वदन्येन कुरुप्रवीर ।।४८।।**

ਅਰਜੁਨ! ਇਸ ਮਨੁੱਖ ਲੋਕ ਵਿਚ ਇਸ ਤਰ੍ਹਾਂ ਵਿਸ਼ਵਰੂਪ ਵਾਲਾ ਮੈਂ ਨਾ ਦੇਵ ਰਾਹੀਂ, ਨਾ ਯੱਗ ਰਾਹੀਂ, ਨਾ ਅਧਿਐਨ ਰਾਹੀਂ, ਨਾ ਕ੍ਰਿਆ ਰਾਹੀਂ, ਨਾ ਕਠੋਰ ਤੱਪ ਰਾਹੀਂ, ਅਤੇ ਨਾ ਤੇਰੇ ਸਿਵਾਇ ਕਿਸੇ ਹੋਰ ਰਾਹੀਂ ਵੇਖਿਆ ਜਾ ਸਕਦਾ ਹਾਂ। ਅਰਥਾਤ ਤੇਰੇ ਸਿਵਾਇ ਇਹ ਰੂਪ ਹੋਰ ਕੋਈ ਨਹੀਂ ਵੇਖ ਸਕਦਾ। ਤਾਂ ਤੇ ਗੀਤਾ ਤੁਹਾਡੇ ਲਈ ਫ਼ਿਜ਼ੂਲ ਹੈ। ਭਗਵਾਨ–ਦਰਸ਼ਨ ਦੀਆਂ ਯੋਗਤਾਵਾਂ ਅਰਜੁਨ ਤਕ ਹੀ ਸੀਮਿਤ ਰਹਿ ਗਈਆਂ। ਜਦਕਿ ਉਹ ਪਿੱਛੇ ਦਸ ਆਏ ਹਨ ਕਿ ਅਰਜੁਨ! ਰਾਗ, ਭੈ ਅਤੇ ਕ੍ਰੋਧ ਤੋਂ ਰਹਿਤ ਸ਼ਰਧਾ ਮਨ ਨਾਲ ਮੇਰੀ ਸ਼ਰਨ ਹੋਏ ਬਹੁਤ ਸਾਰੇ ਲੋਕ ਗਿਆਨ ਰੂਪੀ ਤੱਪ ਨਾਲ ਪਵਿਤ੍ਰ ਹੋਕੇ ਪ੍ਰਤੱਖ ਦਰਸ਼ਨ ਮੇਰੇ ਸਵਰੂਪ ਨੂੰ ਪ੍ਰਾਪਤ ਹੋ ਚੁਕੇ ਹਨ। ਤੇ ਇੱਥੇ ਉਹ ਕਹਿੰਦੇ ਹਨ ਤੇਰੇ ਸਿਵਾਇ ਨਾ ਕੋਈ ਵੇਖ ਸਕਿਆ ਹੈ, ਅਤੇ ਨਾ ਭਵਿੱਖ ਵਿਚ ਵੀ ਕੋਈ ਵੇਖ ਸਕੇਗਾ। ਤਾਂ ਅਰਜੁਨ ਕੌਣ ਹੈ ? ਕੀ ਕੋਈ ਸਰੀਰਧਾਰੀ ਹੈ? ਕੋਈ ਸਥੂਲ ਰੂਪ ਵਾਲਾ ਹੈ ? ਨਹੀਂ, ਦਰਅਸਲ ਅਨੁਰਾਗ ਹੀ ਅਰਜੁਨ ਹੈ। ਅਨੁਰਾਗ ਰਹਿਤ ਪੁਰਸ਼ ਨਾ ਕਦੇ ਵੇਖ ਸਕਿਆ ਹੈ, ਅਤੇ ਨਾ ਕਦੇ ਭਵਿੱਖ ਵਿਚ ਵੇਖ ਸਕੇਗਾ। ਸਾਰਿਆਂ ਪਾਸਿਆਂ ਤੋਂ ਚਿੱਤ ਸਮੇਟਕੇ ਇਕ ਮਾਤਰ ਇਸ਼ਟ ਦੇ ਅਨੁਰੂਪ ਰਾਗ ਹੀ ਅਨੁਰਾਗ ਹੈ। ਅਨੁਰਾਗੀ ਲਈ ਹੀ ਪ੍ਰਾਪਤੀ ਦਾ ਵਿਧਾਨ ਹੈ !

**मा ते व्यथा मा च विमूढभावो दृष्ट्वा रूपं घोरमीदृङ्ममेदम्।**
**व्यपेतभीः प्रीतमनाः पुनस्त्वं तदेव मे रूपमिदं प्रपश्य ।।४९।।**

ਇਸ ਤਰ੍ਹਾਂ ਦੇ ਮੇਰੇ ਇਸ ਵਿਕਰਾਲ ਰੂਪ ਨੂੰ ਵੇਖਕੇ ਤੈਨੂੰ ਵਿਆਕੁਲਤਾ ਨਾ ਹੋਵੇ, ਅਤੇ ਤੂੰ ਮੂੜ ਮਤੀ ਵੀ ਨਾ ਹੋ, ਕਿ ਘਬਰਾਕੇ ਬੈਠ ਹੀ ਜਾਏਂ। ਹੁਣ ਤੂੰ ਭੈ ਰਹਿਤ ਅਤੇ ਪ੍ਰੀਤਮਈ ਮਨ ਨਾਲ ਉਸੇ ਮੇਰੇ ਰੂਪ ਨੂੰ ਅਰਥਾਤ ਚਤੁਰਭੁਜ ਰੂਪ ਨੂੰ ਫੇਰ ਵੇਖ ।

**ਸੰਜਯ ਉਵਾਚ –**

**इत्यर्जुनं वासुदेवस्तथोक्त्वा स्वकं रूपं दर्शयामास भूयः।**
**आश्वसयामास च भीतमेनं भूत्वा पुनः सौम्यवपुर्महात्मा ।।५०।।**

ਸੰਜਯ ਬੋਲਿਆ ਸਰਬਵਿਆਪੀ ਦੇਵ, ਉਸ ਵਾਸੁਦੇਵ ਨੇ ਅਰਜੁਨ ਨੂੰ ਇਸ ਤਰ੍ਹਾਂ ਕਹਿਕੇ ਫੇਰ ਉਸੇ ਤਰ੍ਹਾਂ ਆਪਣਾ ਰੂਪ ਦੱਸਿਆ। ਫੇਰ ਮਹਾਤਮਾ ਸ਼੍ਰੀ ਕ੍ਰਿਸ਼ਣ ਨੇ ''**सौम्यवपुः**''– ਅਰਥਾਤ ਪ੍ਰਸੰਨ ਹੋਕੇ ਭੈਭੀਤ ਅਰਜੁਨ ਨੂੰ ਧੀਰਜ ਦਿਤਾ। ਅਰਜੁਨ ਬੋਲਿਆ

**ਅਰਜੁਨ ਉਵਾਚ –**

**दृष्ट्वेद मानुषं रूपं तव सौम्यं जनार्दन।**
**इदानीमस्मि संवृत्तः सचेताः प्रकृतिं गतः ।।५१।।**

ਜਨਾਰਦਨ! ਤੁਹਾਡੇ ਇਸ ਅਤਿਅੰਤ ਸ਼ਾਂਤ ਮਨੁੱਖ ਰੂਪ ਨੂੰ ਵੇਖਕੇ, ਹੁਣ ਮੈਂ ਪ੍ਰਸੰਨ–ਚਿੱਤ

ਹੋਕੇ ਆਪਣੀ ਸੁਭਾਵਕ ਸਥਿਤੀ ਵਿਚ ਆ ਗਿਆ ਹਾਂ। ਅਰਜੁਨ ਨੇ ਕਿਹਾ ਸੀ ਕਿ, ਭਗਵਨ! ਹੁਣ ਤੁਸੀਂ ਮੈਨੂੰ ਉਸੇ ਚਤੁਰਭੁਜ ਸਵਰੂਪ ਦਾ ਦਰਸ਼ਨ ਕਰਾਉ। ਯੋਗੇਸ਼ਵਰ ਨੇ ਕਰਾਇਆ ਵੀ, ਪਰ ਜਦੋਂ ਅਰਜੁਨ ਨੇ ਵੇਖਿਆ ਤਾਂ ਕੀ ਵੇਖਿਆ ? **'मानुषंरूपं'**– ਮਨੁੱਖ ਦੇ ਰੂਪ ਨੂੰ ਵੇਖਿਆ। ਦਰਅਸਲ ਪ੍ਰਾਪਤੀ ਦੇ ਬਾਅਦ ਮਹਾਪੁਰਸ਼ ਹੀ ਚਤੁਰਭੁਜ ਅਤੇ ਅਨੰਤਭੁਜ ਕਹਾਉਂਦੇ ਹਨ। ਦੋ ਭੁਜਾ ਵਾਲਾ ਮਹਾਪੁਰਸ਼ ਤਾਂ ਅਨੁਰਾਗੀ ਦੇ ਸਾਮ੍ਹਣੇ ਬੈਠਿਆ ਹੀ ਹੈ, ਪਰ ਹੋਰ ਕਿਧਰੋਂ ਵੀ ਜੇ ਕੋਈ ਉਹਨਾਂ ਨੂੰ ਸਿਮਰਦਾ ਹੈ, ਤਾਂ ਉਹੀ ਮਹਾਪੁਰਸ਼ ਉਸ ਸਿਮਰਨ ਕਰਤਾ ਵਿਚ ਜਾਗ੍ਰਿਤ (ਰਥੀ) ਹੋਕੇ ਉਸਦਾ ਵੀ ਮਾਰਗ–ਦਰਸ਼ਨ ਕਰਨ ਲਗਦੇ ਹਨ। ਭੁਜਾ ਕਾਰਜ ਦਾ ਪ੍ਰਤੀਕ ਹੈ। ਉਹ ਅੰਦਰ ਵੀ ਕਾਰਜ ਕਰਦੇ ਹਨ, ਬਾਹਰ ਵੀ, ਇਹੋ ਚਤੁਰਭੁਜ ਸਵਰੂਪ ਹੈ। ਉਹਨਾਂ ਦੇ ਹੱਥਾਂ ਵਿਚ ਸ਼ੰਖ, ਚੱਕ੍ਰ, ਗਦਾ ਅਤੇ ਕੰਵਲ ਕ੍ਰਮਵਾਰ ਅਸਲੀ ਲਖਸ਼–ਘੋਸ਼, ਸਾਧਨਾ–ਚੱਕ੍ਰ ਦਾ ਪਥਪ੍ਰਦਰਸ਼ਨ, ਇੰਦ੍ਰੀਆਂ ਦਾ ਦਮਨ ਅਤੇ ਨਿਰਮਲ–ਨਿਰਲੇਪ ਕਾਰਜ–ਸਮਰਥਾ ਦੇ ਪ੍ਰਤੀਕ ਮਾਤਰ ਹਨ। ਇਹੋ ਕਾਰਨ ਹੈ ਕਿ ਚਤੁਰਭੁਜ ਸਵਰੂਪ ਵਿਚ ਵੇਖਣ ਤੇ ਵੀ ਅਰਜੁਨ ਨੇ ਉਹਨਾਂ ਨੂੰ ਮਨੁੱਖ ਰੂਪ ਵਿਚ ਵੇਖਿਆ। ਚਤੁਰਭੁਜ ਮਹਾਪੁਰਸ਼ਾਂ ਦੇ ਸਰੀਰ ਅਤੇ ਸਵਰੂਪ ਰਾਹੀਂ ਕਾਰਜ ਕਰਨ ਦੀ ਵਿਧੀ–ਵਿਸ਼ੇਸ਼ ਦਾ ਨਾਮ ਹੈ, ਨਾ ਕਿ ਚਾਰ ਹੱਥਾਂ ਵਾਲੇ ਕੋਈ ਕ੍ਰਿਸ਼ਣ ਸਨ।

**ਸ਼੍ਰੀ ਭਗਵਾਨ ਉਵਾਚ –**

**सुदुर्दर्शमिदं रूपं दृष्ट्वानसि यन्मम।**
**देवा अप्यस्य रूपस्य नित्यं दर्शनकांक्षिणः।।५२।।**

ਮਹਾਤਮਾ ਸ਼੍ਰੀ ਕ੍ਰਿਸ਼ਣ ਨੇ ਕਿਹਾ ਅਰਜੁਨ! ਮੇਰਾ ਇਹ ਰੂਪ ਵੇਖਣਾ ਅਤਿ ਦੁਰਲਭ ਹੈ, ਜਿਵੇਂ ਕਿ ਤੂੰ ਵੇਖਿਆ ਹੈ। ਕਿਉਂਕਿ ਦੇਵਤਾ ਵੀ ਸਦਾ ਇਸ ਰੂਪ ਦੇ ਦਰਸ਼ਨ ਦੀ ਇੱਛਾ ਰੱਖਦੇ ਹਨ। ਦਰਅਸਲ ਸਾਰੇ ਲੋਕੀਂ ਸੰਤ ਨੂੰ ਪਹਿਚਾਣ ਨਹੀਂ ਸਕਦੇ। 'ਪੂਜਯ ਸਤਸੰਗੀ ਮਹਾਰਾਜ' ਅੰਤਰਪ੍ਰੇਰਣਾ ਵਾਲੇ ਪੂਰਨ ਮਹਾਪੁਰਸ਼ ਸਨ, ਪਰ ਲੋਕੀਂ ਉਹਨਾਂ ਨੂੰ ਪਾਗਲ ਸਮਝਦੇ ਰਹੇ। ਕਿਸੇ–ਕਿਸੇ ਪੁੰਨ–ਆਤਮਾ ਨੂੰ ਆਕਾਸ਼ਵਾਣੀ ਹੋਈ ਕਿ ਇਹ ਸਤਿਗੁਰੂ ਹਨ। ਸਿਰਫ਼ ਉਹਨਾਂ ਨੇ ਮਹਾਰਾਜ ਨੂੰ ਹਿਰਦੇ ਤੋਂ ਜਾਣਿਆ,ਉਹਨਾਂ ਦੇ ਸਵਰੂਪ ਨੂੰ ਵੇਖਿਆ ਅਤੇ ਆਪਣੀ ਗਤਿ ਪ੍ਰਾਪਤ ਕੀਤੀ। ਇਹੋ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਦੈਵੀ ਸੰਪੱਤੀ ਜਾਗ੍ਰਿਤ ਹੈ, ਉਹ ਦੇਵਤਾ ਵੀ ਸਦਾ ਇਸ ਰੂਪ ਦੇ ਦਰਸ਼ਨ ਦੀ ਇੱਛਾ ਰੱਖਦੇ ਹਨ। ਤਾਂ ਕੀ ਯੱਗ, ਦਾਨ ਜਾਂ ਵੇਦ–ਅਧਿਐਨ ਨਾਲ ਤੁਸੀਂ ਵੇਖੇ ਜਾ ਸਕਦੇ ਹੋ ? ਉਹ ਮਹਾਤਮਾ ਕਹਿੰਦੇ ਹਨ –

**नाहं वेदैर्न तपसा न दानेन न चेज्यया।**
**शक्य एवंविधो द्रष्टुं दृष्ट्वानसि मां यथा।।५३।।**

ਨਾ ਵੇਦਾਂ ਨਾਲ, ਨਾ ਤੱਪ ਨਾਲ, ਨਾ ਦਾਨ ਨਾਲ ਅਤੇ ਨਾ ਯੱਗ ਨਾਲ ਮੈਂ ਇਸ ਰੂਪ ਵਿਚ ਵੇਖੇ ਜਾਣ ਲਈ ਸੁਲਭ ਹਾਂ, ਜਿਵੇਂ ਤੂੰ ਵੇਖਿਆ ਹੈ। ਤਾਂ ਕੀ ਤੁਹਾਨੂੰ ਵੇਖ ਸਕਣ ਦਾ ਕੋਈ ਉਪਾਅ ਨਹੀਂ ਹੈ? ਉਹ ਮਹਾਤਮਾ ਕਹਿੰਦੇ ਹਨ, ਇਕ ਉਪਾਅ ਹੈ

**भक्त्या त्वनन्यया शक्य अहमेवंविधोऽर्जुन।**
**ज्ञातुं द्रष्टुं च तत्त्वेन प्रवेष्टुं च परंतप।।५४।।**

ਹੇ ਸ਼੍ਰੇਸ਼ਠ ਤੱਪ ਵਾਲੇ ਅਰਜੁਨ ! ਸ਼ਰਧਾ ਭਗਤੀ ਦੁਆਰਾ ਅਰਥਾਤ ਸਿਵਾਇ ਮੇਰੇ ਹੋਰ ਕਿਸੇ ਦੇਵਤਾ ਦਾ ਧਿਆਨ ਨਾ ਕਰਦੇ ਹੋਏ, ਬਹੁਤ ਸ਼ਰਧਾ ਨਾਲ ਮੈਂ ਇਸ ਤਰ੍ਹਾਂ ਪ੍ਰਤੱਖ ਦਰਸ਼ਨ

ਲਈ, ਤੱਤ ਤੋਂ ਸਾਖਿਆਤ ਜਾਣਨ ਲਈ ਅਤੇ ਪ੍ਰਵੇਸ਼ ਕਰਨ ਲਈ ਵੀ ਸੁਲਭ ਹਾਂ, ਅਰਥਾਤ ਉਸਦੀ ਪ੍ਰਾਪਤੀ ਦਾ ਇੱਕੋ ਇਕ ਸਰਲ ਉਪਾਅ ਸ਼ਰਧਾ ਭਗਤੀ ਹੈ। ਅੰਤ ਨੂੰ ਗਿਆਨ ਵੀ ਸ਼ਰਧਾ ਭਗਤੀ ਵਿਚ ਬਦਲ ਜਾਂਦਾ ਹੈ, ਜਿਵੇਂ ਕਿ ਪਿੱਛੇ ਅਧਿਆਇ ਸੱਤ ਵਿਚ ਕਿਹਾ ਗਿਆ ਹੈ। ਪਿੱਛੇ ਉਹਨਾਂ ਨੇ ਕਿਹਾ ਹੈ ਕਿ ਤੇਰੇ ਸਿਵਾਇ ਨਾ ਕੋਈ ਵੇਖ ਸਕਿਆ ਹੈ ਅਤੇ ਨਾ ਕੋਈ ਵੇਖ ਸਕੇਗਾ, ਜਦਕਿ ਇੱਥੇ ਕਹਿੰਦੇ ਹਨ ਕਿ ਸ਼ਰਧਾ ਭਗਤੀ ਨਾਲ ਨਾ ਸਿਰਫ਼ ਮੈਨੂੰ ਵੇਖਿਆ ਜਾ ਸਕਦਾ ਹੈ, ਸਗੋਂ ਪ੍ਰਤੱਖ ਜਾਣਿਆ ਅਤੇ ਮੇਰੇ ਵਿਚ ਪ੍ਰਵੇਸ਼ ਵੀ ਪਾਇਆ ਜਾ ਸਕਦਾ ਹੈ, ਅਰਥਾਤ ਅਰਜੁਨ ਅਨਿੰਨ ਭਗਤ ਦਾ ਨਾਮ ਹੈ, ਇਕ ਅਵਸਥਾ ਦਾ ਨਾਮ ਹੈ। ਅਨੁਰਾਗ ਹੀ ਅਰਜੁਨ ਹੈ। ਅੰਤ ਵਿਚ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਕਹਿੰਦੇ ਹਨ–

**मत्कर्मकृन्मत्परमो मद्भक्त: सङ्गवर्जित:।**
**निर्वैर: सर्वभूतेषु य: स मामेति पांडव।।५५।।**

ਹੇ ਅਰਜੁਨ! ਜੋ ਪੁਰਸ਼ ਮੇਰੇ ਰਾਹੀਂ ਦੱਸੇ ਕਰਮ ਅਰਥਾਤ ਨਿਰਧਾਰਤ ਕਰਮ, ਯੱਗ–ਕਰਮ ਨੂੰ ਕਰਦਾ ਹੈ, '**मत्परम:**' ਮੇਰਾ ਪਰਾਇਣ (ਸ਼ਰਧਾਲੂ) ਹੋਕੇ ਕਰਦਾ ਹੈ, ਜੋ ਮੇਰਾ ਅਨਿੰਨ ਭਗਤ ਹੈ, '**संगवर्जित:**' ਪਰ ਸੰਗ–ਦੋਸ਼ ਵਿਚ ਰਹਿੰਦੇ ਹੋਏ ਉਹ ਕਰਮ ਨਹੀਂ ਹੋ ਸਕਦਾ, ਇਸ ਲਈ ਸੰਗ–ਦੋਸ਼ ਤੋਂ ਰਹਿਤ ਹੋਕੇ, ਸਾਰੇ ਜੀਵ ਪ੍ਰਾਣੀਆਂ ਨਾਲ ਵੈਰ–ਭਾਵ ਤੋਂ ਰਹਿਤ ਹੋਕੇ, ਮੈਨੂੰ ਪ੍ਰਾਪਤ ਹੁੰਦਾ ਹੈ। ਤਾਂ ਕੀ ਅਰਜੁਨ ਨੇ ਯੁੱਧ ਕੀਤਾ ? ਪ੍ਰਣ ਕਰਕੇ ਕੀ ਉਸਨੇ ਜੈਦ੍ਰਥ ਆਦਿ ਨੂੰ ਮਾਰਿਆ ? '**निर्वैर: सर्वभूतेषु**'– ਜੇ ਉਹਨਾਂ ਨੂੰ ਮਾਰਦਾ ਹੈ ਤਾਂ ਭਗਵਾਨ ਨੂੰ ਨਾ ਵੇਖ ਸਕਦਾ, ਜਦਕਿ ਅਰਜੁਨ ਨੇ ਵੇਖਿਆ ਹੈ। ਇਸਤੋਂ ਸਿੱਧ ਹੈ ਕਿ ਗੀਤਾ ਵਿਚ ਇਕ ਵੀ ਸ਼ਲੋਕ ਇਸ ਤਰ੍ਹਾਂ ਨਹੀਂ ਹੈ ਜੋ ਬਾਹਰੀ ਮਾਰ–ਕਾਟ ਦਾ ਸਮਰਥਨ ਕਰਦਾ ਹੋਵੇ। ਜੇ ਨਿਰਦਿਸ਼ਟ ਕਰਮ ਯਾਨੀ ਯੱਗ ਦੀ ਪ੍ਰਕ੍ਰਿਆ ਦਾ ਆਚਰਣ ਕਰੇਗਾ, ਜੇ ਅਨਿੰਨ ਭਾਵ ਨਾਲ ਉਹਨਾਂ ਦੇ ਸਿਵਾਇ ਕਿਸੇ ਹੋਰ ਦਾ ਸਿਮਰਨ ਤਕ ਨਹੀਂ ਕਰੇਗਾ, ਜੇ ਸੰਗ–ਦੋਸ਼ ਤੋਂ ਅਲੱਗ ਰਹੇਗਾ ਤਾਂ ਯੁੱਧ ਕਿਸ ਤਰ੍ਹਾਂ ਦਾ? ਜਦ ਤੁਹਾਡੇ ਨਾਲ ਕੋਈ ਹੈ ਹੀ ਨਹੀਂ ਤਾਂ ਤੁਸੀਂ ਯੁੱਧ ਕਿਸ ਨਾਲ ਕਰੋਗੇ? ਸਾਰੇ ਜੀਵ–ਪ੍ਰਾਣੀਆਂ ਨਾਲ ਜੋ ਵੈਰ–ਭਾਵ ਤੋਂ ਰਹਿਤ ਹੈ, ਮਨ ਵਿਚ ਕਿਸੇ ਨੂੰ ਸਤਾਉਣ ਦੀ ਕਲਪਨਾ ਵੀ ਨਹੀਂ ਕਰਦਾ, ਉਹੀ ਮੈਨੂੰ ਪ੍ਰਾਪਤ ਹੁੰਦਾ ਹੈ, ਤਾਂ ਕੀ ਅਰਜੁਨ ਨੇ ਲੜਾਈ ਕੀਤੀ ? ਕਦੇ ਨਹੀਂ।

ਦਰਅਸਲ ਸੰਗ–ਦੋਸ਼ ਤੋਂ ਅਲੱਗ ਰਹਿਕੇ ਜਦੋਂ ਤੁਸੀਂ ਅਨਿੰਨ ਚਿੰਤਨ ਵਿਚ ਲੱਗਦੇ ਹੋ, ਯੱਗ ਦੀ ਨਿਰਧਾਰਿਤ ਕ੍ਰਿਆ ਵਿਚ ਪ੍ਰਵਿਰਤ ਹੁੰਦੇ ਹੋ, ਉਸ ਸਮੇਂ ਰਾਗ–ਦ੍ਵੇਸ਼ ਕਾਮ–ਕ੍ਰੋਧ ਆਦਿ ਦੁਰਜੈ ਸ਼ਤਰੂ ਬਾਧਾ ਬਣਕੇ ਪ੍ਰਤੱਖ ਹੁੰਦੇ ਹਨ। ਉਹਨਾਂ ਦਾ ਪਾਰ ਪਾਉਣਾ ਹੀ ਯੁੱਧ ਹੈ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਅਰਜੁਨ ਨੇ ਕਿਹਾ ਭਗਵਨ ! ਆਪ ਦੀਆਂ ਵਿਭੂਤੀਆਂ ਨੂੰ ਮੈਂ ਵਿਸਤਾਰ ਨਾਲ ਸੁਣਿਆ, ਜਿਸ ਨਾਲ ਮੇਰਾ ਮੋਹ ਨਸ਼ਟ ਹੋ ਗਿਆ, ਅਗਿਆਨ ਮਿਟ ਗਿਆ, ਪਰ ਜਿਵੇਂ ਤੁਸੀਂ ਦੱਸਿਆ ਕਿ ਮੈਂ ਹਰਥਾਈਂ ਹਾਂ, ਇਹ ਮੈਂ ਪ੍ਰਤੱਖ ਵੇਖਣਾ ਚਾਹੁੰਦਾ ਹਾਂ। ਜੇ ਮੇਰੇ ਦੁਆਰਾ ਵੇਖਣਾ ਮੁਮਕਿਨ ਹੋਵੇ ਤਾਂ ਕਿਰਪਾ ਕਰਕੇ ਉਸੇ ਸਵਰੂਪ ਨੂੰ ਦੱਸੋ।ਅਰਜੁਨ ਪਿਆਰਾ ਮਿੱਤਰ ਸੀ, ਸ਼ਰਧਾਲੂ ਸੇਵਕ ਸੀ, ਇਸ ਲਈ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਕੋਈ ਪ੍ਰਤਿਵਾਦ ਨਾ ਕਰਕੇ ਤੁਰੰਤ ਉਹ ਸਵਰੂਪ ਦੱਸਣਾ ਸ਼ੁਰੂ ਕੀਤਾ ਕਿ ਹੁਣ ਮੇਰੇ ਹੀ ਅੰਦਰ ਖੜ੍ਹੇ ਸੱਤਰਿਸ਼ੀ ਅਤੇ ਉਹਨਾਂ ਤੋਂ ਵੀ ਪਹਿਲਾਂ ਹੋਏ ਰਿਸ਼ੀਆਂ ਨੂੰ ਵੇਖ, ਬ੍ਰਹਮਾ ਤੇ ਵਿਸ਼ਣੂ ਨੂੰ ਵੇਖ।

ਸਰਬ ਵਿਆਪਕ ਮੇਰੇ ਤੇਜ ਨੂੰ ਵੇਖ। ਮੇਰੇ ਹੀ ਸਰੀਰ ਵਿਚ ਇਕ ਥਾਂ ਤੇ ਖੜ੍ਹੇ ਹੋਕੇ ਤੂੰ ਚਲ-ਅਚਲ ਜਗਤ ਨੂੰ ਵੇਖ, ਪਰ ਅਰਜੁਨ ਅੱਖਾਂ ਮਲਦਾ ਹੀ ਰਹਿ ਗਿਆ। ਇਸੇ ਤਰ੍ਹਾਂ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੋ-ਤਿੰਨ ਸ਼ਲੋਕਾਂ ਤਕ ਨਿਰੰਤਰ ਦੱਸਦੇ ਗਏ ਪਰ ਅਰਜੁਨ ਨੂੰ ਕੁਝ ਵੀ ਦਿਖਾਈ ਨਹੀਂ ਪਿਆ। ਸਾਰੀਆਂ ਵਿਭੂਤੀਆਂ ਸ਼੍ਰੀ ਕ੍ਰਿਸ਼ਣ ਵਿਚ ਉਸ ਸਮੇਂ ਵੀ ਸਨ, ਪਰ ਅਰਜੁਨ ਨੂੰ ਉਹ ਆਮ ਮਨੁੱਖ ਵਾਂਗ ਹੀ ਨਜ਼ਰ ਆਏ। ਤਾਂ ਇਸ ਤਰ੍ਹਾਂ ਦਸਦੇ-ਦਸਦੇ ਅਚਾਨਕ ਸ਼੍ਰੀ ਕ੍ਰਿਸ਼ਣ ਰੁਕ ਜਾਂਦੇ ਹਨ ਅਤੇ ਕਹਿੰਦੇ ਹਨ ਅਰਜੁਨ! ਇਹਨਾਂ ਅੱਖਾਂ ਨਾਲ ਤੂੰ ਮੈਨੂੰ ਨਹੀਂ ਵੇਖ ਸਕਦਾ। ਆਪਣੀ ਬੁੱਧੀ ਨਾਲ ਤੂੰ ਮੈਨੂੰ ਪਰਖ ਨਹੀਂ ਸਕਦਾ। ਲੈ, ਹੁਣ ਮੈਂ ਤੈਨੂੰ ਉਹ ਦ੍ਰਿਸ਼ਟੀ ਦੇਂਦਾ ਹਾਂ ਜਿਸ ਨਾਲ ਤੂੰ ਮੈਨੂੰ ਵੇਖ ਸਕੇਂਗਾ। ਭਗਵਾਨ ਤਾਂ ਸਾਮ੍ਹਣੇ ਖੜੇ ਹੀ ਸਨ। ਅਰਜੁਨ ਨੇ ਵੇਖਿਆ, ਅਸਲ ਵਿਚ ਵੇਖਿਆ। ਵੇਖਣ ਤੋਂ ਬਾਅਦ ਆਪਣੀਆਂ ਭੁੱਲਾਂ ਲਈ ਖਿਮਾ ਯਾਚਨਾ ਕਰਨ ਲੱਗਾ, ਜੋ ਅਸਲ ਵਿਚ ਭੁੱਲਾਂ ਨਹੀਂ ਸਨ। ਮਿਸਾਲ ਲਈ ਭਗਵਨ! ਕਦੇ ਮੈਂ ਤੁਹਾਨੂੰ ਕ੍ਰਿਸ਼ਣ, ਯਾਦਵ ਅਤੇ ਕਦੇ ਮਿੱਤਰ ਕਹਿੰਦਾ ਰਿਹਾ। ਇਸਦੇ ਲਈ ਤੁਸੀਂ ਮੈਨੂੰ ਖਿਮਾ ਕਰਨਾ। ਸ਼੍ਰੀ ਕ੍ਰਿਸ਼ਣ ਨੇ ਮਾਫ਼ ਵੀ ਕੀਤਾ, ਕਿਉਂਕਿ ਅਰਜੁਨ ਦੀ ਪ੍ਰਾਰਥਨਾ ਸਵੀਕਾਰ ਕਰਕੇ ਉਹ ਆਪਣੇ ਸਹਿਜ ਸਵਰੂਪ ਵਿਚ ਆ ਗਏ, ਤੇ ਅਰਜੁਨ ਨੂੰ ਧੀਰਜ ਬੰਨ੍ਹਾਇਆ।

ਦਰਅਸਲ ਕ੍ਰਿਸ਼ਣ ਕਹਿਣਾ ਅਪਰਾਧ ਨਹੀਂ ਸੀ। ਉਹ ਤਾਂ ਸਾਂਵਲੇ ਹੀ ਸਨ, ਗੋਰੇ ਕਿਵੇਂ ਕਹਾਉਂਦੇ? ਯਦੁਵੰਸ਼ ਵਿਚ ਜਨਮ ਹੋਇਆ ਸੀ, ਤਾਂ ਯਾਦਵ ਹੀ ਸਨ। ਸ਼੍ਰੀ ਕ੍ਰਿਸ਼ਣ ਖ਼ੁਦ ਵੀ ਆਪਣੇ ਆਪ ਨੂੰ ਮਿੱਤਰ ਮੰਨਦੇ ਸਨ। ਦਰਅਸਲ ਹਰ ਸਾਧਕ 'ਮਹਾਪੁਰਸ਼' ਨੂੰ ਪਹਿਲਾਂ ਇਸ ਤਰ੍ਹਾਂ ਹੀ ਸਮਝਦੇ ਹਨ। ਕੁਝ ਉਹਨਾਂ ਨੂੰ ਰੂਪ ਜਾਂ ਆਕਾਰ ਕਰਕੇ ਸੰਬੋਧਿਤ ਕਰਦੇ ਹਨ, ਕੁਝ ਉਹਨਾਂ ਦੇ ਕੰਮ ਨੂੰ ਵੇਖਦੇ ਹੋਏ, ਕੋਈ ਨਾਮ ਲੈਕੇ ਬੁਲਾਉਂਦੇ ਹਨ ਤੇ ਕੁਝ ਉਹਨਾਂ ਨੂੰ ਆਪਣੇ ਹੀ ਬਰਾਬਰ ਦਾ ਜਾਣਦੇ ਹਨ, ਉਹਨਾਂ ਦੇ ਯਥਾਰਥ ਰੂਪ ਨੂੰ ਨਹੀਂ ਸਮਝਦੇ। ਉਹਨਾਂ ਦੇ ਅਚਿੰਤ (ਜੋ ਸੋਚਣ ਵਿਚ ਨਾ ਆਵੇ) ਸਵਰੂਪ ਨੂੰ ਜਦ ਅਰਜੁਨ ਨੇ ਸਮਝਿਆ, ਤਾਂ ਵੇਖਿਆ ਕਿ ਇਹ ਨਾ ਤਾਂ ਕਾਲੇ ਹਨ ਨਾ ਗੋਰੇ, ਨਾ ਕਿਸੇ ਕੁਲ ਦੇ ਹਨ ਅਤੇ ਨਾ ਹੀ ਕਿਸੇ ਦੇ ਸਾਥੀ ਹਨ। ਇਹਨਾਂ ਦੇ ਸਮਾਨ ਤਾਂ ਕੋਈ ਹੈ ਹੀ ਨਹੀਂ, ਤਾਂ ਮਿੱਤਰ ਕਿਵੇਂ ਹੋਣਗੇ? ਬਰਾਬਰ ਦਾ ਕਿਵੇਂ ਹੋਣਗੇ? ਇਹ ਤਾਂ ਅਚਿੰਤ ਸਵਰੂਪ ਹਨ। ਜਿਸਨੂੰ ਇਹ ਆਪ ਦੱਸਣ ਉਹੀ ਇਹਨਾਂ ਨੂੰ ਵੇਖ ਸਕਦਾ ਹੈ। ਇਸ ਲਈ ਅਰਜੁਨ ਨੇ ਆਪਣੀਆਂ ਪਹਿਲੀਆਂ ਗ਼ਲਤੀਆਂ ਲਈ ਮਾਫ਼ੀ ਮੰਗੀ।

ਪ੍ਰਸ਼ਨ ਉਠਦਾ ਹੈ ਕਿ ਜਦ ਕ੍ਰਿਸ਼ਣ ਕਹਿਣਾ ਅਪਰਾਧ ਹੈ ਤਾਂ ਉਹਨਾਂ ਦਾ ਨਾਮ ਜਪਿਆ ਕਿਵੇਂ ਜਾਏ? ਤਾਂ ਯੋਗੇਸ਼ਵਰ ਨੇ ਆਪ ਜਿਸਨੂੰ ਜਪਣ ਲਈ ਕਿਹਾ, ਜਪਣ ਦੀ ਜੋ ਵਿਧੀ ਦੱਸੀ, ਉਸੇ ਵਿਧੀ ਨਾਲ ਜਾਪ ਕਰਨਾ ਚਾਹੀਦਾ ਹੈ। ਉਹ ਵਿਧੀ ਹੈ **'ओमित्येकाक्षरं ब्रह्म व्याहरन्मामनुस्मरन्'**-ਓਮ ਅਨਾਸ਼ ਬ੍ਰਹਮ ਦਾ ਪਰਿਆਇ ਹੈ। **'ओ अहम् स ओम'**- ਜੋ ਵਿਆਪਤ ਹੈ, ਉਹ ਸੱਤਾ ਮੇਰੇ ਵਿਚ ਛੁੱਪੀ ਹੈ, ਇਹੋ ਹੈ ਓਮ ਦਾ ਭਾਵ। ਤੁਸੀਂ ਇਸਦਾ ਜਾਪ ਕਰੋ ਅਤੇ ਧਿਆਨ ਮੇਰਾ ਧਰੋ। ਰੂਪ ਆਪਣਾ ਅਤੇ ਨਾਮ ਓਮ ਦਾ ਦਸਿਆ।

ਅਰਜੁਨ ਨੇ ਪ੍ਰਾਰਥਨਾ ਕੀਤੀ ਕਿ ਚਤੁਰਭੁਜ ਰੂਪ ਵਿਚ ਦਰਸ਼ਨ ਦਿਉ। ਸ਼੍ਰੀ ਕ੍ਰਿਸ਼ਣ ਨੇ ਉਸੇ ਸਹਿਜ ਸਵਰੂਪ ਨੂੰ ਧਾਰਨ ਕੀਤਾ। ਅਰਜੁਨ ਨੇ ਕਿਹਾ ਭਗਵਨ! ਤੁਹਾਡੇ ਇਸ ਸਹਿਜ ਮਨੁੱਖੀ ਰੂਪ ਨੂੰ ਵੇਖਕੇ ਹੁਣ ਮੈਂ ਸੁਭਾਵਕ ਹੋਇਆ ਹਾਂ। ਮੰਗਿਆ ਸੀ ਚਤੁਰਭੁਜ ਰੂਪ, ਦਸਿਆ ਮਨੁੱਖੀ ਰੂਪ। ਦਰਅਸਲ ਸ਼ਾਸ਼ਵਤ ਵਿਚ ਪ੍ਰਵੇਸ਼ ਪ੍ਰਾਪਤ ਯੋਗੀ ਆਪਣੇ ਸਰੀਰ-ਰੂਪ ਨਾਲ ਇੱਥੇ ਬੈਠਾ ਹੈ, ਬਾਹਰ ਦੋ ਹੱਥਾਂ ਨਾਲ ਕੰਮ ਕਰਦਾ ਹੈ ਅਤੇ ਨਾਲ ਹੀ ਅੰਤਰਾਤਮਾ ਤੋਂ ਜਾਗ੍ਰਿਤ ਹੋਕੇ, ਜਿੱਥੋਂ ਵੀ, ਜੋ ਵੀ ਉਸਦਾ ਸਿਮਰਨ ਕਰਦਾ ਹੈ, ਉਸਦੇ ਹਿਰਦੇ ਵਿਚ ਜਾਗ੍ਰਿਤ ਹੋਕੇ ਪ੍ਰੇਰਕ ਬਣਕੇ ਉਸਦਾ ਮਾਰਗ-

ਦਰਸ਼ਨ ਕਰਦੇ ਹਨ। ਹੱਥ ਉਹਨਾਂ ਦੇ ਕਾਰਜ ਦਾ ਪ੍ਰਤੀਕ ਹਨ, ਇਹੋ ਚਤੁਰਭੁਜ ਰੂਪ ਹੈ।

ਸ਼੍ਰੀ ਕ੍ਰਿਸ਼ਣ ਨੇ ਕਿਹਾ ਅਰਜੁਨ! ਤੇਰੇ ਸਿਵਾਇ ਮੇਰੇ ਇਸ ਰੂਪ ਨੂੰ ਨਾ ਕੋਈ ਵੇਖ ਸਕਿਆ ਹੈ, ਅਤੇ ਨਾ ਭਵਿੱਖ ਵਿਚ ਕੋਈ ਵੇਖ ਸਕੇਗਾ। ਤਾਂ ਤੇ ਗੀਤਾ ਸਾਡੇ ਲਈ ਬੇਅਰਥ ਹੈ। ਪਰ ਨਹੀਂ, ਯੋਗੇਸ਼ਵਰ ਕਹਿੰਦੇ ਹਨ ਇਕ ਉਪਾਅ ਹੈ। ਜੋ ਮੇਰਾ ਅਨਿੰਨ ਭਗਤ ਹੈ, ਜੋ ਮੇਰੇ ਸਿਵਾਇ ਦੂਜੇ ਕਿਸੇ ਦਾ ਸਿਮਰਨ ਨਾ ਕਰਕੇ ਨਿੱਤ ਮੇਰਾ ਹੀ ਚਿੰਤਨ ਕਰਦਾ ਹੈ, ਉਸਦੀ ਅਨਿੰਨ ਭਗਤੀ ਦੁਆਰਾ ਮੈਂ ਪ੍ਰਤੱਖ ਵੇਖਣ ਲਈ (ਜਿਵੇਂ ਅਰਜੁਨ ਨੇ ਵੇਖਿਆ), ਤੱਤ ਤੋਂ ਜਾਣਨ ਲਈ ਅਤੇ ਪ੍ਰਵੇਸ਼ ਕਰਨ ਲਈ ਵੀ ਮੈਂ ਸੁਲਭ ਹਾਂ। ਅਰਥਾਤ ਅਰਜੁਨ ਅਨਿੰਨ ਭਗਤ ਸੀ। ਭਗਤੀ ਦਾ ਉੱਚਾ ਰੂਪ ਹੈ ਅਨੁਰਾਗ, ਇਸ਼ਟ ਨਾਲ ਲਗਾਅ। **'मिलहिं न रघुपति बिनु अनुरागा'** – ਅਨੁਰਾਗ ਰਹਿਤ ਪੁਰਸ਼ ਨੇ ਨਾ ਕਦੀ ਪਾਇਆ ਹੈ, ਨਾ ਪਾ ਸਕੇਗਾ। ਅਨੁਰਾਗ ਨਹੀਂ ਹੈ ਤਾਂ ਕੋਈ ਯੋਗ ਕਰੇ, ਤੱਪ ਕਰੇ ਜਾਂ ਦਾਨ ਕਰੇ, 'ਉਹ' ਨਹੀਂ ਮਿਲਦਾ। ਇਸ ਲਈ ਇਸ਼ਟ ਨਾਲ ਰਾਗ ਜਾਂ ਅਨਿੰਨ ਭਗਤੀ ਨਿਤਾਂਤ ਜ਼ਰੂਰੀ ਹੈ।

ਅੰਤ ਵਿਚ ਸ਼੍ਰੀ ਕ੍ਰਿਸ਼ਣ ਨੇ ਕਿਹਾ ਅਰਜੁਨ! ਮੇਰੇ ਦੁਆਰਾ ਨਿਰਦੇਸ਼ਿਤ ਕਰਮ ਨੂੰ ਕਰ, ਮੇਰਾ ਸ਼ਰਧਾਲੂ ਭਗਤ ਹੋਕੇ ਕਰ, ਮੇਰੀ ਸ਼ਰਨ ਹੋਕੇ ਕਰ, ਪਰ ਸੰਗ–ਦੋਸ਼ ਤੋਂ ਰਹਿਤ ਹੋਕੇ ਕਰ। ਸੰਗ–ਦੋਸ਼ ਵਿਚ ਇਹ ਕਰਮ ਹੋ ਹੀ ਨਹੀਂ ਸਕਦਾ। ਸੰਗ–ਦੋਸ਼ ਇਸ ਕਰਮ ਦੀ ਪੂਰਤੀ ਵਿਚ ਰੁਕਾਵਟ ਹੈ। ਜੋ ਵੈਰ–ਭਾਵ ਤੋਂ ਰਹਿਤ ਹੈ, ਉਹੀ ਮੈਨੂੰ ਪ੍ਰਾਪਤ ਕਰਦਾ ਹੈ। ਜਦ ਸੰਗ–ਦੋਸ਼ ਨਹੀਂ ਹੈ, ਜਿੱਥੇ ਸਾਡੇ ਤੋਂ ਇਲਾਵਾ ਦੂਜਾ ਕੋਈ ਹੈ ਹੀ ਨਹੀਂ, ਵੈਰ ਦਾ ਮਾਨਸਿਕ ਸੰਕਲਪ ਵੀ ਨਹੀਂ ਹੈ, ਤਾਂ ਯੁੱਧ ਕਿਸ ਤਰ੍ਹਾਂ ਦਾ? ਬਾਹਰ ਦੁਨੀਆਂ ਵਿਚ ਲੜਾਈ–ਝਗੜੇ ਹੁੰਦੇ ਹਨ, ਪਰ ਜਿੱਤ ਤਾਂ ਜਿੱਤਣ ਵਾਲਿਆਂ ਨੂੰ ਵੀ ਨਹੀਂ ਮਿਲਦੀ। ਦੁਰਜੈ ਸੰਸਾਰ ਰੂਪੀ ਸ਼ਤਰੂ ਨੂੰ ਤਿਆਗ ਰੂਪੀ ਸ਼ਸਤ੍ਰ ਨਾਲ ਕੱਟਕੇ ਪਰਮ ਵਿਚ ਪ੍ਰਵੇਸ਼ ਪਾਉਣਾ ਹੀ ਅਸਲੀ ਜਿੱਤ ਹੈ, ਜਿਸਦੇ ਪਿੱਛੇ ਹਾਰ ਨਹੀਂ ਹੈ।

ਇਸ ਅਧਿਆਇ ਵਿਚ ਪਹਿਲਾਂ ਤਾਂ ਯੋਗੇਸ਼ਵਰ ਨੇ ਅਰਜੁਨ ਨੂੰ ਦ੍ਰਿਸ਼ਟੀ ਪ੍ਰਦਾਨ ਕੀਤੀ, ਫੇਰ ਆਪਣੇ ਵਿਸ਼ਵਰੂਪ ਦਾ ਦਰਸ਼ਨ ਕਰਾਇਆ। ਇਸ ਲਈ

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'विश्वरूपदर्शनयोगो' नामैकादशोऽध्याय: ।।११।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ–ਅਰਜੁਨ ਦੇ ਸੰਵਾਦ ਵਿਚ 'ਵਿਸ਼ਵਰੂਪ ਦਰਸ਼ਨਯੋਗ' ਨਾਮਕ ਗਿਆਰਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'विश्वरूपदर्शनयोगो नामैकादशोऽध्याय: ।।११।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਬਾਹਰਵਾਂ ਅਧਿਆਇ

ਗਿਆਰਵੇਂ ਅਧਿਆਇ ਦੇ ਅੰਤ ਵਿਚ ਸ਼੍ਰੀ ਕ੍ਰਿਸ਼ਣ ਨੇ ਮੁੜ-ਮੁੜ ਇਹ ਜ਼ੋਰ ਦਿਤਾ ਸੀ ਕਿ ਅਰਜੁਨ! ਮੇਰਾ ਇਹ ਸਵਰੂਪ ਜੋ ਤੂੰ ਵੇਖਿਆ, ਤੇਰੇ ਸਿਵਾਇ ਨਾ ਪਹਿਲਾਂ ਕਦੇ ਵੇਖਿਆ ਗਿਆ ਹੈ ਅਤੇ ਨਾ ਭਵਿੱਖ ਵਿਚ ਕੋਈ ਵੇਖ ਸਕੇਗਾ। ਮੈਂ ਨਾ ਤੱਪ ਨਾਲ, ਨਾ ਯੱਗ ਨਾਲ ਅਤੇ ਨਾ ਹੀ ਦਾਨ ਨਾਲ ਵੇਖੇ ਜਾਣ ਲਈ ਸੁਲਭ ਹਾਂ। ਪਰ ਸਰਦੀ ਭਗਤੀ ਨਾਲ ਅਰਥਾਤ ਮੇਰੇ ਸਿਵਾਇ ਹੋਰ ਕਿਧਰੇ ਵੀ ਸ਼ਰਧਾ ਨਾ ਰੱਖਦਿਆਂ, ਨਿਰੰਤਰ ਤੇਲ-ਧਾਰਾ ਵਾਂਗ ਮੇਰੇ ਚਿੰਤਨ ਨਾਲ, ਜਿਵੇਂ ਤੂੰ ਵੇਖਿਆ, ਮੈਂ ਪ੍ਰਤੱਖ ਵੇਖਣ ਲਈ, ਤੱਤ ਤੋਂ ਪ੍ਰਤੱਖ ਜਾਣਨ ਲਈ ਅਤੇ ਪ੍ਰਵੇਸ਼ ਕਰਨ ਲਈ ਵੀ ਸੁਲਭ ਹਾਂ। ਇਸ ਲਈ ਅਰਜੁਨ! ਨਿਰੰਤਰ ਮੇਰਾ ਹੀ ਚਿੰਤਨ ਕਰ, ਭਗਤ ਬਣ। ਅਧਿਆਇ ਦੇ ਅੰਤ ਵਿਚ ਉਹਨਾਂ ਨੇ ਕਿਹਾ ਸੀ, ਅਰਜੁਨ! ਤੂੰ ਮੇਰੇ ਹੀ ਦੁਆਰਾ ਨਿਰਧਾਰਿਤ ਕੀਤੇ ਗਏ ਕਰਮ ਨੂੰ ਕਰ। **'मत्परम:'** ਅਰਥਾਤ ਮੇਰਾ ਪਰਾਇਣ (ਸ਼ਰਧਾਲੂ) ਹੋਕੇ ਕਰਮ ਕਰ। ਸ਼ਰਧਾ ਭਗਤੀ ਹੀ ਉਸਦੀ ਪ੍ਰਾਪਤੀ ਦਾ ਮਾਰਗ ਹੈ। ਇਸਤੇ ਅਰਜੁਨ ਦਾ ਪ੍ਰਸ਼ਨ ਸੁਭਾਵਕ ਸੀ ਕਿ ਜੋ ਅਵਿਅਕਤ ਅਖ਼ਸ਼ਰ ਦੀ ਉਪਾਸਨਾ ਕਰਦੇ ਹਨ, ਅਤੇ ਜੋ ਤੁਹਾਡੇ ਸਗੁਣ ਰੂਪ ਦੀ ਉਪਾਸਨਾ ਕਰਦੇ ਹਨ, ਇਹਨਾਂ ਦੋਨਾਂ ਵਿਚੋਂ ਸ਼੍ਰੇਸ਼ਠ ਕਿਹੜਾ ਹੈ ?

ਇੱਥੇ ਇਹ ਪ੍ਰਸ਼ਨ ਅਰਜੁਨ ਨੇ ਤੀਜੀ ਵਾਰ ਚੁੱਕਿਆ ਹੈ। ਅਧਿਆਇ ਤਿੰਨ ਵਿਚ ਉਸਨੇ ਕਿਹਾ ਸੀ ਕਿ, ਭਗਵਨ! ਜੇ ਨਿਸ਼ਕਾਮ ਕਰਮਯੋਗ ਦੀ ਤੁਲਨਾ ਵਿਚ ਸਾਂਖਿਅ ਯੋਗ (ਗਿਆਨ ਮਾਰਗ) ਤੁਹਾਨੂੰ ਸ਼੍ਰੇਸ਼ਠ ਲੱਗਦਾ ਹੈ, ਤਾਂ ਤੁਸੀਂ ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ? ਇਸਤੇ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਅਰਜੁਨ! ਨਿਸ਼ਕਾਮ ਕਰਮ ਮਾਰਗ ਚੰਗਾ ਲੱਗੇ ਜਾਂ ਗਿਆਨ ਮਾਰਗ, ਦੋਨਾਂ ਹੀ ਮਾਰਗਾਂ ਵਿਚ ਕਰਮ ਤਾਂ ਕਰਨਾ ਹੀ ਪਏਗਾ। ਏਨ੍ਹੇਂ ਤੇ ਵੀ ਜੋ ਇੰਦ੍ਰੀਆਂ ਨੂੰ ਹੱਠ ਨਾਲ ਰੋਕਕੇ ਮਨ ਵਿਚ ਵਿਸ਼ਿਆਂ ਦਾ ਧਿਆਨ ਰੱਖਦਾ ਹੈ, ਉਹ ਦੰਭੀ ਹੈ, ਗਿਆਨੀ ਨਹੀਂ। ਇਸ ਲਈ ਅਰਜੁਨ! ਤੂੰ ਕਰਮ ਕਰ । ਕਿਹੜਾ ਕਰਮ ਕਰੇ ? ਤਾਂ ਕਿਹਾ **'नियतं कुरू कर्म त्वं'**- ਨਿਰਧਾਰਤ ਕੀਤੇ ਕਰਮ ਨੂੰ ਕਰ। ਨਿਰਧਾਰਤ ਕਰਮ ਕੀ ਹੈ ? ਤਾਂ

ਕਿਹਾ ਯੱਗ ਦੀ ਪ੍ਰਕ੍ਰਿਆ ਹੀ ਇਕ ਮਾਤਰ ਕਰਮ ਹੈ। ਯੱਗ ਦੀ ਵਿਧੀ ਦੱਸੀ ਜੋ ਆਰਾਧਨਾ ਦੀ ਵਿਧੀ ਵਿਸ਼ੇਸ਼ ਹੈ, ਪਰਮਤੱਤ ਵਿਚ ਪ੍ਰਵੇਸ਼ ਦਿਵਾਉਣ ਵਾਲੀ ਪ੍ਰਕਿਆ ਹੈ। ਜਦ ਨਿਸ਼ਕਾਮ ਕਰਮ ਮਾਰਗ ਅਤੇ ਗਿਆਨ ਮਾਰਗ, ਦੋਨਾਂ ਵਿਚ ਹੀ ਕਰਮ ਕਰਨਾ ਹੈ, ਯੱਗ ਲਈ ਕਰਮ ਕਰਨਾ ਹੈ, ਕ੍ਰਿਆ ਵੀ ਉਹਨਾਂ ਦੀ ਇਕ ਹੈ, ਤਾਂ ਅੰਤਰ ਕੀ ਹੈ ? ਭਗਤ ਕਰਮਾਂ ਦਾ ਸਮਰਪਣ ਕਰਕੇ, ਇਸ਼ਟ ਦੇ ਆਸਰੇ ਹੋਕੇ, ਯੱਗ ਲਈ ਕਰਮ ਵਿਚ ਪ੍ਰਵਿਰਤ ਹੁੰਦਾ ਹੈ, ਤਾਂ ਉਹ ਨਿਸ਼ਕਾਮ ਕਰਮ ਮਾਰਗੀ ਹੈ, ਤਾਂ ਦੂਜਾ ਸਾਂਖਿਅ ਯੋਗੀ ਆਪਣੀ ਸ਼ਕਤੀ ਨੂੰ ਸਮਝਕੇ (ਆਪਣੇ ਭਰੋਸੇ) ਉਸੇ ਕਰਮ ਵਿਚ ਪ੍ਰਵਿਰਤ ਹੁੰਦਾ ਹੈ, ਪੂਰੀ ਮਿਹਨਤ ਕਰਦਾ ਹੈ।

ਅਧਿਆਇ ਪੰਜ ਵਿਚ ਅਰਜੁਨ ਨੇ ਫੇਰ ਪ੍ਰਸ਼ਨ ਕੀਤਾ ਕਿ ਭਗਵਨ! ਤੁਸੀਂ ਕਦੇ ਸਾਂਖਿਅ–ਮਾਧਿਅਮ ਨਾਲ ਕਰਮ ਕਰਨ ਲਈ ਕਹਿੰਦੇ ਹੋ, ਤਾਂ ਕਦੇ ਸਮਰਪਣ–ਮਾਧਿਅਮ ਨਾਲ ਨਿਸ਼ਕਾਮ–ਕਰਮਯੋਗੀ ਦੀ ਪ੍ਰਸ਼ੰਸਾ ਕਰਨ ਲੱਗਦੇ ਹੋ ਇਹਨਾਂ ਦੋਨਾਂ ਵਿਚ ਸ਼੍ਰੇਸ਼ਠ ਕਿਹੜਾ ਹੈ ? ਇਥੋਂ ਤਕ ਅਰਜੁਨ ਸਮਝ ਚੁਕਾ ਸੀ ਕਿ ਕਰਮ ਦੋਵਾਂ ਦ੍ਰਿਸ਼ਟੀਆਂ ਨਾਲ ਕਰਨਾ ਪਏਗਾ, ਫੇਰ ਵੀ ਦੋਨਾਂ ਵਿਚੋਂ ਸ਼੍ਰੇਸ਼ਠ ਮਾਰਗ ਉਹ ਚੁਣਨਾ ਚਾਹੁੰਦਾ ਹੈ। ਸ਼੍ਰੀਕ੍ਰਿਸ਼ਣ ਨੇ ਕਿਹਾ ਅਰਜੁਨ। ਦੋਨਾਂ ਦ੍ਰਿਸ਼ਟੀਆਂ ਨਾਲ ਕਰਮ ਵਿਚ ਪ੍ਰਵਿਰਤ ਹੋਣ ਵਾਲੇ ਮੈਨੂੰ ਪ੍ਰਾਪਤ ਹੁੰਦੇ ਹਨ, ਪਰ ਸਾਂਖਿਅ ਮਾਰਗ ਦੀ ਅਪੇਖਿਆ ਨਿਸ਼ਕਾਮ ਕਰਮ ਮਾਰਗ ਸ਼੍ਰੇਸ਼ਠ ਹੈ। ਨਿਸ਼ਕਾਮ ਕਰਮਯੋਗ ਦਾ ਅਨੁਸ਼ਠਾਨ ਕੀਤੇ ਬਿਨਾਂ ਨਾ ਕੋਈ ਯੋਗੀ ਹੁੰਦਾ ਹੈ ਅਤੇ ਨਾ ਗਿਆਨੀ। ਸਾਂਖਿਅ ਯੋਗ ਔਖਾ ਹੈ, ਉਸ ਵਿਚ ਮੁਸ਼ਕਿਲਾਂ ਜ਼ਿਆਦਾ ਹਨ।

ਇੱਥੇ ਤੀਜੀ ਵਾਰੀ ਅਰਜੁਨ ਨੇ ਇਹੋ ਪ੍ਰਸ਼ਨ ਰੱਖਿਆ ਕਿ, ਭਗਵਨ! ਆਪ ਵਿਚ ਅਨਿੰਨ ਭਗਤੀ ਨਾਲ ਲੱਗਣ ਵਾਲੇ ਅਤੇ ਅਵਿਅਕਤ ਅਖਸ਼ਰ ਦੀ ਉਪਾਸਨਾ ਵਿਚ (ਸਾਂਖਿਅ ਮਾਰਗ ਨਾਲ) ਲੱਗਣ ਵਾਲੇ ਵਿਚੋਂ ਸ਼੍ਰੇਸ਼ਠ ਕਿਹੜਾ ਹੈ ?

**ਅਰਜੁਨ ਉਵਾਚ–**

**एवं सततयुक्ता ये भक्तास्त्वां पर्युपासते।**
**ये चाप्यक्षरमव्यक्तं तेषां के योगवित्तमाः ।।१।।**

**'एवं'** ਅਰਥਾਤ ਇਸ ਤਰ੍ਹਾਂ ਜੋ ਹੁਣੇ–ਹੁਣੇ ਤੁਸੀਂ ਵਿਧੀ ਦੱਸੀ ਹੈ, ਠੀਕ ਇਸੇ ਵਿਧੀ ਅਨੁਸਾਰ ਸ਼ਰਧਾ ਭਗਤੀ ਨਾਲ ਤੁਹਾਡੀ ਸ਼ਰਨ ਲੈਕੇ, ਤੁਹਾਡੇ ਨਾਲ ਨਿਰੰਤਰ ਇਕ ਹੋਕੇ, ਭਲੀ ਪ੍ਰਕਾਰ ਤੁਹਾਡੀ ਉਪਾਸਨਾ ਕਰਦੇ ਹਨ, ਅਤੇ ਦੂਜੇ ਜੋ ਤੁਹਾਡੀ ਸ਼ਰਨ ਨਾ ਲੈਕੇ, ਸੁਤੰਤਰ ਰੂਪ ਨਾਲ ਆਪਣੇ ਭਰੋਸੇ ਉਸੇ ਅਖਸ਼ਰ ਅਤੇ ਅਵਿਅਕਤ ਸਵਰੂਪ ਦੀ ਉਪਾਸਨਾ ਕਰਦੇ ਹਨ, ਜਿਸ ਵਿਚ ਤੁਸੀਂ ਵੀ ਸਥਿਤ ਹੋ, ਤਾਂ ਇਹਨਾਂ ਦੋਨਾਂ ਪ੍ਰਕਾਰ ਦੇ ਭਗਤਾਂ ਵਿਚੋਂ ਅਧਿਕ ਉੱਤਮ ਯੋਗਵੇਤਾ ਕੌਣ ਹੈ ? ਇਸਤੇ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਬੋਲੇ –

**ਸ਼੍ਰੀ ਭਗਵਾਨ ਉਵਾਚ–**

**मय्यावेश्य मनो ये मां नित्ययुक्ता उपासते।**
**श्रद्धया परयोपेतास्ते मे युक्ततमा मताः ।।२।।**

ਅਰਜੁਨ ਮੇਰੇ ਵਿਚ ਮਨ ਨੂੰ ਏਕਾਕਾਰ ਕਰਕੇ, ਨਿਰੰਤਰ ਮੇਰੇ ਨਾਲ ਇਕ ਹੋਕੇ ਜੋ ਭਗਤਜਨ

ਪਰਮਤੱਤ ਨਾਲ ਸੰਬੰਧ ਰੱਖਣ ਵਾਲੀ ਸ਼੍ਰੇਸ਼ਠ ਸ਼ਰਧਾ ਨਾਲ ਭਰਕੇ ਮੈਨੂੰ ਭਜਦੇ ਹਨ, ਉਹ ਮੈਨੂੰ ਯੋਗੀਆਂ ਵਿਚੋਂ ਵੀ, ਅਤਿ ਉੱਤਮ ਯੋਗੀ ਲੱਗਦੇ ਹਨ।

**ये त्वक्षरमनिर्देश्यमव्यक्तं पर्युपासते ।**
**सर्वत्रगमचिन्त्यं च कूटस्थमचलं ध्रुवम् ।।३ ।।**
**संनियम्येन्द्रियग्रामं सर्वत्र समबुद्धयः ।**
**ते प्राप्नुवन्ति मामेव सर्वभूतहिते रताः ।।४ ।।**

ਜੋ ਪੁਰਸ਼ ਇੰਦ੍ਰੀਆਂ ਨੂੰ ਭਲੀ ਭਾਂਤ ਸੰਜਮਿਤ ਕਰਕੇ, ਮਨ-ਬੁੱਧੀ ਤੋਂ ਅਤਿਅੰਤ ਪਰੇ, ਸਰਬ ਵਿਆਪੀ, ਅਕੱਥ ਸਵਰੂਪ, ਸਦਾ ਇਕਰਸ ਰਹਿਣ ਵਾਲੇ, ਨਿੱਤ, ਅਚਲ,ਅਵਿਅਕਤ, ਆਕਾਰ ਰਹਿਤ ਅਤੇ ਅਵਿਨਾਸ਼ੀ ਬ੍ਰਹਮ ਦੀ ਉਪਾਸਨਾ ਕਰਦੇ ਹਨ, ਅਤੇ ਜੀਵ ਪ੍ਰਾਣੀਆਂ ਦੇ ਹਿਤ ਵਿਚ ਲੱਗੇ ਹੋਏ ਹਨ ਅਤੇ ਸਾਰਿਆਂ ਨੂੰ ਸਮਾਨ ਭਾਵ ਨਾਲ ਵੇਖਦੇ ਹਨ, ਉਹ ਯੋਗੀ ਵੀ ਮੈਨੂੰ ਹੀ ਪ੍ਰਾਪਤ ਹੁੰਦੇ ਹਨ। ਬ੍ਰਹਮ ਦੇ ਉਪਰੋਕਤ ਵਿਸ਼ੇਸ਼ਣ ਮੇਰੇ ਤੋਂ ਵੱਖ ਨਹੀਂ ਹਨ। ਪਰ -

**क्लेशोऽधिकतरस्तेषामव्यक्तासक्तचेतसाम् ।**
**अव्यक्ता हि गतिर्दुःखं देहवद्भिरवाप्यते ।।५ ।।**

ਅਵਿਅਕਤ ਪਰਮਾਤਮਾ ਵਿਚ ਭਗਤੀ ਰੱਖਣ ਵਾਲੇ ਉਹਨਾਂ ਪੁਰਸ਼ਾਂ ਦੀ ਸਾਧਨਾ ਵਿਚ ਕਲੇਸ਼ ਵਿਸ਼ੇਸ਼ ਹੈ, ਕਿਉਂਕਿ ਦੇਹ-ਅਭਿਮਾਨੀਆਂ ਨੂੰ ਅਵਿਅਕਤ ਦੀ ਗਤਿ ਦੁਖ ਪੂਰਬਕ ਪ੍ਰਾਪਤ ਹੁੰਦੀ ਹੈ। ਜਦ ਤਕ ਦੇਹ ਦਾ ਭਾਨ ਹੈ, ਗੁਮਾਨ ਹੈ, ਤਦ ਤਕ ਅਵਿਅਕਤ ਦੀ ਪ੍ਰਾਪਤੀ ਕਠਿਨ ਹੈ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਸਤਿਗੁਰੂ ਸਨ। ਅਵਿਅਕਤ ਪਰਮਾਤਮਾ ਉਹਨਾਂ ਵਿਚ ਵਿਅਕਤ ਸੀ। ਉਹ ਕਹਿੰਦੇ ਹਨ ਕਿ ਮਹਾਪੁਰਸ਼ ਦੀ ਸ਼ਰਨ ਨਾ ਲੈਕੇ ਜੋ ਸਾਧਕ ਆਪਣੀ ਸ਼ਕਤੀ ਸਮਝਦੇ ਹੋਏ ਅੱਗੇ ਵੱਧਦਾ ਹੈ ਕਿ ਮੈਂ ਇਸ ਅਵਸਥਾ ਵਿਚ ਹਾਂ, ਅੱਗੇ ਇਸ ਅਵਸਥਾ ਵਿਚ ਜਾਵਾਂਗਾ, ਮੈਂ ਆਪਣੇ ਹੀ ਅਵਿਅਕਤ ਸਰੀਰ ਨੂੰ ਪ੍ਰਾਪਤ ਹੋਵਾਂਗਾ, ਉਹ ਮੇਰਾ ਹੀ ਰੂਪ ਹੋਵੇਗਾ, ਮੈਂ ਉਹੀ ਹਾਂ। ਇਸ ਤਰ੍ਹਾਂ ਸੋਚਕੇ, ਪ੍ਰਾਪਤੀ ਦਾ ਇੰਤਜ਼ਾਰ ਨਾ ਕਰਕੇ, ਆਪਣੇ ਸਰੀਰ ਨੂੰ ਹੀ **'सोऽहं'** (ਸੋ ਅਹੰ) ਕਹਿਣ ਲੱਗਦਾ ਹੈ, ਤਾਂ ਇਹੋ ਇਸ ਮਾਰਗ ਦੀ ਸੱਭ ਤੋਂ ਵੱਡੀ ਰੁਕਾਵਟ ਹੈ। ਉਹ **'दुःखालयम् अशाश्वतम्'** (ਅਪਾਰ ਦੁੱਖਾਂ ਵਿਚ ਹੀ ਗੇੜੇ ਮਾਰਦਾ ਹੋਇਆ ਫੇਰ ਖੜ੍ਹਾ ਹੋ ਜਾਂਦਾ ਹੈ। ਪਰ ਜੋ ਮੇਰੀ ਸ਼ਰਨ ਲੈਕੇ ਚੱਲਦਾ ਹੈ, ਉਹ -

**ये तु सर्वाणि कर्माणि मयि संन्यस्य मत्पराः ।**
**अनन्येनैव योगेन मां ध्यायन्त उपासते ।।६ ।।**

ਜੋ ਮੇਰਾ ਸ਼ਰਧਾਲੂ ਹੋਕੇ ਸਾਰੇ ਕਰਮਾਂ ਅਰਥਾਤ ਆਰਾਧਨਾ ਨੂੰ ਮੈਨੂੰ ਅਰਪਨ ਕਰਕੇ ਸ਼ਰਧਾ ਭਾਵ ਨਾਲ ਯੋਗ ਅਰਥਾਤ ਆਰਾਧਨਾ ਪ੍ਰਕ੍ਰਿਆ ਰਾਹੀਂ ਨਿਰੰਤਰ ਚਿੰਤਨ ਕਰਦੇ ਹੋਏ ਸਿਮਰਦਾ ਹੈ -

**तेषामहं समुद्धर्ता मृत्युसंसारसागरात् ।**
**भवामि नचिरात्पार्थ मय्यावेशितचेतसाम् ।।७ ।।**

ਕੇਵਲ ਮੇਰੇ ਵਿਚ ਚਿੱਤ ਲਗਾਉਣ ਵਾਲੇ ਉਹਨਾਂ ਇਸ ਤਰ੍ਹਾਂ ਦਾ ਮੈਂ ਛੇਤੀ ਹੀ ਮੌਤਰੂਪੀ

ਸੰਸਾਰ ਤੋਂ ਉੱਧਾਰ ਕਰਦਾ ਹਾਂ। ਇਸ ਤਰ੍ਹਾਂ ਚਿੱਤ ਲਗਾਉਣ ਦੀ ਪ੍ਰੇਰਣਾ ਅਤੇ ਵਿਧੀ ਉੱਤੇ ਯੋਗੇਸ਼ਵਰ ਪ੍ਰਕਾਸ਼ ਪਾਉਂਦੇ ਹਨ -

**मय्येव मन आधत्स्व मयि बुद्धि निवेशय।**
**निवासिष्यसि मय्येव अत ऊर्ध्वं न संशय: ।।८।।**

ਇਸ ਲਈ ਅਰਜੁਨ ! ਤੂੰ ਮੇਰੇ ਵਿਚ ਮਨ ਲਗਾ, ਮੇਰੇ ਵਿਚ ਹੀ ਬੁੱਧੀ ਲਗਾ, ਇਸਦੇ ਬਾਅਦ ਤੂੰ ਮੇਰੇ ਵਿਚ ਹੀ ਨਿਵਾਸ ਕਰੇਂਗਾ, ਇਸ ਵਿਚ ਕੋਈ ਸ਼ੰਕਾ ਨਹੀਂ ਹੈ। ਜੇ ਮਨ ਅਤੇ ਬੁੱਧੀ ਵੀ ਨਾ ਲਗਾ ਸਕੇਂ ਤਾਂ? (ਅਰਜੁਨ ਨੇ ਪਿੱਛੇ ਕਿਹਾ ਵੀ ਸੀ ਕਿ ਮਨ ਨੂੰ ਰੋਕਣਾ ਤਾਂ ਮੈਂ ਵਾਯੂ ਨੂੰ ਰੋਕਣ ਵਾਂਗ ਮੁਸ਼ਕਿਲ ਸਮਝਦਾ ਹਾਂ) ਇਸਤੇ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਕਹਿੰਦੇ ਹਨ -

**अथ चित्तं समाधातुं न शक्नोषि मयि स्थिरम्।**
**अभ्यासयोगेन ततो मामिच्छाप्तुं धनंजय।।९।।**

ਜੇ ਤੂੰ ਮਨ ਨੂੰ ਮੇਰੇ ਵਿਚ ਅਚਲ ਸਥਿਤ ਕਰਨ ਵਿਚ ਸਮਰੱਥ ਨਹੀਂ ਹੈਂ ਤਾਂ ਹੇ ਅਰਜੁਨ! ਯੋਗ ਦੇ ਅਭਿਆਸ ਰਾਹੀਂ ਮੈਨੂੰ ਪ੍ਰਾਪਤ ਹੋਣ ਦੀ ਇੱਛਾ ਕਰ। (ਜਿੱਥੇ ਵੀ ਚਿੱਤ ਜਾਏ, ਉਥੋਂ ਘਸੀਟਕੇ ਉਸਨੂੰ ਆਰਾਧਨਾ, ਚਿੰਤਨ-ਕ੍ਰਿਆ ਵਿਚ ਲਗਾਉਣ ਦਾ ਨਾਮ ਅਭਿਆਸ ਹੈ)। ਜੇ ਇਹ ਵੀ ਨਾ ਕਰ ਸਕੇਂ ਤਾਂ -

**अभ्यासेऽप्यसमर्थोऽसि मत्कर्मपरमो भव।**
**मदर्थमपि कर्माणि कुर्वन्सिद्धिमवाप्स्यसि।।१०।।**

ਜੇ ਤੂੰ ਅਭਿਆਸ ਕਰਨ ਵਿਚ ਵੀ ਅਸਮਰੱਥ ਹੈ ਤਾਂ ਕੇਵਲ ਮੇਰੇ ਲਈ ਕਰਮ ਕਰ, ਅਰਥਾਤ ਆਰਾਧਨਾ ਕਰਨ ਲਈ ਤਿਆਰ ਰਹਿ। ਇਸ ਤਰ੍ਹਾਂ ਮੇਰੀ ਪ੍ਰਾਪਤੀ ਲਈ ਕਰਮਾਂ ਨੂੰ ਕਰਦਾ ਹੋਇਆ ਤੂੰ ਮੇਰੀ ਪ੍ਰਾਪਤੀ ਰੂਪੀ ਸਿੱਧੀ ਨੂੰ ਹੀ ਪ੍ਰਾਪਤ ਹੋਵੇਂਗਾ, ਅਰਥਾਤ ਅਭਿਆਸ ਵੀ ਪਾਰ ਨਾ ਲੱਗੇ, ਤਾਂ ਸਾਧਨਾ ਮਾਰਗ ਵਿਚ ਸਿਰਫ਼ ਲੱਗੇ ਹੀ ਰਹੋ।

**अथैतदप्यशक्तोऽसि कर्तुं मद्योगमाश्रित:।**
**सर्वकर्मफलत्यागं तत: कुरु यतात्मवान्।।११।।**

ਜੇ ਤੂੰ ਇਹ ਵੀ ਕਰਨ ਵਿਚ ਸਮਰੱਥ ਨਾ ਹੋਵੇਂ, ਤਾਂ ਸਾਰੇ ਕਰਮਾਂ ਦੇ ਫਲ ਦਾ ਤਿਆਗ ਕਰ, ਅਰਥਾਤ ਲਾਭ-ਹਾਨੀ ਦੀ ਚਿੰਤਾ ਛੱਡਕੇ **'मद्यो'** ਦੇ ਆਸਰੇ ਹੋਕੇ ਅਰਥਾਤ ਸਮਰਪਣ ਦੇ ਨਾਲ ਆਤਮਵਾਨ ਮਹਾਪੁਰਸ਼ ਦੀ ਸ਼ਰਨ ਜਾ। ਉਹਨਾਂ ਤੋਂ ਪ੍ਰੇਰਿਤ ਹੋਕੇ ਤੂੰ ਖ਼ੁਦ-ਬ-ਖ਼ੁਦ ਕਰਮ ਕਰਨ ਲਗੇਂਗਾ। ਸਮਰਪਣ ਦੇ ਨਾਲ ਕਰਮ ਫਲ ਦੇ ਤਿਆਗ ਦਾ ਮਹਾਤਮ ਦਸਦੇ ਹੋਏ ਉਹ ਕਹਿੰਦੇ ਹਨ -

**श्रेयो हि ज्ञानमभ्यासाज्ज्ञानाद्ध्यानं विशिष्यते।**
**ध्यानात्कर्मफलत्यागस्त्यागाच्छान्तिरनन्तरम्।।१२।।**

ਕੇਵਲ ਚਿੱਤ ਨੂੰ ਰੋਕਣ ਦੇ ਅਭਿਆਸ ਨਾਲ ਗਿਆਨ-ਮਾਰਗ ਤੋਂ ਕਰਮ ਵਿਚ ਪ੍ਰਵਿਰਤ ਹੋਣਾ ਸ਼੍ਰੇਸ਼ਠ ਹੈ। ਗਿਆਨ ਮਾਧਿਅਮ ਨਾਲ ਕਰਮ ਨੂੰ ਕਾਰਜ ਦੇਣ ਦੇ ਬਜਾਇ ਧਿਆਨ ਸ਼੍ਰੇਸ਼ਠ ਹੈ, ਕਿਉਂਕਿ ਧਿਆਨ ਵਿਚ ਇਸ਼ਟ ਰਹਿੰਦਾ ਹੀ ਹੈ। ਧਿਆਨ ਨਾਲੋਂ ਵੀ ਸਾਰੇ ਕਰਮਾਂ ਦੇ ਫਲ ਦਾ ਤਿਆਗ ਸ਼੍ਰੇਸ਼ਠ ਹੈ, ਕਿਉਂਕਿ ਇਸ਼ਟ ਦੇ ਪ੍ਰਤਿ ਸਮਰਪਣ ਦੇ ਨਾਲ ਹੀ ਯੋਗ ਉਤੇ ਨਜ਼ਰ ਰੱਖਦੇ

ਹੋਏ ਕਰਮ-ਫਲ ਦਾ ਤਿਆਗ ਕਰਨ ਨਾਲ ਸਾਧਕ ਦੇ ਯੋਗਖੇਮ ਦੀ ਜ਼ਿੰਮੇਦਾਰੀ ਇਸ਼ਟ ਦੀ ਹੋ ਜਾਂਦੀ ਹੈ। ਇਸ ਲਈ ਇਸ ਤਿਆਗ ਨਾਲ ਸਾਧਕ ਤੱਤਕਾਲ ਹੀ ਪਰਮਸ਼ਾਂਤੀ ਨੂੰ ਪ੍ਰਾਪਤ ਹੋ ਜਾਂਦਾ ਹੈ।

ਅਜੇ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦਸਿਆ ਕਿ ਅਵਿਅਕਤ ਦੀ ਉਪਾਸਨਾ ਕਰਨ ਵਾਲੇ ਗਿਆਨ ਮਾਰਗੀ ਨਾਲੋਂ ਸਮਰਪਣ ਰਾਹੀਂ ਕਰਮ ਕਰਨ ਵਾਲਾ ਨਿਸ਼ਕਾਮ ਕਰਮਯੋਗੀ ਸ਼੍ਰੇਸ਼ਠ ਹੈ। ਦੋਨੋਂ ਇੱਕੋ ਕਰਮ ਕਰਦੇ ਹਨ, ਪਰ ਗਿਆਨ ਮਾਰਗੀ ਦੇ ਰਾਹ ਵਿਚ ਰੁਕਾਵਟ ਜ਼ਿਆਦਾ ਹੈ। ਉਸਦੇ ਲਾਭ-ਹਾਨੀ ਦੀ ਜ਼ਿੰਮੇਵਾਰੀ ਖ਼ੁਦ ਉਸੇ ਉੱਤੇ ਹੁੰਦੀ ਹੈ, ਜਦਕਿ ਸਮਰਪਿਤ ਭਗਤ ਦੀ ਜ਼ਿੰਮੇਵਾਰੀ ਮਹਾਪੁਰਸ਼ ਉੱਤੇ ਹੁੰਦੀ ਹੈ। ਇਸ ਲਈ ਉਹ ਕਰਮ-ਫਲ ਤਿਆਗ ਦੁਆਰਾ ਛੇਤੀ ਹੀ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਹੁਣ ਯੋਗੇਸ਼ਵਰ ਸ਼ਾਂਤੀ-ਪ੍ਰਾਪਤ ਪੁਰਸ਼ ਦੇ ਲੱਛਣ ਦਸਦੇ ਹਨ -

**अद्वेष्टा सर्वभूतानां मैत्रः करुण एव च।**
**निर्ममो निरहंकारः समदुःखसुखः क्षमी ।।१३।।**

ਇਸ ਤਰ੍ਹਾਂ ਸ਼ਾਂਤੀ ਨੂੰ ਪ੍ਰਾਪਤ ਹੋਇਆ ਜੋ ਪੁਰਸ਼ ਜੀਵਾਂ ਲਈ ਦ੍ਵੇਸ਼ ਭਾਵ ਤੋਂ ਰਹਿਤ, ਸਭਦਾ ਪ੍ਰੇਮੀ ਅਤੇ ਨਿਸੁਵਾਰਥ ਦਿਆਲੂ ਹੈ ਅਤੇ ਜੋ ਮਮਤਾ ਰਹਿਤ, ਅਹੰਕਾਰ ਰਹਿਤ, ਸੁਖ-ਦੁੱਖ ਵਿਚ ਸਮਾਨ ਅਤੇ ਖਿਮਾਵਾਨ ਹੈ -

**संतुष्टः सततं योगी यतात्मा दृढनिश्चयः।**
**मय्यर्पितमनोबुद्धिर्यो मद्भक्तः स मे प्रियः ।।१४।।**

ਜੋ ਨਿਰੰਤਰ ਯੋਗ ਦੀ ਪਰਾਕਾਸ਼ਠਾ ਨਾਲ ਸੰਯੁਕਤ ਹੈ, ਲਾਭ ਅਤੇ ਹਾਨੀ ਵਿਚ ਵੀ ਸੰਤੁਸ਼ਟ ਹੈ, ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਨੂੰ ਜਿਸਨੇ ਵੱਸ ਕੀਤਾ ਹੋਇਆ ਹੈ, ਦ੍ਰਿੜ ਇਰਾਦੇ ਵਾਲਾ ਹੈ, ਉਹ ਮੇਰੇ ਵਿਚ ਅਰਪਿਤ ਮਨ-ਬੁੱਧੀ ਵਾਲਾ ਮੇਰਾ ਭਗਤ ਮੈਨੂੰ ਪਿਆਰਾ ਹੈ।

**यस्मान्नोद्विजते लोको लोकान्नोद्विजते च यः।**
**हर्षामर्षभयोद्वेगैर्मुक्तो यः स च मे प्रियः ।।१५।।**

ਜਿਸ ਨਾਲ ਕੋਈ ਵੀ ਜੀਵ ਆਵੇਸ਼ ਨੂੰ ਪ੍ਰਾਪਤ ਨਹੀਂ ਹੁੰਦਾ ਅਤੇ ਜੋ ਆਪ ਵੀ ਕਿਸੇ ਜੀਵ ਕੋਲੋਂ ਉਤੇਜਿਤ ਨਹੀਂ ਹੁੰਦਾ, ਜੋ ਹਰਖ-ਸੰਤਾਪ-ਭੈ ਅਤੇ ਸਾਰੇ ਮਾਨਸਿਕ ਵਿਘਨਾਂ ਤੋਂ ਮੁਕਤ ਹੈ, ਉਹ ਭਗਤ ਮੈਨੂੰ ਪਿਆਰਾ ਹੈ।

ਸਾਧਕਾਂ ਦੇ ਲਈ ਇਹ ਸ਼ਲੋਕ ਬੜਾ ਉਪਯੋਗੀ ਹੈ। ਉਹਨਾਂ ਨੂੰ ਇਸ ਤਰ੍ਹਾਂ ਢੰਗ ਨਾਲ ਰਹਿਣਾ ਚਾਹੀਦਾ ਹੈ ਕਿ ਉਹਨਾਂ ਵਲੋਂ ਕਿਸੇ ਦੇ ਮਨ ਨੂੰ ਠੇਸ ਨਾ ਲੱਗੇ। ਸਾਧਕ ਏਨ੍ਹਾਂ ਤਾਂ ਕਰ ਸਕਦਾ ਹੈ, ਪਰ ਦੂਜੇ ਲੋਕ ਇਸ ਆਚਰਣ ਉਤੇ ਨਹੀਂ ਚਲਣਗੇ। ਉਹ ਤਾਂ ਸੰਸਾਰੀ ਹੀ ਹਨ, ਉਹ ਤਾਂ ਅੱਗ ਉਗਲਣਗੇ। ਕੁਝ ਵੀ ਕਹਿਣਗੇ, ਪਰ ਸਾਧਕ ਨੂੰ ਚਾਹੀਦਾ ਹੈ ਕਿ ਆਪਣੇ ਮਨ ਵਿਚ ਉਹਨਾਂ ਦੇ ਰਾਹੀਂ ਹੋਣ ਵਾਲੀ ਹਲਚਲ (ਸੰਸਾਰੀ ਲੋਕਾਂ ਦੀਆਂ ਸੱਟਾਂ ਦੇ ਅਸਰ) ਨੂੰ ਦੂਰ ਰੱਖੇ। ਤਾਂਕਿ ਚਿੰਤਨ ਵਿਚ ਸੁਰਤ ਲੱਗੀ ਰਹੇ, ਸਿਲਸਿਲਾ ਨਾ ਟੁੱਟੇ। ਮਿਸਾਲ ਵਜੋਂ ਤੁਸੀਂ ਆਪ ਸੜਕ ਉਤੇ ਨਿਯਮ ਦੇ ਅਨੁਸਾਰ ਖੱਬੇ ਪਾਸਿਉਂ ਚੱਲ ਰਹੇ ਹੋ, ਕੋਈ ਅੱਗੋਂ ਸ਼ਰਾਬ ਪੀਕੇ ਚਲਿਆ ਆ ਰਿਹਾ ਹੈ ਤਾਂ ਉਸਤੋਂ ਬਚਣਾ ਤੁਹਾਡੀ ਜ਼ਿੰਮੇਵਾਰੀ ਹੈ।

**अनपेक्ष: शुचिर्दक्ष उदासीनो गतव्यथ: ।**
**सर्वारम्भपरित्यागी यो मद्भक्त: स मे प्रिय: ।।१६।।**

ਜੋ ਪੁਰਸ਼ ਆਸਾਂ-ਉੱਮੀਦਾਂ ਤੋਂ ਰਹਿਤ, ਪੂਰਾ ਪਵਿਤ੍ਰ ਹੈ, **'दक्ष:'** ਅਰਥਾਤ ਆਰਾਧਨਾ ਦਾ ਵਿਸ਼ੇਸ਼ੱਗ ਹੈ (ਐਸਾ ਨਹੀਂ ਕਿ ਚੋਰੀ ਕਰਨ ਵਾਲਿਆਂ ਵਾਂਗ ਨਿਪੁੰਨ ਹੈ। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਕਰਮ ਇੱਕੋ ਹੈ ਨਿਯਤ ਕਰਮ, ਆਰਾਧਨਾ, ਚਿੰਤਨ, ਉਸ ਵਿਚ ਜੋ ਦੱਖਸ਼ ਯਾਨੀ ਵਿਸ਼ੇਸ਼ੱਗ ਹੈ), ਜੋ ਪੱਖ-ਵਿਪੱਖ ਤੋਂ ਪਰੇ ਹੈ, ਦੁੱਖਾਂ ਤੋਂ ਮੁਕਤ ਹੈ, ਸਾਰਿਆਂ ਆਰੰਭਾਂ ਦਾ ਤਿਆਗੀ ਉਹ ਮੇਰਾ ਭਗਤ ਮੈਨੂੰ ਪਿਆਰਾ ਹੈ। ਕਰਨ ਯੋਗ ਕੋਈ ਕ੍ਰਿਆ ਉਸਦੇ ਰਾਹੀਂ ਆਰੰਭ ਹੋਣ ਲਈ ਬਾਕੀ ਨਹੀਂ ਰਹਿੰਦੀ।

**यो न हृष्यति न द्वेष्टि न शोचति न काङ्क्षति।**
**शुभाशुभपरित्यागी भक्तिमान्य: स मे प्रिय: ।।१७।।**

ਜੋ ਨਾ ਕਦੇ ਖ਼ੁਸ਼ ਹੁੰਦਾ ਹੈ, ਨਾ ਦ੍ਵੈਸ਼ ਕਰਦਾ ਹੈ, ਨਾ ਸੋਗ ਕਰਦਾ ਹੈ, ਨਾ ਕਾਮਨਾ ਹੀ ਕਰਦਾ ਹੈ, ਜੋ ਸ਼ੁਭ ਅਤੇ ਅਸ਼ੁਭ ਸਾਰੇ ਕਰਮਾਂ ਦੇ ਫਲ ਦਾ ਤਿਆਗੀ ਹੈ, ਜਿੱਥੇ ਕੋਈ ਸ਼ੁਭ ਵੱਖ ਨਹੀਂ ਹੈ, ਅਸ਼ੁਭ ਬਾਕੀ ਨਹੀਂ ਹੈ, ਭਗਤੀ ਦੀ ਇਸ ਪਰਾਕਾਸ਼ਠਾ ਨਾਲ ਯੁਕਤ ਉਹ ਪੁਰਸ਼ ਮੈਨੂੰ ਪਿਆਰਾ ਹੈ।

**सम: शत्रौ च मित्रे च तथा मानापमानयो: ।**
**शीतोष्णसुखदु:खेषु सम: सङ्गविवर्जित: ।।१८।।**

ਜੋ ਪੁਰਸ਼ ਵੈਰੀ ਅਤੇ ਮੀਤ ਵਿਚ, ਮਾਨ ਅਤੇ ਅਪਮਾਨ ਵਿਚ ਸਮ ਹੈ, ਜਿਸਦੇ ਅੰਤਰ ਦੀਆਂ ਬਿਰਤੀਆਂ ਪੂਰੀਆਂ ਸ਼ਾਂਤ ਹਨ, ਜੋ ਸਰਦੀ-ਗਰਮੀ-ਸੁਖ-ਦੁੱਖ ਆਦਿ ਦਵੰਦਾਂ ਵਿਚ ਸਮ ਹੈ ਅਤੇ ਲਗਾਅ ਰਹਿਤ ਹੈ, ਅਤੇ -

**तुल्यनिन्दास्तुतिर्मौनी संतुष्टो येन केनचित् ।**
**अनिकेत: स्थिरमतिर्भक्तिमान्मे प्रियो नर: ।।१९।।**

ਜੋ ਨਿੰਦਿਆ-ਉਸਤਤ ਨੂੰ ਸਮਾਨ ਸਮਝਣ ਵਾਲਾ ਹੈ, ਮਨਨਸ਼ੀਲਤਾ ਦੀ ਚਰਮ ਸੀਮਾ ਤੇ ਪਹੁੰਚਕੇ ਜਿਸ ਦੀਆਂ ਮਨ ਸਹਿਤ ਇੰਦ੍ਰੀਆਂ ਸ਼ਾਂਤ ਹੋ ਚੁਕੀਆਂ ਹਨ, ਹਰ ਹਾਲ ਵਿਚ ਸਰੀਰ ਨਿਰਬਾਹ ਦੇ ਬਾਰੇ ਜੋ ਸਦਾ ਸੰਤੁਸ਼ਟ ਹੈ, ਜੋ ਆਪਣੇ ਨਿਵਾਸ ਸਥਾਨ ਵਿਚ ਮਮਤਾ ਤੋਂ ਰਹਿਤ ਹੈ, ਭਗਤੀ ਦੀ ਪਰਾਕਾਸ਼ਠਾ ਤੇ ਪਹੁੰਚਿਆ ਹੋਇਆ ਉਹ ਸਥਿਰਬੁੱਧੀ ਪੁਰਸ਼ ਮੈਨੂੰ ਪਿਆਰਾ ਹੈ।

**ये तु धर्म्यामृतमिदं यथोक्तं पर्युपासते ।**
**श्रद्दधाना मत्परमा भक्तास्तेऽतीव मे प्रिया: ।।२०।।**

ਜੋ ਮੇਰੇ ਆਸਰੇ ਹੋਕੇ ਹਾਰਦਿਕ ਸ਼ਰਧਾਵਾਨ ਰਹਿੰਦੇ ਹੋਏ ਇਸ ਉਪਰੋਕਤ ਧਰਮਮਈ ਅੰਮ੍ਰਿਤ ਦਾ ਭਲੀਭਾਂਤ ਪਾਨ ਕਰਦੇ ਹਨ, ਉਹ ਭਗਤ ਮੈਨੂੰ ਅਤਿ ਹੀ ਪਿਆਰੇ ਹਨ।

**ਸਾਰ**

ਪਿਛਲੇ ਅਧਿਆਇ ਦੇ ਅੰਤ ਵਿਚ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਨੇ ਕਿਹਾ ਸੀ ਕਿ, ਅਰਜੁਨ! ਤੇਰੇ ਸਿਵਾਇ ਨਾ ਕਿਸੇ ਨੇ ਮੈਨੂੰ ਪਾਇਆ ਹੈ, ਨਾ ਪਾ ਸਕੇਗਾ, ਜਿਵੇਂ ਤੂੰ ਵੇਖਿਆ ਉਸ ਤਰ੍ਹਾਂ ਨਾ ਕਿਸੇ ਨੇ ਵੇਖਿਆ, ਨਾ ਵੇਖ ਸਕੇਗਾ। ਪਰ ਸ਼ਰਧਾ ਭਗਤੀ ਨਾਲ ਜਾਂ ਅਨੁਰਾਗ ਨਾਲ ਜੋ ਸਿਮਰਦੇ

ਹਨ, ਉਹ ਇਸੇ ਤਰ੍ਹਾਂ ਮੈਨੂੰ ਵੇਖ ਸਕਦੇ ਹਨ, ਤੱਤ ਤੋਂ ਮੈਨੂੰ ਜਾਣ ਸਕਦੇ ਹਨ ਅਤੇ ਮੇਰੇ ਵਿਚ ਪ੍ਰਵੇਸ਼ ਵੀ ਪਾ ਸਕਦੇ ਹਨ। ਅਰਥਾਤ ਪਰਮਾਤਮਾ ਐਸੀ ਸੱਤਾ ਹੈ ਜਿਸਨੂੰ ਪਾਇਆ ਜਾ ਸਕਦਾ ਹੈ। ਇਸ ਲਈ ਅਰਜੁਨ! ਭਗਤ ਬਣ!

ਅਰਜੁਨ ਨੇ ਇਸ ਅਧਿਆਇ ਵਿਚ ਪ੍ਰਸ਼ਨ ਕੀਤਾ ਕਿ, ਭਗਵਨ! ਸ਼ਰਧਾ ਭਾਵ ਨਾਲ ਜੋ ਤੁਹਾਡਾ ਚਿੰਤਨ ਕਰਦੇ ਹਨ ਅਤੇ ਦੂਜੇ ਉਹ ਜੋ ਅਖਸ਼ਰ ਅਵਿਅਕਤ ਦੀ ਉਪਾਸਨਾ ਕਰਦੇ ਹਨ, ਇਹਨਾਂ ਦੋਵਾਂ ਵਿਚੋਂ ਉੱਤਮ ਯੋਗਵੇਤਾ ਕਿਹੜਾ ਹੈ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਕਿ ਦੋਨੋਂ ਮੈਨੂੰ ਹੀ ਪ੍ਰਾਪਤ ਹੁੰਦੇ ਹਨ, ਕਿਉਂਕਿ ਮੈਂ ਅਵਿਅਕਤ ਸਵਰੂਪ ਹਾਂ। ਪਰ ਜੋ ਇੰਦ੍ਰੀਆਂ ਨੂੰ ਵੱਸ ਵਿਚ ਰੱਖਦੇ ਹੋਏ ਮਨ ਨੂੰ ਸਾਰੇ ਪਾਸਿਉਂ ਸਮੇਟਕੇ ਅਵਿਅਕਤ ਪਰਮਾਤਮਾ ਵਿਚ ਮਗਨ ਹਨ, ਉਹਨਾਂ ਦੇ ਮਾਰਗ ਵਿਚ ਕਲੇਸ਼ ਵਿਸ਼ੇਸ਼ ਹੈ। ਜਦ ਤਕ ਦੇਹ ਦਾ ਆਭਾਸ ਹੈ, ਗੁਮਾਨ ਹੈ, ਤਦ ਤਕ ਅਵਿਅਕਤ ਸਵਰੂਪ ਦੀ ਪ੍ਰਾਪਤੀ ਕਠਿਨ ਹੈ, ਕਿਉਂਕਿ ਅਵਿਅਕਤ ਸਵਰੂਪ ਤਾਂ ਚਿੱਤ ਦੇ ਵਿਰੋਧ ਅਤੇ ਵਿਲੀਨ ਹੋਣ ਤੋਂ ਬਾਅਦ ਹੀ ਮਿਲੇਗਾ। ਉਸਤੋਂ ਪਹਿਲਾਂ ਉਸਦਾ ਸਰੀਰ ਹੀ ਮਾਰਗ ਵਿਚ ਰੁਕਾਵਟ ਬਣ ਜਾਂਦਾ ਹੈ। 'ਮੈਂ ਹਾਂ', 'ਮੈਂ ਹਾਂ', 'ਮੈਨੂੰ ਪਾਉਣਾ ਹੈ' ਕਹਿੰਦੇ-ਕਹਿੰਦੇ ਆਪਣੇ ਸਰੀਰ ਦੇ ਵਲ ਪਹੁੰਚ ਜਾਂਦਾ ਹੈ। ਉਸਦੇ ਲੜਖੜਾਉਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਸ ਲਈ ਅਰਜੁਨ! ਤੂੰ ਸਾਰੇ ਕਰਮਾਂ ਦਾ ਮੇਰੇ ਵਿਚ ਸਮਰਪਣ ਕਰ, ਸ਼ਰਧਾ ਭਗਤੀ ਨਾਲ ਮੇਰਾ ਚਿੰਤਨ ਕਰ। ਜੋ ਮੇਰੇ ਸ਼ਰਧਾਲੂ ਭਗਤਜਨ ਸਾਰੇ ਕਰਮਾਂ ਨੂੰ ਮੇਰੇ ਵਿਚ ਸਮਰਪਿਤ ਕਰਕੇ, ਮੇਰੇ ਮਨੁੱਖੀ ਸਰੀਰ ਵਾਲੇ ਸਗੁਣ ਯੋਗੀ ਰੂਪ ਦਾ ਧਿਆਨ ਇਕ ਸਮਾਨ ਇਕਾਗਰਤਾ ਨਾਲ, ਤੇਲ-ਧਾਰਾ ਵਰਗੀ ਨਿਰੰਤਰਤਾ ਨਾਲ ਕਰਦੇ ਹਨ, ਉਹਨਾਂ ਦਾ ਮੈਂ ਛੇਤੀ ਹੀ ਸੰਸਾਰ ਸਾਗਰ ਤੋਂ ਉਧਾਰ ਕਰਦਾ ਹਾਂ। ਇਸ ਲਈ ਭਗਤੀ ਮਾਰਗ ਸ਼੍ਰੇਸ਼ਠ ਹੈ।

ਅਰਜੁਨ! ਮੇਰੇ ਵਿਚ ਮਨ ਨੂੰ ਲਗਾ। ਮਨ ਨਾ ਲਗੇ ਤਾਂ ਵੀ ਲਗਾਉਣ ਦਾ ਅਭਿਆਸ ਕਰ। ਜਿੱਥੇ ਵੀ ਮਨ ਜਾਏ ਉਸਨੂੰ ਘਸੀਟਕੇ ਧਿਆਨ ਵਿਚ ਲਗਾ। ਜੇ ਇਹ ਵੀ ਨਾ ਕਰ ਸਕੇਂ ਤਾਂ ਤੂੰ ਕਰਮ ਕਰ। ਕਰਮ ਇੱਕੋ ਹੈ, ਯੱਗ ਦਾ ਕਰਮ। ਤੂੰ **'कार्यम् कर्म'** ਅਰਥਾਤ ਕਰਨ ਯੋਗ ਕਰਮ ਕੇਵਲ ਕਰਦਾ ਮਾਤਰ ਜਾ, ਦੂਜਾ ਨਾ ਕਰ। ਥੋੜ੍ਹਾ ਹੀ ਕਰ, ਚਾਹੇ ਪਾਰ ਨਾ ਲੱਗੇ। ਜੇ ਤੂੰ ਇਹ ਵੀ ਨਾ ਕਰ ਸਕੇਂ ਤਾਂ ਸਥਿਤਪ੍ਰਗਿਅ, ਆਤਮ-ਪੁਰਸ਼, ਤੱਤਵੇਤਾ ਮਹਾਪੁਰਸ਼ ਦੀ ਸ਼ਰਨ ਲੈ ਅਤੇ ਸਾਰੇ ਕਰਮ ਫਲਾਂ ਦਾ ਤਿਆਗ ਕਰ। ਇਸ ਤਰ੍ਹਾਂ ਤਿਆਗ ਕਰਨ ਨਾਲ ਤੂੰ ਪਰਮਸ਼ਾਂਤੀ ਨੂੰ ਪ੍ਰਾਪਤ ਹੋਵੇਂਗਾ।

ਉਸਦੇ ਬਾਅਦ ਯੋਗੇਸ਼ਵਰ ਨੇ ਪਰਮਸ਼ਾਂਤੀ ਨੂੰ ਪ੍ਰਾਪਤ ਪੁਰਸ਼ ਦੇ ਲੱਛਣ ਦੱਸੇ ਤੇ ਕਿਹਾ ਕਿ ਜੋ ਸਾਰੇ ਜੀਵ ਪ੍ਰਾਣੀਆਂ ਨਾਲ ਦ੍ਵੇਸ਼ ਨਹੀਂ ਰੱਖਦਾ, ਜੋ ਕਰੁਣਾਮਈ ਅਤੇ ਦਿਆਲੂ ਹੈ, ਮਮਤਾ ਅਤੇ ਅਹੰਕਾਰ ਤੋਂ ਰਹਿਤ ਹੈ, ਉਹ ਭਗਤ ਮੈਨੂੰ ਪਿਆਰਾ ਹੈ। ਜੋ ਧਿਆਨ ਯੋਗ ਵਿਚ ਨਿਰੰਤਰ ਤੱਤਪਰ ਅਤੇ ਆਤਮਵਾਨ, ਆਤਮਸਥਿਤ ਹੈ, ਉਹ ਭਗਤ ਮੈਨੂੰ ਪਿਆਰਾ ਹੈ। ਜਿਸਤੋਂ ਕਦੇ ਕਿਸੇ ਨੂੰ ਤੈਸ਼ ਨਹੀਂ ਆਉਂਦਾ, ਐਸਾ ਭਗਤ ਮੈਨੂੰ ਪਿਆਰਾ ਹੈ। ਜੋ ਸ਼ੁੱਧ ਹੈ, ਦੱਖਸ਼ (ਨਿਪੁੰਨ) ਹੈ, ਮਾਨਸਿਕ ਦਵੰਦਾ ਤੋਂ ਉਪਰਾਮ (ਵਿਰਕਤ) ਹੈ, ਜੋ ਸਾਰੇ ਆਰੰਭਾਂ ਨੂੰ ਤਿਆਗਕੇ ਪਾਰ ਪਾ ਚੁਕਾ ਹੈ, ਉਹ ਭਗਤ ਮੈਨੂੰ ਪਿਆਰਾ ਹੈ। ਜੋ ਨਿੰਦਿਆ-ਉਸਤਤ ਵਿਚ ਸਮਾਨ ਅਤੇ ਮੌਨ ਹੈ, ਮਨ ਸਹਿਤ ਜਿਸ ਦੀਆਂ ਇੰਦ੍ਰੀਆਂ ਸ਼ਾਂਤ ਅਤੇ ਮੌਨ ਹਨ,ਜੋ ਕਿਸੇ ਵੀ ਤਰ੍ਹਾਂ ਦੇ ਸਰੀਰਕ ਨਿਰਬਾਹ ਵਿਚ ਸੰਤੁਸ਼ਟ ਅਤੇ ਆਪਣੇ ਨਿਵਾਸ ਸਥਾਨ ਲਈ ਵੀ ਮਮਤਾ ਰਹਿਤ ਹੈ, ਸਰੀਰ-ਰੱਖਿਆ ਵਿਚ ਵੀ ਜਿਸਦਾ ਲਗਾਅ ਨਹੀਂ ਹੈ, ਇਸ ਤਰ੍ਹਾਂ ਸਥਿਤਪ੍ਰਗਿਅ ਭਗਤੀਵਾਨ ਪੁਰਸ਼ ਮੈਨੂੰ ਪਿਆਰਾ ਹੈ।

ਇਸ ਤਰ੍ਹਾਂ ਸ਼ਲੋਕ ਗਿਆਰਾਂ ਤੋਂ ਉੱਨੀ ਤਕ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਨੇ ਸ਼ਾਂਤੀ–ਪ੍ਰਾਪਤ, ਯੋਗ–ਯੁਕਤ ਭਗਤ ਦੀ ਰਹਿਣੀ ਉੱਤੇ ਪ੍ਰਕਾਸ਼ ਪਾਇਆ, ਜੋ ਸਾਧਕਾਂ ਲਈ ਬੜਾ ਲਾਹੇਵੰਦ ਹੈ। ਅੰਤ ਨੂੰ ਫੈਸਲਾ ਦੇਂਦੇ ਹੋਏ ਉਹਨਾਂ ਕਿਹਾ ਅਰਜੁਨ! ਜੋ ਮੇਰਾ ਪਰਾਇਣ ਹੋਕੇ, ਬਹੁਤ ਸ਼ਰਧਾ ਨਾਲ ਇਸ ਉਪਰੋਕਤ ਧਰਮ–ਅੰਮ੍ਰਿਤ ਨੂੰ ਨਿਸ਼ਕਾਮ ਭਾਵਨਾ ਨਾਲ ਭਲੀ ਭਾਂਤ ਆਚਰਨ ਵਿਚ ਢਾਲਦਾ ਹੈ, ਉਹ ਭਗਤ ਮੈਨੂੰ ਅਤਿ ਹੀ ਪਿਆਰਾ ਹੈ। ਇਸ ਲਈ ਸਮਰਪਣ ਦੇ ਨਾਲ ਇਸ ਕਰਮ ਵਿਚ ਪ੍ਰਵਿਰਤ ਹੋਣਾ ਸਭ ਤੋਂ ਸ਼੍ਰੇਸ਼ਠ ਹੈ। ਕਿਉਂਕਿ ਇਸ ਵਿਚ ਸਾਧਕ ਦੇ ਹਾਨੀ–ਲਾਭ ਦੀ ਜ਼ਿੰਮੇਵਾਰੀ ਉਹ ਇਸ਼ਟ, ਸਤਿਗੁਰੂ ਆਪ ਆਪਣੇ ਹੱਥ ਲੈਂਦਾ ਹੈ। ਇੱਥੇ ਸ਼੍ਰੀ ਕ੍ਰਿਸ਼ਣ ਨੇ ਸਵਰੂਪ ਸਥਿਤ ਮਹਾਪੁਰਸ਼ ਦੇ ਲੱਛਣ ਦੱਸੇ ਅਤੇ ਉਹਨਾਂ ਦੀ ਸ਼ਰਨ ਜਾਣ ਲਈ ਕਿਹਾ ਅਤੇ ਅੰਤ ਵਿਚ ਆਪਣੀ ਸ਼ਰਨ ਆਉਣ ਦੀ ਪ੍ਰੇਰਣਾ ਦੇਕੇ ਉਹਨਾਂ ਮਹਾਪੁਰਸ਼ਾਂ ਦੇ ਬਰਾਬਰ ਆਪਣੇ ਆਪ ਨੂੰ ਵੀ ਘੋਸ਼ਿਤ ਕੀਤਾ। ਸ਼੍ਰੀਕ੍ਰਿਸ਼ਣ ਇਕ ਯੋਗੀ ਸਨ, ਮਹਾਤਮਾ ਸਨ।

ਇਸ ਅਧਿਆਇ ਵਿਚ ਭਗਤੀ ਨੂੰ ਸ਼੍ਰੇਸ਼ਠ ਦੱਸਿਆ ਗਿਆ, ਇਸ ਲਈ ਇਸ ਅਧਿਆਇ ਦਾ ਨਾਮਕਰਣ 'ਭਗਤੀਯੋਗ' ਢੁਕਵਾਂ ਹੈ।

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'भक्तियोगो' नाम द्वादशोऽध्याय: ।।१२ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀਕ੍ਰਿਸ਼ਣ ਅਰਜੁਨ ਦੇ ਸੰਵਾਦ ਵਿਚ 'ਭਗਤੀਯੋਗ' ਨਾਮਕ ਬਾਹਰਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमदद्भगवद्गीताया: 'यथार्थ गीता' भाष्ये 'भक्तियोगो' नाम द्वादशोऽध्याय: ।।१२ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਤੇਰ੍ਹਵਾਂ ਅਧਿਆਇ

ਗੀਤਾ ਦੇ ਆਰੰਭ ਵਿਚ ਹੀ ਧ੍ਰਿਤਰਾਸ਼ਟ੍ਰ ਦਾ ਪ੍ਰਸ਼ਨ ਸੀ ਕਿ,ਸੰਜਯ!ਧਰਮਖੇਤਰ ਅਤੇ ਕੁਰੂਖੇਤਰ ਵਿਚ ਯੁੱਧ ਦੀ ਇੱਛਾ ਨਾਲ ਜਮ੍ਹਾ ਹੋਏ ਮੇਰੇ ਅਤੇ ਪਾਂਡੂ ਪੁੱਤਰਾਂ ਨੇ ਕੀ ਕੀਤਾ ? ਅਜੇ ਤਕ ਇਹ ਨਹੀਂ ਦੱਸਿਆ ਗਿਆ ਕਿ ਉਹ ਖੇਤਰ ਹੈ ਕਿੱਥੇ? ਪਰ ਜਿਸ ਮਹਾਪੁਰਸ਼ ਨੇ ਜਿਹੜੇ ਖੇਤਰ ਵਿਚ ਯੁੱਧ ਦੱਸਿਆ, ਉਹ ਖ਼ੁਦ ਹੀ ਉਸ ਖੇਤਰ ਦਾ ਪ੍ਰਸਤੁਤ ਅਧਿਆਇ ਵਿਚ ਨਿਰਣਾ ਦੇਂਦੇ ਹਨ ਕਿ ਦਰਅਸਲ ਉਹ ਖੇਤਰ ਕਿੱਥੇ ਹੈ

**ਸ਼੍ਰੀ ਭਗਵਾਨ ਉਵਾਚ–**

**इदं शरीरं कौन्तेय क्षेत्रमित्यभिधीयते ।**
**एतद्यो वेत्ति तं प्राहु: क्षेत्रज्ञ इति तद्विद: ।।१।।**

ਹੇ ਕੁੰਤੀ ਪੁੱਤਰ ! ਇਹ ਸਰੀਰ ਹੀ ਇਕ ਖੇਤਰ ਹੈ ਅਤੇ ਇਸਨੂੰ ਜੋ ਭਲੀ ਭਾਂਤ ਜਾਣਦਾ ਹੈ, ਉਹ ਖੇਤ੍ਰੱਗਿਅ ਹੈ। ਉਹ ਇਸ ਵਿਚ ਫਸਿਆ ਨਹੀਂ ਹੈ, ਸਗੋਂ ਇਸਦਾ ਸੰਚਾਲਕ ਹੈ। ਤੱਤ ਨੂੰ ਵਿਦਿਤ ਕਰਨ ਵਾਲੇ ਮਹਾਪੁਰਸ਼ਾਂ ਦਾ ਇਸ ਤਰ੍ਹਾਂ ਕਥਨ ਹੈ।

ਸਰੀਰ ਤਾਂ ਇੱਕੋ ਹੈ, ਉਸ ਵਿਚ ਧਰਮਖੇਤਰ ਤੇ ਕੁਰੂਖੇਤਰ–ਇਹ ਦੋ ਖੇਤਰ ਕਿਵੇਂ? ਦਰਅਸਲ ਇਸ ਇੱਕੋ ਸਰੀਰ ਦੇ ਅੰਦਰ ਦੋ ਪੁਰਾਤਨ ਪ੍ਰਵਿਰਤੀਆਂ ਹਨ। ਇਕ ਤਾਂ ਪਰਮ ਧਰਮ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੀ ਪੁੰਨਮਈ ਪ੍ਰਵਿਰਤੀ ਦੈਵੀ ਸੰਪੱਤੀ ਹੈ ਅਤੇ ਦੂਜੀ ਹੈ ਆਸੁਰੀ ਸੰਪੱਤੀ, ਜਿਸਦੀ ਰਚਨਾ ਦੂਸ਼ਿਤ ਦ੍ਰਿਸ਼ਟੀਕੋਣ ਵਾਲੀ ਹੈ, ਜੋ ਨਾਸ਼ਵਾਨ ਸੰਸਾਰ ਵਿਚ ਯਕੀਨ ਦਿਵਾਉ ਂਦੀ ਹੈ। ਜਦ ਆਸੁਰੀ ਸੰਪੱਤੀ ਦੀ ਬਹੁਲਤਾ ਹੁੰਦੀ ਹੈ, ਤਾਂ ਇਹੋ ਸਰੀਰ 'ਕੁਰੂਖੇਤਰ' ਬਣ ਜਾਂਦਾ ਹੈ ਅਤੇ ਇਸੇ ਸਰੀਰ ਦੇ ਅੰਤਰਾਲ ਵਿਚ ਜਦੋਂ ਦੈਵੀ ਸੰਪੱਤੀ ਦੀ ਬਹੁਲਤਾ ਹੁੰਦੀ ਹੈ ਤਾਂ ਇਹ ਸਰੀਰ ਹੀ 'ਧਰਮਖੇਤਰ' ਕਹਾਉ ਂਦਾ ਹੈ।ਇਹ ਉਤਾਰ–ਚੜ੍ਹਾਅ ਬਰਾਬਰ ਲੱਗਿਆ ਰਹਿੰਦਾ ਹੈ। ਪਰ ਤੱਤਦਰਸ਼ੀ ਮਹਾਪੁਰਸ਼ ਦੀ ਸਮੀਪਤਾ ਵਿਚ ਜਦੋਂ ਕੋਈ ਸ਼ਰਧਾ ਭਗਤੀ

ਨਾਲ ਆਰਾਧਨਾ ਵਿਚ ਲੱਗਦਾ ਹੈ, ਤਾਂ ਦੋਵਾਂ ਪ੍ਰਵਿਰਤੀਆਂ ਵਿਚ ਭਿਅੰਕਰ ਯੁੱਧ ਸ਼ੁਰੂ ਹੋ ਜਾਂਦਾ ਹੈ। ਸਹਿਜੇ-ਸਹਿਜੇ ਦੈਵੀ ਸੰਪੱਤੀ ਦੀ ਉਨੱਤੀ ਅਤੇ ਆਸੁਰੀ ਸੰਪੱਤੀ ਦਾ ਖਾਤਮਾ ਹੋ ਜਾਂਦਾ ਹੈ। ਆਸੁਰੀ ਸੰਪੱਤੀ ਦਾ ਪੂਰਾ ਖਾਤਮਾ ਹੋਣ ਦੇ ਬਾਅਦ ਪਰਮਤੱਤ ਦੇ ਮਾਰਗ-ਦਰਸ਼ਨ ਦੀ ਅਵਸਥਾ ਆਉਂਦੀ ਹੈ। ਦਰਸ਼ਨ ਪ੍ਰਾਪਤੀ ਦੇ ਨਾਲ ਹੀ ਦੈਵੀ ਸੰਪੱਤੀ ਦੀ ਜ਼ਰੂਰਤ ਸਮਾਪਤ ਹੋ ਜਾਂਦੀ ਹੈ, ਉਹ ਵੀ ਪਰਮਾਤਮਾ ਵਿਚ ਆਪੇ-ਆਪ ਵਿਲੀਨ ਹੋ ਜਾਂਦੀ ਹੈ। ਸਿਮਰਨ ਕਰਨ ਵਾਲਾ ਪੁਰਸ਼ ਪਰਮਾਤਮਾ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਗਿਆਰਵੇਂ ਅਧਿਆਇ ਵਿਚ ਅਰਜੁਨ ਨੇ ਵੇਖਿਆ ਕਿ ਕੌਰਵ ਪੱਖ ਦੇ ਬਾਅਦ ਪਾਂਡਵ ਪੱਖ ਦੇ ਯੋਧਾ ਵੀ ਯੋਗੇਸ਼ਵਰ ਵਿਚ ਸਮਾਉਂਦੇ ਜਾ ਰਹੇ ਹਨ। ਇਸ ਵਿਲੀਨਤਾ ਦੇ ਬਾਅਦ ਪੁਰਸ਼ ਦਾ ਜੋ ਸਵਰੂਪ ਹੈ, ਉਹੀ ਖੇਤ੍ਰੱਗਿਅ ਹੈ। ਅੱਗੇ ਵੇਖੀਏ-

**क्षेत्रज्ञं चापि मां विद्धि सर्वक्षेत्रेषु भारत।**
**क्षेत्रक्षेत्रज्ञयोर्ज्ञानं यत्तज्ज्ञानं मतं मम ।।२ ।।**

ਹੇ ਅਰਜੁਨ! ਤੂੰ ਸਾਰੇ ਖੇਤਰਾਂ ਵਿਚ ਖੇਤ੍ਰੱਗਿਅ ਮੈਨੂੰ ਹੀ ਜਾਣ, ਅਰਥਾਤ ਮੈਂ ਵੀ ਖੇਤ੍ਰੱਗਿਅ ਹਾਂ। 'ਜੋ ਇਸ ਖੇਤਰ ਨੂੰ ਜਾਣਦਾ ਹੈ, ਉਹ ਖੇਤ੍ਰੱਗਿਅ ਹੈ' ਐਸਾ ਪ੍ਰਤੱਖ ਜਾਣਨ ਵਾਲੇ ਮਹਾਪੁਰਸ਼ ਕਹਿੰਦੇ ਹਨ ਅਤੇ ਖ਼ੁਦ ਸ਼੍ਰੀ ਕ੍ਰਿਸ਼ਣ ਵੀ ਕਹਿੰਦੇ ਹਨ ਕਿ ਮੈਂ ਵੀ ਖੇਤ੍ਰੱਗਿਅ ਹਾਂ ਅਰਥਾਤ ਸ਼੍ਰੀ ਕ੍ਰਿਸ਼ਣ ਵੀ ਇਕ ਯੋਗੇਸ਼ਵਰ ਹੀ ਸਨ। ਖੇਤਰ ਅਤੇ ਖੇਤ੍ਰੱਗਿਅ ਅਰਥਾਤ ਵਿਕਾਰ ਸਹਿਤ ਪ੍ਰਕ੍ਰਿਤੀ ਅਤੇ ਪੁਰਸ਼ ਨੂੰ ਤੱਤ ਤੋਂ ਜਾਣਨਾ ਹੀ ਗਿਆਨ ਹੈ। ਇਸ ਤਰ੍ਹਾਂ ਮੇਰੀ ਮਤ ਹੈ ਅਰਥਾਤ ਪ੍ਰਤੱਖ ਦਰਸ਼ਨ ਨਾਲ ਇਸ ਦੀ ਜਾਣਕਾਰੀ ਦਾ ਨਾਮ ਗਿਆਨ ਹੈ। ਕੋਰੀ ਬਹਿਸ ਦਾ ਨਾਮ ਗਿਆਨ ਨਹੀਂ ਹੈ।

**तत्क्षेत्रं यच्च यादृक्च यद्विकारि यतश्च यत्।**
**स च यो यत्प्रभावश्च तत्समासेन मे श्रृणु ।।३ ।।**

ਉਹ ਖੇਤਰ ਜਿਸ ਤਰ੍ਹਾਂ ਦਾ ਹੈ ਅਤੇ ਜਿਨ੍ਹਾਂ ਵਿਕਾਰਾਂ ਵਾਲਾ ਹੈ ਅਤੇ ਜਿਸ ਕਾਰਨ ਕਰਕੇ ਵਿਕਾਰਮਈ ਹੋਇਆ ਹੈ, ਅਤੇ ਉਹ ਖੇਤ੍ਰੱਗਿਅ ਵੀ ਜੋ ਕੁਝ ਹੈ, ਜਿਸ ਵੀ ਪ੍ਰਭਾਵ ਵਾਲਾ ਹੈ, ਉਹ ਸਭ ਮੇਰੇ ਕੋਲੋਂ ਸੰਖੇਪ ਵਿਚ ਸੁਣ। ਅਰਥਾਤ ਖੇਤਰ ਵਿਕਾਰ ਵਾਲਾ ਹੈ, ਕਿਸੇ ਕਾਰਨ ਨਾਲ ਵਿਕ੍ਰਿਤ ਹੋਇਆ ਹੈ, ਜਦਕਿ ਖੇਤ੍ਰੱਗਿਅ ਕੇਵਲ ਪ੍ਰਭਾਵ ਵਾਲਾ ਹੈ। ਸਿਰਫ਼ ਮੈਂ ਹੀ ਕਹਿੰਦਾ ਹਾਂ, ਇਸ ਤਰ੍ਹਾਂ ਦਾ ਨਹੀਂ ਹੈ, ਰਿਸ਼ੀ ਵੀ ਕਹਿੰਦੇ ਹਨ -

**ऋषिभिर्बहुधा गीतं छन्दोभिर्विविधैः पृथक्।**
**ब्रह्मसूत्र पदैश्चैव हेतुमद्भिर्विनिश्चितैः ।।४ ।।**

ਇਸ ਖੇਤਰ ਅਤੇ ਖੇਤ੍ਰੱਗਿਅ ਦੇ ਤੱਤ ਦਾ ਰਿਸ਼ੀਆਂ ਰਾਹੀਂ ਬਹੁਤ ਪ੍ਰਕਾਰ ਨਾਲ ਗਾਇਨ ਕੀਤਾ ਗਿਆ ਹੈ, ਅਤੇ ਵਿਵਿਧ ਪ੍ਰਕਾਰ ਨਾਲ ਵੇਦਾਂ ਦੀ ਮੰਤ੍ਰਣਾ (ਸਲਾਹ) ਦੁਆਰਾ ਵਿਭਾਜਿਤ ਕਰਕੇ ਵੀ ਕਿਹਾ ਗਿਆ ਹੈ ਅਤੇ ਵਿਸ਼ੇਸ਼ ਤੌਰ ਤੇ ਤੈ ਕੀਤੇ ਹੋਏ ਯੁਕਤੀ-ਯੁਕਤ ਬ੍ਰਹਮਸੂਤ੍ਰ ਦੇ ਵਾਕਾਂ ਰਾਹੀਂ ਵੀ ਉਹੀ ਕਿਹਾ ਗਿਆ ਹੈ। ਅਰਥਾਤ ਵੇਦਾਂਤ, ਮਹਾਰਿਸ਼ੀ, ਬ੍ਰਹਮਸੂਤ੍ਰ ਅਤੇ ਅਸੀਂ ਇੱਕੋ ਗੱਲ ਕਹਿਣ ਜਾ ਰਹੇ ਹਾਂ। ਸ਼੍ਰੀ ਕ੍ਰਿਸ਼ਣ ਉਹੀ ਕਹਿੰਦੇ ਹਨ, ਜੋ ਇਹਨਾਂ ਸਾਰਿਆਂ ਨੇ ਕਿਹਾ ਹੈ। ਕੀ ਸਰੀਰ (ਖੇਤਰ) ਏਨ੍ਹਾਂ ਹੀ ਹੈ ਜਿੰਨਾ ਨਜ਼ਰ ਆਉਂਦਾ ਹੈ ? ਇਸਤੇ ਉਹ ਕਹਿੰਦੇ ਹਨ-

**महाभूतान्यहंकारो बुद्धिरव्यक्तमेव च।**
**इन्द्रियाणि दशैकं च पञ्च चेन्द्रियगोचराः ।।५ ।।**

ਅਰਜੁਨ! ਪੰਜ ਮਹਾਭੂਤ (ਮਿੱਟੀ, ਜਲ, ਅੱਗ, ਆਕਾਸ਼, ਹਵਾ), ਅਹੰਕਾਰ, ਬੁੱਧੀ ਅਤੇ ਚਿੱਤ (ਚਿੱਤ ਦਾ ਨਾਮ ਨਾ ਲੈਕੇ ਉਸਨੂੰ ਅਵਿਅਕਤ ਪਰਾ ਪ੍ਰਕ੍ਰਿਤੀ ਕਿਹਾ ਗਿਆ ਹੈ। ਅਰਥਾਤ ਮੂਲ ਪ੍ਰਕ੍ਰਿਤੀ ਦੇ ਬਾਰੇ ਦਸਿਆ ਗਿਆ ਹੈ, ਜਿਸ ਵਿਚ ਪਰਾ ਪ੍ਰਕ੍ਰਿਤੀ ਵੀ ਸ਼ਾਮਿਲ ਹੈ, ਉਪਰੋਕਤ ਅੱਠ ਗੱਲਾਂ ਅਸ਼ਟਧਾ ਮੂਲ ਪ੍ਰਕ੍ਰਿਤੀ ਦੀਆਂ ਹਨ।) ਅਤੇ ਦਸ ਇੰਦ੍ਰੀਆਂ (ਅੱਖ, ਕੰਨ, ਨੱਕ, ਤ੍ਵਚਾ, ਜੀਭ, ਰਸਨਾ, ਹੱਥ, ਪੈਰ, ਜਣਨ ਇੰਦ੍ਰੀ ਅਤੇ ਗੁਦਾ), ਇਕ ਮਨ ਅਤੇ ਪੰਜ ਇੰਦ੍ਰੀਆਂ ਦੇ ਵਿਸ਼ੇ (ਰੂਪ, ਰਸ, ਗੰਧ, ਸ਼ਬਦ ਅਤੇ ਸਪਰਸ਼) ਅਤੇ-

**इच्छाद्वेषः सुखं दुःखं संघातश्चेतना धृतिः।**
**एतत्क्षेत्रं समासेन सविकारमुदाहृतम्।।६।।**

ਇੱਛਾ, ਦ੍ਵੇਸ਼, ਸੁਖ-ਦੁੱਖ ਅਤੇ ਸਭਦਾ ਸਮੂਹ, ਸਥੂਲ ਦੇਹ ਦਾ ਇਹ ਪਿੰਡ, ਚੇਤਨਾ ਅਤੇ ਧੀਰਜ, ਇਸ ਤਰ੍ਹਾਂ ਇਹ ਖੇਤਰ ਵਿਕਾਰਮਈ ਕਿਹਾ ਗਿਆ ਹੈ। ਸੰਖੇਪ ਵਿਚ ਇਹੋ ਖੇਤਰ ਦਾ ਸਵਰੂਪ ਹੈ, ਜਿਸ ਵਿਚ ਬੀਜਿਆ ਹੋਇਆ ਭਲਾ ਅਤੇ ਬੁਰਾ ਬੀਜ ਸੰਸਕਾਰਾਂ ਦੇ ਰੂਪ ਵਿਚ ਉੱਗਦਾ ਹੈ। ਸਰੀਰ ਹੀ ਖੇਤਰ ਹੈ। ਸਰੀਰ ਵਿਚ ਗਾਰਾ ਮਸਾਲਾ ਕਿਸ ਚੀਜ਼ ਦਾ ਹੈ? ਤਾਂ ਇੱਥੇ ਪੰਜ ਤੱਤ, ਦਸ ਇੰਦ੍ਰੀਆਂ, ਇਕ ਮਨ ਆਦਿ ਜਿਵੇਂ ਉੱਤੇ ਦਸੇ ਗਏ ਲੱਛਣ ਹਨ, ਇਹਨਾਂ ਸਾਰਿਆਂ ਦਾ ਸਮੂਹਕ ਠੋਸ ਰੂਪ ਸਰੀਰ ਹੈ। ਜਦ ਤਕ ਇਹ ਵਿਕਾਰ ਰਹਿਣਗੇ, ਤਦ ਤਕ ਇਹ ਠੋਸ ਪਿੰਡ ਵੀ ਮੌਜੂਦ ਰਹੇਗਾ, ਕਿਉਂਕਿ ਇਹ ਵਿਕਾਰਾਂ ਨਾਲ ਬਣਿਆ ਹੈ। ਹੁਣ ਖੇਤ੍ਰੱਗਿਅ ਦਾ ਸਵਰੂਪ ਵੇਖੀਏ, ਜੋ ਇਸ ਖੇਤਰ ਵਿਚ ਲਿਪਤ ਨਹੀਂ, ਸਗੋਂ ਇਸਤੋਂ ਵਿਰਕਤ ਹੈ -

**अमानित्वमदम्भित्वमहिंसा क्षान्तिरार्जवम्।**
**आचार्योपासनं शौचं स्थैर्यमात्मविनिग्रहः।।७।।**

ਹੇ ਅਰਜੁਨ! ਮਾਨ-ਅਪਮਾਨ ਦਾ ਅਭਾਵ, ਦੰਭ ਭਰੇ ਆਚਰਣ ਦਾ ਅਭਾਵ, ਅਹਿੰਸਾ (ਅਰਥਾਤ ਆਪਣੀ ਅਤੇ ਕਿਸੇ ਦੀ ਆਤਮਾ ਨੂੰ ਕਸ਼ਟ ਨਾ ਦੇਣਾ ਅਹਿੰਸਾ ਹੈ। ਅਹਿੰਸਾ ਦਾ ਮਤਲਬ ਸਿਰਫ਼ ਇਹ ਨਹੀਂ ਕਿ ਕੀੜੀ ਨੂੰ ਨਾ ਮਾਰੋ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਆਪਣੀ ਆਤਮਾ ਨੂੰ ਅਧੋਗਤਿ ਵਿਚ ਨਾ ਪਹੁੰਚਾਉ। ਉਸਨੂੰ ਅਧੋਗਤਿ ਵਿਚ ਪਹੁੰਚਾਉਣਾ ਹਿੰਸਾ ਹੈ ਅਤੇ ਆਤਮਾ ਦੀ ਉਨੱਤੀ ਹੀ ਸ਼ੁੱਧ ਅਹਿੰਸਾ ਹੈ। ਐਸਾ ਪੁਰਸ਼ ਦੂਜੀਆਂ ਆਤਮਾਵਾਂ ਦੀ ਉਨੱਤੀ ਲਈ ਵੀ ਤੱਤਪਰ ਰਹਿੰਦਾ ਹੈ। ਹਾਂ, ਇਸਦਾ ਆਰੰਭ ਕਿਸੇ ਨੂੰ ਠੇਸ ਨਾ ਪਹੁੰਚਾਉਣ ਨਾਲ ਹੁੰਦਾ ਹੈ। ਇਹ ਉਸੇ ਦਾ ਇਕ ਅੰਗ ਹੈ। ਇਸ ਲਈ ਅਹਿੰਸਾ, ਖਿਮਾਭਾਵ, ਮਨ, ਬਚਨ ਦੀ ਸਰਲਤਾ, ਆਚਾਰਿਅ-ਉਪਾਸਨਾ ਅਰਥਾਤ ਸਤਿਗੁਰੂ ਦੀ ਸੇਵਾ ਅਤੇ ਉਪਾਸਨਾ, ਪਵਿਤ੍ਰਤਾ, ਅੰਤਰਮਨ ਦੀ ਸਥਿਰਤਾ, ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਦਾ ਵਿਰੋਧ ਅਤੇ -

**इन्द्रियार्थेषु वैराग्यमनहंकार एव च।**
**जन्ममृत्युजराव्याधि-दुःखदोषानुदर्शनम्।।८।।**

ਇਸ ਲੋਕ ਅਤੇ ਪਰਲੋਕ ਦੇ ਵੇਖੇ-ਸੁਣੇ ਭੋਗਾਂ ਵਿਚ ਇੱਛਾ ਦਾ ਅਭਾਵ, ਅਹੰ ਦਾ ਅਭਾਵ, ਜਨਮ-ਮਰਨ, ਬਿਰਧ-ਅਵਸਥਾ, ਰੋਗ ਅਤੇ ਭੋਗ ਵਿਚ ਦੁੱਖ-ਦੋਸ਼ ਦਾ ਬਾਰਬਾਰ ਧਿਆਨ-

**असक्तिरनभिष्वङ्गः पुत्रदारगृहादिषु।**
**नित्यं च समचित्तत्वमिष्टानिष्टोपपत्तिषु।।९।।**

ਪੁੱਤਰ, ਇਸਤ੍ਰੀ, ਧਨ ਅਤੇ ਗ੍ਰਿਹ ਆਦਿ ਵਿਚ ਮੋਹ ਦਾ ਅਭਾਵ, ਪ੍ਰਿਅ ਅਤੇ ਅਪ੍ਰਿਅ ਦੇ ਮਿਲਣ ਵਿਚ ਚਿੱਤ ਦਾ ਸਦਾ ਸਮਭਾਵ ਰਹਿਣਾ -

**मयि चानन्ययोगेन भक्तिरव्यभिचारिणी ।**
**विविक्त देशसेवित्वमरतिर्जन संसदि ।।१०।।**

ਮੇਰੇ ਵਿਚ (ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ ਅਰਥਾਤ ਐਸੇ ਕਿਸੇ ਮਹਾਪੁਰਸ਼ ਵਿਚ) ਅਨਿੰਨ ਯੋਗ ਨਾਲ ਅਰਥਾਤ ਯੋਗ ਦੇ ਸਿਵਾਇ ਹੋਰ ਕੁਝ ਵੀ ਨਾ ਸੋਚਦੇ ਹੋਏ, ਅਵਿਅਭੀਚਾਰਣੀ ਭਗਤੀ (ਇਸ਼ਟ ਤੋਂ ਸਿਵਾਇ ਕਿਸੇ ਹੋਰ ਦਾ ਧਿਆਨ ਨਾ ਆਉਣਾ), ਏਕਾਂਤ ਸਥਾਨ ਵਿਚ ਵਾਸ, ਮਨੁੱਖ-ਸਮੂਹਾਂ ਵਿਚ ਰਹਿਣ ਦੀ ਆਸਕਤੀ (ਇੱਛਾ) ਦਾ ਅਭਾਵ ਹੋਣਾ ਅਤੇ -੮

**अध्यात्मज्ञाननित्यत्वं तत्त्वज्ञानार्थदर्शनम् ।**
**एतज्ज्ञानमिति प्रोक्तमज्ञानं यदतोऽन्यथा ।।११।।**

ਆਤਮਾ ਦੇ ਸ਼ਾਸਨ ਵਾਲੇ ਗਿਆਨ ਵਿਚ ਇਕਰਸ ਸਥਿਤੀ ਅਤੇ ਤੱਤ ਗਿਆਨ ਦੇ ਅਰਥ-ਸਵਰੂਪ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਇਹ ਸੱਭ ਤਾਂ ਗਿਆਨ ਹੈ ਅਤੇ ਇਸਤੋਂ ਜੋ ਵਿਰੁੱਧ ਹੈ, ਉਹ ਸਭ ਅਗਿਆਨ ਹੈ ਇਸ ਤਰ੍ਹਾਂ ਕਿਹਾ ਗਿਆ ਹੈ। ਉਸ ਪਰਮਤੱਤ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਨਾਲ ਮਿਲਣ ਵਾਲੀ ਜਾਣਕਾਰੀ ਦਾ ਨਾਮ ਗਿਆਨ ਹੈ। (ਅਧਿਆਇ ਚਾਰ ਵਿਚ ਉਹਨਾਂ ਨੇ ਆਖਿਆ ਸੀ ਕਿ ਯੱਗ ਦੀ ਪੂਰਤੀ ਦੇ ਬਾਆਦ ਯੱਗ ਜੋ ਕੁਝ ਬਾਕੀ ਛੱਡਦਾ ਹੈ, ਉਸ ਗਿਆਨ ਅੰਮ੍ਰਿਤ ਦਾ ਪਾਨ ਕਰਨ ਵਾਲਾ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦਾ ਹੈ। ਇਸ ਲਈ ਬ੍ਰਹਮ ਦੇ ਪ੍ਰਤੱਖ ਦਰਸ਼ਨ ਨਾਲ ਮਿਲਣ ਵਾਲੀ ਜਾਣਕਾਰੀ ਗਿਆਨ ਹੈ। ਇੱਥੇ ਵੀ ਉਹੀ ਗੱਲ ਆਖਦੇ ਹਨ ਕਿ ਤੱਤ-ਸਵਰੂਪ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਦਾ ਨਾਮ ਗਿਆਨ ਹੈ।) ਇਸਤੋਂ ਵਿਰੁੱਧ ਸਭ ਅਗਿਆਨ ਹੈ। ਉਪਰੋਕਤ ਲੱਛਣ ਇਸ ਗਿਆਨ ਦੇ ਪੂਰਕ ਹਨ। ਇਹ ਪ੍ਰਸ਼ਨ ਪੂਰਾ ਹੋਇਆ।

**ज्ञेयं यत्तत्प्रवक्ष्यामि यज्ज्ञात्वामृतमश्नुते ।**
**अनादिमत्परं ब्रह्म न सत्तन्नासदुच्यते ।।१२।।**

ਅਰਜੁਨ! ਜੋ ਜਾਣਨਯੋਗ ਹੈ ਅਤੇ ਜਿਸਨੂੰ ਜਾਣਕੇ ਮਰਨ-ਧਰਮਾ ਮਨੁੱਖ ਅੰਮ੍ਰਿਤ-ਤੱਤ ਨੂੰ ਪ੍ਰਾਪਤ ਹੁੰਦਾ ਹੈ, ਉਸਨੂੰ ਮੈਂ ਚੰਗੀ ਤਰ੍ਹਾਂ ਦਸਾਂਗਾ। ਉਹ ਆਦਿ ਰਹਿਤ, ਪਰਮ ਬ੍ਰਹਮ ਨਾ ਸੱਚ ਕਿਹਾ ਜਾਂਦਾ ਹੈ, ਨਾ ਹੀ ਝੂਠ ਕਿਹਾ ਜਾਂਦਾ ਹੈ, ਕਿਉਂਕਿ ਜਦ ਤਕ ਉਹ ਵੱਖ ਹੈ, ਤਦ ਤਕ ਉਹ ਸੱਚ ਹੈ ਅਤੇ ਜਦੋਂ ਮਨੁੱਖ ਉਸ ਵਿਚ ਸਮਾ ਗਿਆ, ਤਾਂ ਕੌਣ ਕਿਸਨੂੰ ਕੀ ਕਹੇ? ਇੱਕੋ ਇਕ ਰਹਿ ਜਾਂਦਾ ਹੈ, ਦੂਜੇ ਦਾ ਆਭਾਸ ਨਹੀਂ। ਐਸੀ ਸਥਿਤੀ ਕਰਕੇ ਉਹ ਬ੍ਰਹਮ ਨਾ ਸੱਚ ਹੈ, ਨਾ ਝੂਠ ਹੈ, ਬਲਕਿ ਜੋ ਆਪੇ-ਆਪ ਸਹਿਜ ਹੈ, ਉਹੀ ਹੈ।

**सर्वत: पाणिपादं तत्सर्वतोऽक्षिशिरोमुखम् ।**
**सर्वत: श्रुतिमल्लोके सर्वमावृत्य तिष्ठति ।।१३।।**

ਉਹ ਬ੍ਰਹਮ ਸਾਰਿਆਂ ਪਾਸਿਆਂ ਤੋਂ ਹੱਥਾਂ-ਪੈਰਾਂ ਵਾਲਾ, ਸਾਰਿਆਂ ਪਾਸਿਆਂ ਤੋਂ ਅੱਖਾਂ-ਸਿਰ ਵਾਲਾ ਅਤੇ ਮੂੰਹ ਵਾਲਾ, ਸਾਰੇ ਪਾਸਿਆਂ ਤੋਂ ਕੰਨਾਂ ਵਾਲਾ ਹੈ, ਕਿਉਂਕਿ ਉਹ ਸੰਸਾਰ ਵਿਚ

ਸਾਰਿਆਂ ਨੂੰ ਵਿਆਪਤ ਕਰਕੇ ਸਥਿਤ ਹੈ -

**सर्वेन्द्रियगुणाभासं सर्वेन्द्रियविवर्जितम्।**
**असक्तं सर्वभृच्चैव निर्गुणं गुणभोक्तृ च ।।१४।।**

ਉਹ ਸਾਰੀਆਂ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਜਾਣਨ ਵਾਲਾ ਹੈ, ਫੇਰ ਵੀ ਉਹਨਾਂ ਤੋਂ ਰਹਿਤ ਹੈ। ਉਹ ਆਸਕਤੀ ਰਹਿਤ, ਗੁਣਾਂ ਤੋਂ ਅਤੀਤ ਹੋਣ ਤੇ ਵੀ ਸਭਨੂੰ ਧਾਰਨ-ਪੋਸ਼ਣ ਕਰਨ ਵਾਲਾ ਅਤੇ ਸਾਰੇ ਗੁਣਾਂ ਨੂੰ ਭੋਗਣ ਵਾਲਾ ਹੈ ਅਰਥਾਤ ਇਕ-ਇਕ ਕਰਕੇ ਸਾਰੇ ਗੁਣਾਂ ਨੂੰ ਆਪਣੇ ਅੰਦਰ ਲੀਨ ਕਰ ਲੈਂਦਾ ਹੈ। ਜਿਵੇਂ ਸ਼੍ਰੀ ਕ੍ਰਿਸ਼ਣ ਕਹਿ ਆਏ ਹਨ ਕਿ ਯੱਗ ਅਤੇ ਤਪਾਂ ਨੂੰ ਭੋਗਣ ਵਾਲਾ ਮੈਂ ਹਾਂ। ਅੰਤ ਨੂੰ ਸਾਰੇ ਗੁਣ ਮੇਰੇ ਅੰਦਰ ਲੀਨ ਹੋ ਜਾਂਦੇ ਹਨ-

**बहिरन्तश्च भूतानामचरं चरमेव च।**
**सूक्ष्मत्वात्तदविज्ञेयं दूरस्थं चान्तिके च तत् ।।१५।।**

ਉਹ ਬ੍ਰਹਮ ਸਾਰੇ ਜੀਵਧਾਰੀਆਂ ਦੇ ਬਾਹਰ-ਅੰਦਰ ਵਿਆਪਤ ਹੈ। ਚਲ ਅਤੇ ਅਚਲ ਰੂਪ ਵੀ ਉਹੀ ਹੈ। ਸੂਖਮ ਹੋਣ ਕਰਕੇ ਉਹ ਦਿਖਾਈ ਨਹੀਂ ਪੈਂਦਾ, ਸਮਝ ਤੋਂ ਪਰੇ ਹੈ, ਮਨ-ਇੰਦ੍ਰੀਆਂ ਤੋਂ ਪਰੇ ਹੈ ਅਤੇ ਅਤਿ ਨੇੜੇ ਤੇ ਦੂਰ ਵੀ ਉਹੀ ਹੈ।

**अविभक्तं च भूतेषु विभक्तमिव च स्थितम्।**
**भूतभर्तृ च तज्ज्ञेयं ग्रसिष्णु प्रभविष्णु च ।।१६।।**

ਅਖੰਡ ਹੋਣ ਦੇ ਬਾਵਜੂਦ ਉਹ ਖੰਡ-ਖੰਡ ਵਿਚ ਅਰਥਾਤ ਸਾਰੇ ਚਲ-ਅਚਲ ਜੀਵਾਂ ਵਿਚ ਵੱਖ-ਵੱਖ ਰੂਪ ਨਾਲ ਨਜ਼ਰ ਆਉਂਦਾ ਹੈ। ਉਹ ਜਾਣਨ ਯੋਗ ਪਰਮਾਤਮਾ ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ, ਪਾਲਨ ਪੋਸ਼ਣ ਕਰਨ ਵਾਲਾ, ਅਤੇ ਅੰਤ ਨੂੰ ਸੰਘਾਰ ਕਰਨ ਵਾਲਾ ਹੈ। ਇੱਥੇ ਬਾਹਰੀ ਅਤੇ ਅੰਦਰੂਨੀ ਦੋਨਾਂ ਭਾਵਾਂ ਵਲ ਸੰਕੇਤ ਕੀਤਾ ਗਿਆ ਹੈ। ਜਿਵੇਂ ਬਾਹਰ ਜਨਮ ਅਤੇ ਅੰਦਰ ਜਾਗ੍ਰਿਤੀ, ਬਾਹਰ ਪਾਲਨ ਅਤੇ ਅੰਦਰ ਯੋਗਖੇਮ ਦਾ ਨਿਰਬਾਹ, ਬਾਹਰ ਸਰੀਰ ਦਾ ਪਰਿਵਰਤਨ ਅਤੇ ਅੰਦਰ ਸਭ ਗੱਲਾਂ ਦੀ ਵਿਲੀਨਤਾ, ਅਰਥਾਤ ਜੀਵਾਂ ਦੀ ਉਤਪੱਤੀ ਦੇ ਕਾਰਨਾਂ ਦੀ ਵਿਲੀਨਤਾ ਅਤੇ ਉਸੇ ਵਿਲੀਨਤਾ ਦੇ ਨਾਲ ਹੀ ਆਪਣੇ ਸਵਰੂਪ ਦੀ ਪ੍ਰਾਪਤੀ। ਇਹ ਸਾਰੇ ਉਸੇ ਬ੍ਰਹਮ ਦੇ ਲੱਛਣ ਹਨ।

**ज्योतिषामपि तज्ज्योतिस्तमसः परमुच्यते।**
**ज्ञानं ज्ञेयं ज्ञानगम्यं हृदि सर्वस्य विष्ठितम् ।।१७।।**

ਉਹ ਜਾਣਨ ਯੋਗ ਬ੍ਰਹਮ ਜੋਤਸ਼ੀਆਂ ਦਾ ਵੀ ਜੋਤਸ਼ੀ ਹੈ, ਤਮ (ਹਨੇਰੇ) ਤੋਂ ਅਤਿ ਪਰੇ ਕਿਹਾ ਜਾਂਦਾ ਹੈ। ਉਹ ਪੂਰਨ ਗਿਆਨ ਸਵਰੂਪ ਹੈ, ਪੂਰਨ ਗਿਆਤਾ ਹੈ, ਜਾਣਨ ਯੋਗ ਹੈ ਅਤੇ ਗਿਆਨ ਦੁਆਰਾ ਹੀ ਪ੍ਰਾਪਤ ਹੋਣ ਵਾਲਾ ਹੈ। ਪ੍ਰਤੱਖ ਦਰਸ਼ਨ ਦੇ ਨਾਲ ਮਿਲਣ ਵਾਲੀ ਜਾਣਕਾਰੀ ਦਾ ਨਾਮ ਗਿਆਨ ਹੈ। ਐਸੀ ਜਾਣਕਾਰੀ ਦੁਆਰਾ ਹੀ ਉਸ ਬ੍ਰਹਮ ਦੀ ਪ੍ਰਾਪਤੀ ਹੋਣੀ ਮੁਮਕਿਨ ਹੈ। ਉਹ ਸਭਦੇ ਹਿਰਦੇ ਵਿਚ ਸਥਿਤ ਹੈ, ਉਸਦਾ ਨਿਵਾਸ ਸਥਾਨ ਹਿਰਦਾ ਹੈ। ਹੋਰ ਕਿਧਰੇ ਲੱਭਣ ਨਾਲ ਉਹ ਨਹੀਂ ਮਿਲੇਗਾ। ਇਸ ਲਈ ਹਿਰਦੇ ਵਿਚ ਧਿਆਨ ਅਤੇ ਯੋਗ-ਆਚਰਣ ਰਾਹੀਂ ਹੀ ਉਸ ਬ੍ਰਹਮ ਦੀ ਪ੍ਰਾਪਤੀ ਦਾ ਵਿਧਾਨ ਹੈ।

**इति क्षेत्रं तथा ज्ञानं ज्ञेयं चोक्तं समासतः।**
**मद्भक्त एतद्विज्ञाय मद्भावायोपपद्यते।।१८।।**

ਹੇ ਅਰਜੁਨ! ਬਸ ਏਨ੍ਹਾਂ ਹੀ ਖੇਤਰ, ਗਿਆਨ ਅਤੇ ਜਾਣਨ ਯੋਗ ਬ੍ਰਹਮ ਦਾ ਸਵਰੂਪ ਸੰਖੇਪ ਵਿਚ ਕਿਹਾ ਗਿਆ ਹੈ। ਇਸਨੂੰ ਜਾਣਕੇ ਮੇਰਾ ਭਗਤ ਮੇਰੇ ਪ੍ਰਤੱਖ ਸਵਰੂਪ ਨੂੰ ਪ੍ਰਾਪਤ ਹੁੰਦਾ ਹੈ।

ਅਜੇ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਜਿਸਨੂੰ ਖੇਤਰ ਕਿਹਾ ਸੀ, ਉਸੇ ਨੂੰ ਪ੍ਰਕ੍ਰਿਤੀ ਅਤੇ ਜਿਸਨੂੰ ਖੇਤ੍ਰੱਗਿਅ ਕਿਹਾ ਸੀ, ਉਸੇ ਨੂੰ ਪੁਰਸ਼ ਕਹਿਕੇ ਸੰਬੋਧਿਤ ਕੀਤਾ ਹੈ –

**प्रकृतिं पुरुषं चैव विद्धयनादी उभावपि।**
**विकारांश्च गुणांश्चैव विद्धि प्रकृति सम्भवान्।।१९।।**

ਇਹ ਪ੍ਰਕ੍ਰਿਤੀ ਅਤੇ ਪੁਰਸ਼ ਦੋਨੋਂ ਹੀ ਅਨਾਦਿ ਜਾਣ, ਐਸੇ ਸਾਰੇ ਵਿਕਾਰਾਂ ਨੂੰ ਅਤੇ ਤ੍ਰਿਗੁਣ ਨੂੰ ਵੀ ਪ੍ਰਕ੍ਰਿਤੀ ਤੋਂ ਹੀ ਉਤਪੰਨ ਹੋਇਆ ਜਾਣ –

**कार्यकरणकर्तृत्वे हेतुः प्रकृतिरुच्यते।**
**पुरुषः सुखदुःखानां भोक्तृत्वे हेतुरुच्यते।।२०।।**

ਕਾਰਜ ਅਤੇ ਕਰਣ (ਜਿਸਦੇ ਰਾਹੀ ਕਾਰਜ ਹੁੰਦਾ ਹੈ, ਵਿਵੇਕ, ਵੈਰਾਗ ਆਦਿ ਅਤੇ ਅਸ਼ੁਭ ਕੰਮਾਂ ਦੇ ਹੋਣ ਵਿਚ ਕਾਮ, ਕ੍ਰੋਧ ਆਦਿ ਕਰਣ ਹਨ) ਨੂੰ ਪੈਦਾ ਕਰਨ ਵਿਚ ਪ੍ਰਕ੍ਰਿਤੀ ਹੀ ਮਾਧਿਅਮ ਕਹੀ ਜਾਂਦੀ ਹੈ ਅਤੇ ਇਹ ਪੁਰਸ਼ ਸੁਖ–ਦੁੱਖਾਂ ਨੂੰ ਭੋਗਣ ਵਿਚ ਕਾਰਨ ਕਿਹਾ ਜਾਂਦਾ ਹੈ। ਪ੍ਰਸ਼ਨ ਉਠਦਾ ਹੈ ਕਿ ਕੀ ਉਹ ਭੋਗਦਾ ਹੀ ਰਹੇਗਾ ਜਾਂ ਇਸਤੋਂ ਕਦੇ ਛੁਟਕਾਰਾ ਵੀ ਪਾਏਗਾ ? ਜਦ ਪ੍ਰਕ੍ਰਿਤੀ–ਪੁਰਸ਼ ਦੋਵੇਂ ਹੀ ਅਨਾਦਿ ਹਨ, ਤਾਂ ਕੋਈ ਇਹਨਾਂ ਕੋਲੋਂ ਛੁੱਟੇਗਾ ਕਿਵੇਂ ? ਇਸਤੇ ਉਹ ਕਹਿੰਦੇ ਹਨ–

**पुरुषः प्रकृतिस्थो हि भुङ्क्ते प्रकृतिजान्गुणान्।**
**कारणं गुणसङ्गोऽस्य सदसद्योनिजन्मसु।।२१।।**

ਪ੍ਰਕ੍ਰਿਤੀ ਦੇ ਵਿਚ ਖੜ੍ਹਾ ਹੋਣ ਵਾਲਾ ਪੁਰਸ਼ ਹੀ ਪ੍ਰਕ੍ਰਿਤੀ ਤੋਂ ਪੈਦਾ ਹੋਏ ਗੁਣਾਂ ਦੇ ਕਾਰਜਰੂਪ ਪਦਾਰਥਾਂ ਦਾ ਭੋਗ ਕਰਦਾ ਹੈ ਅਤੇ ਇਹਨਾਂ ਗੁਣਾਂ ਦਾ ਸੰਗ–ਸਾਥ ਹੀ ਇਸ ਜੀਵਾਤਮਾ ਦੇ ਚੰਗੀ ਜਾਂ ਬੁਰੀ ਯੋਨੀ (ਜੂਨ) ਵਿਚ ਜਨਮ ਲੈਣ ਦਾ ਕਾਰਨ ਬਣਦਾ ਹੈ।ਇਹ ਕਾਰਨ ਅਰਥਾਤ ਪ੍ਰਕ੍ਰਿਤੀ ਦੇ ਗੁਣਾਂ ਦਾ ਸੰਗ–ਸਾਥ ਖ਼ਤਮ ਹੋਣ ਤੇ ਹੀ ਜਨਮ–ਮਰਨ ਤੋਂ ਮੁਕਤੀ ਮਿਲਦੀ ਹੈ। ਹੁਣ ਉਸ ਪੁਰਸ਼ ਦੇ ਬਾਰੇ ਦਸਦੇ ਹਨ ਕਿ ਉਹ ਪ੍ਰਕ੍ਰਿਤੀ ਦੇ ਵਿਚ ਕਿਵੇਂ ਖੜ੍ਹਾ ਹੈ –

**उपद्रष्टानुमन्ता च भर्ता भोक्ता महेश्वरः।**
**परमात्मेति चाप्युक्तो देहेऽस्मिन्पुरुषः परः।।२२।।**

ਉਹ ਪੁਰਸ਼ ਉਪਦ੍ਰਿਸ਼ਟਾ, ਹਿਰਦੇ–ਦੇਸ਼ ਵਿਚ ਬਹੁਤ ਹੀ ਕੋਲ, ਹੱਥ–ਪੈਰ–ਮਨ ਜਿੰਨਾ ਤੁਹਾਡੇ ਨਜ਼ਦੀਕ ਹਨ, ਉਸਤੋਂ ਵੀ ਜ਼ਿਆਦਾ ਨਜ਼ਦੀਕ ਦ੍ਰਿਸ਼ਟਾ ਦੇ ਰੂਪ ਵਿਚ ਸਥਿਤ ਹੈ। ਉਸਦੇ ਪ੍ਰਕਾਸ਼ ਵਿਚ ਤੁਸੀਂ ਚਾਹੇ ਭਲਾ ਕਰੋ ਜਾਂ ਬੁਰਾ ਕਰੋ, ਉਸਨੂੰ ਕੋਈ ਮਤਲਬ ਨਹੀਂ ਹੈ। ਉਹ ਗਵਾਹ ਦੇ ਰੂਪ ਵਿਚ ਖੜ੍ਹਾ ਹੈ। ਸਾਧਨਾ ਦਾ ਸਹੀ ਸਿਲਸਿਲਾ ਪਕੜ ਵਿਚ ਆਉਣ ਤੇ ਰਾਹੀ ਕੁਝ ਉੱਪਰ ਉਠਿਆ, ਉਸਦੇ ਵਲ ਵੱਧਿਆ, ਤਾਂ ਦ੍ਰਿਸ਼ਟਾ ਪੁਰਸ਼ ਦਾ ਸਿਲਸਿਲਾ ਬਦਲ ਜਾਂਦਾ ਹੈ, ਉਹ **'अनुमन्ता'** ਅਰਥਾਤ ਅਨੁਮਤੀ ਜਾਂ ਸਹਿਮਤੀ ਦੇਣ ਲੱਗਦਾ ਹੈ, ਅਨੁਭਵ ਦੇਣ ਲੱਗਦਾ ਹੈ।

ਸਾਧਨਾ ਰਾਹੀਂ ਹੋਰ ਨਜ਼ਦੀਕ ਪਹੁੰਚਣ ਤੇ ਉਹੀ ਪੁਰਸ਼ **'भर्ता'** ਅਰਥਾਤ ਭਰਨ-ਪੋਸ਼ਣ ਕਰਨ ਵਾਲਾ ਬਣ ਜਾਂਦਾ ਹੈ ਅਤੇ ਤੁਹਾਡੇ ਯੋਗਖੇਮ (ਕੁਸ਼ਲ-ਮੰਗਲ) ਦੀ ਵਿਵਸਥਾ ਵੀ ਕਰ ਦੇਂਦਾ ਹੈ। ਸਾਧਨਾ ਹੋਰ ਸੂਖਮ ਹੋਣ ਤੇ ਉਹ ਪੁਰਸ਼ **'भोक्ता'** ਭੋਗਤਾ ਹੋ ਜਾਂਦਾ ਹੈ। **'भोक्तारं यज्ञ तपसां'**– ਯੱਗ, ਤੱਪ, ਜੋ ਕੁਝ ਵੀ ਹੋ ਸਕਦਾ ਹੈ, ਸਭ ਕੁਝ ਉਹ ਪੁਰਸ਼ ਗ੍ਰਹਿਣ ਕਰਦਾ ਹੈ ਅਤੇ ਜਦ ਗ੍ਰਹਿਣ ਕਰ ਲੈਂਦਾ ਹੈ, ਤਾਂ ਉਸਦੇ ਬਾਅਦ ਵਾਲੀ ਅਵਸਥਾ ਵਿਚ **'महेश्वर:'** ਮਹਾਨ ਈਸ਼ਵਰ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਉਹ ਪ੍ਰਕ੍ਰਿਤੀ ਦਾ ਸੁਵਾਮੀ ਬਣ ਜਾਂਦਾ ਹੈ, ਪਰ ਅਜੇ ਪ੍ਰਕ੍ਰਿਤੀ ਕਿਧਰੇ ਜਿਉਂਦੀ ਹੈ, ਤਾਂ ਹੀ ਉਹ ਉਸਦਾ ਸੁਵਾਮੀ ਹੈ। ਇਸਤੋਂ ਵੀ ਸੂਖਮ ਅਵਸਥਾ ਵਿਚ ਉਹੀ ਪੁਰਸ਼ **'परमात्मेति चाप्युक्तो'**– ਜਦੋਂ ਪਰਮ ਨਾਲ ਸੰਯੁਕਤ ਹੋ ਜਾਂਦਾ ਹੈ, ਤਾਂ ਪਰਮਾਤਮਾ ਕਹਾਉਂਦਾ ਹੈ। ਇਸ ਤਰ੍ਹਾਂ ਸਰੀਰ ਵਿਚ ਰਹਿੰਦੇ ਹੋਏ ਵੀ ਇਹ ਪੁਰਸ਼ ਆਤਮਾ **'पर:'** ਹੀ ਹੈ, ਬਿਲਕੁਲ ਇਸ ਪ੍ਰਕ੍ਰਿਤੀ ਤੋਂ ਪਰੇ ਹੀ ਹੈ। ਅੰਤਰ ਏਨ੍ਹਾਂ ਹੀ ਹੈ ਕਿ ਆਰੰਭ ਵਿਚ ਇਹ ਦ੍ਰਿਸ਼ਟਾ ਦੇ ਰੂਪ ਵਿਚ ਸੀ, ਕ੍ਰਮਵਾਰ ਉਨੱਤੀ ਹੁੰਦਿਆਂ-ਹੁੰਦਿਆਂ ਪਰਮ ਦਾ ਸਪਰਸ਼ ਕਰਕੇ ਪਰਮਾਤਮਾ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ।

**य एवं वेत्ति पुरुषं प्रकृतिं च गुणै: सह।**
**सर्वथा वर्तमानोऽपि न स भूयोऽभिजायते।।२३।।**

ਇਸ ਤਰ੍ਹਾਂ ਪੁਰਸ਼ ਨੂੰ ਅਤੇ ਗੁਣਾਂ ਦੇ ਸਮੇਤ ਪ੍ਰਕ੍ਰਿਤੀ ਨੂੰ ਜੋ ਮਨੁੱਖ ਪ੍ਰਤੱਖ ਦਰਸ਼ਨ ਨਾਲ ਜਾਣ ਲੈਂਦਾ ਹੈ, ਵਿਦਿਤ ਕਰ ਲੈਂਦਾ ਹੈ, ਉਹ ਹਰ ਤਰ੍ਹਾਂ ਨਾਲ ਚਲਦਾ ਹੋਇਆ ਵੀ ਫੇਰ ਨਹੀਂ ਜੰਮਦਾ ਅਰਥਾਤ ਉਸਦਾ ਪੁਨਰ ਜਨਮ ਨਹੀਂ ਹੁੰਦਾ, ਇਹੋ ਮੁਕਤੀ ਹੈ। ਅਜੇ ਤਕ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਬ੍ਰਹਮ ਅਤੇ ਪ੍ਰਕ੍ਰਿਤੀ ਦੀ ਮੁੱਖ ਜਾਣਕਾਰੀ ਦੇ ਨਾਲ ਮਿਲਣ ਵਾਲੀ ਪਰਮ ਗਤਿ ਅਰਥਾਤ ਪੁਨਰ ਜਨਮ ਤੋਂ ਛੁਟਕਾਰੇ ਦੇ ਬਾਰੇ ਪ੍ਰਕਾਸ਼ ਪਾਇਆ, ਹੁਣ ਉਹ ਉਸ ਯੋਗ ਉੱਤੇ ਜ਼ੋਰ ਪਾਉਂਦੇ ਹਨ ਜਿਸਦੀ ਪ੍ਰਕ੍ਰਿਆ ਹੈ ਆਰਾਧਨਾ। ਕਿਉਂਕਿ ਇਸ ਕਰਮ ਨੂੰ ਕਾਰਜਰੂਪ ਦਿਤੇ ਬਗੈਰ ਪ੍ਰਾਪਤੀ ਨਹੀਂ ਹੋ ਸਕਦੀ।

**ध्यानेनात्मनि पश्यन्ति केचिदात्मानमात्मना।**
**अन्ये सांख्येन योगेन कर्मयोगेन चापरे।।२४।।**

ਹੇ ਅਰਜੁਨ ! ਉਸ –**'आत्मानम्'**– ਪਰਮਾਤਮਾ ਨੂੰ ਕਿੰਨੇ ਹੀ ਮਨੁੱਖ ਤਾਂ – **'आत्मना'**– ਆਪਣੇ ਅੰਤਰਚਿੰਤਨ ਨਾਲ ਧਿਆਨ ਦੇ ਜ਼ਰੀਏ **'आत्मनि'**– ਹਿਰਦੇ ਦੇਸ਼ ਵਿਚ ਵੇਖਦੇ ਹਨ। ਕਿੰਨੇ ਹੀ ਸਾਂਖਿਅਯੋਗ ਰਾਹੀਂ (ਅਰਥਾਤ ਆਪਣੀ ਸ਼ਕਤੀ ਨੂੰ ਸਮਝਦੇ ਹੋਏ ਉਸੇ ਕਰਮ ਵਿਚ ਪ੍ਰਵਿਰਤ ਹੁੰਦੇ ਹਨ) ਅਤੇ ਹੋਰ ਅਨੇਕਾਂ ਲੋਕ ਉਸਨੂੰ ਨਿਸ਼ਕਾਮ ਕਰਮਯੋਗ ਰਾਹੀਂ ਵੇਖਦੇ ਹਨ। ਸਮਰਪਣ ਦੇ ਨਾਲ ਉਸੇ ਨਿਰਧਾਰਤ ਕਰਮ ਵਿਚ ਪ੍ਰਵਿਰਤ ਹੁੰਦੇ ਹਨ। ਪ੍ਰਸਤੁਤ ਸ਼ਲੋਕ ਵਿਚ ਮੁੱਖ ਸਾਧਨ ਹੈ ਧਿਆਨ। ਉਸ ਧਿਆਨ ਵਿਚ ਪ੍ਰਵਿਰਤ ਹੋਣ ਦੇ ਲਈ ਸਾਂਖਿਅਯੋਗ ਅਤੇ ਨਿਸ਼ਕਾਮ ਕਰਮਯੋਗ ਦੋ ਧਾਰਾਵਾਂ ਹਨ।

**अन्ये त्वेवमजानन्त: श्रुत्वान्येभ्य उपासते।**
**तेऽपि चतितरन्त्येव मृत्युं श्रुतिपरायणा:।।२५।।**

ਪਰ ਦੂਜੇ, ਜਿਨ੍ਹਾਂ ਨੂੰ ਸਾਧਨਾ ਦਾ ਗਿਆਨ ਨਹੀਂ ਹੈ, ਉਹ (ਉਸਨੂੰ) ਇਸ ਤਰੀਕੇ ਨਾਲ ਨਾ ਜਾਣਦੇ ਹੋਏ **'अन्येभ्य:'**– ਹੋਰਾਂ ਤੱਤਗਿਆਨੀ ਮਹਾਪੁਰਸ਼ਾਂ ਤੋਂ ਸੁਣਕੇ ਉਸਦੀ ਉਪਾਸਨਾ

ਕਰਦੇ ਹਨ ਅਤੇ ਮੌਤਰੂਪੀ ਸੰਸਾਰ–ਸਾਗਰ ਤੋਂ ਨਿਰਸੰਦੇਹ ਪਾਰ ਹੋ ਜਾਂਦੇ ਹਨ। ਇਸ ਲਈ ਜੇ ਤੁਹਾਡੇ ਕੋਲੋਂ ਕੁਝ ਵੀ ਪਾਰ ਨਹੀਂ ਲਗਦਾ, ਤਾਂ ਸਤਿਸੰਗ ਕਰੋ ।

**यावत्संजायते किंचित्सत्त्वं स्थावरजङ्गमम्।**
**क्षेत्रक्षेत्रज्ञसंयोगात्तद्विद्धि भरतर्षभ।।२६।।**

ਹੇ ਅਰਜੁਨ! ਜੋ ਵੀ ਸਥਾਵਰ–ਜੰਗੰਮ (ਅਚਲ–ਚਲ) ਵਸਤੂਆਂ ਪੈਦਾ ਹੁੰਦੀਆਂ ਹਨ, ਉਹਨਾਂ ਸਾਰੀਆਂ ਨੂੰ ਤੂੰ ਖੇਤਰ ਅਤੇ ਖੇਤ੍ਰੱਗਿਅ ਦੇ ਸੰਜੋਗ ਤੋਂ ਹੀ ਪੈਦਾ ਹੋਇਆ ਜਾਣ। ਪ੍ਰਾਪਤੀ ਕਦੋਂ ਹੁੰਦੀ ਹੈ ? ਤਾਂ ਉਹ ਦਸਦੇ ਹਨ –

**समं सर्वेषु भूतेषु तिष्ठन्तं परमेश्वरम्।**
**विनश्यत्स्वविनश्यन्तं य: पश्यति स पश्यति।।२७।।**

ਜੋ ਪੁਰਸ਼ ਵਿਸ਼ੇਸ਼ ਰੂਪ ਨਾਲ ਨਸ਼ਟ ਹੁੰਦੇ ਹੋਏ ਚਲ–ਅਚਲ ਸਾਰੇ ਜੀਵਾਂ ਵਿਚ ਨਾਸ਼ ਰਹਿਤ ਪਰਮਾਤਮਾ ਨੂੰ ਸਮਭਾਵ ਨਾਲ ਸਥਿਤ ਵੇਖਦਾ ਹੈ, ਉਹੀ ਯਥਾਰਥ ਨੂੰ ਵੇਖਦਾ ਹੈ। ਅਰਥਾਤ ਉਸ ਪ੍ਰਕ੍ਰਿਤੀ ਦੇ ਵਿਸ਼ੇਸ਼ ਰੂਪ ਦੇ ਨਸ਼ਟ ਹੋਣ ਤੋਂ ਬਾਅਦ ਹੀ ਉਹ ਪਰਮਾਤਮਾ ਸਵਰੂਪ ਹੈ, ਉਸ ਤੋਂ ਪਹਿਲਾਂ ਨਹੀਂ। ਇਸੇ ਦੇ ਬਾਰੇ ਪਿੱਛੇ ਅਧਿਆਇ ਅੱਠ ਵਿਚ ਵੀ ਉਹਨਾਂ ਨੇ ਕਿਹਾ ਕਿ '**भूत भावोद्भवकरो विसर्ग: कर्म संज्ञित:**'– ਜੀਵਾਂ ਦੇ ਉਹ ਭਾਵ ਜੋ (ਭਲੇ ਜਾਂ ਬੁਰੇ) ਕੁਝ ਵੀ (ਸੰਸਕਾਰ) ਰਚਦੇ ਹਨ, ਉਹਨਾਂ ਦਾ ਮਿਟ ਜਾਣਾ ਹੀ ਕਰਮਾਂ ਦੀ ਪਰਾਕਾਸ਼ਠਾ ਹੈ। ਉਸ ਸਮੇਂ ਕਰਮ ਪੂਰਨ ਹੈ। ਉਹੀ ਗੱਲ ਫੇਰ ਇੱਥੇ ਕਹਿੰਦੇ ਹਨ ਕਿ ਜੋ ਚਲ–ਅਚਲ ਜੀਵਾਂ ਨੂੰ ਨਸ਼ਟ ਹੁੰਦੇ ਹੋਏ ਅਤੇ ਪਰਮੇਸ਼ਵਰ ਨੂੰ ਸਮਭਾਵ ਨਾਲ ਵੇਖਦਾ ਹੈ, ਉਹੀ ਸਹੀ ਵੇਖਦਾ ਹੈ।

**समं पश्यन्हि सर्वत्र समवस्थितमीश्वरम्।**
**न हिनस्त्यात्मनात्मानं ततो याति परां गतिम्।।२८।।**

ਕਿਉਂਕਿ ਉਹ ਪੁਰਸ਼ ਸਭ ਥਾਈਂ ਸਮਭਾਵ ਨਾਲ ਸਥਿਤ ਪਰਮੇਸ਼ਵਰ ਨੂੰ ਸਮਾਨ (ਜਿਸ ਤਰ੍ਹਾਂ ਦਾ ਹੈ, ਇਸੇ ਤਰ੍ਹਾਂ ਸਮਾਨ) ਵੇਖਦਾ ਹੋਇਆ ਆਪਣੇ ਦੁਆਰਾ ਖ਼ੁਦ ਨੂੰ ਨਸ਼ਟ ਨਹੀਂ ਕਰਦਾ। ਕਿਉਂਕਿ ਜੱਸ ਤਰ੍ਹਾਂ ਦਾ ਸੀ, ਉਸੇ ਤਰ੍ਹਾਂ ਉਸਨੇ ਵੇਖਿਆ, ਇਸ ਲਈ ਉਹ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ। ਪ੍ਰਾਪਤੀ ਵਾਲੇ ਪੁਰਸ਼ ਦੇ ਉਹ ਲੱਛਣ ਦਸਦੇ ਹਨ–

**प्रकृत्यैव च कर्माणि क्रियमाणानि सर्वश:।**
**य: पश्यति तथात्मानमकर्तारं स पश्यति।।२९।।**

ਜੋ ਪੁਰਸ਼ ਸਾਰੇ ਕਰਮਾਂ ਨੂੰ ਸਭ ਤਰ੍ਹਾਂ ਨਾਲ ਪ੍ਰਕ੍ਰਿਤੀ ਦੁਆਰਾ ਹੀ ਕੀਤਾ ਜਾਂਦਾ ਵੇਖਦਾ ਹੈ, ਅਰਥਾਤ ਜਦ ਤਕ ਪ੍ਰਕ੍ਰਿਤੀ ਹੈ, ਤਦੇ ਤਕ ਕਰਮਾਂ ਦਾ ਹੋਣਾ ਵੇਖਦਾ ਹੈ ਅਤੇ ਆਤਮਾ ਨੂੰ ਅਕਰਤਾ ਵੇਖਦਾ ਹੈ, ਉਹੀ ਯਥਾਰਥ ਵੇਖਦਾ ਹੈ।

**यदा भूतपृथग्भावमेकस्थमनुपश्यति।**
**तत एव च विस्तारं ब्रह्म सम्पद्यते तदा।।३०।।**

ਜਿਸ ਸਮੇਂ ਵਿਚ ਮਨੁੱਖ ਜੀਵਾਂ ਦੇ ਅਨੇਕ ਪ੍ਰਕਾਰ ਦੇ ਭਾਵਾਂ ਵਿਚ ਇਕ ਪਰਮਾਤਮਾ ਨੂੰ ਪ੍ਰਵਾਹਿਤ ਵੇਖਦਾ ਹੈ ਅਤੇ ਉਸ ਪਰਮਾਤਮਾ ਤੋਂ ਹੀ ਸਾਰੇ ਜੀਵਾਂ ਦਾ ਵਿਸਤਾਰ ਵੇਖਦਾ ਹੈ, ਉਸ

ਸਮੇਂ ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ। ਜਿਸ ਪਲ ਇਹ ਅਵਸਥਾ ਆ ਗਈ, ਉਸੇ ਪਲ ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ। ਇਹ ਲੱਛਣ ਵੀ ਸਥਿਤਪ੍ਰਗਿਅ ਮਹਾਪੁਰਸ਼ ਦਾ ਹੀ ਹੈ।

**अनादित्वान्निर्गुणत्वात् परमात्माऽयमव्ययः।**
**शरीरस्थोऽपि कौन्तेय न करोति न लिप्यते।।३१।।**

ਹੇ ਕੌਂਤੇਯ! ਅਨਾਦਿ ਹੋਣ ਕਰਕੇ ਅਤੇ ਗੁਣਾਂ ਤੋਂ ਪਰੇ ਹੋਣ ਕਰਕੇ ਇਹ ਅਵਿਨਾਸ਼ੀ ਪਰਮਾਤਮਾ ਸਰੀਰ ਵਿਚ ਸਥਿਤ ਹੁੰਦੇ ਹੋਏ ਵੀ ਅਸਲ ਵਿਚ ਨਾ ਕਰਦਾ ਹੈ ਅਤੇ ਨਾ ਲਿਪਤ ਹੁੰਦਾ ਹੈ। ਉਹ ਕਿਵੇਂ ?

**यथा सर्वगतं सौक्ष्म्यादाकाशं नोपलिप्यते।**
**सर्वत्रावस्थितो देहे तथात्मा नोपलिप्यते।।३२।।**

ਜਿਸ ਤਰ੍ਹਾਂ ਹਰ ਥਾਂ ਵਿਆਪਿਆ ਹੋਇਆ ਆਕਾਸ਼ ਸੂਖਮ ਹੋਣ ਕਰਕੇ ਲਿਪਤ ਨਹੀਂ ਹੁੰਦਾ, ਠੀਕ ਉਸੇ ਤਰ੍ਹਾਂ ਸਾਰੇ ਸਰੀਰ ਵਿਚ ਸਥਿਤ ਹੋਇਆ ਆਤਮਾ ਵੀ ਗੁਣਾਂ ਤੋਂ ਪਰੇ ਹੋਣ ਕਰਕੇ ਦੇਹ ਦੇ ਗੁਣਾਂ ਨਾਲ ਲਿਪਤ ਨਹੀਂ ਹੁੰਦਾ। ਅੱਗੇ ਕਹਿੰਦੇ ਹਨ –

**यथा प्रकाशयत्येकः कृत्स्नं लोकमिमं रविः।**
**क्षेत्रं क्षेत्री तथा कृत्स्नं प्रकाशयति भारत।।३३।।**

ਅਰਜੁਨ! ਜਿਵੇਂ ਇਕ ਹੀ ਸੂਰਜ ਸਾਰੇ ਬ੍ਰਹਿਮੰਡ ਨੂੰ ਪ੍ਰਕਾਸ਼ਿਤ ਕਰਦਾ ਹੈ, ਉਸੇ ਤਰ੍ਹਾਂ ਇਕ ਹੀ ਆਤਮਾ ਸਾਰੇ ਖੇਤਰ ਨੂੰ ਪ੍ਰਕਾਸ਼ਿਤ ਕਰਦਾ ਹੈ। ਅੰਤ ਵਿਚ ਉਹ ਨਿਰਣਾ ਦੇਂਦੇ ਹਨ–

**क्षेत्रक्षेत्रज्ञयोरेवमन्तरं ज्ञानचक्षुषा।**
**भूतप्रकृतिमोक्षं च ये विदुर्यान्ति ते परम्।।३४।।**

ਇਸ ਤਰ੍ਹਾਂ ਖੇਤਰ ਅਤੇ ਖੇਤ੍ਰੱਗਿਆ ਦੇ ਭੇਦ ਨੂੰ ਅਤੇ ਵਿਕਾਰਮਈ ਪ੍ਰਕ੍ਰਿਤੀ ਤੋਂ ਛੁੱਟਣ ਦੇ ਉਪਾਅ ਨੂੰ ਜੋ ਗਿਆਨਰੂਪੀ ਨੇਤ੍ਰ ਨਾਲ ਵੇਖ ਲੈਂਦੇ ਹਨ, ਉਹ ਮਹਾਤਮਾਜਨ ਪਰਬ੍ਰਹਮ ਪਰਮਾਤਮਾ ਨੂੰ ਪ੍ਰਾਪਤ ਹੁੰਦੇ ਹਨ। ਅਰਥਾਤ ਖੇਤਰ–ਖੇਤ੍ਰੱਗਿਅ ਨੂੰ ਵੇਖਣ ਵਾਲੀ ਅੱਖ ਗਿਆਨ ਹੈ ਅਤੇ ਗਿਆਨ ਪ੍ਰਤੱਖ ਦਰਸ਼ਨ ਦਾ ਹੀ ਦੂਜਾ ਨਾਮ ਹੈ।

**ਸਾਰ**

ਗੀਤਾ ਦੇ ਆਰੰਭ ਵਿਚ ਧਰਮਖੇਤਰ, ਕੁਰੂਖੇਤਰ ਦਾ ਨਾਮ ਤਾਂ ਲਿਆ ਗਿਆ, ਪਰ ਉਹ ਖੇਤਰ ਦਰਅਸਲ ਹੈ ਕਿਥੇ ? ਇਹ ਦਸਣਾ ਬਾਕੀ ਸੀ, ਜਿਸ ਨੂੰ ਖ਼ੁਦ ਸ਼ਾਸਤ੍ਰਕਾਰ ਨੇ ਪ੍ਰਸਤੁਤ ਅਧਿਆਇ ਵਿਚ ਸਪਸ਼ਟ ਕੀਤਾ ਕਿ, ਕੌਂਤੇਯ! ਇਹ ਸਰੀਰ ਹੀ ਇਕ ਖੇਤਰ ਹੈ। ਜੋ ਇਸਨੂੰ ਜਾਣਦਾ ਹੈ ਉਹ ਖੇਤ੍ਰੱਗਿਅ ਹੈ। ਉਹ ਇਸ ਵਿਚ ਫਸਿਆ ਨਹੀਂ, ਸਗੋਂ ਨਿਰਲੇਪ ਹੈ, ਇਸਦਾ ਸੰਚਾਲਕ ਹੈ। ਅਰਜੁਨ! **'ਸੰਪੂਰਨ ਖੇਤਰਾਂ ਵਿਚ ਮੈਂ ਵੀ ਖੇਤ੍ਰੱਗਿਅ ਹਾਂ'**, ਕਹਿਕੇ ਉਹਨਾਂ ਨੇ ਆਪਣੀ ਤੁਲਨਾ ਹੋਰ ਮਹਾਪੁਰਸ਼ਾਂ ਨਾਲ ਕੀਤੀ। ਇਸਤੋਂ ਸਪਸ਼ਟ ਹੈ ਕਿ ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ। ਕਿਉਂਕਿ ਜੋ ਜਾਣਦਾ ਹੈ ਉਹ ਖੇਤ੍ਰੱਗਿਅ ਹੈ, ਐਸਾ ਮਹਾਪੁਰਸ਼ਾਂ ਨੇ ਕਿਹਾ ਹੈ। ਮੈਂ ਵੀ ਖੇਤ੍ਰੱਗਿਅ ਹਾਂ, ਅਰਥਾਤ ਹੋਰਾਂ ਮਹਾਪੁਰਸ਼ਾਂ ਦੀ ਤਰ੍ਹਾਂ ਮੈਂ ਵੀ ਹਾਂ।

ਖੇਤਰ ਜਿਸ ਤਰ੍ਹਾਂ ਦਾ ਹੈ, ਜਿਹੜੇ ਵਿਕਾਰਾਂ ਵਾਲਾ ਹੈ, ਖੇਤ੍ਰੱਗਿਅ ਜਿਹੜੇ ਪ੍ਰਭਾਵਾਂ ਵਾਲਾ ਹੈ, ਉਸਤੇ ਉਹਨਾਂ ਨੇ ਪ੍ਰਕਾਸ਼ ਪਾਇਆ। ਉਹਨਾ ਦਸਿਆ ਕਿ ਮੈਂ ਹੀ ਕਹਿੰਦਾ ਹੋਵਾਂ, ਇਸ ਤਰ੍ਹਾਂ ਗੱਲ ਨਹੀਂ ਹੈ। ਮਹਾਰਿਸ਼ੀਆਂ ਨੇ ਵੀ ਇਹੋ ਕਿਹਾ ਹੈ। ਵੇਦ ਦੇ ਛੰਦਾਂ ਵਿਚ ਵੀ ਉਸੇ ਨੂੰ ਵਿਭਾਜਿਤ ਕਰਕੇ ਦਰਸਾਇਆ ਗਿਆ ਹੈ। ਬ੍ਰਹਮਸੂਤ੍ਰ ਵਿਚ ਵੀ ਇਹੋ ਆਖਿਆ ਗਿਆ ਹੈ।

ਸਰੀਰ (ਜੋ ਖੇਤਰ ਹੈ) ਕੀ ਏਨ੍ਹਾਂ ਹੀ ਹੈ, ਜਿੰਨਾ ਉਹ ਨਜ਼ਰ ਆਉਂਦਾ ਹੈ ? ਇਸਦੇ ਹੋਣ ਦੇ ਪਿੱਛੇ ਜਿਹੜੇ ਕਾਰਨ-ਸਵਰੂਪ ਹਨ, ਉਹਨਾਂ ਨੂੰ ਗਿਣਾਉਂਦੇ ਹੋਏ ਕਿਹਾ ਕਿ ਅਸ਼ਟਧਾਮੂਲਕ ਪ੍ਰਕ੍ਰਿਤੀ, ਅਵਿਅਕਤ ਪ੍ਰਕ੍ਰਿਤੀ, ਦਸ ਇੰਦ੍ਰੀਆਂ ਅਤੇ ਮਨ, ਇੰਦ੍ਰੀਆਂ ਦੇ ਪੰਜੋ ਵਿਸ਼ੇ, ਆਸ਼ਾ, ਤ੍ਰਿਸ਼ਨਾ ਅਤੇ ਵਾਸਨਾ, ਇਸ ਤਰ੍ਹਾਂ ਇਹਨਾਂ ਵਿਕਾਰਾਂ ਦਾ ਸਮੂਹਕ ਮਿਸ਼ਰਣ ਇਹ ਸਰੀਰ ਹੈ। ਜਦ ਤਕ ਇਹ ਰਹਿਣਗੇ, ਤਦ ਤਕ ਸਰੀਰ ਕਿਸੇ ਨਾ ਕਿਸੇ ਰੂਪ ਵਿਚ ਰਹੇਗਾ ਹੀ। ਇਹੋ ਖੇਤਰ ਹੈ, ਜਿਸ ਵਿਚ ਬੀਜਿਆ ਭਲਾ-ਬੁਰਾ ਬੀਜ ਸੰਸਕਾਰ ਰੂਪ ਨਾਲ ਉੱਗਦਾ ਹੈ। ਜੋ ਇਸਦਾ ਪਾਰ ਪਾ ਲੈਂਦਾ ਹੈ, ਉਹ ਖੇਤ੍ਰੱਗਿਅ ਹੈ। ਖੇਤ੍ਰੱਗਿਅ ਦਾ ਸਵਰੂਪ ਦਸਦਿਆ ਉਹਨਾਂ ਨੇ ਈਸ਼ਵਰੀ ਗੁਣ-ਧਰਮਾਂ ਉਤੇ ਰੋਸ਼ਨੀ ਪਾਈ ਅਤੇ ਕਿਹਾ ਕਿ ਖੇਤ੍ਰੱਗਿਅ ਇਸ ਖੇਤਰ ਦਾ ਪ੍ਰਕਾਸ਼ਕ ਹੈ।

ਉਹਨਾਂ ਨੇ ਦੱਸਿਆ ਕਿ ਸਾਧਨਾ ਦੇ ਪੂਰਤੀਕਾਲ (ਪੂਰਨਤਾ) ਵਿਚ ਪਰਮਤੱਤ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਹੀ ਗਿਆਨ ਹੈ। ਗਿਆਨ ਦਾ ਅਰਥ ਹੈ ਪ੍ਰਤੱਖ ਦਰਸ਼ਨ। ਇਸਤੋਂ ਵੱਖ ਜੋ ਕੁਝ ਵੀ ਹੈ, ਅਗਿਆਨ ਹੈ। ਜਾਣਨ ਯੋਗ ਵਸਤੂ ਹੈ ਅਪਰੰਪਾਰ ਬ੍ਰਹਮ। ਉਹ ਨਾ ਸੱਚ ਹੈ, ਨਾ ਝੂਠ। ਇਹਨਾਂ ਦੋਵਾਂ ਤੋਂ ਪਰੇ ਹੈ। ਉਸਨੂੰ ਜਾਣਨ ਲਈ ਹਿਰਦੇ ਵਿਚ ਧਿਆਨ ਕੀਤਾ ਜਾਂਦਾ ਹੈ, ਬਾਹਰ ਮੂਰਤੀ ਰੱਖਕੇ ਨਹੀਂ। ਕਈ ਲੋਕ ਸਾਂਖਿਅ ਮਾਧਿਅਮ ਨਾਲ ਧਿਆਨ ਕਰਦੇ ਹਨ। ਤਾਂ ਕਈ ਲੋਕ ਨਿਸ਼ਕਾਮ ਕਰਮਯੋਗ, ਸਮਰਪਣ ਨਾਲ ਉਸਦੀ ਪ੍ਰਾਪਤੀ ਲਈ ਉਸੇ ਨਿਰਧਾਰਤ ਕਰਮ ਆਰਾਧਨਾ ਦਾ ਆਚਰਣ ਕਰਦੇ ਹਨ। ਜੋ ਇਹ ਸਭ ਵਿਧੀਆਂ ਨਹੀਂ ਜਾਣਦੇ, ਉਹ ਤੱਤ-ਸਥਿਤ ਮਹਾਪੁਰਸ਼ ਤੋਂ ਸੁਣਕੇ ਆਚਰਣ ਕਰਦੇ ਹਨ। ਉਹ ਵੀ ਪਰਮ ਕਲਿਆਨ ਨੂੰ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਜੇ ਕੁਝ ਵੀ ਸਮਝ ਨਾ ਆਵੇ, ਤਾਂ ਉਸਦੇ ਗਿਆਤਾ ਮਹਾਪੁਰਸ਼ ਦਾ ਸਤਿਸੰਗ ਜ਼ਰੂਰੀ ਹੈ।

ਸਥਿਤ ਪ੍ਰਗਿਅ ਮਹਾਪੁਰਸ਼ ਦੇ ਲੱਛਣ ਦਸਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਜਿਵੇਂ ਆਕਾਸ਼ ਸਾਰੇ ਪਾਸੇ ਵਿਆਪਤ ਰਹਿੰਦੇ ਹੋਏ ਵੀ ਨਿਰਲੇਪ ਹੈ, ਜਿਵੇਂ ਸੂਰਜ ਸਭਥਾਈਂ ਪ੍ਰਕਾਸ਼ ਦੇਂਦੇ ਹੋਏ ਵੀ ਨਿਰਲੇਪ ਹੈ, ਠੀਕ ਇਸੇ ਤਰ੍ਹਾਂ ਸਥਿਤਪ੍ਰਗਿਅ ਪੁਰਸ਼, ਸਭਥਾਈਂ ਸਮਾਏ ਈਸ਼ਵਰ ਨੂੰ ਉਸੇ ਤਰ੍ਹਾਂ ਵੇਖਦਾ ਹੈ, ਜਿਵੇਂ ਈਸ਼ਵਰ ਹੈ, ਐਸੀ ਸਮਰਥਾ ਵਾਲਾ ਪੁਰਸ਼ ਖੇਤਰ ਜਾਂ ਪ੍ਰਕ੍ਰਿਤੀ ਤੋਂ ਬਿਲਕੁਲ ਨਿਰਲੇਪ ਹੈ। ਅੰਤ ਵਿਚ ਉਹਨਾਂ ਨੇ ਫੈਸਲਾ ਦਿੱਤਾ ਕਿ ਖੇਤਰ ਅਤੇ ਖੇਤ੍ਰੱਗਿਅ ਦੀ ਜਾਣਕਾਰੀ ਗਿਆਨਰੂਪੀ ਨੇਤ੍ਰਾਂ ਨਾਲ ਹੀ ਮੁਮਕਿਨ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ, ਗਿਆਨ ਉਸ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਨਾਲ ਮਿਲਣ ਵਾਲੀ ਜਾਣਕਾਰੀ ਹੈ। ਸ਼ਾਸਤ੍ਰਾਂ ਨੂੰ ਬਹੁਤ ਰੱਟਕੇ ਦੁਹਰਾਉਣਾ ਗਿਆਨ ਨਹੀਂ ਹੈ, ਸਗੋਂ ਅਧਿਐਨ ਅਤੇ ਮਹਾਪੁਰਸ਼ਾਂ ਤੋਂ ਉਸ ਕਰਮ ਨੂੰ ਸਮਝਕੇ, ਉਸ ਉੱਤੇ ਚਲ ਕੇ, ਮਨਸਮੇਤ ਇੰਦ੍ਰੀਆਂ ਦੇ ਵਿਰੋਧ ਅਤੇ ਉਸ ਨਿਰਮਲ ਮਨ ਦੀ ਵੀ ਵਿਲੀਨਤਾ ਦੇ ਸਮੇਂ ਜੋ ਅਨੁਭੂਤੀ ਹੁੰਦੀ ਹੈ, ਉਸੇ ਦਾ ਨਾਮ ਗਿਆਨ ਹੈ। ਕ੍ਰਿਆ ਜ਼ਰੂਰੀ ਹੈ। ਇਸ ਅਧਿਆਇ ਵਿਚ ਖ਼ਾਸ ਤੌਰ ਤੇ ਖੇਤ੍ਰੱਗਿਅ ਦਾ ਵਰਣਨ ਵਿਸਤਾਰ ਪੂਰਬਕ ਕੀਤਾ ਗਿਆ ਹੈ। ਦਰਅਸਲ ਖੇਤਰ ਦਾ ਸਵਰੂਪ ਵਿਆਪਕ ਹੈ, ਸਰੀਰ ਦੇ ਬਾਰੇ ਕਹਿਣਾ-ਸੁਣਨਾ ਤਾਂ ਆਸਾਨ ਹੈ ਪਰ ਸਰੀਰ ਦਾ ਸੰਬੰਧ ਕਿਥੋਂ ਤਕ ਹੈ ? ਤਾਂ ਕਿਹਾ ਕਿ ਸਾਰਾ ਬ੍ਰਹਿਮੰਡ ਮੂਲ ਪ੍ਰਕ੍ਰਿਤੀ ਦਾ

ਵਿਸਤਾਰ ਹੈ। ਅਨੰਤ ਅੰਤਰਿਖਸ਼ਾਂ ਤਕ ਤੁਹਾਡੇ ਸਰੀਰ ਦਾ ਵਿਸਤਾਰ ਹੈ। ਉਹਨਾਂ ਤੋਂ ਤੁਹਾਡਾ ਜੀਵਨ ਊਰਜਾ (ਜੀਵਨ-ਸ਼ਕਤੀ) ਪ੍ਰਾਪਤ ਕਰਦਾ ਹੈ, ਉਹਨਾਂ ਦੇ ਬਗੈਰ ਤੁਸੀਂ ਜੀ ਨਹੀਂ ਸਕਦੇ। ਇਹ ਭੂਮੰਡਲ, ਵਿਸ਼ਵ-ਜਗਤ, ਦੇਸ਼-ਪ੍ਰਦੇਸ਼ ਅਤੇ ਤੁਹਾਡਾ ਇਹ ਨਜ਼ਰ ਆਉਣ ਵਾਲਾ ਸਰੀਰ ਉਸ ਪ੍ਰਕ੍ਰਿਤੀ ਦਾ ਇਕ ਅੰਸ਼ ਜਿੰਨਾ ਵੀ ਨਹੀਂ ਹੈ। ਇਸ ਤਰ੍ਹਾਂ ਖੇਤਰ ਦਾ ਹੀ ਵਿਸਤ੍ਰਿਤ ਵਰਣਨ ਇਸ ਅਧਿਆਇ ਵਿਚ ਹੈ, ਇਸ ਲਈ -

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'क्षेत्रक्षेत्रज्ञविभागयोगो' नाम त्रयोदशोऽध्याय: ।।१३ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ-ਅਰਜੁਨ ਸੰਵਾਦ ਵਿਚ 'ਖੇਤਰ ਖੇਤ੍ਰੱਗਿਅ ਵਿਭਾਗ ਯੋਗ' ਨਾਮਕ ਤੇਰ੍ਹਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'क्षेत्रक्षेत्रज्ञविभागयोगो' नाम त्रयोदशोऽध्याय: ।।१३ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਚੌਦ੍ਹਵਾਂ ਅਧਿਆਇ

ਪਿਛਲੇ ਅਨੇਕ ਅਧਿਆਇਆਂ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਗਿਆਨ ਦਾ ਸਵਰੂਪ ਸਪਸ਼ਟ ਕੀਤਾ। ਅਧਿਆਇ 4/19 ਵਿਚ ਉਹਨਾਂ ਨੇ ਦੱਸਿਆ ਕਿ ਜਿਸ ਪੁਰਸ਼ ਰਾਹੀਂ ਸੰਪੂਰਨਤਾ ਨਾਲ ਆਰੰਭ ਕੀਤਾ ਗਿਆ ਨਿਰਧਾਰਤ ਕਰਮ ਦਾ ਆਚਰਣ ਕ੍ਰਮਵਾਰ ਉਨੱਤੀ ਹੁੰਦੇ-ਹੁੰਦੇ ਏਨ੍ਹਾਂ ਸੂਖਮ ਹੋ ਗਿਆ ਕਿ ਕਾਮਨਾ ਅਤੇ ਸੰਕਲਪ ਦਾ ਬਿਲਕੁਲ ਖਾਤਮਾ ਹੋ ਗਿਆ, ਉਸ ਸਮੇਂ ਜਿਸਨੂੰ ਉਹ ਜਾਣਨਾ ਚਾਹੁੰਦਾ ਹੈ, ਉਸ ਦੀ ਪ੍ਰਤੱਖ ਅਨੁਭਵ ਹੋ ਜਾਂਦਾ ਹੈ, ਤਾਂ ਉਸੇ ਅਨੁਭਵ ਦਾ ਨਾਮ ਗਿਆਨ ਹੈ। ਤੇਰ੍ਹਵੇਂ ਅਧਿਆਇ ਵਿਚ ਗਿਆਨ ਨੂੰ ਪਰਿਭਾਸ਼ਿਤ ਕੀਤਾ **अध्यात्मज्ञान नित्यत्वम् तत्त्वज्ञानार्थ दर्शनम्**-ਅਰਥਾਤ ਆਤਮ ਗਿਆਨ ਵਿਚ ਇਕਰਸ ਸਥਿਤੀ ਅਤੇ ਤੱਤ ਦੇ ਅਰਥ-ਸਵਰੂਪ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਹੀ ਗਿਆਨ ਹੈ। ਖੇਤਰ-ਖੇਤ੍ਰੱਗਿਅ ਦੇ ਭੇਦ ਨੂੰ ਵਿਦਿਤ ਕਰ ਲੈਣ ਦੇ ਨਾਲ ਹੀ ਗਿਆਨ ਵਿਦਿਤ ਹੋ ਜਾਂਦਾ ਹੈ। ਗਿਆਨ ਦਾ ਅਰਥ ਸ਼ਾਸਤ੍ਰਾਰਥ ਨਹੀਂ ਹੈ। ਸ਼ਾਸਤ੍ਰਾਂ ਨੂੰ ਯਾਦ ਕਰ ਲੈਣਾ ਗਿਆਨ ਨਹੀਂ ਹੈ। ਅਭਿਆਸ ਦੀ ਉਹ ਅਵਸਥਾ ਗਿਆਨ ਹੈ ਜਿੱਥੇ ਉਹ ਤੱਤ ਵਿਦਿਤ ਹੁੰਦਾ ਹੈ। ਪਰਮਾਤਮਾ ਦੇ ਪ੍ਰਤੱਖ ਦਰਸ਼ਨ ਦੇ ਨਾਲ ਮਿਲਣ ਵਾਲੀ ਅਨੁਭਵ ਦਾ ਨਾਮ ਗਿਆਨ ਹੈ। ਇਸਦੇ ਵਿਰੁੱਧ ਸਭ ਅਗਿਆਨ ਹੈ।

ਇਸ ਤਰ੍ਹਾਂ ਸਭ ਕੁਝ ਦੱਸ ਦੇਣ ਤੇ ਵੀ ਪ੍ਰਸਤੁਤ ਅਧਿਆਇ ਚੌਦਾਂ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ, ਅਰਜੁਨ! ਉਹਨਾਂ ਗਿਆਨਾਂ ਵਿਚੋਂ ਵੀ ਪਰਮ ਸ਼੍ਰੇਸ਼ਠ ਗਿਆਨ ਮੈਂ ਫੇਰ ਤੈਨੂੰ ਦੱਸਾਂਗਾ। ਯੋਗੇਸ਼ਵਰ ਉਸੇ ਗੱਲ ਨੂੰ ਫੇਰ ਤੋਂ ਸਪਸ਼ਟ ਕਰਦੇ ਹੋਏ ਕਹਿੰਦੇ ਹਨ **'शास्त्र सुचिन्तित पुनि पुनि देखिय'**- ਅਰਥਾਤ ਭਲੀ ਭਾਂਤ ਪੜ੍ਹਿਆ-ਗੁੜ੍ਹਿਆ ਸ਼ਾਸਤ੍ਰ ਵੀ ਬਾਰਬਾਰ ਵੇਖਣਾ ਚਾਹੀਦਾ ਹੈ। ਏਨ੍ਹਾਂ ਹੀ ਨਹੀਂ, ਸਗੋਂ ਜਿਉਂ-ਜਿਉਂ ਤੁਸੀਂ ਸਾਧਨਾ ਵਿਚ ਅੱਗੇ ਵਧੋਗੇ, ਜਿਉਂ-ਜਿਉਂ ਉਸ ਇਸ਼ਟ ਵਿਚ ਪ੍ਰਵੇਸ਼ ਪਾਉਗੇ, ਤਿਉਂ-ਤਿਉਂ ਬ੍ਰਹਮ ਤੋਂ ਨਵੇਂ ਅਨੁਭਵ ਮਿਲਣਗੇ। ਇਹ ਜਾਣਕਾਰੀ ਸਤਿਗੁਰੂ ਮਹਾਪੁਰਸ਼ ਹੀ ਦੇਂਦੇ ਹਨ। ਇਸ ਲਈ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਮੈਂ ਫੇਰ ਵੀ ਦੱਸਾਂਗਾ।

ਸੁਰਤ (ਸਿਮਰਤੀ) ਐਸਾ ਪਟਲ (ਪਰਦਾ) ਹੈ, ਜਿਸ ਉਤੇ ਸੰਸਕਾਰਾਂ ਦੀ ਛਾਪ ਸਦਾ ਪੈਂਦੀ ਰਹਿੰਦੀ ਹੈ। ਜੇ ਰਾਹੀ ਨੂੰ ਇਸ਼ਟ ਵਿਚ ਪ੍ਰਵੇਸ਼ ਦਿਵਾਉਣ ਵਾਲੀ ਜਾਣਕਾਰੀ ਫਿੱਕੀ ਪੈ ਜਾਂਦੀ ਹੈ ਤਾਂ ਉਸ ਸੁਰਤ-ਪਰਦੇ ਉੱਪਰ ਪ੍ਰਕ੍ਰਿਤੀ ਆਪਣੀ ਛਾਪ ਪਾਉਣ ਲੱਗਦੀ ਹੈ, ਜੋ ਵਿਨਾਸ਼ ਦਾ ਕਾਰਨ ਹੈ। ਇਸ ਲਈ ਪੂਰਨਤਾ ਤਕ ਸਾਧਕ ਨੂੰ ਇਸ਼ਟ-ਸੰਬੰਧੀ ਜਾਣਕਾਰੀ ਦੁਹਰਾਉਂਦੇ ਰਹਿਣਾ ਚਾਹੀਦਾ ਹੈ। ਅੱਜ ਸੁਰਤ ਜਿਉਂਦੀ ਹੈ, ਪਰ ਅਗਲੀਆਂ ਅਵਸਥਾਵਾਂ ਵਿਚ ਪ੍ਰਵੇਸ਼ ਮਿਲਣ ਦੇ ਨਾਲ-ਨਾਲ ਇਹ ਅਵਸਥਾ ਨਹੀਂ ਰਹਿ ਜਾਏਗੀ। ਇਸੇ ਲਈ 'ਪੂਜਯ ਮਹਾਰਾਜ ਜੀ' ਕਿਹਾ ਕਰਦੇ ਸਨ ਕਿ -**''ਬ੍ਰਹਮ ਵਿਦਿਆ ਦਾ ਚਿੰਤਨ ਰੋਜ਼ਾਨਾ ਕਰੋ, ਇਕ ਮਾਲਾ ਰੋਜ਼ ਘੁਮਾਉ, ਜੋ ਚਿੰਤਨ ਨਾਲ ਘੁਮਾਈ ਜਾਂਦੀ ਹੈ, ਬਾਹਰ ਦੀ ਮਾਲਾ ਨਹੀਂ।''**

ਇਹ ਤਾਂ ਸਾਧਕ ਲਈ ਹੈ, ਪਰ ਜੋ ਅਸਲੀ ਸਤਿਗੁਰੂ ਹੁੰਦੇ ਹਨ, ਉਹ ਲਗਾਤਾਰ ਉਸ ਸਾਧਕ ਦੇ ਪਿੱਛੇ ਲਗੇ ਰਹਿੰਦੇ ਹਨ, ਅੰਦਰੋਂ ਉਸਦੀ ਆਤਮਾ ਤੋਂ ਜਾਗ੍ਰਿਤ ਹੋਕੇ ਅਤੇ ਬਾਹਰੋਂ ਆਪਣੇ ਕ੍ਰਿਆ-ਕਲਾਪ ਨਾਲ ਉਸਨੂੰ ਨਵੀਂ ਪਰਿਸਥਿਤੀ ਦੱਸਦੇ ਰਹਿੰਦੇ ਹਨ। ਯੋਗੇਸ਼ਵਰ ਸ੍ਰੀ ਕ੍ਰਿਸ਼ਣ ਵੀ ਮਹਾਪੁਰਸ਼ ਸਨ। ਅਰਜੁਨ ਉਹਨਾਂ ਦਾ ਸ਼ਿਸ਼ ਹੈ, ਉਸਨੇ ਯੋਗੇਸ਼ਵਰ ਅੱਗੇ ਬੇਨਤੀ ਕੀਤੀ ਹੈ ਕਿ ਮੈਨੂੰ ਸੰਭਾਲੋ। ਇਸ ਲਈ ਸ੍ਰੀ ਕ੍ਰਿਸ਼ਣ ਦਾ ਕਥਨ ਹੈ ਕਿ ਗਿਆਨ ਵਿਚ ਵੀ ਅਤਿ ਉੱਤਮ ਗਿਆਨ ਮੈਂ ਤੇਰੇ ਲਈ ਫੇਰ ਕਹਾਂਗਾ -

**ਸ੍ਰੀ ਭਗਵਾਨ ਉਵਾਚ-**

**परं भूयः प्रवक्ष्यामि ज्ञानानां ज्ञानमुत्तमम् ।**
**यज्ज्ञात्वा मुनयः सर्वे परां सिद्धिमितो गताः ।।१।।**

ਅਰਜੁਨ! ਗਿਆਨਾਂ ਵਿਚ ਵੀ ਅਤਿ ਉੱਤਮ ਗਿਆਨ, ਪਰਮ ਗਿਆਨ ਮੈਂ ਫੇਰ ਵੀ ਤੇਰੇ ਲਈ ਕਹਾਂਗਾ (ਜਿਸਨੂੰ ਪਿੱਛੇ ਕਹਿ ਚੁੱਕੇ ਹਾਂ), ਜਿਸਨੂੰ ਜਾਣਕੇ ਸਾਰੇ ਮੁਨੀਜਨ ਇਸ ਸੰਸਾਰ ਤੋਂ ਮੁਕਤ ਹੋਕੇ ਪਰਮਸਿੱਧੀ ਨੂੰ ਪ੍ਰਾਪਤ ਹੁੰਦੇ ਹਨ। (ਜਿਸਤੋਂ ਬਾਅਦ ਕੁਝ ਪਾਉਣਾ ਬਾਕੀ ਨਹੀਂ ਰਹਿੰਦਾ)।

**इदं ज्ञानमुपाश्रित्य मम साधर्म्यमागताः ।**
**सर्गेऽपि नोपजायन्ते प्रलये न व्यथन्ति च ।।२।।**

ਇਸ ਗਿਆਨ ਨੂੰ - **'उपाश्रित्य'-** ਅਰਥਾਤ ਇਸ ਗਿਆਨ ਦਾ ਨਜ਼ਦੀਕ ਤੋਂ ਆਸਰਾ ਲੈਕੇ, ਕ੍ਰਿਆ ਰਾਹੀਂ ਚੱਲਕੇ ਕੋਲ ਪਹੁੰਚੇ ਹੋਏ, ਮੇਰੇ ਸਵਰੂਪ ਨੂੰ ਪ੍ਰਾਪਤ ਹੋਏ ਲੋਕ ਸ੍ਰਿਸ਼ਟੀ ਦੇ ਆਦਿ ਵਿਚ ਪੁਨਰ ਜਨਮ ਨਹੀਂ ਲੈਂਦੇ ਅਤੇ ਪਰਲੋ ਦੇ ਸਮੇਂ ਅਰਥਾਤ ਸਰੀਰ ਦਾ ਅੰਤ ਹੋਣ ਦੇ ਸਮੇਂ ਵਿਆਕੁਲ ਨਹੀਂ ਹੁੰਦੇ, ਕਿਉਂਕਿ ਮਹਾਪੁਰਸ਼ ਦੇ ਸਰੀਰ ਦਾ ਅੰਤ ਤਾਂ ਉਸੇ ਦਿਨ ਹੋ ਜਾਂਦਾ ਹੈ, ਜਦੋਂ ਉਹ ਸਵਰੂਪ ਨੂੰ ਪ੍ਰਾਪਤ ਹੁੰਦਾ ਹੈ। ਉਸਦੇ ਬਾਅਦ ਉਸਦਾ ਸਰੀਰ ਤਾਂ ਰਹਿਣ ਦਾ ਇਕ ਮਕਾਨ ਮਾਤਰ ਹੀ ਰਹਿ ਜਾਂਦਾ ਹੈ। ਪੁਨਰ ਜਨਮ ਦਾ ਸਥਾਨ ਕਿਥੇ ਹੈ ? ਲੋਕੀਂ ਕਿਥੇ ਜਨਮ ਲੈਂਦੇ ਹਨ ? ਇਸਤੇ ਸ੍ਰੀ ਕ੍ਰਿਸ਼ਣ ਕਹਿੰਦੇ ਹਨ-

**मम योनिर्महद्ब्रह्म तस्मिन्गर्भं दधाम्यहम् ।**
**संभवः सर्वभूतानां ततो भवति भारत ।।३।।**

ਹੇ ਅਰਜੁਨ! ਮੇਰੀ **'महद्ब्रह्म'**– ਅਰਥਾਤ ਅਸ਼ਟਧਾ ਮੂਲ ਪ੍ਰਕ੍ਰਿਤੀ ਸਾਰਿਆਂ ਜੀਵਾਂ ਦੀ ਯੋਨੀ ਹੈ ਅਤੇ ਉਸ ਵਿਚ ਮੈਂ ਚੇਤਨਾ ਰੂਪੀ ਬੀਜ ਨੂੰ ਸਥਾਪਿਤ ਕਰਦਾ ਹਾਂ, ਉਸ ਜੜ–ਚੇਤਨ ਦੇ ਸੰਯੋਗ ਨਾਲ ਸਾਰੇ ਭੂਤਾਂ ਦੀ ਉਤਪੱਤੀ ਹੁੰਦੀ ਹੈ।

**सर्वयोनिषु कौन्तेय मूर्तय: सम्भवन्ति या: ।**
**तासां ब्रह्म महद्योनिरहं बीजप्रद: पिता ।।४ ।।**

ਕੌਂਤੇਯ! ਸਾਰੀਆਂ ਯੋਨੀਆਂ ਵਿਚ ਜਿੰਨੇ ਸਰੀਰ ਪੈਦਾ ਹੁੰਦੇ ਹਨ, ਉਹਨਾਂ ਸਾਰਿਆਂ ਦੀ ਯੋਨੀ, ਗਰਭ ਧਾਰਨ ਵਾਲੀ ਮਾਤਾ, ਅੱਠ ਭੇਦਾਂ ਵਾਲੀ ਮੂਲ ਪ੍ਰਕ੍ਰਿਤੀ ਹੈ, ਅਤੇ ਮੈਂ ਹੀ ਬੀਜ ਨੂੰ ਸਥਾਪਿਤ ਕਰਨ ਵਾਲਾ ਪਿਤਾ ਹਾਂ। ਹੋਰ ਕੋਈ ਨਾ ਮਾਤਾ ਹੈ, ਨਾ ਪਿਤਾ। ਜਦ ਤਕ ਜੜ–ਚੇਤਨ ਦਾ ਸੰਜੋਗ ਰਹੇਗਾ, ਜਨਮ ਹੁੰਦੇ ਰਹਿਣਗੇ, ਨਿਮਿਤ (ਮਾਧਿਅਮ) ਤਾਂ ਕੋਈ ਨਾ ਕੋਈ ਬਣਦਾ ਹੀ ਰਹੇਗਾ। ਚੇਤਨ ਆਤਮਾ ਜੜ ਪ੍ਰਕ੍ਰਿਤੀ ਵਿਚ ਕਿਉਂ ਬੰਨ੍ਹੀ ਜਾਂਦੀ ਹੈ ? ਇਸਤੇ ਕਹਿੰਦੇ ਹਨ–

**सत्त्वं रजस्तम इति गुणा: प्रकृतिसंभवा: ।**
**निबध्नन्ति महाबाहो देहे देहिनमव्ययम् ।।५ ।।**

ਮਹਾਬਾਹੂ ਅਰਜੁਨ ! ਸਤੋਗੁਣ, ਰਜੋਗੁਣ, ਅਤੇ ਤਮੋਗੁਣ, ਯਾਨੀ ਪ੍ਰਕ੍ਰਿਤੀ ਤੋਂ ਪੈਦਾ ਹੋਏ ਤਿੰਨੋਂ ਗੁਣ ਇਸ ਅਵਿਨਾਸ਼ੀ ਜੀਵਾਤਮਾ ਨੂੰ ਸਰੀਰ ਵਿਚ ਬੰਨ੍ਹਦੇ ਹਨ ਪਰ ਕਿਵੇ?

**तत्र सत्त्वं निर्मलत्वात्प्रकाशकमनामयम् ।**
**सुखसङ्गेन बध्नाति ज्ञानसङ्गेन चानघ ।।६ ।।**

ਨਿਸ਼ਪਾਪ ਅਰਜੁਨ! ਉਹਨਾਂ ਤਿੰਨਾਂ ਗੁਣਾਂ ਵਿਚ ਪ੍ਰਵੇਸ਼ ਕਰਨ ਵਾਲਾ ਨਿਰਵਿਕਾਰ ਸਤੋਗੁਣ ਤਾਂ **'निर्मलत्वात्'**– ਨਿਰਮਲ ਹੋਣ ਦੇ ਕਾਰਨ ਸੁਖ ਅਤੇ ਗਿਆਨ ਦੀ ਆਸਕਤੀ ਨਾਲ ਆਤਮਾ ਨੂੰ ਸਰੀਰ ਨਾਲ ਬੰਨ੍ਹਦਾ ਹੈ। ਸਤੋਗੁਣ ਵੀ ਬੰਧਨ ਹੀ ਹੈ। ਅੰਤਰ ਏਨ੍ਹਾਂ ਹੀ ਹੈ ਕਿ ਸੁਖ ਇਕ ਮਾਤਰ ਪਰਮਾਤਮਾ ਵਿਚ ਹੈ, ਅਤੇ ਗਿਆਨ ਪ੍ਰਤੱਖ ਦਰਸ਼ਨ ਦਾ ਨਾਮ ਹੈ। ਸਤੋਗੁਣੀ ਪੁਰਸ਼ ਤਦ ਤਕ ਬੰਨ੍ਹਿਆ ਹੈ, ਜਦ ਤਕ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਨਹੀਂ ਹੋ ਜਾਂਦਾ।

**रजो रागात्मकं विद्धि तृष्णासङ्गसमुद्भवम् ।**
**तन्निबध्नाति कौन्तेय कर्मसङ्गेन देहिनम् ।।७ ।।**

ਹੇ ਅਰਜੁਨ! ਰਾਗ ਦਾ ਜਿਉਂਦਾ–ਜਾਗਦਾ ਸਵਰੂਪ ਰਜੋਗੁਣ ਹੈ। ਇਸਨੂੰ ਤੂੰ – **'कर्मसंगेन'**–ਕਾਮਨਾ ਅਤੇ ਆਸਕਤੀ ਤੋਂ ਪੈਦਾ ਹੋਇਆ ਜਾਣ। ਉਹ ਜੀਵਾਤਮਾ ਨੂੰ ਕਰਮ ਅਤੇ ਉਸਦੇ ਫਲ ਦੀ ਆਸਕਤੀ ਨਾਲ ਬੰਨ੍ਹਦਾ ਹੈ। ਉਹ ਕਰਮ ਵਿਚ ਪਰਵਰਤਿਤ ਕਰਦਾ ਹੈ।

**तमस्त्वज्ञानजं विद्धि मोहनं सर्वदेहिनाम् ।**
**प्रमादालस्यनिद्राभिस्तन्निबध्नाति भारत ।।८ ।।**

ਅਰਜੁਨ! ਸਾਰੇ ਦੇਹਧਾਰੀਆਂ ਨੂੰ ਮੋਹਣ ਵਾਲੇ ਤਮੋਗੁਣ ਨੂੰ ਤੂੰ ਅਗਿਆਨ ਤੋਂ ਪੈਦਾ ਹੋਇਆ ਜਾਣ। ਉਹ ਇਸ ਆਤਮਾ ਨੂੰ ਪ੍ਰਮਾਦ ਅਰਥਾਤ ਫ਼ਿਜ਼ੂਲ ਹਰਕਤਾਂ, ਆਲਸ (ਕਿ ਕੱਲ੍ਹ ਕਰਾਂਗੇ) ਅਤੇ ਨੀਂਦ ਰਾਹੀਂ ਬੰਨ੍ਹਦਾ ਹੈ। ਨੀਂਦ ਦਾ ਮਤਲਬ ਇਹ ਨਹੀਂ ਕਿ ਤਮੋਗੁਣੀ ਮਨੁੱਖ ਜ਼ਿਆਦਾ ਸੌਂਦਾ ਹੈ। ਸਰੀਰ ਸੌਂਦਾ ਹੋਵੇ ਇਸ ਤਰ੍ਹਾਂ ਗੱਲ ਨਹੀਂ। **'या निशा सर्वभूतानां तस्यां**

**जागर्ति संयमी।'** – ਜਗਤ ਹੀ ਰਾਤ ਹੈ। ਤਮੋਗੁਣੀ ਵਿਅਕਤੀ ਇਸ ਜਗਤਰੂਪੀ ਨਿਸ਼ਾ (ਰਾਤ) ਵਿਚ ਰਾਤ-ਦਿਨ ਰੁੱਝਿਆ ਰਹਿੰਦਾ ਹੈ। ਪ੍ਰਕਾਸ਼ ਸਵਰੂਪ ਵਲੋਂ ਅਚੇਤ ਰਹਿੰਦਾ ਹੈ। ਇਹੋ ਤਮੋਗੁਣੀ ਦੀ ਨੀਂਦ ਹੈ। ਜੋ ਇਸ ਵਿਚ ਫਸਿਆ ਹੈ, ਸੌਂਦਾ ਹੈ। ਹੁਣ ਤਿੰਨਾਂ ਗੁਣਾਂ ਦੇ ਬੰਧਨ ਦਾ ਸਮੂਹਕ ਸਵਰੂਪ ਦਸਦੇ ਹਨ-

**सत्त्वं सुखे संजयति रज: कर्मणि भारत।**
**ज्ञानमावृत्य तु तम: प्रमादे संजयत्युत।।९।।**

ਅਰਜੁਨ! ਸਤੋਗੁਣ ਸੁਖ ਵਿਚ ਲਗਾਉਂਦਾ ਹੈ, ਸ਼ਾਸ਼ਵਤ ਪਰਮਸੁਖ ਦੀ ਧਾਰਾ ਵਿਚ ਲਗਾਉਂਦਾ ਹੈ। ਰਜੋਗੁਣ ਕਰਮ ਵਿਚ ਪਰਵਰਤਿਤ ਕਰਦਾ ਹੈ, ਅਤੇ ਤਮੋਗੁਣ ਗਿਆਨ ਨੂੰ ਢੱਕਕੇ ਪ੍ਰਮਾਦ ਅਰਥਾਤ ਮਨ ਦੀਆਂ ਬੇਅਰਥ ਹਰਕਤਾਂ ਵਿਚ ਲਗਾਉਂਦਾ ਹੈ। ਜਦ ਗੁਣ ਇਕ ਹੀ ਸਥਾਨ ਤੇ, ਇਕ ਹੀ ਹਿਰਦੇ ਵਿਚ ਹਨ, ਤਾਂ ਵੱਖ-ਵੱਖ ਕਿਵੇਂ ਵੰਡੇ ਜਾਂਦੇ ਹਨ ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦਸਦੇ ਹਨ –

**रजस्तमश्चाभिभूय सत्त्वं भवति भारत।**
**रज: सत्त्वं तमश्चैव तम: सत्त्वं रजस्तथा।।१०।।**

ਹੇ ਅਰਜੁਨ ! ਰਜੋਗੁਣ ਤੇ ਤਮੋਗੁਣ ਨੂੰ ਦਬਾਕੇ ਸਤੋਗੁਣ ਵੱਧਦਾ ਹੈ, ਉਸੇ ਤਰ੍ਹਾਂ ਸਤੋਗੁਣ ਤੇ ਤਮੋਗੁਣ ਨੂੰ ਦਬਾਕੇ ਰਜੋਗੁਣ ਵੱਧਦਾ ਹੈ, ਅਤੇ ਇਸੇ ਪ੍ਰਕਾਰ ਰਜੋਗੁਣ ਤੇ ਸਤੋਗੁਣ ਨੂੰ ਦਬਾਕੇ ਤਮੋਗੁਣ ਵੱਧਦਾ ਹੈ। ਇਹ ਕਿਵੇਂ ਪਹਿਚਾਨਿਆ ਜਾਏ ਕਿ ਕਦੋਂ ਤੇ ਕਿਹੜਾ ਗੁਣ ਕੰਮ ਕਰ ਰਿਹਾ ਹੈ ?

**सर्वद्वारेषु देहेऽस्मिन्प्रकाश उपजायते।**
**ज्ञानं यदा तदा विद्याद्विवृद्धं सत्त्वमित्युत।।११।।**

ਜਿਸ ਸਮੇਂ ਇਸ ਸਰੀਰ, ਅੰਤਰਮਨ ਅਤੇ ਸਾਰੀਆਂ ਇੰਦ੍ਰੀਆਂ ਵਿਚ ਈਸ਼ਵਰੀ ਪ੍ਰਕਾਸ਼ ਅਤੇ ਬੋਧ-ਸ਼ਕਤੀ ਪੈਦਾ ਹੁੰਦੀ ਹੈ, ਉਸ ਸਮੇਂ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਸਤੋਗੁਣ ਵਿਸ਼ੇਸ਼ ਰੂਪ ਨਾਲ ਵਧਿਆ ਹੈ।

**लोभ: प्रवृत्तिरारम्भ: कर्मणामशम: स्पृहा।**
**रजस्येतानि जायन्ते विवृद्धे भरतर्षभ।।१२।।**

ਹੇ ਅਰਜੁਨ! ਰਜੋਗੁਣ ਦੀ ਵਿਸ਼ੇਸ਼ ਬਹੁਲਤਾ ਹੋਣ ਤੇ ਲੋਭ, ਕਾਰਜ ਵਿਚ ਪ੍ਰਵਿਰਤ ਹੋਣ ਦੀ ਕੋਸ਼ਿਸ਼, ਕਰਮਾਂ ਦਾ ਆਰੰਭ, ਅਸ਼ਾਂਤੀ ਅਰਥਾਤ ਮਨ ਦੀ ਚੰਚਲਤਾ, ਵਿਸ਼ੈ-ਭੋਗਾਂ ਦੀ ਲਾਲਸਾ, ਇਹ ਸਭ ਪੈਦਾ ਹੁੰਦੇ ਹਨ। ਹੁਣ ਤਮੋਗੁਣ ਦੀ ਬਹੁਲਤਾ ਹੋਣ ਤੇ ਕੀ ਹੁੰਦਾ ਹੈ ?

**अप्रकाशोऽप्रवृत्तिश्च प्रमादो मोह एव च।**
**तमस्येतानि जायन्ते विवृद्धे कुरुनन्दन।।१३।।**

ਅਰਜੁਨ! ਤਮੋਗੁਣ ਦੇ ਵੱਧਣ ਨਾਲ – **'अप्रकाश:'** (ਪ੍ਰਕਾਸ਼ ਪਰਮਾਤਮਾ ਦਾ ਪ੍ਰਤੀਕ ਹੈ), ਈਸ਼ਵਰੀ ਪ੍ਰਕਾਸ਼ ਦੇ ਵਲ ਨਾ ਵੱਧਣ ਦਾ ਸੁਭਾਅ, – **'कार्यम् कर्म'** – ਜੋ ਕਰਨ ਯੋਗ ਕ੍ਰਿਆ ਵਿਸ਼ੇਸ਼ ਹੈ, ਉਸ ਵਿਚ ਮਨ ਨਾ ਲੱਗਣਾ, ਅੰਤਰਮਨ ਵਿਚ ਵਿਅਰਥ ਹਰਕਤਾਂ ਦਾ ਪ੍ਰਵਾਹ ਅਤੇ

ਸੰਸਾਰ ਵਲ ਮੋਹਿਤ ਕਰਨ ਵਾਲੀ ਪ੍ਰਵਿਰਤੀ-ਇਹ ਸਭ ਪੈਦਾ ਹੁੰਦੇ ਹਨ। ਤਾਂ ਇਹਨਾਂ ਗੁਣਾਂ ਦੀ ਜਾਣਕਾਰੀ ਨਾਲ ਲਾਭ ਕੀ ਹੈ ?

**यदा सत्त्वे प्रवृद्धे तु प्रलयं याति देहभृत्।**
**तदोत्तमविदां लोकानमलान्प्रतिपद्यते।।१४।।**

ਜਦੋਂ ਇਹ ਜੀਵਾਤਮਾ ਸਤੋਗੁਣ ਦੀ ਬਹੁਲਤਾ ਦੇ ਸਮੇਂ ਮੌਤ ਨੂੰ ਪ੍ਰਾਪਤ ਹੁੰਦਾ ਹੈ, ਸਰੀਰ-ਤਿਆਗ ਕਰਦਾ ਹੈ, ਤਾਂ ਉੱਤਮ ਕਰਮ ਕਰਨ ਦੇ ਕਾਰਨਨਿਰਮਲ ਦਿੱਵ ਲੋਕਾਂ ਨੂੰ ਪ੍ਰਾਪਤ ਹੁੰਦਾ ਹੈ ਅਤੇ-

**रजसि प्रलयं गत्वा कर्मसङ्गिषु जायते।**
**तथा प्रलीनस्तमसि मूढयोनिषु जायते।।१५।।**

ਰਜੋਗੁਣ ਦੀ ਬੜ੍ਹੋਤਰੀ ਦੇ ਸਮੇਂ ਮੌਤ ਨੂੰ ਪ੍ਰਾਪਤ ਹੋਣ ਵਾਲਾ ਮਨੁੱਖ, ਕਰਮਾਂ ਦੇ ਸਨੇਹ ਵਾਲੇ ਮਨੁੱਖਾਂ ਵਿਚ ਜਨਮ ਲੈਂਦਾ ਹੈ, ਅਤੇ ਤਮੋਗੁਣ ਦੀ ਵ੍ਰਿਧੀ ਦੇ ਸਮੇਂ ਮਰਨ ਵਾਲਾ ਮਨੁੱਖ ਮੂੜ ਯੋਨੀਆਂ ਵਿਚ ਜਨਮ ਲੈਂਦਾ ਹੈ, ਜਿਸ ਵਿਚ ਕੀਟ-ਪਤੰਗੇ ਆਦਿ ਤਕ ਦੀਆਂ ਯੋਨੀਆਂ ਦਾ ਵਿਸਤਾਰ ਹੈ। ਇਸ ਲਈ ਗੁਣਾਂ ਵਿਚ ਵੀ ਮਨੁੱਖ ਨੂੰ ਸਾਤਵਿਕ ਗੁਣਾਂ ਵਾਲਾ ਹੋਣਾ ਚਾਹੀਦਾ ਹੈ। ਪ੍ਰਕ੍ਰਿਤੀ ਦਾ ਇਹ ਬੈਂਕ ਤੁਹਾਡੇ ਅਰਜਿਤ ਗੁਣਾਂ ਨੂੰ ਮੌਤ ਦੇ ਬਾਅਦ ਵੀ ਸਹੀ-ਸਲਾਮਤ ਤੁਹਾਨੂੰ ਵਾਪਸ ਕਰਦਾ ਹੈ। ਹੁਣ ਵੇਖੀਏ ਇਸਦਾ ਪਰਿਣਾਮ-

**कर्मणः सुकृतस्याहुः सात्त्विकं निर्मलं फलम्।**
**रजसस्तु फलं दुःखमज्ञानं तमसः फलम्।।१६।।**

ਸਾਤਵਿਕ ਕਰਮ ਦਾ ਫਲ ਸਾਤਵਿਕ, ਨਿਰਮਲ ਸੁਖ, ਗਿਆਨ ਅਤੇ ਵੈਰਾਗ ਆਦਿ ਕਿਹਾ ਗਿਆ ਹੈ। ਰਾਜਸੀ ਕਰਮ ਦਾ ਫਲ ਦੁੱਖ ਅਤੇ ਤਾਮਸੀ ਕਰਮ ਦਾ ਫਲ ਅਗਿਆਨ ਹੈ। ਅਤੇ-

**सत्त्वात्संजायते ज्ञानं रजसो लोभ एव च।**
**प्रमादमोहौ तमसो भवतोऽज्ञानमेव च।।१७।।**

ਸਤੋਗੁਣ ਤੋਂ ਗਿਆਨ ਉਤਪੰਨ ਹੁੰਦਾ ਹੈ (ਈਸ਼ਵਰੀ ਅਨੁਭੂਤੀ ਦਾ ਨਾਮ ਗਿਆਨ ਹੈ), ਈਸ਼ਵਰੀ ਅਨੁਭੂਤੀ ਦਾ ਪ੍ਰਵਾਹ ਹੁੰਦਾ ਹੈ। ਰਜੋਗੁਣ ਤੋਂ ਬੇਸ਼ੱਕ ਲੋਭ ਉਤਪੰਨ ਹੁੰਦਾ ਹੈ ਅਤੇ ਤਮੋਗੁਣ ਤੋਂ ਪ੍ਰਮਾਦ, ਮੋਹ, ਆਲਸ (ਅਗਿਆਨ) ਹੀ ਉਤਪੰਨ ਹੁੰਦਾ ਹੈ। ਤਾਂ ਇਹ ਪੈਦਾ ਹੋਕੇ ਕਿਹੜੀ ਗਤਿ ਦੇਂਦੇ ਹਨ?

**ऊर्ध्वं गच्छन्ति सत्त्वस्था मध्ये तिष्ठन्ति राजसाः।**
**जघन्यगुणवृत्तिस्था अधो गच्छन्ति तामसाः।।१८।।**

ਸਤਿਗੁਰੂ ਵਿਚ ਸਥਿਰ ਹੋਇਆ ਪੁਰਸ਼ - '**ऊर्ध्वमूलं**'- ਉਸ ਮੂਲ ਪਰਮਾਤਮਾ ਵਲ ਪ੍ਰਵਾਹਿਤ ਹੁੰਦਾ ਹੈ, ਨਿਰਮਲ ਲੋਕਾਂ ਵਲ ਜਾਂਦਾ ਹੈ। ਰਜੋਗੁਣ ਵਿਚ ਸਥਿਤ ਰਾਜਸ ਪੁਰਸ਼ ਮੱਧਮ ਸ਼੍ਰੇਣੀ ਦਾ ਮਨੁੱਖ ਹੁੰਦਾ ਹੈ, ਜਿਸ ਕੋਲ ਨਾ '**सात्विकं**'- ਵਿਵੇਕ-ਵੈਰਾਗ ਹੀ ਹੁੰਦਾ ਹੈ ਅਤੇ ਨਾ ਅਧਮ ਕੀਟ-ਪਤੰਗ ਯੋਨੀਆਂ ਵਿਚ ਜਾਂਦਾ ਹੈ, ਬਲਕਿ ਪੁਨਰ ਜਨਮ ਨੂੰ ਪ੍ਰਾਪਤ ਹੁੰਦਾ

ਹੈ,ਅਤੇ ਨਿੰਦਿਆ ਯੋਗ ਤਮੋਗੁਣ ਵਿਚ ਸਥਿਤ ਹੋਇਆ ਤਾਮਸੀ ਮਨੁੱਖ **'अधोगति:'** – ਅਧੋਗਤਿ ਅਰਥਾਤ ਪਸ਼ੂ-ਪੰਛੀ, ਕੀਟ-ਪਤੰਗ ਆਦਿ ਅਧਮ ਯੋਨੀਆਂ ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਤਿੰਨੋਂ ਗੁਣ ਕਿਸੇ ਨਾ ਕਿਸੇ ਰੂਪ ਵਿਚ ਯੋਨੀ ਦੇ ਹੀ ਕਾਰਨ ਹਨ। ਜੋ ਪੁਰਸ਼ ਗੁਣਾਂ ਨੂੰ ਪਾਰ ਕਰ ਲੈਂਦੇ ਹਨ, ਉਹ ਜਨਮ ਮਰਨ ਦੇ ਬੰਧਨ ਤੋਂ ਛੁੱਟ ਜਾਂਦੇ ਹਨ ਅਤੇ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦੇ ਹਨ। ਫੇਰ ਇਸਤੇ ਉਹ ਦੱਸਦੇ ਹਨ-

**नान्यं गुणेभ्य: कर्तारं यदा द्रष्टानुपश्यति।**
**गुणेभ्यश्च परं वेत्ति मद्भावं सोऽधिगच्छति।।१९।।**

ਜਿਸ ਸਮੇਂ ਵਿਚ ਦ੍ਰਿਸ਼ਟਾ ਆਤਮਾ ਤਿੰਨਾਂ ਗੁਣਾਂ ਦੇ ਇਲਾਵਾ ਹੋਰ ਕਿਸੇ ਨੂੰ ਕਰਤਾ ਨਹੀਂ ਵੇਖਦਾ ਹੈ, ਤਿੰਨਾਂ ਗੁਣਾਂ ਤੋਂ ਅਤਿਅੰਤ ਪਰੇ ਪਰਮਤੱਤ ਨੂੰ **'वेत्ति'** – ਵਿਦਿਤ ਕਰ ਲੈਂਦਾ ਹੈ, ਉਸੇ ਸਮੇਂ ਉਹ ਪੁਰਸ਼ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦਾ ਹੈ। ਇਹ ਬੌਧਿਕ ਮਾਨਤਾ ਨਹੀਂ ਹੈ ਕਿ ਗੁਣ ਗੁਣਾਂ ਵਿਚ ਚਲਦੇ ਹਨ। ਸਾਧਨਾ ਕਰਦੇ-ਕਰਦੇ ਇਕ ਐਸੀ ਅਵਸਥਾ ਆਉਂਦੀ ਹੈ, ਜਦੋਂ ਉਸ ਪਰਮ ਦੀ ਅਨੁਭੂਤੀ ਹੁੰਦੀ ਹੈ, ਤਾਂ ਗੁਣਾਂ ਦੇ ਸਿਵਾਇ ਕੋਈ ਕਰਤਾ ਨਹੀਂ ਦਿਸਦਾ, ਉਸ ਸਮੇਂ ਪੁਰਸ਼ ਤਿੰਨਾਂ ਗੁਣਾਂ ਤੋਂ ਅਤੀਤ ਹੋ ਜਾਂਦਾ ਹੈ। ਇਹ ਕਲਪਿਤ ਮਾਨਤਾ ਨਹੀਂ ਹੈ, ਇਸੇ ਦੇ ਬਾਰੇ ਅੱਗੇ ਕਹਿੰਦੇ ਹਨ-

**गुणानेतानतीत्य त्रीन्देही देहसमुद्भवान्।**
**जन्ममृत्युजरादु:खैर्विमुक्तोऽमृतमश्नुते।।२०।।**

ਪੁਰਸ਼ ਇਹਨਾਂ ਸਥੂਲ ਸਰੀਰਾਂ ਦੀ ਉਤਪੱਤੀ ਦੇ ਕਾਰਨਰੂਪ ਤਿੰਨਾਂ ਗੁਣਾਂ ਤੋਂ ਅਤੀਤ ਹੋਕੇ, ਜਨਮ-ਮਰਨ-ਬਿਰਧ ਅਵਸਥਾ ਅਤੇ ਸਭ ਤਰ੍ਹਾਂ ਦੇ ਦੁੱਖਾਂ ਤੋਂ ਵਿਸ਼ੇਸ਼ ਤੌਰ ਨਾਲ ਮੁਕਤ ਹੋਕੇ ਅੰਮ੍ਰਿਤ ਤੱਤ ਦਾ ਪਾਨ ਕਰਦਾ ਹੈ। ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ

**ਅਰਜੁਨ ਉਵਾਚ-**

**कैर्लिङ्गैस्त्रीन्गुणानेतानतीतो भवति प्रभो।**
**किमाचार: कथं चैतांस्त्रीन्गुणानतिवर्तते।।२१।।**

ਪ੍ਰਭੂ! ਇਹਨਾਂ ਤਿੰਨਾਂ ਗੁਣਾਂ ਤੋਂ ਅਤੀਤ ਹੋਇਆ ਪੁਰਸ਼ ਕਿਹੜੇ-ਕਿਹੜੇ ਲੱਛਣਾਂ ਵਾਲਾ ਹੁੰਦਾ ਹੈ? ਅਤੇ ਉਹ ਕਿਸ ਪ੍ਰਕਾਰ ਦੇ ਆਚਰਣਾਂ ਵਾਲਾ ਹੁੰਦਾ ਹੈ? ਅਤੇ ਮਨੁੱਖ ਕਿਸ ਉਪਾਅ ਨਾਲ ਇਹਨਾਂ ਤਿੰਨਾਂ ਗੁਣਾਂ ਤੋਂ ਅਤੀਤ ਹੁੰਦਾ ਹੈ ?

**ਸ਼੍ਰੀ ਭਗਵਾਨ ਉਵਾਚ-**

**प्रकाशं च प्रवृतिं च मोहमेव च पाण्डव।**
**न द्वेष्टि संप्रवृत्तानि न निवृत्तानि काङ्क्षति।।२२।।**

ਅਰਜੁਨ ਦੇ ਉਪਰੋਕਤ ਤਿੰਨਾਂ ਪ੍ਰਸ਼ਨਾਂ ਦਾ ਉੱਤਰ ਦੇਂਦੇ ਹੋਏ ਯੋਗੇਸ਼ਵਰ ਨੇ ਕਿਹਾ ਅਰਜੁਨ! ਜੋ ਪੁਰਸ਼ ਸਤੋਗੁਣ ਦੇ ਕਾਰਜਰੂਪ ਈਸ਼ਵਰੀ ਪ੍ਰਕਾਸ਼, ਰਜੋਗੁਣ ਦੇ ਕਾਰਜਰੂਪ ਪ੍ਰਕ੍ਰਿਤੀ ਅਤੇ ਤਮੋਗੁਣ ਦੇ ਕਾਰਜਰੂਪ ਮੋਹ ਨੂੰ ਨਾਂ ਤਾਂ ਪ੍ਰਵਿਰਤ ਹੋਕੇ ਬੁਰਾ ਸਮਝਦਾ ਹੈ ਅਤੇ ਨਾ ਹੀ ਨਿਰਵਿਰਤ ਹੋਕੇ ਉਹਨਾਂ ਦੀ ਇੱਛਾ ਕਰਦਾ ਹੈ। ਅਤੇ

**उदासीनवदासीनो गुणैर्यो न विचाल्यते।**
**गुणा वर्तन्त इत्येव योऽवतिष्ठति नेङ्गते॥२३॥**

ਜੋ ਇਸ ਪ੍ਰਕਾਰ ਉਦਾਸੀਨ ਦੀ ਤਰ੍ਹਾਂ ਸਥਿਤ ਹੋਇਆ ਗੁਣਾਂ ਰਾਹੀਂ ਵਿਚਲਿਤ ਨਹੀਂ ਕੀਤਾ ਜਾ ਸਕਦਾ, ਗੁਣ ਗੁਣਾਂ ਵਿਚ ਹੀ ਚਲਦੇ ਹਨ, ਇਸ ਤਰ੍ਹਾਂ ਯਥਾਰਥ ਨਾਲ ਜਾਣਕੇ ਉਸ ਸਥਿਤੀ ਵਿਚੋਂ ਅਸਥਿਰ ਨਹੀਂ ਹੁੰਦਾ, ਤਦੋਂ ਹੀ ਉਹ ਗੁਣਾਂ ਤੋਂ ਅਤੀਤ ਹੁੰਦਾ ਹੈ।

**समदु:खसुख: स्वस्थ: समलोष्टाश्मकाञ्चन:।**
**तुल्यप्रियाप्रियो धीरस्तुल्यनिन्दात्मसंस्तुति॥२४॥**
**मानापमानयोस्तुल्यस्तुल्यो मित्रारिपक्षयो:।**
**सर्वारम्भपरित्यागी गुणातीत: स उच्यते॥२५॥**

ਜੋ ਮਾਨ ਅਤੇ ਅਪਮਾਨ ਵਿਚ ਬਰਾਬਰ ਹੈ, ਮੀਤ ਅਤੇ ਵੈਰੀ ਪੱਖ ਵਿਚ ਵੀ ਬਰਾਬਰ ਹੈ, ਉਹ ਸਾਰੇ ਆਰੰਭਾਂ ਤੋਂ ਰਹਿਤ ਹੋਇਆ ਪੁਰਸ਼ ਗੁਣਾਂ ਤੋਂ ਅਤੀਤ ਕਿਹਾ ਜਾਂਦਾ ਹੈ।

ਸ਼ਲੋਕ ਬਾਈ ਤੋਂ ਪੰਜੀ ਤਕ ਗੁਣਾਂ ਤੋਂ ਅਤੀਤ ਪੁਰਸ਼ ਦੇ ਲੱਛਣ ਅਤੇ ਆਚਰਣ ਦੱਸੇ ਗਏ ਕਿ ਉਹ ਅਸਥਿਰ ਨਹੀਂ ਹੁੰਦਾ, ਗੁਣਾਂ ਰਾਹੀਂ ਵਿਚਲਿਤ ਨਹੀਂ ਕੀਤਾ ਜਾ ਸਕਦਾ, ਸਥਿਰ ਰਹਿੰਦਾ ਹੈ। ਹੁਣ ਦੱਸਦੇ ਹਨ ਕਿ ਗੁਣਾਂ ਤੋਂ ਅਤੀਤ ਹੋਣ ਦੀ ਵਿਧੀ ਕੀ ਹੈ–

**मां च योऽव्यभिचारेण भक्तियोगेन सेवते।**
**स गुणान्समतीत्यैतान्ब्रह्मभूयाय कल्पते॥२६॥**

ਜੋ ਪੁਰਸ਼ ਅਵਿਅਭੀਚਾਰਣੀ ਭਗਤੀ ਰਾਹੀਂ, ਅਰਥਾਤ ਇਸ਼ਟ ਦੇ ਇਲਾਵਾ ਹੋਰ ਸੰਸਾਰਿਕ ਚਿੰਤਨ ਤੋਂ ਬਿਲਕੁਲ ਰਹਿਤ ਹੋਕੇ, ਯੋਗ ਦੁਆਰਾ, ਅਰਥਾਤ ਉਸੇ ਨਿਰਧਾਰਤ ਕਰਮ ਦੁਆਰਾ ਮੈਨੂੰ ਨਿਰੰਤਰ ਭਜਦਾ ਹੈ, ਉਹ ਇਹਨਾਂ ਤਿੰਨਾਂ ਗੁਣਾਂ ਦਾ ਚੰਗੀ ਤਰ੍ਹਾਂ ਪਾਰ ਪਾਕੇ ਪਾਰਬ੍ਰਹਮ ਦੇ ਨਾਲ ਇਕ ਹੋਣ ਦੇ ਯੋਗ ਹੁੰਦਾ ਹੈ, ਜਿਸਦਾ ਨਾਮ ਕੱਲਪ ਹੈ। ਬ੍ਰਹਮ ਨਾਲ ਏਕਾਭਾਵ ਹੋ ਜਾਣਾ ਹੀ ਵਾਸਤਵਿਕ ਕੱਲਪ ਹੈ। ਸ਼ਰਧਾ ਭਾਵ ਨਾਲ ਨਿਰਧਾਰਤ ਕਰਮ ਦਾ ਆਚਰਣ ਕੀਤੇ ਬਿਨਾਂ ਕੋਈ ਵੀ ਗੁਣਾਂ ਤੋਂ ਅਤੀਤ ਨਹੀਂ ਹੁੰਦਾ। ਅੰਤ ਨੂੰ ਯੋਗੇਸ਼ਵਰ ਫੈਸਲਾ ਦੇਂਦੇ ਹਨ–

**ब्रह्मणो हि प्रतिष्ठाहममृतस्याव्ययस्य च।**
**शाश्वतस्य च धर्मस्य सुखस्यैकान्तिकस्य च॥२७॥**

ਹੇ ਅਰਜੁਨ! ਉਸ ਅਵਿਨਾਸ਼ੀ ਬ੍ਰਹਮ ਦਾ (ਜਿਸਦੇ ਨਾਲ ਉਹ ਕੱਲਪ ਕਰਦਾ ਹੈ, ਜਿਸ ਵਿਚ ਉਹ ਗੁਣਾਂ ਤੋਂ ਅਤੀਤ ਪੁਰਸ਼ ਏਕਾਭਾਵ ਨਾਲ ਪ੍ਰਵੇਸ਼ ਕਰਦਾ ਹੈ) ਅੰਮ੍ਰਿਤ ਦਾ, ਸ਼ਾਸ਼ਵਤ ਧਰਮ ਦਾ ਅਤੇ ਉਸ ਅਖੰਡ ਇਕਰਸ ਆਨੰਦ ਦਾ ਮੈਂ ਹੀ ਆਸਰਾ ਹਾਂ, ਅਰਥਾਤ ਪਰਮਾਤਮਾ–ਸਥਿਤ ਸਤਿਗੁਰੂ ਹੀ ਇਹਨਾਂ ਸਾਰਿਆਂ ਦਾ ਆਸਰਾ ਹੈ। ਕ੍ਰਿਸ਼ਣ ਇਕ ਯੋਗੇਸ਼ਵਰ ਸਨ। ਹੁਣ ਜੇ ਤੁਹਾਨੂੰ ਅਵਿਅਕਤ, ਅਵਿਨਾਸ਼ੀ, ਬ੍ਰਹਮ, ਸ਼ਾਸ਼ਵਤ ਧਰਮ, ਅਖੰਡ, ਇਕਰਸ ਆਨੰਦ ਦੀ ਲੋੜ ਹੈ, ਤਾਂ ਕਿਸੇ ਤੱਤ–ਸਥਿਤ, ਅਵਿਅਕਤ–ਸਥਿਤ ਮਹਾਪੁਰਸ਼ ਦੀ ਸ਼ਰਨ ਲਉ। ਉਹਨਾਂ ਦੇ ਰਾਹੀਂ ਹੀ ਇਹ ਮੁਮਕਿਨ ਹੈ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ, ਅਰਜੁਨ! ਗਿਆਨਾਂ ਵਿਚ ਵੀ ਅਤਿ ਉੱਤਮ, ਪਰਮ ਗਿਆਨ ਮੈਂ ਫੇਰ ਤੋਂ ਤੇਰੇ ਲਈ ਕਹਾਂਗਾ। ਜਿਸਨੂੰ ਜਾਣਕੇ ਮੁਨੀਜਨ ਉਪਾਸਨਾ ਦੁਆਰਾ ਮੇਰੇ ਸਵਰੂਪ ਨੂੰ ਪ੍ਰਾਪਤ ਹੁੰਦੇ ਹਨ, ਅਤੇ ਫੇਰ ਸ੍ਰਿਸ਼ਟੀ ਦੇ ਆਦਿ ਵਿਚ ਉਹ ਜਨਮ ਨਹੀਂ ਲੈਂਦੇ; ਪਰ ਸਰੀਰ ਦਾ ਅੰਤ ਤਾਂ ਹੋਣਾ ਹੀ ਹੈ। ਉਸ ਸਮੇਂ ਉਹ ਵਿਆਕੁਲ ਨਹੀਂ ਹੁੰਦੇ। ਉਹ ਦਰਅਸਲ ਸਰੀਰ ਤਾਂ ਉਸੇ ਦਿਨ ਤਿਆਗ ਛੱਡਦੇ ਹਨ, ਜਿਸ ਦਿਨ ਸਵਰੂਪ ਨੂੰ ਪ੍ਰਾਪਤ ਹੁੰਦੇ ਹਨ। ਪ੍ਰਾਪਤੀ ਜਿਉਂਦੇ-ਜੀ ਹੀ ਹੁੰਦੀ ਹੈ, ਪਰ ਸਰੀਰ ਦਾ ਅੰਤ ਹੋਣ ਦੇ ਸਮੇਂ ਵੀ ਉਹ ਦੁਖੀ ਨਹੀਂ ਹੁੰਦੇ।

ਪ੍ਰਕ੍ਰਿਤੀ ਤੋਂ ਹੀ ਪੈਦਾ ਹੋਏ ਰਜ, ਸਤਿ ਅਤੇ ਤਮ-ਤਿੰਨੋਂ ਗੁਣ ਹੀ ਇਸ ਜੀਵਾਤਮਾ ਨੂੰ ਸਰੀਰ ਨਾਲ ਬੰਨ੍ਹਦੇ ਹਨ। ਦੋ ਗੁਣਾਂ ਨੂੰ ਦਬਾਕੇ ਤੀਜਾ ਗੁਣ ਵਧਾਇਆ ਜਾ ਸਕਦਾ ਹੈ। ਗੁਣ ਪਰਿਵਰਤਨਸ਼ੀਲ ਹਨ। ਪ੍ਰਕ੍ਰਿਤੀ, ਜੋ ਅਨਾਦਿ ਹੈ, ਨਸ਼ਟ ਨਹੀਂ ਹੁੰਦੀ, ਬਲਕਿ ਗੁਣਾਂ ਦਾ ਪ੍ਰਭਾਵ ਟਾਲਿਆ ਜਾ ਸਕਦਾ ਹੈ। ਗੁਣ ਮਨ ਉਤੇ ਪ੍ਰਭਾਵ ਪਾਉਂਦੇ ਹਨ। ਜਦ ਸਤੋਗੁਣ ਦੀ ਬਹੁਲਤਾ ਹੁੰਦੀ ਹੈ, ਤਾਂ ਈਸ਼ਵਰੀ ਪ੍ਰਕਾਸ਼ ਅਤੇ ਬੋਧਸ਼ਕਤੀ ਰਹਿੰਦੀ ਹੈ। ਰਜੋਗੁਣ ਰਾਗਾਤਮਕ ਹੈ। ਉਸ ਸਮੇਂ ਕਰਮ ਦਾ ਲੋਭ ਰਹਿੰਦਾ ਹੈ, ਆਸਕਤੀ ਰਹਿੰਦੀ ਹੈ, ਅਤੇ ਅੰਤਰਮਨ ਵਿਚ ਤਮੋਗੁਣ ਵੱਧ ਜਾਣ ਨਾਲ ਆਲਸ-ਪ੍ਰਮਾਦ (ਬੇਧਿਆਨੀ) ਘੇਰਦੇ ਹਨ। ਸਤੋਗੁਣ ਵੱਧਣ ਨਾਲ ਮੌਤ ਦੇ ਸਮੇਂ ਮਨੁੱਖ ਉੱਪਰ ਵਾਲੇ ਨਿਰਮਲ ਲੋਕਾਂ ਵਿਚ ਜਨਮ ਲੈਂਦਾ ਹੈ। ਰਜੋਗੁਣ ਵੱਧ ਜਾਣ ਦੇ ਸਮੇਂ ਮਰਨ ਵਾਲਾ ਮਨੁੱਖ ਮਨੁੱਖ-ਯੋਨੀ ਵਿਚ ਹੀ ਮੁੜ ਜਨਮ ਲੈਂਦਾ ਹੈ ਅਤੇ ਤਮੋਗੁਣ ਦੀ ਬਹੁਲਤਾ ਦੇ ਸਮੇਂ ਮਰਨ ਵਾਲਾ ਅਧਮ ਯੋਨੀ (ਪਸ਼ੂ-ਕੀਟ-ਪਤੰਗ ਆਦਿ) ਵਿਚ ਪੈਦਾ ਹੁੰਦਾ ਹੈ। ਇਸ ਲਈ ਮਨੁੱਖ ਨੂੰ ਉੱਚੇ ਸਾਤਵਿਕ ਗੁਣ ਵਲ ਵੱਧਣਾ ਚਾਹੀਦਾ ਹੈ। ਦਰਅਸਲ ਤਿੰਨੋਂ ਗੁਣ ਕਿਸੇ ਨਾ ਕਿਸੇ ਯੋਨੀ ਦੇ ਕਾਰਣਰੂਪ ਹੀ ਹਨ। ਗੁਣ ਹੀ ਆਤਮਾ ਨੂੰ ਸਰੀਰ ਨਾਲ ਬੰਨ੍ਹਦੇ ਹਨ। ਇਸ ਲਈ ਗੁਣਾਂ ਤੋਂ ਅਤੀਤ ਹੋਣਾ ਚਾਹੀਦਾ ਹੈ।

ਜਿਹੜੇ ਗੁਣਾਂ ਤੋਂ ਉਹ ਪੁਰਸ਼ ਅਤੀਤ ਹੁੰਦੇ ਹਨ, ਉਸਦਾ ਸਵਰੂਪ ਦੱਸਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਅਸ਼ਟਧਾ ਮੂਲ ਪ੍ਰਕ੍ਰਿਤੀ ਗਰਭ ਨੂੰ ਧਾਰਨ ਕਰਨ ਵਾਲੀ ਮਾਤਾ ਹੈ ਅਤੇ ਮੈਂ ਹੀ ਬੀਜਰੂਪ ਪਿਤਾ ਹਾਂ, ਹੋਰ ਕੋਈ ਨਾ ਮਾਤਾ ਹੈ, ਨਾ ਪਿਤਾ ਹੈ। ਜਦ ਤਕ ਇਹ ਸਿਲਸਿਲਾ ਰਹੇਗਾ, ਤਦ ਤਕ ਚਲ-ਅਚਲ ਜਗਤ ਵਿਚ ਨਿਮਿਤ (ਮਾਧਿਅਮ) ਰੂਪ ਵਾਲੇ ਕੋਈ ਨਾ ਕੋਈ ਮਾਤਾ-ਪਿਤਾ ਬਣਦੇ ਰਹਿਣਗੇ, ਪਰ ਅਸਲ ਵਿਚ ਪ੍ਰਕ੍ਰਿਤੀ ਹੀ ਮਾਤਾ ਹੈ, ਮੈਂ ਹੀ ਪਿਤਾ ਹਾਂ।

ਇਸ ਤੇ ਅਰਜੁਨ ਨੇ ਤਿੰਨ ਪ੍ਰਸ਼ਨ ਕੀਤੇ ਕਿ ਗੁਣਾਂ ਤੋਂ ਅਤੀਤ ਪੁਰਸ਼ ਦੇ ਲੱਛਣ ਕੀ ਹਨ? ਉਸਦਾ ਆਚਰਣ ਕੀ ਹੈ ? ਇਸਤੇ ਯੋਗੇਸ਼ਵਰ ਨੇ ਗੁਣਾਂ ਤੋਂ ਅਤੀਤ ਪੁਰਸ਼ ਦੇ ਲੱਛਣ ਦੱਸੇ, ਆਚਰਣ ਦੱਸੇ ਅਤੇ ਅੰਤ ਨੂੰ ਗੁਣਾਂ ਤੋਂ ਅਤੀਤ ਹੋਣ ਦਾ ਉਪਾਅ ਦੱਸਿਆ ਕਿ ਜੋ ਪੁਰਸ਼ ਅਵਿਅਭਿਚਾਰਿਣੀ ਭਗਤੀ ਅਤੇ ਯੋਗ ਰਾਹੀਂ ਨਿਰੰਤਰ ਮੈਨੂੰ ਭਜਦਾ ਹੈ, ਉਹ ਤਿੰਨਾਂ ਗੁਣਾਂ ਤੋਂ ਅਤੀਤ ਹੋ ਜਾਂਦਾ ਹੈ। ਹੋਰ ਕਿਸੇ ਦਾ ਚਿੰਤਨ ਨਾ ਕਰਦੇ ਹੋਏ, ਨਿਰੰਤਰ ਇਸ਼ਟ ਦਾ ਚਿੰਤਨ ਕਰਨਾ ਅਵਿਅਭਿਚਾਰਿਣੀ ਭਗਤੀ ਹੈ। ਜੋ ਸੰਸਾਰ ਦੇ ਸੰਜੋਗ-ਵਿਯੋਗ ਤੋਂ ਪੂਰਾ ਰਹਿਤ ਹੈ, ਉਸੇ ਦਾ ਨਾਮ ਯੋਗ ਹੈ, ਉਸਨੂੰ ਕਾਰਜਰੂਪ ਦੇਣ ਦੀ ਵਿਧੀ ਦਾ ਨਾਮ ਕਰਮ ਹੈ। ਯੱਗ ਜਿਸ ਨਾਲ ਪੂਰਾ ਹੁੰਦਾ ਹੈ, ਉਹ ਹਰਕਤ ਕਰਮ ਹੈ। ਅਵਿਅਭਿਚਾਰਿਣੀ ਭਗਤੀ ਰਾਹੀਂ ਉਸ ਨਿਰਧਾਰਤ ਕਰਮ ਦੇ ਆਚਰਣ ਨਾਲ ਹੀ ਪੁਰਸ਼ ਤਿੰਨਾਂ ਗੁਣਾਂ ਤੋਂ ਅਤੀਤ ਹੁੰਦਾ ਹੈ, ਅਤੇ ਅਤੀਤ ਹੋਕੇ ਬ੍ਰਹਮ ਨਾਲ

ਏਕਾਭਾਵ ਲਈ ਪੂਰਨ ਕੱਲਪ ਨੂੰ ਪ੍ਰਾਪਤ ਹੋਣ ਦੇ ਯੋਗ ਹੁੰਦਾ ਹੈ। ਗੁਣ ਜਿਸ ਮਨ ਉਤੇ ਪ੍ਰਭਾਵ ਪਾਉਂਦੇ ਹਨ, ਉਸਦੇ ਵਿਲੀਨ ਹੁੰਦਿਆਂ ਹੀ ਬ੍ਰਹਮ ਨਾਲ ਏਕਾਭਾਵ ਹੋ ਜਾਂਦਾ ਹੈ। ਇਹੋ ਅਸਲੀ ਕੱਲਪ ਹੈ। ਇਸ ਲਈ ਬਿਨਾਂ ਭਜਨ ਕੀਤੇ ਕੋਈ ਗੁਣਾਂ ਤੋਂ ਅਤੀਤ ਨਹੀਂ ਹੁੰਦਾ।

ਅੰਤ ਨੂੰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਫੈਸਲਾ ਦੇਂਦੇ ਹਨ ਕਿ ਉਹ ਗੁਣਾਂ ਤੋਂ ਅਤੀਤ ਪੁਰਸ਼ ਜਿਸ ਬ੍ਰਹਮ ਨਾਲ ਏਕਾਭਾਵ ਵਿਚ ਸਥਿਤ ਹੁੰਦਾ ਹੈ, ਉਸ ਬ੍ਰਹਮ ਦਾ, ਅੰਮ੍ਰਿਤ ਤੱਤ ਦਾ, ਸ਼ਾਸ਼ਵਤ ਧਰਮ ਦਾ ਅਤੇ ਅਖੰਡ ਇਕਰਸ ਆਨੰਦ ਦਾ ਮੈਂ ਹੀ ਆਸਰਾ ਹਾਂ, ਅਰਥਾਤ ਪ੍ਰਮੁੱਖ ਕਰਤਾ ਹਾਂ। ਹੁਣ ਤਾਂ ਸ਼੍ਰੀ ਕ੍ਰਿਸ਼ਣ ਚਲੇ ਗਏ। ਹੁਣ ਉਹ ਆਸਰਾ ਤਾਂ ਚਲਾ ਗਿਆ। ਤਾਂ ਤੇ ਬੜੀ ਸ਼ੰਕਾ ਵਾਲੀ ਗੱਲ ਹੈ। ਉਹ ਆਸਰਾ ਹੁਣ ਕਿਥੇ ਮਿਲੇਗਾ? ਪਰ ਨਹੀਂ, ਸ਼੍ਰੀ ਕ੍ਰਿਸ਼ਣ ਨੇ ਆਪਣੇ ਬਾਰੇ ਦੱਸਿਆ ਹੈ। ਉਹ ਇਕ ਯੋਗੀ ਸਨ, ਸਵਰੂਪ-ਸਥਿਤ ਮਹਾਪੁਰਸ਼ ਸਨ। **'शिष्यस्तेऽहं शाधि मां त्वां प्रपन्नम्।'** ਅਰਜੁਨ ਨੇ ਕਿਹਾ ਸੀ ਮੈਂ ਤੁਹਾਡਾ ਸ਼ਿਸ਼ ਹਾਂ, ਤੁਹਾਡੀ ਸ਼ਰਨ ਹਾਂ, ਮੈਨੂੰ ਸੰਭਾਲੋ। ਥਾਂ-ਥਾਂ ਉਤੇ ਸ਼੍ਰੀ ਕ੍ਰਿਸ਼ਣ ਨੇ ਆਪਣਾ ਪਰਿਚੈ ਦਿਤਾ। ਸਥਿਤਪ੍ਰਗਿਅ ਮਹਾਪੁਰਸ਼ ਦੇ ਲੱਛਣ ਦੱਸੇ ਅਤੇ ਉਹਨਾਂ ਦੇ ਨਾਲ ਆਪਣੀ ਤੁਲਨਾ ਕੀਤੀ। ਇਸ ਲਈ ਸਾਫ਼ ਹੈ ਕਿ ਸ਼੍ਰੀ ਕ੍ਰਿਸ਼ਣ ਇਕ ਮਹਾਤਮਾ ਯੋਗੀ ਸਨ। ਹੁਣ ਜੇ ਤੁਹਾਨੂੰ ਅਖੰਡ, ਇਕਰਸ ਆਨੰਦ, ਸ਼ਾਸ਼ਵਤ ਧਰਮ ਜਾਂ ਅੰਮ੍ਰਿਤ ਤੱਤ ਦੀ ਲੋੜ ਹੈ ਤਾਂ ਇਹਨਾਂ ਦੀ ਪ੍ਰਾਪਤੀ ਦਾ ਸ੍ਰੋਤ ਸਿਰਫ਼ ਸਤਿਗੁਰੂ ਹਨ। ਸਿੱਧੇ ਪੁਸਤਕ ਪੜ੍ਹਕੇ ਕੋਈ ਇਸਨੂੰ ਨਹੀਂ ਪਾ ਸਕਦਾ। ਜਦੋਂ ਉਹੀ ਮਹਾਪੁਰਸ਼ ਆਤਮਾ ਤੋਂ ਅਭਿੰਨ ਹੋਕੇ ਰਥੀ ਹੋ ਜਾਂਦੇ ਹਨ, ਤਾਂ ਸਹਿਜੇ-ਸਹਿਜੇ ਅਨੁਰਾਗੀ ਦਾ ਮਾਰਗ-ਦਰਸ਼ਨ ਕਰਦੇ ਹੋਏ ਉਸਦੇ ਸਵਰੂਪ ਤਕ, ਜਿਸਦੇ ਸਵਰੂਪ ਵਿਚ ਉਹ ਆਪ ਸਥਿਤ ਹਨ, ਉਸਨੂੰ ਪਹੁੰਚਾ ਦੇਂਦੇ ਹਨ। ਉਹੀ ਇੱਕੋ-ਇਕ ਵਸੀਲਾ ਹਨ। ਇਸ ਤਰ੍ਹਾਂ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਖ਼ੁਦ ਨੂੰ ਸਭ ਦਾ ਆਸਰਾ ਦਸਦਿਆਂ ਹੋਇਆਂ ਇਸ ਚੌਦ੍ਹਵੇਂ ਅਧਿਆਇ ਦੀ ਸਮਾਪਤੀ ਕੀਤੀ, ਜਿਸ ਵਿਚ ਗੁਣਾਂ ਦਾ ਵਿਸਤਾਰ ਨਾਲ ਵਰਣਨ ਹੈ। ਇਸ ਲਈ -

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'गुणत्रय विभाग योगो' नाम चतुर्दशोऽध्याय: ।।१४।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ-ਅਰਜੁਨ ਸੰਵਾਦ ਵਿਚ ''ਗੁਣ ਤ੍ਰੈ ਵਿਭਾਗ ਯੋਗ'' ਨਾਮਕ ਚੌਦ੍ਹਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये गुणत्रयविभागयोग नाम चतुर्दशोऽध्याय: ।।१४।।**

**।। ਹਰੀ ਓਮ ਤਤਸਤਿ ।।**

## ਓਮ

### ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਪੰਦਰ੍ਹਵਾਂ ਅਧਿਆਇ

ਮਹਾਪੁਰਸ਼ਾਂ ਨੇ ਸੰਸਾਰ ਨੂੰ ਅਨੇਕ ਦ੍ਰਿਸ਼ਟਾਂਤਾਂ ਰਾਹੀਂ ਸਮਝਾਉਣ ਦਾ ਜਤਨ ਕੀਤਾ ਹੈ। ਕਿਸੇ ਨੇ ਇਸਨੂੰ ਭਵਾਟਵੀ ਕਿਹਾ, ਤਾਂ ਕਿਸੇ ਨੇ ਸੰਸਾਰ ਸਾਗਰ ਕਿਹਾ। ਅਵਸਥਾ-ਭੇਦ ਨਾਲ ਇਸੇ ਨੂੰ ਭਵ-ਨਦੀ ਅਤੇ ਭਵ-ਰੂਪ ਵੀ ਕਿਹਾ ਗਿਆ। ਕਦੇ ਇਸਦੀ ਤੁਲਨਾ ਗੋਪਦ (ਗਊ ਦੇ ਪੈਰ) ਨਾਲ ਕੀਤੀ ਗਈ ਅਰਥਾਤ ਜਿੰਨਾ ਇੰਦ੍ਰੀਆਂ ਦਾ ਵਿਸਤਾਰ ਹੈ, ਉਨ੍ਹਾਂ ਹੀ ਸੰਸਾਰ ਹੈ, ਅਤੇ ਅੰਤ ਵਿਚ ਇਸ ਤਰ੍ਹਾਂ ਵੀ ਅਵਸਥਾ ਆਈ ਕਿ **'नाम लेत भव सिन्धु सुखाहीं।'**– ਨਾਮ ਜਪਣ ਨਾਲ ਭਵ ਸਿੰਧੁ (ਸਾਗਰ) ਵੀ ਸੁੱਕ ਗਿਆ। ਕੀ ਸੰਸਾਰ ਵਿਚ ਐਸੇ ਸਮੁੰਦਰ ਹਨ ? ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਵੀ ਸੰਸਾਰ ਨੂੰ ਸਮੁੰਦਰ ਅਤੇ ਦਰਖਤ ਕਹਿਕੇ ਸੰਬੋਧਿਤ ਕੀਤਾ। ਅਧਿਆਇ ਬਾਰਾਂ ਵਿਚ ਉਹਨਾਂ ਨੇ ਕਿਹਾ ਜੋ ਮੇਰੇ ਸ਼ਰਧਾ ਭਾਵ ਭਗਤ ਹਨ, ਉਹਨਾਂ ਦਾ ਮੈਂ ਸੰਸਾਰ-ਸਾਗਰ ਤੋਂ ਛੇਤੀ ਹੀ ਉੱਧਾਰ ਕਰਨ ਵਾਲਾ ਹੁੰਦਾ ਹਾਂ। ਇਥੇ ਇਸ ਅਧਿਆਇ ਵਿਚ ਯੋਗੇਸ਼ਵਰ ਕਹਿੰਦੇ ਹਨ ਕਿ ਸੰਸਾਰ ਇਕ ਦਰਖਤ ਹੈ, ਇਸਨੂੰ ਕੱਟਦੇ ਹੋਏ ਹੀ ਯੋਗੀਜਨ ਉਸ ਪਰਮਪਦ ਨੂੰ ਲੱਭਦੇ ਹਨ। ਵੇਖੀਏ

**ਸ਼੍ਰੀ ਭਗਵਾਨ ਉਵਾਚ–**

**ऊर्ध्वमूलमध: शाखमश्वत्थं प्राहुरव्ययम्।**
**छन्दांसि यस्य पर्णानि यस्तं वेद स वेदवित्।।१।।**

ਅਰਜੁਨ! **'ऊर्ध्वमूलं'**– ਉੱਪਰ ਨੂੰ ਪਰਮਾਤਮਾ ਹੀ ਜਿਸਦਾ ਮੂਲ ਹੈ, **'अध:शाखम्'**– ਹੇਠਾਂ ਪ੍ਰਕ੍ਰਿਤੀ ਹੀ ਜਿਸ ਦੀਆਂ ਸ਼ਾਖਾਂ ਹਨ, ਐਸੇ ਸੰਸਾਰ-ਰੂਪੀ ਪਿੱਪਲ ਦੇ ਦਰਖਤ ਨੂੰ ਅਵਿਨਾਸ਼ੀ ਕਹਿੰਦੇ ਹਨ। **('वृक्ष तो अ-अश्व:')** – ਅਰਥਾਤ ਕੱਲ੍ਹ ਤਕ ਵੀ ਰਹਿਣ ਵਾਲਾ ਨਹੀਂ ਹੈ, ਜਦ ਚਾਹੇ ਕੱਟ ਜਾਏ, ਪਰ ਹੈ ਅਵਿਨਾਸ਼ੀ)। ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਅਵਿਨਾਸ਼ੀ ਦੋ ਹਨ ਇਕ ਸੰਸਾਰ-ਰੂਪੀ ਦਰਖਤ ਅਵਿਨਾਸ਼ੀ ਅਤੇ ਦੂਜਾ ਉਸਤੋਂ ਵੀ ਪਰੇ ਪਰਮ ਅਵਿਨਾਸ਼ੀ। ਵੇਦ ਇਸ

ਅਵਿਨਾਸ਼ੀ ਸੰਸਾਰ-ਦਰਖਤ ਦੇ ਪੱਤੇ ਕਹੇ ਗਏ ਹਨ, ਜੋ ਪੁਰਸ਼ ਇਸ ਸੰਸਾਰ-ਰੂਪੀ ਦਰਖਤ ਨੂੰ (ਵੇਖਦੇ ਹੋਏ) ਵਿਦਿਤ ਕਰ ਲੈਂਦਾ ਹੈ, ਉਹ ਵੇਦ ਦਾ ਗਿਆਤਾ ਹੈ।

ਜਿਸਨੇ ਉਸ ਸੰਸਾਰ-ਦਰਖਤ ਨੂੰ ਜਾਣਿਆ ਹੈ, ਉਸਨੇ ਵੇਦ ਨੂੰ ਜਾਣਿਆ ਹੈ, ਗ੍ਰੰਥ ਪੜ੍ਹਨ ਵਾਲਾ ਵੇਦ ਨੂੰ ਨਹੀਂ ਜਾਣਦਾ। ਪੁਸਤਕ ਪੜ੍ਹਨ ਨਾਲ ਤਾਂ ਉਸ ਰਾਹ ਵਲ ਵੱਧਣ ਦੀ ਸਿਰਫ਼ ਪ੍ਰੇਰਣਾ ਹੀ ਮਿਲਦੀ ਹੈ। ਪੱਤਿਆਂ ਦੀ ਜਗ੍ਹਾ ਵੇਦ ਦੀ ਕੀ ਲੋੜ ਹੈ? ਦਰਅਸਲ ਮਨੁੱਖ ਭਟਕਦੇ-ਭਟਕਦੇ ਹੋਏ ਜਿਸ ਆਖਰੀ ਕੌਂਪਲ ਜਾਂ ਲਗਰ ਅਰਥਾਤ ਆਖ਼ਰੀ ਜਨਮ ਨੂੰ ਪਹੁੰਚਦਾ ਹੈ, ਉੱਥੋਂ ਹੀ ਉਹ ਵੇਦ ਦੇ ਛੰਦ (ਜੋ ਕਲਿਆਨ ਦੀ ਰਚਨਾ ਕਰਦੇ ਹਨ), ਉਥੋਂ ਹੀ ਪ੍ਰੇਰਣਾ ਦੇਂਦੇ ਹਨ, ਉਹਨਾਂ ਦਾ ਉਪਯੋਗ ਉਥੋਂ ਹੀ ਹੈ। ਉਥੋਂ ਹੀ ਭਟਕਨ ਖ਼ਤਮ ਹੋ ਜਾਂਦੀ ਹੈ। ਉਹ ਸਵਰੂਪ ਵਲ ਮੁੜ ਜਾਂਦਾ ਹੈ। ਅਤੇ -

**अधश्चोर्ध्वं प्रसृतास्तस्यशाखा गुणप्रवृद्धा विषयप्रवालाः।**
**अधश्च मूलान्यनुसंततानि कर्मानुबन्धीनि मनुष्यलोके।। २ ।।**

ਉਸ ਸੰਸਾਰ-ਦਰਖਤ ਦੀਆਂ ਤਿੰਨਾਂ ਗੁਣਾਂ ਨਾਲ ਵੱਧੀਆਂ ਹੋਈਆਂ ਵਿਸ਼ੇ ਅਤੇ ਭੋਗ ਰੂਪੀ ਲਗਰਾਂ ਵਾਲੀਆਂ ਸ਼ਾਖਾਂ ਹੇਠਾਂ ਅਤੇ ਉੱਪਰ ਹਰ ਪਾਸੇ ਫੈਲੀਆਂ ਹਨ। ਹੇਠਾਂ ਵਲ ਕੀਟ-ਪਤੰਗ ਤਕ ਅਤੇ ਉੱਪਰ ਦੇਵਭਾਵ ਤੋਂ ਲੈਕੇ ਬ੍ਰਹਮ ਤਕ ਹਰ ਪਾਸੇ ਫੈਲੀਆਂ ਹੋਈਆਂ ਹਨ। ਇਹ ਸ਼ਾਖਾਂ ਸਿਰਫ਼ ਮਨੁੱਖ-ਯੋਨੀ ਵਿਚ ਹੀ ਕਰਮਾਂ ਦੇ ਅਨੁਸਾਰ ਬੰਨ੍ਹਣ ਵਾਲੀਆਂ ਹਨ, ਹੋਰ ਸਾਰੀਆਂ ਯੋਨੀਆਂ ਭੋਗ ਭੋਗਣ ਲਈ ਹਨ, ਮਨੁੱਖ-ਯੋਨੀ ਹੀ ਕਰਮਾਂ ਦੇ ਅਨੁਸਾਰ ਬੰਧਨ ਤਿਆਰ ਕਰਦੀ ਹੈ।

**न रूपमस्येह तथोपलभ्यते नान्तो न चादिर्न च संप्रतिष्ठा।**
**अश्वत्थमेनं सुविरूढमूलमसङ्गशस्त्रेण दृढेन छित्त्वा।।३ ।।**

ਪਰ ਇਸ ਸੰਸਾਰ-ਬਿਰਛ ਦਾ ਰੂਪ, ਜਿਸ ਤਰ੍ਹਾਂ ਕਿਹਾ ਗਿਆ ਹੈ, ਉਸੇ ਤਰ੍ਹਾਂ ਇਥੇ ਨਹੀਂ ਮਿਲਦਾ, ਕਿਉਂਕਿ ਨਾ ਤਾਂ ਇਸਦਾ ਆਦਿ ਹੈ, ਨਾ ਅੰਤ ਹੈ ਅਤੇ ਨਾ ਹੀ ਚੰਗੀ ਤਰ੍ਹਾਂ ਇਸਦੀ ਸਥਿਤੀ ਹੈ (ਕਿਉਂਕਿ ਇਹ ਪਰਿਵਰਤਨਸ਼ੀਲ ਹੈ), ਇਸ ਦ੍ਰਿੜ ਮੂਲ (ਜੜ) ਵਾਲੇ ਸੰਸਾਰ-ਦਰਖਤ ਨੂੰ ਦ੍ਰਿੜ '**असंगशस्त्रेण**'- ਅਸੰਗ ਅਰਥਾਤ ਵੈਰਾਗ ਰੂਪੀ ਸ਼ਸਤ੍ਰ ਨਾਲ ਕਟਣਾ ਹੈ (ਸੰਸਾਰ ਰੂਪੀ ਦਰਖਤ ਨੂੰ ਕੱਟਣਾ ਹੈ। ਇਸ ਤਰ੍ਹਾਂ ਨਹੀਂ ਹੈ ਕਿ ਪਿੱਪਲ ਦੀ ਜੜ ਵਿਚ ਪਰਮਾਤਮਾ ਰਹਿੰਦੇ ਹਨ ਜਾਂ ਪਿੱਪਲ ਦਾ ਪੱਤਾ ਵੇਦ ਹੈ ਅਤੇ ਆਰਤੀ ਸ਼ੁਰੂ ਕਰ ਦਿਉ ਦਰਖ਼ਤ ਦੀ)।

ਇਸ ਸੰਸਾਰ-ਬਿਰਛ ਦਾ ਮੂਲ ਤਾਂ ਆਪ ਪਰਮਾਤਮਾ ਹੀ ਬੀਜਰੂਪ ਨਾਲ ਫੈਲਿਆ ਹੈ, ਤਾਂ ਕੀ ਉਹ ਵੀ ਕੱਟ ਜਾਏਗਾ ? ਦ੍ਰਿੜ ਵੈਰਾਗ ਰਾਹੀਂ ਇਸ ਪ੍ਰਕ੍ਰਿਤੀ ਨਾਲੋਂ ਰਿਸ਼ਤਾ ਟੁੱਟ ਜਾਂਦਾ ਹੈ, ਇਹ ਕੱਟਣਾ ਹੈ। ਤੇ ਕੱਟਕੇ ਫੇਰ ਕੀ ਕਰੀਏ ?

**ततः पदं तत्परिमार्गितव्यं यस्मिन्गता न निवर्तन्ति भूयः।**
**तमेव चाद्यं पुरुषं प्रपद्ये यतः प्रवृत्तिः प्रसृता पुराणी।।४ ।।**

ਦ੍ਰਿੜ ਵੈਰਾਗ ਨਾਲ ਸੰਸਾਰ-ਬਿਰਛ ਨੂੰ ਕੱਟਣ ਦੇ ਉਪਰਾਂਤ ਉਸ ਪਰਮਪਦ ਪਰਮੇਸ਼ਵਰ ਨੂੰ ਚੰਗੀ ਤਰ੍ਹਾਂ ਲੱਭਣਾ ਚਾਹੀਦਾ ਹੈ, ਜਿਸ ਵਿਚ ਗਏ ਹੋਏ ਪੁਰਸ਼ ਫੇਰ ਮੁੜਕੇ ਸੰਸਾਰ ਵਿਚ ਨਹੀਂ ਆਉਂਦੇ, ਅਰਥਾਤ ਪੂਰਣ ਨਿਰਵਿਰਤੀ ਪ੍ਰਾਪਤ ਕਰ ਲੈਂਦੇ ਹਨ। ਪਰ ਉਸਦੀ ਖੋਜ ਕਿਵੇਂ ਮੁਮਕਿਨ ਹੈ? ਯੋਗੇਸ਼ਵਰ ਕਹਿੰਦੇ ਹਨ ਇਸਦੇ ਲਈ ਸਮਰਪਣ ਜ਼ਰੂਰੀ ਹੈ। ਜਿਸ ਪਰਮੇਸ਼ਵਰ ਵਿਚੋਂ

ਪੁਰਾਤਨ ਸੰਸਾਰ-ਦਰਖਤ ਦੀ ਪ੍ਰਵਿਰਤੀ ਵਿਸਤਾਰ ਨੂੰ ਪ੍ਰਾਪਤ ਹੋਈ ਹੈ, ਉਸੇ ਆਦਿ ਪੁਰਸ਼ ਪਰਮਾਤਮਾ ਦੀ ਮੈਂ ਸ਼ਰਨ ਹਾਂ (ਉਸਦੀ ਸ਼ਰਨੀ ਗਏ ਬਿਨਾਂ ਇਹ ਦਰਖਤ ਮਿਟੇਗਾ ਨਹੀਂ)। ਹੁਣ ਸ਼ਰਨ ਵਿਚ ਗਿਆ ਹੋਇਆ, ਵੈਰਾਗ ਅੰਦਰ ਸਥਿਤ ਪੁਰਸ਼ ਕਿਵੇਂ ਸਮਝੇ ਕਿ ਦਰਖਤ ਕੱਟ ਗਿਆ ? ਉਸਦੀ ਪਹਿਚਾਣ ਕੀ ਹੈ ? ਇਸਤੇ ਯੋਗੇਸ਼ਵਰ ਕਹਿੰਦੇ ਹਨ -

**निर्मानमोहा जितसङ्गदोषा अध्यात्मनित्या विनिवृत्तकामाः।**
**द्वन्द्वैर्विमुक्ताः सुखदुःखसंज्ञैर्गच्छत्यमूढाः पदमव्ययं तत्।।५।।**

ਉਪਰੋਕਤ ਤਰ੍ਹਾਂ ਦੇ ਸਮਰਪਣ ਨਾਲ ਜਿਸਦਾ ਮੋਹ ਅਤੇ ਮਾਨ ਨਸ਼ਟ ਹੋ ਚੁਕਾ ਹੈ, ਸਨੇਹ (ਲਗਾਅ) ਰੂਪੀ ਸੰਗਦੋਸ਼ ਜਿਸਨੇ ਜਿੱਤ ਲਿਆ ਹੈ,**'अध्यात्मनित्या'**- ਪਰਮਾਤਮਾ ਦੇ ਸਵਰੂਪ ਵਿਚ ਜਿਸਦੀ ਨਿਰੰਤਰ ਸਥਿਤੀ ਹੈ, ਜਿਸ ਦੀਆਂ ਕਾਮਨਾਵਾਂ ਵਿਸ਼ੇਸ ਰੂਪ ਨਾਲ ਨਿਰਵਿਰਤ ਹੋ ਗਈਆਂ ਹਨ, ਅਤੇ ਸੁਖ-ਦੁੱਖ ਦੇ ਦਵੰਦਾਂ ਤੋਂ ਜੋ ਉੱਪਰ ਉਠ ਚੁਕਾ ਹੈ, ਐਸਾ ਗਿਆਨੀ ਉਸ ਅਵਿਨਾਸ਼ੀ ਪਰਮਪਦ ਨੂੰ ਪ੍ਰਾਪਤ ਹੁੰਦਾ ਹੈ। ਜਦ ਤਕ ਇਹ ਅਵਸਥਾ ਨਹੀਂ ਆਉਂਦੀ, ਤਦ ਤਕ ਸੰਸਾਰ-ਬਿਰਛ ਨਹੀਂ ਕੱਟਦਾ। ਇਥੋਂ ਤਕ ਵੈਰਾਗ ਜ਼ਰੂਰੀ ਹੁੰਦਾ ਹੈ। ਹੁਣ ਉਸ ਪਰਮਪਦ ਦਾ ਸਵਰੂਪ ਕੀ ਹੈ, ਜਿਸਨੂੰ ਪਾਉਣਾ ਹੈ ?

**न तद्भासयते सूर्यो न शशाङ्को न पावकः।**
**यद्गत्वा न विवर्तन्ते तद्धाम परमं मम।।६।।**

ਉਸ ਪਰਮਪਦ ਨੂੰ ਨਾ ਸੂਰਜ, ਨਾ ਚੰਦ੍ਰਮਾ ਅਤੇ ਨਾ ਅਗਨੀ ਹੀ ਪ੍ਰਕਾਸ਼ਿਤ ਕਰ ਸਕਦੇ ਹਨ (ਅਰਥਾਤ ਇਹ ਸਭ ਵੀ ਉਸਨੂੰ ਨਹੀਂ ਵਿਖਾ ਸਕਦੇ)। ਜਿਸ ਪਰਮਪਦ ਨੂੰ ਪ੍ਰਾਪਤ ਕਰਕੇ ਮਨੁੱਖ ਮੁੜ ਸੰਸਾਰ ਵਿਚ ਨਹੀਂ ਆਉਂਦੇ ਉਹੀ ਮੇਰਾ ਪਰਮਧਾਮ ਹੈ। ਇਸਦੀ ਪ੍ਰਾਪਤੀ ਲਈ ਸਾਰਿਆਂ ਦਾ ਇਕ ਸਮਾਨ ਅਧਿਕਾਰ ਹੈ। ਉਹ ਕਹਿੰਦੇ ਹਨ -

**ममैवांशो जीवलोके जीवभूतः सनातनः।**
**मनःषष्ठानीन्द्रियाणि प्रकृतिस्थानि कर्षति।।७।।**

**'जीवलोके'**- ਅਰਥਾਤ ਇਸ ਦੇਹ ਵਿਚ (ਸਰੀਰ ਹੀ ਲੋਕ ਹੈ) ਇਹ ਜੀਵਾਤਮਾ ਮੇਰਾ ਹੀ ਸਨਾਤਨ ਅੰਸ਼ ਅਤੇ ਉਹੀ ਇਸ ਤ੍ਰਿਗੁਣਮਈ ਮਾਇਆ ਵਿਚ ਸਥਿਤ ਹੋਈਆਂ ਮਨਸਹਿਤ ਪੰਜੋ ਇੰਦ੍ਰੀਆਂ ਨੂੰ ਆਕਰਸ਼ਿਤ ਕਰਦਾ ਹੈ। ਭਲਾ ਉਹ ਕਿਵੇਂ?

**शरीरं यदवाप्नोति यच्चाप्युत्क्रामतीश्वरः।**
**गृहीत्वैतानि संयाति वायुर्गन्धानिवाशयात्।।८।।**

ਜਿਸ ਤਰ੍ਹਾਂ ਹਵਾ ਗੰਧ ਦੇ ਸਥਾਨ ਤੋਂ ਗੰਧ ਨੂੰ ਗ੍ਰਹਿਣ ਕਰਕੇ ਲੈ ਜਾਂਦੀ ਹੈ, ਠੀਕ ਉਸੇ ਤਰ੍ਹਾਂ ਦੇਹ ਦਾ ਸੁਵਾਮੀ ਜੀਵਾਤਮਾ ਜਿਸ ਪਹਿਲੇ ਸਰੀਰ ਨੂੰ ਤਿਆਗਦਾ ਹੈ, ਉਸ ਵਿਚੋਂ ਮਨ ਅਤੇ ਪੰਜ ਗਿਆਨ-ਇੰਦ੍ਰੀਆਂ ਦੇ ਕਾਰਜ-ਕਲਾਪਾਂ ਨੂੰ ਗ੍ਰਹਿਣ ਕਰਕੇ (ਆਕਰਸ਼ਿਤ ਕਰਕੇ ਨਾਲ ਲੈਕੇ) ਫੇਰ ਜਿਸ ਸਰੀਰ ਨੂੰ ਪ੍ਰਾਪਤ ਹੁੰਦਾ ਹੈ, ਉਸ ਵਿਚ ਸਮਾ ਜਾਂਦਾ ਹੈ। (ਜੇ ਅਗਲਾ ਸਰੀਰ ਤਤਕਾਲ ਹੀ ਨਿਸ਼ਚਿਤ ਹੈ ਤਾਂ ਆਟੇ ਦਾ ਪਿੰਡਦਾਨ ਕਰਕੇ ਕਿਸਨੂੰ ਪਹੁੰਚਾਉਂਦੇ ਹੋ ? ਲੈਣ ਵਾਲਾ ਕੌਣ ਹੈ ? ਇਸ ਲਈ ਸ਼੍ਰੀ ਕ੍ਰਿਸ਼ਣ ਨੇ ਅਰਜੁਨ ਨੂੰ ਕਿਹਾ ਸੀ ਕਿ ਇਹ ਅਗਿਆਨ ਤੈਨੂੰ ਕਿੱਥੋਂ ਹੋ ਗਿਆ ਕਿ ਪਿੰਡੋਦਕ ਕ੍ਰਿਆ ਖ਼ਤਮ ਹੋ ਜਾਏਗੀ ?) ਫੇਰ ਜੀਵਾਤਮਾ ਉਥੇ ਜਾਕੇ ਕਰਦਾ ਕੀ ਹੈ ?

ਮਨਸਹਿਤ ਛੇ ਇੰਦ੍ਰੀਆਂ ਕਿਹੜੀਆਂ ਹਨ ?

**श्रोत्रं चक्षुः स्पर्शनं च रसनं घ्राणमेव च ।**
**अधिष्ठाय मनश्चायं विषयानुपसेवते ।।९।।**

ਉਸ ਸਰੀਰ ਸਥਿਤ ਹੋਕੇ ਇਹ ਜੀਵਾਤਮਾ ਕੰਨ, ਅੱਖ, ਤ੍ਵਚਾ, ਜੀਭ, ਨੱਕ, ਅਤੇ ਮਨ ਦੇ ਸਹਾਰੇ ਨਾਲ, ਅਰਥਾਤ, ਇਹਨਾਂ ਸਾਰਿਆਂ ਦੀ ਮਦਦ ਨਾਲ ਵਿਸ਼ਿਆਂ ਦਾ ਭੋਗ ਕਰਦਾ ਹੈ। ਪਰ ਇਸ ਤਰ੍ਹਾਂ ਦਿਖਾਈ ਨਹੀਂ ਪੈਂਦਾ, ਸਾਰੇ ਉਸਨੂੰ ਵੇਖ ਨਹੀਂ ਸਕਦੇ, ਇਸਤੇ ਸ੍ਰੀ ਕ੍ਰਿਸ਼ਣ ਕਹਿੰਦੇ ਹਨ–

**उत्क्रामन्तं स्थितं वापि भुञ्जानं वा गुणान्वितम् ।**
**विमूढा नानुपश्यन्ति पश्यन्ति ज्ञानचक्षुषः ।।१०।।**

ਸਰੀਰ ਛੱਡਕੇ ਜਾਂਦੇ ਹੋਏ, ਸਰੀਰ ਵਿਚ ਸਥਿਤ ਹੁੰਦੇ ਹੋਏ, ਵਿਸ਼ਿਆਂ ਨੂੰ ਭੋਗਦੇ ਹੋਏ ਜਾਂ ਤਿੰਨਾਂ ਗੁਣਾਂ ਸਮੇਤ ਰਹਿੰਦੇ ਹੋਏ ਵੀ ਜੀਵਾਤਮਾ ਨੂੰ ਮੂਰਖ, ਅਗਿਆਨੀ ਲੋਕੀਂ ਨਹੀਂ ਜਾਣਦੇ। ਸਿਰਫ਼ ਗਿਆਨ ਰੂਪੀ ਨੇਤ੍ਰ ਵਾਲੇ ਹੀ ਉਸਨੂੰ ਜਾਣਦੇ ਹਨ, ਵੇਖਦੇ ਹਨ। ਹੁਣ ਉਹ ਦ੍ਰਿਸ਼ਟੀ ਕਿਵੇਂ ਮਿਲੇ? ਆਉ ਵੇਖੀਏ–

**यतन्तो योगिनश्चैनं पश्यन्त्यात्मन्यवस्थितम् ।**
**यतन्तोऽप्यकृतात्मानो नैनं पश्यन्त्यचेतसः ।।११।।**

ਯੋਗੀਜਨ ਆਪਣੇ ਹਿਰਦੇ ਵਿਚ, ਚਿੱਤ ਨੂੰ ਸਾਰਿਆਂ ਪਾਸਿਆਂ ਤੋਂ ਸਮੇਟਕੇ, ਜਤਨ ਕਰਦੇ ਹੋਏ ਹੀ ਇਸ ਆਤਮਾਂ ਨੂੰ ਵੇਖਦੇ ਹਨ; ਪਰ ਅਸ਼ੁੱਧ ਆਤਮਾ ਵਾਲੇ ਅਗਿਆਨੀਜਨ ਜਤਨ ਕਰਦੇ ਹੋਏ ਵੀ ਇਸ ਆਤਮਾ ਨੂੰ ਨਹੀਂ ਜਾਣਦੇ (ਕਿਉਂਕਿ ਉਹਨਾਂ ਦਾ ਅੰਤਰਮਨ ਬਾਹਰੀ ਪ੍ਰਵਿਰਤੀਆਂ ਵਿਚ ਖਿੰਡਿਆ ਹੋਇਆ ਹੈ)। ਚਿੱਤ ਨੂੰ ਸਾਰੇ ਪਾਸਿਉਂ ਸਮੇਟਕੇ ਅੰਤਰਾਤਮਾ ਵਿਚ ਜਤਨ ਕਰਨ ਵਾਲੇ ਭਗਤਜਨ ਹੀ ਉਸਨੂੰ ਪਾਉਣ ਦੇ ਯੋਗ ਹੁੰਦੇ ਹਨ। ਇਸ ਲਈ ਅੰਤਰਮਨ ਨਾਲ ਸਦਾ, ਨਿਰੰਤਰ ਸਿਮਰਨ ਜ਼ਰੂਰੀ ਹੈ। ਹੁਣ ਉਹਨਾਂ ਮਹਾਪੁਰਸ਼ਾਂ ਦੇ ਸਵਰੂਪ ਵਿਚ ਜੋ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਹੁੰਦੀਆਂ ਹਨ (ਜੋ ਪਹਿਲਾਂ ਦੱਸ ਆਏ ਹਨ), ਉਸ ਉਤੇ ਪ੍ਰਕਾਸ਼ ਪਾਉਂਦੇ ਹਨ–

**यदादित्यगतं तेजो जगद्भासयतेऽखिलम् ।**
**यच्चन्द्रमसि यच्चाग्नौ तत्तेजो विद्धि मामकम् ।।१२।।**

ਜੋ ਤੇਜ ਸੂਰਜ ਵਿਚ ਸਥਿਤ ਹੋਕੇ ਸਾਰੇ ਸੰਸਾਰ ਨੂੰ ਪ੍ਰਕਾਸ਼ ਦੇਂਦਾ ਹੈ, ਜੋ ਤੇਜ ਚੰਨ ਵਿਚ ਸਥਿਤ ਹੈ ਅਤੇ ਜੋ ਤੇਜ ਅਗਨੀ ਵਿਚ ਹੈ, ਉਸਨੂੰ ਤੂੰ ਮੇਰਾ ਹੀ ਤੇਜ ਜਾਣ। ਹੁਣ ਉਹ ਮਹਾਪੁਰਸ਼ ਦਾ ਕੰਮ ਕਰਨਾ ਦੱਸਦੇ ਹਨ–

**गामाविश्य च भूतानि धारयाम्यहमोजसा ।**
**पुष्णामि चौषधीः सर्वाः सोमो भूत्वा रसात्मकः ।।१३।।**

ਮੈਂ ਹੀ ਪ੍ਰਿਥਵੀ ਵਿਚ ਪ੍ਰਵੇਸ਼ ਕਰਕੇ ਆਪਣੀ ਸ਼ਕਤੀ ਨਾਲ ਸਭ ਜੀਵਾਂ ਨੂੰ ਧਾਰਨ ਕਰਦਾ ਹਾਂ ਅਤੇ ਚੰਦ੍ਰਮਾਂ ਵਿਚ ਰਸਸਵਰੂਪ ਹੋਕੇ ਸਾਰੀਆਂ ਬਨਸਪਤੀਆਂ ਨੂੰ ਪੁਸ਼ਟ ਕਰਦਾ ਹਾਂ ਅਰਥਾਤ ਜੀਵਨ ਦੇਂਦਾ ਹਾਂ।

**अहं वैश्वानरो भूत्वा प्राणिनां देहमाश्रित:।**
**प्राणापानसमायुक्त: पचाम्यन्नं चतुर्विधम्।।१४।।**

ਮੈਂ ਹੀ ਪ੍ਰਾਣੀਆਂ ਦੇ ਸਰੀਰ ਅੰਦਰ ਅਗਨੀ-ਰੂਪ ਵਿਚ ਸਥਿਤ ਹੋਕੇ ਪ੍ਰਾਣ ਅਤੇ ਅਪਾਨ ਨਾਲ ਯੁਕਤ ਹੋਇਆ ਚਾਰ ਪ੍ਰਕਾਰ ਦੇ ਅਨਾਜਾਂ ਨੂੰ ਪਚਾਉਂਦਾ ਹਾਂ।

ਅਧਿਆਇ ਚਾਰ ਵਿਚ ਖ਼ੁਦ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇੰਦ੍ਰੀ-ਅਗਨੀ, ਸੰਜਮ-ਅਗਨੀ, ਯੋਗ-ਅਗਨੀ, ਪ੍ਰਾਣ-ਅਪਾਨ-ਅਗਨੀ, ਬ੍ਰਹਮ-ਅਗਨੀ ਆਦਿ ਤੇਰਾਂ-ਚੌਦਾਂ ਅਗਨੀਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਸਾਰਿਆਂ ਦਾ ਪਰਿਣਾਮ ਗਿਆਨ ਹੈ। ਗਿਆਨ ਹੀ ਅਗਨੀ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਇਸ ਤਰ੍ਹਾਂ ਅਗਨੀ-ਸਵਰੂਪ ਹੋਕੇ, ਪ੍ਰਾਣ ਅਤੇ ਅਪਾਨ ਨਾਲ ਯੁਕਤ ਚਾਰ ਵਿਧੀਆਂ ਨਾਲ (ਜਾਪ ਹਮੇਸ਼ਾ ਸੁਆਸ-ਪ੍ਰਸੁਆਸ ਨਾਲ ਹੁੰਦਾ ਹੈ, ਉਸ ਦੀਆਂ ਚਾਰ ਵਿਧੀਆਂ-ਬੈਖਰੀ, ਮਧਿਅਮਾ, ਪਸ਼ਯੰਤੀ ਅਤੇ ਪਰਾ ਹਨ ਉਹਨਾਂ ਚਾਰ ਵਿਧੀਆਂ ਨਾਲ) ਤਿਆਰ ਹੋਣ ਵਾਲੇ ਅਨਾਜਾਂ ਨੂੰ ਮੈਂ ਹੀ ਪਚਾਉਂਦਾ ਹਾਂ।

ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਬ੍ਰਹਮ ਹੀ ਇਕ ਮਾਤਰ ਅੰਨ ਜਾਂ ਅਨਾਜ ਹੈ, ਜਿਸ ਨਾਲ ਆਤਮਾ ਦੀ ਪੂਰੀ ਤ੍ਰਿਪਤੀ ਹੋ ਜਾਂਦੀ ਹੈ, ਫੇਰ ਕਦੇ ਅਤ੍ਰਿਪਤੀ ਨਹੀਂ ਹੁੰਦੀ। ਸਰੀਰ ਦੇ ਪਾਲਣ-ਪੋਸ਼ਣ ਲਈ ਪ੍ਰਚਲਿਤ ਅਨਾਜਾਂ ਨੂੰ ਯੋਗੇਸ਼ਵਰ ਨੇ ਆਹਾਰ ਦਾ ਨਾਮ ਦਿਤਾ ਹੈ (ਯੁਕਤਾਹਾਰ...)। ਅਸਲੀ ਅੰਨ ਪਰਮਾਤਮਾ ਹੈ। ਬੈਖਰੀ, ਮਧਿਅਮਾ, ਪਸ਼ਯੰਤੀ ਤੇ ਪਰਾ ਦੀਆਂ ਚਾਰ ਵਿਧੀਆਂ ਨਾਲ ਤਿਆਰ ਹੋਣ ਦੇ ਬਾਅਦ ਹੀ ਉਹ ਅੰਨ ਪੱਕਦਾ ਹੈ। ਇਸੇ ਨੂੰ ਅਨੇਕ ਮਹਾਪੁਰਸ਼ਾਂ ਨੇ ਨਾਮ, ਰੂਪ ਲੀਲਾ ਅਤੇ ਧਾਮ ਕਿਹਾ ਹੈ। ਪਹਿਲੇ ਨਾਮ ਦਾ ਜੱਪ ਹੁੰਦਾ ਹੈ। ਕ੍ਰਮਵਾਰ ਹਿਰਦੇ-ਦੇਸ਼ ਵਿਚ ਇਸ਼ਟ ਦਾ ਸਵਰੂਪ ਪ੍ਰਗਟ ਹੋਣ ਲੱਗਦਾ ਹੈ। ਉਸਤੋਂ ਬਾਅਦ ਉਸਦੀ ਲੀਲਾ ਦਾ ਬੋਧ ਹੋਣ ਲੱਗਦਾ ਹੈ ਕਿ ਉਹ ਈਸ਼ਵਰ ਕਿਸ ਤਰ੍ਹਾਂ ਨਾਲ ਕਣ-ਕਣ ਵਿਚ ਵਿਆਪਿਆ ਹੈ, ਕਿਸ ਤਰ੍ਹਾਂ ਉਹ ਸਭਥਾਈਂ ਕਾਰਜ ਕਰਦਾ ਹੈ। ਇਸ ਤਰ੍ਹਾਂ ਹਿਰਦੇ-ਦੇਸ਼ ਵਿਚ ਕ੍ਰਿਆ-ਕਲਾਪਾਂ ਦਾ ਦਰਸ਼ਨ ਹੀ ਲੀਲਾ ਹੈ। (ਬਾਹਰ ਵਾਲੀ ਰਾਮਲੀਲਾ-ਰਾਸਲੀਲਾ ਨਹੀਂ), ਅਤੇ ਉਸ ਈਸ਼ਵਰੀ ਲੀਲਾਧਾਰੀ ਦਾ ਸਪਰਸ਼ ਮਿਲਦਾ ਹੈ ਤਾਂ ਧਾਮ ਦੀ ਸਥਿਤੀ ਆਉਂਦੀ ਹੈ। ਉਸਨੂੰ ਜਾਣਕੇ ਸਾਧਕ ਉਸੇ ਵਿਚ ਸਥਿਤ ਹੋ ਜਾਂਦਾ ਹੈ। ਉਸ ਵਿਚ ਸਥਿਤ ਹੋਣਾ ਅਤੇ ਪਰਾਵਾਣੀ ਦੀ ਪਰੀਪੱਕ ਅਵਸਥਾ ਵਿਚ ਪਰਬ੍ਰਹਮ ਦਾ ਸਪਰਸ਼ ਕਰਕੇ ਉਸ ਵਿਚ ਸਥਿਤ ਹੋਣਾ, ਦੋਵੇਂ ਨਾਲ-ਨਾਲ ਹੁੰਦੇ ਹਨ।

ਇਸ ਤਰ੍ਹਾਂ ਪ੍ਰਾਣ ਅਤੇ ਅਪਾਨ ਅਰਥਾਤ ਸੁਆਸ ਅਤੇ ਪ੍ਰਸੁਆਸ ਨਾਲ ਯੁਕਤ ਹੋਕੇ ਚਾਰ ਵਿਧੀਆਂ ਨਾਲ ਅਰਥਾਤ ਬੈਖਰੀ, ਮਧਿਅਮਾ, ਪਸ਼ਯੰਤੀ ਤੋਂ ਉੱਨਤੀ, ਹੁੰਦੇ-ਹੁੰਦੇ ਪਰਾ ਦੀ ਪੂਰਨਤਾ ਦੇ ਸਮੇਂ ਉਹ 'ਅੰਨ' ਅਰਥਾਤ ਬ੍ਰਹਮ ਪਰੀਪੱਕ ਹੋ ਜਾਂਦਾ ਹੈ, ਮਿਲ ਵੀ ਜਾਂਦਾ ਹੈ, ਪੱਚ ਵੀ ਜਾਂਦਾ ਹੈ ਅਤੇ ਸਾਧਕ ਵੀ ਪਰੀਪੱਕ ਹੋ ਜਾਂਦਾ ਹੈ।

**सर्वस्य चाहं हृदिसंनिविष्टो मत्त:स्मृतिर्ज्ञानमपोहनं च।**
**वेदैश्च सर्वैरहमेव वेद्यो वेदान्तकृद्वेदविदेव चाहम्।।१५।।**

ਮੈਂ ਹੀ ਸਾਰੇ ਪ੍ਰਾਣੀਆਂ ਦੇ ਹਿਰਦੇ ਵਿਚ ਅੰਤਰਯਾਮੀ ਰੂਪ ਨਾਲ ਸਥਿਤ ਹਾਂ। ਮੇਰੇ ਰਾਹੀਂ ਹੀ ਸਵਰੂਪ ਦੀ ਸਿਮਰਤੀ (ਸੁਰਤ, ਜੋ ਪਰਮਤੱਤ ਭੁੱਲਿਆ ਹੋਇਆ ਹੈ, ਉਸਦੀ ਸਿਮਰਤੀ ਜਾਂ ਯਾਦ) ਆਉਂਦੀ ਹੈ, (ਪ੍ਰਾਪਤੀਕਾਲ ਦਾ ਚਿਤ੍ਰਣ ਹੈ), ਸਿਮਰਤੀ ਦੇ ਨਾਲ ਹੀ ਗਿਆਨ (ਸਾਖਿਆਤਕਾਰ) ਅਤੇ '**अपोहनं**'- ਵਿਘਨਾਂ ਦਾ ਖਾਤਮਾ ਮੈਂ ਹੀ ਇਸ਼ਟ-ਰੂਪ ਨਾਲ ਕਰਦਾ

ਹਾਂ। ਸਾਰੇ ਵੇਦਾਂ ਰਾਹੀਂ ਮੈਂ ਹੀ ਜਾਣਨ ਯੋਗ ਹਾਂ। ਵੇਦਾਂਤ ਦਾ ਕਰਤਾ **'वेदस्य अन्त: स: वेदान्त'**(ਅਲੱਗ ਸਾਂ ਤਦੇ ਤਾਂ ਜਾਣਕਾਰੀ ਹੋਈ ਜਦ ਜਾਣਦਿਆਂ ਸਾਰ ਉਸੇ ਸਵਰੂਪ ਵਿਚ ਸਥਿਤ ਹੋ ਗਿਆ, ਤਾਂ ਕੌਣ ਕਿਸਨੂੰ ਜਾਣੇ? ਵੇਦ ਦੀ ਅੰਤਿਮ ਸਥਿਤੀ ਦਾ ਕਰਤਾ ਮੈਂ ਹੀ ਹਾਂ ਅਤੇ 'ਵੇਦਵਿਤ' ਅਰਥਾਤ ਵੇਦ ਦਾ ਗਿਆਤਾ ਵੀ ਮੈਂ ਹੀ ਹਾਂ। ਇਸ ਅਧਿਆਇ ਦੇ ਆਰੰਭ ਵਿਚ ਉਹਨਾਂ ਨੇ ਕਿਹਾ ਸੀ ਕਿ ਸੰਸਾਰ ਦਰਖਤ ਹੈ। ਉੱਪਰ ਪਰਮਾਤਮਾ ਮੂਲ ਅਤੇ ਹੇਠਾਂ ਪ੍ਰਕ੍ਰਿਤੀ ਤਕ ਸ਼ਾਖਾ ਹਨ। ਜੋ ਇਸ ਮੂਲ ਨਾਲੋਂ ਪ੍ਰਕ੍ਰਿਤੀ ਨੂੰ ਵੱਖ ਕਰਕੇ ਪਰਮਤੱਤ ਨੂੰ ਮੂਲੋਂ ਜਾਣਦਾ ਹੈ, ਉਹ ਵੇਦਵੇਤਾ (ਵੇਦ ਗਿਆਤਾ) ਹੈ। ਸ਼੍ਰੀ ਕ੍ਰਿਸ਼ਣ ਨੇ ਇਥੇ ਇਹ ਕਿਹਾ ਕਿ ਜੋ ਮੈਨੂੰ ਵੇਦਵੇਤਾ ਦੇ ਰੂਪ ਵਿਚ ਜਾਣਦਾ ਹੈ, ਉਹ ਵੇਦ ਨੂੰ ਜਾਣਦਾ ਹੈ। ਅਰਥਾਤ ਸ਼੍ਰੀ ਕ੍ਰਿਸ਼ਣ ਨੇ ਆਪਣੇ ਆਪ ਨੂੰ ਉਹਨਾਂ ਦੀ ਤੁਲਨਾ ਵਿਚ ਖੜ੍ਹਾ ਕੀਤਾ ਹੈ, ਕਿ ਉਹ ਵੇਦਵੇਤਾ ਹੈ ਅਤੇ ਮੈਂ ਵੀ ਵੇਦਵੇਤਾ ਹਾਂ। ਸ਼੍ਰੀ ਕ੍ਰਿਸ਼ਣ ਇਕ ਤੱਤਗਿਆਨੀ ਮਹਾਪੁਰਸ਼, ਯੋਗੀਆਂ ਦੇ ਵੀ ਪਰਮਯੋਗੀ ਸਨ। ਇਥੇ ਇਹ ਪ੍ਰਸ਼ਨ ਪੂਰਾ ਹੋਇਆ। ਹੁਣ ਉਹ ਦੱਸਦੇ ਹਨ ਕਿ ਸੰਸਾਰ ਵਿਚ ਪੁਰਸ਼ ਦਾ ਸਵਰੂਪ ਦੋ ਤਰ੍ਹਾਂ ਦਾ ਹੈ -

**द्वाविमौ पुरुषौ लोके क्षरश्चाक्षर एव च।**
**क्षर: सर्वाणि भूतानि कूटस्थोऽक्षर उच्यते।।१६।।**

ਅਰਜੁਨ! ਇਸ ਸੰਸਾਰ ਵਿਚ **'क्षर'** ਨਾਸ਼ ਹੋਣ ਵਾਲੇ, ਨਸ਼ਟ ਹੋਣ ਵਾਲੇ, ਪਰਿਵਰਤਨਸ਼ੀਲ ਅਤੇ **'अक्षर'** ਅਖਸ਼ੈ ਜਾਂ ਅਨਾਸ਼, ਨਸ਼ਟ ਨਾ ਹੋਣ ਵਾਲੇ, ਅਪਰਿਵਰਤਨਸ਼ੀਲ, ਇਸ ਤਰ੍ਹਾਂ ਦੋ ਪ੍ਰਕਾਰ ਦੇ ਪੁਰਸ਼ ਹਨ। ਉਹਨਾਂ ਵਿਚ ਤਮਾਮ ਭੂਤ ਪ੍ਰਾਣੀਆਂ ਦੇ ਸਰੀਰ ਤਾਂ ਨਾਸ਼ ਮਾਨ ਹਨ, ਪਰ ਉਹਨਾਂ ਅੰਦਰ ਵਸਿਆ ਪੁਰਸ਼ ਅਵਿਨਾਸ਼ੀ ਕਿਹਾ ਜਾਂਦਾ ਹੈ। ਸਾਧਨਾ ਰਾਹੀਂ ਮਨ ਸਹਿਤ ਇੰਦ੍ਰੀਆਂ ਦਾ ਵਿਰੋਧ ਹੋਣ ਦੇ ਬਾਅਦ, ਅਰਥਾਤ ਜਿਨ੍ਹਾਂ ਦਾ ਇੰਦ੍ਰੀ-ਸਮੂਹ ਵਿਰੁੱਧ ਹੋਣ ਦੇ ਬਾਅਦ ਵੀ ਮੌਜੂਦ ਰਹਿੰਦਾ ਹੈ ਉਹ ਪੁਰਸ਼ ਅਖਸ਼ੈ ਕਹਾਉਂਦੇ ਹਨ, ਪਰ ਇਹ ਵੀ ਪੁਰਸ਼ ਦੀ ਇਕ ਵਿਸ਼ੇਸ਼ ਅਵਸਥਾ ਹੀ ਹੈ। ਇਹਨਾਂ ਦੋਵਾਂ ਤੋਂ ਵੀ ਪਰੇ ਇਕ ਹੋਰ ਪੁਰਸ਼ ਵੀ ਹੈ -

**उत्तम: पुरुषस्त्वन्य: परमात्मेत्युदाहृत:।**
**यो लोकत्रयमाविश्य बिभर्त्यव्यय ईश्वर:।।१७।।**

ਉਹਨਾਂ ਦੋਵਾਂ ਤੋਂ ਅਤਿ ਉੱਤਮ ਪੁਰਸ਼ ਤਾਂ ਕੋਈ ਹੋਰ ਹੀ ਹੈ, ਜੋ ਤਿੰਨਾਂ ਲੋਕਾਂ ਵਿਚ ਪ੍ਰਵੇਸ਼ ਕਰਕੇ ਸਭਦਾ ਧਾਰਨ-ਪੋਸ਼ਣ ਕਰਦਾ ਹੈ ਅਤੇ ਅਵਿਨਾਸ਼ੀ, ਪਰਮਾਤਮਾ, ਈਸ਼ਵਰ ਐਸੇ ਨਾਮਾਂ ਨਾਲ ਜਾਣਿਆ ਗਿਆ ਹੈ। ਪਰਮਾਤਮਾ, ਅਵਿਅਕਤ, ਅਵਿਨਾਸ਼ੀ, ਪੁਰਸ਼ੋਤੱਮ ਆਦਿ ਸਾਰੇ ਉਸੇ ਦੇ ਨਾਮ ਹਨ, ਪਰ ਅਸਲ ਵਿਚ ਉਹ ਕੁਝ ਹੋਰ ਹੀ ਹੈ, ਅਰਥਾਤ ਅਨਾਮ ਹੈ, ਸ਼ਬਦਾਂ-ਵਚਨਾਂ ਦੀ ਸੀਮਾ ਤੋਂ ਪਰੇ ਹੈ। ਇਹ ਖੈ-ਅਖੈ ਦੋਆਂ ਤੋਂ ਪਰੇ ਮਹਾਪੁਰਸ਼ ਦੀ ਅੰਤਿਮ ਅਵਸਥਾ ਹੈ, ਜਿਸਨੂੰ ਦੱਸਣ ਲਈ ਪਰਮਾਤਮਾ ਆਦਿ ਸ਼ਬਦਾਂ ਨਾਲ ਇਸ਼ਾਰਾ ਕੀਤਾ ਗਿਆ ਹੈ, ਪਰ ਹੈ ਉਹ ਕੁਝ ਹੋਰ, ਨਿਰਵਚਨੀ (ਕਹਿਣ-ਸੁਣਨ ਤੋਂ ਪਰੇ) ਹੈ। ਉਸੇ ਸਥਿਤੀ ਵਿਚ ਯੋਗੇਸ਼ਵਰ ਆਪਣਾ ਵੀ ਪਰਿਚੈ ਦੇਂਦੇ ਹਨ। ਕਹਿੰਦੇ ਹਨ -

**यस्मात्क्षरमतीतोऽहमक्षरादपि चोत्तम:।**
**अतोऽस्मि लोके वेदे च प्रथित: पुरुषोत्तम:।।१८।।**

ਮੈਂ ਉਪਰੋਕਤ ਨਾਸ਼ ਮਾਨ, ਪਰਿਵਰਤਨਸ਼ੀਲ ਖੇਤਰ ਤੋਂ ਬਿਲਕੁਲ ਅਤੀਤ ਹਾਂ, ਅਤੇ

ਅਖੈ-ਅਵਿਨਾਸ਼ੀ ਪੁਰਸ਼ ਤੋਂ ਵੀ ਉੱਤਮ ਹਾਂ। ਇਸ ਲਈ ਜਗਤ ਅਤੇ ਵੇਦ ਵਿਚ ਮੈਨੂੰ ਪੁਰਸ਼ੋਤੱਮ ਆਖਿਆ ਗਿਆ ਹੈ।

**यो मामेवमसंमूढो जानाति पुरुषोत्तमम् ।**
**स सर्वविद्भजति मां सर्वभावेन भारत ।।१९ ।।**

ਹੇ ਭਾਰਤ! ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਜੋ ਗਿਆਨੀ ਪੁਰਸ਼ ਮੈਨੂੰ ਪੁਰਸ਼ੋਤੱਮ ਨੂੰ ਪ੍ਰਤੱਖ ਜਾਣਦਾ ਹੈ, ਉਹ ਸਭ ਜਾਣਨਹਾਰ ਪੁਰਸ਼ ਹਰ ਤਰ੍ਹਾਂ ਨਾਲ ਮੈਨੂੰ ਪਰਮਾਤਮਾ ਨੂੰ ਸਿਮਰਦਾ ਹੈ। ਉਹ ਮੇਰੇ ਤੋਂ ਵੱਖ ਨਹੀਂ ਹੈ।

**इति गुह्यतमं शास्त्रमिदमुक्तं मयानघ ।**
**एतद्बुद्ध्वा बुद्धिमान्स्यात्कृतकृत्यश्च भारत ।।२० ।।**

ਹੇ ਨਿਸ਼ਪਾਪ ਅਰਜੁਨ! ਇਸ ਤਰ੍ਹਾਂ ਇਹ ਅਤਿਅੰਤ ਰਹੱਸਮਈ ਸ਼ਾਸਤ੍ਰ ਮੇਰੇ ਦੁਆਰਾ ਕਿਹਾ ਗਿਆ। ਇਸਨੂੰ ਤੱਤ ਤੋਂ ਜਾਣਕੇ ਮਨੁੱਖ ਪੂਰਨ ਗਿਆਤਾ ਅਤੇ ਤੱਤਦਰਸ਼ੀ ਹੋ ਜਾਂਦਾ ਹੈ। ਇਸ ਲਈ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੀ ਇਹ ਵਾਣੀ ਆਪਣੇ ਆਪ ਵਿਚ ਸੰਪੂਰਨ ਸ਼ਾਸਤ੍ਰ ਹੈ।

ਸ਼੍ਰੀ ਕ੍ਰਿਸ਼ਣ ਦਾ ਇਹ ਰਹੱਸ ਅਤਿ ਗੁਪਤ ਸੀ। ਉਨ੍ਹਾਂ ਨੇ ਸਿਰਫ਼ ਅਨੁਰਾਗੀਆਂ ਨੂੰ ਦੱਸਿਆ ਸੀ। ਇਹ ਅਧਿਕਾਰੀ ਪੁਰਸ਼ ਲਈ ਸੀ, ਸਭ ਲਈ ਨਹੀਂ, ਪਰ ਜਦ ਇਹੋ ਰਹੱਸ (ਸ਼ਾਸਤ੍ਰ) ਲਿਖਣ ਵਿਚ ਆ ਜਾਂਦਾ ਹੈ, ਅਤੇ ਉਹ ਪੁਸਤਕ ਸਾਰਿਆਂ ਦੇ ਸਾਮ੍ਹਣੇ ਰਹਿੰਦੀ ਹੈ, ਤਾਂ ਲੱਗਦਾ ਹੈ ਕਿ ਸ਼੍ਰੀ ਕ੍ਰਿਸ਼ਣ ਨੇ ਸਾਰਿਆਂ ਨੂੰ ਕਿਹਾ ਹੈ, ਪਰ ਦਰਅਸਲ ਇਹ ਅਧਿਕਾਰੀ ਲਈ ਹੀ ਹੈ। ਸ਼੍ਰੀ ਕ੍ਰਿਸ਼ਣ ਦਾ ਇਹ ਸਵਰੂਪ ਸਾਰਿਆਂ ਲਈ ਹੈ ਵੀ ਨਹੀਂ। ਕੋਈ ਉਹਨਾਂ ਨੂੰ ਰਾਜਾ, ਕੋਈ ਦੂਤ, ਤਾਂ ਕੋਈ ਯਾਦਵ ਹੀ ਮੰਨਦਾ ਸੀ, ਪਰ ਅਧਿਕਾਰੀ ਅਰਜੁਨ ਕੋਲੋਂ ਉਹਨਾਂ ਨੇ ਕੁਝ ਨਾ ਛੁਪਾਇਆ। ਅਰਜੁਨ ਨੇ ਵੇਖਿਆ ਕਿ ਉਹ ਪਰਮਸਤਿ ਪੁਰਸ਼ੋਤੱਮ ਹਨ। ਜੋ ਉਹ ਭੇਦ ਨਾ ਦੱਸਦੇ ਤਾਂ ਉਸਦਾ ਕਲਿਆਨ ਹੀ ਨਾ ਹੁੰਦਾ।

ਇਹੋ ਵਿਸ਼ੇਸ਼ਤਾ ਪ੍ਰਾਪਤੀ ਵਾਲੇ ਹਰ ਮਹਾਪੁਰਸ਼ ਵਿਚ ਹੁੰਦੀ ਹੈ। 'ਰਾਮ ਕ੍ਰਿਸ਼ਣ ਪਰਮਹੰਸ ਦੇਵ' ਇਕ ਵਾਰੀ ਬੜੇ ਪ੍ਰਸੰਨ ਸਨ। ਭਗਤਾਂ ਨੇ ਪੁਛਿਆ ''ਅੱਜ ਤਾਂ ਤੁਸੀਂ ਬੜੇ ਪ੍ਰਸੰਨ ਹੋ।'' ਉਹ ਬੋਲੇ ''ਅੱਜ ਮੈਂ 'ਉਹ' ਪਰਮਹੰਸ ਹੋ ਗਿਆ।'' ਉਹਨਾਂ ਦੇ ਸਮਕਾਲੀ ਇਕ ਅੱਛੇ ਮਹਾਪੁਰਸ਼ ਸਨ, ਉਹਨਾਂ ਵਲ ਇਸ਼ਾਰਾ ਕੀਤਾ। ਕੁਝ ਦੇਰ ਬਾਅਦ ਉਹ ਮਨ-ਕਰਮ-ਵਚਨ ਦੀ ਵਿਰਕਤੀ ਚਾਹੁਣ ਵਾਲੇ, ਆਪਣੇ ਪਿੱਛੇ ਲੱਗੇ ਆਸਵਾਨ ਸਾਧਕਾਂ ਨੂੰ ਕਹਿਣ ਲੱਗੇ ''ਵੇਖੋ, ਹੁਣ ਤੁਸੀਂ ਲੋਕੀਂ ਸ਼ੱਕ ਨਾ ਕਰਨਾ। ਮੈਂ ਉਹੀ ਰਾਮ ਹਾਂ, ਜੋ ਤ੍ਰੇਤਾ ਵਿਚ ਹੋਏ ਸਨ। ਉਹੀ ਕ੍ਰਿਸ਼ਣ ਹਾਂ, ਜੋ ਦੁਵਾਪਰ ਵਿਚ ਹੋਏ ਸਨ। ਮੈਂ ਉਹਨਾਂ ਦੀ ਹੀ ਪਵਿਤ੍ਰ ਆਤਮਾ ਹਾਂ, ਉਹੀ ਸਵਰੂਪ ਹਾਂ। ਜੇ ਪਾਉਣਾ ਹੈ ਤਾਂ ਮੈਨੂੰ ਵੇਖੋ।''

ਠੀਕ ਇਸੇ ਤਰ੍ਹਾਂ 'ਪੂਜਯ ਗੁਰੂ ਮਹਾਰਾਜ' ਵੀ ਸਭਦੇ ਸਾਮ੍ਹਣੇ ਕਿਹਾ ਕਰਦੇ ਸਨ ''ਓਏ! ਅਸੀਂ ਭਗਵਾਨ ਦੇ ਦੂਤ ਹਾਂ। ਜੋ ਸੱਚਾ ਸੰਤ ਹੈ, ਉਹ ਭਗਵਾਨ ਦਾ ਦੂਤ ਹੈ, ਸਾਡੇ ਰਾਹੀਂ ਹੀ ਉਹਨਾਂ ਦਾ ਸੰਦੇਸ਼ਾ ਮਿਲਦਾ ਹੈ।'' ਈਸਾ ਨੇ ਕਿਹਾ ਸੀ- ਮੈਂ ਭਗਵਾਨ ਦਾ ਪੁੱਤਰ ਹਾਂ, ਮੇਰੇ ਪਾਸ ਆਉ ਇਸ ਲਈ ਕਿ ਈਸ਼ਵਰ ਦਾ ਪੁੱਤਰ ਕਹਾਉਗੇ। ''ਇਸ ਤਰ੍ਹਾਂ ਸਾਰੇ ਭਗਵਾਨ ਦੇ ਪੁੱਤਰ ਹੋ ਸਕਦੇ ਹਨ। ਹਾਂ, ਇਹ ਗੱਲ ਸਮਝ ਲਉ ਕਿ ਕੋਲ ਆਉਣ ਦਾ ਭਾਵ ਇਹੋ ਹੈ ਕਿ ਉਹਨਾਂ ਤਕ

ਪਹੁੰਚਣ ਦੀ ਸਾਧਨਾ, ਸਾਧਨਾ–ਵਿਧੀ ਵਿਚ ਚੱਲਕੇ ਪੂਰੀ ਕਰਨੀ ਹੈ। ਮੁਹੰਮਦ ਸਾਹਿਬ ਨੇ ਕਿਹਾ ''ਮੈਂ ਅੱਲਾਹ ਦਾ ਰਸੂਲ ਹਾਂ, ਸੰਦੇਸ਼ਵਾਹਕ ਹਾਂ।'' ਪੂਜਯ ਮਹਾਰਾਜ ਜੀ ਵੀ ਸਾਰਿਆਂ ਨੂੰ ਬਸ ਏਨ੍ਹਾਂ ਹੀ ਕਹਿੰਦੇ ਸਨ, ਨਾ ਕਿਸੇ ਵਿਚਾਰ ਦਾ ਖੰਡਨ, ਨਾ ਮੰਡਨ। ਪਰ ਜੋ ਵਿਰਕਤੀ ਲਈ ਉਹਨਾਂ ਦੇ ਪਿੱਛੇ ਲੱਗੇ ਰਹਿੰਦੇ ਸਨ, ਉਹਨਾਂ ਨੂੰ ਕਹਿੰਦੇ ''ਸਿਰਫ਼ ਮੇਰੇ ਸਵਰੂਪ ਨੂੰ ਵੇਖੋ। ਜੇ ਤੁਹਾਨੂੰ ਉਸ ਪਰਮਤੱਤ ਦੀ ਚਾਹ ਹੈ ਤਾਂ ਮੈਨੂੰ ਵੇਖੋ, ਸੰਦੇਹ ਨਾ ਕਰੋ।'' ਬਹੁਤਿਆਂ ਨੇ ਸ਼ੰਕਾ ਕੀਤੀ ਤਾਂ ਉਹਨਾਂ ਨੂੰ ਅਨੁਭਵ ਦੇ ਰਾਹੀਂ ਵਿਖਾਕੇ, ਡਾਂਟ–ਡਪਟਕੇ, ਬਾਹਰੀ ਵਿਚਾਰਾਂ ਤੋਂ ਹਟਾਕੇ, ਜਿਨ੍ਹਾਂ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ (ਅਧਿਆਇ 2/40-43 ) ਅਨੰਤ ਪੂਜਾ–ਵਿਧੀਆਂ ਹਨ, ਆਪਣੇ ਸਵਰੂਪ ਵਿਚ ਲਗਾਇਆ। ਉਹ ਲੋਕੀਂ ਹੁਣ ਤਕ ਮਹਾਪੁਰਸ਼ ਦੇ ਰੂਪ ਵਿਚ ਸਥਿਤ ਹਨ। ਇਸੇ ਤਰ੍ਹਾਂ ਸ਼੍ਰੀ ਕ੍ਰਿਸ਼ਣ ਦੀ ਆਪਣੀ ਸਥਿਤੀ ਗੁਪਤ ਤਾਂ ਹੈ ਸੀ, ਪਰ ਆਪਣੇ ਸ਼ਰਧਾ ਵਾਲੇ ਭਗਤ, ਪੂਰਨ ਅਧਿਕਾਰੀ, ਅਨੁਰਾਗੀ ਅਰਜੁਨ ਲਈ ਉਹਨਾਂ ਨੇ ਆਪਣਾ ਰਹੱਸ ਪ੍ਰਗਟ ਕੀਤਾ। ਹਰ ਭਗਤ ਲਈ ਇਹ ਮੁਮਕਿਨ ਹੈ। ਮਹਾਪੁਰਸ਼ ਲੱਖਾਂ ਨੂੰ ਉਸ ਰਾਹ ਉਤੇ ਚਲਾ ਦੇਂਦੇ ਹਨ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਕਿ ਸੰਸਾਰ ਇਕ ਦਰਖਤ ਹੈ। ਪਿੱਪਲ ਵਰਗਾ ਦਰਖਤ ਹੈ। ਪਿੱਪਲ ਦਰਖਤ ਇਕ ਮਿਸਾਲ ਹੈ। ਉੱਪਰ ਇਸਦਾ ਮੂਲ ਪਰਮਾਤਮਾ ਅਤੇ ਹੇਠਾਂ ਪ੍ਰਕ੍ਰਿਤੀ ਤਕ ਇਸ ਦੀਆਂ ਸ਼ਾਖਾਂ–ਉਪਸ਼ਾਖਾਂ ਫੈਲੀਆਂ ਹਨ। ਜੋ ਇਸ ਦਰਖਤ ਨੂੰ ਮੂਲ ਸਹਿਤ ਜਾਣ ਲੈਂਦਾ ਹੈ, ਉਹ ਵੇਦਾਂ ਦਾ ਗਿਆਤਾ ਹੈ। ਇਸ ਸੰਸਾਰ–ਦਰਖਤ ਦੀਆਂ ਸ਼ਾਖਾਂ ਉੱਪਰ–ਹੇਠਾਂ ਹਰ ਥਾਂ ਵਿਆਪਤ ਹਨ ਅਤੇ '**मूलानि**' – ਉਸ ਦੀਆਂ ਜੜ੍ਹਾਂ ਦਾ ਜਾਲ ਵੀ ਉੱਪਰ–ਹੇਠਾਂ ਹਰ ਪਾਸੇ ਫੈਲਿਆ ਹੋਇਆ ਹੈ; ਕਿਉਂਕਿ ਉਹ ਮੂਲ ਈਸ਼ਵਰ ਹੈ ਅਤੇ ਉਹੀ ਬੀਜ ਰੂਪ ਨਾਲ ਹਰੇਕ ਜੀਵ ਦੇ ਹਿਰਦੇ ਵਿਚ ਵੱਸਦਾ ਹੈ।

ਪੁਰਾਣਿਕ ਕਥਾ ਹੈ ਕਿ ਇਕ ਵਾਰੀ ਕੰਵਲ ਉਤੇ ਬੈਠੇ ਬ੍ਰਹਮਾ ਜੀ ਨੇ ਵਿਚਾਰ ਕੀਤਾ ਕਿ ਮੇਰਾ ਉਦਗਮ ਕੀ ਹੈ ? ਜਿੱਥੋਂ ਉਹ ਪੈਦਾ ਹੋਏ ਸਨ, ਉਸ ਕਮਲ–ਨਾਲ ਵਿਚ ਪ੍ਰਵੇਸ਼ ਕਰਦੇ ਚਲੇ ਗਏ। ਲਗਾਤਾਰ ਚੱਲਦੇ ਰਹੇ, ਪਰ ਆਪਣਾ ਉਦਗਮ ਨਾ ਵੇਖ ਸਕੇ। ਤਾਂ ਹਾਰਕੇ ਉਹ ਉਸੇ ਕਮਲ ਦੇ ਆਸਨ ਉਤੇ ਬੈਠ ਗਏ। ਚਿੱਤ ਦਾ ਵਿਰੋਧ ਕਰਨ ਵਿਚ ਲੱਗ ਗਏ ਅਤੇ ਧਿਆਨ ਦੇ ਰਾਹੀਂ ਉਹਨਾਂ ਨੇ ਆਪਣਾ ਮੂਲ ਉਦਗਮ ਪਾ ਲਿਆ, ਪਰਮਤੱਤ ਦਾ ਪ੍ਰਤੱਖ ਦਰਸ਼ਨ ਕੀਤਾ, ਉਸਤਤ ਕੀਤੀ। ਪਰਮ ਸਵਰੂਪ ਤੋਂ ਹੀ ਆਦੇਸ਼ ਮਿਲਿਆ ਕਿ ''ਮੈਂ ਹਾਂ ਤਾਂ ਹਰ ਥਾਂ, ਪਰ ਮੇਰੀ ਪ੍ਰਾਪਤੀ ਦਾ ਥਾਂ ਸਿਰਫ਼ ਹਿਰਦਾ ਹੈ। ਹਿਰਦੇ–ਦੇਸ਼ ਵਿਚ ਜੋ ਧਿਆਨ ਕਰਦਾ ਹੈ, ਉਹ ਮੈਨੂੰ ਪ੍ਰਾਪਤ ਕਰ ਲੈਂਦਾ ਹੈ।

ਬ੍ਰਹਮਾ ਇਕ ਪ੍ਰਤੀਕ ਹੈ। ਯੋਗ–ਸਾਧਨਾ ਦੀ ਇਕ ਪਰਪੱਕ ਅਵਸਥਾ ਵਿਚ ਇਹ ਸਥਿਤੀ ਜਾਗ੍ਰਿਤ ਹੁੰਦੀ ਹੈ। ਈਸ਼ਵਰ ਦੇ ਵਲ ਲੱਗੀ, ਬ੍ਰਹਮ ਵਿਦਿਆ ਨਾਲ ਯੁਕਤ ਬੁੱਧੀ ਹੀ ਬ੍ਰਹਮ ਹੈ। ਕੰਵਲ ਗੰਦੇ ਪਾਣੀ ਵਿਚ ਰਹਿੰਦੇ ਹੋਏ ਵੀ ਨਿਰਮਲ–ਨਿਰਲੇਪ ਰਹਿੰਦਾ ਹੈ। ਬੁੱਧੀ ਜਦ ਤਕ ਇਧਰ–ਉਧਰ ਲੱਭਦੀ ਹੈ, ਤਦ ਤਕ ਪ੍ਰਾਪਤੀ ਨਹੀਂ ਹੁੰਦੀ ਅਤੇ ਜਦ ਉਹੀ ਬੁੱਧੀ ਨਿਰਮਲਤਾ ਦੇ ਆਸਨ ਉਤੇ ਆਸੀਨ ਹੋਕੇ ਮਨ ਸਹਿਤ ਇੰਦ੍ਰੀਆਂ ਨੂੰ ਸਮੇਟਕੇ ਹਿਰਦੇ–ਦੇਸ਼ ਵਿਚ ਉਹਨਾਂ ਦਾ ਵਿਰੋਧ ਕਰ ਲੈਂਦੀ ਹੈ, ਤਾਂ ਉਸ ਵਿਰੁੱਧ ਅਵਸਥਾ ਦੇ ਵੀ ਵਿਲੀਨੀਕਰਣ ਦੇ ਬਾਅਦ ਆਪਣੇ ਹਿਰਦੇ ਵਿਚ ਹੀ ਪਰਮਾਤਮਾ ਨੂੰ ਪਾ ਲੈਂਦੀ ਹੈ।

ਇਥੇ ਵੀ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਸੰਸਾਰ ਦਰਖਤ ਹੈ, ਜਿਸਦਾ ਮੂਲ ਹਰ ਥਾਂ

ਫੈਲਿਆ ਹੈ ਅਤੇ ਸ਼ਾਖਾਂ ਵੀ ਸਭ ਪਾਸੇ ਹਨ। ਕਰਮਾਂ ਦੇ ਅਨੁਸਾਰ ਸਿਰਫ਼ ਮਨੁੱਖ ਯੋਨੀ ਵਿਚ ਹੀ ਬੰਧਨ ਤਿਆਰ ਹੁੰਦਾ ਹੈ, ਜਿਸ ਨਾਲ ਮਨੁੱਖ ਬੰਨ੍ਹਿਆ ਜਾਂਦਾ ਹੈ। ਹੋਰ ਯੋਨੀਆਂ ਤਾਂ ਇਹਨਾਂ ਹੀ ਕਰਮਾਂ ਦੇ ਅਨੁਸਾਰ ਭੋਗ ਭੋਗਦੀਆਂ ਹਨ। ਇਸ ਲਈ ਦ੍ਰਿੜ ਵੈਰਾਗ ਰੂਪੀ ਸ਼ਸਤ੍ਰ ਨਾਲ ਇਸ ਸੰਸਾਰ ਰੂਪੀ ਪਿੱਪਲ-ਦਰਖਤ ਨੂੰ ਤੂੰ ਕੱਟ ਅਤੇ ਉਸ ਪਰਮਪਦ ਨੂੰ ਢੂੰਡ, ਜਿਸ ਵਿਚ ਗਏ ਹੋਏ ਮਹਾਰਿਸ਼ੀ ਮੁੜ ਜਨਮ ਨੂੰ ਪ੍ਰਾਪਤ ਨਹੀਂ ਹੁੰਦੇ।

ਕਿਵੇਂ ਜਾਣਿਆ ਜਾਏ ਕਿ ਸੰਸਾਰ-ਬਿਰਛ ਕੱਟ ਗਿਆ ? ਯੋਗੇਸ਼ਵਰ ਕਹਿੰਦੇ ਹਨ ਕਿ ਜੋ ਮਾਨ-ਮੋਹ ਤੋਂ ਪੂਰਾ ਰਹਿਤ ਹੈ, ਜਿਸਨੇ ਸੰਗਦੋਸ਼ ਜਿੱਤ ਲਿਆ ਹੈ, ਜਿਸ ਦੀਆਂ ਕਾਮਨਾਵਾਂ ਨਿਰਵਿਰਤ ਹੋ ਚੁਕੀਆਂ ਹਨ, ਅਤੇ ਜੋ ਦਵੰਦਾਂ ਤੋਂ ਮੁਕਤ ਹੈ, ਉਹ ਪੁਰਸ਼ ਪਰਮਤੱਤ ਨੂੰ ਪ੍ਰਾਪਤ ਹੁੰਦਾ ਹੈ। ਉਸ ਪਰਮਪਦ ਨੂੰ ਨਾ ਸੂਰਜ, ਨਾ ਚੰਦ੍ਰਮਾ ਅਤੇ ਨਾ ਅਗਨੀ ਪ੍ਰਕਾਸ਼ਿਤ (ਉਜਾਗਰ) ਕਰ ਸਕਦੀ ਹੈ, ਨਾ ਕੁਝ ਹੋਰ, ਉਹ ਆਪ ਹੀ ਪ੍ਰਕਾਸ਼ ਸਵਰੂਪ ਹੈ। ਜਿਸ ਵਿਚ ਗਏ ਹੋਏ ਪਰਤਕੇ ਨਹੀਂ ਆਉਂਦੇ। ਉਸ ਪਰਮਪਦ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਸਾਰਿਆਂ ਲਈ ਹੈ, ਕਿਉਂਕਿ ਉਹ ਜੀਵਾਤਮਾ ਮੇਰਾ ਹੀ ਸ਼ੁੱਧ ਅੰਸ਼ ਹੈ।

ਸਰੀਰ ਦਾ ਤਿਆਗ ਕਰਦੇ ਸਮੇਂ ਜੀਵਾਤਮਾ ਮਨ ਅਤੇ ਪੰਜੋ ਗਿਆਨ ਇੰਦ੍ਰੀਆਂ ਦੇ ਕ੍ਰਿਆ-ਕਲਾਪਾਂ ਨੂੰ ਲੈਕੇ ਨਵੇਂ ਸਰੀਰ ਨੂੰ ਧਾਰਨ ਕਰਦਾ ਹੈ। ਜੇ ਸੰਸਕਾਰ ਸਾਤਵਿਕ ਹਨ ਤਾਂ ਸਾਤਵਿਕ ਪੱਧਰ ਤੇ ਪਹੁੰਚ ਜਾਂਦਾ ਹੈ, ਰਾਜਸੀ ਹਨ ਤਾਂ ਮੱਧਮ ਸਥਾਨ ਤੇ ਅਤੇ ਤਾਮਸੀ ਹਨ ਤਾਂ ਅਧਮ ਯੋਨੀਆਂ ਤਕ ਪਹੁੰਚ ਜਾਂਦਾ ਹੈ ਅਤੇ ਇੰਦ੍ਰੀਆਂ ਦੇ ਅਧਿਸ਼ਠਾਤਾ ਮਨ ਦੇ ਮਾਧਿਅਮ ਨਾਲ ਵਿਸ਼ਿਆਂ ਨੂੰ ਵੇਖਦਾ-ਭੋਗਦਾ ਹੈ। ਇਹ ਦਿਖਾਈ ਨਹੀਂ ਪੈਂਦਾ, ਇਸਨੂੰ ਵੇਖਣ ਵਾਲੀ ਦ੍ਰਿਸ਼ਟੀ ਗਿਆਨ ਹੈ। ਕੁਝ ਯਾਦ ਕਰ ਲੈਣ ਦਾ ਨਾਮ ਗਿਆਨ ਨਹੀਂ ਹੈ। ਯੋਗੀਜਨ ਹਿਰਦੇ ਵਿਚ ਚਿੱਤ ਨੂੰ ਸਮੇਟਕੇ ਜਤਨ ਕਰਦੇ ਹੋਏ ਉਸਨੂੰ ਵੇਖਦੇ ਹਨ, ਇਸ ਲਈ ਗਿਆਨ ਸਾਧਨਾ ਨਾਲ ਮਿਲਦਾ ਹੈ। ਹਾਂ, ਅਧਿਐਨ ਨਾਲ ਉਸਦੇ ਲਈ ਰੁਚੀ-ਰੁਝਾਨ ਜ਼ਰੂਰ ਜਾਗਦੀ ਹੈ। ਸ਼ੰਕਾਮਈ ਮਲੀਨ-ਮਨ ਵਾਲੇ ਜਤਨ ਕਰਕੇ ਵੀ ਉਸ ਨੂੰ ਨਹੀਂ ਪ੍ਰਾਪਤ ਕਰ ਸਕਦੇ।

ਇਥੇ ਪ੍ਰਾਪਤੀ ਦੇਣ ਵਾਲੇ ਸਥਾਨ ਦਾ ਚਿਤ੍ਰਣ ਹੈ। ਇਸ ਲਈ ਉਸ ਅਵਸਥਾ ਦੀਆਂ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਦਾ ਪ੍ਰਵਾਹ ਸੁਭਾਵਕ ਹੈ। ਉਹਨਾਂ ਉਤੇ ਪ੍ਰਕਾਸ਼ ਪਾਉਂਦੇ ਯੋਗੇਸ਼ਵਰ ਕਹਿੰਦੇ ਹਨ ਕਿ ਸੂਰਜ ਅਤੇ ਚੰਨ ਵਿਚ ਮੈਂ ਹੀ ਪ੍ਰਕਾਸ਼ ਹਾਂ, ਅਗਨੀ ਵਿਚ ਮੈਂ ਹੀ ਤੇਜ ਹਾਂ। ਮੈਂ ਹੀ ਪ੍ਰਚੰਡ ਅਗਨੀ ਰੂਪ ਨਾਲ ਚਾਰ ਵਿਧੀਆਂ ਰਾਹੀਂ ਪਰੀਪੱਕ ਹੋਣ ਵਾਲੇ ਅੰਨ ਨੂੰ ਪਚਾਉਂਦਾ ਹਾਂ। ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਅੰਨ ਹੀ ਬ੍ਰਹਮ ਹੈ, (**'अन्न ब्रह्म व्यजानात्'** – ਜਿਸ ਉਪਨਿਸ਼ਦ ਤੋਂ ਸ਼੍ਰੀ ਕ੍ਰਿਸ਼ਣ ਨੇ ਇਹ ਲਿਆ ਹੈ, ਉਸਦਾ ਇਹੋ ਨਿਰਣਾ ਹੈ), ਜਿਸਨੂੰ ਪ੍ਰਾਪਤ ਕਰਕੇ ਇਹ ਆਤਮਾ ਤ੍ਰਿਪਤ ਹੋ ਜਾਂਦਾ ਹੈ। ਬੈਖਰੀ ਤੋਂ ਪਰਾ ਤਕ ਅੰਨ ਪੂਰਾ ਪੱਕ ਜਾਣ ਤੇ ਪੱਚ ਜਾਂਦਾ ਹੈ ਤੇ ਉਹ ਪਾਤਰ (ਸਾਧਕ) ਵੀ ਗੁਆਚ ਜਾਂਦਾ ਹੈ। ਇਸ ਅੰਨ ਨੂੰ ਮੈਂ ਹੀ ਪਚਾਉਂਦਾ ਹਾਂ, ਅਰਥਾਤ, ਸਤਿਗੁਰੂ ਜਦ ਤਕ ਰਥੀ ਨਾ ਹੋਣ, ਤਦ ਤਕ ਇਹ ਉਪਲਬਧੀ ਨਹੀਂ ਹੁੰਦੀ।

ਇਸਤੇ ਜ਼ੋਰ ਦੇਂਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਫੇਰ ਕਹਿੰਦੇ ਹਨ ਕਿ ਸਾਰੇ ਪ੍ਰਾਣੀਆਂ ਦੇ ਅੰਤਰਦੇਸ਼ ਵਿਚ ਸਥਿਤ ਹੋਕੇ ਮੈਂ ਹੀ ਯਾਦ ਦਿਵਾਉਂਦਾ ਹਾਂ। ਜੋ ਸਵਰੂਪ ਵਿਸਿਮਰਤ (ਭੁੱਲਿਆ) ਸੀ, ਉਸਦੀ ਯਾਦ ਕਰਾਉਂਦਾ ਹਾਂ। ਸਿਮਰਤੀ ਦੇ ਨਾਲ ਮਿਲਣ ਵਾਲਾ ਗਿਆਨ ਵੀ ਮੈਂ ਹਾਂ। ਉਸ ਵਿਚ ਆਉਣ ਵਾਲੀਆਂ ਅੜਚਨਾਂ ਦਾ ਨਿਰਾਕਰਣ ਵੀ ਮੈਂ ਹੀ ਕਰਦਾ ਹਾਂ। ਮੈਂ ਹੀ ਜਾਣਨ ਯੋਗ ਹਾਂ ਅਤੇ ਵਿਦਿਤ ਹੋ ਜਾਣ ਦੇ ਬਾਅਦ ਜਾਣਕਾਰੀ ਦਾ ਅੰਤਕਰਤਾ ਵੀ ਮੈਂ ਹੀ ਹਾਂ ਕਿ ਕੌਣ ਕਿਸਨੂੰ

ਜਾਣੇ ? ਮੈਂ ਵੇਦਵੇਤਾ ਹਾਂ। ਅਧਿਆਇ ਦੇ ਆਰੰਭ ਵਿਚ ਉਹਨਾਂ ਨੇ ਕਿਹਾ ਸੀ ਕਿ ਜੋ ਸੰਸਾਰ–ਬਿਰਛ ਨੂੰ ਮੂਲ ਸਹਿਤ ਜਾਣਦਾ ਹੈ, ਉਹ ਵੇਦ ਨੂੰ ਜਾਣਨ ਵਾਲਾ ਹੈ, ਪਰ ਜਾਣਦਾ ਉਹੀ ਹੈ ਜੋ ਉਸਨੂੰ ਕੱਟਦਾ ਹੈ। ਇਥੇ ਕਹਿੰਦੇ ਹਨ ਕਿ ਮੈਂ ਵੀ ਵੇਦ ਨੂੰ ਜਾਣਨ ਵਾਲਾ ਹਾਂ। ਉਹਨਾਂ ਵੇਦਵੇਤਿਆਂ ਵਿਚ ਆਪਣੀ ਵੀ ਗਿਣਤੀ ਕਰਦੇ ਹਨ। ਇਸ ਲਈ ਸ਼੍ਰੀ ਕ੍ਰਿਸ਼ਣ ਵੀ ਇਥੇ ਵੇਦ ਨੂੰ ਜਾਣਨ ਵਾਲਾ ਪੁਰਸ਼ੋਤੱਮ ਹਨ, ਜਿਸਦੇ ਪਦ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਹਰ ਮਨੁੱਖ ਨੂੰ ਹੈ।

ਅੰਤ ਵਿਚ ਉਹਨਾਂ ਨੇ ਦਸਿਆ ਕਿ ਇਸ ਲੋਕ ਵਿਚ ਤਿੰਨ ਤਰ੍ਹਾਂ ਦੇ ਪੁਰਸ਼ ਹਨ। ਸਾਰੇ ਭੂਤ ਪ੍ਰਾਣੀਆਂ ਦੇ ਸਰੀਰ ਨਸ਼ਵਰ ਹਨ, ਮਨ ਦੇ ਅੰਦਰ ਵਿਆਪਤ ਅਵਸਥਾ ਵਿਚ ਇਹੋ ਪੁਰਸ਼ ਅਖੈ, ਅਨਸ਼ਵਰ ਹੈ ਪਰ ਹੈ ਦਵੰਦਾਤਮਕ। ਇਸਤੋਂ ਵੀ ਪਰੇ ਉਹ ਪੁਰਸ਼ ਹੈ ਜੋ ਪਰਮਾਤਮਾ, ਪਰਮੇਸ਼ਵਰ, ਅਵਿਅਕਤ ਅਤੇ ਅਵਿਨਾਸ਼ੀ ਕਿਹਾ ਜਾਂਦਾ ਹੈ, ਪਰ ਉਹ ਦਰਅਸਲ ਕੁਝ ਹੋਰ ਹੀ ਹੈ, ਨਿਰਵਚਨੀ ਹੈ। ਉਹ ਖੈ–ਅਖੈ ਤੋਂ ਪਰੇ ਵਾਲੀ ਅਵਸਥਾ ਹੈ, ਜੋ ਪਰਮ ਸਥਿਤੀ ਹੈ। ਇਸੇ ਰਾਹੀਂ ਆਪਣੀ ਤੁਲਨਾ ਨਾਲ ਉਹ ਕਹਿੰਦੇ ਹਨ ਕਿ ਮੈਂ ਵੀ ਖੈ–ਅਖੈ ਤੋਂ ਪਰੇ ਉਹੀ ਹਾਂ, ਇਸ ਲਈ ਲੋਕੀਂ ਮੈਨੂੰ ਪੁਰਸ਼ੋਤੱਮ ਕਹਿੰਦੇ ਹਨ। ਇਸ ਤਰ੍ਹਾਂ ਉੱਤਮ ਪੁਰਸ਼ ਨੂੰ ਜੋ ਜਾਣਦੇ ਹਨ, ਉਹ ਗਿਆਨੀ ਭਗਤਜਨ ਸਭ ਪਾਸਿਆਂ ਤੋਂ, ਸਦਾ ਮੈਨੂੰ ਹੀ ਭਜਦੇ ਹਨ। ਉਹਨਾਂ ਦੀ ਜਾਣਕਾਰੀ ਯਥਾਰਥ ਹੈ। ਅਰਜੁਨ! ਇਹ ਅਤਿ ਰਹੱਸਮਈ ਤੱਤ ਮੈਂ ਤੇਰੇ ਲਈ ਕਿਹਾ। ਪ੍ਰਾਪਤੀ ਵਾਲੇ ਮਹਾਪੁਰਸ਼ ਸਭਦੇ ਸਾਮ੍ਹਣੇ ਨਹੀਂ ਕਹਿੰਦੇ, ਪਰ ਅਧਿਕਾਰੀ ਤੋਂ ਭੇਦ ਨਹੀਂ ਛੁਪਾਉਂਦੇ। ਭੇਦ ਨਾ ਦੱਸਾਂਗੇ ਤਾਂ ਸਾਧਕ ਪਾਏਗਾ ਕਿਵੇਂ ?

ਇਸ ਅਧਿਆਇ ਵਿਚ ਆਤਮਾ ਦੀਆਂ ਤਿੰਨ ਸਥਿਤੀਆਂ ਦਾ ਚਿਤ੍ਰਣ ਖੈ–ਅਖੈ ਅਤੇ ਉੱਤਮ ਪੁਰਸ਼ ਨੂੰ ਸਪਸ਼ਟ ਕੀਤਾ ਗਿਆ ਹੈ, ਜਿਸ ਤਰ੍ਹਾਂ ਇਸਤੋਂ ਪਹਿਲਾਂ ਕਿਸੇ ਅਧਿਆਇ ਵਿਚ ਨਹੀਂ ਹੈ। ਇਸ ਲਈ –

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'पुरुषोत्तम योगो' नाम पञ्चदशोऽध्याय: ।।१५।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ–ਅਰਜੁਨ ਸੰਵਾਦ ਵਿਚ 'ਪੁਰਸ਼ੋਤੱਮ ਯੋਗ' ਨਾਮਕ ਪੰਦਰ੍ਹਵਾਂ ਅਧਿਆਇ ਪੂਰਾ ਹੁੰਦਾ ਹੈ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'पुरुषोत्तम योगो' नाम पञ्चदशोध्याय: ।।१५।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਸੋਲ੍ਹਵਾਂ ਅਧਿਆਇ

ਯੋਗੇਸ਼ਵਰ ਭਗਵਾਨ ਸ਼੍ਰੀ ਕ੍ਰਿਸ਼ਣ ਦਾ ਪ੍ਰਸ਼ਨ ਪ੍ਰਸਤੁਤ ਕਰਨ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ । ਪਹਿਲਾਂ ਉਹ ਪ੍ਰਸੰਗ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰਦੇ ਹਨ, ਜਿਸ ਨਾਲ ਮਨੁੱਖ ਉਸ ਵਲ ਆਕਰਸ਼ਿਤ ਹੋਵੇ, ਉਸਦੇ ਬਾਅਦ ਉਹ ਉਸ ਪ੍ਰਸੰਗ ਨੂੰ ਸਪਸ਼ਟ ਕਰਦੇ ਹਨ । ਮਿਸਾਲ ਲਈ ਕਰਮ ਨੂੰ ਲਈਏ । ਉਹਨਾਂ ਨੇ ਦੂਜੇ ਅਧਿਆਇ ਵਿਚ ਹੀ ਪ੍ਰੇਰਣਾ ਦਿਤੀ ਕਿ ਅਰਜੁਨ ! ਕਰਮ ਕਰ । ਤੀਜੇ ਅਧਿਆਇ ਵਿਚ ਉਹਨਾਂ ਨੇ ਸਪਸ਼ਟ ਕੀਤਾ ਕਿ ਨਿਰਧਾਰਿਤ ਕਰਮ ਕਰ । ਨਿਯਤ ਜਾਂ ਨਿਰਧਾਰਿਤ ਕਰਮ ਕੀ ਹੈ ? ਤਾਂ ਦਸਿਆ ਕਿ ਯੋਗ ਦੀ ਪ੍ਰਕ੍ਰਿਆ ਹੀ ਨਿਯਤ ਕਰਮ ਹੈ । ਫੇਰ ਉਹਨਾਂ ਨੇ ਯੱਗ ਦਾ ਸਵਰੂਪ ਨਾ ਦੱਸਕੇ ਪਹਿਲਾਂ ਇਹ ਦੱਸਿਆ ਕਿ ਯੱਗ ਆਇਆ ਕਿੱਥੋਂ ਅਤੇ ਉਹ ਕੀ ਦੇਂਦਾ ਹੈ ? ਚੌਥੇ ਅਧਿਆਇ ਵਿਚ ਤੇਰਾਂ-ਚੌਦਾਂ ਵਿਧੀਆਂ ਨਾਲ ਯੱਗ ਦਾ ਸਵਰੂਪ ਸਪਸ਼ਟ ਕੀਤਾ ਕਿ ਜਿਸਨੂੰ ਕਰਨਾ ਕਰਮ ਹੈ । ਇਥੇ ਕਰਮ ਸਪਸ਼ਟ ਹੁੰਦਾ ਹੈ, ਜਿਸਦਾ ਸ਼ੁੱਧ ਅਰਥ ਹੈ ਯੋਗ-ਚਿੰਤਨ, ਆਰਾਧਨਾ, ਜੋ ਮਨ ਅਤੇ ਇੰਦ੍ਰੀਆਂ ਦੀ ਕ੍ਰਿਆ ਨਾਲ ਧੂਰੀ ਹੁੰਦੀ ਹੈ ।

ਇਸੇ ਤਰ੍ਹਾਂ ਉਹਨਾਂ ਨੇ ਅਧਿਆਇ ਨੌਂ ਵਿਚ ਦੈਵੀ ਅਤੇ ਆਸੁਰੀ ਸੰਪੱਤੀ ਦਾ ਨਾਮ ਲਿਆ । ਉਸ ਦੀਆਂ ਵਿਸੇਸ਼ਤਾਵਾਂ ਦੱਸੀਆਂ ਕਿ, ਅਰਜੁਨ ! ਆਸੁਰੀ ਸੁਭਾਅ ਵਾਲੇ ਮੈਨੂੰ ਤੁੱਛ ਕਹਿਕੇ ਸੰਬੋਧਿਤ ਕਰਦੇ ਹਨ । ਹਾਂ ਤਾਂ ਮੈਂ ਵੀ ਮਨੁੱਖੀ ਸਰੀਰ ਦੇ ਆਧਾਰ ਵਾਲਾ, ਕਿਉਂਕਿ ਮਨੁੱਖ-ਸਰੀਰ ਵਿਚ ਹੀ ਮੈਨੂੰ ਇਹ ਸਥਿਤੀ ਮਿਲੀ ਹੈ, ਪਰ ਆਸੁਰੀ ਸੁਭਾਅ ਵਾਲੇ, ਮੂੜ ਸੁਭਾਅ ਵਾਲੇ ਮੈਨੂੰ ਨਹੀਂ ਸਿਮਰਦੇ । ਜਦਕਿ ਦੈਵੀ ਸੰਪੱਤੀ ਨਾਲ ਯੁਕਤ ਭਗਤਜਨ ਬੜੀ ਸ਼ਰਧਾ ਨਾਲ ਮੈਨੂੰ ਸਿਮਰਦੇ ਹਨ । ਪਰ ਇਹਨਾਂ ਸੰਪੱਤੀਆਂ ਦਾ ਸਵਰੂਪ, ਉਹਨਾਂ ਦੀ ਬਣਾਵਟ ਅਜੇ ਤਕ ਉਹਨਾਂ ਨਹੀਂ ਦੱਸੀ । ਹੁਣ ਅਧਿਆਇ ਸੋਲਾਂ ਵਿਚ ਯੋਗੇਸ਼ਵਰ ਉਹਨਾਂ ਦਾ ਸਵਰੂਪ ਸਪਸ਼ਟ ਕਰਨ ਜਾ ਰਹੇ ਹਨ, ਜਿਨ੍ਹਾਂ ਵਿਚ ਪਹਿਲਾਂ ਦੱਸਦੇ ਹਨ ਦੈਵੀ ਸੰਪੱਤੀ ਦੇ ਲੱਛਣ -

**ਸ਼੍ਰੀ ਭਗਵਾਨ ਉਵਾਚ –**

**अभयं सत्त्वसंशुद्धिर्ज्ञानयोगव्यवस्थितिः।**
**दानं दमश्च यज्ञश्च स्वाध्यायस्तप आर्जवम्।।१।।**

ਭੈ ਦਾ ਪੂਰਨ ਅਭਾਵ, ਅੰਤਰਮਨ ਦੀ ਸ਼ੁੱਧਤਾ, ਤੱਤਗਿਆਨ ਲਈ ਧਿਆਨ ਵਿਚ ਦ੍ਰਿੜ ਸਥਿਤੀ ਜਾਂ ਨਿਰੰਤਰ ਲਗਨ, ਸਭ ਕੁਝ ਸਮਰਪਿਤ ਕਰਨ ਦਾ ਭਾਵ, ਇੰਦ੍ਰੀਆਂ ਦਾ ਭਲੀ ਭਾਂਤ ਦਮਨ, ਯੱਗ ਦਾ ਆਚਰਣ (ਜੈਸਾ ਖ਼ੁਦ ਸ਼੍ਰੀ ਕਿਸ਼ਣ ਨੇ ਅਧਿਆਇ ਚਾਰ ਵਿਚ ਦੱਸਿਆ ਹੈ), ਸੰਜਮ-ਅਗਨੀ ਵਿਚ ਹਵਨ, ਇੰਦ੍ਰੀ-ਅਗਨੀ ਵਿਚ ਹਵਨ, ਪ੍ਰਾਣ-ਅਪਾਨ ਵਿਚ ਹਵਨ ਅਤੇ ਅੰਤ ਵਿਚ ਗਿਆਨ-ਅਗਨੀ ਵਿਚ ਹਵਨ, ਅਰਥਾਤ ਆਰਾਧਨਾ ਦੀ ਪ੍ਰਕ੍ਰਿਆ, ਜੋ ਸਿਰਫ਼ ਮਨ ਅਤੇ ਇੰਦ੍ਰੀਆਂ ਦੀ ਅੰਤਰਕ੍ਰਿਆ ਰਾਹੀਂ ਪੂਰੀ ਹੁੰਦੀ ਹੈ। ਤਿਲ-ਜੌਂ-ਵੇਦੀ ਇਤਿਆਦ ਸਾਮੱਗ੍ਰੀਆਂ ਨਾਲ ਹੋਣ ਵਾਲੇ ਯੱਗ ਦਾ ਇਸ ਗੀਤਾ ਵਿਚ ਦੱਸੇ ਯੱਗ ਨਾਲ ਕੋਈ ਸੰਬੰਧ ਨਹੀਂ ਹੈ। ਸ਼੍ਰੀ ਕਿਸ਼ਣ ਨੇ ਐਸੇ ਕਿਸੇ ਕਰਮਕਾਂਡ ਨੂੰ ਯੱਗ ਨਹੀਂ ਮੰਨਿਆ। ਸ੍ਵੈਧਿਆਇ ਅਰਥਾਤ ਸ੍ਵੈ-ਸਵਰੂਪ (ਆਪਣੇ ਹੀ ਸਵਰੂਪ) ਵਲ ਵਧਾਉਣ ਵਾਲਾ ਅਧਿਐਨ, ਤੱਪ, ਅਰਥਾਤ ਮਨ ਸਹਿਤ ਇੰਦ੍ਰੀਆਂ ਨੂੰ ਇਸ਼ਟ ਦੇ ਅਨੁਰੂਪ ਢਾਲਣਾ ਅਤੇ '**अर्जवम्**' – ਸਰੀਰ ਅਤੇ ਇੰਦ੍ਰੀਆਂ ਸਮੇਤ ਅੰਤਰਮਨ ਦੀ ਸਰਲਤਾ –

**अहिंसा सत्यमक्रोधस्त्यागः शान्तिरपैशुनम्।**
**दया भूतेष्वलोलुप्त्वं मार्दवं ह्रीरचापलम्।।२।।**

ਅਹਿੰਸਾ, ਅਰਥਾਤ ਆਤਮਾ ਦਾ ਉੱਧਾਰ (ਆਤਮਾ ਨੂੰ ਅਧੋਗਤਿ ਵਿਚ ਪਹੁੰਚਾਉਣਾ ਹੀ ਹਿੰਸਾ ਹੈ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ – ਜੇ ਮੈਂ ਸਾਵਧਾਨ ਹੋਕੇ ਕਰਮ ਵਿਚ ਨਾ ਵਰਤਾਂ, ਤਾਂ ਇਸ ਸਾਰੀ ਪਰਜਾ ਦਾ ਹਨਨ ਕਰਨ ਵਾਲਾ ਅਤੇ ਵਰਣ ਸੰਕਰ ਦਾ ਕਰਤਾ ਹੋ ਜਾਵਾਂ। ਆਤਮਾ ਦਾ ਸ਼ੁੱਧ ਵਰਣ ਹੈ ਪਰਮਾਤਮਾ, ਉਸਦਾ ਪ੍ਰਕ੍ਰਿਤੀ ਵਿਚ ਭਟਕਣਾ ਵਰਣ ਸੰਕਰ ਹੈ, ਆਤਮਾ ਦੀ ਹਿੰਸਾ ਹੈ, ਆਤਮਾ ਦਾ ਉੱਧਾਰ ਹੀ ਅਹਿੰਸਾ ਹੈ), ਸੱਚ (ਸੱਚ ਦਾ ਅਰਥ ਯਥਾਰਥ ਜਾਂ ਚੰਗਾ ਬੋਲਣਾ ਨਹੀਂ ਹੈ। ਤੁਸੀਂ ਕਹਿੰਦੇ ਹੋ ਇਹ ਕਪੜਾ ਸਾਡਾ ਹੈ, ਤਾਂ ਕਿ ਤੁਸੀਂ ਸੱਚ ਬੋਲਦੇ ਹੋ ? ਇਸਤੋਂ ਵੱਡਾ ਝੂਠ ਹੋਰ ਕੀ ਹੋਵੇਗਾ ? ਜਦ ਸਰੀਰ ਤੁਹਾਡਾ ਨਹੀਂ ਹੈ, ਨਸ਼ਵਰ ਹੈ, ਤਾਂ ਉਸਨੂੰ ਢੱਕਣ ਵਾਲਾ ਕਪੜਾ ਕਿਵੇਂ ਤੁਹਾਡਾ ਹੈ ? ਦਰਅਸਲ ਸੱਚ ਦਾ ਸਵਰੂਪ ਯੋਗੇਸ਼ਵਰ ਨੇ ਆਪ ਦੱਸਿਆ ਹੈ ਕਿ, ਅਰਜੁਨ ! ਸੱਚ ਵਸਤੂ ਦਾ ਤਿੰਨਾਂ ਕਾਲਾਂ ਵਿਚ ਅਭਾਵ ਨਹੀਂ ਹੈ। ਇਹ ਆਤਮਾ ਹੀ ਸੱਚ ਹੈ, ਇਹੋ ਪਰਮ ਸੱਚ ਹੈ – ਇਸ ਸੱਚ ਉੱਤੇ ਨਜ਼ਰ ਰੱਖਣਾ) ਕ੍ਰੋਧ ਦਾ ਨਾ ਹੋਣਾ, ਸਭ ਕੁਝ ਸਮਰਪਣ ਕਰਨ ਦਾ ਭਾਵ, ਸ਼ੁਭ-ਅਸ਼ੁਭ ਕਰਮ-ਫਲਾਂ ਦਾ ਤਿਆਗ, ਚਿੱਤ ਦੀ ਚੰਚਲਤਾ ਦਾ ਪੂਰਾ ਅਭਾਵ, ਇਸ਼ਟ ਦੇ ਵਿਪਰੀਤ ਨਿੰਦਿਤ ਕੰਮ ਨਾ ਕਰਨਾ, ਸਾਰੇ ਪ੍ਰਾਣੀਆਂ ਲਈ ਦਇਆ ਭਾਵ, ਇੰਦ੍ਰੀਆਂ ਦਾ ਵਿਸ਼ਿਆਂ ਨਾਲ ਸੰਜੋਗ ਹੋਣ ਤੇ ਵੀ ਉਹਨਾਂ ਵਿਚ ਆਸਕਤੀ ਦਾ ਅਭਾਵ, ਕੋਮਲਤਾ, ਆਪਣੇ ਲੱਖਸ਼ ਤੋਂ ਹਟਣ ਲਈ ਸ਼ਰਮ, ਫ਼ਿਜ਼ੂਲ ਹਰਕਤਾਂ ਦਾ ਅਭਾਵ ਅਤੇ –

**तेजः क्षमा धृतिः शौचमद्रोहो नातिमानिता।**
**भवन्ति संपदं दैवीमभिजातस्य भारत।।३।।**

ਤੇਜ (ਜੋ ਇਕ ਮਾਤਰ ਈਸ਼ਵਰ ਵਿਚ ਹੈ, ਉਸੇ ਰਾਹੀਂ ਕੰਮ ਕਰਨ ਵਾਲਾ ਪੁਰਸ਼। ਮਹਾਤਮਾ ਬੁੱਧ ਦੀ ਨਜ਼ਰ ਪੈਂਦਿਆਂ ਸਾਰ ਹੀ ਅੰਗੁਲੀਮਾਲ ਦੇ ਵਿਚਾਰ ਬਦਲ ਗਏ। ਇਹ ਉਸ ਤੇਜ ਦਾ ਹੀ ਨਤੀਜਾ ਸੀ, ਜਿਸ ਨਾਲ ਕਲਿਆਨ-ਸਿਰਜਨਾ ਹੁੰਦੀ ਹੈ, ਜੋ ਬੁੱਧ ਵਿਚ ਸੀ),

ਖਿਮਾ, ਧੀਰਜ, ਸ਼ੁੱਧੀ, ਕਿਸੇ ਲਈ ਵੀ ਵੈਰ ਭਾਵਨਾ ਦਾ ਅਭਾਵ, ਆਪਣੇ ਬਾਰੇ ਪੂਜਨੀਕਤਾ ਦਾ ਪੂਰਾ ਅਭਾਵ–ਹੈ ਅਰਜੁਨ ! ਇਹ ਸਭ ਤਾਂ ਦੈਵੀ ਸੰਪੱਤੀ ਨੂੰ ਪ੍ਰਾਪਤ ਪੁਰਸ਼ ਦੇ ਲੱਛਣ ਹਨ । ਇਸ ਤਰ੍ਹਾਂ ਕੁਲ ਛੱਬੀ ਲੱਛਣ ਦੱਸੇ, ਜੋ ਸਭ ਦੇ ਸਭ ਤਾਂ ਸਾਧਨਾ ਵਿਚ ਪਰੀਪੱਕ ਅਵਸਥਾ ਵਾਲੇ ਪੁਰਸ਼ ਵਿਚ ਮੁਮਕਿਨ ਹਨ ਅਤੇ ਅੰਸ਼–ਰੂਪ ਵਿਚ ਤੁਹਾਡੇ ਅੰਦਰ ਵੀ ਜ਼ਰੂਰ ਹਨ, ਅਤੇ ਆਸੁਰੀ ਸੰਪੱਤੀ ਵਾਲੇ ਮਨੁੱਖਾਂ ਵਿਚ ਵੀ ਹੁੰਦੇ ਹਨ, ਪਰ ਸੁੱਤੇ ਰਹਿੰਦੇ ਹਨ । ਤਦੇ ਤਾਂ ਘੋਰ ਪਾਪੀ ਨੂੰ ਵੀ ਕਲਿਆਨ ਦਾ ਅਧਿਕਾਰ ਹੈ । ਹੁਣ ਆਸੁਰੀ ਸੰਪੱਤੀ ਦੇ ਪ੍ਰਮੁੱਖ ਲੱਛਣ ਦੱਸਦੇ ਹਨ –

**दम्भो दर्पोऽभिमानश्च क्रोध: पारुष्यमेव च।**
**अज्ञानं चाभिजातस्य पार्थ सम्पदमासुरीम्।।४।।**

ਹੇ ਪਾਰਥ ! ਪਾਖੰਡ, ਘਮੰਡ, ਅਭਿਮਾਨ, ਕ੍ਰੋਧ, ਕਠੋਰ ਵਚਨ ਅਤੇ ਅਗਿਆਨ – ਇਹ ਸਾਰੇ ਆਸੁਰੀ ਸੰਪੱਤੀ ਨੂੰ ਪ੍ਰਾਪਤ ਪੁਰਸ਼ ਦੇ ਲੱਛਣ ਹਨ । ਦੋਨਾਂ ਸੰਪੱਤੀਆਂ ਦਾ ਕੰਮ ਕੀ ਹੈ ?

**दैवी संपद्विमोक्षाय निबन्धायासुरी मता।**
**मा शुच: संपदं दैवीमभिजातोऽसि पांडव।।५।।**

ਇਹਨਾਂ ਦੋਵਾਂ ਤਰ੍ਹਾਂ ਦੀਆਂ ਸੰਪੱਤੀਆਂ ਵਿਚੋਂ ਦੈਵੀ ਸੰਪੱਤੀ ਤਾਂ **'विमोक्षाय'–** ਵਿਸ਼ੇਸ਼ ਮੋਖਸ਼ ਲਈ ਹੈ ਅਤੇ ਆਸੁਰੀ ਸੰਪਤੀ ਬੰਧਨ ਦੇ ਲਈ ਮੰਨੀ ਗਈ ਹੈ । ਹੇ ਅਰਜੁਨ ! ਤੂੰ ਮੋਹ ਨਾ ਕਰ, ਕਿਉਂਕਿ ਤੂੰ ਦੈਵੀ ਸੰਪੱਤੀ ਨੂੰ ਪ੍ਰਾਪਤ ਹੋਇਆ ਹੈਂ । ਤੂੰ ਵਿਸ਼ੇਸ਼ ਮੁਕਤੀ ਨੂੰ ਅਰਥਾਤ ਮੈਨੂੰ ਪ੍ਰਾਪਤ ਹੋਵੇਂਗਾ । ਉਹ ਸੰਪੱਤੀਆਂ ਰਹਿੰਦੀਆਂ ਕਿਥੇ ਹਨ ?

**द्वौ भूतसर्गो लोकेऽस्मिन् दैव आसुर एव च।**
**दैवो विस्तरश: प्रोक्त आसुरं पार्थ मे श्रृणु।।६।।**

ਹੇ ਅਰਜੁਨ ! ਇਸ ਲੋਕ ਵਿਚ ਜੀਵਾਂ (ਪ੍ਰਾਣੀਆਂ) ਦੇ ਸੁਭਾਅ ਦੋ ਤਰ੍ਹਾਂ ਦੇ ਹੁੰਦੇ ਹਨ – ਦੇਵਾਂ ਦੇ ਵਰਗਾ ਅਤੇ ਅਸੁਰਾਂ ਦੇ ਵਰਗਾ । ਜਦ ਹਿਰਦੇ ਵਿਚ ਦੈਵੀ ਸੰਪੱਤੀ ਕਾਰਜਸ਼ੀਲ ਹੋਵੇ, ਤਾਂ ਮਨੁੱਖ ਹੀ ਦੇਵਤਾ ਹੈ ਅਤੇ ਜਦੋਂ ਆਸੁਰੀ ਸੰਪੱਤੀ ਕੰਮ ਕਰਨ ਲੱਗੇ ਤਾਂ ਉਹੀ ਮਨੁੱਖ ਅਸੁਰ ਹੈ । ਸ੍ਰਿਸ਼ਟੀ ਵਿਚ ਇਹ ਦੋ ਹੀ ਜਾਤੀਆਂ ਹਨ । ਉਹ ਚਾਹੇ ਅਰਬ ਵਿਚ ਪੈਦਾ ਹੋਇਆ ਹੋਵੇ, ਚਾਹੇ ਆਸਟ੍ਰੇਲੀਆ ਵਿਚ, ਜਾਂ ਕਿਧਰੇ ਵੀ, ਪਰ ਹੋਵੇਗਾ ਇਹਨਾਂ ਦੋਵਾਂ ਵਿਚੋਂ ਹੀ । ਅਜੇ ਤਕ ਦੇਵਾਂ ਦਾ ਸੁਭਾਅ ਹੀ ਵਿਸਤਾਰ ਨਾਲ ਦੱਸਿਆ ਗਿਆ, ਹੁਣ ਅਸੁਰਾਂ ਦੇ ਸੁਭਾਅ ਨੂੰ ਮੇਰੇ ਕੋਲੋਂ ਵਿਸਤਾਰ ਪੂਰਬਕ ਸੁਣ –

**प्रवृत्तिं च निवृत्तिं च जना न विदुरासुरा:।**
**न शौचं नापि चाचारो न सत्यं तेषु विद्यते।।७।।**

ਹੇ ਅਰਜੁਨ ! ਅਸੁਰ ਲੋਕੀਂ – ਨਿਰਧਾਰਤ ਕਰਮ ਵਿਚ ਪ੍ਰਵਿਰਤ ਹੋਣਾ ਅਤੇ – ਨਾ ਕਰਨ ਯੋਗ ਕਰਮ ਤੋਂ ਨਿਰਵਿਰਤ ਹੋਣਾ ਵੀ ਨਹੀਂ ਜਾਣਦੇ । ਇਸ ਲਈ ਉਹਨਾਂ ਵਿਚ ਨਾ ਸ਼ੁੱਧੀ ਰਹਿੰਦੀ ਹੈ, ਨਾ ਆਚਰਣ ਅਤੇ ਨਾ ਸੱਚ ਹੀ ਰਹਿੰਦਾ ਹੈ । ਉਹਨਾਂ ਪੁਰਸ਼ਾਂ ਦੇ ਵਿਚਾਰ ਕਿਹੋ ਜਿਹੇ ਹੁੰਦੇ ਹਨ ?

**असत्यमप्रतिष्ठं ते जगदाहुरनीश्वरम्।**
**अपरस्परसंभूतं किमन्यत्कामहैतुकम्।।८।।**

ਉਹ ਆਸੁਰੀ ਪ੍ਰਵਿਰਤੀ ਵਾਲੇ ਮਨੁੱਖ ਕਹਿੰਦੇ ਹਨ ਕਿ ਜਗਤ ਆਸਰਾ-ਰਹਿਤ ਹੈ, ਬਿਲਕੁਲ ਝੂਠ ਹੈ ਅਤੇ ਬਿਨਾਂ ਈਸ਼ਵਰ ਦੇ ਆਪਣੇ-ਆਪ ਇਸਤ੍ਰੀ-ਪੁਰਸ਼ ਦੇ ਸੰਜੋਗ ਤੋਂ ਪੈਦਾ ਹੋਇਆ ਹੈ । ਇਸ ਲਈ ਸਿਰਫ਼ ਭੋਗਾਂ ਨੂੰ ਭੋਗਣ ਲਈ ਹੀ ਹੈ, ਇਸਤੋਂ ਸਿਵਾਇ ਹੋਰ ਕੀ ਹੈ ?

**एतां दृष्टिमवष्टभ्य नष्टात्मानोऽल्पबुद्धय:।**
**प्रभवन्त्युग्रकर्माण: क्षयाय जगतोऽहिता:।।९।।**

ਇਸ ਮਿਥਿਆ ਦ੍ਰਿਸ਼ਟੀਕੋਣ ਦੇ ਆਧਾਰ ਤੇ ਜਿਨ੍ਹਾਂ ਦਾ ਸੁਭਾਅ ਨਸ਼ਟ ਹੋ ਚੁਕਾ ਹੈ, ਉਹ ਮੰਦਬੁੱਧੀ, ਕੁਕਰਮੀ, ਜ਼ੁਲਮੀ ਸੁਭਾਅ ਵਾਲੇ ਮਨੁੱਖ ਸਿਰਫ਼ ਜਗਤ ਦਾ ਨਾਸ਼ ਕਰਨ ਲਈ ਹੀ ਪੈਦਾ ਹੁੰਦੇ ਹਨ ।

**काममाश्रित्य दुष्पूरं दम्भमानमदान्विता:।**
**मोहाद्गृहीत्वासद्ग्राहान्प्रवर्तन्तेऽशुचिव्रता:।।१०।।**

ਉਹ ਮਨੁੱਖ ਦੰਭ-ਮਾਨ ਅਤੇ ਮਦ ਨਾਲ ਭਰੇ ਹੋਏ, ਕਿਸੇ ਵੀ ਤਰ੍ਹਾਂ ਪੂਰੀਆਂ ਨਾ ਹੋਣ ਵਾਲੀਆਂ ਕਾਮਨਾਵਾਂ ਦਾ ਸਹਾਰਾ ਲੈਕੇ, ਅਗਿਆਨਵੱਸ਼ ਮਿਥਿਆ ਸਿਧਾਂਤਾਂ ਨੂੰ ਗ੍ਰਹਿਣ ਕਰਕੇ ਅਸ਼ੁਭ ਅਤੇ ਭ੍ਰਿਸ਼ਟ ਵਰਤਾਂ ਨਾਲ ਯੁਕਤ ਹੋਕੇ ਸੰਸਾਰ ਵਿਚ ਚਲਦੇ ਰਹਿੰਦੇ ਹਨ । ਉਹ ਵਰਤ ਵੀ ਰੱਖਦੇ ਹਨ, ਪਰ ਭ੍ਰਿਸ਼ਟ ਹਨ ।

**चिन्तामपरिमेयां च प्रलयान्तामुपाश्रिता:।**
**कामोपभोगपरमा एतावदिति निश्चिता:।।११।।**

ਉਹ ਆਖ਼ਰੀ ਸੁਆਸ ਤਕ ਅਨੰਤ ਚਿੰਤਾਵਾਂ ਵਿਚ ਰੁੱਝੇ ਰਹਿੰਦੇ ਹਨ ਅਤੇ ਵਿਸ਼ਿਆਂ ਨੂੰ ਭੋਗਣ ਵਿਚ ਤਤਪਰ ਰਹਿੰਦੇ ਹੋਏ ਮੰਨਦੇ ਹਨ ਕਿ 'ਬਸ ਏਨ੍ਹਾਂ ਹੀ ਆਨੰਦ ਹੈ ।' ਉਹਨਾਂ ਦੀ ਸਾਧਨਾ ਇਹ ਹੁੰਦੀ ਹੈ ਕਿ ਜਿੰਨਾ ਹੋ ਸਕੇ ਭੋਗ-ਸੰਗ੍ਰਹਿ ਕਰ ਲਉ, ਇਸਤੋਂ ਅੱਗੇ ਕੁਝ ਨਹੀਂ ਹੈ ।

**आशापाशशतैर्बद्धा: कामक्रोधपरायणा:।**
**ईहन्ते कामभोगार्थमन्यायेनार्थसंचयान्।।१२।।**

ਆਸ਼ਾ ਰੂਪੀ ਸੈਂਕੜੇ ਫਾਂਸੀਆਂ ਨਾਲ (ਇੱਕੋ ਫਾਂਸੀ ਨਾਲ ਲੋਕੀਂ ਮਰ ਜਾਂਦੇ ਹਨ, ਇਥੇ ਸੈਂਕੜੇ ਫ਼ਾਂਸੀਆਂ ਨਾਲ) ਬੰਨ੍ਹੇ ਹੋਏ, ਕਾਮ-ਕ੍ਰੋਧ ਦੇ ਵੱਸ, ਵਿਸ਼ੇ-ਭੋਗਾਂ ਦੀ ਪੂਰਤੀ ਲਈ ਉਹ ਅਨਿਆਂ ਪੂਰਬਕ ਧਨ ਆਦਿ ਅਨੇਕ ਪਦਾਰਥ ਜਮ੍ਹਾਂ ਕਰਨ ਦੇ ਜਤਨ ਕਰਦੇ ਹਨ । ਧਨ ਲਈ ਰਾਤ-ਦਿਨ ਅਸਮਾਜਕ ਕੰਮ ਕਰਦੇ ਰਹਿੰਦੇ ਹਨ । ਅੱਗੇ ਦੱਸਦੇ ਹਨ -

**इदमद्य मया लब्धमिमं प्राप्स्ये मनोरथम्।**
**इदमस्तीदमपि मे भविष्यति पुनर्धनम्।।१३।।**

ਉਹ ਸੋਚਦੇ ਹਨ ਕਿ ਅੱਜ ਅਸੀਂ ਇਹ ਪਾ ਲਿਆ ਹੈ, ਹੁਣ ਇਹ ਮਨੋਰਥ ਪੂਰਾ ਕਰਾਂਗਾ,

ਮੇਰੇ ਕੋਲ ਏਨ੍ਹਾਂ ਧਨ ਹੈ ਅਤੇ ਫੇਰ ਕਦੇ ਉਹ ਏਨ੍ਹਾਂ ਹੋਰ ਹੋ ਜਾਏਗਾ ।

**असौ मया हत: शत्रुर्हनिष्ये चापरानपि।**
**ईश्वरोऽहमहं भोगी सिद्धोऽहं बलवान्सुखी ।।१४।।**

ਉਹ ਦੁਸ਼ਮਣ ਮੇਰੇ ਰਾਹੀਂ ਮਾਰਿਆ ਗਿਆ ਅਤੇ ਦੂਜੇ ਦੁਸ਼ਮਣਾਂ ਨੂੰ ਵੀ ਮੈਂ ਮਾਰਾਂਗਾ । ਮੈਂ ਹੀ ਈਸ਼ਵਰ ਅਤੇ ਐਸ਼ਵਰਿਅ ਨੂੰ ਭੋਗਣ ਵਾਲਾ ਹਾਂ । ਮੈਂ ਹੀ ਸਿੱਧੀਆਂ ਨਾਲ ਯੁਕਤ, ਬਲਵਾਨ ਅਤੇ ਸੁਖੀ ਹਾਂ ।

**आढयोऽभिजनवानस्मि कोऽन्योऽस्ति सदृशो मया।**
**यक्ष्ये दास्यामि मोदिष्य इत्यज्ञानविमोहिता: ।।१५।।**

ਮੈਂ ਬੜਾ ਧਨੀ, ਬੜੇ ਪਰਿਵਾਰ ਵਾਲਾ ਹਾਂ । ਮੇਰੇ ਸਮਾਨ ਦੂਜਾ ਕੌਣ ਹੈ ? ਮੈਂ ਯੱਗ ਕਰਾਂਗਾ, ਮੈਂ ਦਾਨ ਕਰਾਂਗਾ, ਮੈਨੂੰ ਖ਼ੁਸ਼ੀਆਂ ਹੋਣਗੀਆਂ-ਇਸ ਤਰ੍ਹਾਂ ਦੇ ਅਗਿਆਨ ਨਾਲ ਉਹ ਖ਼ਾਸ ਮੋਹਿਤ ਰਹਿੰਦੇ ਹਨ । ਕੀ ਯੱਗ-ਦਾਨ ਵੀ ਅਗਿਆਨ ਹੈ ? ਇਸ ਗੱਲ ਨੂੰ ਸ਼ਲੋਕ ੧੭ ਵਿਚ ਸਪਸ਼ਟ ਕੀਤਾ ਗਿਆ ਹੈ । ਏਨ੍ਹਾਂ ਤੇ ਵੀ ਉਹ ਨਹੀਂ ਰੁਕਦੇ, ਸਗੋਂ ਅਨੇਕ ਭਰਮਾਂ ਦੇ ਸ਼ਿਕਾਰ ਰਹਿੰਦੇ ਹਨ । ਯੋਗੇਸ਼ਵਰ ਕਹਿੰਦੇ ਹਨ -

**अनेकचित्तविभ्रान्ता मोहजालसमावृता: ।**
**प्रसक्ता: कामभोगेषु पतन्ति नरकेऽशुचौ ।।१६।।**

ਅਨੇਕ ਤਰ੍ਹਾਂ ਦੇ ਭਰਮਾਂ ਵਿਚ ਪਏ ਚਿੱਤ ਵਾਲੇ, ਮੋਹ-ਜਾਲ ਵਿਚ ਫਸੇ ਹੋਏ, ਵਿਸ਼ੇ-ਭੋਗਾਂ ਵਿਚ ਅਤਿ ਰੁੱਝੇ ਹੋਏ ਉਹ ਆਸੁਰੀ ਸੁਭਾਅ ਵਾਲੇ ਮਨੁੱਖ ਅਪਵਿਤ੍ਰ ਨਰਕ ਵਿਚ ਡਿਗਦੇ ਹਨ । ਅੱਗੇ ਸ਼੍ਰੀ ਕ੍ਰਿਸ਼ਣ ਆਪ ਦੱਸਣਗੇ ਕਿ ਨਰਕ ਕੀ ਹੈ ।

**आत्मसंभाविता: स्तब्धा धनमानमदान्विता: ।**
**यजन्ते नामयज्ञैस्ते दम्भेनाविधिपूर्वकम् ।।१७।।**

ਆਪਣੇ ਆਪ ਨੂੰ ਸ਼੍ਰੇਸ਼ਠ ਮੰਨਣ ਵਾਲੇ, ਧਨ ਅਤੇ ਮਾਨ ਦੇ ਮਦ ਨਾਲ ਭਰੇ ਹੋਏ ਉਹ ਘਮੰਡੀ ਮਨੁੱਖ ਸ਼ਾਸਤ੍ਰ ਵਿਧੀ ਤੋਂ ਰਹਿਤ ਸਿਰਫ਼ ਨਾਮ ਮਾਤਰ ਦੇ ਯੱਗਾਂ ਦੁਆਰਾ ਪਾਖੰਡ ਨਾਲ ਯਜਨ (ਯੱਗ-ਵਿਧੀ) ਕਰਦੇ ਹਨ । ਕੀ ਉਹ ਉਹੀ ਯੱਗ ਕਰਦੇ ਹਨ ਜੋ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਹੈ ?

ਨਹੀਂ, ਉਸ ਵਿਧੀ ਨੂੰ ਛੱਡਕੇ ਕਰਦੇ ਹਨ । ਜੋ ਵਿਧੀ ਯੋਗੇਸ਼ਵਰ ਨੇ ਆਪ ਦੱਸੀ ਹੈ (ਅਧਿਆਇ ੪/੨੪-੨੩ ਅਤੇ ਅਧਿਆਇ ੬/੧੦-੧੮) ਉਸ ਨਾਲ ਨਹੀਂ ਕਰਦੇ ।

**अहंकारं बलं दर्पं कामं क्रोधं च संश्रिता: ।**
**मामात्मपरदेहेषु प्रद्विषन्तोऽभ्यसूयका: ।।१८।।**

ਉਹ ਦੂਜਿਆਂ ਦੀ ਨਿੰਦਿਆ ਕਰਨ ਵਾਲੇ, ਅਹੰਕਾਰ, ਬਲ, ਘਮੰਡ, ਕਾਮਨਾ ਤੇ ਕ੍ਰੋਧ ਦੇ ਵੱਸ ਹੋਏ ਮਨੁੱਖ ਆਪਣੇ ਅਤੇ ਦੂਜਿਆਂ ਦੇ ਸਰੀਰ ਵਿਚ ਸਥਿਤ ਮੇਰੇ ਅੰਤਰਯਾਮੀ ਪਰਮਾਤਮਾ ਰੂਪ ਨਾਲ ਦ੍ਵੇਸ਼ ਕਰਨ ਵਾਲੇ ਹਨ । ਸ਼ਾਸਤ੍ਰ ਵਿਧੀ ਨਾਲ ਪਰਮਾਤਮਾ ਦਾ ਸਿਮਰਨ ਇਕ ਯੱਗ ਹੈ । ਜੋ ਇਸ ਵਿਧੀ ਨੂੰ ਤਿਆਗਕੇ ਨਾਮ ਮਾਤਰ ਦਾ ਯੱਗ ਕਰਦੇ ਹਨ, ਯੱਗ ਦੇ ਨਾਮ ਤੇ ਕੁਝ

ਨਾ ਕੁਝ ਕਰਦੇ ਹੀ ਰਹਿੰਦੇ ਹਨ, ਉਹ ਆਪਣੇ ਅਤੇ ਦੂਜਿਆਂ ਦੇ ਸਰੀਰ ਵਿਚ ਸਥਿਤ ਮੇਰੇ ਪਰਮਾਤਮਾ ਰੂਪ ਨਾਲ ਦ੍ਵੇਸ਼ ਕਰਨ ਵਾਲੇ ਹਨ । ਲੋਕੀ ਂ ਦ੍ਵੇਸ਼ ਕਰਦੇ ਹੀ ਰਹਿੰਦੇ ਹਨ ਅਤੇ ਬੱਚ ਵੀ ਜਾਂਦੇ ਹਨ । ਕੀ ਇਹ ਵੀ ਬੱਚ ਜਾਣਗੇ ? ਇਸਤੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਨਹੀਂ –

**तानहं द्विषत: क्रूरान्संसारेषु नराधमान्।**
**क्षिपाम्यजस्रमशुभानासुरीष्वेव योनिषु।।१९।।**

ਮੇਰੇ ਨਾਲ ਦ੍ਵੇਸ਼ ਕਰਨ ਵਾਲੇ ਉਹਨਾਂ ਪਾਪ–ਕਰਮੀ, ਜ਼ੁਲਮੀ ਵਿਚਾਰਾਂ ਵਾਲੇ, ਨੀਚ ਮਨੁੱਖਾਂ ਨੂੰ ਮੈਂ ਸੰਸਾਰ ਅੰਦਰ ਨਿਰੰਤਰ ਆਸੁਰੀ ਯੋਨੀਆਂ ਵਿਚ ਹੀ ਡੇਗਦਾ ਹਾਂ । ਜੋ ਸ਼ਾਸਤ੍ਰ ਵਿਧੀ ਨੂੰ ਤਿਆਗਕੇ ਯਜਨ ਕਰਦੇ ਹਨ ਉਹ ਪਾਪ–ਯੋਨੀ ਮਨੁੱਖ ਹਨ, ਮਨੁੱਖਾਂ ਵਿਚ ਉਹ ਨੀਚ ਹਨ, ਇਹਨਾਂ ਨੂੰ ਹੀ ਕਰੂਰ–ਕਰਮੀ (ਹਿੰਸਕ ਕਰਮ ਵਾਲਾ) ਕਿਹਾ ਗਿਆ ਹੈ । ਨੀਚ ਕੋਈ ਹੋਰ ਚੀਜ਼ ਨਹੀਂ ਹੈ । ਪਿੱਛੇ ਯੋਗੇਸ਼ਵਰ ਕਹਿ ਚੁਕੇ ਹਨ ਕਿ ਇਸ ਤਰ੍ਹਾਂ ਨੀਚਾਂ ਨੂੰ ਮੈਂ ਨਰਕ ਵਿਚ ਗਿਰਾਉਂਦਾ ਹਾਂ । ਉਸੇ ਨੂੰ ਇਥੇ ਕਹਿੰਦੇ ਹਨ ਕਿ ਉਹਨਾਂ ਨੂੰ ਅਨੰਤ ਆਸੁਰੀ ਯੋਨੀਆਂ ਵਿਚ ਡੇਗਦਾ ਹਾਂ । ਇਹੋ ਨਰਕ ਹੈ । ਆਮ ਜੇਲ ਦੀ ਤਕਲੀਫ਼ ਭਿਅੰਕਰ ਹੁੰਦੀ ਹੈ ਤਾਂ ਇਥੇ ਅਨੰਤ ਆਸੁਰੀ ਯੋਨੀਆਂ ਵਿਚ ਹਿਰਦੇ ਰਹਿਣ ਦਾ ਸਿਲਸਿਲਾ ਕਿੰਨਾ ਦੁੱਖਦਾਈ ਹੋਵੇਗਾ ! ਇਸ ਲਈ ਦੈਵੀ ਸੰਪੱਤੀ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ ।

**आसुरीं योनिमापन्न मूढा जन्मनि जन्मनि।**
**मामप्राप्यैव कौन्तेय ततो यात्यधमां गतिम्।।२०।।**

ਕੌਂਤੇਅ ' ਮੂਰਖ ਮਨੁੱਖ ਜਨਮ–ਜਨਮਾਂਤਰਾਂ ਤਕ ਆਸੁਰੀ ਯੋਨੀਆਂ ਵਿਚ ਰਹਿੰਦੇ ਹੋਏ, ਮੈਨੂੰ ਨਾ ਪ੍ਰਾਪਤ ਹੋਕੇ, ਪਹਿਲਾਂ ਤੋਂ ਵੀ ਅਤਿ ਨੀਚ ਗਤਿ ਨੂੰ ਪ੍ਰਾਪਤ ਹੁੰਦੇ ਹਨ, ਜਿਸਦਾ ਨਾਮ ਨਰਕ ਹੈ । ਹੁਣ ਵੇਖੀਏ ਨਰਕ ਦਾ ਉਦਗਮ ਕੀ ਹੈ ?

**त्रिविधं नरकस्येदं द्वारं नाशनमात्मन:।**
**काम: क्रोधस्तथालोभस्तस्मादेतत्त्रयं त्यजेत्।।२१।।**

ਕਾਮ, ਕ੍ਰੋਧ ਤੇ ਲੋਭ, ਇਹ ਤਿੰਨ ਤਰ੍ਹਾਂ ਦੇ ਨਰਕ ਦੇ ਮੂਲ ਦਰਵਾਜ਼ੇ ਹਨ । ਇਹ ਆਤਮਾ ਦਾ ਨਾਸ਼ ਕਰਨ ਵਾਲੇ, ਉਸਨੂੰ ਅਧੋਗਤਿ ਵਿਚ ਲੈ ਜਾਣ ਵਾਲੇ ਹਨ । ਇਸ ਲਈ ਇਹਨਾਂ ਤਿੰਨਾਂ ਨੂੰ ਤਿਆਗ ਦੇਣਾ ਜ਼ਰੂਰੀ ਹੈ । ਇਹਨਾਂ ਤਿੰਨਾਂ ਦੇ ਉੱਪਰ ਆਸੁਰੀ ਸੰਪੱਤੀ ਟਿਕੀ ਹੋਈ ਹੈ । ਇਹਨਾਂ ਨੂੰ ਤਿਆਗਣ ਦਾ ਲਾਭ ?

**एतैर्विमुक्त: कौन्तेय तमोद्वरैस्त्रिभिर्नर:।**
**आचरत्यात्मन: श्रेयस्ततो याति परां गतिम्।।२२।।**

ਕੌਂਤੇਅ ! ਨਰਕ ਦੇ ਇਹਨਾਂ ਤਿੰਨਾਂ ਦਰਵਾਜ਼ਿਆਂ ਤੋਂ ਮੁਕਤ ਹੋਇਆ ਪੁਰਸ਼ ਆਪਣੇ ਪਰਮ ਕਲਿਆਨ ਲਈ ਆਚਰਣ ਕਰ ਸਕਦਾ ਹੈ, ਜਿਸ ਨਾਲ ਉਹ ਪਰਮਗਤਿ ਅਰਥਾਤ ਮੈਨੂੰ ਪ੍ਰਾਪਤ ਹੁੰਦਾ ਹੈ । ਇਹਨਾਂ ਤਿੰਨਾਂ ਵਿਕਾਰਾਂ ਨੂੰ ਤਿਆਗਕੇ ਹੀ ਮਨੁੱਖ ਨਿਰਧਾਰਤ ਕਰਮ ਕਰਦਾ ਹੈ, ਜਿਸਦਾ ਪਰਿਣਾਮ ਪਰਮ ਸ਼੍ਰੇਸ਼ਠਤਾ ਹੈ ।

**य: शास्त्रविधिमुत्सृज्य वर्तते कामकारत:।**
**न स सिद्धिमवाप्नोति न सुखं न परां गतिम्।।२३।।**

ਜੋ ਪੁਰਸ਼ ਉਪਰੋਕਤ ਸ਼ਾਸਤ੍ਰ ਵਿਧੀ ਨੂੰ ਤਿਆਗਕੇ (ਅਰਥਾਤ ਉਹ ਸ਼ਾਸਤ੍ਰ ਕੋਈ ਹੋਰ ਸ਼ਾਸਤ੍ਰ ਨਹੀਂ **'इति गुह्यतमं शास्त्रम्'**–(੧੫/੨੦) ਗੀਤਾ ਖ਼ੁਦ ਪੂਰਨ ਸ਼ਾਸਤ੍ਰ ਹੈ, ਉਸਨੂੰ ਸ਼੍ਰੀ ਕ੍ਰਿਸ਼ਣ ਨੇ ਖ਼ੁਦ ਕਿਹਾ ਹੈ, ਉਸ ਵਿਧੀ ਨੂੰ ਤਿਆਗਕੇ), ਆਪਣੀ ਇੱਛਾ ਨਾਲ ਚਲਦਾ ਹੈ, ਉਹ ਨਾ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ, ਨਾ ਪਰਮਗਤਿ ਨੂੰ ਅਤੇ ਨਾ ਸੁਖ ਨੂੰ ਹੀ ਪ੍ਰਾਪਤ ਹੁੰਦਾ ਹੈ ।

**तस्माच्छास्त्रं प्रमाणं ते कार्याकार्यव्यवस्थितौ ।**
**ज्ञात्वा शास्त्रविधानोक्तं कर्म कर्तुमिहार्हसि ।।२४।।**

ਇਸ ਲਈ ਅਰਜੁਨ ! ਤੇਰੇ ਲਈ ਇਸ ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਵਿਚ ਕਿ ਮੈਂ ਕੀ ਕਰਾਂ ਤੇ ਕੀ ਨਾ ਕਰਾਂ ?– ਇਸਦੀ ਵਿਵਸਥਾ ਵਿਚ ਸ਼ਾਸਤ੍ਰ ਹੀ ਇਕ ਪ੍ਰਮਾਣ ਹੈ । ਇਹ ਜਾਣਕੇ ਸ਼ਾਸਤ੍ਰ–ਵਿਧੀ ਨਾਲ ਨਿਰਧਾਰਤ ਕੀਤੇ ਹੋਏ ਕਰਮ ਨੂੰ ਕਰਨਾ ਹੀ ਤੇਰੇ ਲਈ ਯੋਗ ਹੈ ।

ਅਧਿਆਇ ਤਿੰਨ ਵਿਚ ਵੀ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ **'नियतं कुरु कर्म त्वं'** – ਨਿਰਧਾਰਿਤ ਕਰਮ ਉਤੇ ਜ਼ੋਰ ਦਿਤਾ ਅਤੇ ਦੱਸਿਆ ਕਿ ਯੱਗ ਦੀ ਪ੍ਰਕ੍ਰਿਆ ਹੀ ਉਹ ਨਿਰਧਾਰਤ ਕਰਮ ਹੈ ਅਤੇ ਉਹ ਯੱਗ ਆਰਾਧਨਾ ਦੀ ਵਿਧੀ ਵਿਸ਼ੇਸ਼ ਦਾ ਚਿਤ੍ਰਣ ਹੈ, ਜੋ ਮਨ ਦਾ ਪੂਰਾ ਵਿਰੋਧ ਕਰਕੇ ਸ਼ਾਸ਼ਵਤ ਬ੍ਰਹਮ ਵਿਚ ਪ੍ਰਵੇਸ਼ ਦਿਵਾਉਂਦੀ ਹੈ । ਇਥੇ ਉਹਨਾਂ ਨੇ ਦਸਿਆ ਕਿ ਕਾਮ–ਕ੍ਰੋਧ ਅਤੇ ਲੋਭ ਨਰਕ ਦੇ ਤਿੰਨ ਪ੍ਰਮੁਖ ਦਰਵਾਜ਼ੇ ਹਨ । ਇਹਨਾਂ ਤਿੰਨਾਂ ਨੂੰ ਤਿਆਗ ਦੇਣ ਤੇ ਹੀ ਉਸ ਕਰਮ ਦਾ (ਨਿਰਧਾਰਤ ਕਰਮ ਦਾ) ਆਰੰਭ ਹੁੰਦਾ ਹੈ, ਜਿਸਨੂੰ ਮੈਂ ਬਾਰਬਾਰ ਕਿਹਾ, ਜੋ ਪਰਮ–ਸ਼੍ਰੇਸ਼ਠਤਾ, ਪਰਮ ਕਲਿਆਨ ਦਿਵਾਉਣ ਵਾਲਾ ਆਚਰਣ ਹੈ । ਬਾਹਰ ਸੰਸਾਰਕ ਕੰਮਾਂ ਵਿਚ ਜੋ ਜਿੰਨਾ ਰੁੱਝਿਆ ਹੈ, ਉਂਨਾ ਹੀ ਵੱਧ ਕਾਮ–ਕ੍ਰੋਧ ਤੇ ਲੋਭ ਉਸਦੇ ਕੋਲ ਤਿਆਰ ਬਰ ਤਿਆਰ ਮਿਲਦਾ ਹੈ । ਕਰਮ ਤਾਂ ਕੋਈ ਐਸੀ ਵਸਤੂ ਹੈ ਕਿ ਕਾਮ, ਕ੍ਰੋਧ ਤੇ ਲੋਭ ਤਿਆਗ ਦੇਣ ਤੋਂ ਬਾਅਦ ਹੀ ਉਸ ਵਿਚ ਪ੍ਰਵੇਸ਼ ਮਿਲਦਾ ਹੈ, ਕਰਮ ਆਚਰਣ ਵਿਚ ਢੱਲਦਾ ਹੈ । ਜੋ ਉਸ ਵਿਧੀ ਨੂੰ ਤਿਆਗਕੇ ਆਪਣੀ ਇੱਛਾ ਨਾਲ ਆਚਰਣ ਕਰਦਾ ਹੈ, ਉਸਦੇ ਲਈ ਸੁਖ–ਸਿੱਧੀ ਜਾਂ ਪਰਮਗਤਿ ਕੁਝ ਵੀ ਨਹੀਂ ਹੈ । ਹੁਣ ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਵਿਚ ਸ਼ਾਸਤ੍ਰ ਹੀ ਇਕਮਾਤਰ ਪ੍ਰਮਾਣ ਹੈ । ਇਸ ਲਈ ਸ਼ਾਸਤ੍ਰ ਵਿਧੀ ਦੇ ਅਨੁਸਾਰ ਹੀ ਤੈਨੂੰ ਕਰਮ ਕਰਨਾ ਚਾਹੀਦਾ ਹੈ, ਅਤੇ 'ਗੀਤਾ' ਹੀ ਉਹ ਸ਼ਾਸਤ੍ਰ ਹੈ ।

**ਸਾਰ**

ਇਸ ਅਧਿਆਇ ਦੇ ਆਰੰਭ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਦੈਵੀ ਸੰਪੱਤੀ ਦਾ ਵਿਸਤਾਰ ਨਾਲ ਵਰਣਨ ਕੀਤਾ । ਜਿਸ ਵਿਚ ਧਿਆਨ ਵਿਚ ਸਥਿਤੀ, ਸਭ ਕੁਝ ਸਮਰਪਣ ਦਾ ਭਾਵ, ਅੰਤਰਮਨ ਦੀ ਸ਼ੁੱਧੀ, ਇੰਦ੍ਰੀਆਂ ਦਾ ਦਮਨ, ਮਨ ਦਾ ਸ਼ਮਨ, ਸਵਰੂਪ ਦੀ ਸਿਮਰਤੀ ਕਰਾਉਣ ਵਾਲਾ ਅਧਿਐਨ, ਯੱਗ ਲਈ ਯਤਨ, ਮਨ ਸਹਿਤ ਇੰਦ੍ਰੀਆਂ ਨੂੰ ਤਪਾਉਣਾ, ਅਕ੍ਰੋਧ, ਚਿੱਤ ਦਾ ਸ਼ਾਂਤ ਪ੍ਰਵਾਹਿਤ ਰਹਿਣਾ ਆਦਿ ਛੱਬੀ ਲੱਛਣ ਦੱਸੇ, ਜੋ ਸਭ ਦੇ ਸਭ ਤਾਂ ਇਸ਼ਟ ਦੇ ਨਜ਼ਦੀਕੀ ਪਹੁੰਚੇ ਹੋਏ ਯੱਗ–ਸਾਧਨਾ ਵਿਚ ਪ੍ਰਵਿਰਤ ਸਾਧਕ ਵਿਚ ਹੀ ਮੁਮਕਿਨ ਹਨ, ਪਰ ਅੰਸ਼ਕ ਤੌਰ ਤੇ ਸਾਰਿਆਂ ਵਿਚ ਹਨ ।

ਉਸਦੇ ਉਪਰਾਂਤ ਉਹਨਾਂ ਨੇ ਆਸੁਰੀ ਸੰਪੱਤੀ ਦੇ ਪ੍ਰਮੁੱਖ ਚਾਰ–ਛੇ ਵਿਕਾਰਾਂ ਦਾ ਨਾਮ ਲਿਆ, ਜਿਵੇਂ ਅਭਿਮਾਨ, ਦੰਡ, ਕਠੋਰਤਾ, ਅਗਿਆਨ ਆਦਿ ਅਤੇ ਅੰਤ ਨੂੰ ਫੈਸਲਾ ਦਿਤਾ ਕਿ, ਅਰਜੁਨ ! ਦੈਵੀ ਸੰਪੱਤੀ ਤਾਂ **'विमोक्षाय'** ਪੂਰੀ ਨਿਰਵਰਤੀ ਲਈ ਹੈ, ਪਰਮਪਦ ਦੀ ਪ੍ਰਾਪਤੀ

ਲਈ ਹੈ ਅਤੇ ਆਸੁਰੀ ਸੰਪੱਤੀ ਬੰਧਨ ਅਤੇ ਅਧੋਗਤਿ ਦੇ ਲਈ ਹੈ । ਅਰਜੁਨ ! ਤੂੰ ਸੋਗ ਨਾ ਕਰ, ਕਿਉਂਕਿ ਤੂੰ ਦੈਵੀ ਸੰਪੱਤੀ ਨੂੰ ਪ੍ਰਾਪਤ ਹੋਇਆ ਹੈਂ ।

ਇਹ ਸੰਪੱਤੀਆਂ ਹੁੰਦੀਆਂ ਕਿਥੇ ਹਨ ? ਉਹਨਾਂ ਨੇ ਦੱਸਿਆ ਕਿ ਇਸ ਲੋਕ ਵਿਚ ਮਨੁੱਖਾਂ ਦੇ ਸੁਭਾਅ ਦੋ ਤਰ੍ਹਾਂ ਦੇ ਹੁੰਦੇ ਹਨ – ਦੇਵਤਿਆਂ ਵਰਗੇ ਅਤੇ ਅਸੁਰਾਂ ਵਰਗੇ । ਜਦੋਂ ਦੈਵੀ ਸੰਪੱਤੀ ਦੀ ਬਹੁਲਤਾ ਹੁੰਦੀ ਹੈ ਤਾਂ ਮਨੁੱਖ ਦੇਵਤਿਆਂ ਵਰਗਾ ਹੁੰਦਾ ਹੈ ਅਤੇ ਆਸੁਰੀ ਸੰਪੱਤੀ ਦੀ ਅਧਿਕਤਾ ਹੁੰਦੀ ਹੈ ਤਾਂ ਮਨੁੱਖ ਅਸੁਰਾਂ ਵਰਗਾ ਹੁੰਦਾ ਹੈ । ਸ੍ਰਿਸ਼ਟੀ ਵਿਚ ਮਨੁੱਖਾਂ ਦੀਆਂ ਦੋ ਹੀ ਜਾਤੀਆਂ ਹਨ, ਚਾਹੇ ਉਹ ਕਿਸੇ ਵੀ ਦੇਸ਼, ਸਥਾਨ ਵਿਚ ਪੈਦਾ ਹੋਇਆ ਹੋਵੇ, ਕੁਝ ਵੀ ਕਹਾਉਂਦਾ ਹੋਵੇ ।

ਫੇਰ ਉਹਨਾਂ ਦੇ ਆਸੁਰੀ ਸੁਭਾਅ ਵਾਲੇ ਮਨੁੱਖਾਂ ਦੇ ਲੱਛਣਾਂ ਦਾ ਵਿਸਤਾਰ ਨਾਲ ਜ਼ਿਕਰ ਕੀਤਾ । ਆਸੁਰੀ ਸੰਪੱਤੀ ਨੂੰ ਪ੍ਰਾਪਤ ਪੁਰਸ਼ ਨਿਰਧਾਰਤ ਕਰਮ ਵਿਚ ਪ੍ਰਵਿਰਤ ਹੋਣਾ ਜਾਣਦਾ ਵੀ ਨਹੀਂ ਅਤੇ ਵਰਜਿਤ ਕੰਮਾਂ ਤੋਂ ਨਿਰਵਿਰਤ ਹੋਣਾ ਵੀ ਨਹੀਂ ਜਾਣਦਾ । ਜਦ ਉਹ ਕਰਮ ਵਿਚ ਪ੍ਰਵਿਰਤ ਹੀ ਨਹੀਂ ਹੋਇਆ ਤਾਂ ਉਸ ਵਿਚ ਸਤਿ, ਸ਼ੁੱਧੀ ਅਤੇ ਆਚਰਣ ਕਿਵੇਂ ਹੋਣਗੇ ? ਉਸਦੇ ਵਿਚਾਰ ਵਿਚ ਜਗਤ ਆਸਰਾ–ਰਹਿਤ, ਬਿਨਾਂ ਈਸ਼ਵਰ ਦੇ, ਆਪਣੇ ਆਪ ਇਸਤ੍ਰੀ–ਪੁਰਸ਼ ਦੇ ਸੰਜੋਗ ਤੋਂ ਪੈਦਾ ਹੋਇਆ ਹੈ, ਇਸ ਲਈ ਸਿਰਫ਼ ਭੋਗ ਭੋਗਣ ਦੇ ਲਈ ਹੈ । ਇਸਤੋਂ ਅੱਗੇ ਕੁਝ ਨਹੀਂ । ਇਹ ਵਿਚਾਰ ਕ੍ਰਿਸ਼ਣਕਾਲ ਵਿਚ ਵੀ ਸੀ । ਸਦਾ ਰਿਹਾ ਹੈ । ਸਿਰਫ਼ ਚਾਰਵਾਕ ਨੇ ਕਿਹਾ ਹੋਵੇ, ਇਸ ਤਰ੍ਹਾਂ ਨਹੀਂ ਹੈ । ਜਦ ਤਕ ਲੋਕਾਂ ਦੇ ਮਨ ਵਿਚ ਦੈਵੀ–ਆਸੁਰੀ ਸੰਪੱਤੀ ਦਾ ਉਤਾਰ–ਚੜ੍ਹਾਅ ਹੈ, ਤਦ ਤਕ ਰਹੇਗਾ । ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਉਹ ਮੰਦਬੁੱਧੀ ਵਾਲੇ, ਕਰੂਰਕਰਮੀ ਪੁਰਸ਼ ਸਭ ਦਾ ਅਹਿਤ (ਕਲਿਆਨ ਦਾ ਨਾਸ਼) ਕਰਨ ਲਈ ਹੀ ਜਗਤ ਵਿਚ ਪੈਦਾ ਹੁੰਦੇ ਹਨ । ਉਹ ਸੋਚਦੇ ਹਨ ਕਿ ਮੇਰੇ ਰਾਹੀਂ ਉਹ ਦੁਸ਼ਮਣ ਮਾਰਿਆ ਗਿਆ, ਮੈਂ ਹੁਣ ਉਸਨੂੰ ਮਾਰਾਂਗਾ । ਇਸ ਤਰ੍ਹਾਂ ਕਾਮ–ਕ੍ਰੋਧ ਦੇ ਸਹਾਰੇ ਉਹ ਲੋਕੀਂ ਦੁਸ਼ਮਣ ਨੂੰ ਨਹੀਂ ਮਾਰਦੇ, ਸਗੋਂ ਆਪਣੇ ਅਤੇ ਦੂਜਿਆਂ ਦੇ ਸਰੀਰ ਵਿਚ ਸਥਿਤ ਮੇਰੇ ਪਰਮਾਤਮਾ ਰੂਪ ਨਾਲ ਦ੍ਵੇਸ਼ ਕਰਦੇ ਹਨ । ਤਾਂ ਕੀ ਅਰਜੁਨ ਨੇ ਪ੍ਰਣ ਕਰਕੇ ਜੈਦ੍ਰੱਥ ਆਦਿ ਨੂੰ ਮਾਰਿਆ ? ਜੇ ਮਾਰਦਾ ਹੈ ਤਾਂ ਆਸੁਰੀ ਪ੍ਰਵਿਰਤੀ ਵਾਲਾ ਹੈ । ਉਸ ਪਰਮਾਤਮਾ ਨਾਲ ਦ੍ਵੇਸ਼ ਕਰਨ ਵਾਲਾ ਹੈ, ਜਦਕਿ ਅਰਜੁਨ ਨੂੰ ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕਿਹਾ ਕਿ ਤੂੰ ਦੈਵੀ ਸੰਪੱਤੀ ਨੂੰ ਪ੍ਰਾਪਤ ਹੋਇਆ ਹੈਂ, ਸੋਗ ਨਾ ਕਰ । ਇਥੇ ਵੀ ਸਪਸ਼ਟ ਹੋਇਆ ਕਿ ਈਸ਼ਵਰ ਦਾ ਨਿਵਾਸ ਸਭਦੇ ਹਿਰਦੇ–ਦੇਸ਼ ਵਿਚ ਹੈ । ਯਾਦ ਰੱਖਣਾ ਚਾਹੀਦਾ ਹੈ ਕਿ ਕੋਈ ਸਾਨੂੰ ਨਿਰੰਤਰ ਵੇਖ ਰਿਹਾ ਹੈ । ਇਸ ਲਈ ਸਦਾ ਸ਼ਾਸਤ੍ਰ ਦੁਆਰਾ ਦੱਸੀ ਕ੍ਰਿਆ ਦਾ ਹੀ ਆਚਰਣ ਕਰਨਾ ਚਾਹੀਦਾ ਹੈ, ਨਹੀਂ ਤਾਂ ਸਜ਼ਾ ਪੱਕੀ ਹੈ ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਫੇਰ ਕਿਹਾ ਕਿ ਆਸੁਰੀ ਸੁਭਾਅ ਵਾਲੇ ਜ਼ਾਲਮ ਪੁਰਸ਼ਾਂ ਨੂੰ ਮੈਂ ਬਾਰਬਾਰ ਨਰਕ ਵਿਚ ਸੁੱਟਦਾ ਹਾਂ । ਨਰਕ ਦਾ ਸਵਰੂਪ ਕੀ ਹੈ ? ਤਾਂ ਇਹ ਬਾਰੰਬਾਰ ਨੀਚ–ਅਧਮ ਯੋਨੀਆਂ ਵਿਚ ਪੈਣਾ ਹੀ ਨਰਕ ਹੈ । ਇਹੋ ਨਰਕ ਦਾ ਸਵਰੂਪ ਹੈ । ਕਾਮ–ਕ੍ਰੋਧ–ਲੋਭ ਨਰਕ ਦੇ ਤਿੰਨ ਪ੍ਰਮੁੱਖ ਦਰਵਾਜ਼ੇ ਹਨ । ਇਹਨਾਂ ਤਿੰਨਾਂ ਉਤੇ ਹੀ ਆਸੁਰੀ ਸੰਪੱਤੀ ਟਿਕੀ ਹੋਈ ਹੈ । ਇਹਨਾਂ ਤਿੰਨਾਂ ਨੂੰ ਤਿਆਗ ਦੇਣ ਦੇ ਬਾਅਦ ਹੀ ਉਸ ਕਰਮ ਦਾ ਆਰੰਭ ਮੁਮਕਿਨ ਹੈ, ਜਿਸਨੂੰ ਮੈਂ ਬਾਰਬਾਰ ਦੱਸਿਆ ਹੈ । ਪ੍ਰਮਾਣਿਤ ਹੈ ਕਿ ਕਰਮ ਕੋਈ ਐਸੀ ਵਸਤੂ ਹੈ ਜਿਸਦਾ ਆਰੰਭ ਕਾਮ, ਕ੍ਰੋਧ ਤੇ ਲੋਭ ਨੂੰ ਤਿਆਗਣ ਦੇ ਬਾਅਦ ਹੀ ਹੁੰਦਾ ਹੈ ।

ਸੰਸਾਰਕ ਕੰਮਾਂ ਵਿਚ, ਮਰਯਾਦਿਤ ਢੰਗ ਨਾਲ ਸਮਾਜਕ ਵਿਵਸਥਾਵਾਂ ਦਾ ਨਿਰਮਾਣ ਕਰਨ ਵਿਚ ਵੀ ਜੋ ਜਿੰਨੇ ਰੁੱਝੇ ਹੋਏ ਹਨ, ਕਾਮ–ਕ੍ਰੋਧ–ਲੋਭ ਉਹਨਾਂ ਦੇ ਪਾਸ ਉੱਨੇ ਹੀ ਵੱਧ ਤਿਆਰ

ਬਰ ਤਿਆਰ ਢੰਗ ਨਾਲ ਮਿਲਦਾ ਹੈ । ਦਰਅਸਲ ਇਹਨਾਂ ਤਿੰਨਾਂ ਦੇ ਤਿਆਗ ਨਾਲ ਹੀ ਪਰਮ ਵਿਚ ਪ੍ਰਵੇਸ਼ ਦੇਣ ਵਾਲੇ ਨਿਰਧਾਰਤ ਕਰਮ ਵਿਚ ਪ੍ਰਵੇਸ਼ ਮਿਲਦਾ ਹੈ । ਇਸ ਲਈ ਕੀ ਕਰੀਏ, ਕੀ ਨਾ ਕਰੀਏ ?– ਇਸ ਕਰਤੱਵ–ਅਕਰਤੱਵ ਦੀ ਵਿਵਸਥਾ ਲਈ ਸ਼ਾਸਤ੍ਰ ਹੀ ਪ੍ਰਮਾਣ ਹੈ । ਕਿਹੜਾ ਸ਼ਾਸਤ੍ਰ ? ਇਹੋ ਗੀਤਾ । **'किमन्यै: शास्त्रविस्तरै: ।'** – ਇਸ ਲਈ ਇਸ ਸ਼ਾਸਤ੍ਰ ਰਾਹੀਂ ਨਿਰਧਾਰਿਤ ਕੀਤੇ ਹੋਏ ਕਰਮ ਵਿਸ਼ੇਸ਼ ਨੂੰ (ਯਥਾਰਥ ਕਰਮ ਨੂੰ) ਹੀ ਕਰੋ ।

ਇਸ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੈਵੀ–ਆਸੁਰੀ ਦੋਨਾਂ ਸੰਪੱਤੀਆਂ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ । ਉਹਨਾਂ ਦਾ ਸਥਾਨ ਮਾਨਵ–ਹਿਰਦਾ ਦੱਸਿਆ ਹੈ । ਇਸ ਲਈ –

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'दैवासुर सम्पद्विभाग योगो' नाम षोडशोऽध्याय: ।। १६ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ ਵਿਸ਼ਿਅਕ ਸ਼੍ਰੀ ਕ੍ਰਿਸ਼ਣ–ਅਰਜੁਨ ਦੇ ਸੰਵਾਦ ਵਿਚ 'ਦੈਵਾਸੁਰ ਸੰਪੱਤੀ ਵਿਭਾਗ ਯੋਗ' ਨਾਮਕ ਸੋਲ੍ਹਵਾਂ ਅਧਿਆਇ ਪੂਰਾ ਹੁੰਦਾ ਹੈ ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया: 'यथार्थ गीता' भाष्ये 'दैवासुर सम्पद्विभाग योगो' नाम षोडशोऽध्याय: ।। १६ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਸਤਾਰ੍ਹਵਾਂ ਅਧਿਆਇ

ਅਧਿਆਇ ਸੋਲ੍ਹਾਂ ਦੇ ਅੰਤ ਵਿਚ ਯੋਗੇਸ਼ਵਰ ਸ੍ਰੀ ਕ੍ਰਿਸ਼ਣ ਨੇ ਸਾਫ਼ ਕਿਹਾ ਕਿ ਕਾਮ, ਕ੍ਰੋਧ ਤੇ ਲੋਭ ਦੇ ਤਿਆਗ ਤੋਂ ਬਾਅਦ ਹੀ ਕਰਮ ਆਰੰਭ ਹੁੰਦਾ ਹੈ, ਜਿਸਨੂੰ ਮੈਂ ਬਾਰਬਾਰ ਕਿਹਾ ਹੈ । ਉਸ ਨਿਯਤ ਕਰਮ ਨੂੰ ਕੀਤੇ ਬਿਨਾਂ ਨਾ ਸੁਖ, ਨਾ ਸਿੱਧੀ ਅਤੇ ਨਾ ਪਰਮਗਤਿ ਹੀ ਮਿਲਦੀ ਹੈ । ਇਸ ਲਈ ਹੁਣ ਤੁਹਾਡੇ ਸਾਮ੍ਹਣੇ ਕਰਤੱਵ ਅਤੇ ਅਕਰਤੱਵ ਦੀ ਵਿਵਸਥਾ ਲਈ, ਕਿ ਕੀ ਕਰੀਏ ਤੇ ਕੀ ਨਾ ਕਰੀਏ?– ਇਸਦੇ ਬਾਰੇ ਨਿਰਣਾ ਕਰਨ ਲਈ ਸ਼ਾਸਤ੍ਰ ਹੀ ਪ੍ਰਮਾਣ ਹੈ । ਕੋਈ ਹੋਰ ਜਗ੍ਹਾ ਨਹੀਂ, ਬਲਕਿ – **'इति गुह्यतमं शास्त्रमिदम्'** ਖ਼ੁਦ ਗੀਤਾ ਹੀ ਉਹ ਸ਼ਾਸਤ੍ਰ ਹੈ । ਹੋਰ ਵੀ ਸ਼ਾਸਤ੍ਰ ਹਨ, ਪਰ ਇਥੇ ਇਸੇ ਗੀਤਾ ਸ਼ਾਸਤ੍ਰ ਉਤੇ ਨਜ਼ਰ ਰੱਖੋ, ਦੂਜਾ ਨਾ ਲੱਭਣ ਲੱਗੋ । ਦੂਜੀ ਜਗਹਾ ਲੱਭੋਗੇ ਤਾਂ ਇਹ ਸਿਲਸਿਲਾ, ਇਹ ਕ੍ਰਮ ਨਹੀਂ ਮਿਲੇਗਾ, ਭਟਕ ਜਾਉਗੇ ।

ਇਸਤੇ ਅਰਜੁਨ ਨੇ ਪ੍ਰਸ਼ਨ ਕੀਤਾ ਕਿ, ਭਗਵਨ ! ਜੋ ਲੋਕੀਂ ਸ਼ਾਸਤ੍ਰ–ਵਿਧੀ ਨੂੰ ਛੱਡਕੇ ਪੂਰੀ ਸ਼ਰਧਾ ਨਾਲ ਭਰਕੇ ਯਤਨ ਕਰਦੇ ਹਨ, ਯੱਗ–ਵਿਧੀ ਪੂਰੀ ਕਰਦੇ ਹਨ, ਉਹਨਾਂ ਦੀ ਗਤਿ ਕੀ ਹੁੰਦੀ ਹੈ ? ਸਾਤਵਿਕ ਹੁੰਦੀ ਹੈ ? ਜਾਂ ਰਾਜਸੀ ਜਾਂ ਤਾਮਸੀ ? ਕਿਉਂਕਿ ਪਹਿਲਾਂ ਅਰਜੁਨ ਨੇ ਪੁੱਛਿਆ ਸੀ ਕਿ ਭਾਵੇਂ ਸਾਤਵਿਕ, ਰਾਜਸੀ ਜਾਂ ਤਾਮਸੀ ਹੋਣ, ਜਦ ਤਕ ਗੁਣ ਮੌਜੂਦ ਹਨ ਉਹ ਕਿਸੇ ਨਾ ਕਿਸੇ ਯੋਨੀ ਦਾ ਕਾਰਣ ਹੁੰਦੇ ਹਨ । ਇਸ ਲਈ ਇਸ ਅਧਿਆਇ ਦੇ ਆਰੰਭ ਵਿਚ ਹੀ ਉਸਨੇ ਪ੍ਰਸ਼ਨ ਕੀਤਾ–

**ਅਰਜੁਨ ਉਵਾਚ–**

**ये शास्त्रविधिमुत्सृज्य यजन्ते श्रद्धयान्विता: ।**
**तेषां निष्ठा तु का कृष्ण सत्त्वमाहो रजस्तम: ।।१।।**

ਹੇ ਕ੍ਰਿਸ਼ਣ ! ਜੋ ਮਨੁੱਖ ਸ਼ਾਸਤ੍ਰ–ਵਿਧੀ ਨੂੰ ਛੱਡਕੇ ਸ਼ਰਧਾ ਸਹਿਤ ਯਜਨ ਕਰਦੇ ਹਨ,

ਉਹਨਾਂ ਦੀ ਗਤਿ ਕਿਹੜੀ ਹੈ ? ਸਾਤਵਿਕ ਹੈ, ਰਾਜਸੀ ਹੈ ਜਾਂ ਤਾਮਸੀ ਹੈ ? ਯਜਨ ਵਿਚ ਦੇਵਤਾ-ਯੱਛ-ਭੂਤ ਇਤਿਆਦਿ ਸਾਰੇ ਆ ਜਾਂਦੇ ਹਨ ।

**ਸ਼੍ਰੀ ਭਗਵਾਨ ਉਵਾਚ-**

**त्रिविधा भवति श्रद्धा देहिनां सा स्वभावजा।**
**सात्त्विकी राजसी चैव तामसी चेति तां शृणु ।।२ ।।**

ਅਧਿਆਇ ਦੋ ਵਿਚ ਯੋਗੇਸ਼ਵਰ ਨੇ ਦੱਸਿਆ ਸੀ ਕਿ, ਅਰਜੁਨ ! ਇਸ ਯੋਗ ਵਿਚ ਨਿਰਧਾਰਿਤ ਕ੍ਰਿਆ ਇਕ ਹੀ ਹੈ । ਅਵਿਵੇਕੀਆਂ ਦੀ ਬੁੱਧੀ ਅਨੰਤ ਸ਼ਾਖਾਂ ਵਾਲੀ ਹੁੰਦੀ ਹੈ, ਇਸ ਲਈ ਉਹ ਅਨੰਤ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ, ਦਿਖਾਵਟੀ ਸ਼ੋਭਾਮਈ ਵਾਣੀ ਵਿਚ ਉਸਨੂੰ ਵਿਅਕਤ ਵੀ ਕਰਦੇ ਹਨ । ਉਹਨਾ ਦੀ ਵਾਣੀ ਦੀ ਛਾਪ ਜਿਨ੍ਹਾਂ ਦੇ ਚਿੱਤ ਤੇ ਪੈਂਦੀ ਹੈ, ਅਰਜੁਨ ! ਉਹਨਾਂ ਦੀ ਬੁੱਧੀ ਵੀ ਨਸ਼ਟ ਹੋ ਜਾਂਦੀ ਹੈ, ਕੁਝ ਪਾਉਣ ਦੀ ਗੱਲ ਤਾਂ ਦੂਰ ਹੀ ਹੈ । ਠੀਕ ਇਸੇ ਗੱਲ ਨੂੰ ਉਹ ਇੱਥੇ ਫੇਰ ਕਹਿੰਦੇ ਹਨ ਕਿ ਜੋ '**शास्त्रविधिमुत्सृज्य**' ਸ਼ਾਸਤ੍ਰ-ਵਿਧੀ ਨੂੰ ਤਿਆਗਕੇ ਸਿਮਰਨ ਕਰਦੇ ਹਨ, ਉਹਨਾਂ ਦੀ ਸ਼ਰਧਾ ਵੀ ਤਿੰਨ ਤਰ੍ਹਾਂ ਦੀ ਹੁੰਦੀ ਹੈ ।

ਸ਼੍ਰੀ ਕ੍ਰਿਸ਼ਣ ਦੱਸਦੇ ਹਨ ਕਿ ਮਨੁੱਖ ਦੀ ਆਦਤ ਤੋਂ ਪੈਦਾ ਹੋਈ ਉਹ ਸ਼ਰਧਾ ਸਾਤਵਿਕੀ, ਰਾਜਸੀ ਅਤੇ ਤਾਮਸੀ - ਇਸ ਤਰ੍ਹਾਂ ਤਿੰਨ ਪ੍ਰਕਾਰਾਂ ਦੀ ਹੁੰਦੀ ਹੈ, ਜਿਸਨੂੰ ਤੂੰ ਮੇਰੇ ਕੋਲੋਂ ਸੁਣ । ਮਨੁੱਖ ਦੇ ਹਿਰਦੇ ਵਿਚ ਇਹ ਸ਼ਰਧਾ ਨਿਰੰਤਰ ਹੈ -

**सत्त्वानुरूपा सर्वस्य श्रद्धा भवति भारत।**
**श्रद्धामयोऽयं पुरुषो यो यच्छ्रद्धः स एव सः ।।३ ।।**

ਹੇ ਭਾਰਤ ! ਸਾਰੇ ਮਨੁੱਖਾਂ ਦੀ ਸ਼ਰਧਾ ਉਹਨਾਂ ਦੇ ਚਿੱਤ ਦੀਆਂ ਬਿਰਤੀਆਂ ਦੇ ਅਨੁਰੂਪ ਹੁੰਦੀ ਹੈ । ਹਰ ਪੁਰਸ਼ ਸ਼ਰਧਾਮਈ ਹੈ । ਇਸ ਲਈ ਜੋ ਪੁਰਸ਼ ਜਿਸ ਤਰ੍ਹਾਂ ਦੀ ਸ਼ਰਧਾ ਵਾਲਾ ਹੈ, ਉਹ ਆਪ ਵੀ ਉਸੇ ਤਰ੍ਹਾਂ ਦਾ ਹੈ, ਉਹੀ ਹੈ । ਅਕਸਰ ਲੋਕੀਂ ਪੁੱਛਦੇ ਹਨ - ਮੈਂ ਕੌਣ ਹਾਂ ? ਕੋਈ ਕਹਿੰਦਾ ਹੈ, ਮੈਂ ਆਤਮਾ ਹਾਂ । ਪਰ ਨਹੀਂ, ਯੋਗੇਸ਼ਵਰ ਦੱਸਦੇ ਹਨ ਕਿ ਜਿਸ ਤਰ੍ਹਾਂ ਸ਼ਰਧਾ, ਬਿਰਤੀ, ਉਸੇ ਤਰ੍ਹਾਂ ਪੁਰਸ਼ ।

ਗੀਤਾ ਯੋਗ-ਦਰਸ਼ਨ ਹੈ । ਮਹਾਰਿਸ਼ੀ ਪਤੰਜਲੀ ਵੀ ਯੋਗੀ ਸਨ । ਉਹਨਾਂ ਦਾ ਯੋਗ-ਦਰਸ਼ਨ ਹੈ । ਯੋਗ ਹੈ ਕੀ ? ਉਹਨਾਂ ਨੇ ਦੱਸਿਆ, '**योगश्चित्तवृत्तिनिरोध:**' ਚਿੱਤ ਦੀਆਂ ਬਿਰਤੀਆਂ ਦਾ ਪੂਰਾ ਰੁਕ ਜਾਣਾ ਯੋਗ ਹੈ । ਕਿਸੇ ਨੇ ਮਿਹਨਤ ਕਰਕੇ ਰੋਕ ਵੀ ਲਿਆ ਤਾਂ ਲਾਭ ਕੀ ? '**तदा द्रष्टुः स्वरूपेऽवस्थानम्**' - ਉਸ ਸਮੇਂ ਇਹ ਦ੍ਰਿਸ਼ਟਾ ਜੀਵਾਤਮਾ ਆਪਣੇ ਹੀ ਸ਼ਾਸ਼ਵਤ ਸਵਰੂਪ ਵਿਚ ਸਥਿਤ ਹੋ ਜਾਂਦਾ ਹੈ । ਕੀ ਸਥਿਤ ਹੋਣ ਤੋਂ ਪਹਿਲਾਂ ਉਹ ਅਸ਼ੁੱਧ, ਮਲੀਨ ਸੀ ? ਪਤੰਜਲੀ ਕਹਿੰਦੇ ਹਨ - '**वृत्तिसारूप्यमितरत्र**' ਦੂਜੇ ਸਮੇਂ ਵਿਚ ਜਿਸ ਤਰ੍ਹਾਂ ਦੀ ਬਿਰਤੀ ਦਾ ਰੂਪ ਹੈ, ਉਸੇ ਤਰ੍ਹਾਂ ਦੀ ਹੀ ਉਹ ਦ੍ਰਿਸ਼ਟਾ ਆਪ ਹੈ । ਇਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ - ਇਹ ਪੁਰਸ਼ ਸ਼ਰਧਾਮਈ ਹੈ, ਸ਼ਰਧਾ ਨਾਲ ਓਤਪ੍ਰੋਤ ਹੈ । ਕਿਧਰੇ ਨਾ ਕਿਧਰੇ ਸ਼ਰਧਾ ਜ਼ਰੂਰ ਹੋਏਗੀ ਅਤੇ ਜਿਸ ਤਰ੍ਹਾਂ ਦੀ ਸ਼ਰਧਾ ਵਾਲਾ ਹੈ, ਉਹ ਖ਼ੁਦ ਵੀ ਉਹੀ ਹੈ । ਜਿਸ ਤਰ੍ਹਾਂ ਦੀ ਬਿਰਤੀ, ਉਸੇ ਤਰ੍ਹਾਂ ਦਾ ਪੁਰਸ਼ । ਹੁਣ ਤਿੰਨੋਂ ਸ਼ਰਧਾਵਾਂ ਦਾ ਵਿਭਾਜਨ (ਵੰਡ) ਕਰਦੇ ਹਨ -

**यजन्ते सात्त्विका देवान्यक्षरक्षांसि: राजसा: ।**
**प्रेतान्भूतगणांश्चान्ये यजन्ते तामसा जना: ।।४ ।।**

ਉਹਨਾਂ ਵਿਚੋਂ ਸਾਤਵਿਕ ਪੁਰਸ਼ ਦੇਵਤਿਆਂ ਨੂੰ ਪੂਜਦੇ ਹਨ, ਰਾਜਸੀ ਪੁਰਸ਼ ਯੱਛ ਅਤੇ ਰਾਖਸ਼ਾਂ ਨੂੰ ਪੂਜਦੇ ਹਨ ਅਤੇ ਤਾਮਸ ਪੁਰਸ਼ ਭੂਤ-ਪ੍ਰੇਤਾਂ ਨੂੰ ਪੂਜਦੇ ਹਨ । ਉਹ ਪੂਜਾ ਵਿਚ ਬੜੀ ਮਿਹਨਤ ਵੀ ਕਰਦੇ ਹਨ -

**अशास्त्रविहितं घोरं तप्यन्ते ये तपो जना: ।**
**दम्भाहंकारसंयुक्ता: कामरागबलान्विता: ।।५ ।।**

ਉਹ ਮਨੁੱਖ ਸ਼ਾਸਤ੍ਰ-ਵਿਧੀ ਤੋਂ ਰਹਿਤ ਘੋਰ ਕਲਪਿਤ (ਕਲਪਿਤ ਕ੍ਰਿਆਵਾਂ ਰਚਕੇ) ਤੱਪ ਕਰਦੇ ਹਨ, ਦੰਭ ਅਤੇ ਅਹੰਕਾਰ ਨਾਲ ਭਰੇ, ਕਾਮਨਾ ਅਤੇ ਆਸਕਤੀ ਦੇ ਬਲ ਵਿਚ ਬੰਨ੍ਹੇ ਹੋਏ-

**कर्शयन्त: शरीरस्थं भूतग्राममचेतस: ।**
**मां चैवान्त: शरीरस्थं तान्विद्ध्यासुरनिश्चयान् ।।६ ।।**

ਉਹ ਸਰੀਰ ਰੂਪ ਵਿਚ ਸਥਿਤ ਜੀਵਾਂ (ਪ੍ਰਾਣੀਆਂ) ਦੇ ਸਮੂਹ ਨੂੰ ਅਤੇ ਅੰਤਰਮਨ ਵਿਚ ਸਥਿਤ ਮੈਨੂੰ ਅੰਤਰਯਾਮੀ ਨੂੰ ਵੀ ਕਮਜ਼ੋਰ ਕਰਨ ਵਾਲੇ ਹਨ । ਆਤਮਾ ਪ੍ਰਕ੍ਰਿਤੀ ਦੀਆਂ ਦਰਾਰਾਂ ਵਿਚ ਪੈਕੇ ਵਿਕਾਰਾਂ ਨਾਲ ਕਮਜ਼ੋਰ ਅਤੇ ਯੋਗ-ਸਾਧਨਾ ਨਾਲ ਬਲਵਾਨ ਹੁੰਦਾ ਹੈ । ਉਹਨਾਂ ਅਗਿਆਨੀਆਂ (ਅਚੇਤਾਂ) ਨੂੰ ਤੂੰ ਸੱਚਮੁਚ ਹੀ ਅਸੁਰ ਜਾਣ, ਅਰਥਾਤ ਉਹ ਸਭ ਦੇ ਸਭ ਅਸੁਰ ਹਨ । ਪ੍ਰਸ਼ਨ ਪੂਰਾ ਹੋਇਆ ।

ਸ਼ਾਸਤ੍ਰ-ਵਿਧੀ ਨੂੰ ਤਿਆਗਕੇ ਸਿਮਰਨ ਕਰਨ ਵਾਲੇ ਸਾਤਵਿਕ ਪੁਰਸ਼ ਦੇਵਤਿਆਂ ਨੂੰ, ਰਾਜਸੀ ਪੁਰਸ਼ ਯੱਛ-ਰਾਖਸ਼ਾਂ ਨੂੰ ਅਤੇ ਤਾਮਸੀ ਪੁਰਸ਼ ਭੂਤ-ਪ੍ਰੇਤਾਂ ਨੂੰ ਪੂਜਦੇ ਹਨ । ਸਿਰਫ਼ ਪੂਜਦੇ ਹੀ ਨਹੀਂ, ਉਹਨਾਂ ਲਈ ਘੋਰ ਤੱਪ ਕਰਦੇ ਹਨ । ਪਰ ਅਰਜੁਨ ! ਸਰੀਰ ਰੂਪ ਨਾਲ ਜੀਵਾਂ ਨੂੰ ਅਤੇ ਅੰਤਰਯਾਮੀ ਰੂਪ ਨਾਲ ਸਥਿਤ ਮੈਨੂੰ ਪਰਮਾਤਮਾ ਨੂੰ ਇਹ ਕਮਜ਼ੋਰ ਕਰਨ ਵਾਲੇ ਹਨ, ਮੇਰੇ ਤੋਂ ਦੂਰੀਆਂ ਵਧਾਉਣ ਵਾਲੇ ਹਨ, ਸਿਮਰਨ ਵਾਲੇ ਨਹੀਂ ਹਨ । ਉਹਨਾਂ ਨੂੰ ਤੂੰ ਅਸੁਰ ਜਾਣ, ਅਰਥਾਤ ਦੇਵਤਿਆਂ ਨੂੰ ਪੂਜਣ ਵਾਲੇ ਵੀ ਅਸੁਰ ਹਨ । ਇਸਤੋਂ ਵੱਧ ਕੋਈ ਕੀ ਕਹੇਗਾ ? ਇਸ ਲਈ ਜਿਸਦੇ ਇਹ ਸਾਰੇ ਅੰਸ਼ ਮਾਤਰ ਹਨ, ਉਸ ਮੂਲ ਇਕ ਪਰਮਾਤਮਾ ਦਾ ਭਜਨ ਕਰੋ । ਇਸੇ ਉੱਤੇ ਪਰਮ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਬਾਰਬਾਰ ਜ਼ੋਰ ਦਿਤਾ ਹੈ ।

**आहारस्त्वपि सर्वस्य त्रिविधो भवति प्रिय: ।**
**यज्ञस्तपस्तथा दानं तेषां भेदमिमं श्रृणु ।।७ ।।**

ਅਰਜੁਨ ! ਜਿਵੇਂ ਸ਼ਰਧਾ ਤਿੰਨ ਪ੍ਰਕਾਰ ਦੀ ਹੁੰਦੀ ਹੈ, ਉਸੇ ਤਰ੍ਹਾਂ ਸਭ ਨੂੰ ਆਪਣੇ-ਆਪਣੇ ਸੁਭਾਅ ਅਨੁਸਾਰ ਭੋਜਨ ਵੀ ਤਿੰਨ ਪ੍ਰਕਾਰ ਦਾ ਚੰਗਾ ਲਗਦਾ ਹੈ ਅਤੇ ਉਸੇ ਤਰ੍ਹਾਂ ਹੀ ਯੱਗ, ਤੱਪ ਅਤੇ ਦਾਨ ਵੀ ਤਿੰਨ-ਤਿੰਨ ਪ੍ਰਕਾਰ ਦੇ ਹੁੰਦੇ ਹਨ । ਉਹਨਾਂ ਦੇ ਭੇਦ ਨੂੰ ਤੂੰ ਮੇਰੇ ਕੋਲੋਂ ਸੁਣ । ਪਹਿਲੇ ਸੁਣ ਆਹਾਰ ਦੇ ਬਾਰੇ-

**आयु: सत्त्वबलारोग्यसुखप्रीतिविवर्धना: ।**
**रस्या: स्निग्धा: स्थिरा हृद्या आहारा:सात्त्विकप्रिया: ।।८ ।।**

ਆਯੂ (ਉਮਰ), ਬੁੱਧੀ, ਬਲ, ਅਰੋਗਤਾ, ਸੁਖ ਤੇ ਪ੍ਰੀਤੀ ਨੂੰ ਵਧਾਉਣ ਵਾਲੇ, ਰਸਯੁਕਤ ਚਿਕਨੇ ਅਤੇ ਸਥਿਰ ਰਹਿਣ ਵਾਲੇ, ਅਤੇ ਸੁਭਾਅ ਤੋਂ ਹੀ ਹਿਰਦੇ ਨੂੰ ਚੰਗੇ ਲੱਗਣ ਵਾਲੇ ਭੋਜ-ਪਦਾਰਥ ਸਾਤਵਿਕ ਪੁਰਸ਼ ਨੂੰ ਚੰਗੇ ਲੱਗਦੇ ਹਨ ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਸੁਭਾਅ ਤੋਂ ਹਿਰਦੇ ਨੂੰ ਚੰਗਾ ਲੱਗਣ ਵਾਲਾ, ਬਲ-ਅਰੋਗਤਾ-ਬੁੱਧੀ ਅਤੇ ਆਯੂ ਵਧਾਉਣ ਵਾਲਾ ਭੋਜ ਪਦਾਰਥ ਹੀ ਸਾਤਵਿਕ ਹੈ । ਜੋ ਭੋਜ-ਪਦਾਰਥ ਸਾਤਵਿਕ ਹੈ, ਉਹੀ ਸਾਤਵਿਕ ਮਨੁੱਖ ਨੂੰ ਚੰਗਾ ਲੱਗਦਾ ਹੈ । ਇਸਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਖਾਧ-ਪਦਾਰਥ ਸਾਤਵਿਕ, ਰਾਜਸੀ ਅਥਵਾ ਤਾਮਸੀ ਨਹੀਂ ਹੁੰਦਾ । ਉਸਦੀ ਵਰਤੋਂ ਸਾਤਵਿਕ, ਰਾਜਸੀ ਜਾਂ ਤਾਮਸੀ ਹੋਇਆ ਕਰਦੀ ਹੈ । ਨਾ ਦੁੱਧ ਸਾਤਵਿਕ ਹੈ, ਨਾ ਪਿਆਜ਼ ਰਾਜਸੀ ਹੈ ਅਤੇ ਨਾ ਹੀ ਲਸਣ ਜਾਂ ਥੋਮ ਤਾਮਸੀ ਹੈ ।

ਜਿਥੋਂ ਤਕ ਬਲ-ਬੁੱਧੀ-ਅਰੋਗਤਾ ਅਤੇ ਹਿਰਦੇ ਨੂੰ ਚੰਗਾ ਲੱਗਣ ਦਾ ਸਵਾਲ ਹੈ, ਤਾਂ ਸੰਸਾਰ ਭਰ ਵਿਚ ਮਨੁੱਖਾਂ ਨੂੰ ਆਪਣੇ-ਆਪਣੇ ਸੁਭਾਅ, ਵਾਤਾਵਰਣ ਅਤੇ ਹਾਲਾਤਾਂ ਦੇ ਅਨੁਕੂਲ ਅਲੱਗ-ਅਲੱਗ ਖਾਧ-ਪਦਾਰਥ ਚੰਗੇ ਲੱਗਦੇ ਹਨ । ਜਿਵੇਂ ਬੰਗਾਲੀਆਂ ਤੇ ਮਦਰਾਸੀਆਂ ਨੂੰ ਚਾਵਲ ਚੰਗਾ ਲੱਗਦਾ ਹੈ, ਤੇ ਪੰਜਾਬੀਆਂ ਨੂੰ ਰੋਟੀ । ਇਕ ਪਾਸੇ ਤਾਂ ਅਰਬ ਵਾਸੀਆਂ ਨੂੰ ਦੁੰਬਾ, ਚੀਨੀਆਂ ਨੂੰ ਡੱਡੂ ਤਾਂ ਦੂਜੇ ਪਾਸੇ ਧਰੁਵ ਪ੍ਰਦੇਸ਼ ਵਰਗੇ ਠੰਢੇ ਇਲਾਕਿਆਂ ਵਿਚ ਮਾਸ ਬਿਨਾਂ ਗੁਜ਼ਾਰਾ ਹੀ ਨਹੀਂ ਹੈ । ਰੂਸ ਅਤੇ ਮੰਗੋਲੀਆ ਦੇ ਆਦੀਵਾਸੀ ਖਾਧ-ਸਾਮੱਗ੍ਰੀ ਲਈ ਘੋੜੇ ਦੀ ਵਰਤੋਂ ਕਰਦੇ ਹਨ; ਯੂਰਪਵਾਸੀ ਗਊ ਅਤੇ ਸੂਰ ਦੋਨੋਂ ਖਾਂਦੇ ਹਨ । ਫੇਰ ਵੀ ਵਿਦਿਆ, ਬੁੱਧੀ-ਵਿਕਾਸ ਅਤੇ ਉੱਨਤੀ ਵਿਚ ਅਮਰੀਕਾ ਅਤੇ ਯੂਰਪਵਾਸੀ ਅੱਵਲ ਦਰਜੇ ਦੇ ਮੰਨੇ ਜਾਂਦੇ ਹਨ ।

ਗੀਤਾ ਦੇ ਅਨੁਸਾਰ ਰਸਮਈ, ਚਿਕਨਾ ਅਤੇ ਸਥਿਰ ਰਹਿਣ ਵਾਲਾ ਭੋਜਨ ਸਾਤਵਿਕ ਹੈ । ਲੰਬੀ ਉਮਰ ਕਰਨ ਵਾਲਾ, ਮਾਫ਼ਕ ਰਹਿਣ ਵਾਲਾ, ਬਲ-ਬੁੱਧੀ ਵਧਾਉਣ ਵਾਲਾ, ਸਿਹਤਬਖਸ਼ ਭੋਜਨ ਸਾਤਵਿਕ ਹੈ । ਸੁਭਾਵਕ ਤੌਰ ਤੇ ਹਿਰਦੇ ਨੂੰ ਚੰਗਾ ਲੱਗਣ ਵਾਲਾ ਭੋਜਨ ਸਾਤਵਿਕ ਹੈ । ਇਸ ਲਈ ਕਿਧਰੇ ਵੀ ਕਿਸੇ ਖਾਧ-ਪਦਾਰਥ ਨੂੰ ਘਟਾਉਣਾ ਜਾਂ ਵਧਾਉਣਾ ਨਹੀਂ ਹੈ । ਪਰਿਸਥਿਤੀ, ਹਵਾ-ਪਾਣੀ ਅਤੇ ਦੇਸ਼-ਕਾਲ ਦੇ ਅਨੁਸਾਰ ਜੋ ਭੋਜਨ-ਵਸਤੂ ਸੁਭਾਵਕ ਤੌਰ ਤੇ ਚੰਗੀ ਲੱਗੇ ਅਤੇ ਜੀਵਨ-ਸ਼ਕਤੀ ਦੇਣ ਵਾਲੀ ਹੋਵੇ, ਉਹੀ ਸਾਤਵਿਕ ਹੈ । ਕੋਈ ਵਸਤੂ ਸਾਤਵਿਕ, ਰਾਜਸੀ ਜਾਂ ਤਾਮਸੀ ਨਹੀਂ ਹੁੰਦੀ, ਉਸਤੀ ਵਰਤੋਂ ਸਾਤਵਿਕ, ਰਾਜਸੀ ਜਾਂ ਤਾਮਸੀ ਹੁੰਦੀ ਹੈ ।

ਇਸੇ ਲਈ ਜੋ ਮਨੁੱਖ ਘਰ-ਪਰਿਵਾਰ ਤਿਆਗਕੇ ਸਿਰਫ ਈਸ਼ਵਰ ਦੀ ਆਰਾਧਨਾ ਵਿਚ ਲੱਗਿਆ ਹੈ, ਸੰਨਿਆਸ ਆਸ਼ਰਮ ਵਿਚ ਹੈ, ਉਸਦੇ ਲਈ ਮਾਸ-ਮਦਿਰਾ ਵਰਜਿਤ ਹੈ, ਕਿਉਂਕਿ ਅਨੁਭਵ ਰਾਹੀਂ ਵੇਖਿਆ ਗਿਆ ਹੈ ਕਿ ਇਹ ਪਦਾਰਥ ਅਧਿਆਤਮਿਕ ਮਾਰਗ ਦੇ ਉਲਟ ਮਨੋਭਾਵ ਪੈਦਾ ਕਰਦੇ ਹਨ । ਇਹਨਾਂ ਰਾਹੀਂ ਸਾਧਨਾ-ਮਾਰਗ ਤੋਂ ਭ੍ਰਿਸ਼ਟ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ । ਜੋ ਏਕਾਂਤਵਾਸ ਕਰਨ ਵਾਲੇ ਵਿਰਕਤ ਪੁਰਸ਼ ਹਨ, ਉਹਨਾਂ ਦੇ ਲਈ ਯੋਗੇਸ਼ਵਰ ਨੇ ਅਧਿਆਇ ਛੇ ਵਿਚ ਆਹਾਰ ਸੰਬੰਧੀ ਇਕ ਨਵਾਂ ਨਿਯਮ ਦਿਤਾ, ਕਿ **'युक्तावार विहारस्य'** - ਉਚਿਤ ਜਾਂ ਸੰਜਮਿਤ ਭੋਜਨ ਅਤੇ ਵਿਹਾਰ (ਰਹਿਣੀ-ਬਹਿਣੀ) ਹੀ ਸਾਧਕ ਲਈ ਜ਼ਰੂਰੀ ਹੈ, ਇਸੇ ਨੂੰ ਧਿਆਨ ਵਿਚ ਰੱਖਕੇ ਆਚਰਣ ਕਰਨਾ ਚਾਹੀਦਾ ਹੈ । ਭਜਨ ਵਿਚ ਜੋ ਸਹਾਇਕ ਹੈ, ਉਨ੍ਹਾ ਅਤੇ ਉਹੀ ਆਹਾਰ ਲੈਣਾ ਚਾਹੀਦਾ ਹੈ ।

**कट्वम्ललवणात्युष्णतीक्ष्णरूक्षविदाहिन: ।**
**आहारा राजसस्येष्टा दु:खशोकामयप्रदा: ।।९ ।।**

ਕੌੜੇ, ਖੱਟੇ, ਵੱਧ ਨਮਕੀਨ, ਜ਼ਿਆਦਾ ਗਰਮ, ਤਿੱਖੇ, ਰੁੱਖੇ, ਜਲਨ ਪੈਦਾ ਕਰਨ ਵਾਲੇ ਅਤੇ ਦੁੱਖ-ਚਿੰਤਾ ਤੇ ਰੋਗ ਪੈਦਾ ਕਰਨ ਵਾਲੇ ਆਹਾਰ ਰਾਜਸ ਪੁਰਸ਼ ਨੂੰ ਚੰਗੇ ਲੱਗਦੇ ਹਨ ।

**यातयामं गतरसं पूति पर्युषितं च यत् ।**
**उच्छिष्टमपि चामेध्यं भोजनं तामसप्रियम् ।।१० ।।**

ਜੋ ਭੋਜਨ ਇਕ ਪਹਿਰ (ਤਿੰਨ ਘੰਟੇ) ਤੋਂ ਵੱਧ ਦੇਰ ਪਹਿਲਾਂ ਦਾ ਬਣਿਆ ਹੋਇਆ ਹੈ, '**गतरसं**' - ਰਸ ਰਹਿਤ, ਦੁਰਗੰਧ ਵਾਲਾ, ਬਾਸੀ, ਉਛਿਸ਼ਠ (ਜੂਠਾ) ਤੇ ਅਪਵਿਤ੍ਰ ਵੀ ਹੈ, ਉਹ ਤਾਮਸ ਪੁਰਸ਼ ਨੂੰ ਚੰਗਾ ਲੱਗਦਾ ਹੈ । ਪ੍ਰਸ਼ਨ ਪੂਰਾ ਹੋਇਆ । ਹੁਣ ਵੇਖੀਏ '**ਯੱਗ**' -

**अफलाकाङ्क्षिभिर्यज्ञो विधिदृष्टो य इज्यते ।**
**यष्टव्यमेवेति मन: समाधाय स सात्त्विक: ।।११ ।।**

ਜੋ ਯੱਗ '**विधिदृष्ट**' ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਕੀਤਾ ਗਿਆ ਹੈ । (ਜਿਵੇਂ ਪਿੱਛੇ ਅਧਿਆਇ ੩ ਵਿਚ ਯੱਗ ਦਾ ਨਾਮ ਲਿਆ, ਅਧਿਆਇ ੪ ਵਿਚ ਯੱਗ ਦਾ ਸਵਰੂਪ ਦੱਸਿਆ ਕਿ ਬਹੁਤ ਸਾਰੇ ਯੋਗੀ ਪ੍ਰਾਣ ਨੂੰ ਅਪਾਨ ਵਿਚ ਅਤੇ ਅਪਾਨ ਨੂੰ ਪ੍ਰਾਣ ਵਿਚ ਹਵਨ ਕਰਦੇ ਹਨ । ਪ੍ਰਾਣ-ਅਪਾਨ ਦੀ ਗਤਿ ਦਾ ਵਿਰੋਧ ਕਰਦੇ ਹਨ । ਇਸ ਤਰ੍ਹਾਂ ਦੀ ਗਤਿ ਸਥਿਰ ਕਰ ਲੈਂਦੇ ਹਨ, ਸੰਜਮ-ਅਗਨੀ ਵਿਚ ਹਵਨ ਕਰਦੇ ਹਨ । ਇਸ ਤਰ੍ਹਾਂ ਯੱਗ ਦੇ ਚੌਦਾਂ ਤਰੀਕੇ ਦੱਸੇ, ਜੋ ਸਭ ਦੇ ਸਭ ਬ੍ਰਹਮ ਤਕ ਦੀ ਦੂਰੀ ਤੈ ਕਰਾਉਣ ਵਾਲੀ ਇੱਕੋ ਕ੍ਰਿਆ ਦੀਆਂ ਉੱਚੀਆਂ-ਨੀਵੀਆਂ ਅਵਸਥਾਵਾਂ ਹਨ । ਸੰਖੇਪ ਵਿਚ ਯੱਗ ਚਿੰਤਨ-ਵਿਸ਼ੇਸ਼ ਦੀ ਪ੍ਰਕਿਆ ਦਾ ਚਿਤ੍ਰਣ ਹੈ, ਜਿਸਦਾ ਪਰਿਣਾਮ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਹੈ । ਜਿਸਦਾ ਵਿਧਾਨ ਇਸ ਸ਼ਾਸਤ੍ਰ ਰਾਹੀਂ ਕੀਤਾ ਗਿਆ ਹੈ ।

ਉਸੇ ਸ਼ਾਸਤ੍ਰ-ਵਿਧਾਨ ਉਤੇ ਫੇਰ ਜ਼ੋਰ ਦੇਂਦੇ ਹੋਏ ਉਹ ਕਹਿੰਦੇ ਹਨ ਕਿ, ਅਰਜੁਨ ! ਸ਼ਾਸਤ੍ਰ-ਵਿਧੀ ਨਾਲ ਨਿਰਧਾਰਤ ਕੀਤਾ ਯੱਗ, ਜੋ ਕਰਨਾ ਹੀ ਫਰਜ਼ ਹੈ ਅਤੇ ਜੋ ਮਨ ਦਾ ਵਿਰੋਧ ਕਰਨ ਵਾਲਾ ਹੈ, ਜੋ ਫਲ ਦੀ ਇੱਛਾ ਨਾ ਕਰਨ ਵਾਲੇ ਪੁਰਸ਼ ਰਾਹੀਂ ਕੀਤਾ ਜਾਂਦਾ ਹੈ, ਉਹ ਯੱਗ ਸਾਤਵਿਕ ਹੈ ।

**अभिसंधाय तु फलं दम्भार्थमपि चैव यत् ।**
**इज्यते भरतश्रेष्ठ तं यज्ञं विद्धि राजसम् ।।१२ ।।**

ਹੇ ਅਰਜੁਨ ! ਜੋ ਯੱਗ ਸਿਰਫ਼ ਢੌਂਗ ਰਚਣ ਲਈ ਹੋਵੇ, ਜਾਂ ਫਲ ਨੂੰ ਮਕਸਦ ਬਣਾਕੇ ਕੀਤਾ ਗਿਆ ਹੋਵੇ, ਉਸਨੂੰ ਤੂੰ ਰਾਜਸ ਯੱਗ ਜਾਣ । ਇਸਦਾ ਕਰਤਾ ਯੱਗ ਦੀ ਵਿਧੀ ਜਾਣਦਾ ਹੈ, ਪਰ ਦੰਭ ਜਾਂ ਢੌਂਗ ਅਤੇ ਫਲ ਨੂੰ ਮਕਸਦ ਬਣਾਕੇ ਕਰਦਾ ਹੈ, ਕਿ ਫਲਾਂਣੀ ਚੀਜ਼ ਮਿਲੇਗੀ, ਲੋਕੀਂ ਵੇਖਣਗੇ ਕਿ ਯੋਗ ਕਰਦਾ ਹੈ, ਵਾਹਵਾਹੀ ਕਰਨਗੇ, ਐਸਾ ਯੱਗ-ਕਰਤਾ ਅਸਲ ਵਿਚ ਰਾਜਸੀ ਹੈ । ਹੁਣ ਤਾਮਸ ਯੱਗ ਦਾ ਸਵਰੂਪ ਦੱਸਦੇ ਹਨ-

**विधिहीनमसृष्टान्नं मन्णहीनमदक्षिणम् ।**
**श्रद्धाविरहितं यज्ञं तामसं परिचक्षते ।।१३ ।।**

ਜੋ ਯੱਗ ਸ਼ਾਸਤ੍ਰ-ਵਿਧੀ ਤੋਂ ਰਹਿਤ ਹੈ, ਜੋ ਅੰਨ (ਪਰਮਾਤਮਾ) ਦੀ ਸ੍ਰਿਸ਼ਟੀ ਕਰ ਸੱਕਣ ਵਿਚ ਅਸਮਰਥ ਹੈ, ਮਨ ਨੂੰ ਅੰਤਰਮਨ ਵਿਚ ਨਿਰੁਧ ਕਰਨ (ਰੋਕਣ) ਵਿਚ ਅਸਮਰਥ ਹੈ, ਦਖਸ਼ਿਣਾ ਅਰਥਾਤ ਸਭ ਕੁਝ ਸਮਰਪਣ ਤੋਂ ਰਹਿਤ ਹੈ ਅਤੇ ਜੋ ਸ਼ਰਧਾ ਰਹਿਤ ਹੈ, ਐਸਾ ਯੱਗ ਤਾਮਸ ਯੱਗ ਕਿਹਾ ਜਾਂਦਾ ਹੈ । ਐਸਾ ਪੁਰਸ਼ ਯੱਗ ਨੂੰ ਜਾਣਦਾ ਹੀ ਨਹੀਂ । ਹੁਣ ਵੇਖੀਏ ਤੱਪ-

**देवद्विजगुरुप्राज्ञपूजनं शौचमार्जवम्।**
**ब्रह्मचर्यमहिंसा च शारीरं तप उच्यते।।१४।।**

ਪਰਮਦੇਵ ਪਰਮਾਤਮਾ, ਦਵੈਤ ਉੱਤੇ ਜਿੱਤ ਪਾਉਣ ਵਾਲੇ ਦ੍ਵਿਜ, ਸਤਿਗੁਰੂ ਅਤੇ ਗਿਆਨੀਜਨਾਂ ਦੀ ਪੂਜਾ, ਪਵਿਤ੍ਰਤਾ, ਸਰਲਤਾ, ਬ੍ਰਹਮਚਰਿਅ ਅਤੇ ਅਹਿੰਸਾ ਨੂੰ ਸਰੀਰ ਦਾ ਤੱਪ ਕਿਹਾ ਜਾਂਦਾ ਹੈ । ਸਰੀਰ ਹਮੇਸ਼ਾ ਵਾਸਨਾਵਾਂ ਦੇ ਵਲ ਦੌੜਦਾ ਹੈ, ਉਸ ਸਰੀਰ ਨੂੰ ਉਪਰੋਕਤ ਬਿਰਤੀਆਂ ਦੇ ਅਨੁਕੂਲ ਕਰਨ ਲਈ ਤਪਾਉਣਾ ਸਰੀਰਕ ਤੱਪ ਹੈ ।

**अनुद्वेगकरं वाक्यं सत्यं प्रियहितं च यत्।**
**स्वाध्यायाभ्यसनं चैव वाङ्मयं तप उच्यते।।१५।।**

ਉਦਵੇਗ (ਬੇਚੈਨੀ) ਨਾ ਪੈਦਾ ਕਰਨ ਵਾਲੀ, ਪਿਆਰੀ ਹਿਤਕਾਰੀ, ਸੱਚੀ ਬੋਲੀ ਬੋਲਣ ਦਾ ਅਤੇ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੇ ਸ਼ਾਸਤ੍ਰ ਦੇ ਚਿੰਤਨ ਦਾ ਅਭਿਆਸ, ਨਾਮ ਦਾ ਜਾਪ, ਇਹ ਵਾਣੀ (ਬੋਲਣ) ਦਾ ਤੱਪ ਕਿਹਾ ਜਾਂਦਾ ਹੈ । ਵਾਣੀ (ਬੋਲੀ) ਵਿਸ਼ਿਆਂ ਵਾਲੇ ਵਿਚਾਰ ਵੀ ਪ੍ਰਗਟ ਕਰਦੀ ਰਹਿੰਦੀ ਹੈ । ਇਸਨੂੰ ਉਸ ਪਾਸਿਉਂ ਸਮੇਟਕੇ ਪਰਮ ਸਤਿ ਪਰਮਾਤਮਾ ਵਲ ਲਗਾਉਣਾ ਵਾਣੀ ਦਾ ਅਰਥਾਤ ਬੋਲਚਾਲ ਦਾ ਤੱਪ ਕਿਹਾ ਜਾਂਦਾ ਹੈ । ਹੁਣ ਮਨ ਦਾ ਤੱਪ ਵੇਖੀਏ-

**मन: प्रसाद: सौम्यत्वं मौनमात्मविनिग्रह:।**
**भावसंशुद्धिरित्येतत्तपो मानसमुच्यते।।१६।।**

ਮਨ ਦੀ ਪ੍ਰਸੰਨਤਾ, ਨਿਮਰਤਾ, ਮੌਨ ਅਰਥਾਤ ਇਸ਼ਟ ਦੇ ਇਲਾਵਾ ਹੋਰਾਂ ਗੱਲਾਂ ਦਾ ਧਿਆਨ ਤਕ ਨਾ ਆਉਣਾ, ਮਨ ਦਾ ਵਿਰੋਧ, ਅੰਤਰਮਨ ਦੀ ਪੂਰੀ ਪਵਿਤ੍ਰਤਾ - ਇਹ ਮਨ ਦਾ ਤੱਪ ਕਿਹਾ ਜਾਂਦਾ ਹੈ । ਉਪਰੋਕਤ ਤਿੰਨੋਂ ਤਰ੍ਹਾਂ ਦੇ ਤੱਪ (ਸਰੀਰ, ਵਚਨ ਤੇ ਮਨ) ਮਿਲਕੇ ਇਕ ਸਾਤਵਿਕ ਤੱਪ ਬਣਦਾ ਹੈ ।

**श्रद्धया परया तप्तं तपस्तत्त्रिविधं नरै:।**
**अफलाकाङ्क्षिभिर्युक्तै: सात्त्विकं परिचक्षते।।१७।।**

ਫਲ ਨਾ ਚਾਹੁੰਦੇ ਹੋਏ ਅਰਥਾਤ ਨਿਸ਼ਕਾਮ-ਕਰਮ ਨਾਲ ਯੁਕਤ ਪੁਰਸ਼ਾਂ ਰਾਹੀਂ ਪੂਰੀ ਸ਼ਰਧਾ ਨਾਲ ਕੀਤੇ ਹੋਏ ਉਪਰੋਕਤ ਤਿੰਨੋਂ ਤੱਪਾਂ ਨੂੰ ਮਿਲਾਕੇ ਸਾਤਵਿਕ ਤੱਪ ਕਹਿੰਦੇ ਹਨ । ਰਾਜਸੀ ਤੱਪ ਦੇ ਬਾਰੇ-

**सत्कारमानपूजार्थं तपो दम्भेन चैव यत्।**
**क्रियते तदिह प्रोक्तं राजसं चलमध्रुवम्।।१८।।**

ਜੋ ਤੱਪ, ਸਤਿਕਾਰ, ਮਾਨ ਅਤੇ ਪੂਜਾ ਦੇ ਲਈ ਜਾਂ ਸਿਰਫ਼ ਪਾਖੰਡ ਕਰਨ ਲਈ ਕੀਤਾ ਜਾਂਦਾ ਹੈ, ਉਹ ਅਨਿਸ਼ਚਿਤ ਅਤੇ ਚੰਚਲ ਫਲ ਵਾਲਾ (ਆਸ ਪੂਰੀ ਨਾ ਕਰਨ ਵਾਲਾ) ਤੱਪ

ਰਾਜਸ ਤੱਪ ਕਿਹਾ ਜਾਂਦਾ ਹੈ ।

**मूढग्राहेणात्मनो यत्पीडया क्रियते तपः।**
**परस्योत्साधनार्थं वा तत्तामसमुदाहृतम् ।।१९ ।।**

ਜੋ ਤੱਪ ਮੂਰਖਤਾ ਨਾਲ, ਹੱਠ ਨਾਲ, ਮਨ-ਵਚਨ ਅਤੇ ਸਰੀਰ ਦੀ ਪੀੜਾ ਨਾਲ ਜਾਂ ਦੂਜਿਆਂ ਦਾ ਬੁਰਾ ਕਰਨ ਲਈ ਬਦਲੇ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ, ਉਸ ਤੱਪ ਨੂੰ ਤਾਮਸ ਤੱਪ ਕਿਹਾ ਗਿਆ ਹੈ ।

ਇਸ ਤਰ੍ਹਾਂ ਸਾਤਵਿਕ ਤੱਪ ਵਿਚ ਸਰੀਰ, ਮਨ ਅਤੇ ਵਾਣੀ ਨੂੰ ਕੇਵਲ ਇਸ਼ਟ ਵਲ ਹੀ ਮੋੜਨਾ ਹੈ । ਰਾਜਸ ਤੱਪ ਵਿਚ ਵੀ ਕ੍ਰਿਆ ਉਹੀ ਹੈ, ਪਰ ਦੰਭ, ਮਾਨ ਆਦਿ ਲਈ ਹੀ ਕਰਨ ਦੀ ਭਾਵਨਾ ਹੈ । ਅਕਸਰ ਮਹਾਤਮਾ ਲੋਕ ਘਰਬਾਰ ਛੱਡਣ ਦੇ ਬਾਅਦ ਵੀ ਇਸ ਵਿਕਾਰ ਦੇ ਸ਼ਿਕਾਰ ਹੋ ਜਾਂਦੇ ਹਨ । ਤੀਜਾ ਤਾਮਸੀ ਤੱਪ ਵਿਧੀ ਦੇ ਵਿਰੁੱਧ ਹੋਣ ਵਾਲਾ ਤੱਪ ਹੈ ਜੋ ਹੋਰਾਂ ਨੂੰ ਦੁੱਖ ਦੇਣ ਲਈ ਕੀਤਾ ਜਾਂਦਾ ਹੈ । ਹੁਣ ਦਾਨ ਦੇ ਬਾਰੇ ਉਹ ਦੱਸਦੇ ਹਨ-

**दातव्यमिति यद्दानं दीयतेऽनुपकारिणे।**
**देशे काले च पात्रे च तद्दानं सात्त्विकं स्मृतम् ।।२० ।।**

'ਦਾਨ ਦੇਣਾ ਹੀ ਕਰਤੱਵ ਹੈ' - ਇਸ ਭਾਵਨਾ ਦੇ ਨਾਲ ਜੋ ਦਾਨ ਦੇਸ਼ (ਸਥਾਨ), ਕਾਲ (ਸਮੇਂ ਦੇ ਅਨੁਕੂਲ) ਅਤੇ ਦਾਨ ਦੇ ਸਹੀ ਹੱਕਦਾਰ ਬੰਦੇ ਨੂੰ ਦਿਤਾ ਜਾਂਦਾ ਹੈ ਅਤੇ ਬਦਲੇ ਵਿਚ ਕੋਈ ਕਾਮਨਾ ਨਹੀਂ ਰੱਖੀ ਜਾਂਦੀ - ਐਸਾ ਦਾਨ ਸਾਤਵਿਕ ਕਿਹਾ ਜਾਂਦਾ ਹੈ ।

**यत्तु प्रत्युपकारार्थं फलमुद्दिश्य वा पुनः।**
**दीयते च परिक्लिष्टं तद्दानं राजसं स्मृतम् ।।२१ ।।**

ਜੋ ਦਾਨ ਕਲੇਸ਼ ਨਾਲ (ਜ਼ਬਰਦਸਤੀ, ਆਪਣੀ ਸਮਰਥਾ ਤੋਂ ਵੱਧ) ਅਤੇ ਇਹ ਸੋਚਕੇ ਕਿ ਇਸਦੇ ਬਦਲੇ ਇਹ ਮਿਲੇਗਾ, ਜਾਂ ਫਲ-ਪ੍ਰਾਪਤੀ ਲਈ ਦਿੱਤਾ ਜਾਂਦਾ ਹੈ, ਉਹ ਦਾਨ ਰਾਜਸ ਕਿਹਾ ਜਾਂਦਾ ਹੈ ।

**अदेशकाले यद्दानमपात्रेभ्यश्च दीयते।**
**असत्कृतमवज्ञातं तत्तामसमुदाहृतम् ।।२२ ।।**

ਜੋ ਦਾਨ ਬਿਨਾਂ ਸਤਿਕਾਰ ਕੀਤੇ, ਜਾਂ ਤਿਰਸਕਾਰ ਨਾਲ, ਝਿੜਕਕੇ, ਦੇਸ਼-ਕਾਲ ਦੇ ਅਯੋਗ, ਅਣ-ਅਧਿਕਾਰੀਆਂ ਨੂੰ (ਜੋ ਦਾਨ ਦੇ ਹੱਕਦਾਰ ਨਹੀਂ ਉਹਨਾਂ ਨੂੰ) ਦਿੱਤਾ ਜਾਂਦਾ ਹੈ, ਉਹ ਦਾਨ ਤਾਮਸੀ ਕਿਹਾ ਗਿਆ ਹੈ । 'ਪੂਜਯ ਮਹਾਰਜ ਜੀ' ਕਿਹਾ ਕਰਦੇ ਸਨ - **'ਓਏ ! ਕੁਪਾਤਰ ਨੂੰ (ਦਾਨ ਦੇ ਅਯੋਗ ਨੂੰ) ਦਾਨ ਦੇਣ ਨਾਲ ਦਾਤਾ ਨਸ਼ਟ ਹੋ ਜਾਂਦਾ ਹੈ ।** ਠੀਕ ਇਹੋ ਗੱਲ ਸ਼੍ਰੀ ਕ੍ਰਿਸ਼ਣ ਦੱਸਦੇ ਹਨ ਕਿ ਯੋਗ ਬੰਦੇ ਨੂੰ ਦਾਨ ਦੇਣਾ ਹੀ ਫਰਜ਼ ਹੈ । ਦੇਸ਼-ਕਾਲ ਅਤੇ ਦਾਨ ਦੇ ਅਧਿਕਾਰੀ ਦਾ ਗਿਆਨ ਰੱਖਦੇ ਹੋਏ, ਬਦਲੇ ਵਿਚ ਕੋਈ ਉਪਕਾਰ ਨਾ ਚਾਹੁੰਦੇ ਹੋਏ, ਉਦਾਰਤਾ ਨਾਲ ਕੀਤਾ ਗਿਆ ਦਾਨ ਸਾਤਵਿਕ ਦਾਨ ਹੈ । ਮੁਸ਼ਕਿਲ ਨਾਲ ਦਿੱਤਾ ਜਾਣ ਵਾਲਾ, ਮਜਬੂਰਨ ਦਿਤਾ ਗਿਆ ਅਤੇ ਬਦਲੇ ਵਿਚ ਫਲ ਦੀ ਭਾਵਨਾ ਰੱਖਕੇ ਦਿਤਾ ਗਿਆ ਦਾਨ ਰਾਜਸ ਹੈ, ਅਤੇ ਬਿਨਾਂ ਸਤਿਕਾਰ, ਝਿੜਕੀਆਂ ਨਾਲ, ਦੇਸ਼-ਕਾਲ ਦੇ ਉਲਟ, ਕੁਪਾਤਰ ਨੂੰ ਦਿਤਾ ਦਾਨ ਤਾਮਸ ਹੈ । ਪਰ ਹੈ ਉਹ ਦਾਨ ਹੀ, ਲੇਕਿਨ ਜੋ ਮਨੁੱਖ ਇਹ ਸਾਰੇ ਦਾਨ, ਮਮਤਾ ਆਦਿ ਛੱਡਕੇ ਸਿਰਫ਼ ਇਸ਼ਟ ਉਤੇ

ਨਿਰਭਰ ਹੈ, ਉਸਦੇ ਲਈ ਦਾਨ ਦਾ ਤਰੀਕਾ ਇਸਤੋਂ ਵੀ ਉਪਰ ਹੈ, ਅਤੇ ਉਹ ਤਰੀਕਾ ਹੈ ਆਪਣਾ ਸਭ ਕੁਝ ਸਮਰਪਣ ਕਰ ਦੇਣਾ, ਸਾਰੀਆਂ ਵਾਸਨਾਵਾਂ ਤੋ ਹੱਟਕੇ ਮਨ ਦਾ ਸਮਰਪਣ, ਜਿਵੇਂ ਸ਼੍ਰੀ ਕ੍ਰਿਸ਼ਣ ਨੇ ਕਿਹਾ ਹੈ – **'मय्येव मन आधत्स्व।'** ਇਹ ਦਾਨ ਬੜਾ ਜ਼ਰੂਰੀ ਹੈ । ਹੁਣ ਵੇਖੀਏ ਓਮ (**ॐ**), ਤਤ ਅਤੇ ਸਤਿ ਦਾ ਸਵਰੂਪ –

**ॐ तत्सदिति निर्देशो ब्रह्मणस्त्रिविधः स्मृतः ।**
**ब्राह्मणास्तेन वेदाश्च यज्ञाश्च विहिताः पुरा ।।२३ ।।**

ਅਰਜੁਨ ! ਓਮ, ਤਤ ਅਤੇ ਸਤਿ – ਇਹ ਤਿੰਨ ਤਰ੍ਹਾਂ ਦਾ ਨਾਮ – **'ब्रह्मणः निर्देशः स्मृतः'** – ਬ੍ਰਹਮ ਦਾ ਨਿਰਦੇਸ਼ (ਸੰਕੇਤ) ਦੇਂਦਾ ਹੈ, ਯਾਦ ਦਿਵਾਉਂਦਾ ਹੈ, ਅਤੇ ਬ੍ਰਹਮ ਦਾ ਪ੍ਰਤੀਕ ਹੈ । ਉਸੇ ਵਿਚੋਂ **'पुरा'** ਪੂਰਬ ਵਿਚ (ਆਰੰਭ ਵਿਚ) ਬ੍ਰਾਹਮਣ, ਵੇਦ ਅਤੇ ਯੱਗ ਆਦਿ ਦੀ ਰਚਨਾ ਹੋਈ ਹੈ । ਅਰਥਾਤ ਬ੍ਰਾਹਮਣ (ਬ੍ਰਹਮ ਵਿਸ਼ਿਅਕ ਗ੍ਰੰਥ ਜਾਂ ਸ਼ਾਸਤ੍ਰ), ਯੱਗ ਅਤੇ ਵੇਦ ਓਮ ਤੋਂ ਪੈਦਾ ਹੁੰਦੇ ਹਨ । ਇਹ ਯੋਗ ਤੋਂ ਪੈਦਾ ਹੋਏ ਹਨ । ਓਮ ਦੇ ਲਗਾਤਾਰ ਧਿਆਨ-ਚਿੰਤਨ ਰਾਹੀਂ ਇਹਨਾਂ ਦੀ ਉਤਪੱਤੀ ਹੋਈ ਹੈ, ਕਿਸੇ ਹੋਰ ਤਰੀਕੇ ਨਾਲ ਨਹੀਂ ।

**तस्मादोमित्युदाहृत्य यज्ञदानतपः क्रिया।**
**प्रवर्तन्ते विधानोक्ताः सततं ब्रह्मवादिनाम् ।।२४ ।।**

ਇਸ ਲਈ ਬ੍ਰਹਮ ਦੇ ਬਾਰੇ ਮਹਾਪੁਰਸ਼ਾਂ ਰਾਹੀਂ ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਕੀਤੀਆਂ ਹੋਈਆਂ ਜਿਹੜੀਆਂ ਯੱਗ-ਦਾਨ-ਤੱਪ ਕ੍ਰਿਆਵਾਂ ਹਨ, ਉਹ ਲਗਾਤਾਰ 'ਓਮ' ਦਾ ਉਚਾਰਣ ਕਰਕੇ ਹੀ ਬਣੀਆਂ ਹਨ, ਜੋ ਬ੍ਰਹਮ ਦੀ ਯਾਦ ਕਰਾਉਂਦੀਆਂ ਹਨ । ਹੁਣ 'ਤਤ' ਸ਼ਬਦ ਦਾ ਪ੍ਰਯੋਗ ਦੱਸਦੇ ਹਨ–

**तदित्यनभिसंधाय फलं यज्ञतपः क्रियाः ।**
**दानक्रियाश्चविविधाः क्रियन्ते मोक्षकाङ्क्षिभिः ।।२५ ।।**

'ਤਤ' ਅਰਥਾਤ ਉਹ (ਪਰਮਾਤਮਾ) ਹੀ ਸਰਬਥਾਈਂ ਹੈ, ਇਸ ਭਾਵਨਾ ਨਾਲ, ਫਲ ਨਾ ਚਾਹੁੰਦੇ ਹੋਏ, ਸ਼ਾਸਤ੍ਰ-ਨਿਰਧਾਰਿਤ ਯੱਗ-ਤੱਪ ਅਤੇ ਦਾਨ ਦੀਆਂ ਕ੍ਰਿਆਵਾਂ, ਪਰਮ ਕਲਿਆਨ ਦੀ ਇੱਛਾ ਵਾਲੇ ਪੁਰਸ਼ਾਂ ਰਾਹੀਂ ਕੀਤੀਆਂ ਜਾਂਦੀਆਂ ਹਨ । 'ਤਤ' ਸ਼ਬਦ ਪਰਮਾਤਮਾ ਦੇ ਪ੍ਰਤਿ ਸਮਰਪਣ ਦਾ ਸੂਚਕ ਹੈ । ਅਰਥਾਤ ਜੱਪ ਤਾਂ ਓਮ ਦਾ ਕਰੋ । ਅਤੇ ਉਸਦੇ ਉਤੇ ਨਿਰਭਰ ਹੋਕੇ ਯੱਗ, ਦਾਨ ਦੇ ਤੱਪ ਦੀਆਂ ਕ੍ਰਿਆਵਾਂ ਕਰੋ । ਹੁਣ ਉਹ ਸਤਿ ਦਾ ਪ੍ਰਯੋਗ ਦੱਸਦੇ ਹਨ–

**सद्भावे साधुभावे च सदित्येतप्रयुज्यते ।**
**प्रशस्ते कर्मणि तथा सच्छब्दः पार्थ युज्यते ।।२६ ।।**

ਯੋਗੇਸ਼ਵਰ ਦੱਸਦੇ ਹਨ ਕਿ ਸਤਿ ਕੀ ਹੈ । ਗੀਤਾ ਦੇ ਆਰੰਭ ਵਿਚ ਹੀ ਅਰਜੁਨ ਨੇ ਪ੍ਰਸ਼ਨ ਕੀਤਾ ਸੀ ਕਿ ਕੁਲਧਰਮ ਹੀ ਸ਼ਾਸ਼ਵਤ ਹੈ, ਸਤਿ ਹੈ, ਤਾਂ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ – ਅਰਜੁਨ! ਤੈਨੂੰ ਇਹ ਅਗਿਆਨ ਕਿਥੋਂ ਹੋ ਗਿਆ ? ਸਤਿ ਦਾ ਤਿੰਨਾਂ ਕਾਲਾਂ ਵਿਚ ਕਦੇ ਵੀ ਅਭਾਵ ਨਹੀਂ ਹੁੰਦਾ, ਉਸਨੂੰ ਮਿਟਾਇਆ ਨਹੀਂ ਜਾ ਸਕਦਾ, ਅਤੇ ਝੂਠ ਦੀ ਤਿੰਨਾਂ ਕਾਲਾਂ ਵਿਚ ਹੋਂਦ ਨਹੀਂ ਹੁੰਦੀ, ਉਸਨੂੰ ਰੋਕਕੇ ਰੱਖਿਆ ਨਹੀਂ ਜਾ ਸਕਦਾ । ਦਰਅਸਲ ਉਹ ਕੀ ਹੈ, ਜਿਸਦਾ ਤਿੰਨਾਂ ਕਾਲਾਂ ਵਿਚ ਅਭਾਵ ਨਹੀਂ ਹੁੰਦਾ ? ਤਾਂ ਦਸਿਆ – ਇਹ ਆਤਮਾ ਹੀ ਸਤਿ ਹੈ ਅਤੇ ਸਾਰੇ ਜੀਵ ਪ੍ਰਾਣੀਆਂ ਦੇ ਸਰੀਰ ਨਾਸ਼ਵਾਨ ਹਨ । ਆਤਮਾ ਸਨਾਤਨ ਹੈ, ਅਵਿਅਕਤ ਹੈ, ਸ਼ਾਸ਼ਵਤ ਤੇ ਅੰਮ੍ਰਿਤ-

ਸਵਰੂਪ ਹੈ । ਇਹੋ ਪਰਮ ਸਤਿ ਹੈ ।

ਇਥੇ ਕਹਿੰਦੇ ਹਨ, ਸੱਚੇ ਪਰਮਾਤਮਾ ਦਾ ਨਾਮ ਸਤਿ ਹੈ, '**सद्भावे**' – ਸੱਚ ਦੇ ਲਈ ਅਤੇ ਸਾਧੂ ਭਾਵ (ਸੱਚੇ ਭਾਵ) ਨਾਲ ਪ੍ਰਯੋਗ ਕੀਤਾ ਜਾਂਦਾ ਹੈ, ਅਤੇ ਹੇ ਪਾਰਥ ! ਜਦੋਂ ਕਰਮ ਹਰ ਤਰੀਕੇ ਨਾਲ, ਪੂਰਨਤਾ ਨਾਲ ਹੋਣ ਲੱਗਦਾ ਹੈ, ਤਾਂ ਉਸ ਲਈ ਸਤਿ ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ । ਸਤਿ ਦਾ ਮਤਲਬ ਇਹ ਨਹੀਂ ਕਿ ਉਹ ਚੀਜ਼ਾਂ ਸਾਡੀਆਂ ਹਨ । ਜਦ ਸਰੀਰ ਹੀ ਸਾਡਾ ਨਹੀਂ ਹੈ, ਤਾਂ ਇਸਦੇ ਕੰਮ ਆਉਣ ਵਾਲੀਆਂ ਚੀਜ਼ਾਂ ਸਾਡੀਆਂ ਕਿਵੇਂ ਹੋਣਗੀਆਂ ? ਸਤਿ ਇਹ ਨਹੀਂ ਹੈ । ਸਤਿ ਦਾ ਪ੍ਰਯੋਗ ਸਿਰਫ਼ ਇਕੋ ਗੱਲ ਲਈ ਕੀਤਾ ਜਾਂਦਾ ਹੈ, ਅਰਥਾਤ ਸਤਿਭਾਵ ਵਿਚ ਆਤਮਾ ਹੀ ਪਰਮ ਸਤਿ ਹੈ । ਇਸ ਸਤਿ ਲਈ ਭਾਵਨਾ ਹੋਵੇ, ਉਸਦੀ ਸਾਧਨਾ ਲਈ ਸਾਧੂਭਾਵ (ਸੱਚੀ ਭਾਵਨਾ) ਹੋਵੇ ਅਤੇ ਉਸਦੀ ਪ੍ਰਾਪਤੀ ਕਰਾਉਣ ਵਾਲਾ ਕਰਮ ਭਲੀ ਭਾਂਤ ਹੋਣ ਲੱਗੇ, ਤਾਂ ਉਸੇ ਲਈ ਸਤਿ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਸੇ ਦੇ ਬਾਰੇ ਯੋਗੇਸ਼ਵਰ ਪਹਿਲਾਂ ਤੋਂ ਹੀ ਦੱਸਦੇ ਹਨ –

**यज्ञे तपसि दाने च स्थितिः सदिति चोच्यते ।**
**कर्म चैव तदर्थीय सदित्येवाभिधीयते ।। २७ ।।**

ਯੱਗ, ਤੱਪ ਅਤੇ ਦਾਨ ਕਰਨ ਨਾਲ ਜੋ ਪ੍ਰਾਪਤੀ ਹੁੰਦੀ ਹੈ, ਉਹ ਵੀ ਸਤਿ ਹੈ – ਜਿਸ ਤਰ੍ਹਾਂ ਕਿਹਾ ਜਾਂਦਾ ਹੈ । '**तदर्थीयं**' – ਉਸ ਪਰਮਾਤਮਾ ਦੀ ਪ੍ਰਾਪਤੀ ਲਈ ਕੀਤਾ ਹੋਇਆ ਕਰਮ ਹੀ ਸਤਿ ਹੈ, ਯੋਗਦਾਨ–ਤੱਪ ਤਾਂ ਇਸ ਕਰਮ ਨੂੰ ਪੂਰਾ ਕਰਨ ਵਾਲੇ ਹਨ । ਅੰਤ ਵਿਚ ਉਹ ਫੈਸਲਾ ਦੇਂਦੇ ਹੋਏ ਕਹਿੰਦੇ ਹਨ ਕਿ ਇਹਨਾਂ ਸਾਰਿਆਂ ਲਈ ਸ਼ਰਧਾ ਜ਼ਰੂਰੀ ਹੈ ।

**अश्रद्धया हुतं दत्तं तपस्तप्तं कृतं च यत् ।**
**असदित्युच्युते पार्थ न च तत्प्रेत्य नो इह ।। २८ ।।**

ਹੇ ਪਾਰਥ ! ਬਿਨਾਂ ਸ਼ਰਧਾ ਦੇ ਕੀਤਾ ਹੋਇਆ ਹਵਨ, ਦਿਤਾ ਹੋਇਆ ਦਾਨ, ਤਪਿਆ ਹੋਇਆ ਤੱਪ ਅਤੇ ਜੋ ਕੁਝ ਵੀ ਕੀਤਾ ਹੋਇਆ ਕਰਮ ਹੈ, ਉਹ ਸਾਰਾ ਝੂਠ ਹੈ – ਜਿਸ ਤਰ੍ਹਾਂ ਕਿਹਾ ਜਾਂਦਾ ਹੈ । ਉਹ ਨਾ ਤਾਂ ਇਸ ਲੋਕ ਵਿਚ ਅਤੇ ਨਾ ਹੀ ਪਰਲੋਕ ਵਿਚ ਲਾਭ ਦੇਂਦਾ ਹੈ । ਇਸ ਲਈ ਸਮਰਪਣ ਦੇ ਨਾਲ ਸ਼ਰਧਾ ਬੜੀ ਜ਼ਰੂਰੀ ਹੈ ।

**ਸਾਰ**

ਅਧਿਆਇ ਦੇ ਆਰੰਭ ਵਿਚ ਹੀ ਅਰਜੁਨ ਨੇ ਪ੍ਰਸ਼ਨ ਕੀਤਾ ਕਿ, ਭਗਵਾਨ ! ਜੋ ਸ਼ਾਸਤ੍ਰ–ਵਿਧੀ ਨੂੰ ਛੱਡਕੇ ਅਤੇ ਸ਼ਰਧਾ ਦੇ ਨਾਲ ਭਰਕੇ ਯੱਗ ਕਰਦੇ ਹਨ (ਲੋਕੀਂ ਭੂਤ–ਭਵਾਨੀ ਤੇ ਹੋਰ–ਹੋਰ ਕਈ ਕੁਝ ਪੂਜਦੇ ਹੀ ਰਹਿੰਦੇ ਹਨ) ਤਾਂ ਉਹਨਾਂ ਦੀ ਸ਼ਰਧਾ ਕਿਹੋ ਜਿਹੀ ਹੈ ? ਸਾਤਵਿਕ ਹੈ, ਰਾਜਸ ਹੈ ਜਾਂ ਤਾਮਸ ਹੈ ? ਇਸਤੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਅਰਜੁਨ ਇਹ ਪੁਰਸ਼ ਸ਼ਰਧਾ ਦਾ ਸਵਰੂਪ (ਪੁਤਲਾ) ਹੈ, ਕਿਸੇ ਨਾ ਕਿਸੇ ਉਤੇ ਇਸਦੀ ਸ਼ਰਧਾ ਰਹਿੰਦੀ ਹੀ ਹੈ । ਪਰ ਜਿਸ ਤਰ੍ਹਾਂ ਦੀ ਸ਼ਰਧਾ, ਉਸੇ ਤਰ੍ਹਾਂ ਦਾ ਪੁਰਸ਼ ਹੁੰਦਾ ਹੈ । ਜਿਸ ਤਰ੍ਹਾਂ ਦੀ ਬਿਰਤੀ ਉਸੇ ਤਰ੍ਹਾਂ ਦਾ ਪੁਰਸ਼ । ਪੁਰਸ਼ ਵਿਚ ਇਹ ਸ਼ਰਧਾ ਤਿੰਨ ਤਰ੍ਹਾਂ ਦੀ ਹੁੰਦੀ ਹੈ, ਸਾਤਵਿਕ, ਰਾਜਸ ਅਤੇ ਤਾਮਸ । ਸਾਤਵਿਕ ਸ਼ਰਧਾ ਵਾਲੇ ਦੇਵਤਿਆਂ ਨੂੰ ਪੂਜਦੇ ਹਨ, ਰਾਜਸ ਸ਼ਰਧਾ ਵਾਲੇ ਯੱਛ (ਜੋ ਜੱਸ, ਸੂਰਬੀਰਤਾ ਦੇਵੇ), ਰਾਖਸ਼ਾਂ (ਜੋ ਹਿੰਸਾ–ਕਰਮੀ ਅਤੇ ਧਨਵਾਨ ਹੋਣ) ਦੇ ਪਿੱਛੇ ਲੱਗੇ ਰਹਿੰਦੇ ਹਨ ਅਤੇ ਤਾਮਸੀ ਸ਼ਰਧਾ ਵਾਲੇ ਭੂਤ–ਪ੍ਰੇਤਾਂ ਨੂੰ ਪੂਜਦੇ ਹਨ । ਸ਼ਾਸਤ੍ਰ–ਵਿਧੀ ਤੋਂ ਰਹਿਤ ਇਹਨਾਂ

ਪੂਜਾਵਾਂ ਨਾਲ ਇਹ ਤਿੰਨੋਂ ਤਰ੍ਹਾਂ ਦੇ ਸ਼ਰਧਾਲੂ ਸਰੀਰ ਵਿਚ ਸਥਿਤ ਭੂਤ-ਸਮੂਹ ਅਰਥਾਤ ਆਪਣੇ ਸੰਕਲਪਾਂ ਨੂੰ ਅਤੇ ਹਿਰਦੇ-ਦੇਸ਼ ਵਿਚ ਸਥਿਤ ਮੈਨੂੰ ਅੰਤਰਯਾਮੀ ਨੂੰ ਵੀ ਕਮਜ਼ੋਰ ਕਰਦੇ ਹਨ, ਪੂਜਾ ਨਹੀਂ ਕਰਦੇ । ਅਸਲ ਵਿਚ ਉਹਨਾਂ ਸਾਰਿਆਂ ਨੂੰ ਤੂੰ ਅਸੁਰ ਹੀ ਜਾਣ, ਅਰਥਾਤ ਭੂਤ-ਪ੍ਰੇਤ-ਯੱਛ-ਰਾਖਸ਼, ਦੇਵਤਿਆਂ ਨੂੰ ਪੂਜਣ ਵਾਲੇ ਅਸੁਰ ਹਨ ।

ਦੇਵਤਿਆਂ ਦਾ ਪ੍ਰਸੰਗ ਸ਼੍ਰੀਕਿਸ਼ਣ ਨੇ ਇਥੇ ਤੀਜੀ ਵਾਰ ਦੁਹਰਾਇਆ ਹੈ । ਪਹਿਲਾਂ ਅਧਿਆਇ ਸੱਤ ਵਿਚ ਉਹਨਾਂ ਨੇ ਕਿਹਾ ਸੀ ਕਿ - ਅਰਜੁਨ ! ਕਾਮਨਾਵਾਂ ਨੇ ਜਿਸਦਾ ਗਿਆਨ ਖੋਹ ਲਿਆ ਹੈ, ਉਹੀ ਮੂੜਬੁੱਧੀ ਹੋਰ ਦੇਵਤਿਆਂ ਨੂੰ ਪੂਜਿਆ ਕਰਦਾ ਹੈ । ਦੂਜੀ ਵਾਰੀ ਅਧਿਆਇ ਨੌਂ ਵਿਚ ਉਸੇ ਪ੍ਰਸ਼ਨ ਨੂੰ ਦੁਹਰਾਇਆ ਤੇ ਕਿਹਾ ਕਿ ਜੋ ਹੋਰ-ਹੋਰ ਦੇਵਤਿਆਂ ਦੀ ਪੂਜਾ ਕਰਦੇ ਹਨ, ਉਹ ਵੀ ਮੇਰੀ ਹੀ ਪੂਜਾ ਕਰਦੇ ਹਨ, ਪਰ ਉਹਨਾਂ ਦਾ ਉਹ ਪੂਜਣਾ ਅਵਿਧੀ ਪੂਰਬਕ ਹੈ, ਅਰਥਾਤ ਸ਼ਾਸਤ੍ਰ-ਨਿਰਧਾਰਿਤ ਵਿਧੀ ਤੋਂ ਵੱਖ ਹੈ । ਇਸ ਲਈ ਉਹ ਪੂਜਾ ਨਸ਼ਟ ਹੋ ਜਾਂਦੀ ਹੈ, ਫ਼ਿਜ਼ੂਲ ਹੈ । ਹੁਣ ਇਥੇ ਸਤਾਰ੍ਹਵੇਂ ਅਧਿਆਇ ਵਿਚ ਉਹਨਾਂ ਨੂੰ ਸ਼੍ਰੀ ਕ੍ਰਿਸ਼ਣ ਆਸੁਰੀ ਸੁਭਾਅ ਵਾਲਾ ਕਹਿੰਦੇ ਹੋਏ ਸਪਸ਼ਟ ਕਰਦੇ ਹਨ ਕਿ ਸਿਰਫ਼ ਇਕ ਪਰਮਾਤਮਾ ਦੀ ਪੂਜਾ ਦਾ ਵਿਧਾਨ ਹੈ ।

ਉਸਤੋਂ ਬਾਅਦ ਸ਼੍ਰੀ ਕ੍ਰਿਸ਼ਣ ਨੇ ਚਾਰ ਪ੍ਰਸ਼ਨ ਚੁੱਕੇ-ਆਹਾਰ, ਯੱਗ, ਤੱਪ ਅਤੇ ਦਾਨ । ਆਹਾਰ ਤਿੰਨ ਪ੍ਰਕਾਰ ਦੇ ਹੁੰਦੇ ਹਨ । ਸਾਤਵਿਕ ਪੁਰਸ਼ ਨੂੰ ਤਾਂ ਅਰੋਗਤਾ ਦੇਣ ਵਾਲੇ, ਸੁਭਾਵਕ ਚੰਗੇ ਲੱਗਣ ਵਾਲੇ, ਚਿਕਨੇ ਆਹਾਰ ਚੰਗੇ ਲੱਗਦੇ ਹਨ । ਰਾਜਸੀ ਪੁਰਸ਼ ਨੂੰ ਕੌੜੇ, ਤਿੱਖੇ, ਗਰਮ, ਚਟਪਟੇ, ਮਸਾਲੇਦਾਰ, ਰੋਗਵਰਧਕ ਭੋਜਨ ਪਸੰਦ ਹੁੰਦੇ ਹਨ । ਤਾਮਸੀ ਪੁਰਸ਼ ਨੂੰ ਜੂਠ, ਬਾਸੀ, ਅਪਵਿਤ੍ਰ ਖਾਣਾ ਚੰਗਾ ਲੱਗਦਾ ਹੈ ।

ਸ਼ਾਸਤ੍ਰ-ਵਿਧੀ ਰਾਹੀਂ ਦੱਸਿਆ ਗਿਆ ਯੱਗ (ਜੋ ਆਰਾਧਨਾ ਦੀਆਂ ਅੰਦਰੂਨੀ ਕ੍ਰਿਆਵਾਂ ਹਨ), ਜੋ ਮਨ ਦਾ ਵਿਰੋਧ ਕਰਦਾ ਹੈ, ਫਲ ਦੀ ਇੱਛਾ ਤੋਂ ਰਹਿਤ ਹੈ - ਇਸ ਤਰ੍ਹਾਂ ਦਾ ਯੱਗ ਸਾਤਵਿਕ ਹੈ । ਢੌਂਗ ਅਤੇ ਫਲ ਦੀ ਕਾਮਨਾ ਲਈ ਕੀਤਾ ਗਿਆ ਉਹੀ ਯੱਗ ਰਾਜਸੀ ਹੈ ਅਤੇ ਸ਼ਾਸਤ੍ਰ-ਵਿਧੀ ਰਹਿਤ, ਮੰਤ੍ਰ-ਦਾਨ ਅਤੇ ਬਗੈਰ ਸ਼ਰਧਾ ਨਾਲ ਕੀਤਾ ਯੱਗ ਤਾਮਸੀ ਹੈ ।

ਪਰਮਦੇਵ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਸਾਰੀਆਂ ਯੋਗਤਾਵਾਂ ਜਿਸ ਵਿਚ ਮੌਜੂਦ ਹਨ, ਉਸ ਗਿਆਨੀ ਸਤਿਗੁਰੂ ਦੀ ਪੂਜਾ ਸੇਵਾ ਅਤੇ ਅੰਤਰਮਨ ਵਿਚ ਅਹਿੰਸਾ, ਬ੍ਰਹਮਚਰਿਅ ਅਤੇ ਪਵਿਤਰਤਾ ਲਈ ਸਰੀਰ ਨੂੰ ਤਪਾਉਣਾ ਸਰੀਰ ਦਾ ਤੱਪ ਹੈ । ਸੱਚ, ਪਿਆਰ ਅਤੇ ਭਲੇ ਦੀ ਭਾਵਨਾ ਨਾਲ ਬੋਲਣਾ ਵਾਣੀ ਦਾ ਤੱਪ ਹੈ, ਅਤੇ ਮਨ ਨੂੰ ਕਰਮ ਵਿਚ ਲਗਾਕੇ ਰੱਖਣਾ, ਇਸ਼ਟ ਤੋਂ ਸਿਵਾਇ ਹੋਰਾਂ ਗੱਲਾਂ ਦੇ ਖ਼ਿਆਲ ਵਿਚ ਮਨ ਨੂੰ ਮੌਨ ਰੱਖਣਾ, ਮਨ ਦਾ ਤੱਪ ਹੈ । ਮਨ, ਵਾਣੀ ਅਤੇ ਸਰੀਰ, ਇਹਨਾਂ ਤਿੰਨਾਂ ਨੂੰ ਮਿਲਾਕੇ ਇਸ ਤਰ੍ਹਾਂ ਤਪਾਉਣ ਸਾਤਵਿਕ ਤੱਪ ਹੈ । ਇਸੇ ਤੱਪ ਨੂੰ ਕਾਮਨਾਵਾਂ ਦੇ ਨਾਲ ਕਰਨਾ ਰਾਜਸੀ ਤੱਪ ਹੈ ਅਤੇ ਤਾਮਸੀ ਤੱਪ ਸ਼ਾਸਤ੍ਰ-ਵਿਧੀ ਦੇ ਵਿਰੁੱਧ, ਇੱਛਾ ਅਨੁਸਾਰ ਤੱਪ ਹੈ।

ਕਰਤਵ ਮੰਨਕੇ, ਦੇਸ਼-ਕਾਲ ਅਤੇ ਦਾਨ ਦੇ ਯੋਗ ਵਿਅਕਤੀ ਨੂੰ ਸ਼ਰਧਾ ਨਾਲ ਦਿਤਾ ਗਿਆ ਦਾਨ ਸਾਤਵਿਕ ਹੈ । ਕਿਸੇ ਲਾਭ ਲਈ ਮਜਬੂਰੀ ਨਾਲ ਦਿਤਾ ਗਿਆ ਦਾਨ ਰਾਜਸੀ ਹੈ ਅਤੇ ਝਿੜਕੀਆਂ ਨਾਲ, ਅਯੋਗ ਬੰਦੇ ਨੂੰ ਦਿਤਾ ਦਾਨ ਤਾਮਸੀ ਹੈ ।

ਓਮ, ਤਤ ਅਤੇ ਸਤਿ ਦਾ ਸਵਰੂਪ ਦਸਦਿਆਂ ਯੋਗੇਸ਼ਵਰ ਨੇ ਕਿਹਾ ਕਿ ਇਹ ਨਾਮ

ਪਰਮਾਤਮਾ ਦਾ ਚੇਤਾ ਕਰਾਉਂਦੇਂ ਹਨ । ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਤੱਪ ਦਾਨ ਤੇ ਯੱਗ ਆਰੰਭ ਕਰਦਿਆਂ ਓਮ ਦਾ ਪ੍ਰਯੋਗ ਹੁੰਦਾ ਹੈ ਅਤੇ ਪੂਰਨਤਾ ਕਰਾਉਣ ਦੇ ਬਾਅਦ ਹੀ ਓਮ ਸੰਤੁਸ਼ਟ ਹੁੰਦਾ ਹੈ । ਤਤ ਦਾ ਮਤਲਬ ਹੈ - ਉਹ ਪਰਮਾਤਮਾ । ਉਸਦੇ ਪ੍ਰਤਿ ਸਮਰਪਿਤ ਹੋਕੇ ਹੀ ਉਹ ਕਰਮ ਹੁੰਦਾ ਹੈ ਅਤੇ ਜਦੋਂ ਕਰਮ ਸਿਲਸਿਲੇਵਾਰ ਭਲੀ ਭਾਂਤ ਹੋਣ ਲੱਗੇ ਤਾਂ ਉਸ ਲਈ ਸਤਿ ਦਾ ਪ੍ਰਯੋਗ ਹੁੰਦਾ ਹੈ । ਭਜਨ ਹੀ ਸਤਿ ਹੈ । ਸੱਚ ਦੇ ਪ੍ਰਤਿ ਭਾਵਨਾ ਅਤੇ ਸਾਧੂ ਭਾਵ (ਸੱਦ ਭਾਵ) ਲਈ ਹੀ ਸੱਚ ਦਾ ਪ੍ਰਯੋਗ ਹੁੰਦਾ ਹੈ । ਪਰਮਾਤਮਾ ਦੀ ਪ੍ਰਾਪਤੀ ਕਰਾ ਦੇਣ ਵਾਲਾ ਕਰਮ ਹੀ ਪੂਰੀ ਤਰ੍ਹਾਂ ਸੱਚ ਹੈ, ਪਰ ਇਹਨਾਂ ਸਾਰੇ ਤਪਾਂ ਦੇ ਨਾਲ ਸ਼ਰਧਾ ਬਹੁਤ ਜ਼ਰੂਰੀ ਹੈ । ਸ਼ਰਧਾ ਦੇ ਬਿਨਾਂ ਕੀਤਾ ਕਰਮ, ਦਿਤਾ ਹੋਇਆ ਦਾਨ,ਤਪਿਆ ਹੋਇਆ ਤੱਪ ਨਾ ਇਸ ਜਨਮ ਵਿਚ ਲਾਭ ਦੇਂਦਾ ਹੈ ਨਾ ਅਗਲੇ ਜਨਮਾਂ ਵਿਚ । ਸ਼ਰਧਾ ਪਹਿਲੀ ਗੱਲ ਹੈ ।

ਸਾਰੇ ਅਧਿਆਇ ਵਿਚ ਸ਼ਰਧਾ ਦੀ ਚਰਚਾ ਹੈ ਅਤੇ ਅੰਤ ਨੂੰ ਓਮ, ਤਤ ਅਤੇ ਸੱਚ ਦੀ ਵਿਸਤ੍ਰਿਤ ਵਿਆਖਿਆ ਹੈ, ਜੋ ਗੀਤਾ ਦੇ ਸ਼ਲੋਕਾਂ ਵਿਚ ਪਹਿਲੀ ਵਾਰ ਆਈ ਹੈ । ਇਸ ਲਈ -

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुन संवादे 'ॐ तत्सत् श्रद्धात्रयविभागयोगो' नाम सप्तदशोऽध्याय: ।। १७ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗ ਵਿਸ਼ਿਅਕ ਸ਼੍ਰੀ ਕਿਸ਼ਣ ਅਤੇ ਅਰਜੁਨ ਦੇ ਸੰਵਾਦ ਵਿਚ 'ਓਮ ਤਤਸਤਿ ਤਥਾ ਸ਼ਰਧਾ ਤ੍ਰਯ ਵਿਭਾਗ ਯੋਗ' ਨਾਮਕ ਸਤਾਰ੍ਹਵਾਂ ਅਧਿਆਇ ਪੂਰਾ ਹੁੰਦਾ ਹੈ ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीताया 'यथार्थ गीता' भाष्ये 'ॐ तत्सत् श्रद्धात्रय विभाग योगो' नाम सप्तदशोऽध्याय: ।। १७ ।।**

**।। ਹਰੀ ਓਮ ਤਤਸਤਿ ।।**

ਓਮ

ਸ਼੍ਰੀ ਪਰਮਾਤਮਾ ਨੂੰ ਨਮਹ

# ਆਰੰਭ ਅੱਠਾਰ੍ਹਵਾਂ ਅਧਿਆਇ

ਇਹ ਗੀਤਾ ਦਾ ਅੰਤਿਮ ਅਧਿਆਇ ਹੈ, ਜਿਸਦੇ ਪਹਿਲੇ ਵਾਲੇ ਅੱਧੇ ਹਿੱਸੇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਰਾਹੀਂ ਅਨੇਕ ਪ੍ਰਸ਼ਨਾਂ ਦਾ ਸਮਾਧਾਨ ਪੇਸ਼ ਕੀਤਾ ਗਿਆ ਹੈ ਅਤੇ ਬਾਅਦ ਵਾਲੇ ਅੱਧੇ ਹਿੱਸੇ ਵਿਚ ਗੀਤਾ ਦਾ ਸੰਖੇਪ ਹੈ ਕਿ ਗੀਤਾ ਦਾ ਲਾਭ ਕੀ ਹੈ । ਸਤਾਰ੍ਹਵੇਂ ਅਧਿਆਇ ਵਿਚ ਆਹਾਰ, ਤੱਪ, ਯੱਗ, ਦਾਨ ਅਤੇ ਸ਼ਰਧਾ ਦਾ ਵੱਖ-ਵੱਖ ਸਵਰੂਪ ਦੱਸਿਆ ਗਿਆ, ਉਸੇ ਸਿਲਸਿਲੇ ਵਿਚ ਤਿਆਗ ਦੇ ਪ੍ਰਕਾਰ ਦੱਸਣੇ ਅਜੇ ਬਾਕੀ ਹਨ, ਮਨੁੱਖ ਜੋ ਕੁਝ ਕਰਦਾ ਹੈ, ਉਸ ਵਿਚ ਕਾਰਨ ਕੌਣ ਹੈਡ? ਕਰਾਉਣ ਵਾਲਾ ਕੌਣ ਹੈ ? ਭਗਵਾਨ ਕਰਾਉਂਦਾ ਹੈ ਜਾਂ ਪ੍ਰਕ੍ਰਿਤੀ ? ਇਹ ਪ੍ਰਸ਼ਨ ਪਹਿਲਾਂ ਤੋਂ ਚੱਲ ਰਿਹਾ ਸੀ, ਜਿਸ ਉਤੇ ਇਸ ਅਧਿਆਇ ਵਿਚ ਫੇਰ ਤੋਂ ਪ੍ਰਕਾਸ਼ ਪਾਇਆ ਗਿਆ । ਇਸੇ ਤਰ੍ਹਾਂ ਵਰਣ-ਵਿਵਸਥਾ ਦੀ ਚਰਚਾ ਹੋ ਚੁਕੀ ਸੀ, ਹੁਣ ਸ੍ਰਿਸ਼ਟੀ ਵਿਚ ਉਸਦੇ ਸਵਰੂਪ ਨੂੰ ਇਸ ਅਧਿਆਇ ਵਿਚ ਫੇਰ ਤੋਂ ਦੱਸਿਆ ਗਿਆ ਹੈ । ਅੰਤ ਵਿਚ ਗੀਤਾ ਤੋਂ ਮਿਲਣ ਵਾਲੀਆਂ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਉਤੇ ਪ੍ਰਕਾਸ਼ ਪਾਇਆ ਗਿਆ ਹੈ ।

ਪਿਛਲੇ ਅਧਿਆਇ ਵਿਚ ਅਨੇਕ ਤਰ੍ਹਾਂ ਦਾ ਵੱਖ-ਵੱਖ ਵਰਣਨ ਸੁਣਕੇ ਅਰਜੁਨ ਨੇ ਆਪ ਇਕ ਪ੍ਰਸ਼ਨ ਰੱਖਿਆ ਕਿ ਤਿਆਗ ਅਤੇ ਸੰਨਿਆਸ ਨੂੰ ਵੀ ਇਸੇ ਤਰ੍ਹਾਂ ਵੱਖ-ਵੱਖ, ਪੂਰੀ ਤਰ੍ਹਾਂ ਸਪਸ਼ਟ ਕਰੋ-

**ਅਰਜੁਨ ਉਵਾਚ-**
**संन्यासस्य महाबाहो तत्त्वमिच्छामि वेदितुम्।**
**त्यागस्य च हृषीकेश पृथक्केशिनिषूदन।।१।।**

ਅਰਜੁਨ ਨੇ ਕਿਹਾ - ਹੇ ਮਹਾਬਾਹੋ ! ਹੇ ਹਿਰਦੇ ਦੇ ਮਾਲਿਕ ! ਹੇ ਕੇਸ਼ਿਨਿਸ਼ੂਦਨ ! ਮੈਂ ਸੰਨਿਆਸ ਅਤੇ ਤਿਆਗ ਦੇ ਯਥਾਰਥ ਸਵਰੂਪ ਨੂੰ ਵੱਖ-ਵੱਖ ਜਾਣਨਾ ਚਾਹੁੰਦਾ ਹਾਂ । ਪੂਰਣ ਤਿਆਗ ਸੰਨਿਆਸ ਹੈ, ਜਿਥੇ ਸੰਕਲਪ ਅਤੇ ਸੰਸਕਾਰ ਵੀ ਖਤਮ ਹੋ ਜਾਂਦੇ ਹਨ, ਇਸਤੋਂ ਪਹਿਲਾਂ ਸਾਧਨਾ ਪੂਰੀ ਕਰਨ ਲਈ ਜੋ ਸਭ ਕੁਝ ਛੱਡਦੇ ਹੋਏ ਅੱਗੇ ਵੱਧਣਾ ਪੈਂਦਾ ਹੈ, ਉਹ ਤਿਆਗ ਹੈ ।

ਇਥੇ ਜੋ ਅਰਜੁਨ ਦੇ ਦੋ ਪ੍ਰਸ਼ਨ ਹਨ ਕਿ ਸੰਨਿਆਸ ਦੇ ਤੱਤ ਨੂੰ ਜਾਣਨਾ ਚਾਹੁੰਦਾ ਹਾਂ, ਅਤੇ ਦੂਜਾ ਇਹ ਕਿ ਤਿਆਗ ਤੱਤ ਨੂੰ ਜਾਣਨਾ ਚਾਹੁੰਦਾ ਹਾਂ । ਇਸਤੇ ਸ਼੍ਰੀ ਕ੍ਰਿਸ਼ਣ ਨੇ ਕਿਹਾ –

**ਸ਼੍ਰੀ ਭਗਵਾਨ ਉਵਾਚ–**
**काम्यानां कर्मणां न्यासं संन्यासं कवयो विदुः ।**
**सर्वकर्मफलत्यागं प्राहुस्त्यागं विचक्षणाः ।।२ ।।**

ਅਰਜੁਨ ! ਕਿੰਨੇ ਹੀ ਪੰਡਿਤਜਨ ਕਾਮਿਅ ਕਰਮਾਂ (ਕਾਮਨਾ ਵਾਲੇ ਕਰਮਾਂ) ਦੇ ਤਿਆਗ ਨੂੰ ਸੰਨਿਆਸ ਕਹਿੰਦੇ ਹਨ ਅਤੇ ਕਿੰਨੇ ਹੀ ਵਿਚਾਰ–ਕੁਸ਼ਲ ਪੁਰਸ਼ ਸਾਰੇ ਕਰਮ–ਫਲਾਂ ਦੇ ਤਿਆਗ ਨੂੰ ਤਿਆਗ ਕਹਿੰਦੇ ਹਨ ।

**त्याज्यं दोषवदित्येके कर्म प्राहुर्मनीषिणः ।**
**यज्ञदानतपःकर्म न त्याज्यमिति चापरे ।।३ ।।**

ਕਈ ਵਿਦਵਾਨ ਇਸ ਤਰ੍ਹਾਂ ਕਹਿੰਦੇ ਹਨ ਕਿ ਸਾਰੇ ਕਰਮ ਦੋਸ਼ਮਈ ਹਨ, ਇਸ ਲਈ ਤਿਆਗ ਦੇਣ ਦੇ ਯੋਗ ਹਨ ਅਤੇ ਕਈ ਹੋਰ ਵਿਦਵਾਨ ਇਹ ਕਹਿੰਦੇ ਹਨ ਕਿ ਯੱਗ, ਦਾਨ ਤੇ ਤੱਪ ਤਿਆਗਣ ਯੋਗ ਨਹੀਂ ਹਨ । ਇਸ ਤਰ੍ਹਾਂ ਅਨੇਕ ਮਤ ਪੇਸ਼ ਕਰਦੇ ਹੋਏ ਯੋਗੇਸ਼ਵਰ ਆਪਣਾ ਵੀ ਨਿਸ਼ਚਿਤ ਮਤ ਦੇਂਦੇ ਹਨ –

**निश्चयं श्रृणु मे तत्र त्यागे भरतसत्तम ।**
**त्यागो हि पुरुषव्याघ्र त्रिविधः संप्रकीर्तितः ।।४ ।।**

ਹੇ ਅਰਜੁਨ ! ਉਸ ਤਿਆਗ ਦੇ ਬਾਰੇ ਤੂੰ ਮੇਰੇ ਨਿਰਣੇ ਨੂੰ ਸੁਣ । ਹੇ ਪੁਰਸ਼–ਸ਼੍ਰੇਸ਼ਠ ! ਉਹ ਤਿਆਗ ਤਿੰਨ ਪ੍ਰਕਾਰ ਦਾ ਕਿਹਾ ਗਿਆ ਹੈ ।

**यज्ञदानतपः कर्म न त्याज्यं कार्यमेव तत् ।**
**यज्ञो दानं तपश्चैव पावनानि मनीषिणाम् ।।५ ।।**

ਯੱਗ, ਦਾਨ ਤੇ ਤੱਪ, ਇਹ ਤਿੰਨ ਤਰ੍ਹਾਂ ਦੇ ਕਰਮ ਤਿਆਗਣ ਦੇ ਯੋਗ ਨਹੀਂ ਹਨ । ਇਹ ਤਾਂ ਕਰਨੇ ਹੀ ਚਾਹੀਦੇ ਹਨ, ਕਿਉਂਕਿ ਯੱਗ, ਦਾਨ ਤੇ ਤੱਪ ਤਿੰਨੋਂ ਹੀ ਮਨੁੱਖ ਨੂੰ ਪਵਿਤ੍ਰ ਕਰਨ ਵਾਲੇ ਹਨ ।

ਸ਼੍ਰੀ ਕ੍ਰਿਸ਼ਣ ਨੇ ਚਾਰ ਪ੍ਰਚਲਿਤ ਮਤਾਂ ਦਾ ਜ਼ਿਕਰ ਕੀਤਾ । ਪਹਿਲਾ ਕਾਮਿਅ ਕਰਮਾਂ (ਕਾਮਨਾ ਭਰੇ ਕਰਮਾਂ) ਦਾ ਤਿਆਗ, ਦੂਜਾ ਸਾਰੇ ਕਰਮ–ਫਲਾਂ ਦਾ ਤਿਆਗ, ਤੀਜਾ ਦੋਸ਼ਮਈ ਹੋਣ ਦੇ ਕਾਰਣ ਸਾਰੇ ਕਰਮਾਂ ਦਾ ਤਿਆਗ ਅਤੇ ਚੌਥਾ ਮਤ, ਯੱਗ, ਦਾਨ ਤੇ ਤੱਪ ਤਿਆਗਣ ਯੋਗ ਨਹੀਂ ਹਨ । ਉਹਨਾਂ ਵਿਚੋਂ ਇਕ ਮਤ ਦੇ ਬਾਰੇ ਆਪਣੀ ਸਹਿਮਤੀ ਦੱਸਦੇ ਹੋਏ ਸ਼੍ਰੀ ਕ੍ਰਿਸ਼ਣ ਨੇ ਕਿਹਾ, ਅਰਜੁਨ ! ਮੇਰਾ ਵੀ ਯਕੀਨਨ ਇਹੋ ਮਤ ਹੈ ਕਿ ਯੱਗ, ਦਾਨ ਤੇ ਤੱਪ ਰੂਪੀ ਕ੍ਰਿਆਵਾਂ ਤਿਆਗਣ ਯੋਗ ਨਹੀਂ ਹਨ । ਇਸਤੋਂ ਜ਼ਾਹਿਰ ਹੈ ਕਿ ਕ੍ਰਿਸ਼ਣਕਾਲ ਵਿਚ ਵੀ ਕਈ ਮਤ ਸਨ, ਅੱਜ ਵੀ ਹਨ । ਮਹਾਪੁਰਸ਼ ਜਦ ਦੁਨੀਆਂ ਵਿਚ ਆਉਂਦਾ ਹੈ, ਤਾਂ ਕਈ ਮਤ–ਮਤਾਂਤਰਾਂ ਵਿਚੋਂ ਕਲਿਆਨਕਾਰੀ ਮਤ ਨੂੰ ਚੁਣਕੇ ਸਾਮ੍ਹਣੇ ਰੱਖ ਦੇਂਦਾ ਹੈ । ਹਰ ਮਹਾਪੁਰਸ਼ ਨੇ ਇਹੋ ਕੀਤਾ ਹੈ, ਸ਼੍ਰੀ ਕ੍ਰਿਸ਼ਣ ਨੇ ਵੀ ਇਹੋ ਕੀਤਾ ਹੈ । ਉਹਨਾ ਨੇ ਕੋਈ ਨਵਾਂ ਮਾਰਗ ਨਹੀਂ ਦੱਸਿਆ, ਸਗੋਂ ਪ੍ਰਚਲਿਤ ਕਈ ਮਤਾਂ ਵਿਚੋਂ ਸੱਚੇ ਮੱਤ ਨੂੰ ਸਹਿਮਤੀ ਦੇਕੇ, ਉਸੇ ਨੂੰ ਸਪਸ਼ਟ ਕਰ ਦਿਤਾ ।

**एतान्यपि तु कर्माणि सङ्गं त्यक्त्वा फलानि च।**
**कर्तव्यानीति मे पार्थ निश्चितं मतमुत्तमम्।।६।।**

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਜ਼ੋਰ ਦੇਕੇ ਕਹਿੰਦੇ ਹਨ, ਪਾਰਥ ! ਯੱਗ, ਦਾਨ ਤੇ ਤੱਪ ਰੂਪੀ ਕਰਮ ਆਸਕਤੀ (ਲਗਾਅ) ਅਤੇ ਫਲ ਨੂੰ ਤਿਆਗਕੇ ਇਸ ਤਰ੍ਹਾਂ ਕਰਨੇ ਚਾਹੀਦੇ ਹਨ । ਇਹ ਮੇਰਾ ਨਿਸ਼ਚਿਤ ਕੀਤਾ ਹੋਇਆ ਉੱਤਮ ਮਤ ਹੈ । ਹੁਣ ਅਰਜੁਨ ਦੇ ਪ੍ਰਸ਼ਨ ਅਨੁਸਾਰ ਉਹ ਤਿਆਗ ਦਾ ਵਿਸ਼ਲੇਸ਼ਣ ਕਰਦੇ ਹਨ–

**नियतस्य तु संन्यास: कर्मणो नोपपद्यते।**
**मोहात्तस्य परित्यागस्तामस: परिकीर्तित:।।७।।**

ਹੇ ਅਰਜੁਨ ! ਨਿਰਧਾਰਤ ਕਰਮ (ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ ਨਿਰਧਾਰਤ ਕਰਮ ਇੱਕੋ ਹੈ, ਯੱਗ ਦੀ ਪ੍ਰਕ੍ਰਿਆ । ਇਸ ਨਿਯਤ ਸ਼ਬਦ ਨੂੰ ਅੱਠ–ਦਸ ਵਾਰੀ ਯੋਗੇਸ਼ਵਰ ਨੇ ਕਿਹਾ ਹੈ । ਇਸ ਉਤੇ ਬਾਰਬਾਰ ਜ਼ੋਰ ਦਿਤਾ ਹੈ ਕਿ ਕਿਧਰੇ ਭਟਕ ਕੇ ਕੋਈ ਦੂਜਾ ਕੰਮ ਨਾ ਕਰਨ ਲੱਗੋ), ਇਸ ਸ਼ਾਸਤ੍ਰ–ਵਿਧੀ ਵਾਲੇ ਨਿਯਤ ਕਰਮ ਦਾ ਤਿਆਗ ਕਰਨਾ ਉਚਿਤ ਨਹੀਂ । ਮੋਹ ਨਾਲ ਕਰਮ ਦਾ ਤਿਆਗ ਕਰਨਾ ਤਾਮਸ ਤਿਆਗ ਕਿਹਾ ਗਿਆ ਹੈ । ਸੰਸਾਰਕ ਵਿਸ਼ੇ–ਵਸਤੂਆਂ ਦੇ ਲਗਾਅ ਵਿਚ ਫਸਕੇ ਕਾਰਿਅਮ ਕਰਮ (ਨਿਯਤ ਕਰਮ) ਕਰਨਾ ਇਕ ਦੂਜੇ ਦੇ ਪੂਰਕ ਹਨ – ਇਸ ਤਰ੍ਹਾਂ ਮੰਨਕੇ ਕੀਤਾ ਤਿਆਗ ਤਾਮਸੀ ਤਿਆਗ ਹੈ । ਐਸਾ ਪੁਰਸ਼ **'अध: गच्छति'** – ਕੀਟ–ਪਤੰਗ ਦੀਆਂ ਅਧਮ ਯੋਨੀਆਂ ਵਿਚ ਜਾਂਦਾ ਹੈ, ਕਿਉਂਕਿ ਉਸਨੇ ਭਜਨ ਦੀਆਂ ਪ੍ਰਵਿਰਤੀਆਂ ਛੱਡ ਦਿਤੀਆਂ । ਹੁਣ ਰਾਜਸ ਤਿਆਗ ਦੇ ਬਾਰੇ ਵਿਚ ਕਹਿੰਦੇ ਹਨ –

**दु:खमित्येव यत्कर्म कायक्लेशभयात्त्यजेत्।**
**स कृत्वा राजसं त्यागं नैव त्यागफलं लभेत्।।८।।**

ਕਰਮ ਨੂੰ ਦੁੱਖਮਈ ਸਮਝਕੇ, ਸਰੀਰ ਨੂੰ ਤਕਲੀਫ਼ ਹੋਣ ਦੇ ਡਰ ਨਾਲ ਉਸਦਾ ਤਿਆਗ ਕਰਨ ਵਾਲਾ ਵਿਅਕਤੀ ਰਾਜਸ ਤਿਆਗ ਕਰਨ ਦੇ ਬਾਵਜੂਦ ਤਿਆਗ ਦੇ ਫਲ ਨੂੰ ਪ੍ਰਾਪਤ ਨਹੀਂ ਹੁੰਦਾ । ਜਿਸ ਤਿਆਗ ਨਾਲ ਭਜਨ ਪਾਰ ਨਾ ਲੱਗੇ ਅਤੇ **'कायक्लेशमयात्'** – ਇਸ ਡਰ ਨਾਲ ਕਰਮ ਨੂੰ ਛੱਡਿਆ ਜਾਵੇ ਕਿ ਸਰੀਰ ਨੂੰ ਕਸ਼ਟ ਹੋਏਗਾ, ਉਸ ਮਨੁੱਖ ਦਾ ਉਹ ਤਿਆਗ ਰਾਜਸੀ ਹੈ, ਉਸਨੂੰ ਤਿਆਗ ਦਾ ਫਲ ਪਰਮਸ਼ਾਂਤੀ ਪ੍ਰਾਪਤ ਨਹੀਂ ਹੁੰਦਾ । ਅਤੇ –

**कार्यमित्येव यत्कर्म नियतं क्रियतेऽर्जुन।**
**सङ्गं त्यक्त्वा फलं चैव स त्याग: सात्त्विको मत:।।९।।**

ਹੇ ਅਰਜੁਨ ! 'ਕਰਨਾ ਫਰਜ਼ ਹੈ' – ਇਸ ਤਰ੍ਹਾਂ ਮੰਨਕੇ ਜੋ **'नियतम्'** – ਸ਼ਾਸਤ੍ਰ–ਵਿਧੀ ਨਾਲ ਨਿਰਧਾਰਿਤ ਕਰਮ, ਸੰਗਦੋਸ਼ ਅਤੇ ਫਲ ਨੂੰ ਤਿਆਗਕੇ ਕੀਤਾ ਜਾਂਦਾ ਹੈ, ਉਹੀ ਸਾਤਵਿਕ ਤਿਆਗ ਹੈ । ਇਸ ਲਈ ਨਿਰਧਾਰਿਤ ਕਰਮ ਕਰੋ ਅਤੇ ਇਸਦੇ ਸਿਵਾਇ ਜੋ ਕੁਝ ਹੈ, ਉਸਦਾ ਤਿਆਗ ਕਰੋ । ਇਹ ਨਿਰਧਾਰਿਤ ਕਰਮ ਵੀ ਕੀ ਕਰਦੇ ਹੀ ਰਹਿਣਾ ਹੈ ਜਾਂ ਕਦੇ ਇਸਦਾ ਵੀ ਤਿਆਗ ਹੋਵੇਗਾ ? ਇਸਤੇ ਉਹ ਕਹਿੰਦੇ ਹਨ ਕਿ ਹੁਣ ਅੰਤਿਮ ਤਿਆਗ ਦਾ ਰੂਪ ਵੇਖੀਏ –

**न द्वेष्ट्यकुशलं कर्म कुशले नानुषज्जते।**
**त्यागी सत्त्वसमाविष्टो मेधावी छिन्नसंशय:।।१०।।**

ਹੇ ਅਰਜੁਨ ! ਜੋ ਪੁਰਸ਼ '**अकुशलं कर्म**' – ਅਕਲਿਆਨਕਾਰੀ ਕਰਮ ਨਾਲ (ਸ਼ਾਸਤ੍ਰ-ਵਧੀ ਨਾਲ ਨਿਰਧਾਰਤ ਕਰਮ ਹੀ ਕਲਿਆਨਕਾਰੀ ਹੈ, ਇਸਦੇ ਵਿਰੁੱਧ ਜੋ ਕੁਝ ਵੀ ਹੈ, ਇਸੇ ਲੋਕ ਦਾ ਬੰਧਨ ਹੈ, ਇਸ ਲਈ ਅਕਲਿਆਨਕਾਰੀ ਹੈ, ਇਸ ਤਰ੍ਹਾਂ ਦੇ ਕਰਮਾਂ ਨਾਲ) ਮੋਹ ਨਹੀਂ ਰੱਖਦਾ, ਅਕਲਿਆਨਕਾਰੀ ਕਰਮਾਂ ਵਿਚ ਸਨੇਹ ਨਹੀਂ ਹੁੰਦਾ, ਜੋ ਕਰਨਾ ਸੀ ਉਹ ਵੀ ਬਾਕੀ ਨਹੀਂ-ਇਸ ਤਰ੍ਹਾਂ ਮੰਨਣ ਵਾਲਾ ਸੱਚ ਨਾਲ ਇਕ ਹੋਇਆ ਉਹ ਪੁਰਸ਼ ਸ਼ੰਕਾ-ਰਹਿਤ, ਗਿਆਨਵਾਨ ਅਤੇ ਤਿਆਗੀ ਹੈ, ਉਸਨੇ ਸਭ ਕੁਝ ਤਿਆਗਿਆ ਹੈ, ਪਰ ਪ੍ਰਾਪਤੀ ਦੇ ਨਾਲ ਇਹ ਪੂਰਣ ਤਿਆਗ ਹੀ ਸੰਨਿਆਸ ਹੈ । ਹੋ ਸਕਦਾ ਹੈ ਕੋਈ ਹੋਰ ਆਸਾਨ ਤਰੀਕਾ ਹੋਵੇ ? ਇਸਤੇ ਯੋਗੇਸ਼ਵਰ ਕਹਿੰਦੇ ਹਨ, ਨਹੀਂ । ਵੇਖੀਏ –

**न हि देहभृता शक्यं त्यक्तुं कर्माण्यशेषत: ।**
**यस्तु कर्मफलत्यागी स त्यागीत्यभिधीयते ।।११ ।।**

ਦੇਹਧਾਰੀ ਪੁਰਸ਼ਾਂ ਦੇ ਰਾਹੀਂ (ਸਿਰਫ਼ ਸਰੀਰ ਹੀ ਨਹੀਂ, ਜੋ ਤੁਹਾਨੂੰ ਦਿਸਦਾ ਹੈ । ਸ਼੍ਰੀ ਕ੍ਰਿਸਣ ਦੇ ਅਨੁਸਾਰ ਪ੍ਰਕ੍ਰਿਤੀ ਤੋਂ ਪੈਦਾ ਸੱਚ, ਰਜ, ਤਮ, ਤਿੰਨੇਂ ਹੀ ਗੁਣ ਇਸ ਜੀਵਾਤਮਾ ਨੂੰ ਸਰੀਰ ਨਾਲ ਬੰਨ੍ਹਦੇ ਹਨ । ਜਦ ਤਕ ਗੁਣ ਜ਼ਿੰਦਾ ਹਨ, ਤਦ ਤਕ ਉਹ ਜੀਵਧਾਰੀ ਹੈ । ਕਿਸੇ ਨਾ ਕਿਸੇ ਰੂਪ ਵਿਚ ਸਰੀਰ ਬਦਲਦਾ ਰਹੇਗਾ । ਦੇਹ ਦੇ ਕਾਰਣ ਜਦ ਤਕ ਜ਼ਿੰਦਾ ਹੈ ਤਦ ਤਕ) ਸਾਰੇ ਕਰਮਾਂ ਨੂੰ ਪੂਰੀ ਤਰ੍ਹਾਂ ਤਿਆਗਣਾ ਮੁਮਕਿਨ ਨਹੀਂ ਹੈ, ਇਸ ਲਈ ਜੋ ਪੁਰਸ਼ ਕਰਮ ਦੇ ਫਲ ਦਾ ਤਿਆਗੀ ਹੈ, ਉਹੀ ਤਿਆਗੀ ਹੈ । ਇਸ ਲਈ ਜਦ ਤਕ ਸਰੀਰ ਦੇ ਕਾਰਣ ਜਿਉਂਦੇ ਹੋ, ਤਦ ਤਕ ਨਿਰਧਾਰਤ ਕਰਮ ਕਰੋ ਅਤੇ ਉਸਦੇ ਫਲ ਦਾ ਤਿਆਗ ਕਰੋ । ਬਦਲੇ ਵਿਚ ਕਿਸੇ ਫਲ ਦੀ ਕਾਮਨਾ ਨਾ ਕਰੋ । ਵੈਸੇ ਸਕਾਮੀ ਪੁਰਸ਼ਾਂ ਦੇ ਕਰਮ ਦਾ ਵੀ ਫਲ ਮਿਲਦਾ ਹੈ –

**अनिष्टमिष्टं मिश्रं च त्रिविधं कर्मण: फलम् ।**
**भवत्यत्यागिनां प्रेत्य न तु संन्यासिनां क्वचित् ।।१२ ।।**

ਸਕਾਮੀ ਪੁਰਸ਼ਾਂ ਦੇ ਕਰਮਾਂ ਦਾ ਚੰਗਾ, ਬੁਰਾ ਅਤੇ ਮਿਲਿਆ-ਜੁਲਿਆ, ਇਸ ਤਰ੍ਹਾਂ ਦਾ ਤਿੰਨ ਪ੍ਰਕਾਰ ਦਾ ਫਲ ਮਰਨ ਦੇ ਬਾਅਦ ਵੀ ਹੁੰਦਾ ਹੈ, ਜਨਮ-ਜਨਮਾਂਤਰਾਂ ਤਕ ਮਿਲਦਾ ਹੈ; ਪਰ '**संन्यासिनाम्**' – ਸਭ ਕੁਝ ਤਿਆਗ ਕਰਨ ਵਾਲੇ ਪੂਰੇ ਤਿਆਗੀ ਪੁਰਸ਼ਾਂ ਦੇ ਕਰਮਾਂ ਦਾ ਫਲ ਕਿਸੇ ਵੀ ਕਾਲ ਵਿਚ ਨਹੀਂ ਹੁੰਦਾ । ਇਹੋ ਸ਼ੁੱਧ ਸੰਨਿਆਸ ਹੈ । ਸੰਨਿਆਸ ਸਰਤੋਂ ਉੱਚੀ ਅਵਸਥਾ ਹੈ । ਭਲੇ-ਬੁਰੇ ਕਰਮਾਂ ਦਾ ਫਲ ਅਤੇ ਪੂਰਣ ਸੰਨਿਆਸਕਾਲ ਵਿਚ ਉਹਨਾਂ ਦੇ ਅੰਤ ਦਾ ਪ੍ਰਸ਼ਨ ਪੂਰਾ ਹੋਇਆ । ਹੁਣ ਵੇਖੀਏ ਕਿ ਪੁਰਸ਼ ਰਾਹੀਂ ਸ਼ੁਭ ਜਾਂ ਅਸ਼ੁਭ ਕਰਮ ਕੀਤੇ ਜਾਣ ਵਿਚ ਕਾਰਣ ਕੀ ਹੈ ? –

**पञ्चैतानि महाबाहो कारणानि निबोध मे ।**
**सांख्ये कृतान्ते प्रोक्तानि सिद्धये सर्वकर्मणाम् ।।१३ ।।**

ਹੇ ਮਹਾਬਾਹੂ ! ਸਾਰੇ ਕਰਮਾਂ ਦੀ ਸਿੱਧੀ ਲਈ ਪੰਜ ਕਾਰਣ ਸਾਂਖਿਅ-ਸਿਧਾਂਤ ਵਿਚ ਕਹੇ ਗਏ ਹਨ, ਉਹਨਾਂ ਨੂੰ ਤੂੰ ਮੇਰੇ ਕੋਲੋਂ ਭਲੀ ਭਾਂਤ ਜਾਣ –

**अधिष्ठानं तथा कर्ता करणं च पृथग्विधम् ।**
**विविधाश्च पृथक्चेष्टा दैवं चैवात्र पञ्चमम् ।।१४ ।।**

ਇਸ ਮਾਮਲੇ ਵਿਚ ਕਰਤਾ (ਇਹ ਮਨ), ਵੱਖ-ਵੱਖ ਕਰਣ (ਜਿਨ੍ਹਾਂ ਰਾਹੀਂ ਕੀਤਾ ਜਾਂਦਾ ਹੈ, ਜੇ ਸ਼ੁਭ ਪਾਰ ਲੱਗਦਾ ਹੈ ਤਾਂ ਵਿਵੇਕ, ਵੈਰਾਗ, ਸਮ, ਦਮ, ਤਿਆਗ, ਨਿਰੰਤਰ ਚਿੰਤਨ ਦੀਆਂ ਪ੍ਰਵਿਰਤੀਆਂ ਕਰਣ ਹੋਣਗੀਆਂ । ਤੇ ਜੇ ਅਸ਼ੁਭ ਪਾਰ ਲੱਗਦਾ ਹੈ ਤਾਂ ਕਾਮ, ਕ੍ਰੋਧ, ਰਾਗ-ਦ੍ਵੇਸ਼, ਲਿਪਸਾ (ਲਾਲਚ) ਆਦਿ ਕਰਣ ਹੋਣਗੇ, ਇਹ ਅਸ਼ੁਭ ਦੇ ਪ੍ਰੇਰਕ ਹੋਣਗੇ ।) ਭਾਂਤ-ਭਾਂਤ ਦੀਆਂ ਅਜੀਬ-ਅਜੀਬ ਹਰਕਤਾਂ (ਅਨੰਤ ਇੱਛਾਵਾਂ), ਆਧਾਰ (ਅਰਥਾਤ ਸਾਧਨ, ਜਿਸ ਇੱਛਾ ਲਈ ਸਾਧਨ ਮਿਲ ਗਿਆ, ਉਹ ਇੱਛਾ ਪੂਰੀ ਹੋਣ ਲਗਦੀ ਹੈ) ਅਤੇ ਪੰਜਵਾਂ ਕਾਰਣ ਹੈ, ਦੈਵ ਜਾਂ ਸੰਸਕਾਰ ਜੋ ਇਸਦੀ ਪੁਸ਼ਟੀ ਕਰਦੇ ਹਨ -

**शरीरवाङ्मनोभिर्यत्कर्म प्रारभते नर: ।**
**न्याय्यं वा विपरीतं वा पञ्चैते तस्य हेतव: ।।१५।।**

ਮਨੁੱਖ ਮਨ, ਵਾਣੀ ਜਾਂ ਸਰੀਰ ਨਾਲ, ਸ਼ਾਸਤ੍ਰ ਅਨੁਸਾਰ ਜਾਂ ਵਿਰੁੱਧ, ਜੋ ਵੀ ਕਰਮ ਸ਼ੁਰੂ ਕਰਦਾ ਹੈ, ਉਹਨਾਂ ਦੇ ਇਹੋ ਪੰਜ ਕਾਰਣ ਹਨ । ਪਰ ਇਸ ਤਰ੍ਹਾਂ ਹੋਣ ਦੇ ਬਾਵਜੂਦ ਵੀ -

**तत्रैवं सति कर्तारमात्मानं केवलं तु य: ।**
**पश्यत्यकृतबुद्धित्वान्न स पश्यति दुर्मति: ।।१६।।**

ਜੋ ਪੁਰਸ਼ ਅਸ਼ੁੱਧ ਬੁੱਧੀ ਦੇ ਕਾਰਨ ਕੇਵਲਤਾ ਸਵਰੂਪ ਆਤਮਾ ਨੂੰ ਕਰਮ ਦਾ ਕਰਤਾ ਵੇਖਦਾ ਹੈ, ਉਹ ਦੁਰਬੁੱਧੀ ਮਨੁੱਖ ਯਥਾਰਥ ਨਹੀਂ ਵੇਖਦਾ, ਅਰਥਾਤ ਕਰਨ ਵਾਲਾ ਭਗਵਾਨ ਨਹੀਂ ।

ਇਸ ਪ੍ਰਸ਼ਨ ਉਤੇ ਯੋਗੇਸ਼ਵਰ ਨੇ ਦੂਜੀ ਵਾਰ ਜ਼ੋਰ ਦਿਤਾ ਹੈ । ਅਧਿਆਇ ਪੰਜ ਵਿਚ ਉਹਨਾਂ ਨੇ ਦਸਿਆ ਸੀ ਕਿ ਉਹ ਪ੍ਰਭੂ ਨਾ ਕਰਦਾ ਹੈ, ਨਾ ਕਰਾਉਂਦਾ ਹੈ ਅਤੇ ਨਾ ਹੀ ਕ੍ਰਿਆਵਾਂ ਦੇ ਤਾਲ ਮੇਲ ਜੋੜਦਾ ਹੈ । ਤਾਂ ਲੋਕੀ ਇਹ ਕਹਿੰਦੇ ਕਿਉਂ ਹਨ ? ਕਿਉਂਕਿ ਮੋਹ ਨਾਲ ਲੋਕਾਂ ਦੀ ਬੁੱਧੀ ਢੱਕੀ ਹੋਈ ਹੈ, ਇਸ ਲਈ ਉਹ ਕੁਝ ਵੀ ਕਹਿ ਸਕਦੇ ਹਨ । ਇਥੇ ਵੀ ਯੋਗੇਸ਼ਵਰ ਉਹੀ ਗੱਲ ਕਹਿੰਦੇ ਹਨ ਕਿ ਕਰਮ ਹੋਣ ਦੇ ਪੰਜ ਕਾਰਣ ਹਨ । ਉਸਦੇ ਬਾਵਜੂਦ ਵੀ ਜੋ ਕੇਵਲਤਾ ਸਵਰੂਪ ਪਰਮਾਤਮਾ ਨੂੰ ਕਰਤਾ ਵੇਖਦਾ ਹੈ, ਉਹ ਮੂੜਬੁੱਧੀ (ਦੁਰਬੁਧੀ) ਮਨੁੱਖ ਯਥਾਰਥ ਨਹੀਂ ਵੇਖਦਾ, ਅਰਥਾਤ ਭਗਵਾਨ ਨਹੀਂ ਕਰਦੇ, ਜਦ ਕਿ ਅਰਜੁਨ ਲਈ ਉਹ ਸਾਮ੍ਹਣੇ ਖੜੇ ਹੋ ਜਾਂਦੇ ਹਨ ਤੇ ਕਹਿੰਦੇ ਹਨ-'**निमित्तमात्रं भव**' ਕਰਤਾ -ਧਰਤਾ ਤਾਂ ਮੈਂ ਹਾਂ, ਤੂੰ ਨਿਮਿੱਤ (ਮਾਧਿਅਮ ਜਾਂ ਜ਼ਰੀਆ) ਬਣਕੇ ਬਸ ਖੜ੍ਹਾ ਹੋ ਜਾ । ਆਖ਼ਰ ਉਹ ਮਹਾਪੁਰਸ਼ ਕਹਿਣਾ ਕੀ ਚਾਹੁੰਦੇ ਹਨ ?

ਦਰਅਸਲ ਭਗਵਾਨ ਅਤੇ ਪ੍ਰਕ੍ਰਿਤੀ ਦੇ ਦਰਮਿਆਨ ਇਕ ਆਕਰਸ਼ਣ ਰੇਖਾ ਹੈ । ਜਦ ਤਕ ਸਾਧਕ ਪ੍ਰਕ੍ਰਿਤੀ ਦੀ ਸੀਮਾ ਵਿਚ ਹੈ, ਤਦ ਤਕ ਭਗਵਾਨ ਨਹੀਂ ਕਰਦੇ, ਬਹੁਤ ਨਜ਼ਦੀਕ ਰਹਿਕੇ ਵੀ ਦ੍ਰਿਸ਼ਟਾ ਬਣਕੇ ਹੀ ਰਹਿੰਦੇ ਹਨ । ਅਨਿੰਨ ਭਾਵ ਨਾਲ ਇਸ਼ਟ ਨੂੰ ਪਕੜਨ ਦੇ ਬਾਅਦ ਉਹ ਹਿਰਦੇ ਦੇਸ਼ ਵਿਚ ਮਾਰਗਦਰਸ਼ਕ ਬਣ ਜਾਂਦੇ ਹਨ ਅਤੇ ਸਾਧਕ ਪ੍ਰਕ੍ਰਿਤੀ ਦੀ ਆਕਰਸ਼ਣ ਸੀਮਾ ਤੋਂ ਨਿਕਲਕੇ ਭਗਵਾਨ ਦੇ ਖੇਤਰ ਵਿਚ ਪਹੁੰਚ ਜਾਂਦਾ ਹੈ । ਐਸੇ ਅਨੁਰਾਗੀ ਦੇ ਲਈ ਉਹ ਆਪ ਸਦਾ ਸਾਮ੍ਹਣੇ ਖੜੇ ਰਹਿੰਦੇ ਹਨ । ਸਿਰਫ਼ ਐਸੇ ਅਨੁਰਾਗੀ ਲਈ ਹੀ ਭਗਵਾਨ ਕਰਦੇ ਹਨ । ਇਸ ਲਈ ਚਿੰਤਨ ਕਰੋ । ਪ੍ਰਸ਼ਨ ਪੂਰਾ ਹੋਇਆ । ਅੱਗੇ ਵੇਖੀਏ -

**यस्य नाहंकृतो भावो बुद्धिर्यस्य न लिप्यते ।**
**हत्वापि स इमाँल्लोकान्न हन्ति न निबध्यते ।।१७।।**

ਜਿਸ ਪੁਰਸ਼ ਦੇ ਅੰਤਰਮਨ ਵਿਚ 'ਮੈਂ ਕਰਤਾ ਹਾਂ'-ਇਸ ਤਰ੍ਹਾਂ ਦਾ ਭਾਵ ਨਹੀਂ ਹੈ ਅਤੇ ਜਿਸਦੀ ਬੁੱਧੀ ਲਿਪਤ ਨਹੀਂ ਹੁੰਦੀ ਅਰਥਾਤ ਨਿਰਲੇਪ ਰਹਿੰਦੀ ਹੈ, ਉਹ ਪੁਰਸ਼ ਇਹਨਾਂ ਸਾਰਿਆਂ ਲੋਕਾਂ ਨੂੰ ਮਾਰਕੇ ਵੀ ਅਸਲ ਵਿਚ ਨਾ ਤਾਂ ਮਾਰਦਾ ਹੈ ਅਤੇ ਨਾ ਉਹਨਾਂ ਵਿਚ ਰੁੱਝਦਾ ਹੈ । ਲੋਕ ਦਾ ਸੰਘਾਰ ਅਰਥਾਤ ਸੰਸਕਾਰਾਂ ਦਾ ਮਿਟਣਾ ਹੀ ਲੋਕ-ਸੰਘਾਰ ਹੈ । ਹੁਣ ਉਸ ਨਿਯਤ ਕਰਮ ਦੀ ਪ੍ਰੇਰਣਾ ਕਿਵੇਂ ਹੁੰਦੀ ਹੈ ? ਇਸਨੂੰ ਵੇਖੀਏ -

**ज्ञानं ज्ञेयं परिज्ञाता त्रिविधा कर्मचोदना।**
**करणं कर्म कर्तेति त्रिविधः कर्मसंग्रहः ।।१८।।**

ਅਰਜੁਨ ! ਪਰੀਗਿਆਤਾ ਅਰਥਾਤ ਪੂਰਣ ਗਿਆਤਾ ਮਹਾਪੁਰਸ਼ਾਂ ਪਾਸੋਂ, '**ज्ञानं**' - ਉਸਨੂੰ ਜਾਣਨ ਦੀ ਵਿਧੀ ਨਾਲ ਅਤੇ '**ज्ञेय**' - ਜਾਣਨ ਯੋਗ ਵਸਤੂ (ਸ਼੍ਰੀ ਕ੍ਰਿਸ਼ਣ ਨੇ ਪਹਿਲਾਂ ਕਿਹਾ ਹੈ ਕਿ-ਮੈਂ ਹੀ ਜਾਣਨ ਯੋਗ ਪਦਾਰਥ ਹਾਂ) ਨਾਲ ਕਰਮ ਕਰਨ ਦੀ ਪ੍ਰੇਰਣਾ ਮਿਲਦੀ ਹੈ ਅਤੇ ਕਰਤਾ (ਮਨ ਦੀ ਲਗਨ), ਕਰਣ (ਵਿਵੇਕ, ਵੈਰਾਗ, ਸ਼ਮ, ਦਮ ਆਦਿ) ਅਤੇ ਕਰਮ ਦੀ ਜਾਣਕਾਰੀ ਨਾਲ ਕਰਮ ਦਾ ਸੰਗ੍ਰਹਿ ਹੁੰਦਾ ਹੈ, ਕਰਮ ਇਕੱਠਾ ਹੋਣ ਲੱਗਦਾ ਹੈ । ਪਿੱਛੇ ਕਿਹਾ ਗਿਆ ਹੈ ਕਿ ਪ੍ਰਾਪਤੀ ਦੇ ਬਾਅਦ ਉਸ ਪੁਰਸ਼ ਦਾ ਕਰਮ ਕੀਤੇ ਜਾਣ ਨਾਲ ਕੋਈ ਮਤਲਬ ਨਹੀਂ ਰਹਿੰਦਾ, ਅਤੇ ਨਾ ਹੀ ਛੱਡਣ ਨਾਲ ਹਾਨੀ ਹੁੰਦੀ ਹੈ । ਫੇਰ ਵੀ ਲੋਕ-ਸੰਗ੍ਰਹਿ ਦੇ ਲਈ ਉਹ ਕਰਮ ਵਿਚ ਚਲਦਾ ਹੈ । ਕਰਤਾ, ਕਰਮ ਤੇ ਕਰਣ ਦੁਆਰਾ ਇਹਨਾਂ ਦਾ ਸੰਗ੍ਰਹਿ ਹੁੰਦਾ ਹੈ । ਗਿਆਨ, ਕਰਮ ਤੇ ਕਰਤਾ ਦੇ ਵੀ ਤਿੰਨ-ਤਿੰਨ ਭੇਦ ਹਨ -

**ज्ञानं कर्म च कर्ता च त्रिधैव गुणभेदतः।**
**प्रोच्यते गुणसंख्याने यथाच्छृणु तान्यपि ।।१९।।**

ਗਿਆਨ, ਕਰਮ ਤੇ ਕਰਤਾ ਵੀ ਗੁਣਾਂ ਦੇ ਭੇਦ ਅਨੁਸਾਰ ਸਾਂਖਿਅ ਸ਼ਾਸਤ੍ਰ ਵਿਚ ਤਿੰਨ-ਤਿੰਨ ਪ੍ਰਕਾਰ ਦੇ ਦੱਸੇ ਗਏ ਹਨ, ਉਹਨਾਂ ਨੂੰ ਵੀ ਤੂੰ ਉਸੇ ਤਰ੍ਹਾਂ ਸੁਣ । ਪਹਿਲਾਂ ਗਿਆਨ ਦਾ ਭੇਦ -

**सर्वभूतेषु येनैकं भावमव्ययमीक्षते।**
**अविभक्तं विभक्तेषु तज्ज्ञानं विद्धि सात्त्विकम् ।।२०।।**

ਅਰਜੁਨ ! ਜਿਸ ਗਿਆਨ ਨਾਲ ਮਨੁੱਖ ਵੱਖ-ਵੱਖ ਸਾਰੇ ਪ੍ਰਾਣੀਆਂ ਵਿਚ ਇਕ ਅਵਿਨਾਸ਼ੀ ਪਰਮਾਤਮਾ ਭਾਵ ਨੂੰ ਅਖੰਡ, ਇਕਰਸ ਵੇਖਦਾ ਹੈ, ਉਸ ਗਿਆਨ ਨੂੰ ਤੂੰ ਸਾਤਵਿਕ ਜਾਣ । ਗਿਆਨ ਪ੍ਰਤੱਖ ਅਨੁਭਵ ਹੈ, ਜਿਸਦੇ ਨਾਲ ਹੀ ਗੁਣਾਂ ਦਾ ਅੰਤ ਹੋ ਜਾਣਾ ਹੈ । ਇਹ ਗਿਆਨ ਦੀ ਪਰੀਪੱਕ ਅਵਸਥਾ ਹੈ । ਹੁਣ ਰਾਜਸ ਗਿਆਨ ਵੇਖੀਏ -

**पृथक्त्वेन तु यज्ज्ञानं नानाभावान्पृथग्विधान्।**
**वेत्ति सर्वेषु भूतेषु तज्ज्ञानं विद्धि राजसम् ।।२१।।**

ਜੋ ਗਿਆਨ ਸਾਰੇ ਪ੍ਰਾਣੀਆਂ ਵਿਚ ਵੱਖ-ਵੱਖ ਤਰ੍ਹਾਂ ਦੇ ਅਨੇਕ ਭਾਵਾਂ ਨੂੰ ਵੱਖ-ਵੱਖ ਕਰਕੇ ਜਾਣਦਾ ਹੈ, ਕਿ ਇਹ ਚੰਗਾ ਹੈ, ਇਹ ਬੁਰਾ ਹੈ-ਉਸ ਗਿਆਨ ਨੂੰ ਤੂੰ ਰਾਜਸ ਜਾਣ । ਜੇ ਐਸੀ ਸਥਿਤੀ ਹੈ ਤਾਂ ਤੁਹਾਡਾ ਗਿਆਨ ਰਾਜਸੀ ਪੱਧਰ ਦਾ ਹੈ । ਹੁਣ ਵੇਖੀਏ ਤਾਮਸ ਗਿਆਨ -

**यत्तु कृत्स्नवदेकस्मिन्कार्ये सक्तमहैतुकम्।**
**अतत्त्वार्थवदल्पं च तत्तामसमुदाहृतम् ।।२२।।**

ਜੋ ਗਿਆਨ ਸਿਰਫ਼ ਸਰੀਰ ਦੇ ਅੰਦਰ ਹੀ ਪੂਰੀ ਤਰ੍ਹਾਂ ਲਗਾਅ ਨਾਲ ਲੱਗਿਆ ਹੋਇਆ, ਯੁਕਤੀ ਰਹਿਤ ਅਰਥਾਤ ਜਿਸਦੇ ਪਿੱਛੇ ਕੋਈ ਕਰਮ ਨਹੀਂ ਹੈ, ਤੱਤ ਦੇ ਅਰਥ ਸਵਰੂਪ ਪਰਮਾਤਮਾ ਦੀ ਜਾਣਕਾਰੀ ਤੋਂ ਅਲੱਗ ਕਰਨ ਵਾਲਾ ਅਤੇ ਤੁੱਛ ਹੈ, ਉਹ ਗਿਆਨ ਤਾਮਸ ਗਿਆਨ ਹੈ । ਹੁਣ ਕਰਮ ਦੇ ਤਿੰਨ ਭੇਦ –

**नियतं सङ्गरहितमरागद्वेषत: कृतम् ।**
**अफलप्रेप्सुना कर्म यत्तत्सात्त्विकमुच्यते ।।२३ ।।**

ਜੋ ਕਰਮ **'नियतम्'** – ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਹੈ, ਸੰਗਦੋਸ਼ ਅਤੇ ਫਲ ਦੀ ਇੱਛਾ ਨਾ ਰਖਣ ਵਾਲੇ ਪੁਰਸ਼ ਰਾਹੀਂ ਬਿਨਾਂ ਰਾਗ-ਦ੍ਵੇਸ਼ ਦੇ ਕੀਤਾ ਜਾਂਦਾ ਹੈ, ਉਹ ਕਰਮ ਸਾਤਵਿਕ ਕਿਹਾ ਜਾਂਦਾ ਹੈ (ਨਿਯਤ ਕਰਮ [ਆਰਾਧਨਾ] ਚਿੰਤਨ ਹੈ, ਜੋ ਪਰਮਤੱਤ ਵਿਚ ਪ੍ਰਵੇਸ਼ ਦਿਵਾਉਂਦਾ ਹੈ) ।

**यत्तु कामेप्सुना कर्म साहङ्कारेण वा पुन: ।**
**क्रियते बहुलायासं तद्राजसमुदाहृतम् ।।२४ ।।**

ਜੋ ਕਰਮ ਬੜੀ ਮਿਹਨਤ ਵਾਲਾ ਹੈ, ਫਲ ਦੀ ਇੱਛਾ ਵਾਲੇ ਅਤੇ ਅਹੰਕਾਰੀ ਪੁਰਸ਼ ਰਾਹੀਂ ਕੀਤਾ ਜਾਂਦਾ ਹੈ, ਉਹ ਕਰਮ ਰਾਜਸ ਕਿਹਾ ਜਾਂਦਾ ਹੈ । ਇਹ ਪੁਰਸ਼ ਵੀ ਉਹੀ ਨਿਰਧਾਰਤ ਕਰਮ ਕਰਦਾ ਹੈ, ਪਰ ਫ਼ਰਕ ਸਿਰਫ਼ ਏਨ੍ਹਾਂ ਹੈ ਕਿ ਇਹ ਫਲ ਦੀ ਇੱਛਾ ਅਤੇ ਅਹੰਕਾਰ ਰੱਖਦਾ ਹੈ । ਇਸ ਲਈ ਉਸ ਰਾਹੀਂ ਹੋਣ ਵਾਲਾ ਕਰਮ ਰਾਜਸ ਹੈ । ਹੁਣ ਤਾਮਸ –

**अनुबन्धं क्षयं हिंसामनवेक्ष्य च पौरुषम् ।**
**मोहादारभ्यते कर्म यत्तत्तामसमुच्यते ।।२५ ।।**

ਜੋ ਕਰਮ ਅੰਤ ਵਿਚ ਨਸ਼ਟ ਹੋਣ ਵਾਲਾ ਹੈ, ਹਿੰਸਾ, ਆਪਣੀ ਸਮਰੱਥਾ ਦਾ ਵਿਚਾਰ ਨਾ ਕਰਕੇ, ਸਿਰਫ਼ ਮੋਹ ਨਾਲ ਕੀਤਾ ਜਾਂਦਾ ਹੈ, ਉਹ ਤਾਮਸ ਹੈ । ਸਾਫ਼ ਹੈ ਕਿ ਇਹ ਕਰਮ ਸ਼ਾਸਤ੍ਰ ਦਾ ਨਿਰਧਾਰਤ ਕਰਮ ਨਹੀਂ ਹੈ । ਸਗੋਂ ਉਸਦਾ ਇਕ ਭਰਮ ਹੈ । ਹੁਣ ਕਰਤਾ ਦੇ ਲੱਛਣ ਵੇਖੀਏ–

**मुक्तसङ्गोऽनहंवादी धृत्युत्साहसमन्वित: ।**
**सिद्ध्यसिद्ध्योर्निर्विकार: कर्ता सात्त्विक उच्यते ।।२६ ।।**

ਜੋ ਕਰਤਾ ਸੰਗਦੋਸ਼ ਤੋਂ ਰਹਿਤ ਹੋਕੇ, ਅਹੰਕਾਰ ਵਾਲੇ ਵਚਨ ਨਾ ਬੋਲਦਾ ਹੋਇਆ, ਧੀਰਜ ਤੇ ਉਤਸ਼ਾਹ ਨਾਲ ਭਰਕੇ, ਕਾਰਜ ਦੇ ਸਿੱਧ ਹੋਣ ਜਾਂ ਨਾਂ ਹੋਣ ਵਿਚ ਖ਼ੁਸ਼ੀ-ਗ਼ਮੀ ਆਦਿ ਵਿਕਾਰਾਂ ਤੋਂ ਦੂਰ ਰਹਿਕੇ ਕਰਮ ਵਿਚ ਨਿਰੰਤਰ ਪ੍ਰਵਿਰਤ ਹੈ, ਉਹ ਕਰਤਾ ਸਾਤਵਿਕ ਕਿਹਾ ਜਾਂਦਾ ਹੈ । ਇਹੋ ਉੱਤਮ ਸਾਧਕ ਦੇ ਲੱਛਣ ਹਨ । ਕਰਮ ਉਹੀ ਹੈ – ਨਿਰਧਾਰਤ ਕਰਮ ।

**रागी कर्मफलप्रेप्सुर्लुब्धो हिंसात्मकोऽशुचि: ।**
**हर्षशोकान्वित: कर्ता राजस: परिकीर्तित: ।।२७ ।।**

ਤ੍ਰਿਸ਼ਨਾ ਵਾਲਾ, ਕਰਮਾਂ ਦੇ ਫਲ ਦੀ ਇੱਛਾ ਵਾਲਾ, ਲੋਲੁਪ (ਲਾਲਚੀ), ਆਤਮਾ ਨੂੰ ਕਸ਼ਟ ਦੇਣ ਵਾਲਾ, ਅਪਵਿਤ੍ਰ ਅਤੇ ਹਰਖ-ਸੋਗ ਨਾਲ ਭਰਿਆ ਕਰਤਾ ਰਾਜਸ ਆਖਿਆ ਗਿਆ ਹੈ ।

**अयुक्त: प्राकृत: स्तब्ध: शठो नैष्कृतिकोऽलस: ।**
**विषादी दीर्घसूत्री च कर्ता तामस उच्यते ।।२८।।**

ਜੋ ਚੰਚਲ ਚਿੱਤ ਵਾਲਾ, ਅਸੱਭਿਅ, ਘਮੰਡੀ, ਧੂਰਤ (ਚੰਟ), ਦੂਜਿਆਂ ਦੇ ਕੰਮਾਂ ਵਿਚ ਅੜ ਪਾਉਣ ਵਾਲਾ, ਸੋਗ ਕਰਨ ਵਾਲੇ ਸੁਭਾਅ ਦਾ, ਆਲਸੀ ਅਤੇ ਦੀਰਘਸੂਤ੍ਰੀ ਹੈ ਕਿ ਫੇਰ ਕਰ ਲਵਾਂਗੇ (ਟਾਲਮਟੋਲ ਵਾਲਾ), ਉਹ ਕਰਤਾ ਤਾਮਸ ਕਿਹਾ ਗਿਆ ਹੈ । ਦੀਰਘਸੂਤ੍ਰੀ ਬੰਦਾ ਕਰਮ ਨੂੰ ਕੱਲ੍ਹ ਉਤੇ ਟਾਲਣ ਵਾਲਾ ਹੈ, ਹਾਲਾਂਕਿ ਕਰਨ ਦੀ ਇੱਛਾ ਉਸਨੂੰ ਵੀ ਰਹਿੰਦੀ ਹੈ । ਇਸ ਤਰ੍ਹਾਂ ਕਰਤਾ ਦੇ ਲੱਛਣ ਪੂਰੇ ਹੋਏ । ਹੁਣ ਸ਼੍ਰੀ ਕ੍ਰਿਸ਼ਣ ਨੇ ਨਵਾਂ ਪ੍ਰਸ਼ਨ ਰੱਖਿਆ ਕਿ ਬੁੱਧੀ, ਧਾਰਣਾ ਅਤੇ ਸੁਖ ਦੇ ਲੱਛਣ ਕੀ ਹਨ ?

**बुद्धेर्भेदं धृतेश्चैव गुणतस्त्रिविधं श्रृणु ।**
**प्रोच्यमानमशेषेण पृथक्त्वेन धनंजय ।।२९।।**

ਧਨੰਜਯ । ਬੁੱਧੀ ਅਤੇ ਧਾਰਣਾ-ਸ਼ਕਤੀ ਦਾ ਵੀ ਗੁਣਾਂ ਦੇ ਅਨੁਸਾਰ ਤਿੰਨ ਪ੍ਰਕਾਰ ਦਾ ਭੇਦ ਪੂਰਨਤਾ ਨਾਲ ਵੱਖ-ਵੱਖ ਕਰਕੇ ਮੇਰੇ ਤੋਂ ਸੁਣ ।

**प्रवृत्तिं च निवृत्तिं च कार्याकार्ये भयाभये ।**
**बन्धं मोक्षं च या वेत्ति बुद्धि: सा पार्थ सात्त्विकी ।।३०।।**

ਪਾਰਥ ! ਪ੍ਰਵਿਰਤੀ ਅਤੇ ਨਿਰਵਿਰਤੀ ਨੂੰ, ਕਰਤੱਵ ਅਤੇ ਅਕਰਤੱਵ ਨੂੰ, ਭੈ ਅਤੇ ਅਭੈ ਨੂੰ, ਬੰਧਨ ਅਤੇ ਮੋਖਸ਼ ਨੂੰ ਜੋ ਯਥਾਰਥ ਰੂਪ ਨਾਲ ਜਾਣਦੀ ਹੈ, ਉਹ ਬੁੱਧੀ ਸਾਤਵਿਕ ਹੈ । ਅਰਥਾਤ ਪਰਮਾਤਮ-ਮਾਰਗ ਅਤੇ ਆਵਾਗਮਨ-ਮਾਰਗ ਦੋਵਾਂ ਦੀ ਭਲੀ ਭਾਂਤ ਜਾਣਕਾਰੀ ਸਾਤਵਿਕ ਬੁੱਧੀ ਹੈ । ਜਿਵੇਂ-

**यया धर्ममधर्मं च कार्यं चाकार्यमेव च ।**
**अयथावत्प्रजानाति बुद्धि: सा पार्थ राजसी ।।३१।।**

ਪਾਰਥ ! ਜਿਸ ਬੁੱਧੀ ਨਾਲ ਮਨੁੱਖ ਧਰਮ ਤੇ ਅਧਰਮ ਨੂੰ, ਕਰਤੱਵ ਤੇ ਅਕਰਤੱਵ ਨੂੰ ਵੀ ਯਥਾਰਥ ਰੂਪ ਵਿਚ ਨਹੀਂ ਜਾਣਦਾ, ਅਧੂਰਾ ਜਾਣਦਾ ਹੈ, ਉਹ ਬੁੱਧੀ ਰਾਜਸੀ ਹੈ । ਹੁਣ ਤਾਮਸੀ ਬੁੱਧੀ ਦਾ ਸਵਰੂਪ ਵੇਖੀਏ -

**अधर्मं धर्ममिति या मन्यते तमसावृता ।**
**सर्वार्थान्विपरीतांश्च बुद्धि: सा पार्थ तामसी ।।३२।।**

ਪਾਰਥ ! ਤਮੋਗੁਣ ਨਾਲ ਢੱਕੀ ਹੋਈ ਜੋ ਬੁੱਧੀ ਅਧਰਮ ਨੂੰ ਧਰਮ ਮੰਨਦੀ ਹੈ, ਅਤੇ ਸਾਰੇ ਹਿਤਾਂ (ਲਾਭਾਂ) ਨੂੰ ਉਲਟਾ ਹੀ ਵੇਖਦੀ ਹੈ, ਉਹ ਬੁੱਧੀ ਤਾਮਸੀ ਹੈ ।

ਇਥੇ ਸ਼ਲੋਕ ਤੀਹ ਤੋਂ ਬੱਤੀ ਤਕ ਬੁੱਧੀ ਦੇ ਤਿੰਨ ਭੇਦ ਦੱਸੇ ਗਏ । ਪਹਿਲੀ ਬੁੱਧੀ ਤਾਂ ਇਹ ਜਾਣਕਾਰੀ ਰੱਖਣ ਵਾਲੀ ਹੁੰਦੀ ਹੈ ਕਿ ਕਿਹੜਾ ਕੰਮ ਕਰਨਾ ਹੈ ਤੇ ਕਿਹੜਾ ਨਹੀਂ ਕਰਨਾ, ਕਿਹੜਾ ਕਰਤੱਵ ਹੈ ਤੇ ਕਿਹੜਾ ਅਕਰਤੱਵ ਹੈ, ਐਸੀ ਬੁੱਧੀ ਸਾਤਵਿਕ ਹੈ । ਜੋ ਕਰਤੱਵ-ਅਕਰਤੱਵ ਨੂੰ ਅਧੂਰੇ ਢੰਗ ਨਾਲ ਜਾਣਦੀ ਹੈ, ਯਥਾਰਥ ਰੂਪ ਨਾਲ ਨਹੀਂ ਜਾਣਦੀ, ਉਹ ਰਾਜਸੀ ਬੁੱਧੀ ਹੈ ਅਤੇ ਅਧਰਮ ਨੂੰ ਧਰਮ, ਨਸ਼ਵਰ ਨੂੰ ਸ਼ਾਸ਼ਵਤ, ਹਿਤ ਨੂੰ ਅਹਿਤ, ਇਸ ਤਰ੍ਹਾਂ ਵਿਪਰੀਤ ਜਾਣਕਾਰੀ

ਵਾਲੀ ਹੈ, ਉਹ ਬੁੱਧੀ ਤਾਮਸੀ ਹੈ । ਇਸ ਤਰ੍ਹਾਂ ਬੁੱਧੀ ਦੇ ਭੇਦ ਪੂਰੇ ਹੋਏ । ਹੁਣ ਵੇਖੀਏ ਦੂਜਾ ਪ੍ਰਸ਼ਨ – '**ਧ੍ਰਿਤਿ**' ਧਾਰਣਾ ਦੇ ਤਿੰਨ ਭੇਦ –

**धृत्या यया धारयते मन: प्राणेन्द्रियक्रिया:।**
**योगेनाव्यभिचारिण्या धृति: सा पार्थ सात्त्विकी।।३३।।**

'**ਯੋਗੇਨ**' – ਯੌਗਿਕ ਪ੍ਰਕ੍ਰਿਆ ਦੁਆਰਾ '**ਅਵ੍ਯਭਿਚਾਰਿਣੀ**' ਅਵਿਅਭੀਚਾਰਿਣੀ ਅਰਥਾਤ ਯੋਗ–ਚਿੰਤਨ ਦੇ ਇਲਾਵਾ ਹੋਰ ਕੋਈ ਧਿਆਨ ਆਉਣਾ ਵਿਅਭੀਚਾਰ ਹੈ, ਚਿੱਤ ਦਾ ਬਹਿਕ ਜਾਣਾ ਵਿਅਭੀਚਾਰ ਹੈ, ਇਸ ਲਈ ਐਸੀ ਅਵਿਅਭੀਚਾਰਿਣੀ ਧਾਰਣਾ ਨਾਲ ਮਨੁੱਖ ਮਨ, ਪ੍ਰਾਣ ਅਤੇ ਇੰਦ੍ਰੀਆਂ ਦੀ ਕ੍ਰਿਆ ਨੂੰ ਜਦੋਂ ਧਾਰਣ ਕਰਦਾ ਹੈ, ਉਹ ਧਾਰਣਾ ਸਾਤਵਿਕ ਧਾਰਣਾ ਹੈ । ਅਰਥਾਤ ਮਨ, ਪ੍ਰਾਣ ਤੇ ਇੰਦ੍ਰੀਆਂ ਨੂੰ ਇਸ਼ਟ ਦੇ ਵਲ ਮੋੜਨਾ ਹੀ ਸਾਤਵਿਕ ਧਾਰਣਾ ਹੈ । ਅਤੇ–

**यया तु धर्मकामार्थान्धृत्या धारयतेऽर्जुन।**
**प्रसङ्गेन फलाकाङ्क्षी धृति: सा पार्थ राजसी।।३४।।**

ਹੇ ਪਾਰਥ ! ਫਲ ਦੀ ਇੱਛਾ ਵਾਲਾ ਮਨੁੱਖ ਅਤਿ ਲਗਾਵਟ ਨਾਲ, ਮੋਹ ਨਾਲ ਜਿਸ ਧਾਰਣਾ ਰਾਹੀਂ ਸ਼ਿਸ਼ ਧਰਮ, ਅਰਥ ਤੇ ਕਾਮ ਨੂੰ ਧਾਰਣ ਕਰਦਾ ਹੈ (ਮੋਖਸ਼ ਨੂੰ ਨਹੀ), ਉਹ ਧਾਰਣਾ ਰਾਜਸੀ ਹੈ । ਇਸ ਧਾਰਣਾ ਦਾ ਵੀ ਮਕਸਦ ਉਹੀ ਹੈ ਪਰ ਕਾਮਨਾ ਸ਼ਾਮਿਲ ਹੈ, ਬਦਲੇ ਵਿਚ ਕੁਝ ਦਾਹੁਣ ਦੀ ਆਸ ਹੈ । ਹੁਣ ਤਾਮਸੀ ਧਾਰਣਾ ਦੇ ਲੱਛਣ–

**यथा स्वप्नं भयं शोकं विषादं मदमेव च।**
**न विमुञ्चति दुर्मेधा धृति: सा पार्थ तामसी।।३५।।**

ਹੇ ਪਾਰਥ ! ਦੁਸ਼ਟ ਬੁੱਧੀ ਵਾਲਾ ਮਨੁੱਖ ਜਿਸ ਧਾਰਣਾ ਨਾਲ ਨੀਂਦ, ਭੈ, ਚਿੰਤਾ, ਦੁੱਖ ਅਤੇ ਅਭਿਮਾਨ ਨੂੰ ਵੀ (ਨਹੀਂ ਛੱਡਦਾ, ਇਹਨਾਂ ਸਾਰਿਆਂ ਨੂੰ) ਧਾਰਣ ਕਰਦਾ ਹੈ, ਉਹ ਧਾਰਣਾ ਤਾਮਸੀ ਹੈ । ਹੁਣ ਇਹ ਪ੍ਰਸ਼ਨ ਪੂਰਾ ਹੋਇਆ । ਅਗਲਾ ਪ੍ਰਸ਼ਨ ਹੈ ਸੁਖ–

**सुखं त्विदानीं त्रिविधं शृणु मे भरतर्षभ।**
**अभ्यासाद्रमते यत्र दु:खान्तं च निगच्छति।।३६।।**

ਅਰਜੁਨ । ਹੁਣ ਸੁਖ ਦੇ ਵੀ ਤਿੰਨ ਪ੍ਰਕਾਰਾਂ ਦਾ ਵਰਣਨ ਤੂੰ ਮੇਰੇ ਪਾਸੋਂ ਸੁਣ, ਉਹਨਾਂ ਵਿਚੋਂ ਜਿਸ ਸੁਖ ਵਿਚ ਸਾਧਕ ਅਭਿਆਸ ਨਾਲ ਰਹਿੰਦਾ ਹੈ, ਅਰਥਾਤ ਚਿੱਤ ਨੂੰ ਸਮੇਟਕੇ ਇਸ਼ਟ ਵਿਚ ਲੱਗਿਆ ਰਹਿੰਦਾ ਹੈ, ਜੋ ਦੁੱਖਾਂ ਦਾ ਅੰਤ ਕਰਨ ਵਾਲਾ ਹੈ ਅਤੇ–

**यत्तदग्रे विषमिव परिणामेऽमृतोपमम्।**
**तत्सुखं सात्त्विकं प्रोक्तमात्मबुद्धिप्रसादजम्।।३७।।**

ਉਪਰੋਕਤ ਸੁਖ ਦੇ ਆਰੰਭ ਵਿਚ ਹਾਲਾਂਕਿ ਸਭ ਕੁਝ ਵਿਸ਼ ਦੇ ਸਮਾਨ ਲੱਗਦਾ ਹੈ (ਪ੍ਰਹਿਲਾਦ ਨੂੰ ਸੂਲੀ ਤੇ ਚੜ੍ਹਾਇਆ ਗਿਆ, ਮੀਰਾ ਨੂੰ ਵਿਸ਼ ਮਿਲਿਆ । ਕਬੀਰ ਕਹਿੰਦੇ ਹਨ – ''**ਸੁਖੀਆ ਸਭ ਸੰਸਾਰ ਹੈ, ਖਾਏ ਔਰ ਸੋਵੇ ! ਦੁਖੀਆ ਦਾਸ ਕਬੀਰ ਹੈ, ਜਾਗੇ ਔਰ ਰੋਵੇ ।**'' ਇਸ ਲਈ ਸ਼ੁਰੂ ਵਿਚ ਸਭ ਕੁਝ ਵਿਸ਼ ਵਰਗਾ ਜਾਪਦਾ ਹੈ) ਪਰ ਨਤੀਜੇ ਵਜੋਂ ਅੰਮ੍ਰਿਤ ਸਮਾਨ ਹੈ, ਅੰਮ੍ਰਿਤ–ਤੱਤ ਨੂੰ ਦਿਵਾਉਣ ਵਾਲਾ ਹੈ । ਇਸ ਲਈ ਆਤਮਾ–ਵਿਸ਼ਿਅਕ ਬੁੱਧੀ ਰਾਹੀਂ ਪੈਦਾ

ਹੋਇਆ ਸੁਖ ਸਾਤਵਿਕ ਕਿਹਾ ਗਿਆ ਹੈ । ਅਤੇ-

**विषयेन्द्रियसंयोगाद्यत्तदग्रेऽमृतोपमम्।**
**परिणामे विषमिव तत्सुखं राजसं स्मृतम्।।३८।।**

ਜੋ ਸੁਖ ਵਿਸ਼ਿਆਂ ਤੇ ਇੰਦ੍ਰੀਆਂ ਦੇ ਸੰਜੋਗ ਜਾਂ ਮੇਲ ਨਾਲ ਹੁੰਦਾ ਹੈ, ਉਹ ਹਾਲਾਂਕਿ ਭੋਗ ਕਰਦੇ ਹੋਏ ਅੰਮ੍ਰਿਤ ਸਮਾਨ ਲੱਗਦਾ ਹੈ, ਪਰ ਨਤੀਜੇ ਵਜੋਂ ਵਿਸ਼ ਸਮਾਨ ਹੈ, ਕਿਉਂਕਿ ਜਨਮ-ਮਰਨ ਦਾ ਕਾਰਣ ਹੈ । ਉਹ ਸੁਖ ਰਾਜਸ ਕਿਹਾ ਗਿਆ ਹੈ । ਅਤੇ-

**यदग्रे चानुबन्धे च सुखं मोहनमात्मनः।**
**निद्रालस्यप्रमादोत्थं तत्तामसमुदाहृतम्।।३९।।**

ਜੋ ਸੁਖ ਭੋਗ ਦੇ ਸਮੇਂ ਅਤੇ ਨਤੀਜੇ ਵਿਚ ਵੀ ਆਤਮਾ ਨੂੰ ਮੋਹ ਵਿਚ ਪਾਉਣ ਵਾਲਾ ਹੈ, ਨੀਂਦ ਵਿਚ '**या निशा सर्वभूतानां**' -ਸੰਸਾਰ ਰੂਪੀ ਰਾਤ ਵਿਚ ਅਚੇਤ ਰੱਖਣ ਵਾਲਾ ਹੈ, ਆਲਸ ਅਤੇ ਫ਼ਿਜ਼ੂਲ ਹਕਰਤਾਂ ਤੋਂ ਪੈਦਾ ਉਹ ਸੁਖ ਤਾਮਸ ਕਿਹਾ ਗਿਆ ਹੈ । ਹੁਣ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਗੁਣਾਂ ਦੀ ਪਹੁੰਚ ਦੱਸਦੇ ਹਨ, ਜੋ ਸਾਰਿਆਂ ਦੇ ਪਿੱਛੇ ਲੱਗੇ ਹਨ-

**न तदस्ति पृथिव्यां वा दिवि देवेषु वा पुनः।**
**सत्त्वं प्रकृतिजैर्मुक्तं यदेभिः स्यात्त्रिभिर्गुणैः।।४०।।**

ਅਰਜੁਨ ! ਪ੍ਰਿਥਵੀ ਵਿਚ, ਸਵਰਗ ਵਿਚ ਜਾਂ ਦੇਵਤਿਆਂ ਵਿਚ ਐਸਾ ਕੋਈ ਵੀ ਪ੍ਰਾਣੀ ਨਹੀਂ ਜੋ ਪ੍ਰਕ੍ਰਿਤੀ ਤੋਂ ਪੈਦਾ ਹੋਏ ਤਿੰਨੋਂ ਗੁਣਾਂ ਤੋਂ ਰਹਿਤ ਹੋਵੇ । ਅਰਥਾਤ ਬ੍ਰਹਮਾ ਤੋਂ ਲੈਕੇ ਕੀਟ-ਪਤੰਗ ਤਕ, ਸਾਰਾ ਜਗ ਛਿਨ ਮਾਤਰ ਮਾਤਰ, ਮਰਨ-ਜਿਉਣ ਵਾਲਾ ਹੈ, ਤਿੰਨਾਂ ਗੁਣਾਂ ਦੇ ਤਹਿਤ ਹੈ । ਅਰਥਾਤ ਦੇਵਤਾ ਵੀ ਤਿੰਨਾਂ ਗੁਣਾਂ ਦੇ ਵਿਕਾਰ ਵਾਲੇ ਹਨ, ਨਸ਼ਵਰ ਹਨ ।

ਇਥੇ ਬਾਹਰੀ ਦੇਵਤਿਆਂ ਦੀ ਗੱਲ ਯੋਗੇਸ਼ਵਰ ਨੇ ਚੌਥੀ ਵਾਰ ਦੁਹਰਾਈ ਹੈ । ਅਧਿਆਇ ਸੱਤ,ਨੌਂ, ਸਤਾਰਾਂ ਤੇ ਫੇਰ ਇਥੇ ਅਠਾਰ੍ਹਵੇਂ ਅਧਿਆਇ ਵਿਚ । ਇਹਨਾਂ ਸਾਰਿਆਂ ਦਾ ਇੱਕੋ ਮਤਲਬ ਹੈ ਕਿ ਦੇਵਤਾ ਤਿੰਨੋਂ ਗੁਣਾਂ ਦੇ ਤਹਿਤ ਹਨ ਜੋ ਇਹਨਾਂ ਨੂੰ ਸਿਮਰਦਾ ਹੈ, ਉਹ ਨਸ਼ਵਰ ਨੂੰ ਸਿਮਰਦਾ ਹੈ ।

ਭਾਗਵਤ ਦੇ ਤੀਜੇ ਸਕੰਧ(ਕਾਂਡ) ਵਿਚ ਮਹਾਰਿਸ਼ੀ ਸ਼ੁਕ ਅਤੇ ਨੌਂ ਯੋਗੇਸ਼ਵਰਾਂ ਦਾ ਮਸ਼ਹੂਰ ਆਖਿਆਨ (ਕਥਾ) ਹੈ, ਜਿਸ ਵਿਚ ਉਪਦੇਸ਼ ਦੇਂਦੇ ਹੋਏ ਉਹ ਕਹਿੰਦੇ ਹਨ ਕਿ ਇਸਤ੍ਰੀ-ਪੁਰਸ਼ ਦੇ ਪ੍ਰੇਮ ਲਈ ਸ਼ੰਕਰ-ਪਾਰਵਤੀ ਦੀ, ਅਰੋਗਤਾ ਲਈ ਅਸ਼ਵਿਨੀ ਕੁਮਾਰਾਂ ਦੀ, ਜਿੱਤ ਲਈ ਇੰਦ੍ਰ ਦੀ ਅਤੇ ਧਨ ਲਈ ਕੁਬੇਰ ਦੀ ਪੂਜਾ ਕਰੋ । ਇਸੇ ਤਰ੍ਹਾਂ ਅਨੇਕ ਕਾਮਨਾਵਾਂ ਦਾ ਜ਼ਿਕਰ ਕਰਕੇ ਅੰਤ ਵਿਚ ਨਿਰਣਾ ਦੇਂਦੇ ਹਨ ਕਿ ਸਾਰੀਆਂ ਕਾਮਨਾਵਾਂ ਦੀ ਪੂਰਤੀ ਅਤੇ ਮੋਖਸ਼ ਲਈ ਇਕਮਾਤਰ ਨਾਰਾਇਣ ਦੀ ਪੂਜਾ ਕਰੋ । ''**तुलसी मूलहिं सींचिए, फुलइ फलई अघाई।**'' -ਜੜ ਨੂੰ ਸਿੰਚਨ ਨਾਲ ਫੁਲ-ਫਲ ਆਪੇ ਵੱਧਦੇ ਹਨ । ਇਸ ਲਈ ਸਰਬ ਵਿਆਪੀ ਪ੍ਰਭੂ ਦਾ ਸਿਮਰਨ ਕਰੋ, ਜਿਸਦੀ ਪ੍ਰਾਪਤੀ ਲਈ ਸਤਿਗੁਰੂ ਦੀ ਸ਼ਰਨ, ਨਿਸ਼ਕਪਟ ਭਾਵ ਨਾਲ ਪ੍ਰਸ਼ਨ ਪੁੱਛਣਾ ਅਤੇ ਸੇਵਾ ਹੀ ਇਕੋ-ਇਕ ਉਪਾਅ ਹੈ ।

ਆਸੁਰੀ ਅਤੇ ਦੈਵੀ ਸੰਪੱਤੀਆਂ ਅੰਤਹਕਰਣ ਦੀਆਂ ਦੋ ਬਿਰਤੀਆਂ ਹਨ, ਜਿਨ੍ਹਾਂ ਵਿਚੋਂ ਦੈਵੀ ਸੰਪੱਤੀ ਪਰਮਦੇਵ ਪਰਮਾਤਮਾ ਦਾ ਰਾਹ ਦੱਸਦੀ ਹੈ, ਇਸ ਲਈ ਦੈਵੀ ਕਹਾਉਂਦੀ ਹੈ, ਪਰ

ਇਹ ਵੀ ਤਿੰਨਾਂ ਗੁਣਾਂ ਦੇ ਤਹਿਤ ਹੈ । ਗੁਣ ਸ਼ਾਂਤ ਹੋਣ ਦੇ ਬਾਅਦ ਇਹ ਵੀ ਸ਼ਾਂਤ ਹੋ ਜਾਂਦੀ ਹੈ । ਤਦਉਪਰਾਂਤ ਉਸ ਆਤਮ-ਤ੍ਰਿਪਤ ਯੋਗੀ ਲਈ ਕੋਈ ਵੀ ਫਰਜ਼ ਬਾਕੀ ਨਹੀਂ ਰਹਿ ਜਾਂਦਾ ।

ਹੁਣ ਵੇਖੀਏ, ਪਹਿਲਾਂ ਤੋਂ ਹੀ ਸ਼ੁਰੂ ਹੋਇਆ ਪ੍ਰਸ਼ਨ ਵਰਣ-ਵਿਵਸਥਾ । ਵਰਣ ਜਨਮ ਪ੍ਰਧਾਨ ਹੈ ਜਾਂ ਕਰਮਾਂ ਨਾਲ ਪ੍ਰਾਪਤ ਹੋਣ ਵਾਲੀ ਅੰਦਰੂਨੀ ਯੋਗਤਾ ਦਾ ਨਾਮ ਹੈ ? ਇਸਨੂੰ ਵੇਖੀਏ –

**ब्राह्मणक्षत्रियविशां शूद्राणां च परंतप।**
**कर्माणि प्रविभक्तानि स्वभावप्रभवैर्गुणै: ।।४१।।**

ਹੇ ਪਰਮ ਤੱਪ ! ਬ੍ਰਾਹਮਣ, ਖੱਤ੍ਰੀ, ਵੈਸ਼ ਅਤੇ ਸ਼ੂਦ੍ਰ ਦੇ ਕਰਮ ਸੁਭਾਅ ਤੋਂ ਪੈਦਾ ਗੁਣਾਂ ਨਾਲ ਵੰਡੇ ਗਏ ਹਨ । ਜੇ ਸੁਭਾਅ ਵਿਚ ਸਾਤਵਿਕ ਗੁਣ ਹੋਏਗਾ, ਤਾਂ ਤੁਹਾਡੇ ਵਿਚ ਨਿਰਮਲਤਾ ਹੋਏਗੀ, ਧਿਆਨ-ਸਮਾਧੀ ਦੀ ਸਮਰਥਾ ਹੋਵੇਗੀ । ਤਾਮਸੀ ਗੁਣ ਹੋਏਗਾ ਤਾਂ ਆਲਸ, ਨੀਂਦ, ਬੇਧਿਆਨੀ ਰਹੇਗੀ, ਉਸੇ ਪੱਧਰ ਦਾ ਕਰਮ ਵੀ ਤੁਹਾਡੇ ਕੋਲੋਂ ਹੋਵੇਗਾ । ਜੋ ਗੁਣ ਤੁਹਾਡੇ ਅੰਦਰ ਕੰਮ ਕਰ ਰਿਹਾ ਹੈ, ਉਹੀ ਤੁਹਾਡਾ ਵਰਣ ਹੈ, ਸਵਰੂਪ ਹੈ । ਇਸੇ ਤਰ੍ਹਾਂ ਅੱਧਾ ਸਾਤਵਿਕ, ਅੱਧਾ ਰਾਜਸ ਮਿਲਕੇ ਖੱਤ੍ਰੀ ਵਰਣ ਬਣਾਉਂਦੇ ਹਨ, ਅੱਧੇ ਤੋਂ ਘੱਟ ਤਾਮਸ ਗੁਣ ਅਤੇ ਵਿਸ਼ੇਸ਼ ਰਾਜਸ ਗੁਣ ਨਾਲ ਦੂਜਾ ਵਰਣ ।

ਇਹ ਪ੍ਰਸ਼ਨ ਯੋਗੇਸ਼ਵਰ ਨੇ ਇੱਥੇ ਚੌਥੀ ਵਾਰ ਦੁਹਰਾਇਆ ਹੈ । ਅਧਿਆਇ ਦੋ ਵਿਚ ਇਹਨਾਂ ਚਾਰ ਵਰਣਾਂ ਵਿਚੋਂ ਇਕ ਖੱਤ੍ਰੀ ਦਾ ਨਾਮ ਲਿਆ, ਕਿ ਖੱਤ੍ਰੀ ਲਈ ਯੁੱਧ ਤੋਂ ਉੱਤਮ ਕੋਈ ਮਾਰਗ ਨਹੀਂ । ਤੀਜੇ ਅਧਿਆਇ ਵਿਚ ਉਹਨਾਂ ਨੇ ਕਿਹਾ ਕਿ ਕਮਜ਼ੋਰ ਗੁਣ ਵਾਲੇ ਲਈ ਵੀ ਉਸਦੇ ਸੁਭਾਅ ਤੋਂ ਪੈਦਾ ਹੋਈ ਯੋਗਤਾ ਦੇ ਅਨੁਸਾਰ ਕਰਮ ਵਿਚ ਪ੍ਰਵਿਰਤ ਹੋਣਾ, ਉਸ ਵਿਚ ਮਰ ਜਾਣਾ ਵੀ ਪਰਮ ਕਲਿਆਨਕਾਰੀ ਹੈ, ਦੂਜਿਆਂ ਦੀ ਨਕਲ ਕਰਨਾ ਖ਼ਤਰਨਾਕ ਹੈ । ਅਧਿਆਇ ਚਾਰ ਵਿਚ ਕਿਹਾ ਕਿ ਚਾਰ ਵਰਣਾਂ ਦੀ ਸਿਸ਼੍ਰਟੀ ਮੈਂ ਕੀਤੀ । ਤਾਂ ਕੀ ਮਨੁੱਖਾਂ ਨੂੰ ਚਾਰ ਜਾਤੀਆਂ ਵਿਚ ਵੰਡਿਆ ? ਕਹਿੰਦੇ ਹਨ, ਨਹੀਂ '**गुणकर्म विभागश:**' –ਗੁਣਾਂ ਦੇ ਅਨੁਸਾਰ ਕਰਮ ਦੀਆਂ ਚਾਰ ਸ਼੍ਰੇਣੀਆਂ ਵਿਚ ਵੰਡਿਆ । ਇਥੇ ਗੁਣ ਇਕ ਪੈਮਾਨਾ ਹੈ, ਜਿਸ ਨਾਲ ਮਾਪਕੇ ਕਰਮ ਕਰਨ ਦੀ ਸਮਰਥਾ ਨੂੰ ਚਾਰ ਹਿੱਸਿਆਂ ਵਿਚ ਵੰਡਿਆ । ਸ਼੍ਰੀ ਕ੍ਰਿਸ਼ਣ ਦੇ ਸ਼ਬਦਾਂ ਵਿਚ, ਅਵਿਅਕਤ ਪੁਰਸ਼ ਦੀ ਪ੍ਰਾਪਤੀ ਲਈ ਕਰਮ ਹੀ ਇਕਮਾਤਰ ਕ੍ਰਿਆ ਹੈ । ਈਸ਼ਵਰ-ਪ੍ਰਾਪਤੀ ਲਈ ਆਰਾਧਨਾ ਦਾ ਆਚਰਣ ਕਰਨਾ ਚਾਹੀਦਾ ਹੈ, ਜਿਸਦੀ ਸ਼ੁਰੂਆਤ ਸਿਰਫ਼ ਇਕ ਇਸ਼ਟ ਵਿਚ ਸ਼ਰਧਾ ਨਾਲ ਹੁੰਦੀ ਹੈ । ਚਿੰਤਨ ਦੀ ਇਕ ਵਿਸ਼ੇਸ਼ ਵਿਧੀ ਹੈ, ਜੋ ਪਿੱਛੇ ਦੱਸ ਆਏ ਹਨ, ਇਸ ਯਗ-ਕਰਮ ਨੂੰ ਇਥੇ ਚਾਰ ਭਾਗਾਂ ਵਿਚ ਵੰਡਿਆ ਹੈ । ਹੁਣ ਇਹ ਕਿਵੇਂ ਸਮਝੀਏ ਕਿ ਕਿਹੜਾ ਗੁਣ ਸਾਡੇ ਅੰਦਰ ਕੰਮ ਕਰ ਰਿਹਾ ਹੈ ? ਅਤੇ ਕਿਹੜੀ ਸ਼੍ਰੇਣੀ ਦਾ ਹੈ ? ਇਸਤੇ ਉਹ ਇਥੇ ਕਹਿੰਦੇ ਹਨ–

**शमो दमस्तप: शौचं क्षान्तिरार्जवमेव च।**
**ज्ञानं विज्ञानमास्तिक्यं ब्रह्मकर्म स्वभावजम् ।।४२।।**

ਮਨ ਦਾ ਸ਼ਮਨ, ਇੰਦ੍ਰੀਆਂ ਦਾ ਦਮਨ, ਪੂਰੀ ਪਵਿਤ੍ਰਤਾ, ਮਨ-ਵਾਣੀ ਅਤੇ ਸਰੀਰ ਨੂੰ ਇਸ਼ਟ ਦੇ ਅਨੁਰੂਪ ਤਪਾਉਣਾ, ਖਿਮਾਭਾਵ, ਮਨ-ਇੰਦ੍ਰੀਆਂ ਅਤੇ ਸਰੀਰ ਦੀ ਬਿਲਕੁਲ ਸਰਲਤਾ, ਆਸਤਿਕ ਬੁੱਧੀ ਅਰਥਾਤ ਇਕ ਇਸ਼ਟ ਵਿਚ ਸੱਚੀ ਆਸਥਾ, ਗਿਆਨ ਅਰਥਾਤ ਪਰਮਾਤਮਾ ਦੀ ਜਾਣਕਾਰੀ ਦਾ ਸੰਚਾਰ, ਵਿਗਿਆਨ ਅਰਥਾਤ ਪਰਮਾਤਮਾ ਤੋਂ ਮਿਲਣ ਵਾਲੇ ਆਦੇਸ਼ਾਂ ਦੀ

ਜਾਗ੍ਰਿਤੀ ਅਤੇ ਉਸਦੇ ਅਨੁਸਾਰ ਚੱਲਣ ਦੀ ਸਮਰਥਾ, ਇਹ ਸਾਰੇ ਸੁਭਾਅ ਤੋਂ ਪੈਦਾ ਹੋਏ ਬ੍ਰਾਹਮਣ ਦੇ ਕਰਮ ਹਨ, ਅਰਥਾਤ ਜਦ ਸੁਭਾਅ ਵਿਚ ਇਹ ਯੋਗਤਾਵਾਂ ਆ ਜਾਣ, ਕਰਮ ਧਾਰਾਵਾਹੀ ਰੂਪ ਨਾਲ ਸੁਭਾਅ ਵਿਚ ਢੱਲ ਜਾਏ, ਤਾਂ ਉਹ ਬ੍ਰਾਹਮਣ ਸ਼੍ਰੇਣੀ ਦਾ ਕਰਤਾ ਹੈ । ਅਤੇ–

**शौर्यं तेजो धृतिर्दाक्ष्यं युद्धे चाप्यपलायनम्।**
**दानमीश्वरभावश्च क्षात्रं कर्म स्वभावजम्।।४३।।**

ਸੂਰਬੀਰਤਾ, ਈਸ਼ਵਰੀ ਤੇਜ, ਧੀਰਜ, ਚਿੰਤਨ ਵਿਚ ਨਿਪੁੰਨਤਾ ਅਰਥਾਤ '**कर्मसु कौशलम्**'– ਕਰਮ ਕਰਨ ਦੀ ਕੁਸ਼ਲਤਾ, ਪ੍ਰਕ੍ਰਿਤੀ ਦੇ ਸੰਘਰਸ਼ ਤੋਂ ਨਾ ਦੌੜਨ ਦਾ ਸੁਭਾਅ, ਦਾਨ ਅਰਥਾਤ ਸਭ ਕੁਝ ਸਮਰਪਣ, ਸਾਰੇ ਕੰਮਾਂ ਵਿਚ ਸੁਵਾਮੀਭਾਵ ਅਰਥਾਤ ਈਸ਼ਵਰ–ਭਾਵ, ਇਹ ਸਾਰੇ ਖੱਤ੍ਰੀ ਦੇ '**स्वभावजम्**' – ਸੁਭਾਅ ਤੋਂ ਪੈਦਾ ਹੋਏ ਕਰਮ ਹਨ । ਜਦੋਂ ਸੁਭਾਅ ਵਿਚ ਇਹ ਯੋਗਤਾਵਾਂ ਆ ਜਾਣ, ਤਾਂ ਉਹ ਕਰਤਾ ਖੱਤ੍ਰੀ ਹੈ । ਹੁਣ ਵੈਸ਼ ਅਤੇ ਸ਼ੂਦ੍ਰ ਦਾ ਸਵਰੂਪ –

**कृषिगौरक्ष्यवाणिज्यं वैश्यकर्म स्वभावजम्।**
**परिचर्यात्मकं कर्म शूद्रस्यापि स्वभावजम्।।४४।।**

ਖੇਤੀ, ਗਊ–ਰੱਖਿਆ ਅਤੇ ਵਿਵਸਾਇ ਵੈਸ਼ ਦੇ ਸੁਭਾਅ ਤੋਂ ਪੈਦਾ ਹੋਏ ਕਰਮ ਹਨ । ਗਊ–ਪਾਲਨ ਹੀ ਕਿਉਂ ? ਕੀ ਮੱਝਾਂ ਨੂੰ ਮਾਰ ਛੱਡੀਏ ? ਬਕਰੀਆਂ ਨਾ ਰੱਖੀਏ ? ਐਸਾ ਕੁਝ ਨਹੀਂ ਹੈ । ਪੁਰਾਤਨ ਵੈਦਿਕ ਸਾਹਿਤ ਵਿਚ 'ਗੋ' ਸ਼ਬਦ ਅੰਤਹਕਰਣ ਅਤੇ ਇੰਦ੍ਰੀਆਂ ਲਈ ਪ੍ਰਚਲਿਤ ਸੀ । ਗੋ–ਰਖਸ਼ਾ ਦਾ ਅਰਥ ਹੈ ਇੰਦ੍ਰੀਆਂ ਦੀ ਰੱਖਿਆ । ਵਿਵੇਕ–ਵੈਰਾਗ–ਸ਼ਮ–ਦਮ ਆਦਿ ਨਾਲ ਇੰਦ੍ਰੀਆਂ ਸੁਰੱਖਿਅਤ ਹੁੰਦੀਆਂ ਹਨ, ਕਾਮ–ਕ੍ਰੋਧ–ਲੋਭ–ਮੋਹ ਨਾਲ ਇੰਦ੍ਰੀਆਂ ਵੰਡੀਆਂ ਜਾਂਦੀਆਂ ਹਨ, ਖਿੰਡਕੇ ਕਮਜ਼ੋਰ ਹੋ ਜਾਂਦੀਆਂ ਹਨ । ਆਤਮਿਕ ਸੰਪੱਤੀ ਹੀ ਸਥਿਰ ਸੰਪੱਤੀ ਹੈ । ਇਹੋ ਆਪਣਾ ਨਿਜੀ ਧਨ ਹੈ, ਜੋ ਇਕ ਵਾਰੀ ਮਿਲ ਜਾਣ ਤੇ ਸਦਾ ਨਾਲ ਰਹਿੰਦਾ ਹੈ । ਪ੍ਰਕ੍ਰਿਤੀ ਦੇ ਦਵੰਦਾਂ ਵਿਚੋਂ ਉਹਨਾਂ ਦਾ ਸਹਿਜੇ–ਸਹਿਜੇ ਸੰਗ੍ਰਹਿ ਕਰਨਾ ਵਿਵਸਾਇ ਹੈ ('**विद्या धनम् सर्व धन–प्रधानम्**' – ਇਸਨੂੰ ਅਰਜਿਤ ਕਰਨਾ ਵਣਜ ਹੈ ।) ਖੇਤੀ ਕੀ ਹੈ ? ਸਰੀਰ ਹੀ ਇਕ ਖੇਤਰ (ਖੇਤ) ਹੈ । ਇਸਦੇ ਅੰਦਰ ਬੀਜਿਆ ਹੋਇਆ ਬੀਜ ਸੰਸਕਾਰਰੂਪ ਵਿਚ ਭਲਾ–ਬੁਰਾ ਪੈਦਾ ਹੁੰਦਾ ਹੈ । ਅਰਜੁਨ ! ਇਸ ਨਿਸ਼ਕਾਮ ਕਰਮ ਵਿਚ ਬੀਜ ਅਰਥਾਤ ਆਰੰਭ ਦਾ ਨਾਸ਼ ਨਹੀਂ ਹੁੰਦਾ । (ਉਹਨਾਂ ਵਿਚੋਂ ਕਰਮ ਦੀ ਤੀਜੀ ਸ਼੍ਰੇਣੀ ਦਾ ਕਰਮ ਅਰਥਾਤ ਇਸ਼ਟ–ਚਿੰਤਨ ਦਾ ਨਿਯਤ ਕਰਮ) ਪਰਮਤੱਤ ਦੇ ਚਿੰਤਨ ਦਾ ਜੋ ਬੀਜ ਇਸ ਖੇਤਰ ਵਿਚ ਪਿਆ ਹੈ, ਉਸਨੂੰ ਸੁਰੱਖਿਅਤ ਰੱਖਦੇ ਹੋਏ, ਅੜਚਨਾਂ ਅਤੇ ਵਿਕਾਰਾਂ ਨੂੰ ਮਿਟਾਉਂਦੇ ਹੋਏ ਵੱਧਦੇ ਜਾਣਾ ਖੇਤੀ ਹੈ ।

**कृषि निवारहिं चतुर किसाना।**
**जिमि बुध तजहिं मोह मद माना।।**
**(मानस ४/१४/८)**

ਇਸ ਤਰ੍ਹਾਂ ਇੰਦ੍ਰੀਆਂ ਦੀ ਸੁਰੱਖਿਆ ਅਤੇ ਪ੍ਰਕ੍ਰਿਤੀ ਦੇ ਦਵੰਦਾਂ ਵਿਚੋਂ ਆਤਮਿਕ ਸੰਪੱਤੀ ਜਮ੍ਹਾ ਕਰਨਾ ਅਤੇ ਇਸ ਖੇਤਰ ਵਿਚ ਪਰਮਤੱਤ ਦੇ ਚਿੰਤਨ ਨੂੰ ਵਧਾਉਣਾ – ਇਹ ਵੈਸ਼ ਸ਼੍ਰੇਣੀ ਦਾ ਕਰਮ ਹੈ ।

ਸ਼੍ਰੀ ਕ੍ਰਿਸ਼ਣ ਦੇ ਅਨੁਸਾਰ '**यज्ञशिष्टाशिनः** – ਪੂਰਨਤਾਕਾਲ ਵਿਚ ਯੱਗ ਜੋ ਦੇਂਦਾ ਹੈ, ਉਹ ਹੈ ਪਰਾਤਪਰ (ਪਰੇ ਅਤਿ ਪਰੇ, ਅਪਰੰਪਾਰ) ਬ੍ਰਹਮ ! ਉਸਦਾ ਪਾਨ ਕਰਨ ਵਾਲੇ ਸੰਤਜਨ

ਸਾਰਿਆਂ ਪਾਪਾਂ ਤੋਂ ਛੁੱਟ ਜਾਂਦੇ ਹਨ ਅਤੇ ਉਸੇ (ਬ੍ਰਹਮ) ਦਾ ਸਹਿਜੇ-ਸਹਿਜੇ ਚਿੰਤਨ-ਕ੍ਰਿਆ ਨਾਲ ਬੀਜ ਪੈ ਜਾਂਦਾ ਹੈ । ਉਸ ਬੀਜ ਦੀ ਸੁਰੱਖਿਆ ਖੇਤੀ ਹੈ । ਵੈਦਿਕ ਸ਼ਾਸਤ੍ਰਾਂ ਵਿਚ ਅੰਨ ਦਾ ਅਰਥ ਹੈ ਪਰਮਾਤਮਾ । ਉਹ ਪਰਮਾਤਮਾ ਹੀ ਇਕਮਾਤਰ ਅਸ਼ਨ ਯਾਨੀ ਅੰਨ ਹੈ । ਚਿੰਤਨ ਦੇ ਪੂਰਨਤਾਕਾਲ ਵਿਚ ਇਹ ਆਤਮਾ ਪੂਰੀ ਤ੍ਰਿਪਤ ਹੋ ਜਾਂਦੀ ਹੈ, ਫੇਰ ਕਦੇ ਅਤ੍ਰਿਪਤ ਨਹੀਂ ਹੁੰਦੀ, ਆਵਾਗਮਨ ਵਿਚ ਨਹੀਂ ਪੈਂਦੀ । ਇਸ ਅੰਨ ਦੇ ਬੀਜ ਨੂੰ ਉਤਪੰਨ ਕਰਦੇ ਹੋਏ ਹੋਰ ਵਧਾਉਣਾ ਖੇਤੀ ਹੈ ।

ਆਪਣੇ ਤੋਂ ਉੱਚੀ ਸਥਿਤੀ ਵਾਲੇ, ਪ੍ਰਾਪਤੀ ਵਾਲੇ ਗੁਰੂਜਨਾਂ ਦੀ ਸੇਵਾ ਕਰਨਾ ਸ਼ੂਦ੍ਰ ਦਾ ਸੁਭਾਅ ਤੋਂ ਪੈਦਾ ਹੋਇਆ ਕਰਮ ਹੈ । ਸ਼ੂਦ੍ਰ ਦਾ ਅਰਥ ਨੀਚ ਨਹੀਂ, ਸਗੋਂ ਘਟ ਜਾਣਕਾਰੀ ਵਾਲਾ ਹੈ । ਨੀਵੀਂ ਸ਼੍ਰੇਣੀ ਦਾ ਸਾਧਕ ਹੀ ਸ਼ੂਦ੍ਰ ਹੈ । ਪ੍ਰਵੇਸ਼ਿਕਾ ਸ਼੍ਰੇਣੀ ਦਾ ਉਹ ਸਾਧਕ ਸੇਵਾ ਤੋਂ ਹੀ ਸ਼ੁਰੂ ਕਰੇ । ਸਹਿਜੇ-ਸਹਿਜੇ ਸੇਵਾ ਨਾਲ ਉਸਦੇ ਹਿਰਦੇ ਵਿਚ ਉਹਨਾਂ ਸੰਸਕਾਰਾਂ ਦਾ ਸਿਰਜਨ ਹੋਏਗਾ ਅਤੇ ਕ੍ਰਮਵਾਰ ਚੱਲਦੇ ਹੋਏ ਉਹ ਵੈਸ਼, ਖੱਤ੍ਰੀ ਅਤੇ ਬ੍ਰਾਹਮਣ ਸ਼੍ਰੇਣੀ ਤਕ ਦੀ ਦੂਰੀ ਤੈ ਕਰਕੇ, ਵਰਣਾਂ ਨੂੰ ਪਾਰ ਕਰਕੇ, ਬ੍ਰਹਮ ਵਿਚ ਪ੍ਰਵੇਸ਼ ਪਾ ਜਾਏਗਾ । ਸੁਭਾਅ ਪਰਿਵਰਤਨਸ਼ੀਲ ਹੈ । ਸੁਭਾਅ ਦੇ ਪਰਿਵਰਤਨ ਨਾਲ ਵਰਣ-ਪਰਿਵਰਤਨ ਹੋ ਜਾਂਦਾ ਹੈ । ਅਸਲ ਵਿਚ ਇਹ ਵਰਣ ਅਤਿ ਉੱਤਮ, ਉੱਤਮ, ਮੱਧਮ ਅਤੇ ਨਿਮਨ ਚਾਰ ਅਵਸਥਾਵਾਂ ਹਨ, ਕਰਮ-ਮਾਰਗ ਉੱਤੇ ਚੱਲਣ ਵਾਲੇ ਸਾਧਕਾਂ ਦੀਆਂ ਚਾਰ ਉੱਚੀਆਂ-ਨੀਵੀਆਂ ਪੌੜੀਆਂ ਹਨ; ਕਿਉਂਕਿ ਕਰਮ ਇਕ ਹੀ ਹੈ, ਨਿਰਧਾਰਤ ਕਰਮ। ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਪਰਮਸਿੱਧੀ ਦੀ ਪ੍ਰਾਪਤੀ ਦਾ ਇਹੋ ਇਕ ਰਸਤਾ ਹੈ ਕਿ ਸੁਭਾਅ ਵਿਚ ਜਿਸ ਤਰ੍ਹਾਂ ਦੀ ਯੋਗਤਾ ਹੈ ਉਸੇ ਅਨੁਸਾਰ ਕਰਮ ਸ਼ੁਰੂ ਕਰੋ । ਇਸਨੂੰ ਵੇਖੀਏ -

**स्वे स्वे कर्मण्यभिरत: संसिद्धिं लभते नर:।**
**स्वकर्मनिरत: सिद्धिं यथा विन्दति तच्छृणु।।४५।।**

ਆਪਣੇ-ਆਪਣੇ ਸੁਭਾਅ ਵਿਚ ਮਿਲਣ ਵਾਲੀਆਂ ਯੋਗਤਾਵਾਂ ਦੇ ਅਨੁਸਾਰ ਕਰਮ ਵਿਚ ਲੱਗਿਆ ਹੋਇਆ ਮਨੁੱਖ '**संसिद्धिम्**' - ਭਾਗਵਤ-ਪ੍ਰਾਪਤੀ ਰੂਪੀ ਪਰਮਸਿੱਧੀ ਨੂੰ ਪ੍ਰਾਪਤ ਹੁੰਦਾ ਹੈ । ਉਹਨਾਂ ਨੇ ਪਹਿਲਾਂ ਵੀ ਆਖਿਆ ਹੈ - ਇਸ ਕਰਮ ਨੂੰ ਕਰਕੇ ਤੂੰ ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਕਰਮ, ਯੋਗ ਲਈ ਕਰਮ ਕਰ । ਹੁਣ ਆਪਣੀ ਯੋਗਤਾ ਦੇ ਅਨੁਸਾਰ ਕਰਮ ਸ਼ੁਰੂ ਕਰਨ ਵਾਲਾ ਮਨੁੱਖ ਪਰਮਸਿੱਧੀ ਨੂੰ ਕਿਵੇਂ ਪ੍ਰਾਪਤ ਹੁੰਦਾ ਹੈ, ਇਹ ਵਿਧੀ ਤੂੰ ਮੇਰੇ ਤੋਂ ਸੁਣ । ਧਿਆਨ ਦੇਣਾ -

**यत: प्रवृत्तिर्भूतानां येन सर्वमिदं ततम्।**
**स्वकर्मणा तमभ्यर्च्य सिद्धिं विन्दति मानव:।।४६।।**

ਜਿਸ ਪਰਮਾਤਮਾ ਤੋਂ ਸਾਰੇ ਜੀਵ ਪ੍ਰਾਣੀਆਂ ਦੀ ਉਤਪੱਤੀ ਹੋਈ, ਜਿਸ ਨਾਲ ਇਹ ਸਾਰਾ ਜਗਤ ਵਿਆਪਿਆ ਹੋਇਆ ਹੈ, ਉਸ ਪਰਮੇਸ਼ਵਰ ਦੀ '**स्वकर्मणा**' - ਆਪਣੇ ਸੁਭਾਅ ਤੋਂ ਪੈਦਾ ਹੋਏ ਕਰਮ ਨਾਲ ਆਰਾਧਨਾ ਕਰਦਾ ਹੋਇਆ ਸਾਧਕ ਪਰਮਸਿੱਧੀ ਨੂੰ ਪ੍ਰਾਪਤ ਹੁੰਦਾ ਹੈ । ਇਸ ਲਈ ਪਰਮਾਤਮਾ ਦੀ ਭਾਵਨਾ ਅਤੇ ਪਰਮਾਤਮਾ ਦਾ ਹੀ ਤਨ-ਮਨ ਨਾਲ ਸਿਮਰਨ ਕਰਦੇ ਹੋਏ ਅੱਗੇ ਵੱਧਣਾ ਜ਼ਰੂਰੀ ਹੈ । ਜਿਵੇਂ ਕੋਈ ਆਪਣੀ ਯੋਗਤਾ ਤੋਂ ਵੱਧ ਵਾਲੀ ਵੱਡੀ ਜਮਾਤ ਵਿਚ ਪੜ੍ਹਨ ਲਈ ਜਾ ਬੈਠੇ ਤਾਂ ਛੋਟੀ ਜਮਾਤ ਵਾਲੀ ਪੜ੍ਹਾਈ ਵੀ ਨਹੀਂ ਕਰ ਸਕੇਗਾ ਅਤੇ ਵੱਡੀ ਪੜ੍ਹਾਈ ਤਾਂ ਮਿਲਣੀ ਹੀ ਨਹੀਂ, ਕਿਉਂਕਿ ਉਸਦੀ ਯੋਗਤਾ ਹੀ ਨਹੀਂ ਹੈ ਉਸ ਕੋਲ । ਇਸ ਲਈ ਆਪਣੀ

ਯੋਗਤਾ ਦੇ ਅਨੁਸਾਰ ਕਰਮ ਸ਼ੁਰੂ ਕਰਨਾ ਹੀ ਠੀਕ ਹੈ । ਜਿਵੇਂ ਇਸ ਅਧਿਆਇ ਦੇ ਛੇਵੇਂ ਸ਼ਲੋਕ ਵਿਚ ਦਸਿਆ ਹੈ ਉਸ ਵਿਧੀ ਨਾਲ । ਇਸੇ ਗੱਲ ਉਤੇ ਫੇਰ ਜ਼ੋਰ ਦੇਂਦੇ ਹੋਏ ਉਹ ਕਹਿੰਦੇ ਹਨ ਕਿ ਚਾਹੇ ਤੁਸੀਂ ਥੋੜ੍ਹੀ ਵੀ ਜਾਣਦੇ ਹੋਵੋ, ਉੱਥੋਂ ਹੀ ਸ਼ੁਰੂ ਕਰੋ । ਵਿਧੀ ਇਹੋ ਹੈ ਕਿ ਪਰਮਾਤਮਾ ਨੂੰ ਆਪਣਾ ਪੂਰਾ ਸਮਰਪਣ ਕਰੋ ।

**श्रेयान्स्वधर्मो विगुण: परधर्मात्स्वनुष्ठितात् ।**
**स्वभावनियतं कर्म कुर्वन्नाप्नोति किल्बिषम् ।।४७ ।।**

ਦੂਜੇ ਦੀ ਨਕਲ ਚੰਗੀ ਤਰ੍ਹਾਂ ਕਰਨ ਤੋਂ ਬਿਹਤਰ ਹੈ ਕਿ ਆਪਣੇ ਥੋੜ੍ਹੇ ਜਿਹੇ ਗੁਣ ਨਾਲ ਵੀ ਕਰਮ ਸ਼ੁਰੂ ਕਰੋ, ਤਾਂ ਇਹ ਪਰਮ ਕਲਿਆਨਕਾਰੀ ਹੈ । '**स्वभाव नियतं**' – ਸੁਭਾਅ ਦੇ ਅਨੁਸਾਰ ਨਿਰਧਾਰਤ ਕਰਮ ਕਰਦਾ ਹੋਇਆ ਮਨੁੱਖ ਪਾਪ ਅਰਥਾਤ ਆਵਾਗਮਨ ਨੂੰ ਪ੍ਰਾਪਤ ਨਹੀਂ ਹੁੰਦਾ ! ਅਕਸਰ ਕਈ ਸਾਧਕਾਂ ਦਾ ਮਨ ਉਚਾਟ ਹੋ ਜਾਂਦਾ ਹੈ ਕਿ ਕੀ ਅਸੀਂ ਸੇਵਾ ਕਰਦੇ ਹੀ ਰਹਾਂਗੇ ? ਉਹ ਸੋਚਦੇ ਹਨ, ਮਹਾਪੁਰਸ਼ ਤਾਂ ਧਿਆਨੀ ਹਨ, ਅੱਛੇ ਗੁਣਾਂ ਦੇ ਕਰਕੇ ਉਹਨਾਂ ਦਾ ਮਾਨ–ਸਨਮਾਨ ਹੈ । ਇਹ ਸੋਚਕੇ ਉਹ ਫੌਰਨ ਨਕਲ ਕਰਨ ਲੱਗਦੇ ਹਨ । ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਨਕਲ ਜਾਂ ਈਰਖਾ ਨਾਲ ਕੁਝ ਨਹੀਂ ਮਿਲਦਾ । ਆਪਣੇ ਸੁਭਾਵਕ ਗੁਣ ਦੇ ਅਨੁਸਾਰ ਕਰਮ ਦੀ ਸਮਰਥਾ ਹੀ ਪਰਮਸਿੱਧੀ ਦਿਵਾਉਂਦੀ ਹੈ, ਹੋਰ ਕਿਸੇ ਤਰੀਕੇ ਨਾਲ ਨਹੀਂ ।

**सहजं कर्म कौन्तेय सदोषमपि न त्यजेत् ।**
**सर्वारम्भा हि दोषेण धूमेनाग्निरिवावृता: ।।४८ ।।**

ਕੌਂਤੇਅ ! ਦੋਸ਼ਪੂਰਣ (ਘੱਟ ਜਾਣਨ ਵਾਲਾ ਹੈ ਤਾਂ ਜ਼ਾਹਿਰ ਹੈ ਕਿ ਅਜੇ ਉਸ ਵਿਚ ਦੋਸ਼ ਵੀ ਹੋਣਗੇ, ਐਸਾ ਦੋਸ਼ਪੂਰਣ ਵੀ) '**सहजं कर्म**' – ਸੁਭਾਅ ਤੋਂ ਪੈਦਾ ਹੋਏ ਸਹਿਜ ਕਰਮ ਨੂੰ ਵੀ ਨਹੀਂ ਤਿਆਗਣਾ ਚਾਹੀਦਾ, ਕਿਉਂਕਿ ਜਿਵੇਂ ਅੱਗ ਧੂੰਏਂ ਨਾਲ ਢੱਕੀ ਹੁੰਦੀ ਹੈ, ਉਸੇ ਤਰ੍ਹਾਂ ਸਾਰੇ ਕਰਮ ਕਿਸੇ ਨਾ ਕਿਸੇ ਦੋਸ਼ ਨਾਲ ਢੱਕੇ ਹੁੰਦੇ ਹਨ । ਚਾਹੇ ਬ੍ਰਾਹਮਣ ਸ਼੍ਰੇਣੀ ਹੋਵੇ, ਕਰਮ ਤਾਂ ਕਰਨਾ ਹੀ ਪੈ ਰਿਹਾ ਹੈ । ਜਦ ਤਕ ਸਥਿਤੀ ਨਹੀਂ ਮਿਲੀ ਤਦ ਤਕ ਦੋਸ਼ ਮੌਜੂਦ ਹੈ, ਪ੍ਰਕ੍ਰਿਤੀ ਦਾ ਪਰਦਾ ਪਿਆ ਹੋਇਆ ਹੈ । ਵੱਸ ਦਾ ਅੰਤ ਉਥੇ ਹੋਵੇਗਾ, ਜਿਥੇ ਬ੍ਰਾਹਮਣ ਸ਼੍ਰੇਣੀ ਦਾ ਕਰਮ ਵੀ ਬ੍ਰਹਮ ਵਿਚ ਪ੍ਰਵੇਸ਼ ਦੇ ਨਾਲ ਲੀਨ ਹੋ ਜਾਏਗਾ । ਉਸ ਪ੍ਰਾਪਤੀ ਵਾਲੇ ਦਾ ਕੀ ਲੱਛਣ ਹੈ, ਜਿਸਦਾ ਕਰਮ ਨਾਲ ਮਤਲਬ ਨਹੀਂ ਰਹਿੰ ਜਾਂਦਾ –

**असक्तबुद्धि: सर्वत्र जितात्मा विगतस्पृह: ।**
**नैष्कर्म्यसिद्धिं परमां संन्यासेनाधिगच्छति ।।४९ ।।**

ਹਰ ਚੀਜ਼ ਲਈ ਸਨੇਹ ਰਹਿਤ ਬੁੱਧੀ ਵਾਲਾ, ਮੋਹ ਤੋਂ ਪੂਰਾ ਰਹਿਤ, ਜਿੱਤੇ ਹੋਏ ਅਤੰਰਮਨ ਵਾਲਾ ਪੁਰਸ਼ '**संन्यासिनाम्**' – ਸਭ ਕੁਝ ਤਿਆਗਣ ਦੀ ਅਵਸਥਾ ਵਿਚ ਪਰਮ ਨਿਸ਼ਕਰਮਤਾ ਦੀ ਸਿੱਧੀ ਨੂੰ ਪ੍ਰਾਪਤ ਹੁੰਦਾ ਹੈ । ਇਥੇ ਸੰਨਿਆਸ ਅਤੇ ਪਰਮ ਨਿਸ਼ਕਰਮਤਾ ਦੀ ਸਿੱਧੀ ਸਮਾਨ–ਅਰਥਕ ਹਨ । ਇਥੇ ਸਾਂਖਿਅ ਯੋਗੀ (ਗਿਆਨ ਮਾਰਗੀ) ਉਥੇ ਹੀ ਪਹੁੰਚਦਾ ਹੈ, ਜਿਥੇ ਨਿਸ਼ਕਾਮ ਕਰਮਯੋਗੀ । ਇਹ ਉਪਲਬਧੀ ਦੋਵਾਂ ਲਈ ਇਕ ਸਮਾਨ ਹੈ । ਹੁਣ ਪਰਮ ਨਿਸ਼ਕਰਮਤਾ–ਸਿੱਧੀ ਨੂੰ ਪ੍ਰਾਪਤ ਹੋਇਆ ਪੁਰਸ਼ ਕਿਵੇਂ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ, ਉਸਦਾ ਸੰਖੇਪ ਨਾਲ ਚਿਤ੍ਰਣ ਕਰਦੇ ਹਨ –

**सिद्धिं प्राप्तो यथा ब्रह्म तथाप्नोति निबोध मे।**
**समासेनैव कौन्तेय निष्ठा ज्ञानस्य या परा।।५०।।**

ਕੌਂਤੇਅ ! ਜੋ ਗਿਆਨ ਦੀ ਪਰਾਨਿਸ਼ਠਾ ਹੈ, ਪਰਾਕਾਸ਼ਠਾ ਹੈ, ਉਸ ਪਰਮਸਿੱਧੀ ਨੂੰ ਪ੍ਰਾਪਤ ਹੋਇਆ ਪੁਰਸ਼ ਬ੍ਰਹਮ ਨੂੰ ਜਿਸ ਤਰ੍ਹਾਂ ਪ੍ਰਾਪਤ ਹੁੰਦਾ ਹੈ, ਉਹ ਵਿਧੀ ਤੂੰ ਮੇਰੇ ਤੋਂ ਸੰਖੇਪ ਵਿਚ ਜਾਣ । ਅਗਲੇ ਸ਼ਲੋਕ ਵਿਚ ਉਹੀ ਵਿਧੀ ਦੱਸਦੇ ਹਨ, ਧਿਆਨ ਦੇਣਾ –

**बुद्ध्या विशुद्धया युक्तो धृत्यात्मानं नियम्य च।**
**शब्दादीन्विषयांस्त्यक्त्वा रागद्वेषौ व्युदस्य च।।५१।।**

**विविक्तसेवी लघ्वाशी यतवाक्कायमानसः।**
**ध्यानयोगपरो नित्यं वैराग्यं समुपाश्रितः।।५२।।**

ਅਰਜੁਨ ! ਵਿਸ਼ੇਸ਼ ਰੂਪ ਨਾਲ ਸ਼ੁੱਧ ਬੁੱਧੀ ਵਾਲਾ, ਏਕਾਂਤਵਾਸ ਅਤੇ ਸ਼ੁਭਸਥਾਨ ਵਿਚ ਰਹਿਣ ਵਾਲਾ, ਸਾਧਨਾ ਵਿਚ ਜਿੰਨਾ ਸਹਾਇਕ ਹੋਵੇ, ਉਂਨਾ ਹੀ ਭੋਜਨ ਕਰਨ ਵਾਲਾ, ਜਿੱਤੇ ਹੋਏ ਮਨ–ਵਚਨ–ਸਰੀਰ ਵਾਲਾ, ਦ੍ਰਿੜ ਵੈਰਾਗ ਨੂੰ ਭਲੀ ਭਾਂਤ ਪਹੁੰਚਿਆ ਹੋਇਆ ਪੁਰਸ਼ ਨਿਰੰਤਰ ਧਿਆਨ–ਯੋਗ ਵਿਚ ਲੱਗਿਆ ਹੋਇਆ ਇਸ ਤਰ੍ਹਾਂ ਦੀ ਧਾਰਣਾ ਸਮੇਤ, ਅਰਥਾਤ ਇਹ ਸਾਰੀਆਂ ਗੱਲਾਂ ਧਾਰਨ ਕਰਕੇ ਅਤੇ ਅੰਤਰਮਨ ਨੂੰ ਵੱਸ ਵਿਚ ਕਰਕੇ, ਸ਼ਬਦ ਆਦਿ ਵਿਸ਼ਿਆਂ ਨੂੰ ਤਿਆਗਕੇ, ਰਾਗ–ਦ੍ਵੇਸ਼ ਨੂੰ ਨਸ਼ਟ ਕਰਕੇ, ਅਤੇ –

**अहंकारं बलं दर्पं कामं क्रोधं परिग्रहम्।**
**विमुच्य निर्ममः शान्तो ब्रह्मभूयाय कल्पते।।५३।।**

ਅਹੰਕਾਰ, ਬਲ, ਘਮੰਡ, ਕਾਮ, ਕ੍ਰੋਧ, ਬਾਹਰੀ ਅਤੇ ਅੰਦਰੂਨੀ ਚਿੰਤਨ ਨੂੰ ਤਿਆਗਕੇ, ਮਮਤਾ ਰਹਿਤ, ਸ਼ਾਂਤ ਅੰਤਰਮਨ ਵਾਲਾ ਹੋਕੇ ਪਰਬ੍ਰਹਮ ਦੇ ਨਾਲ ਏਕਾਭਾਵ ਹੋਣ ਦੇ ਲਈ ਯੋਗ ਹੁੰਦਾ ਹੈ । ਅੱਗੇ ਵੇਖੀਏ –

**ब्रह्मभूतः प्रसन्नात्मा न शोचति न काङ्क्षति।**
**समः सर्वेषु भूतेषु मदभक्तिं लभते पराम्।।५४।।**

ਬ੍ਰਹਮ ਨਾਲ ਏਕਾਕਾਰ (ਏਕਾਭਾਵ) ਹੋਣ ਦੀ ਯੋਗਤਾ ਵਾਲਾ ਉਹ ਪ੍ਰਸੰਨਚਿੱਤ ਪੁਰਸ਼ ਨਾ ਤਾਂ ਕਿਸੇ ਚੀਜ਼ ਲਈ ਸੋਗ ਕਰਦਾ ਹੈ ਅਤੇ ਨਾ ਹੀ ਕਿਸੇ ਚੀਜ਼ ਦੀ ਆਸ ਹੀ ਕਰਦਾ ਹੈ । ਸਾਰਿਆਂ ਜੀਵ ਪ੍ਰਾਣੀਆਂ ਲਈ ਸਮਾਨ ਭਾਵ ਰੱਖਣ ਵਾਲਾ ਉਹ ਮਨੁੱਖ ਭਗਤੀ ਦੀ ਪਰਾਕਾਸ਼ਠਾ ਤੇ ਹੈ । ਭਗਤੀ ਆਪਣਾ ਪਰਿਣਾਮ ਦੇਣ ਦੀ ਉਸ ਸਥਿਤੀ ਵਿਚ ਹੈ, ਜਿਥੇ ਬ੍ਰਹਮ ਵਿਚ ਪ੍ਰਵੇਸ਼ ਮਿਲਦਾ ਹੈ ਹੁਣ –

**भक्त्या मामभिजानाति यावान्यश्चास्मि तत्त्वतः।**
**ततो मां तत्त्वतो ज्ञात्वा विशते तदनन्तरम्।।५५।।**

ਉਸ ਪਰਾਭਗਤੀ ਦੁਆਰਾ ਉਹ ਮੈਨੂੰ ਤੱਤ ਤੋਂ ਭਲੀ ਪ੍ਰਕਾਰ ਜਾਣਦਾ ਹੈ । ਉਹ ਤੱਤ ਕੀ ਹੈ ? ਮੈਂ ਜੋ ਹਾਂ ਅਤੇ ਜਿਸ ਪ੍ਰਭਾਵ ਵਾਲਾ ਹਾਂ, ਅਜਰ–ਅਮਰ ਸ਼ਾਸ਼ਵਤ, ਅਲੌਕਿਕ ਗੁਣ ਵਾਲਾ ਹਾਂ, ਉਹ ਉਸਨੂੰ ਜਾਣਦਾ ਹੈ ਅਤੇ ਮੈਨੂੰ ਤੱਤ ਤੋਂ ਜਾਣਕੇ ਤਤਕਾਲ ਮੇਰੇ ਵਿਚ ਪ੍ਰਵੇਸ਼ ਕਰ ਜਾਂਦਾ

ਹੈ । ਪ੍ਰਾਪਤੀਕਾਲ ਵਿਚ ਤਾਂ ਭਗਵਾਨ ਦਿਖਾਈ ਪੈਂਦੇ ਹਨ ਅਤੇ ਪ੍ਰਾਪਤੀ ਦੇ ਠੀਕ ਬਾਅਦ ਤਤਪਲ ਹੀ ਸਾਧਕ ਆਪਣੇ ਹੀ ਆਤਮਸਰੂਪ ਨੂੰ ਉਹਨਾਂ ਈਸ਼ਵਰੀ ਗੁਣਾਂ ਨਾਲ ਓਤਪ੍ਰੋਤ ਵੇਖਦਾ ਹੈ ਕਿ ਆਤਮਾ ਹੀ ਅਜਰ-ਅਸਰ-ਸ਼ਾਸਵਤ, ਅਵਿਅਕਤ ਅਤੇ ਸਨਾਤਨ ਹੈ ।

ਦੂਜੇ ਅਧਿਆਇ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਆਤਮਾ ਹੀ ਸਤਿ ਹੈ, ਸਨਾਤਨ ਹੈ, ਅਵਿਅਕਤ ਅਤੇ ਅੰਮ੍ਰਿਤ-ਸਵਰੂਪ ਹੈ, ਪਰ ਇਹਨਾਂ ਵਿਭੂਤੀਆਂ (ਸ਼੍ਰੇਸ਼ਠਤਾਵਾਂ) ਵਾਲੀ ਆਤਮਾ ਨੂੰ ਸਿਰਫ਼ ਤੱਤਦਰਸ਼ੀਆਂ ਨੇ ਵੇਖਿਆ । ਹੁਣ ਉਥੇ ਪ੍ਰਸ਼ਨ ਸੁਭਾਵਕ ਸੀ ਕਿ ਅਸਲ ਵਿਚ ਤੱਤਦਰਸ਼ਿਤਾ ਹੈ ਕੀ ? ਬਹੁਤ ਸਾਰੇ ਲੋਕੀਂ ਪੰਜ ਤੱਤ, ਪੱਚੀ ਤੱਤ ਆਦਿ ਦੀ ਬੌਧਿਕ ਗਿਣਤੀ ਕਰਨ ਲੱਗਦੇ ਹਨ । ਪਰ ਸ਼੍ਰੀ ਕ੍ਰਿਸ਼ਣ ਨੇ ਇਥੇ ਅਠਾਰ੍ਹਵੇਂ ਅਧਿਆਇ ਵਿਚ ਨਿਰਣਾ ਦਿਤਾ ਕਿ ਪਰਮਤੱਤ ਹੈ ਪਰਮਾਤਮਾ । ਜੋ ਉਸਨੂੰ ਜਾਣਦਾ ਹੈ, ਉਹੀ ਤੱਤਦਰਸ਼ੀ ਹੈ । ਹੁਣ ਜੇ ਤੁਹਾਨੂੰ ਤੱਤ ਦੀ ਚਾਹ ਹੈ, ਪਰਮਾਤਮ ਤੱਤ ਦੀ ਚਾਹ ਹੈ, ਤਾਂ ਭਜਨ-ਚਿੰਤਨ ਜ਼ਰੂਰੀ ਹੈ ।

ਇਥੇ ਸ਼ਲੋਕ ਉਣਿੰਜਾ ਤੋਂ ਪਚਵਿੰਜਾ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕੀਤਾ ਕਿ ਸੰਨਿਆਸ ਮਾਰਗ ਵਿਚ ਵੀ ਕਰਮ ਕਰਨਾ ਹੈ । ਉਹਨਾਂ ਨੇ ਕਿਹਾ **'सन्यासेन'** - ਸੰਨਿਆਸ ਦੇ ਦੁਆਰਾ (ਅਰਥਾਤ ਗਿਆਨਯੋਗ ਦੁਆਰਾ) ਕਰਮ ਕਰਦੇ-ਕਰਦੇ ਇੱਛਾ ਰਹਿਤ, ਸਨੇਹ ਰਹਿਤ ਅਤੇ ਜਿੱਤੇ ਹੋਏ ਸ਼ੁੱਧ ਅੰਤਰਮਨ ਵਾਲਾ ਪੁਰਸ਼ ਜਿਸ ਤਰ੍ਹਾਂ ਨਿਸ਼ਕਰਮਤਾ ਦੀ ਪਰਮਸਿੱਧੀ ਨੂੰ ਪ੍ਰਾਪਤ ਹੁੰਦਾ ਹੈ, ਉਹ ਹੁਣ ਸੰਖੇਪ ਵਿਚ ਕਹਾਂਗਾ । ਅਹੰਕਾਰ, ਬਲ, ਦਰਪ (ਦੰਭ), ਕਾਮ-ਕ੍ਰੋਧ, ਮਦ-ਮੋਹ ਆਦਿ ਪ੍ਰਕ੍ਰਿਤੀ ਵਿਚ ਸੁੱਟਣ ਵਾਲੇ ਵਿਕਾਰ ਜਦੋਂ ਪੂਰੇ ਸ਼ਾਂਤ ਹੋ ਜਾਂਦੇ ਹਨ ਅਤੇ ਵਿਵੇਕ-ਵੈਰਾਗ, ਸ਼ਮ-ਦਮ, ਏਕਾਂਤਵਾਸ, ਧਿਆਨ ਆਦਿ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਯੋਗਤਾਵਾਂ ਜਦ ਪੂਰੀਆਂ ਪਰੀਪੱਕ ਹੋ ਜਾਂਦੀਆਂ ਹਨ, ਉਸ ਸਮੇਂ ਉਹ ਬ੍ਰਹਮ ਨੂੰ ਜਾਣਨ ਯੋਗ ਹੁੰਦਾ ਹੈ । ਉਸ ਯੋਗਤਾ ਦਾ ਨਾਮ ਹੀ ਪਰਾਭਗਤੀ ਹੈ । ਇਸੇ ਯੋਗਤਾ ਨਾਲ ਉਹ ਤੱਤ ਨੂੰ ਜਾਣਦਾ ਹੈ । ਤੱਤ ਹੈ ਕੀ ? ਮੈਂ ਤੱਤ ਹਾਂ, ਮੈਨੂੰ ਜਾਣਦਾ ਹੈ । ਭਗਵਾਨ ਜੋ ਹੈ, ਜਿਹੜੀਆਂ ਵਿਭੂਤੀਆਂ ਨਾਲ ਹੈ, ਉਸਨੂੰ ਜਾਣਦਾ ਹੈ ਅਤੇ ਮੈਨੂੰ ਜਾਣਕੇ ਤਤਕਾਲ ਮੇਰੇ ਵਿਚ ਹੀ ਸਥਿਤ ਹੋ ਜਾਂਦਾ ਹੈ । ਅਰਥਾਤ ਬ੍ਰਹਮ, ਤੱਤ, ਈਸ਼ਵਰ, ਪਰਮਾਤਮਾ ਅਤੇ ਆਤਮਾ ਇਕ ਦੂਜੇ ਦੇ ਸਮਾਨਾਰਥਕ ਹਨ । ਇਕ ਦੀ ਜਾਣਕਾਰੀ ਹੋਣ ਦੇ ਨਾਲ ਹੀ ਇਹਨਾਂ ਸਾਰਿਆਂ ਦੀ ਜਾਣਕਾਰੀ ਹੋ ਜਾਂਦੀ ਹੈ । ਇਹੋ ਪਰਮਸਿੱਧੀ, ਪਰਮਗਤਿ, ਪਰਮਾਤਮਾ ਵੀ ਹੈ ।

ਇਸ ਲਈ ਗੀਤਾ ਦਾ ਦ੍ਰਿੜ ਨਿਸ਼ਚਾ ਹੈ ਕਿ ਸੰਨਿਆਸ ਅਤੇ ਨਿਸ਼ਕਾਮ ਕਰਮਯੋਗ ਦੋਵਾਂ ਰਾਹੀਂ ਪਰਮ ਨਿਸ਼ਕਰਮਤਾ ਦੀ ਸਿੱਧੀ ਪਾਉਣ ਲਈ ਨਿਯਤ ਕਰਮ (ਚਿੰਤਨ) ਜ਼ਰੂਰੀ ਹੈ ।

ਹੁਣ ਤਕ ਤਾਂ ਸੰਨਿਆਸੀ ਦੇ ਲਈ ਉਹਨਾਂ ਨੇ ਭਜਨ-ਚਿੰਤਨ ਉਤੇ ਹੀ ਜ਼ੋਰ ਪਾਇਆ ਅਤੇ ਹੁਣ ਸਮਰਪਣ ਕਹਿਕੇ ਚਰਚਾ ਨੂੰ ਕਰਮਯੋਗੀ ਦੇ ਲਈ ਵੀ ਕਹਿ ਰਹੇ ਹਨ -

**सर्वकर्माण्यपि सदा कुर्वाणो मद्व्यपाश्रय:।**
**मत्प्रसादादवाप्नोति शाश्वतं पदमव्ययम् ।।५६ ।।**

ਵਿਸ਼ੇਸ਼ ਰੂਪ ਨਾਲ ਮੇਰਾ ਆਸਰਾ ਲੈਣ ਵਾਲਾ ਪੁਰਸ਼ ਸਾਰੇ ਕੰਮਾਂ ਨੂੰ ਕਰਦਾ ਹੋਇਆ, ਲੇਸ਼ ਮਾਤਰ ਵੀ ਤਰੁਟੀ ਨਾ ਰੱਖਦਾ ਹੋਇਆ, ਮੇਰੀ ਕਿਰਪਾ ਦੇ ਪ੍ਰਸਾਦ ਨਾਲ ਸ਼ਾਸ਼ਵਤ ਆਵਿਨਾਸ਼ੀ ਪਰਮਪਦ ਨੂੰ ਪ੍ਰਾਪਤ ਹੁੰਦਾ ਹੈ । ਕਰਮ ਉਹੀ ਹੈ, ਨਿਰਧਾਰਤ ਕਰਮ, ਯੱਗ ਦੀ ਪ੍ਰਕ੍ਰਿਆ । ਪੂਰਣ ਯੋਗੇਸ਼ਵਰ ਸਤਿਗੁਰੂ ਦੇ ਆਸਰੇ ਹੋਇਆ ਸਾਧਕ ਉਹਨਾਂ ਦੇ ਕਿਰਪਾ-ਪ੍ਰਸਾਦ ਨਾਲ ਛੇਤੀ ਹੀ

ਪ੍ਰਾਪਤੀ ਕਰ ਲੈਂਦਾ ਹੈ । ਇਸ ਲਈ ਪ੍ਰਾਪਤੀ ਵਾਸਤੇ ਸਮਰਪਣ ਚਾਹੀਦਾ ਹੈ ।

**चेतसा सर्वकर्माणि मयि संन्यस्य मत्पर: ।**
**बुद्धियोगमुपाश्रित्य मच्चित्त: सततं भव ।।५७।।**

ਇਸ ਲਈ ਅਰਜੁਨ ! ਸਾਰਿਆਂ ਕਰਮਾਂ ਨੂੰ (ਜੋ ਕੁਝ ਵੀ ਤੇਰੇ ਤੋਂ ਹੋ ਸਕਦਾ ਹੈ) ਮਨ ਨਾਲ ਮੈਨੂੰ ਅਰਪਿਤ ਕਰਕੇ, ਆਪਣੇ ਭਰੋਸੇ ਨਹੀਂ, ਬਲਕਿ ਮੈਨੂੰ ਸਮਰਪਿਤ ਕਰਕੇ, ਮੇਰਾ ਸ਼ਰਧਾਲੂ ਹੋਕੇ, ਬੁਧੀਯੋਗ ਅਰਥਾਤ ਯੋਗ ਦੀ ਬੁੱਧੀ ਦਾ ਸਹਾਰਾ ਲੈਕੇ ਨਿਰੰਤਰ ਮੇਰੇ ਵਿਚ ਚਿੱਤ ਲਗਾ । ਯੋਗ ਇਕੋ ਹੈ, ਜੋ ਦੁੱਖਾਂ ਦਾ ਪੂਰਾ ਅੰਤ ਕਰਨ ਵਾਲਾ ਅਤੇ ਪਰਮਤੱਤ ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲਾ ਹੈ । ਉਸਦੀ ਕ੍ਰਿਆ ਵੀ ਇੱਕੋ ਹੈ – ਯੱਗ ਦੀ ਪ੍ਰਕ੍ਰਿਆ, ਜੋ ਮਨ ਅਤੇ ਇੰਦ੍ਰੀਆਂ ਦੇ ਸੰਜਮ, ਸੁਆਸ-ਪ੍ਰਸੁਆਸ ਅਤੇ ਧਿਆਨ ਆਦਿ ਉਤੇ ਨਿਰਭਰ ਹੈ । ਜਿਸਦਾ ਪਰਿਣਾਮ ਵੀ ਇੱਕੋ ਹੈ – **'यान्ति ब्रह्म सनातनम्'** – ਇਸੇ ਬਾਰੇ ਅੱਗੇ ਕਹਿੰਦੇ ਹਨ –

**मच्चित्त: सर्वदुर्गाणि मत्प्रसादात्तरिष्यसि ।**
**अथ चेत्त्वमहंकारान्न श्रोष्यसि विनङ्क्ष्यसि ।।५८।।**

ਇਸ ਤਰ੍ਹਾਂ ਨਿਰੰਤਰ ਮੇਰੇ ਵਿਚ ਚਿੱਤ ਨੂੰ ਲਗਾਉਣ ਵਾਲਾ ਬਣਕੇ ਤੂੰ ਮੇਰੀ ਕਿਰਪਾ ਨਾਲ ਮਨ ਅਤੇ ਇੰਦ੍ਰੀਆਂ ਦੇ ਸਾਰੇ ਕਿਲੇ ਸਹਿਜੇ ਹੀ ਜਿਤ ਲਏਂਗਾ । **'इन्दिन्ह द्वारा झराखा नाना । तहँ तहँ सुर बैठे करि थाना ।। आवत देखहि विषय बयारी । ते हठ देहिं कपाट उधारी ।।'** – ਇਹੋ ਦੁਰਜੈ ਕਿਲੇ ਹਨ, ਜਿਨ੍ਹਾਂ ਨੂੰ ਜਿੱਤਣਾ ਬੜਾ ਔਖਾ ਹੈ । ਮੇਰੀ ਕਿਰਪਾ ਨਾਲ ਤੂੰ ਇਹਨਾਂ ਅੜਚਨਾਂ ਨੂੰ ਪਾਰ ਕਰ ਜਾਏਂਗਾ, ਪਰ ਜੇ ਅਹੰਕਾਰ ਦੇ ਕਾਰਣ ਮੇਰੇ ਵਚਨਾਂ ਨੂੰ ਨਹੀ ਸੁਣ ਸਕੇਂਗਾ, ਤਾਂ ਨਸ਼ਟ ਹੋ ਜਾਏਂਗਾ, ਪਰਮਾਰਥ ਤੋਂ ਦੂਰ ਹੋ ਜਾਏਂਗਾ । ਇਸ ਬਿੰਦੂ ਨੂੰ ਯੋਗੇਸ਼ਵਰ ਨੇ ਕਈ ਵਾਰ ਦੁਹਰਾਇਆ ਦੇਖੋ ੧੬/੧੮-੧੯, ੧੭/੫-੬. ੧੬/੨੩ ਵਿੱਚ ਉਹ ਕਹਿੰਦੇ ਹਨ ਕਿ ਸ਼ਾਸਤਰ ਵਿਧੀ ਨੂੰ ਤਿਆਗ ਕੇ ਹੋਰ ਵਿਧੀਆਂ ਨਾਲ ਜੋ ਭਜਨ ਕਰਦਾ ਹੈ ਉਸਦੇ ਜੀਵਨ ਵਿੱਚ ਨਾਂ ਸੁੱਖ ਹੈ ਨਾਂ ਸ਼ਾਂਤੀ ਹੈ ਨਾਂ ਸਿੱਧੀ ਹੈ ਨਾਂ ਪਰਮਗਤੀ। ਉਹ ਸਾਰਿਆਂ ਤੋਂ ਭ੍ਰਸ਼ਟ ਹੋ ਜਾਂਦਾ ਹੈ। ਇੱਥੇ ਉਹ ਕਹਿੰਦੇ ਹਨ ਕਿ ਜੇ ਹੰਕਾਰ ਵੱਸ ਤੂੰ ਮੇਰੀ ਗੱਲ ਨਹੀਂ ਸੁਣੇਂਗਾ ਤਾਂ ਨਸ਼ਟ ਹੋ ਜਾਵੇਂਗਾ। ਇਸ ਲਈ ਲੋਕ ਸਮਰਿੱਧੀ ਅਤੇ ਪਰਮ ਪਦ ਦੀ ਪ੍ਰਾਪਤੀ ਦਾ ਸੰਪੂਰਨ ਸਾਧਨ ਹੈ ਆਦਿ ਸ਼ਾਸਤਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਨ ਦੀ ਇਹ ਗੀਤਾ। ਫੇਰ ਇਸੇ ਉਤੇ ਜ਼ੋਰ ਦੇਂਦੇ ਹਨ ਕਿ –

**यदहंकारमाश्रित्य न योत्स्य इति मन्यसे ।**
**मिथ्यैष व्यवसायस्ते प्रकृतिस्त्वां नियोक्ष्यति ।।५९।।**

ਜੇ ਤੂੰ ਅਹੰਕਾਰ ਦੇ ਆਸਰੇ ਰਹਿੰਦਾ ਹੋਇਆ ਇਹ ਮੰਨਦਾ ਹੈਂ ਕਿ ਯੁੱਧ ਨਹੀਂ ਕਰਾਂਗਾ, ਤਾਂ ਤੇਰਾ ਇਹ ਨਿਸ਼ਚਾ ਮਿਥਿਆ ਹੈ, ਕਿਉਂਕਿ ਤੇਰਾ ਸੁਭਾਅ ਜ਼ਬਰਦਸਤੀ ਤੈਨੂੰ ਯੁੱਧ ਵਿਚ ਲਗਾ ਦੇਏਗਾ ।

**स्वभावजेन कौन्तेय निबद्ध: स्वेन कर्मणा ।**
**कर्तुं नेच्छसि यन्मोहात्करिष्यस्यवशोऽपि तत् ।।६०।।**

ਕੌਂਤੇਅ । ਮੋਹਵੱਸ ਤੂੰ ਜਿਸ ਕਰਮ ਨੂੰ ਨਹੀਂ ਕਰਨਾ ਚਾਹੁੰਦਾ, ਉਸਨੂੰ ਵੀ ਤੂੰ ਆਪਣੇ ਸੁਭਾਅ ਤੋਂ ਪੈਦਾ ਹੋਏ ਕਰਮ ਨਾਲ ਬੰਨ੍ਹਿਆ ਹੋਇਆ, ਪਰਵੱਸ ਹੋਕੇ ਕਰੇਂਗਾ । ਪ੍ਰਕ੍ਰਿਤੀ ਦੇ ਸੰਘਰਸ਼

ਤੋਂ ਨਾ ਦੌੜਨ ਦਾ ਤੇਰਾ ਖੜ੍ਹੀ ਸ਼੍ਰੇਣੀ ਦਾ ਸੁਭਾਅ ਤੈਨੂੰ ਬਦੋਬਦੀ ਕਰਮ ਵਿਚ ਲਗਾਏਗਾ । ਪ੍ਰਸ਼ਨ ਪੂਰਾ ਹੋਇਆ । ਹੁਣ ਉਹ ਈਸ਼ਵਰ ਰਹਿੰਦਾ ਕਿੱਥੇ ਹੈ । ਯੋਗੇਸ਼ਵਰ ਕਹਿੰਦੇ ਹਨ –

**ईश्वर: सर्वभूतानां हृद्देशेऽर्जुन तिष्ठति।**
**भ्रामयन्सर्वभूतानि यन्त्रारूढानि मायया।।६१।।**

ਅਰਜੁਨ ! ਉਹ ਈਸ਼ਵਰ ਸਾਰੇ ਜੀਵ ਪ੍ਰਾਣੀਆਂ ਦੇ ਹਿਰਦੇ–ਦੇਸ਼ ਵਿਚ ਨਿਵਾਸ ਕਰਦਾ ਹੈ । ਏਨ੍ਹਾਂ ਕੋਲ ਹੈ ਤਾਂ ਲੋਕੀਂ ਜਾਣਦੇ ਕਿਉਂ ਨਹੀਂ ? ਮਾਇਆ ਰੂਪੀ ਯੰਤ੍ਰ ਵਿਚ ਸਵਾਰ ਹੋਏ ਸਭ ਲੋਕੀਂ ਭਰਮ ਦੇ ਵੱਸ ਹੋਕੇ ਚੱਕਰ ਲਗਾਉਂਦੇ ਹੀ ਰਹਿੰਦੇ ਹਨ, ਇਸ ਲਈ ਨਹੀਂ ਜਾਣਦੇ । ਇਹ ਯੰਤ੍ਰ ਬੜਾ ਬਾਧਕ ਹੈ, ਜੋ ਬਾਰਬਾਰ ਨਸ਼ਵਰ ਕਲੇਵਰਾਂ (ਸਰੀਰਾਂ) ਵਿਚ–ਘੁਮਾਉਂਦਾ ਰਹਿੰਦਾ ਹੈ । ਤਾਂ ਕਿਸਦੀ ਸ਼ਰਨ ਲਈਏ ?

**तमेव शरणं गच्छ सर्वभावेन भारत।**
**तत्प्रसादात्परां शान्तिं स्थानं प्राप्स्यसि शाश्वतम्।।६२।।**

ਇਸ ਲਈ ਭਾਰਤ ! ਪੂਰੀ ਭਾਵਨਾ ਨਾਲ ਉਸ ਈਸ਼ਵਰ ਦੀ (ਜੋ ਹਿਰਦੇ–ਦੇਸ਼ ਵਿਚ ਸਥਿਤ ਹੈ) ਸ਼ਰਨ ਵਿਚ ਜਾ । ਉਸਦੇ ਕਿਰਪਾ–ਪ੍ਰਸਾਦ ਨਾਲ ਤੂੰ ਪਰਮਸ਼ਾਂਤੀ, ਸ਼ਾਸ਼ਵਤ ਪਰਮਧਾਮ ਨੂੰ ਪ੍ਰਾਪਤ ਹੋਵੇਂਗਾ । ਇਸ ਲਈ ਧਿਆਨ ਕਰਨਾ ਹੈ ਤਾਂ ਹਿਰਦੇ–ਦੇਸ਼ ਵਿਚ ਕਰੋ । ਇਹ ਜਾਣਦੇ ਹੋਏ ਵੀ ਮੰਦਿਰ, ਮਸਜਿਦ, ਚਰਚ ਜਾਂ ਹੋਰਾਂ ਥਾਵਾਂ ਤੇ ਉਸਨੂੰ ਲੱਭਣਾ ਸਮਾਂ ਬਰਬਾਦ ਕਰਨਾ ਹੈ । ਹਾਂ, ਜੇ ਇਹ ਜਾਣਕਾਰੀ ਨਹੀਂ ਹੈ, ਤਦ ਤਕ ਉਸਨੂੰ ਲੱਭਣਾ ਸੁਭਾਵਕ ਹੈ । ਪਰ ਈਸ਼ਵਰ ਦਾ ਨਿਵਾਸ–ਸਥਾਨ ਹਿਰਦਾ ਹੈ, ਭਾਗਵਤ ਦੀ ਚਤੁਰਸ਼ਲੋਕੀ ਗੀਤਾ ਦਾ ਵੀ ਇਹੋ ਸਾਰਾਂਸ਼ ਹੈ ਕਿ ਵੈਸੇ ਤਾਂ ਮੈਂ ਸਭਥਾਈਂ ਹਾਂ, ਪਰ ਜੇ ਪ੍ਰਾਪਤ ਹੁੰਦਾ ਹਾਂ, ਤਾਂ ਹਿਰਦੇ–ਦੇਸ਼ ਵਿਚ ਧਿਆਨ ਕਰਨ ਨਾਲ ਹੀ ।

**इति ते ज्ञानमाख्यातं गुह्याद् गुह्यतरं मया।**
**विमृश्यैतदशेषेण यथेच्छसि तथा कुरु।।६३।।**

ਇਸ ਤਰ੍ਹਾਂ ਇਹ ਰਹੱਸਮਈ ਤੋਂ ਵੀ ਅਤਿ ਰਹੱਸਮਈ ਗਿਆਨ ਮੈਂ ਤੇਰੇ ਲਈ ਕਿਹਾ ਹੈ । ਇਸ ਵਿਧੀ ਨਾਲ ਪੂਰਾ ਵਿਚਾਰ ਕਰ, ਫੇਰ ਜਿਸ ਤਰ੍ਹਾਂ ਤੂੰ ਚਾਹੁੰਦਾ ਹੈਂ ਜਿਸ ਤਰ੍ਹਾਂ ਕਰ । ਸੱਚ ਇਹੋ ਹੈ, ਖੋਜ ਕਰਨ ਦਾ ਸਥਾਨ ਇਹੋ ਹੈ, ਪ੍ਰਾਪਤੀ ਦਾ ਸਥਾਨ ਵੀ ਇਹੋ ਹੈ । ਪਰ ਹਿਰਦੇ ਵਿਚ ਵਸਿਆ ਈਸ਼ਵਰ ਦਿਖਾਈ ਨਹੀਂ ਦੇਂਦਾ, ਇਸਦਾ ਉਪਾਅ ਦੱਸਦੇ ਹਨ –

**सर्वगुह्यतमं भूय: श्रृणु मे परमं वच:।**
**इष्टोऽसि मे दृढमिति ततो वक्ष्यामि ते हितम्।।६४।।**

ਅਰਜੁਨ ! ਸਾਰੇ ਰਹੱਸਾਂ ਤੋਂ ਵੀ ਅਤਿ ਰਹੱਸਮਈ ਮੇਰੇ ਵਚਨ ਨੂੰ ਤੂੰ ਫੇਰ ਤੋਂ ਸੁਣ ! (ਕਹਿ ਚੁਕੇ ਹਾਂ, ਫੇਰ ਵੀ ਸੁਣ ! ਸਾਧਕ ਲਈ ਇਸ਼ਟ ਸਦਾ ਤਤਪਰ ਖੜ੍ਹੇ ਹਨ) ਕਿਉਂਕਿ ਤੂੰ ਮੇਰਾ ਅਤਿ ਪਿਆਰਾ ਹੈਂ, ਇਸ ਲਈ ਇਹ ਪਰਮ ਹਿਤਕਾਰੀ ਵਚਨ ਮੈਂ ਤੇਰੇ ਲਈ ਫੇਰ ਵੀ ਕਹਾਂਗਾਂ । ਕੀ ਹੈ ਉਹ ਗੱਲ ?

**मन्मया भव मद्भक्तो मद्याजी मां नमस्कुरु।**
**मामेवैष्यसि सत्यं ते प्रतिजाने प्रियोऽसि मे।।६५।।**

ਅਰਜੁਨ ! ਤੂੰ ਮੇਰੇ ਵਿਚ ਹੀ ਸ਼ਰਧਾ ਭਾਵ ਨਾਲ ਮਨ ਲਗਾਉਣ ਵਾਲਾ ਹੋ, ਮੇਰਾ ਸ਼ਰਧਾਲੂ ਭਗਤ ਹੋ, ਮੇਰੇ ਪ੍ਰਤਿ ਸ਼ਰਧਾ ਨਾਲ ਭਰਕੇ (ਸਮਰਪਣ ਕਰਦੇ ਹੋਏ ਤੇਰੇ ਅਥਰੂ ਵਹਿਣ ਲਗੱਣ, ਇਸ ਤਰ੍ਹਾਂ) ਮੈਨੂੰ ਹੀ ਨਮਨ ਕਰ । ਜਿਸ ਤਰ੍ਹਾਂ ਕਰਨ ਨਾਲ ਤੂੰ ਮੈਨੂੰ ਹੀ ਪ੍ਰਾਪਤ ਹੋਏਂਗਾ । ਇਹ ਮੈਂ ਤੇਰੇ ਲਈ ਸੱਚੀ ਪ੍ਰਤਿਗਿਆ ਕਰਕੇ ਕਹਿੰਦਾ ਹਾਂ, ਕਿਉਂਕਿ ਤੂੰ ਮੇਰਾ ਅਤਿਅੰਤ ਪਿਆਰਾ ਹੈਂ । ਪਹਿਲਾਂ ਉਹਨਾਂ ਨੇ ਕਿਹਾ ਕਿ ਈਸ਼ਵਰ ਹਿਰਦੇ-ਦੇਸ਼ ਵਿਚ ਹੈ, ਉਸਦੀ ਸ਼ਰਨ ਜਾ । ਇਥੇ ਕਹਿੰਦੇ ਹਨ - ਮੇਰੀ ਸ਼ਰਨ ਆ, ਇਹ ਅਤਿ ਰਹੱਸਮਈ ਵਚਨ ਸੁਣ ਕਿ ਮੇਰੀ ਸ਼ਰਨ ਆ । ਤਾਂ ਅਸਲ ਵਿਚ ਯੋਗੇਸ਼ਵਰ ਸ਼੍ਰੀਕ੍ਰਿਸ਼ਨ ਕਹਿਣਾ ਕੀ ਚਾਹੁੰਦੇ ਹਨ ? ਇਹੋ ਕਿ ਸਾਧਕ ਲਈ ਸਤਿਗੁਰੂ ਦੀ ਸ਼ਰਨ ਬੜੀ ਜ਼ਰੂਰੀ ਹੈ । ਸ਼੍ਰੀ ਕ੍ਰਿਸ਼ਣ ਇਕ ਯੋਗੇਸ਼ਵਰ ਸਨ । ਹੁਣ ਉਹ ਸਮਰਪਣ ਦੀ ਵਿਧੀ ਦੱਸਦੇ ਹਨ -

**सर्वधर्मान्परित्यज्य मामेकं शरणं व्रज।**
**अहं त्वा सर्वपापेभ्यो मोक्षयिष्यामि मा शुच: ।।६६ ।।**

ਸਾਰੇ ਧਰਮਾਂ ਨੂੰ ਤਿਆਗਕੇ (ਅਰਥਾਤ ਮੈਂ ਬ੍ਰਾਹਮਣ ਸ਼੍ਰੇਣੀ ਦਾ ਕਰਤਾ ਹਾਂ ਜਾਂ ਸ਼ੂਦ੍ਰ ਸ਼੍ਰੇਣੀ ਦਾ, ਖੱਤ੍ਰੀ ਹਾਂ ਜਾਂ ਵੈਸ਼, ਇਹ ਸਭ ਛੱਡਕੇ) ਸਿਰਫ਼, ਇੱਕੋ ਇਕ ਮੇਰੀ ਹੀ ਸ਼ਰਨ ਵਿਚ ਆਜਾ । ਮੈਂ ਤੈਨੂੰ ਸਾਰਿਆਂ ਪਾਪਾਂ ਤੋਂ ਮੁਕਤ ਕਰ ਦੇਵਾਂਗਾ । ਤੂੰ ਸੋਗ ਨਾ ਕਰ ।

ਇਹਨਾਂ ਸਾਰੇ ਬ੍ਰਾਹਮਣ-ਖੱਤ੍ਰੀ ਆਦਿ ਵਰਣਾਂ ਦਾ ਵਿਚਾਰ ਨਾ ਕਰਕੇ (ਕਿ ਇਸ ਕਰਮ-ਮਾਰਗ ਵਿਚ ਮੈਂ ਕਿਹੜੇ ਪੱਧਰ ਦਾ ਹਾਂ) ਜੋ ਸ਼ਰਧਾ ਭਾਵ ਨਾਲ ਇਸ਼ਟ ਦੀ ਸ਼ਰਨ ਹੋ ਜਾਂਦਾ ਹੈ, ਇਸ਼ਟ ਤੋਂ ਸਿਵਾਇ ਹੋਰ ਕਿਸੇ ਨੂੰ ਨਹੀਂ ਵੇਖਦਾ, ਉਸਦੇ ਸਹਿਜੇ-ਸਹਿਜੇ ਵਰਣ ਪਰਿਵਰਤਨ, ਉਨੱਤੀ ਅਤੇ ਪਾਪਾਂ ਤੋਂ ਪੂਰੀ ਨਿਰਵਿਰਤੀ (ਮੋਖਸ਼) ਦੀ ਜ਼ਿੰਮੇਵਾਰੀ ਉਹ ਇਸ਼ਟ, ਸਤਿਗੁਰੂ ਆਪ ਆਪਣੇ ਹੱਥ ਲੈ ਲੈਂਦੇ ਹਨ ।

ਹਰ ਮਹਾਪੁਰਸ਼ ਨੇ ਇਹੋ ਕਿਹਾ । ਸ਼ਾਸਤ੍ਰ ਜਦੋਂ ਲਿਖਤ ਰੂਪ ਵਿਚ ਸਾਮ੍ਹਣੇ ਆਉਂਦਾ ਹੈ, ਅਰਥਾਤ ਲਿਖਿਆ ਹੋਇਆ ਮਿਲਦਾ ਹੈ, ਤਾਂ ਲੱਗਦਾ ਹੈ ਕਿ ਇਹ (ਸ਼ਾਸਤ੍ਰ) ਸਾਰਿਆਂ ਲਈ ਹੈ, ਪਰ ਅਸਲ ਵਿਚ ਉਹ ਸਿਰਫ਼ ਸ਼ਰਧਾਵਾਨ ਲਈ ਹੀ ਹੈ । ਅਰਜੁਨ ਅਧਿਕਾਰੀ ਸ਼ਿਸ ਸੀ, ਇਸ ਲਈ ਉਸਨੂੰ ਬਲ ਪ੍ਰਦਾਨ ਕਰਦੇ ਹੋਏ ਕਿਹਾ । ਹੁਣ ਯੋਗੇਸ਼ਵਰ ਖ਼ੁਦ ਹੀ ਫੈਸਲਾ ਦੇਂਦੇ ਹਨ ਕਿ ਇਸਦੇ ਅਧਿਕਾਰੀ ਕੌਣ ਹਨ -

**इदं ते नातपस्काय नाभक्ताय कदाचन।**
**न चाशुश्रूषवे वाच्यं न च मां योऽभ्यसूयति।।६७।।**

ਅਰਜੁਨ ! ਇਸ ਤਰ੍ਹਾਂ ਤੇਰੇ ਲਾਭ ਲਈ ਕਹੇ ਗਏ ਇਸ ਗੀਤਾ ਦੇ ਉਪਦੇਸ਼ ਨੂੰ ਕਿਸੇ ਵੀ ਸਮੇਂ ਵਿਚ ਭੁੱਲਕੇ ਵੀ ਨਾ ਤਾਂ ਤੱਪ-ਰਹਿਤ ਮਨੁੱਖ ਨੂੰ ਕਹਿਣਾ ਚਾਹੀਦਾ ਹੈ, ਨਾ ਭਗਤੀ-ਰਹਿਤ ਮਨੁੱਖ ਨੂੰ ਕਹਿਣਾ ਚਾਹੀਦਾ ਹੈ ਅਤੇ ਨਾ ਹੀ ਸੁਣਨ ਦੀ ਇੱਛਾ ਨਾ ਰੱਖਣ ਵਾਲੇ ਨੂੰ ਕਹਿਣਾ ਚਾਹੀਦਾ ਹੈ, ਅਤੇ ਜੋ ਮੇਰੀ ਨਿੰਦਿਆ ਕਰਦਾ ਹੈ - ਕਿ ਇਹ ਦੋਸ਼ ਹੈ, ਉਹ ਦੋਸ਼ ਹੈ - ਇਸ ਤਰ੍ਹਾਂ ਦੀ ਝੂਠੀ ਆਲੋਚਨਾ ਕਰਦਾ ਹੈ, ਉਸਨੂੰ ਵੀ ਨਹੀਂ ਕਹਿਣਾ ਚਾਹੀਦਾ । ਸ਼੍ਰੀ ਕ੍ਰਿਸ਼ਣ ਮਹਾਪੁਰਸ਼ ਹੀ ਤਾਂ ਸਨ,ਜਿਨ੍ਹਾਂ ਦੀ ਉਸਤਤ ਕਰਨ ਵਾਲਿਆਂ ਦੇ ਨਾਲ-ਨਾਲ ਕੁਝ ਨਿੰਦਕ ਵੀ ਰਹੇ ਹੋਣਗੇ । ਐਸੇ ਨਿੰਦਕਾਂ ਨੂੰ ਨਹੀਂ ਕਹਿਣਾ ਚਾਹੀਦਾ । ਤਾਂ ਫੇਰ ਪ੍ਰਸ਼ਨ ਸੁਭਾਵਕ ਹੈ ਕਿ ਕਿਸਨੂੰ

ਕਿਹਾ ਜਾਏ ? ਇਸਤੇ ਉਹ ਕਹਿੰਦੇ ਹਨ-

**य इमं परमं गुह्यं मद्भक्तेष्वभिधास्यति।**
**भक्तिं मयि परां कृत्वा मामेवैष्यत्यसंशय: ।।६८।।**

ਜੋ ਮਨੁੱਖ ਮੇਰੇ ਵਿਚ ਪ੍ਰੇਮ ਰੱਖਕੇ ਇਸ ਪਰਮ ਰਹੱਸਮਈ ਗੀਤਾ ਦੇ ਉਪਦੇਸ਼ ਨੂੰ ਮੇਰੇ ਭਗਤਾਂ ਲਈ ਕਹੇਗਾ, ਉਹ ਨਿਰਸੰਦੇਹ ਮੈਨੂੰ ਹੀ ਪ੍ਰਾਪਤ ਹੋਏਗਾ । ਅਰਥਾਤ ਉਹ ਜੋ ਸੁਣ ਲਏਗਾ ਉਹ ਭਗਤ ਮੈਨੂੰ ਹੀ ਪ੍ਰਾਪਤ ਹੋਏਗਾ, ਕਿਉਂਕਿ ਉਪਦੇਸ਼ ਨੂੰ ਸੁਣਕੇ ਉਹ ਭਈ ਭਾਂਤ ਆਪਣੇ ਹਿਰਦੇ ਵਿਚ ਉਤਾਰ ਲਏਗਾ, ਤਾਂ ਉਸਤੇ ਚੱਲੇਗਾ ਅਤੇ ਪਾਰ ਪਾ ਲਏਗਾ । ਹੁਣ ਉਪਦੇਸ਼ ਦੇਣ ਵਾਲੇ ਲਈ ਕਹਿੰਦੇ ਹਨ -

**न च तस्मान्मनुष्येषु कश्चिन्मे प्रियकृत्तम:।**
**भविता न च मे तस्मादन्य: प्रियतरो भुवि।।६९।।**

ਨਾ ਤਾਂ ਉਸਤੋਂ ਵੱਧ ਮੇਰਾ ਪਿਆਰਾ ਕੰਮ ਕਰਨ ਵਾਲਾ ਮਨੁੱਖਾਂ ਵਿਚ ਕੋਈ ਹੋਰ ਹੈ ਅਤੇ ਨਾ ਉਸਤੋਂ ਵੱਧ ਮੇਰਾ ਅਤਿ ਪਿਆਰਾ ਪ੍ਰਿਥਵੀ ਉੱਤੇ ਦੂਜਾ ਕੋਈ ਹੋਏਗਾ । ਕਿਸਤੋਂ ਵੱਧ ਪਿਆਰਾ? ਜੋ ਮੇਰੇ ਭਗਤਾਂ ਵਿਚ ਮੇਰਾ ਉਪਦੇਸ਼ ਕਰੇਗਾ, ਉਹਨਾਂ ਨੂੰ ਉਸ ਮਾਰਗ ਉੱਤੇ ਚਲਾਏਗਾ, ਕਿਉਂਕਿ ਕਲਿਆਨ ਦਾ ਇਹੋ ਇਕ ਉਪਾਅ ਹੈ, ਰਾਜ ਮਾਰਗ ਹੈ । ਹੁਣ ਵੇਖੀਏ ਅਧਿਐਨ -

**अध्येष्यते च य इमं धर्म्यं संवादमावयो:।**
**ज्ञानयज्ञेन तेनाहमिष्ट: स्यामिति मे मति: ।।७०।।**

ਜੋ ਪੁਰਸ਼ ਇਸ ਧਰਮਮਈ ਸਾਡੇ ਦੋਨਾਂ ਦੇ ਸੰਵਾਦ ਦਾ '**अध्येष्यते**' - ਭਲੀ ਪ੍ਰਕਾਰ ਮਨਨ ਕਰੇਗਾ ਉਹ ਗਿਆਨ-ਯੱਗ ਨਾਲ ਮੇਰੀ ਪੂਜਾ ਕਰਨ ਵਾਲਾ ਹੋਏਗਾ, ਅਰਥਾਤ ਇਸ ਤਰ੍ਹਾਂ ਯੱਗ ਜਿਸਦਾ ਪਰਿਣਾਮ ਗਿਆਨ ਹੈ, ਜਿਸਦਾ ਸਵਰੂਪ ਪਿੱਛੇ ਦੱਸਿਆ ਗਿਆ ਹੈ, ਜਿਸਦਾ ਅਰਥ ਹੈ- ਪ੍ਰਤੱਖ ਦਰਸ਼ਨ ਦੇ ਨਾਲ ਮਿਲਣ ਵਾਲੀ ਜਾਣਕਾਰੀ, ਇਹ ਮੇਰੀ ਪੱਕੀ ਸਲਾਹ ਹੈ ।

**श्रद्धावाननसूयश्च श्रृणुयादपि यो नर:।**
**सोऽपिमुक्त: शुभाँल्लोकान्प्राप्नुयात्पुण्य कर्मणाम्।।७१।।**

ਜੋ ਮਨੁੱਖ ਸ਼ਰਧਾ ਨਾਲ ਭਰਕੇ ਅਤੇ ਈਰਖਾ ਰਹਿਤ ਹੋਕੇ ਸਿਰਫ਼ ਸੁਣ ਵੀ ਲਏਗਾ, ਉਹ ਵੀ ਪਾਪਾਂ ਤੋਂ ਮੁਕਤ ਹੋਕੇ ਉੱਤਮ ਕਰਮ ਕਰਨ ਵਾਲਿਆਂ ਦੇ ਸ਼੍ਰੇਸ਼ਠ ਲੋਕ ਨੂੰ ਪ੍ਰਾਪਤ ਹੋਏਗਾ । ਅਰਥਾਤ ਜੇ ਤੁਹਾਡੇ ਕੋਲੋਂ ਹੋ ਨਹੀਂ ਸਕਦਾ ਤਾਂ ਸਿਰਫ਼ ਸੁਣਕੇ ਵੀ ਤੁਹਾਨੂੰ ਉੱਤਮ ਲੋਕ ਦੀ ਪ੍ਰਾਪਤੀ ਹੋ ਸਕਦੀ ਹੈ, ਕਿਉਂਕਿ ਸੁਣਨ ਵਾਲਾ ਵੀ ਤਾਂ ਆਪਣੇ ਚਿੱਤ ਵਿਚ ਉਹ ਗੱਲਾਂ ਗ੍ਰਹਿਣ ਕਰਦਾ ਹੀ ਹੈ । ਇਥੇ ਸਤਾਹਠ ਤੋਂ ਇਕਹੱਤਰ ਤਕ ਪੰਜ ਸ਼ਲੋਕਾਂ ਵਿਚ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਇਹ ਦੱਸਿਆ ਕਿ ਗੀਤਾ ਦਾ ਉਪਦੇਸ਼ ਸਿਰਫ਼ ਅਧਿਕਾਰੀ ਮਨੁੱਖਾਂ ਨੂੰ, ਜੋ ਸ਼ਰਧਾਵਾਨ ਹਨ, ਉਹਨਾਂ ਨੂੰ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ ਸ਼ਰਧਾ ਨਹੀਂ, ਉਹ ਅਧਿਕਾਰੀ ਨਹੀਂ । ਜੋ ਭਗਤ ਸੁਣੇਗਾ ਉਹ ਮੈਨੂੰ ਪ੍ਰਾਪਤ ਹੋਏਗਾ, ਕਿਉਂਕਿ ਅਤਿ ਰਹੱਸਮਈ, ਛੁਪੀ ਹੋਈ ਸੱਚਾਈ ਨੂੰ ਸੁਣਕੇ ਉਸ ਉੱਤੇ ਚੱਲਣ ਲਗੱਦਾ ਹੈ। ਜੋ ਇਸਨੂੰ ਭਗਤਾਂ ਲਈ ਕਹੇਗਾ, ਉਸਤੋਂ ਵੱਧ ਪਿਆਰਾ ਮੈਨੂੰ ਹੋਰ ਕੋਈ ਨਹੀਂ ਹੈ । ਜੋ ਅਧਿਐਨ ਕਰੇਗਾ (ਪੜ੍ਹੇਗਾ, ਸੁਣੇਗਾ) ਉਹ ਮੇਰੀ ਗਿਆਨ-ਯੱਗ ਰਾਹੀਂ ਪੂਜਾ ਕਰਨ ਦਾ ਫਲ ਪਾਏਗਾ । ਯੱਗ ਦਾ ਪਰਿਣਾਮ ਹੀ ਗਿਆਨ ਹੈ । ਗੀਤਾ ਦੇ ਅਨੁਸਾਰ ਜੋ ਕਰਮ ਕਰਨ ਵਿਚ ਅਸਮਰਥ ਹੈ,

ਪਰ ਸ਼ਰਧਾ ਨਾਲ ਸਿਰਫ਼ ਸੁਣਦਾ ਹੀ ਹੈ, ਤਾਂ ਉਹ ਵੀ ਪੁੰਨਮਈ ਲੋਕ ਨੂੰ ਪ੍ਰਾਪਤ ਹੋਏਗਾ । ਇਸ ਤਰ੍ਹਾਂ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਇਸ ਉਪਦੇਸ਼ ਦੇ ਕਹਿਣ-ਸੁਣਨ ਅਤੇ ਅਧਿਐਨ ਦਾ ਫਲ ਦੱਸਿਆ । ਪ੍ਰਸ਼ਨ ਪੂਰਾ ਹੋਇਆ । ਹੁਣ ਅੰਤ ਵਿਚ ਉਹ ਅਰਜੁਨ ਤੋਂ ਪੁੱਛਦੇ ਹਨ ਕਿ ਕੁਝ ਸਮਝ ਵਿਚ ਆਇਆ ?

**कच्चिदेतच्छ्रुतं पार्थ त्वयैकाग्रेण चेतसा।**
**कच्चिदज्ञानसंमोह: प्रनष्टस्ते धनंजय ।।७२ ।।**

ਹੇ ਪਾਰਥ ! ਕੀ ਮੇਰਾ ਇਹ ਵਚਨ ਤੂੰ ਏਕਾਗਰ-ਚਿੱਤ ਹੋਕੇ ਸੁਣਿਆ ? ਕੀ ਤੇਰਾ ਅਗਿਆਨ ਤੋਂ ਪੈਦਾ ਮੋਹ ਨਸ਼ਟ ਹੋ ਗਿਆ ? ਇਸਤੇ ਅਰਜੁਨ ਬੋਲਿਆ –

**नष्टो मोह: स्मृतिर्लब्धा त्वत्प्रसादान्मयाच्युत।**
**स्थितोऽस्मि गतसन्देह: करिष्ये वचनं तव ।।७३ ।।**

ਹੇ ਭਗਵਨ ! ਤੁਹਾਡੀ ਕਿਰਪਾ ਨਾਲ ਮੇਰਾ ਮੋਹ ਨਸ਼ਟ ਹੋ ਗਿਆ ਹੈ, ਮੈਨੂੰ ਚੇਤਨਾ ਪ੍ਰਾਪਤ ਹੋਈ ਹੈ, ਹੁਣ ਮੈਂ ਸ਼ੰਕਾ-ਰਹਿਤ ਹੋ ਗਿਆ ਹਾਂ ਅਤੇ ਤੁਹਾਡੀ ਆਗਿਆ ਦਾ ਪਾਲਨ ਕਰਾਂਗਾ । ਜਦੋਂ ਅਰਜੁਨ ਨੇ ਲੜਾਈ ਦੇ ਮੈਦਾਨ ਵਿਚ ਦੋਵੇਂ ਪਾਸੇ ਆਪਣੇ ਹੀ ਸੰਬੰਧੀਆਂ ਨੂੰ ਵੇਖਿਆ ਸੀ, ਤਾਂ ਅਧੀਰ ਹੋਕੇ ਉਸਨੇ ਬੇਨਤੀ ਕੀਤੀ ਸੀ ਕਿ, ਹੇ ਗੋਵਿੰਦ ! ਆਪਣੇ ਹੀ ਸੰਬੰਧੀਆਂ ਨੂੰ ਮਾਰਕੇ ਅਸੀਂ ਕਿਵੇਂ ਸੁਖੀ ਹੋਵਾਂਗੇ ? ਇਸ ਤਰ੍ਹਾਂ ਯੁੱਧ ਨਾਲ ਸ਼ਾਸ਼ਵਤ ਕੁਲ-ਧਰਮ ਨਸ਼ਟ ਹੋ ਜਾਵੇਗਾ, ਪਿੰਡੋਦਕ ਕ੍ਰਿਆ ਮਿਟ ਜਾਏਗੀ, ਵਰਣ-ਸੰਕਰ ਪੈਦਾ ਹੋਏਗਾ । ਅਸੀਂ ਲੋਕੀਂ ਸਮਝਦਾਰ ਹੋਕੇ ਵੀ ਪਾਪ ਕਰਨ ਲਈ ਤਿਆਰ ਹੋਏ ਹਾਂ । ਕਿਉਂ ਨਾ ਇਸਤੋਂ ਬੱਚਣ ਦਾ ਉਪਾਅ ਕਰੀਏ ? ਇਹ ਸ਼ਸਤ੍ਰਧਾਰੀ ਕੌਰਵ ਮੈਨੂੰ ਸ਼ਸਤ੍ਰ-ਰਹਿਤ ਨੂੰ ਲੜਾਈ ਵਿਚ ਮਾਰ ਦੇਣ, ਤਾਂ ਉਹ ਮਰਨਾ ਵੀ ਚੰਗਾ ਹੈ । ਗੋਵਿੰਦ, ਮੈਂ ਯੁੱਧ ਨਹੀਂ ਕਰਾਂਗਾ – ਕਹਿੰਦਾ ਹੋਇਆ ਅਰਜੁਨ ਰੱਥ ਦੇ ਪਿਛਲੇ ਪਾਸੇ ਜਾ ਬੈਠਿਆ ਸੀ ।

ਇਸ ਤਰ੍ਹਾਂ ਗੀਤਾ ਵਿਚ ਅਰਜੁਨ ਨੇ ਯੋਗੇਸ਼ਵਰ ਸ਼੍ਰੀਕ੍ਰਿਸ਼ਣ ਦੇ ਅੱਗੇ ਪ੍ਰਸ਼ਨਾਂ ਦੀ ਝੜੀ ਲਾ ਦਿਤੀ ਸੀ । ਜਿਵੇਂ ਅਧਿਆਇ ੨/੭ ਵਿਚ, ਕਿ ਉਹ ਸਾਧਨ ਮੈਨੂੰ ਦੱਸੋ ਜਿਸ ਨਾਲ ਮੈਂ ਪਰਮ-ਸ਼੍ਰੇਸ਼ਠਤਾ ਨੂੰ ਪ੍ਰਾਪਤ ਹੋਵਾਂ । ਅਤੇ ੩/੫੪ ਵਿਚ, ਕਿ ਸਥਿਤਪ੍ਰਗਿਅ ਮਹਾਪੁਰਸ਼ ਦੇ ਲੱਛਣ ਕੀ ਹਨ ? ਅਤੇ ੩/੧ ਵਿਚ, ਕਿ ਜਦ ਆਪਦੀ ਨਜ਼ਰ ਵਿਚ ਗਿਆਨ-ਯੋਗ ਸ਼੍ਰੇਸ਼ਠ ਹੈ, ਤਾਂ ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ ? ਅਤੇ ੩/੩੬ ਵਿਚ, ਕਿ ਮਨੁੱਖ ਨਾ ਚਾਹੁੰਦੇ ਹੋਏ ਵੀ ਕਿਸਦੀ ਪ੍ਰੇਰਣਾ ਨਾਲ ਪਾਪ ਦਾ ਆਚਰਣ ਕਰਦਾ ਹੈ ? ਅਤੇ ੪/੪ ਵਿਚ, ਕਿ ਤੁਹਾਡਾ ਜਨਮ ਤਾਂ ਹੁਣ ਹੋਇਆ ਹੈ ਅਤੇ ਸੂਰਜ ਦਾ ਜਨਮ ਬੜਾ ਪੁਰਾਣਾ ਹੈ, ਤਾਂ ਮੈਂ ਇਹ ਕਿਵੇਂ ਮੰਨ ਲਵਾਂ ਕਿ ਕੱਲਪ ਦੇ ਆਦਿ ਵਿਚ ਇਸ ਯੋਗ ਨੂੰ ਤੁਸੀਂ ਸੂਰਜ ਨੂੰ ਕਿਹਾ ਸੀ ? ਫੇਰ ੫/੧ ਵਿਚ, ਕਿ ਕਦੇ ਤੁਸੀਂ ਸੰਨਿਆਸ ਦੀ ਪ੍ਰਸ਼ੰਸਾ ਕਰਦੇ ਹੋ ਤਾਂ ਕਦੇ ਨਿਸ਼ਕਾਮ ਕਰਮ ਦੀ । ਇਹਨਾਂ ਵਿਚੋਂ ਇਕ ਨਿਸ਼ਚਿਤ ਕਰਕੇ ਦੱਸੋ, ਜਿਸ ਨਾਲ ਮੈਂ ਪਰਮ-ਸ਼੍ਰੇਸ਼ਠਤਾ ਨੂੰ ਪ੍ਰਾਪਤ ਹੋਵਾਂ । ਫੇਰ ੬/੩੫ ਵਿਚ, ਕਿ ਮਨ ਚੰਚਲ ਹੈ, ਫੇਰ ਕਮਜ਼ੋਰ ਜਤਨ ਵਾਲਾ ਸ਼ਰਧਾਵਾਨ ਪੁਰਸ਼ ਤੁਹਾਨੂੰ ਨਾ ਪ੍ਰਾਪਤ ਹੋਕੇ ਕਿਹੜੀ ਦੁਰਗਤਿ ਨੂੰ ਪ੍ਰਾਪਤ ਹੁੰਦਾ ਹੈ ? ੮/੧-੨, ਹੇ ਗੋਬਿੰਦ ! ਜਿਸਦਾ ਤੁਸੀਂ ਵਰਣਨ ਕੀਤਾ, ਉਹ ਬ੍ਰਹਮ ਕੀ ਹੈ ? ਉਹ ਕਰਮ ਕੀ ਹੈ ? ਅੰਤ ਸਮੇਂ ਨੂੰ ਤੁਸੀਂ ਕਿਸ ਤਰ੍ਹਾਂ ਚੇਤੇ ਆਉਂਦੇ ਹੋ? ਸੱਤ ਪ੍ਰਸ਼ਨ ਕੀਤੇ । ਅਧਿਆਇ ੧੦/੧੭ ਵਿਚ ਅਰਜੁਨ ਨੇ ਜਿਗਿਆਸਾ ਜ਼ਾਹਿਰ ਕੀਤੀ ਕਿ ਨਿਰੰਤਰ ਚਿੰਤਨ ਕਰਦਾ ਹੋਇਆ ਮੈਂ ਕਿਹੜੇ-ਕਿਹੜੇ ਭਾਵਾਂ ਨਾਲ ਤੁਹਾਡਾ ਸਿਮਰਨ ਕਰਾਂ ?

੧੧/੪ ਵਿਚ ਉਸਨੇ ਬੇਨਤੀ ਕੀਤੀ ਕਿ ਜਿਹੜੀਆਂ ਵਿਭੂਤੀਆਂ ਦਾ ਤੁਸੀਂ ਵਰਣਨ ਕੀਤਾ, ਉਹਨਾਂ ਨੂੰ ਮੈਂ ਪ੍ਰਤੱਖ ਵੇਖਣਾ ਚਾਹੁੰਦਾ ਹਾਂ । ਫੇਰ ੧੨/੧ ਵਿਚ, ਕਿ ਅਨਿੰਨ ਸ਼ਰਧਾ ਨਾਲ ਲੱਗੇ ਹੋਏ ਭਗਤਜਨ ਭਲੀ ਪ੍ਰਕਾਰ ਨਾਲ ਤੁਹਾਡੀ ਉਪਾਸਨਾ ਕਰਦੇ ਹਨ, ਅਤੇ ਦੂਜੇ ਜੋ ਅਖਸ਼ਰ (ਅਨਾਸ਼), ਅਵਿਅਕਤ ਦੀ ਉਪਾਸਨਾ ਕਰਦੇ ਹਨ, ਇਹਨਾਂ ਦੋਨਾਂ ਵਿਚੋਂ ਉੱਤਮ ਯੋਗਵੇਤਾ ਕਿਹੜਾ ਹੈ ? ਫੇਰ ੧੪/੨੧ ਵਿਚ ਕਿ ਤਿੰਨਾਂ ਗੁਣਾਂ ਤੋਂ ਅਤੀਤ ਹੋਇਆ ਪੁਰਸ਼ ਕਿਹੜੇ ਲੱਛਣਾਂ ਵਾਲਾ ਹੁੰਦਾ ਹੈ ? ਅਤੇ ਮਨੁੱਖ ਕਿਹੜੇ ਉਪਾਅ ਨਾਲ ਇਹਨਾਂ ਤਿੰਨਾਂ ਗੁਣਾਂ ਤੋਂ ਅਤੀਤ ਹੁੰਦਾ ਹੈ ? ਫੇਰ ੧੭/੧ ਵਿਚ, ਕਿ ਜੋ ਮਨੁੱਖ ਉਪਰੋਕਤ ਸ਼ਾਸਤ੍ਰ-ਵਿਧੀ ਨੂੰ ਛੱਡਕੇ ਲੇਕਿਨ ਸ਼ਰਧਾ ਨਾਲ ਯੱਗ ਕਰਦਾ ਹੈ, ਉਸਦੀ ਗਤਿ ਕੀ ਹੁੰਦੀ ਹੈ ? ਅਤੇ ੧੮/੧, ਕਿ ਹੇ ਮਹਾਬਾਹੂ ! ਮੈਂ ਤਿਆਗ ਅਤੇ ਸੰਨਿਆਸ ਦੇ ਸਵਰੂਪ ਨੂੰ ਵੱਖ-ਵੱਖ ਕਰਕੇ ਜਾਣਨਾ ਚਾਹੁੰਦਾ ਹਾਂ ।

ਇਸ ਤਰ੍ਹਾਂ ਅਰਜੁਨ ਪ੍ਰਸ਼ਨ ਕਰਦਾ ਗਿਆ । ਜੋ ਪ੍ਰਸ਼ਨ ਉਹ ਨਹੀਂ ਪੁੱਛ ਸਕਿਆ, ਉਹਨਾਂ ਰਹੱਸਾਂ ਨੂੰ ਭਗਵਾਨ ਨੇ ਆਪ ਦੱਸਿਆ । ਇਹਨਾਂ ਪ੍ਰਸ਼ਨਾਂ ਦਾ ਸਮਾਧਾਨ ਹੁੰਦਿਆਂ ਹੀ, ਉਹ ਪ੍ਰਸ਼ਨਾਂ ਤੋਂ ਪਰੇ ਹੋ ਗਿਆ ਅਤੇ ਬੋਲਿਆ ਕਿ ਗੋਬਿੰਦ ! ਹੁਣ ਮੈਂ ਤੁਹਾਡੀ ਆਗਿਆ ਦਾ ਪਾਲਨ ਕਰਾਂਗਾ । ਅਸਲ ਵਿਚ ਇਹ ਪ੍ਰਸ਼ਨ ਹਰ ਮਨੁੱਖ ਲਈ ਹਨ । ਇਹਨਾਂ ਸਾਰਿਆਂ ਪ੍ਰਸ਼ਨਾਂ ਦੇ ਸਮਾਧਾਨ ਤੋਂ ਬਿਨਾਂ ਕੋਈ ਵੀ ਸਾਧਕ ਸਾਧਨਾ-ਮਾਰਗ ਉੱਤੇ ਵੱਧ ਨਹੀਂ ਸਕਦਾ । ਇਸ ਸਤਿਗੁਰੂ ਦੇ ਆਦੇਸ਼ ਦਾ ਪਾਲਨ ਕਰਨ ਲਈ, ਸਾਧਨਾ-ਮਾਰਗ ਵਿਚ ਅੱਗੇ ਵੱਧਣ ਲਈ, ਸੰਪੂਰਣ ਗੀਤਾ ਦਾ ਸ਼੍ਰਵਣ ਕਰਨ ਬੜਾ ਜ਼ਰੂਰੀ ਹੈ । ਅਰਜੁਨ ਦਾ ਸਮਾਧਾਨ ਹੋ ਗਿਆ । ਨਾਲੇ, ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਸ਼੍ਰੀਮੁਖ ਤੋਂ ਨਿਕਲੀ ਵਾਣੀ ਦਾ ਸੰਖੇਪ ਹੋ ਗਿਆ । ਇਸਤੇ ਸੰਜਯ ਬੋਲਿਆ -

[ਗਿਆਰ੍ਹਵੇਂ ਅਧਿਆਇ ਵਿਚ ਵਿਰਾਟ ਰੂਪ ਦਾ ਦਰਸ਼ਨ ਕਰਾ ਲੈਣ ਦੇ ਬਾਅਦ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ ਕਿ ਅਰਜੁਨ ! ਸ਼ਰਧਾ ਭਗਤੀ ਨਾਲ ਮੈਂ ਇਸ ਤਰ੍ਹਾਂ ਵੇਖਣ ਲਈ (ਜਿਵੇਂ ਤੂੰ ਵੇਖਿਆ ਹੈ), ਤੱਤ ਤੋਂ ਜਾਣਨ ਲਈ ਅਤੇ ਪ੍ਰਵੇਸ਼ ਕਰਨ ਲਈ ਸੁਲਭ ਹਾਂ (੧੧/੫੪) । ਇਸ ਤਰ੍ਹਾਂ ਦਰਸ਼ਨ ਕਰਨ ਵਾਲੇ ਪ੍ਰਤੱਖ ਮੇਰੇ ਸਵਰੂਪ ਨੂੰ ਪ੍ਰਾਪਤ ਹੋ ਜਾਂਦੇ ਹਨ, ਅਤੇ ਇਥੇ ਫੇਰ ਅਰਜੁਨ ਨੂੰ ਪੁੱਛਦੇ ਹਨ-ਕੀ ਤੇਰਾ ਮੋਹ ਖ਼ਤਮ ਹੋਇਆ ? ਅਰਜੁਨ ਨੇ ਕਿਹਾ ਕਿ ਮੇਰਾ ਮੋਹ ਖ਼ਤਮ ਹੋ ਗਿਆ । ਮੈਂ ਆਪਣੀ ਸਿਮਰਤੀ (ਚੇਤਨਾ) ਨੂੰ ਪ੍ਰਾਪਤ ਹੋ ਗਿਆ ਹਾਂ । ਆਪ ਜੋ ਕਹਿੰਦੇ ਹੋ, ਉਹੀ ਕਰਾਂਗਾ । ਦਰਸ਼ਨ ਦੇ ਨਾਲ ਤਾਂ ਅਰਜੁਨ ਨੂੰ ਮੁਕਤ ਹੋ ਜਾਣਾ ਚਾਹੀਦਾ ਸੀ । ਦਰਅਸਲ ਅਰਜੁਨ ਨੂੰ ਤਾਂ ਜੋ ਹੋਣਾ ਸੀ, ਹੋ ਗਿਆ, ਪਰ ਸ਼ਾਸਤ੍ਰ ਭਵਿੱਖ ਵਿਚ ਆਉਣ ਵਾਲੀ ਪੀੜ੍ਹੀ ਲਈ ਹੁੰਦਾ ਹੈ । ਉਸਦਾ ਲਾਭ ਤੁਸਾਂ ਸਾਰਿਆਂ ਲਈ ਹੈ ।]

**ਸੰਜਯ ਉਵਾਚ -**

**इत्यहं वासुदेवस्य पार्थस्य च महात्मनः।**
**संवादमिममश्रौषमद्भुतं रोमहर्षणम्।।७४।।**

ਇਸ ਤਰ੍ਹਾਂ ਮੈਂ ਵਾਸੁਦੇਵ ਅਤੇ ਮਹਾਤਮਾ ਅਰਜੁਨ (ਅਰਜੁਨ ਇਕ ਮਹਾਤਮਾ ਹੈ, ਯੋਗੀ ਹੈ, ਸਾਧਕ ਹੈ ਨਾ ਕਿ ਕੋਈ ਧਨੁਖਧਾਰੀ, ਜੋ ਮਾਰਨ ਦੇ ਲਈ ਖੜ੍ਹਾ ਹੈ । ਇਸ ਲਈ ਮਹਤਮਾ ਅਰਜੁਨ) ਦੇ ਇਸ ਵਿਲੱਖਣ ਅਤੇ ਰੁਮਾਂਚਕਾਰੀ ਸੰਵਾਦ ਨੂੰ ਸੁਣਿਆ, ਸੰਜਯ ਵਿਚ ਸੁਣਨ ਦੀ ਸਮਰਥਾ ਕਿਵੇਂ ਆਈ ? ਤਾਂ ਉਸਨੇ ਅੱਗੇ ਕਿਹਾ -

**व्यासप्रसादाच्छ्रुतवानेतद्गुह्यमहं परम्।**
**योगं योगेश्वरात्कृष्णात्साक्षात्कथयत: स्वयम्।।७५।।**

ਸ਼੍ਰੀ ਵਿਆਸ ਜੀ ਦੀ ਕਿਰਪਾ ਨਾਲ, ਉਹਨਾਂ ਦੀ ਦਿਤੀ ਹੋਈ ਦ੍ਰਿਸ਼ਟੀ ਨਾਲ ਮੈਂ ਇਸ ਅਤਿ ਗੁੱਝੇ ਹੋਏ ਰਹੱਸ ਵਾਲੇ ਯੋਗ ਨੂੰ ਪ੍ਰਤੱਖ ਕਹਿੰਦੇ ਹੋਏ ਖ਼ੁਦ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਤੋਂ ਸੁਣਿਆ। ਸੰਜਯ ਸ਼੍ਰੀ ਕ੍ਰਿਸ਼ਣ ਨੂੰ ਯੋਗੇਸ਼ਵਰ ਮੰਨਦਾ ਹੈ । ਜੋ ਆਪ ਯੋਗੀ ਹੋਵੇ ਅਤੇ ਦੂਜਿਆਂ ਨੂੰ ਯੋਗ ਦੇਣ ਦੀ ਸਮਰਥਾ ਰੱਖਦਾ ਹੈ, ਉਹ ਯੋਗੇਸ਼ਵਰ ਹੈ ।

**राजन्संस्मृत्य संस्मृत्य संवादमिममद्भुतम्।**
**केशवार्जुनयो: पुण्यं हृष्यामि च मुहुर्मुहु:।।७६।।**

ਹੇ ਰਾਜਨ ਧ੍ਰਿਤਰਾਸ਼ਟ੍ਰ । ਕੇਸ਼ਵ ਅਤੇ ਅਰਜੁਨ ਦੇ ਇਸ ਪਰਮ ਕਲਿਆਨਕਾਰੀ ਅਤੇ ਅਦਭੁਤ ਸੰਵਾਦ ਨੂੰ ਯਾਦ ਕਰ-ਕਰਕੇ ਮੈਂ ਬਾਰੰਬਾਰ ਪ੍ਰਸੰਨ ਹੋ ਰਿਹਾ ਹਾਂ । ਇਸ ਲਈ ਇਸ ਸੰਵਾਦ ਨੂੰ ਹਮੇਸ਼ਾ ਯਾਦ ਕਰਦੇ ਰਹਿਣਾ ਚਾਹੀਦਾ ਹੈ, ਅਤੇ ਇਸਤੋਂ ਹਮੇਸ਼ਾ ਪ੍ਰਸੰਨਤਾ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ । ਹੁਣ ਉਹਨਾਂ ਦਾ ਸਵਰੂਪ ਯਾਦ ਕਰਦੇ ਹੋਏ ਸੰਜਯ ਕਹਿੰਦਾ ਹੈ -

**तच्च संस्मृत्य संस्मृत्य रूपमत्यद्भुतं हरे:।**
**विस्मयो मे महान् राजन्हृष्यामि च पुन:पुन:।।७७।।**

ਹੇ ਰਾਜਨ ! ਹਰੀ ਦੇ (ਜੋ ਸ਼ੁਭ-ਅਸ਼ੁੱਧ ਸਭ ਦਾ ਹਰਣ ਕਰਕੇ ਆਪ ਬਾਕੀ ਰਹਿੰਦਾ ਹੈ, ਉਸ ਹਰੀ ਦੇ) ਅਤਿ ਅਦਭੁੱਤ ਰੂਪ ਨੂੰ ਬਾਰਬਾਰ ਯਾਦ ਕਰਕੇ ਮੇਰੇ ਚਿੱਤ ਵਿਚ ਬੜਾ ਹੀ ਅਚਰਜ ਪੈਦਾ ਹੁੰਦਾ ਹੈ, ਅਤੇ ਮੈਂ ਬਾਰਬਾਰ ਪ੍ਰਸੰਨ ਹੁੰਦਾ ਹਾਂ । ਇਸ਼ਟ ਦਾ ਸਵਰੂਪ ਬਾਰਬਾਰ ਯਾਦ ਕਰਨ ਦੀ ਚੀਜ਼ ਹੈ । ਅੰਤ ਵਿਚ ਸੰਜਯ ਫੈਸਲਾ ਦੇਂਦਾ ਹੈ -

**यत्र योगेश्वर: कृष्णो यत्र पार्थो धनुर्धर:।**
**तत्र श्रीर्विजयो भूतिर्ध्रुवा नीतिर्मतिर्मम।।७८।।**

ਰਾਜਨ ! ਜਿਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਅਤੇ ਧਨੁਖਧਾਰੀ ਅਰਜੁਨ (ਧਿਆਨ ਹੀ ਧਨੁੱਖ ਹੈ, ਇੰਦ੍ਰੀਆਂ ਦੀ ਦ੍ਰਿੜਤਾ ਹੀ ਗਾਂਡੀਵ (ਗਦਾ) ਹੈ, ਅਰਥਾਤ ਸਥਿਰਤਾ ਦੇ ਨਾਲ ਧਿਆਨ ਕਰਨ ਵਾਲਾ ਮਾਹਾਤਮਾ ਅਰਜੁਨ) ਹੈ, ਉਥੇ ਹੀ "**श्री:**" - ਐਸ਼ਵਰਿਅ (ਈਸ਼ਵਰਤਾ), ਜਿੱਤ ਹੈ, ਜਿਸਦੇ ਪਿੱਛੇ ਰਾਹ ਨਹੀਂ ਹੈ, ਈਸ਼ਵਰੀ ਸ਼੍ਰੇਸ਼ਠਤਾ ਅਤੇ ਚਲ-ਸੰਸਾਰ ਵਿਚ ਅਚਲ ਰਹਿਣ ਵਾਲੀ ਨੀਤੀ ਹੈ, ਇਹ ਮੇਰਾ ਮਤ ਹੈ ।

ਅੱਜ ਤਾਂ ਧਨੁਖਧਾਰੀ ਅਰਜੁਨ ਹੈ ਨਹੀਂ । ਕੀ ਇਹ ਨੀਤੀ, ਜਿੱਤ, ਸ਼੍ਰੇਸ਼ਠਤਾ ਅਰਜੁਨ ਤਕ ਹੀ ਸੀਮਿਤ ਰਹਿ ਗਈ ? ਤਤਕਾਲੀ ਸੀ ਇਹ ? ਕੀ ਇਹ ਦ੍ਵਾਪਰ ਵਿਚ ਹੀ ਖ਼ਤਮ ਹੋ ਗਈ? ਨਹੀਂ ਇਸ ਤਰ੍ਹਾਂ ਦੀ ਗੱਲ ਨਹੀਂ ਹੈ । ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਹੈ ਕਿ ਮੈਂ ਸਭਦੇ ਹਿਰਦੇ-ਦੇਸ਼ ਵਿਚ ਨਿਵਾਸ ਕਰਦਾ ਹਾਂ । ਤੁਹਾਡੇ ਹਿਰਦੇ ਵਿਚ ਵੀ ਹਨ ਉਹ । ਅਨੁਰਾਗ ਹੀ ਅਰਜੁਨ ਹੈ । ਅਨੁਰਾਗ ਤੁਹਾਡੇ ਅੰਤਰਮਨ ਦੀ ਇਸ਼ਟਮੁਖੀ ਲਗਨ ਦਾ ਨਾਮ ਹੈ, ਅਤੇ ਅਨੁਰਾਗ ਤੁਹਾਡੇ ਅੰਦਰ ਹੈ ਤਾਂ ਤੁਹਾਡੀ ਸਦਾ ਹੀ ਅਸਲੀ ਜਿੱਤ ਹੈ, ਅਤੇ ਅਚਲ ਸਥਿਤੀ ਦਿਵਾਉਣ ਵਾਲੀ ਨੀਤੀ ਵੀ ਮੌਜੂਦ ਰਹੇਗੀ, ਇਹ ਨਹੀਂ ਕਿ ਉਹ ਕਿਸੇ ਬੀਤੇ ਸਮੇਂ ਵਿਚ ਸੀ । ਜਦ ਤਕ ਪ੍ਰਾਣੀ ਰਹਿਣਗੇ, ਪਰਮਾਤਮਾ ਦਾ ਨਿਵਾਸ ਉਹਨਾਂ ਦੇ ਹਿਰਦੇ-ਦੇਸ਼ ਵਿਚ ਰਹੇਗਾ, ਵਿਆਕੁਲ ਆਤਮਾ

ਉਸਨੂੰ ਪਾਉਣ ਦਾ ਇੱਛੁਕ ਰਹੇਗਾ ਅਤੇ ਉਹਨਾਂ ਵਿਚੋਂ ਜਿਸਦੇ ਵੀ ਹਿਰਦੇ ਵਿਚ ਅਨੁਰਾਗ ਉਗੇਗਾ, ਉਹ ਅਰਜੁਨ ਦੀ ਸ਼੍ਰੇਣੀ ਵਾਲਾ ਹੋਏਗਾ, ਕਿਉਂਕਿ ਅਨੁਰਾਗ ਹੀ ਅਰਜੁਨ ਹੈ । ਇਸ ਲਈ ਹਰ ਮਨੁੱਖ ਇਸਦੇ ਯੋਗ ਹੋ ਸਕਦਾ ਹੈ ।

**ਸਾਰ**

ਇਹ ਗੀਤਾ ਦਾ ਅੰਤਿਮ ਅਧਿਆਇ ਹੈ । ਸ਼ੁਰੂ ਵਿਚ ਹੀ ਅਰਜੁਨ ਦਾ ਪ੍ਰਸ਼ਨ ਸੀ ਕਿ, ਪ੍ਰਭੂ ! ਮੈਂ ਤਿਆਗ ਤੇ ਸੰਨਿਆਸ ਦੇ ਭੇਦ ਅਤੇ ਸਵਰੂਪ ਨੂੰ ਜਾਣਨਾ ਚਾਹੁੰਦਾ ਹਾਂ । ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਇਸਤੇ ਪ੍ਰਚਲਿਤ ਚਾਰ ਮਤਾਂ ਦੀ ਚਰਚਾ ਕੀਤੀ । ਇਹਨਾਂ ਵਿਚੋਂ ਇਕ ਸਹੀ ਵੀ ਸੀ । ਇਸ ਨਾਲ ਮਿਲਦਾ-ਜੁਲਦਾ ਹੀ ਨਿਰਣਾ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦਿਤਾ ਕਿ ਯੱਗ, ਦਾਨ ਤੇ ਤੱਪ ਕਿਸੇ ਵੀ ਸਮੇਂ ਵਿਚ ਨਹੀਂ ਛੱਡਣੇ ਚਾਹੀਦੇ । ਇਹ ਮਨੀਸ਼ੀਆਂ ਨੂੰ ਵੀ ਪਵਿਤ੍ਰ ਕਰਨ ਵਾਲੇ ਹਨ । ਇਹਨਾਂ ਤਿੰਨਾਂ ਨੂੰ ਕਰਦੇ ਹੋਏ, ਇਹਨਾਂ ਦੇ ਵਿਰੋਧੀ ਵਿਕਾਰਾਂ ਨੂੰ ਤਿਆਗਣਾ ਹੀ ਅਸਲੀ ਤਿਆਗ ਹੈ । ਇਹ ਸਾਤਵਿਕ ਤਿਆਗ ਹੈ । ਫਲ ਦੀ ਇੱਛਾ ਦੇ ਨਾਲ ਤਿਆਗ ਰਾਜਸੀ ਹੈ, ਅਤੇ ਮੋਹ ਵੱਸ ਨਿਰਧਾਰਤ ਕਰਮ ਦਾ ਹੀ ਤਿਆਗ ਤਾਮਸੀ ਹੈ । ਸੰਨਿਆਸ ਤਿਆਗ ਦੀ ਹੀ ਸਭ ਤੋਂ ਉਚੀ ਅਵਸਥਾ ਹੈ । ਨਿਰਧਾਰਤ ਕਰਮ ਅਤੇ ਧਿਆਨ ਤੋਂ ਪ੍ਰਾਪਤ ਸੁਖ ਸਾਤਵਿਕ ਹੈ । ਇੰਦ੍ਰੀਆਂ ਤੇ ਵਿਸ਼ਿਆਂ ਦਾ ਭੋਗ ਰਾਜਸੀ ਹੈ ਅਤੇ ਤ੍ਰਿਪਤੀ ਦੇਣ ਵਾਲੇ ਅੰਨ ਨੂੰ ਨਾਂ ਪੈਦਾ ਕਰਨ ਵਾਲਾ ਦੁਖਮਈ ਸੁਖ ਤਾਮਸੀ ਹੈ ।

ਹਰ ਮਨੁੱਖ ਰਾਹੀਂ ਸ਼ਾਸਤ੍ਰ ਦੇ ਅਨੁਸਾਰ ਜਾਂ ਉਲਟ ਕੰਮ ਕਰਨ ਦੇ ਪੰਜ ਕਾਰਣ ਹਨ- ਕਰਤਾ (ਮਨ), ਵੱਖ-ਵੱਖ ਕਰਣ (ਜਿਨ੍ਹਾਂ ਰਾਹੀ ਕੀਤਾ ਜਾਂਦਾ ਹੈ । ਵਿਵੇਕ, ਵੈਰਾਗ, ਸ਼ਮ-ਦਮ ਸ਼ੁਭ ਨੂੰ ਪਾਰ ਲਗਾਉਣ ਵਾਲੇ ਹਨ ਅਤੇ ਕਾਮ-ਕ੍ਰੋਧ, ਰਾਗ-ਦ੍ਵੇਸ਼ ਆਦਿ ਕਰਣ ਅਸ਼ੁਭ ਨੂੰ ਪਾਰ ਲਗਾਉਂਦੇ ਹਨ), ਅਨੇਕ ਤਰ੍ਹਾਂ ਦੀਆਂ ਇੱਛਾਵਾਂ — ਇੱਛਾਵਾਂ ਅਨੰਤ ਹਨ, ਸਾਰੀਆਂ ਪੂਰੀਆਂ ਨਹੀਂ ਹੋ ਸਕਦੀਆਂ । ਸਿਰਫ਼ ਉਹ ਇੱਛਾ ਪੂਰੀ ਹੁੰਦੀ ਹੈ ਜਿਸਦੇ ਨਾਲ ਆਧਾਰ ਮਿਲ ਜਾਂਦਾ ਹੈ। ਚੌਥਾ ਕਾਰਣ ਹੈ ਆਧਾਰ (ਸਾਧਨ) ਅਤੇ ਪੰਜਵਾਂ ਕਾਰਣ ਹੈ ਦੈਵ (ਪ੍ਰਾਣਬਧ ਜਾਂ ਸੰਸਕਾਰ)। ਹਰ ਕੰਮ ਦੇ ਹੋਣ ਵਿਚ ਇਹੋ ਪੰਜ ਕਾਰਣ ਹੁੰਦੇ ਹਨ । ਫੇਰ ਵੀ ਜੋ ਕੇਵਲਤਾ-ਸਵਰੂਪ (ਜੋ ਕਰਨ-ਕਰਾਉਣ ਤੋਂ ਪਰੇ ਹੈ) ਪਰਮਾਤਮਾ ਨੂੰ ਕਰਤਾ ਮੰਨਦਾ ਹੈ, ਉਹ ਮੂੜਬੁੱਧੀ ਯਥਾਰਥ ਨੂੰ ਨਹੀਂ ਜਾਣਦਾ । ਅਰਥਾਤ ਭਗਵਾਨ ਨਹੀਂ ਕਰਦਾ, ਜਦਕਿ ਪਿਛੇ ਕਹਿ ਚੁਕੇ ਹਨ ਕਿ ਅਰਜੁਨ ! ਤੂੰ ਬਸ ਸਿਰਫ਼ ਮਾਧਿਅਮ ਬਣਕੇ ਖੜ੍ਹਾ ਹੋ ਜਾ । ਕਰਤਾ-ਧਰਤਾ ਤਾਂ ਮੈਂ ਹਾਂ । ਆਖ਼ਰ ਉਹ ਮਹਾਪੁਰਸ਼ ਕੀ ਕਹਿਣਾ ਚਾਹੁੰਦੇ ਹਨ ?

ਅਸਲ ਵਿਚ ਪ੍ਰਕ੍ਰਿਤੀ ਅਤੇ ਪੁਰਸ਼ ਦੇ ਦਰਮਿਆਨ ਇਕ ਆਕਰਸ਼ਣ ਸੀਮਾ-ਰੇਖਾ ਹੈ । ਜਦ ਤਕ ਮਨੁੱਖ ਪ੍ਰਕ੍ਰਿਤੀ ਵਿਚ ਚਲਦਾ ਹੈ, ਤਦ ਤਕ ਮਾਇਆ ਪ੍ਰੇਰਣਾ ਦੇਂਦੀ ਹੈ ਅਤੇ ਜਦ ਉਹ ਇਸਤੋਂ ਉਪੱਰ ਉਠਦਾ ਹੈ ਅਤੇ ਇਸ਼ਟ ਵਿਚ ਸਮਰਪਿਤ ਹੁੰਦਾ ਹੈ, ਤੇ ਉਹ ਇਸ਼ਟ ਜਦੋਂ ਹਿਰਦੇ ਤੋਂ ਰਥੀ ਹੋ ਜਾਂਦੇ ਹਨ, ਤਾਂ ਫੇਰ ਭਗਵਾਨ ਆਪ ਕਰਦੇ ਹਨ । ਇਸ ਤਰ੍ਹਾਂ ਦੇ ਪੱਧਰ ਉਤੇ ਅਰਜੁਨ ਸੀ, ਸੰਜਯ ਵੀ ਸੀ, ਅਤੇ ਸਾਰਿਆਂ ਦੇ ਲਈ ਇਸ ਪੱਧਰ ਉਤੇ ਪਹੁੰਚਣ ਦਾ ਹੱਕ ਹੈ । ਇਸ ਲਈ ਇਥੇ ਪ੍ਰੇਰਣਾ ਭਗਵਾਨ ਕਰਦੇ ਹਨ । ਪੂਰਣ ਗਿਆਤਾ ਮਹਾਪੁਰਸ਼, ਜਾਣਨ ਦੀ ਵਿਧੀ ਅਤੇ ਜਾਣਨ-ਯੋਗ ਪਰਮਾਤਮਾ, ਇਹਨਾਂ ਤਿੰਨਾਂ ਦੇ ਸੰਜੋਗ ਨਾਲ ਕਰਮ ਦੀ ਪ੍ਰੇਰਣਾ ਮਿਲਦੀ ਹੈ । ਇਸ ਲਈ ਕਿਸੇ ਮਹਾਪੁਰਸ਼ (ਸਤਿਗੁਰੂ) ਦੇ ਕੋਲ ਜਾਕੇ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਵਰਣ–ਵਿਵਸਥਾ ਦੇ ਪ੍ਰਸ਼ਨ ਨੂੰ ਚੌਥੀ ਵਾਰ ਲੈਂਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਦੱਸਿਆ ਕਿ ਇੰਦ੍ਰੀਆਂ ਦਾ ਦਮਨ, ਮਨ ਦਾ ਸ਼ਮਨ, ਏਕਾਗਰਤਾ, ਸਰੀਰ–ਵਾਣੀ–ਮਨ ਨੂੰ ਇਸ਼ਟ ਲਈ ਤਪਾਉਣਾ, ਈਸ਼ਵਰੀ ਜਾਣਕਾਰੀ ਦਾ ਸੰਚਾਰ, ਈਸ਼ਵਰੀ ਆਦੇਸ਼ਾਂ ਉਤੇ ਚੱਲਣ ਦੀ ਸਮਰਥਾ ਆਦਿ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਯੋਗਤਾਵਾਂ ਬ੍ਰਾਹਮਣ ਸ਼੍ਰੇਣੀ ਦੇ ਕਰਮ ਹਨ । ਸੂਰਬੀਰਤਾ, ਪਿੱਛੇ ਨਾ ਹੱਟਣ ਦਾ ਸੁਭਾਅ, ਹਰ ਕੰਮ ਵਿਚ ਸੁਵਾਮੀਭਾਵ, ਕਰਮ ਕਰਨ ਦੀ ਕੁਸ਼ਲਤਾ ਆਦਿ ਖੱਤ੍ਰੀ ਸ਼੍ਰੇਣੀ ਦੇ ਕਰਮ ਹਨ । ਇੰਦ੍ਰੀਆਂ ਨੂੰ ਬਚਾਉਣਾ, ਆਤਮਿਕ ਸੰਪੱਤੀ ਨੂੰ ਵਧਾਉਣਾ ਆਦਿ ਵੈਸ਼ ਸ਼੍ਰੇਣੀ ਦੇ ਕਰਮ ਹਨ ਅਤੇ ਸੇਵਾ ਆਦਿ ਸ਼ੂਦ੍ਰ ਸ਼੍ਰੇਣੀ ਦਾ ਕਰਮ ਹੈ । ਸ਼ੂਦ੍ਰ ਦਾ ਅਰਥ ਹੈ ਘੱਟ ਜਾਣਨ ਵਾਲਾ । ਘੱਟ ਜਾਣਨ ਵਾਲਾ ਐਸਾ ਮਨੁੱਖ, ਜੋ ਨਿਰਧਾਰਤ ਕਰਮ ਚਿੰਤਨ ਵਿਚ ਦੋ ਘੰਟੇ ਬੈਠਕੇ ਦਸ ਮਿਨਟ ਵੀ ਆਪਣੇ ਇਸ਼ਟ ਵਲ ਨਹੀਂ ਲਗਾ ਸਕਦਾ । ਸਰੀਰ ਤਾਂ ਜ਼ਰੂਰ ਬੈਠਿਆ ਹੈ, ਪਰ ਜਿਸ ਮਨ ਨੂੰ ਟਿਕਾਉਣਾ ਹੈ, ਉਹ ਤਾਂ ਉੱਡਦਾ ਫਿਰ ਰਿਹਾ ਹੈ । ਐਸੇ ਸਾਧਕ ਦਾ ਕਲਿਆਨ ਕਿਵੇਂ ਹੋਵੇ ? ਤਾਂ ਉਸਨੂੰ ਆਪਣੇ ਤੋਂ ਉੱਚੀ ਪ੍ਰਾਪਤੀ ਵਾਲੇ ਸਾਧਕ ਜਾਂ ਸਤਿਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ । ਸਹਿਜੇ–ਸਹਿਜੇ ਉਸ ਵਿਚ ਵੀ ਸੰਸਕਾਰ ਪੈਂਦੇ ਜਾਣਗੇ, ਵੱਧਦੇ ਜਾਣਗੇ । ਇਸ ਤਰ੍ਹਾਂ ਐਸੇ ਘੱਟ ਜਾਣਨ ਵਾਲੇ ਦਾ ਕਰਮ ਸੇਵਾ ਤੋਂ ਸ਼ੁਰੂ ਹੁੰਦਾ ਹੈ । ਕਰਮ ਇੱਕੋ ਹੈ–ਨਿਯਤ ਕਰਮ, ਚਿੰਤਨ । ਉਸਦੇ ਕਰਤਾ ਦੀਆਂ ਸ਼੍ਰੇਣੀਆਂ ਚਾਰ ਹਨ–ਅਤਿ ਉੱਤਮ, ਉੱਤਮ, ਮੱਧਮ ਅਤੇ ਨਿਮਨ, ਇਹੋ ਬ੍ਰਾਹਮਣ, ਖੱਤ੍ਰੀ, ਵੈਸ਼੍ਰ, ਸ਼ੂਦ੍ਰ ਹਨ । ਇਹ ਵੰਡ ਮਨੁੱਖਾਂ ਦੀ ਨਹੀਂ, ਸਗੋਂ ਗੁਣਾਂ ਦੇ ਅਨੁਸਾਰ ਕਰਮਾਂ ਦੀ ਚਾਰ ਹਿੱਸਿਆਂ ਵਿਚ ਵੰਡ ਹੈ । ਗੀਤਾ ਵਾਲਾ ਵਰਣ ਇਹੋ ਹੈ ।

ਤੱਤ ਨੂੰ ਸਪਸ਼ਟ ਕਰਦੇ ਹੋਏ ਉਹਨਾਂ ਨੇ ਕਿਹਾ–ਅਰਜੁਨ ! ਉਸ ਪਰਮ ਸਿੱਧੀ ਦੀ ਵਿਧੀ ਸਮਝਵਾਂਗਾ ਜੋ ਗਿਆਨ ਦੀ ਪਰਾਕਾਸ਼ਠਾ ਹੈ । ਵਿਵੇਕ, ਵੈਰਾਗ, ਸ਼ਮ–ਦਮ, ਧਾਰਾਵਾਹੀ ਚਿੰਤਨ ਅਤੇ ਧਿਆਨ ਵਿਚ ਮਨ ਲੱਗਣਾ ਆਦਿ ਬ੍ਰਹਮ ਵਿਚ ਪ੍ਰਵੇਸ਼ ਦਿਵਾਉਣ ਵਾਲੀਆਂ ਸਾਰੀਆਂ ਯੋਗਤਾਵਾਂ ਜਦੋਂ ਪਰੀਪੱਕ ਹੋ ਜਾਂਦੀਆਂ ਹਨ, ਕਾਮ–ਕ੍ਰੋਧ–ਮੋਹ, ਰਾਗ–ਦ੍ਵੇਸ਼ ਆਦਿ ਪ੍ਰਕ੍ਰਿਤੀ ਵਲ ਸੁੱਟਣ ਵਾਲੀਆਂ ਬਿਰਤੀਆਂ ਜਦੋਂ ਪੂਰੀਆਂ ਮਿਟ ਜਾਂਦੀਆਂ ਹਨ, ਉਸ ਅਵਸਥਾ ਵਿਚ ਉਹ ਮਨੁੱਖ ਬ੍ਰਹਮ ਨੂੰ ਜਾਣਨ ਯੋਗ ਹੁੰਦਾ ਹੈ । ਉਸੇ ਯੋਗਤਾ ਦਾ ਨਾਮ ਹੈ ਪਰਾਭਗਤੀ । ਪਰਾਭਗਤੀ ਦੁਆਰਾ ਹੀ ਉਹ ਤੱਤ ਨੂੰ ਜਾਣਦਾ ਹੈ । ਤੱਤ ਹੈ ਕੀ? ਤਾਂ ਦੱਸਿਆ–ਮੈਂ ਜੋ ਹਾਂ, ਜਿਹੜੀਆਂ ਵਿਭੂਤੀਆਂ ਵਾਲਾ ਹਾਂ, ਉਸਨੂੰ ਜਾਣਨਾ ਹੀ ਤੱਤ ਨੂੰ ਜਾਣਨਾ ਹੈ, ਅਰਥਾਤ ਪਰਮਾਤਮਾ ਜੋ ਹੈ, ਅਵਿਅਕਤ, ਸ਼ਾਸ਼ਵਤ, ਅਪਰਿਵਰਤਨਸ਼ੀਲ ਆਦਿ ਜਿਹੜੇ ਅਲੌਕਿਕ ਗੁਣਾਂ ਵਾਲਾ ਹੈ, ਉਸਨੂੰ ਜਾਣਨਾ ਹੀ ਤੱਤ ਨੂੰ ਜਾਣਨਾ ਹੈ, ਅਤੇ ਜਾਣਨ ਦੇ ਬਾਅਦ ਉਹ ਤਤਕਾਲ ਮੇਰੇ ਵਿਚ ਸਥਿਤ ਹੋ ਜਾਂਦਾ ਹੈ । ਇਸ ਲਈ ਤੱਤ ਹੈ–ਪਰਮਤੱਤ, ਨਾ ਕਿ ਪੰਜ ਜਾਂ ਪੰਜੀ ਤੱਤ । ਪ੍ਰਾਪਤੀ ਦੇ ਨਾਲ ਆਤਮਾ ਉਸੇ ਸਵਰੂਪ ਵਿਚ ਸਥਿਤ ਹੋ ਜਾਂਦਾ ਹੈ, ਉਹਨਾਂ ਹੀ ਗੁਣਾਂ ਵਾਲਾ ਹੋ ਜਾਂਦਾ ਹੈ ।

ਈਸ਼ਵਰ ਦਾ ਨਿਵਾਸ ਦੱਸਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਕਿਹਾ, ਅਰਜੁਨ ! ਉਹ ਈਸ਼ਵਰ ਸਾਰੇ ਪ੍ਰਾਣੀਆਂ ਦੇ ਹਿਰਦੇ–ਦੇਸ਼ ਵਿਚ ਵੱਸਦਾ ਹੈ । ਪਰ ਮਾਇਆ ਰੂਪੀ ਯੰਤ੍ਰ ਵਿਚ ਸਵਾਰ ਹੋਏ ਲੋਕੀਂ ਭਟਕਦੇ ਰਹਿੰਦੇ ਹਨ, ਇਸ ਲਈ ਉਹ ਸੱਚਾਈ ਨਹੀਂ ਜਾਣਦੇ । ਇਸ ਲਈ ਅਰਜੁਨ ! ਤੂੰ ਹਿਰਦੇ–ਦੇਸ਼ ਵਿਚ ਵੱਸੇ ਹੋਏ ਉਸ ਈਸ਼ਵਰ ਦੀ ਸ਼ਰਨ ਜਾ । ਇਸ ਤੋਂ ਵੀ ਗੁੱਝਾ ਹੋਇਆ ਇਕ ਰਹੱਸ ਹੋਰ ਹੈ, ਕਿ ਸਾਰੇ ਧਰਮਾਂ ਦੀ ਚਿੰਤਾ ਛੱਡਕੇ ਤੂੰ ਮੇਰੀ ਸ਼ਰਨ ਆ । ਤੂੰ ਮੈਨੂੰ ਪ੍ਰਾਪਤ ਹੋਏਂਗਾ । ਇਹ ਰਹੱਸ ਗ਼ੈਰ ਅਧਿਕਾਰੀ ਨੂੰ ਨਹੀਂ ਕਹਿਣਾ ਚਾਹੀਦਾ, ਜੋ ਭਗਤ ਨਹੀਂ ਹੈ,

ਉਸਨੂੰ ਨਹੀਂ ਕਹਿਣਾ ਚਾਹੀਦਾ । ਪਰ ਜੋ ਭਗਤ ਹੈ, ਉਸਨੂੰ ਜ਼ਰੂਰ ਕਹਿਣਾ ਚਾਹੀਦਾ ਹੈ । ਜੋ ਉਸਤੋਂ ਛੁਪਾਵਾਂਗੇ ਤਾਂ ਉਸਦਾ ਕਲਿਆਨ ਕਿਵੇਂ ਹੋਏਗਾ ? ਅੰਤ ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਪੁੱਛਿਆ–ਅਰਜੁਨ ! ਮੈਂ ਜੋ ਕੁਝ ਆਖਿਆ ਹੈ, ਉਹ ਤੂੰ ਚੰਗੀ ਤਰ੍ਹਾਂ ਸੁਣਿਆ–ਸਮਝਿਆ ਹੈ ? ਤੇਰਾ ਮੋਹ ਮਿਟਿਆ ਹੈ ਕਿ ਨਹੀਂ ? ਅਰਜੁਨ ਨੇ ਕਿਹਾ, ਭਗਵਨ ! ਮੇਰਾ ਮੋਹ ਮਿਟ ਚੁਕਾ ਹੈ। ਮੈਂ ਆਪਣੀ ਚੇਤਨਤਾ ਨੂੰ ਪ੍ਰਾਪਤ ਹੋ ਗਿਆ ਹਾਂ । ਆਪ ਜੋ ਕੁਝ ਕਹਿੰਦੇ ਹੋ, ਉਹੀ ਸੱਚ ਹੈ, ਮੈਂ ਹੁਣ ਉਹੀ ਕਰਾਂਗਾ ।

ਸੰਜਯ ਨੇ ਇਹਨਾ ਦੋਨਾਂ ਦੇ ਸੰਵਾਦ ਨੂੰ ਚੰਗੀ ਤਰ੍ਹਾਂ ਸੁਣਿਆ ਹੈ, ਹੁਣ ਉਹ ਫੈਸਲਾ ਦਿੰਦਾ ਹੈ ਕਿ ਸ਼੍ਰੀ ਕ੍ਰਿਸ਼ਣ ਮਹਾਯੋਗੇਸ਼ਵਰ ਅਤੇ ਅਰਜੁਨ ਇਕ ਮਹਾਤਮਾ ਹਨ । ਉਹਨਾਂ ਦਾ ਸੰਵਾਦ, ਉਹਨਾਂ ਦੀਆਂ ਗੱਲਾਂ ਮੁੜ–ਮੁੜ ਯਾਦ ਕਰਨ ਨਾਲ ਉਹ ਬੜਾ ਪ੍ਰਸੰਨ ਹੋ ਰਿਹਾ ਹੈ । ਇਸ ਲਈ ਇਹਨਾਂ ਨੂੰ ਯਾਦ ਕਰਦੇ ਰਹਿਣਾ ਚਾਹੀਦਾ ਹੈ । ਉਸ ਹਰੀ ਦੇ ਸਵਰੂਪ ਨੂੰ ਯਾਦ ਕਰਕੇ ਸੰਜਯ ਬਾਰਬਾਰ ਪ੍ਰਸੰਨ ਹੋ ਰਿਹਾ ਹੈ । ਇਸ ਲਈ ਬਾਰੰਬਾਰ ਸਵਰੂਪ ਦਾ ਵੀ ਧਿਆਨ ਧਰਦੇ ਰਹਿਣਾ ਚਾਹੀਦਾ ਹੈ । ਜਿਥੇ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਹਨ, ਅਤੇ ਜਿਥੇ ਮਹਾਤਾਮਾ ਅਰਜੁਨ ਹੈ, ਉਥੇ ਹੀ ਸ਼੍ਰੀ (ਈਸ਼ਵਰ) ਹੈ, ਜਿੱਤ–ਸ਼੍ਰੇਸ਼ਠਤਾ ਅਤੇ ਧਰੁਵ ਜਾਂ ਅਚਲ ਨੀਤੀ ਵੀ ਉਥੇ ਹੀ ਹੈ । ਸ੍ਰਿਸ਼ਟੀ ਦੀਆਂ ਨੀਤੀਆਂ ਅੱਜ ਹਨ, ਤਾਂ ਕੱਲ੍ਹ ਬਦਲਣਗੀਆਂ । ਪਰ ਧਰੁਵ (ਅਚਲ) ਤਾਂ ਇਕ ਪਰਮਾਤਮਾ ਹੀ ਹੈ । ਉਸ ਵਿਚ ਪ੍ਰਵੇਸ਼ ਦਿਵਾਉਣ ਵਾਲੀ ਨੀਤੀ, ਧਰੁਵ ਨੀਤੀ ਵੀ ਉਥੇ ਹੀ ਹੈ। ਜੇ ਸ਼੍ਰੀ ਕ੍ਰਿਸ਼ਣ ਅਤੇ ਅਰਜੁਨ ਨੂੰ ਦੁਆਪਰ ਯੁੱਗ ਦੇ ਖ਼ਾਸ ਵਿਅਕਤੀ ਮੰਨ ਲਈਏ, ਤਾਂ ਤੇ ਅੱਜ ਨਾ ਅਰਜੁਨ ਹੈ ਤੇ ਨਾ ਸ਼੍ਰੀ ਕ੍ਰਿਸ਼ਣ । ਤੁਹਾਨੂੰ ਨਾ ਜਿੱਤ ਮਿਲੇਗੀ, ਨਾ ਸ਼੍ਰੇਸ਼ਠਤਾ । ਤਾਂ ਤੇ ਗੀਤਾ ਤੁਹਾਡੇ ਕਿਸੇ ਕੰਮ ਦੀ ਨਹੀਂ । ਲੇਕਿਨ ਨਹੀਂ, ਸ਼੍ਰੀ ਕ੍ਰਿਸ਼ਣ ਇਕ ਯੋਗੀ ਸਨ, ਅਰਜੁਨ ਅਨੁਰਾਗਮਈ ਹਿਰਦੇ ਵਾਲਾ ਇਕ ਮਹਾਤਮਾ ਸੀ । ਇਹ ਸਦਾ ਰਹਿੰਦੇ ਹਨ ਅਤੇ ਰਹਿਣਗੇ । ਸ਼੍ਰੀ ਕ੍ਰਿਸ਼ਣ ਨੇ ਆਪ ਆਪਣੇ ਬਾਰੇ ਵਿਚ ਦੱਸਿਆ, ਕਿ ਮੈਂ ਤਾਂ ਅਵਿਅਕਤ ਹੀ ਹਾਂ, ਪਰ ਜਿਸ ਭਾਵ ਨੂੰ ਮੈਂ ਪ੍ਰਾਪਤ ਹਾਂ, ਭਾਵ ਅਰਥਾਤ ਈਸ਼ਵਰ ਸਾਰਿਆਂ ਦੇ ਹਿਰਦੇ–ਦੇਸ਼ ਵਿਚ ਨਿਵਾਸ ਕਰਦਾ ਹੈ । ਉਹ ਸਦਾ ਹੈ, ਸਦਾ ਰਹੇਗਾ । ਸਾਰਿਆਂ ਨੂੰ ਉਸਦੀ ਸ਼ਰਨ ਜਾਣਾ ਹੈ । ਸ਼ਰਣ ਜਾਣ ਵਾਲਾ ਹੀ ਮਹਾਤਮਾ ਹੈ, ਅਨੁਰਾਗੀ ਹੈ । ਅਤੇ ਅਨੁਰਾਗ ਹੀ ਅਰਜੁਨ ਹੈ । ਇਸਦੇ ਲਈ ਕਿਸੇ ਸਥਿਤਪ੍ਰਗਿਅ ਮਹਾਪੁਰਸ਼ ਦੀ ਸ਼ਰਨ ਜਾਣਾ ਬੜਾ ਜ਼ਰੂਰੀ ਹੈ, ਕਿਉਂਕਿ ਉਹੀ ਇਸਦੇ ਪ੍ਰੇਰਕ ਹਨ।

ਇਸ ਅਧਿਆਇ ਵਿਚ ਸੰਨਿਆਸ ਦਾ ਸਵਰੂਪ ਸਪਸ਼ਟ ਕੀਤਾ ਗਿਆ ਕਿ ਸਭ ਕੁਝ ਸਮਰਪਣ ਕਰਨ ਦਾ ਨਾਮ ਹੀ ਸੰਨਿਆਸ ਹੈ । ਸਿਰਫ਼ ਬਾਣਾ ਧਾਰਨ ਕਰਨ ਨਾਲ ਸੰਨਿਆਸ ਨਹੀਂ ਹੁੰਦਾ । ਬਲਕਿ ਇਸਦੇ ਨਾਲ ਏਕਾਂਤਵਾਸ ਕਰਦੇ ਹੋਏ, ਨਿਰਧਾਰਤ ਕਰਮ ਵਿਚ ਆਪਣੀ ਸਮਰਥਾ ਦੇ ਅਨੁਸਾਰ ਜਾਂ ਸਮਰਪਣ ਦੇ ਨਾਲ ਨਿਰੰਤਰ ਸਾਧਨਾ ਜ਼ਰੂਰੀ ਹੈ । ਪ੍ਰਾਪਤੀ ਦੇ ਨਾਲ ਸਾਰਿਆਂ ਕਰਮਾਂ ਦਾ ਤਿਆਗ ਹੀ ਸੰਨਿਆਸ ਹੈ, ਜੋ ਮੋਖਸ਼ ਦਾ ਦੂਜਾ ਨਾਮ ਹੈ । ਇਹੋ ਸੰਨਿਆਸ ਦੀ ਪਰਾਕਾਸ਼ਠਾ ਹੈ । ਇਸ ਲਈ–

**ॐ तत्सदिति श्रीमद्भगवद्गीतासूपनिषत्सु ब्रह्मविद्यायां योगशास्त्रे श्रीकृष्णार्जुनसंवादे 'संन्यास योगो' नाम अष्टादशोऽध्याय: ।। १७ ।।**

ਇਸ ਤਰ੍ਹਾਂ ਸ਼੍ਰੀਮਦਭਗਵਦਗੀਤਾ ਰੂਪੀ ਉਪਨਿਸ਼ਦ ਅਤੇ ਬ੍ਰਹਮ ਵਿਦਿਆ ਤੇ ਯੋਗਸ਼ਾਸਤ੍ਰ

ਵਿਸ਼ਿਅਕ ਸ਼੍ਰੀ ਕ੍ਰਿਸ਼ਣ-ਅਰਜਨੁ ਸੰਵਾਦ ਵਿਚ 'ਸੰਨਿਆਸ ਯੋਗ' ਅੱਠਾਰ੍ਹਵਾਂ ਅਧਿਆਇ ਪੂਰਾ ਹੁੰਦਾ ਹੈ ।

**इति श्रीमत्परमहंस परमानन्दस्य शिष्य स्वामी अड़गड़ानन्दकृते श्रीमद्भगवद्गीतायाः 'यथार्थ गीता' भाष्ये संन्यास योगो नाम अष्टादशोऽध्याय: ।। १८ ।।**

**।। ਹਰੀ ਓਮ ਤਤਸਤਿ ।।**

# ਸੰਖੇਪ

ਅਕਸਰ ਭਾਸ਼ਾ ਟੀਕਾਵਾਂ ਵਿਚ ਲੋਕੀਂ ਨਵੀਂ ਗੱਲ ਲੱਭਦੇ ਹਨ । ਪਰ ਅਸਲ ਵਿਚ ਸੱਚ ਤਾਂ ਸੱਚ ਹੈ । ਉਹ ਨਾ  ਨਵਾਂ ਹੁੰਦਾ ਹੈ ਅਤੇ ਨਾ ਪੁਰਾਣਾ ਹੁੰਦਾ ਹੈ । ਨਵੀਆਂ ਗੱਲਾਂ ਤਾਂ ਅਖ਼ਬਾਰਾਂ ਵਿਚ ਛੱਪਦੀਆਂ ਰਹਿੰਦੀਆਂ ਹਨ, ਜੋ ਮਿੱਟਦੀਆਂ-ਬਣਦੀਆਂ ਘਟਨਾਵਾਂ ਹਨ । ਸੱਚ ਅਪਰਿਵਰਤਨਸ਼ੀਲ ਹੈ ਤਾਂ ਕੋਈ ਹੋਰ ਕੁਝ ਕੀ ਕਹੇਗਾ ? ਜੇ ਉਹ ਕਹਿੰਦਾ ਹੈ, ਤਾਂ ਉਸਨੇ ਪਾਇਆ ਨਹੀਂ ਹੈ । ਹਰ ਮਹਾਪੁਰਸ਼ ਜੋ ਆਪ ਚੱਲਕੇ ਉਸ ਨਿਸ਼ਾਨੇ ਤਕ ਪਹੁੰਚ ਗਿਆ, ਤਾਂ ਇੱਕੋ ਗੱਲ ਕਹੇਗਾ । ਉਹ ਸਮਾਜ ਵਿਚ ਦਰਾਰ ਜਾਂ ਫੁੱਟ ਨਹੀਂ ਪਾ ਸਕਦਾ । ਜੇ ਪਾਉਂਦਾ ਹੈ ਤਾਂ ਜ਼ਾਹਿਰ ਹੈ ਕਿ ਉਸਨੂੰ ਪ੍ਰਾਪਤੀ ਨਹੀਂ ਹੋਈ । ਸ਼੍ਰੀ ਕ੍ਰਿਸ਼ਣ ਵੀ ਉਸੇ ਸੱਚ ਨੂੰ ਕਹਿੰਦੇ ਹਨ ਜੋ ਪਹਿਲਾਂ ਦੇ ਮਹਾਪੁਰਸ਼ਾਂ ਨੇ ਵੇਖਿਆ ਸੀ, ਪਾਇਆ ਸੀ ਅਤੇ ਭਵਿੱਖ ਵਿਚ ਹੋਣ ਵਾਲੇ ਮਹਾਪੁਰਸ਼ ਵੀ ਜੋ ਪਾਉਣਗੇ, ਤਾਂ ਇਹੋ ਕਹਿਣਗੇ ।

**ਮਹਾਪੁਰਸ਼ ਅਤੇ ਉਹਨਾਂ ਦੀ ਕਾਰਜ-ਵਿਧੀ** – ਮਹਾਪੁਰਸ਼ ਸੰਸਾਰ ਵਿਚ ਸੱਚ ਦੇ ਨਾਮ ਤੇ ਫੈਲੀਆਂ ਅਤੇ ਸੱਚੀਆਂ ਲੱਗਣ ਵਾਲੀਆਂ ਕੁਰੀਤੀਆਂ ਨੂੰ ਮਿਟਾਕੇ ਕਲਿਆਨ ਦਾ ਮਾਰਗ ਪੱਕਾ ਕਰਦੇ ਹਨ । ਇਹ ਮਾਰਗ ਵੀ ਦੁਨੀਆਂ ਵਿਚ ਪਹਿਲਾਂ ਤੋਂ ਮੌਜੂਦ ਹੁੰਦਾ ਹੈ, ਪਰ ਉਸੇ ਦੇ ਨਾਲ-ਨਾਲ, ਉਸੇ ਵਰਗੇ ਲੱਗਣ ਵਾਲੇ ਅਨੇਕ ਮਾਰਗ ਵੀ ਚੱਲ ਨਿਕਲਦੇ ਹਨ ਉਹਨਾਂ ਵਿਚੋਂ ਸੱਚੇ ਮਾਰਗ ਨੂੰ ਜਾਂਚਣਾ ਔਖਾ ਹੋ ਜਾਂਦਾ ਹੈ ਕਿ ਅਸਲ ਵਿਚ ਸੱਚ ਕੀ ਹੈ ? ਮਹਾਪੁਰਸ਼ ਸੱਚ ਵਿਚ ਸਥਿਤ ਹੁੰਦੇ ਹਨ, ਇਸੇ ਲਈ ਉਹ ਸੱਚ ਨੂੰ ਪਰਖਦੇ ਹਨ, ਉਸਨੂੰ ਪੱਕਾ ਕਰਦੇ ਹਨ ਅਤੇ ਉਸ ਵਲ ਵੱਧਣ ਲਈ ਸਮਾਜ ਨੂੰ ਪ੍ਰੇਰਿਤ ਕਰਦੇ ਹਨ । ਇਹੋ ਕੁਝ ਰਾਮ ਨੇ ਕੀਤਾ, ਮਹਾਵੀਰ ਨੇ ਕੀਤਾ, ਮਹਾਤਮਾ ਬੁੱਧ ਨੇ ਕੀਤਾ, ਈਸਾ ਨੇ ਕੀਤਾ, ਇਹੋ ਯਤਨ ਮੁਹੰਮਦ ਨੇ ਕੀਤਾ, ਕਬੀਰ, ਨਾਨਕ ਆਦਿ ਸਾਰਿਆਂ ਨੇ ਇਹੋ ਕੀਤਾ । ਮਹਾਪੁਰਸ਼ ਜਦ ਦੁਨੀਆਂ ਤੋਂ ਉਠ ਜਾਂਦਾ ਹੈ, ਤਾਂ ਪਿੱਛੇ ਵਾਲੇ ਲੋਕੀਂ ਉਸ ਦੇ ਦੱਸੇ ਹੋਏ ਰਾਹ ਤੇ ਨਾ ਚੱਲਕੇ, ਉਸ ਦੇ ਜਨਮ-ਸਥਾਨ, ਮਰਨ-ਸਥਾਨ ਆਦਿ ਇਸ ਤਰ੍ਹਾਂ ਦੇ ਸਥਾਨਾਂ ਨੂੰ ਪੂਜਣ ਲੱਗਦੇ ਹਨ, ਜਿਥੇ ਉਹ ਗਏ ਸਨ । ਸਹਿਜੇ-ਸਹਿਜੇ ਉਹ ਉਸ ਦੀ ਮੂਰਤੀ ਬਣਾਕੇ ਪੂਜਣ ਲੱਗਦੇ ਹਨ । ਹਾਲਾਂਕਿ ਪਹਿਲਾਂ-ਪਹਿਲਾਂ ਉਹ ਉਸ ਦੀ ਯਾਦ ਨੂੰ ਹੀ ਸੰਭਾਲਦੇ ਹਨ । ਪਰ ਸਮਾਂ ਗੁਜ਼ਰਨ ਦੇ ਨਾਲ-ਨਾਲ ਭਰਮਾਂ ਵਿਚ ਪੈ ਜਾਂਦੇ ਹਨ ਅਤੇ ਉਹੀ ਭਰਮ ਰੂੜ੍ਹੀਆਂ, ਰੀਤਾਂ ਬਣ ਜਾਂਦੇ ਹਨ ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਵੀ ਤਤਕਾਲੀਨ ਸਮਾਜ ਵਿਚ ਸੱਚ ਦੇ ਨਾਂ ਤੇ ਪੈਦਾ ਹੋਏ ਅਤੇ ਚੱਲ ਰਹੇ ਰੀਤ-ਰਿਵਾਜਾਂ ਦਾ ਖੰਡਨ ਕਰਕੇ ਸਮਾਜ ਨੂੰ ਚੇਤਨਾ-ਮਾਰਗ ਉਤੇ ਖੜ੍ਹਾ ਕੀਤਾ । ਅਧਿਆਇ 2/16 ਵਿਚ ਉਹਨਾਂ ਨੇ ਕਿਹਾ, ਅਰਜੁਨ ! ਝੂਠੀ ਚੀਜ਼ ਦੀ ਤਾਂ ਹੋਂਦ ਹੀ ਨਹੀਂ ਹੈ, ਅਤੇ ਸੱਚ ਦਾ ਤਿੰਨ ਕਾਲਾਂ ਵਿਚ ਕਦੇ ਅਭਾਵ ਨਹੀਂ ਹੈ । ਭਗਵਾਨ ਹੋਣ ਦੇ ਕਾਰਣ ਇਹ ਮੈਂ ਆਪਣੇ ਵਲੋਂ ਨਹੀਂ ਕਹਿ ਰਿਹਾ ਹਾਂ, ਸਗੋਂ ਇਹ ਤੱਥ ਤੱਤਦਰਸ਼ੀਆਂ ਨੇ ਵੇਖਿਆ ਅਤੇ ਉਹ ਮੈਂ ਵੀ ਕਹਿਣ ਜਾ ਰਿਹਾ ਹਾਂ । ਤੇਰ੍ਹਵੇਂ ਅਧਿਆਇ ਵਿਚ ਉਹਨਾਂ ਨੇ ਖੇਤਰ-ਖੇਤ੍ਰਗਿਅ (ਸਰੀਰ ਅਤੇ ਆਤਮਾ) ਦਾ ਵਰਣਨ ਉਸੇ ਤਰ੍ਹਾਂ ਕੀਤਾ, ਜੋ '**ऋषिभिर्बहुधागीत' ।** – ਰਿਸ਼ੀਆਂ ਦੁਆਰਾ ਅਕਸਰ ਗਾਇਆ ਜਾ ਚੁੱਕਾ ਹੈ । ਅਠਾਰ੍ਹਵੇਂ ਅਧਿਆਇ ਵਿਚ ਤਿਆਗ ਅਤੇ ਸੰਨਿਆਸ ਦਾ ਤੱਤ ਸਮਝਾਉਂਦੇ ਹੋਏ ਉਹਨਾਂ ਨੇ ਚਾਰ ਮਤਾਂ ਵਿਚੋਂ ਇਕ ਨੂੰ ਚੁਣਿਆ ਅਤੇ ਉਸਨੂੰ ਆਪਣੀ ਸਹਿਮਤੀ ਦਿੱਤੀ ।

**ਸੰਨਿਆਸ** – ਕ੍ਰਿਸ਼ਣ-ਕਾਲ ਵਿਚ ਅਗਨੀ ਨੂੰ ਨਾ ਛੋਹਣ ਵਾਲੇ ਅਤੇ ਚਿੰਤਨ ਦਾ ਵੀ ਤਿਆਗ ਕਰਕੇ ਖ਼ੁਦ ਨੂੰ ਯੋਗੀ, ਸੰਨਿਆਸੀ ਕਹਿਣ ਵਾਲਿਆਂ ਦਾ ਸੰਪ੍ਰਦਾਇ ਵੀ ਪਨਪ ਰਿਹਾ ਸੀ । ਇਸਦਾ ਖੰਡਨ ਕਰਦੇ ਹੋਏ ਉਹਨਾਂ ਨੇ ਸਪਸ਼ਟ ਕੀਤਾ ਕਿ ਗਿਆਨ-ਮਾਰਗ ਅਤੇ ਭਗਤੀ-ਮਾਰਗ, ਦੋਨਾਂ ਵਿਚੋਂ ਕਿਸੇ ਵੀ ਮਾਰਗ ਦੇ ਅਨੁਸਾਰ ਕਰਮ ਨੂੰ ਤਿਆਗਣ ਦਾ ਵਿਧਾਨ ਨਹੀਂ ਹੈ । ਕਰਮ ਤਾਂ ਕਰਨਾ ਹੀ ਹੈ । ਕਰਮ ਕਰਦੇ-ਕਰਦੇ ਸਾਧਨਾ ਏਨ੍ਹੀਂ ਸੂਖਮ ਹੋ ਜਾਂਦੀ ਹੈ ਕਿ ਸਾਰਿਆਂ ਸੰਕਲਪਾਂ ਦਾ ਅਭਾਵ ਹੋ ਜਾਂਦਾ ਹੈ, ਉਹੀ ਪੂਰਣ ਸੰਨਿਆਸ ਹੈ । ਵਿਚ ਰਸਤੇ ਦੇ ਸੰਨਿਆਸ ਨਾਮ ਦੀ ਕੋਈ ਚੀਜ਼ ਨਹੀਂ ਹੈ । ਸਿਰਫ਼ ਕਰਮ ਨੂੰ ਤਿਆਗ ਦੇਣ ਨਾਲ ਅਤੇ ਅਗਨੀ ਨੂੰ ਨਾ ਛੋਹਣ ਨਾਲ ਨਾ ਤਾਂ ਕੋਈ ਸੰਨਿਆਸੀ ਹੁੰਦਾ ਹੈ ਅਤੇ ਨਾ ਯੋਗੀ, ਜਿਸਨੂੰ ਅਧਿਆਇ ਦੋ, ਤਿੰਨ, ਪੰਜ, ਛੇ ਅਤੇ ਖ਼ਾਸਕਰ ਅਠਾਰਾਂ ਵਿਚ ਵੇਖਿਆ ਜਾ ਸਕਦਾ ਹੈ ।

**ਕਰਮ** – ਇਸ ਤਰ੍ਹਾਂ ਦੀ ਹੀ ਗ਼ਲਤਫ਼ਹਿਮੀ ਕਰਮ ਦੇ ਬਾਰੇ ਵਿਚ ਵੀ ਮਿਲਦੀ ਹੈ । ਅਧਿਆਇ 2/39 ਵਿਚ ਉਹਨਾਂ ਨੇ ਦੱਸਿਆ ਕਿ ਅਰਜੁਨ ! ਹੁਣ ਤਕ ਇਹ ਬੁੱਧੀ (ਉਪਦੇਸ਼) ਤੇਰੇ ਲਈ ਸਾਂਖਿਅ-ਯੋਗ (ਗਿਆਨ-ਮਾਰਗ) ਦੇ ਬਾਰੇ ਵਿਚ ਕਹੀ ਗਈ, ਤੇ ਹੁਣ ਇਸੇ ਨੂੰ ਤੂੰ ਨਿਸ਼ਕਾਮ-ਕਰਮ ਦੇ ਬਾਰੇ ਵਿਚ ਸੁਣ । ਇਸ ਉਤੇ ਚੱਲਕੇ ਤੂੰ ਕਰਮਾਂ ਦੇ ਬੰਧਨ ਨੂੰ ਚੰਗੀ ਤਰ੍ਹਾਂ

ਤ ੜ

ਸਕੇਂਗਾ । ਇਸਦਾ ਥੋੜ੍ਹਾ ਵੀ ਆਚਰਣ ਜਨਮ-ਮਰਨ ਦੇ ਮਹਾ ਭੈ ਤੋਂ ਉੱਧਾਰ ਕਰਨ ਵਾਲਾ ਹੁੰਦਾ ਹੈ । ਇਸ ਨਿਸ਼ਕਾਮ ਕਰਮ ਵਿਚ ਨਿਰਧਾਰਤ ਕ੍ਰਿਆ ਜਾਂ ਕਰਮ ਇੱਕੋ ਹੈ, ਦਿਸ਼ਾ ਵੀ ਇੱਕੋ (ਅਰਥਾਤ ਚਿੰਤਨ) ਹੈ, ਪਰ ਅਵਿਵੇਕੀਆਂ ਦੀ ਬੁੱਧੀ ਅਨੰਤ ਸ਼ਾਖਾਂ ਵਾਲੀ ਹੈ, ਇਸ ਲਈ ਉਹ ਕਰਮ ਦੇ ਨਾਮ ਉਤੇ ਅਨੇਕ ਕ੍ਰਿਆਵਾਂ ਦਾ ਵਿਸਤਾਰ ਕਰ ਲੈਂਦੇ ਹਨ । ਅਰਜੁਨ ! ਤੂੰ ਨਿਰਧਾਰਤ ਕਰਮ ਕਰ । ਅਰਥਾਤ ਕ੍ਰਿਆਵਾਂ ਬਹੁਤ ਸਾਰੀਆਂ ਹਨ, ਪਰ ਉਹ ਕਰਮ ਨਹੀਂ । ਕਰਮ ਇਕ ਨਿਰਧਾਰਿਤ ਦਿਸ਼ਾ ਹੈ । ਕਰਮ ਕੋਈ ਇਸ ਤਰ੍ਹਾਂ ਦੀ ਵਸਤੂ ਹੈ, ਜੋ ਜਨਮ-ਜਨਮਾਂਤਰਾਂ ਤੋਂ ਚਲੀ ਆ ਰਹੀ ਸਰੀਰ-ਯਾਤਰਾ ਦਾ ਅੰਤ ਕਰ ਦੇਂਦਾ ਹੈ । ਜੇ ਇਕ ਵੀ ਜਨਮ ਲੈਣਾ ਪਿਆ, ਤਾਂ ਯਾਤਰਾ ਕਿਥੇ ਪੂਰੀ ਹੋਈ ?

**ਯੱਗ** – ਉਹ ਨਿਰਧਾਰਤ ਕਰਮ ਹੈ ਕਿਹੜਾ ? ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕੀਤਾ ਕਿ – ''**यज्ञार्थत्कर्मणोऽन्यत्र लोकोऽयं कर्मबन्धनः**'' – ਅਰਜੁਨ ! ਯੱਗ ਦੀ ਪ੍ਰਕ੍ਰਿਆ ਹੀ ਕਰਮ ਹੈ । ਇਸਤੋਂ ਵੱਖ ਦੁਨੀਆਂ ਵਿਚ ਜੋ ਵੀ ਕੀਤਾ ਜਾਂਦਾ ਹੈ, ਉਹ ਇਸੇ ਲੋਕ ਦਾ ਬੰਧਨ ਹੈ, ਕਰਮ ਨਹੀਂ । ਕਰਮ ਤਾਂ ਇਸ ਸੰਸਾਰ-ਬੰਧਨ ਤੋਂ ਮੋਖਸ਼ ਦਿਵਾਉਂਦਾ ਹੈ । ਹੁਣ ਯੱਗ ਕੀ ਹੈ ਜਿਸਨੂੰ ਕੀਤਾ ਜਾਏ ਤਾਂ ਕਰਮ ਹੋ ਸਕੇ ? ਅਧਿਆਇ ਚਾਰ ਵਿਚ ਸ਼੍ਰੀ ਕ੍ਰਿਸ਼ਣ ਨੇ ਤੇਰਾਂ-ਚੌਦਾਂ ਤਰੀਕਿਆਂ

ਨਾਲ ਯੱਗ ਦਾ ਵਰਣਨ ਕੀਤਾ, ਜੋ ਸਾਰੇ ਮਿਲਾਕੇ ਪਰਮਾਤਮਾ ਵਿਚ ਪ੍ਰਵੇਸ਼ ਦਿਵਾ ਦੇਣ ਵਾਲੀ ਵਿਸ਼ੇਸ਼ ਵਿਧੀ ਦਾ ਹੀ ਚਿਤ੍ਰਣ ਹੈ – ਜੋ ਸੁਆਸ ਨਾਲ, ਧਿਆਨ ਨਾਲ, ਚਿੰਤਨ ਅਤੇ ਇੰਦ੍ਰੀ-ਸੰਜਮ ਆਦਿ ਨਾਲ ਸਿੱਧ ਹੋਣ ਵਾਲੀ ਹੈ । ਸ਼੍ਰੀ ਕ੍ਰਿਸ਼ਣ ਨੇ ਇਹ ਵੀ ਸਪਸ਼ਟ ਕਰ ਦਿਤਾ ਕਿ ਭੌਤਿਕ-ਪਦਾਰਥਾਂ ਨਾਲ ਸਿੱਧ ਹੋਣ ਵਾਲੇ ਯੱਗ ਛੋਟੇ ਹਨ । ਚਾਹੇ ਤੁਸੀਂ ਕਰੋੜਾਂ ਦਾ ਹਵਨ ਕਰੋ । ਸੰਪੂਰਣ ਯੱਗ ਮਨ ਅਤੇ ਇੰਦ੍ਰੀਆਂ ਦੀ ਅੰਦਰੂਨੀ ਕ੍ਰਿਆ ਰਾਹੀਂ ਪੂਰਾ ਹੋਣ ਵਾਲਾ ਹੈ । ਪੂਰਾ ਹੋਣ ਤੇ ਯੱਗ ਜਿਸਦੀ ਸ੍ਰਿਸ਼ਟੀ ਕਰਦਾ ਹੈ, ਉਸ ਅੰਮ੍ਰਿਤ-ਤੱਤ ਦੀ ਜਾਣਕਾਰੀ ਦਾ ਨਾਮ ਗਿਆਨ ਹੈ । ਉਸ ਗਿਆਨ-ਅੰਮ੍ਰਿਤ ਦਾ ਪਾਨ ਕਰਨ ਵਾਲੇ ਯੋਗੀ ਸਨਾਤਨ ਬ੍ਰਹਮ ਵਿਚ ਪ੍ਰਵੇਸ਼ ਪਾ ਜਾਂਦੇ ਹਨ । ਜਿਸ ਵਿਚ ਪ੍ਰਵੇਸ਼ ਪਾਉਣਾ ਸੀ, ਪਾ ਹੀ ਲਿਆ ਤਾਂ ਫੇਰ ਉਸ ਪੁਰਸ਼ ਦਾ ਕਰਮ ਕਰਨ ਨਾਲ ਕੋਈ ਮਤਲਬ ਨਹੀਂ ਰਹਿ ਜਾਂਦਾ । ਇਸ ਲਈ ਸੰਸਾਰਕ ਕਰਮ ਉਸ ਪ੍ਰਤੱਖ ਦਰਸ਼ਨ ਵਾਲੇ ਗਿਆਨ ਵਿਚ ਸਮਾ ਜਾਂਦੇ ਹਨ । ਕਰਮ ਕਰਨ ਦੇ ਬੰਧਨ ਤੋਂ ਉਹ ਮੁਕਤ ਹੋ ਜਾਂਦਾ ਹੈ । ਇਸ ਤਰ੍ਹਾਂ ਨਿਰਧਾਰਿਤ ਯੱਗ ਨੂੰ ਕਾਰਜਰੂਪ ਦੇਣਾ ਕਰਮ ਹੈ । ਕਰਮ ਦਾ ਸ਼ੁਧ ਅਰਥ ਹੈ ਆਰਾਧਨਾ ।

ਇਸ ਨਿਰਧਾਰਿਤ ਕਰਮ, ਯੱਗ ਦੇ ਕਰਮ ਜਾਂ ਤਦਅਰਥ (ਈਸ਼ਵਰ-ਪ੍ਰਾਪਤੀ ਲਈ) ਕਰਮ ਤੋਂ ਵੱਖ ਗੀਤਾ ਵਿਚ ਹੋਰ ਕੋਈ ਕਰਮ ਨਹੀਂ ਹੈ । ਇਸੇ ਉਤੇ ਸ਼੍ਰੀ ਕ੍ਰਿਸ਼ਣ ਨੇ ਥਾਂ-ਥਾਂ ਤੇ ਜ਼ੋਰ ਦਿਤਾ । ਅਧਿਆਇ ਛੇ ਵਿਚ ਇਸੇ ਨੂੰ ਉਹਨਾਂ ਨੇ **'कार्यम कर्म'** – ਕਰਨ ਯੋਗ ਕਰਮ ਕਿਹਾ । ਅਧਿਆਇ ਸੋਲ੍ਹਾਂ ਵਿਚ ਦੱਸਿਆ ਕਿ ਕਾਮ-ਕ੍ਰੋਧ ਅਤੇ ਲੋਭ ਨੂੰ ਤਿਆਗ ਦੇਣ ਦੇ ਬਾਅਦ ਹੀ ਕਰਮ ਸ਼ੁਰੂ ਹੁੰਦਾ ਹੈ, ਜੋ ਪਰਮ-ਸ਼੍ਰੇਸ਼ਠਤਾ ਨੂੰ ਦਿਵਾਉਣ ਵਾਲਾ ਹੈ । ਸੰਸਾਰਕ ਕਰਮਾਂ ਵਿਚ ਤਾਂ ਜੋ ਜਿੰਨਾ ਰੁੱਝਿਆ ਹੈ, ਉਸਦੇ ਕੋਲ ਕਾਮ-ਕ੍ਰੋਧ ਤੇ ਲੋਭ ਉਨ੍ਹੇ ਹੀ ਜ਼ਿਆਦਾ ਤਿਆਰ-ਬਰ-ਤਿਆਰ ਮਿਲਣਗੇ । ਇਸ ਨਿਰਧਾਰਿਤ ਕਰਮ ਨੂੰ ਉਹਨਾਂ ਨੇ ਸ਼ਾਸਤ੍ਰ-ਵਿਧੀ ਦੇ ਅਨੁਸਾਰ ਦੱਸਿਆ ਗਿਆ ਕਰਮ ਕਿਹਾ । ਗੀਤਾ ਆਪਣੇ ਆਪ ਵਿਚ ਸੰਪੂਰਣ ਸ਼ਾਸ੍ਤ੍ਰ ਹੈ । ਸਭ ਤੋਂ ਉਤੇ ਵੇਦ ਹਨ । ਵੇਦਾਂ ਦੇ ਸਾਰ ਉਪਨਿਸ਼ਦ ਹਨ ਅਤੇ ਉਹਨਾਂ ਸਾਰਿਆਂ ਦਾ ਸਾਰਾਂਸ਼ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੀ ਇਹੋ ਵਾਣੀ ਗੀਤਾ ਹੈ । ਸੱਤਾਰਵੇਂ ਅਤੇ ਅੱਠਾਰ੍ਹਵੇਂ ਅਧਿਆਇ ਵਿਚ ਵੀ ਸ਼ਾਸਤ੍ਰ-ਵਿਧੀ ਨਾਲ ਨਿਰਧਾਰਿਤ ਕਰਮ, ਨਿਯਤ ਕਰਮ, ਕਰਤੱਵ-ਕਰਮ ਅਤੇ ਪੁੰਨ-ਕਰਮ ਕਹਿਕੇ ਇਸੇ ਗੱਲ ਉਤੇ ਜ਼ੋਰ ਪਾਇਆ ਕਿ ਨਿਰਧਾਰਿਤ ਕਰਮ ਹੀ ਪਰਮ ਕਲਿਆਨਕਾਰੀ ਹੈ ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਰਾਹੀਂ ਏਨ੍ਹਾਂ ਜ਼ੋਰ ਪਾਉਣ ਦੇ ਬਾਵਜੂਦ ਤੁਸੀਂ ਉਸ ਨਿਰਧਾਰਿਤ ਕਰਮ ਨੂੰ ਨਾ ਕਰਕੇ, ਸ਼੍ਰੀ ਕ੍ਰਿਸ਼ਣ ਦਾ ਕਹਿਣਾ ਨਾ ਮੰਨਕੇ, ਉਲਟੀਆਂ-ਸਿੱਧੀਆਂ ਕਲਪਨਾਵਾਂ ਕਰਦੇ ਹੋ ਕਿ ਜੋ ਕੁਝ ਵੀ ਸੰਸਾਰ ਵਿਚ ਕੀਤਾ ਜਾਂਦਾ ਹੈ, ਉਹ ਕਰਮ ਹੈ । ਤੁਸੀਂ ਸੋਚਦੇ ਹੋ, ਕੁਝ ਵੀ ਤਿਆਗਣ ਦੀ ਲੋੜ ਨਹੀਂ ਹੈ, ਬਸ ਸਿਰਫ਼ ਫਲ ਦੀ ਕਾਮਨਾ ਨਾ ਕਰੋ, ਹੋ ਗਿਆ ਨਿਸ਼ਕਾਮ ਕਰਮਯੋਗ । ਕਰਤੱਵ ਦੀ ਭਾਵਨਾ ਨਾਲ ਕਰੋ, ਹੋ ਗਿਆ ਕਰਤੱਵ-ਯੋਗ । ਕੁਝ ਵੀ ਕਰੋ ਨਾਰਾਇਣ ਨੂੰ ਸਮਰਪਿਤ ਕਰ ਦਿਉ, ਹੋ ਗਿਆ ਸਮਰਪਣ-ਯੱਗ । ਇਸੇ ਤਰ੍ਹਾਂ ਯੱਗ ਦਾ ਨਾਮ ਸੁਣਦਿਆਂ ਸਾਰ ਅਸੀ ਭੂਤ-ਯੱਗ, ਪਿਤਰ-ਯੱਗ, ਪੰਚ-ਯੱਗ, ਵਿਸ਼ਣੂ ਦੇ ਨਮਿਤ ਯੱਗ ਆਦਿ ਅਨੇਕ ਤਰ੍ਹਾਂ ਦੇ ਯੱਗ ਸੋਚ ਲੈਂਦੇ ਹਾਂ ਅਤੇ ਉਸੇ ਦੀ ਪੂਰਤੀ ਲਈ ਸ੍ਵਾਹਾ ਬੋਲਕੇ ਖੜ੍ਹੇ ਹੋ ਜਾਂਦੇ ਹਾਂ । ਜੇ ਸ਼੍ਰੀ ਕ੍ਰਿਸ਼ਣ ਨੇ ਸਾਫ਼-ਸਾਫ਼ ਨਾ ਦੱਸਿਆ ਹੋਵੇ, ਤਾਂ ਤੇ ਅਸੀਂ ਕੁਝ ਵੀ ਕਰੀਏ, ਪਰ ਜੇ ਦੱਸਿਆ ਹੈ, ਤਾਂ ਉਨ੍ਹਾਂ ਹੀ ਕਰੀਏ, ਜਿੰਨ੍ਹਾ ਕਿਹਾ ਗਿਆ ਹੈ । ਪਰ ਅਸੀਂ ਮੰਨਣ ਤੋਂ ਦੂਰ ਰਹਿੰਦੇ ਹਾਂ, ਕੀਤਾ ਨਹੀਂ ਜਾਂਦਾ । ਵਿਰਾਸਤ ਵਿਚ ਮਿਲੀਆਂ ਅਨੇਕ ਰੀਤਾਂ-ਰਿਵਾਜਾਂ, ਪੂਜਾ-ਵਿਧੀਆਂ ਨੇ ਸਾਡੇ ਦਿਮਾਗ ਨੂੰ ਜੱਕੜਿਆ ਹੋਇਆ ਹੈ । ਬਾਹਰੀ ਚੀਜ਼ਾਂ ਨੂੰ ਤਾਂ ਅਸੀਂ ਵੇਚ-ਵੱਟਾਕੇ ਦੌੜ-ਭਜ ਵੀ ਸਕਦੇ ਹਾਂ, ਪਰ ਇਹ ਅੰਦਰ ਵੱਸੀਆਂ ਕੁਰੀਤੀਆਂ ਤਾਂ ਸਾਡੇ ਨਾਲ-ਨਾਲ ਹਰ ਥਾਂ ਜਾ ਪਹੁੰਚਦੀਆਂ ਹਨ । ਸ਼੍ਰੀ ਕ੍ਰਿਸ਼ਣ ਦੇ ਵਚਨਾਂ ਨੂੰ ਵੀ ਅਸੀਂ ਉਹਨਾਂ ਹੀ ਗੱਲਾਂ ਦੇ ਪੈਮਾਨੇ ਨਾਲ

ਜਾਂਚਦੇ ਹਾਂ ਅਤੇ ਉਸੇ ਦੇ ਅਨੁਸਾਰ ਢਾਲਕੇ ਗ੍ਰਹਿਣ ਕਰਦੇ ਹਾਂ । **ਗੀਤਾ ਤਾਂ ਅਤਿ ਸੁਬੋਧ, ਸਰਲ ਸੰਸਕ੍ਰਿਤ ਵਿਚ ਹੈ । ਤੁਸੀਂ ਭਾਵੇਂ ਉਸਦਾ ਸਿੱਧਾ-ਸਿੱਧਾ ਮਤਲਬ ਵੀ ਲਗਾਉ ਤਾਂ ਵੀ ਕਿਸੇ ਸ਼ੰਕਾ ਦੀ ਗੁੰਜਾਇਸ਼ ਨਹੀਂ ਹੈ । ਇਹੋ ਕੋਸ਼ਿਸ਼ ਇਸ ਪੁਸਤਕ ਵਿਚ ਕੀਤੀ ਗਈ ਹੈ ।**

**ਯੁੱਧ**-ਜੇ ਅਸੀਂ ਯੱਗ ਅਤੇ ਕਰਮ, ਦੋ ਪ੍ਰਸ਼ਨ ਹੀ ਯਥਾਰਥ ਰੂਪ ਨਾਲ ਸਮਝ ਲਈਏ, ਤਾਂ ਯੁੱਧ, ਵਰਣ-ਵਿਵਸਥਾ, ਵਰਣ-ਸੰਕਰ, ਗਿਆਨਯੋਗ, ਕਰਮਯੋਗ ਜਾਂ ਸੰਖੇਪ ਵਿਚ ਸਾਰੀ ਗੀਤਾ ਹੀ ਸਮਝ ਲਵਾਂਗੇ । ਅਰਜੁਨ ਲੜਨਾ ਨਹੀਂ ਚਾਹੁੰਦਾ ਸੀ, ਉਹ ਧਨੁੱਖ ਸੁੱਟਕੇ ਰਥ ਦੇ ਪਿਛਲੇ ਪਾਸੇ ਵਿਚ ਬੈਠ ਗਿਆ, ਪਰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਸਿਰਫ਼ ਕਰਮ ਦੀ ਸਿਖਿਆ ਦੇਕੇ ਨਾ ਕੇਵਲ ਕਰਮ ਨੂੰ ਦ੍ਰਿੜ ਕੀਤਾ, ਬਲਕਿ ਅਰਜੁਨ ਨੂੰ ਉਸ ਕਰਮ ਉਤੇ ਚਲਾ ਵੀ ਦਿਤਾ । ਯੁੱਧ ਹੋਇਆ, ਇਸ ਵਿਚ ਕੋਈ ਸ਼ੱਕ ਨਹੀਂ । ਗੀਤਾ ਦੇ ਪੰਦਰਾਂ-ਵੀਹ ਸ਼ਲੋਕ ਐਸੇ ਹਨ, ਜਿਨ੍ਹਾਂ ਵਿਚ ਮੁੜ-ਮੁੜ ਇਸ ਤਰ੍ਹਾਂ ਕਿਹਾ ਗਿਆ ਕਿ ਅਰਜੁਨ ! ਤੂੰ ਯੁੱਧ ਕਰ । ਪਰ ਇਕ ਵੀ ਸ਼ਲੋਕ ਇਸ ਤਰ੍ਹਾਂ ਨਹੀਂ ਹੈ ਜੋ ਬਾਹਰੀ ਮਾਰ-ਕੁਟਾਈ ਦੀ ਹਾਮੀ ਭਰਦਾ ਹੋਵੇ (ਵੇਖਣ ਯੋਗ ਹੈ ਅਧਿਆਇ 2, 3, 11, 15 ਅਤੇ 18), ਕਿਉਂਕਿ ਜਿਸ ਕਰਮ ਉੱਤੇ ਜ਼ੋਰ ਦਿਤਾ ਗਿਆ ਹੈ, ਉਹ ਨਿਰਧਾਰਿਤ ਕਰਮ, ਏਕਾਂਤ ਵਾਸ ਵਿਚ ਰਹਿਕੇ, ਚਿੱਤ ਨੂੰ ਸਾਰਿਆ ਪਾਸਿਆਂ ਤੋਂ ਸਮੇਟਕੇ, ਧਿਆਨ ਕਰਨ ਨਾਲ ਹੁੰਦਾ ਹੈ । ਜਦ ਕਰਮ ਦਾ ਇਹੋ ਸਵਰੂਪ ਹੈ, ਚਿੱਤ ਏਕਾਂਤ ਅਤੇ ਧਿਆਨ ਵਿਚ ਲੱਗਾ ਹੈ, ਤਾਂ ਯੁੱਧ ਕਿਸ ਤਰ੍ਹਾਂ ? ਜੇ ਗੀਤਾ ਲੜਾਈ ਕਰਨ ਵਾਲਿਆਂ ਦੇ ਕਲਿਆਨ ਲਈ ਹੀ ਹੈ, ਤਾਂ ਤੇ ਗੀਤਾ ਦਾ ਪਿੱਛਾ ਹੀ ਛੱਡੋ ! ਤੁਹਾਡੇ ਸਾਮ੍ਹਣੇ ਅਰਜੁਨ ਵਰਗੀ ਕੋਈ ਯੁੱਧ ਦੀ ਹਾਲਤ ਤਾਂ ਹੈ ਨਹੀਂ । ਪਰ ਅਸਲ ਵਿਚ ਯੁੱਧ ਦੀ ਹਾਲਤ ਉਦੋਂ ਵੀ ਮੌਜੂਦ ਸੀ ਅਤੇ ਅੱਜ ਵੀ ਜਿਉਂ ਦੀ ਤਿਉਂ ਮੌਜੂਦ ਹੈ । ਜਦੋਂ ਚਿੱਤ ਨੂੰ ਸਾਰਿਆਂ ਪਾਸਿਆਂ ਤੋਂ ਸਮੇਟਕੇ ਤੁਸੀਂ ਹਿਰਦੇ-ਦੇਸ਼ ਵਿਚ ਧਿਆਨ ਕਰਨ ਲੱਗੋਗੇ, ਤਾਂ ਕਾਮ-ਕ੍ਰੋਧ-ਰਾਗ-ਦ੍ਵੇਸ਼ ਆਦਿ ਵਿਕਾਰ ਤੁਹਾਡੇ ਚਿੱਤ ਨੂੰ ਟਿੱਕਣ ਨਹੀਂ ਦੇਣਗੇ । ਉਹਨਾਂ ਵਿਕਾਰਾਂ ਦੇ ਨਾਲ ਸੰਘਰਸ਼ ਕਰਨਾ, ਉਹਨਾਂ ਦਾ ਅੰਤ ਕਰਨਾ ਹੀ ਯੁੱਧ ਹੈ । ਸੰਸਾਰ ਵਿਚ ਯੁੱਧ ਹੁੰਦੇ ਹੀ ਰਹਿੰਦੇ ਹਨ, ਪਰ ਉਹਨਾਂ ਨਾਲ ਕਲਿਆਨ ਨਹੀਂ, ਵਿਨਾਸ਼ ਹੁੰਦਾ ਹੈ । ਪਰ ਅੰਤਰਮਨ ਦਾ ਯੁੱਧ ਸ਼ਾਂਤੀ ਵਲ ਲੈ ਜਾਂਦਾ ਹੈ । ਹੋਰ ਦੁਨੀਆਂ ਵਿਚ ਕੋਈ ਸ਼ਾਂਤੀ ਨਹੀਂ ਮਿਲਦੀ । ਸ਼ਾਂਤੀ ਤਾਂ ਹੀ ਮਿਲਦੀ ਹੈ ਜਦੋਂ ਇਹ ਆਤਮਾ ਆਪਣੇ ਸ਼ਾਸ਼ਵਤ ਸਵਰੂਪ ਨੂੰ ਪਾ ਲਏ । ਇਹੋ ਇਕਮਾਤਰ ਸ਼ਾਂਤੀ ਹੈ, ਜਿਸਦੇ ਬਾਅਦ ਅਸ਼ਾਂਤੀ ਨਹੀਂ ਹੈ । ਪਰ ਇਹ ਸ਼ਾਂਤੀ ਸਾਧਨਾ ਨਾਲ ਮਿਲਦੀ ਹੈ, ਉਸੇ ਦੇ ਲਈ ਨਿਰਧਾਰਿਤ ਕਰਮ ਦਾ ਵਿਧਾਨ ਹੈ ।

**ਵਰਣ**-ਉਸ ਨਿਰਧਾਰਿਤ ਕਰਮ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ । ਚਿੰਤਨ ਵਿਚ ਤਾਂ ਸਾਰੇ ਲੱਗਦੇ ਹਨ, ਪਰ ਕੋਈ ਸੁਆਸ-ਪ੍ਰਸੁਆਸ ਦੀ ਗਤਿ ਰੋਕਣ ਵਿਚ ਸਮਰਥ ਹੁੰਦਾ ਹੈ, ਤਾਂ ਕੋਈ ਸ਼ੁਰੂ ਵਿਚ ਦੋ ਘੰਟੇ ਚਿੰਤਨ ਲਈ ਬੈਠਕੇ ਵੀ ਇਸ਼ਟ ਦਾ ਧਿਆਨ ਦਸ ਮਿਨਟ ਵੀ ਨਹੀਂ ਕਰ ਸਕਦਾ । ਇਸ ਤਰ੍ਹਾਂ ਦੀ ਸਥਿਤੀ ਵਾਲਾ ਘੱਟ ਗਿਆਨੀ ਸਾਧਕ ਸ਼ੂਦ੍ਰ ਸ਼੍ਰੇਣੀ ਦਾ ਹੈ । ਉਹ ਆਪਣੀ ਸੁਭਾਵਕ ਸਮਰਥਾ ਦੇ ਅਨੁਸਾਰ ਟਹਿਲ-ਸੇਵਾ ਨਾਲ ਹੀ ਆਪਣਾ ਕਰਮ ਸ਼ੁਰੂ ਕਰੇ । ਸਹਿਜੇ-ਸਹਿਜੇ ਵੈਸ਼, ਖੱਤ੍ਰੀ ਅਤੇ ਬ੍ਰਾਹਮਣ ਸ਼੍ਰੇਣੀ ਦੀ ਸਮਰਥਾ ਉਸਦੇ ਸੁਭਾਅ ਵਿਚ ਢੱਲਦੀ ਜਾਏਗੀ । ਉਹ ਅੱਗੇ ਵੱਧਦਾ ਜਾਏਗਾ । ਪਰ ਅਜੇ ਉਹ ਬ੍ਰਾਹਮਣ ਸ਼੍ਰੇਣੀ ਵੀ ਦੋਸ਼ਮਈ ਹੈ, ਕਿਉਂਕਿ ਅਜੇ ਉਹ ਬ੍ਰਹਮ ਤੋਂ ਅਲੱਗ ਹੈ । ਬ੍ਰਹਮ ਵਿਚ ਪ੍ਰਵੇਸ਼ ਪਾਣ ਦੇ ਬਾਅਦ ਉਹ ਬ੍ਰਾਹਮਣ ਵੀ ਨਹੀਂ ਰਹਿ ਜਾਂਦਾ । ਵਰਣ ਦਾ ਅਰਥ ਹੈ ਰੂਪ । ਇਹ ਸਰੀਰ ਤੁਹਾਡਾ ਰੂਪ ਨਹੀਂ ਹੈ । ਤੁਹਾਡਾ ਰੂਪ ਜਿਸ ਤਰ੍ਹਾਂ ਦਾ ਹੈ, ਉਸੇ ਤਰ੍ਹਾਂ ਦੀ ਤੁਹਾਡੀ ਬਿਰਤੀ ਹੈ । ਸ਼੍ਰੀ ਕ੍ਰਿਸ਼ਣ ਕਹਿੰਦੇ ਹਨ-ਅਰਜੁਨ ! ਮਨੁੱਖ ਸ਼ਰਧਾਵਾਲਾ ਹੁੰਦਾ ਹੈ, ਇਸ ਲਈ ਕਿਧਰੇ ਨਾ ਕਿਧਰੇ ਸ਼ਰਧਾ ਜ਼ਰੂਰ ਰੱਖਦਾ ਹੈ । ਜਿਸ ਤਰ੍ਹਾਂ ਦੀ ਸ਼ਰਧਾ ਵਾਲਾ ਉਹ ਪੁਰਸ਼ ਹੈ, ਉਸੇ ਦੇ ਅਨੁਸਾਰ ਉਸਦਾ ਰੂਪ ਹੈ । ਜਿਸ

ਤਰ੍ਹਾਂ ਦੀ ਬਿਰਤੀ, ਵੈਸਾ ਪੁਰਸ਼ । ਜਿਸ ਤਰ੍ਹਾਂ ਦੀ ਸ਼ਰਧਾ ਵਾਲਾ ਉਹ ਪੁਰਸ਼ ਹੈ, ਉਸੇ ਦੇ ਅਨੁਸਾਰ ਉਸਦਾ ਰੂਪ ਹੈ । ਜਿਸ ਤਰ੍ਹਾਂ ਦੀ ਬਿਰਤੀ, ਉਸੇ ਤਰ੍ਹਾਂ ਦਾ ਪੁਰਸ਼ । ਵਰਣ, ਕਰਮ ਦੀ ਸਮਰਥਾ ਦਾ ਅੰਦਰੂਨੀ ਮਾਪਦੰਡ ਜਾਂ ਪੈਮਾਨਾ ਹੈ, ਪਰ ਲੋਕਾਂ ਨੇ ਨਿਰਧਾਰਿਤ ਕਰਮ ਨੂੰ ਛੱਡਕੇ, ਬਾਹਰ ਸਮਾਜ ਵਿਚ ਜਨਮ ਦੇ ਆਧਾਰ ਉਤੇ ਜਾਤੀਆਂ ਨੂੰ ਵਰਣ ਮੰਨਕੇ ਉਹਨਾਂ ਦਾ ਪੇਸ਼ਾ ਤੈ ਕਰ ਦਿੱਤਾ, ਜੋ ਸਿਰਫ਼ ਇਕ ਸਮਾਜਕ ਵਿਵਸਥਾ ਮਾਤਰ ਸੀ । ਉਹ ਕਰਮ ਦੇ ਯਥਾਰਥ ਰੂਪ ਨੂੰ ਤੋੜਦੇ-ਮਰੋੜਦੇ ਹਨ, ਤਾਂਕਿ ਉਹਨਾਂ ਦੀ ਖੋਖਲੀ ਸਮਾਜਕ ਮਰਿਆਦਾ ਅਤੇ ਪੇਸ਼ੇ ਨੂੰ ਧੱਕਾ ਨਾ ਲੱਗੇ । ਬਾਅਦ ਵਿਚ ਵਰਣ ਨੂੰ ਸਿਰਫ਼ ਜਨਮ ਤੋਂ ਹੀ ਨਿਰਧਾਰਿਤ ਕੀਤਾ ਜਾਣ ਲੱਗਾ । ਪਰ ਇਹ ਸਭ ਗ਼ਲਤ ਹੈ । ਸ਼੍ਰੀ ਕ੍ਰਿਸ਼ਣ ਨੇ ਕਿਹਾ ਚਾਰ ਵਰਣਾਂ ਦੀ ਰਚਨਾ ਮੈਂ ਕੀਤੀ ਹੈ । ਕੀ ਭਾਰਤ ਤੋਂ ਬਾਹਰ ਵਾਲੇ ਦੇਸ਼ਾਂ ਵਿਚ ਮਨੁੱਖ ਨਹੀਂ ਹਨ ? ਉਥੇ ਤਾਂ ਇਹਨਾਂ ਜਾਤੀਆਂ ਦਾ ਕੋਈ ਨਾਮ ਵੀ ਨਹੀਂ ਜਾਣਦਾ । ਭਾਰਤ ਵਿਚ ਇਹਨਾਂ ਜਾਤੀਆਂ ਅਤੇ ਉਪਜਾਤੀਆਂ ਦੇ ਤਹਿਤ ਅਨੇਕਾਂ ਹੋਰ ਵੀ ਜਾਤੀਆਂ ਹਨ । ਤਾਂ ਕੀ ਸ਼੍ਰੀ ਕ੍ਰਿਸ਼ਣ ਨੇ ਮਨੁੱਖਾਂ ਨੂੰ ਵੰਡਿਆ ਸੀ ? ਨਹੀਂ '**गुणकर्म विभागशः**'– ਗੁਣਾਂ ਦੇ ਆਧਾਰ ਤੇ ਕਰਮਾਂ ਦੀ ਵੰਡ ਕੀਤੀ ਸੀ । '**कर्मणि प्रविभक्तानि**' – ਕਰਮ ਵੰਡਿਆ ਗਿਆ ਸੀ । ਜੇ ਕਰਮ ਨੂੰ ਸਮਝ ਲਿਆ, ਤਾਂ ਵਰਣ ਆਪੇ ਸਮਝ ਵਿਚ ਆ ਜਾਏਗਾ, ਤੇ ਵਰਣ ਸਮਝ ਵਿਚ ਆ ਗਿਆ, ਤਾਂ ਵਰਣ-ਸੰਕਰ ਤੁਸੀਂ ਆਪੇ ਸਮਝ ਜਾਉਗੇ ।

**ਵਰਣ-ਸੰਕਰ** – ਇਸ ਕਰਮ-ਮਾਰਗ ਤੋਂ ਹੱਟ ਜਾਣਾ ਹੀ ਵਰਣ-ਸੰਕਰ ਹੈ । ਆਤਮਾ ਦਾ ਸ਼ੁੱਧ ਵਰਣ (ਰੂਪ) ਹੈ ਪਰਮਾਤਮਾ ! ਉਸ ਵਿਚ ਪ੍ਰਵੇਸ਼ ਦਿਵਾਉਣ ਵਾਲੇ ਕਰਮ ਤੋਂ ਹੱਟਕੇ ਪ੍ਰਕ੍ਰਿਤੀ ਨਾਲ ਮਿਲ ਜਾਣਾ ਹੀ ਵਰਣ-ਸੰਕਰ ਹੈ । ਸ਼੍ਰੀ ਕ੍ਰਿਸ਼ਣ ਨੇ ਸਪਸ਼ਟ ਕੀਤਾ ਕਿ ਇਸ ਕਰਮ ਨੂੰ ਕੀਤੇ ਬਿਨਾਂ ਉਸ ਸਵਰੂਪ ਨੂੰ ਕੋਈ ਨਹੀਂ ਪਾਉਂਦਾ ਅਤੇ ਪ੍ਰਾਪਤੀ ਵਾਲੇ ਮਹਾਪੁਰਸ਼ ਨੂੰ ਕਰਮ ਕਰਨ ਦਾ ਨਾ ਕੋਈ ਲਾਭ ਹੈ ਅਤੇ ਨਾ ਹੀ ਛੱਡਣ ਦਾ ਕੋਈ ਨੁਕਸਾਨ ਹੈ । ਫੇਰ ਵੀ ਲੋਕ-ਸੰਗ੍ਰਹਿ ਲਈ ਉਹ ਕਰਮ ਵਿਚ ਵਰਤਦੇ ਹਨ । ਉਹਨਾਂ ਮਹਾਪੁਰਸ਼ਾਂ ਦੀ ਤਰ੍ਹਾਂ ਮੈਨੂੰ ਵੀ ਪ੍ਰਾਪਤ ਹੋਣ ਯੋਗ ਕੋਈ ਵੀ ਚੀਜ਼ ਅਪ੍ਰਾਪਤ ਨਹੀਂ ਹੈ, ਫੇਰ ਵੀ ਮੈਂ ਬਾਅਦ ਵਾਲਿਆਂ ਦੇ ਕਲਿਆਨ ਲਈ ਕਰਮ ਵਿਚ ਚਲਦਾ ਹਾਂ । ਜੇ ਮੈਂ ਨਾ ਕਰਾਂ ਤਾਂ ਸਾਰੇ ਵਰਣ-ਸੰਕਰ ਹੋ ਜਾਣ । ਇਸਤ੍ਰੀਆਂ ਦੇ ਦੂਸ਼ਿਤ ਹੋਣ ਨਾਲ ਵਰਣ-ਸੰਕਰ ਤਾਂ ਸੁਣਿਆ ਗਿਆ ਹੈ, ਪਰ ਇਥੇ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਸਵਰੂਪ-ਸਥਿਤ ਮਹਾਪੁਰਸ਼ ਜੇ ਕਰਮ ਨਾ ਕਰਨ, ਤਾਂ ਲੋਕੀਂ ਵਰਣ-ਸੰਕਰ ਹੋ ਜਾਂਦੇ ਹਨ । ਉਸ ਮਹਾਪੁਰਸ਼ ਦੀ ਨਕਲ ਕਰਕੇ, ਲੋਕੀਂ ਆਰਾਧਨਾ ਬੰਦ ਕਰਕੇ ਪ੍ਰਕ੍ਰਿਤੀ ਵਿਚ ਭਟਕਦੇ ਰਹਿੰਦੇ ਹਨ । ਉਹ-ਸੰਕਰ ਹੋ ਜਾਣਗੇ, ਕਿਉਂਕਿ ਇਸ ਕਰਮ ਨੂੰ ਕਰਕੇ ਹੀ ਉਸ ਪਰਮ ਨਿਸ਼ਕਰਮਤਾ ਦੀ ਸਥਿਤੀ ਨੂੰ, ਆਪਣੇ ਸ਼ੁੱਧ ਵਰਣ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ ।

**ਗਿਆਨਯੋਗ ਅਤੇ ਕਰਮਯੋਗ** – ਕਰਮ ਇੱਕੋ ਹੈ, ਨਿਰਧਾਰਿਤ ਕਰਮ, ਆਰਾਧਨਾ, ਪਰ ਉਸਨੂੰ ਕਰਨ ਦੇ ਦ੍ਰਿਸ਼ਟੀਕੋਣ ਦੋ ਹਨ । ਆਪਣੀ ਸ਼ਕਤੀ ਨੂੰ ਸਮਝਕੇ, ਹਾਨੀ-ਲਾਭ ਦਾ ਵਿਚਾਰ ਕਰਕੇ, ਇਸ ਕਰਮ ਨੂੰ ਕਰਨਾ ਗਿਆਨਯੋਗ ਹੈ । ਗਿਆਨਯੋਗ ਦਾ ਸਾਧਕ ਜਾਣਦਾ ਹੈ ਕਿ, ''ਅੱਜ ਮੇਰੀ ਇਹ ਸਥਿਤੀ ਹੈ, ਅੱਗੇ ਚੱਲਕੇ ਇਹ ਹੋਵੇਗੀ ਅਤੇ ਫੇਰ ਆਪਣੇ ਸਵਰੂਪ ਨੂੰ ਕਦੋਂ ਪ੍ਰਾਪਤ ਹੋਵਾਂਗਾ ।'' ਇਹੋ ਭਾਵਨਾ ਲੈਕੇ ਗਿਆਨਯੋਗ ਵਿਚ ਸਾਧਕ ਚੱਲਦਾ ਹੈ, ਇਸੇ ਲਈ ਉਹ ਗਿਆਨ-ਮਾਰਗੀ ਕਿਹਾ ਜਾਂਦਾ ਹੈ । ਸਮਰਪਣ ਦੇ ਨਾਲ ਉਸੇ ਕਰਮ ਵਿਚ ਪ੍ਰਵਿਰਤ ਹੋਣਾ, ਹਾਨੀ-ਲਾਭ ਦਾ ਫ਼ੈਸਲਾ ਇਸ਼ਟ ਉਤੇ ਛੱਡਕੇ ਚੱਲਣਾ ਨਿਸ਼ਕਾਮ ਕਰਮਯੋਗ, ਭਗਤੀ-ਮਾਰਗ ਹੈ । ਦੋਨਾਂ ਦੇ ਪ੍ਰੇਰਕ ਸਤਿਗੁਰੂ ਹਨ । ਇੱਕੋ ਮਹਾਪੁਰਸ਼ ਤੋਂ ਸਿਖਿਆ ਲੈਕੇ, ਇਕ ਤਾਂ ਆਪਣੇ ਭਰੋਸੇ ਉਸ ਕਰਮ ਵਿਚ ਲੱਗਦਾ ਹੈ ਅਤੇ ਦੂਜਾ ਉਸੇ ਮਹਾਪੁਰਸ਼ ਦੇ ਭਰੋਸੇ ਹੋਕੇ ਅੱਗੇ ਵੱਧਦਾ ਹੈ । ਬਸ ਫ਼ਰਕ ਇੰਨਾ ਹੀ ਹੈ । ਇਸੇ ਲਈ ਸ਼੍ਰੀ ਕ੍ਰਿਸ਼ਣ ਨੇ ਕਿਹਾ – ਅਰਜੁਨ ! ਸਾਂਖਿਅ

(ਗਿਆਨ) ਦੁਆਰਾ ਜੋ ਪਰਮਸਤਿ ਮਿਲਦਾ ਹੈ ਉਹੀ ਪਰਮਸਤਿ ਨਿਸ਼ਕਾਮ ਕਰਮਯੋਗ ਦੁਆਰਾ ਵੀ ਮਿਲਦਾ ਹੈ । ਜੋ ਦੋਨਾਂ ਨੂੰ ਇੱਕੋ ਜਿਹਾ ਸਮਝਦਾ ਹੈ, ਉਹੀ ਯਥਾਰਥ ਨੂੰ ਸਮਝਦਾ ਹੈ । ਦੋਨਾਂ ਸਾਧਕਾਂ ਨੂੰ ਕ੍ਰਿਆ ਸਮਝਾਉਣ ਵਾਲਾ ਤੱਤਦਰਸ਼ੀ ਇੱਕੋ ਹੈ, ਕ੍ਰਿਆ ਵੀ ਇਕ ਹੀ ਹੈ, ਆਰਾਧਨਾ। ਕਾਮਨਾਵਾਂ ਦਾ ਤਿਆਗ ਦੋਨੋਂ ਕਰਦੇ ਹਨ ਅਤੇ ਪਰਿਣਾਮ ਵੀ ਇਕ ਹੀ ਹੈ । ਸਿਰਫ਼ ਕਰਮ ਕਰਨ ਦੇ ਦ੍ਰਿਸ਼ਟੀਕੋਣ ਦੋ ਹਨ ।

**ਇਕ ਪਰਮਾਤਮਾ** – ਨਿਰਧਾਰਿਤ ਕਰਮ, ਮਨ ਅਤੇ ਇੰਦ੍ਰੀਆਂ ਦੀ ਇਕ ਨਿਰਧਾਰਿਤ ਅੰਤਰ-ਕ੍ਰਿਆ ਹੈ । ਜਦ ਕਰਮ ਦਾ ਇਹੋ ਸਵਰੂਪ ਹੈ ਤਾਂ ਬਾਹਰ ਮੰਦਿਰ-ਮਸਜਿਦ-ਚਰਚ ਬਣਾਕੇ ਦੇਵੀਆਂ-ਦੇਵਤਿਆਂ ਦੀਆਂ ਮੂਰਤੀਆਂ ਜਾਂ ਪ੍ਰਤੀਕ ਬਣਾਕੇ ਪੂਜਣਾ ਕਿਥੋਂ ਤਕ ਠੀਕ ਹੈ ? ਭਾਰਤ ਵਿਚ ਹਿੰਦੂ ਕਹਾਉਣ ਵਾਲਾ ਸਮਾਜ (ਅਸਲ ਵਿਚ ਉਹ ਸਨਾਤਨ-ਧਰਮੀ ਹਨ । ਉਹਨਾਂ ਦੇ ਪੂਰਬਜਾਂ ਨੇ ਪਰਮਸਤਿ ਦੀ ਖੋਜ ਕਰਕੇ ਦੇਸ਼-ਵਿਦੇਸ਼ ਵਿਚ ਉਸਦਾ ਪ੍ਰਚਾਰ ਕੀਤਾ । ਉਸ ਮਾਰਗ ਉਤੇ ਚੱਲਣ ਵਾਲਾ ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਹੋਵੇ, ਸਨਾਤਨ-ਧਰਮੀ ਹੈ । ਏਨ੍ਹਾਂ ਗੌਰਵਸ਼ਾਲੀ ਹਿੰਦੂ ਸਮਾਜ) ਕਾਮਨਾਵਾਂ ਦੇ ਵੱਸ ਹੋਕੇ ਤਰ੍ਹਾਂ-ਤਰ੍ਹਾਂ ਦੇ ਭਰਮਾਂ ਵਿਚ ਪੈ ਗਿਆ । ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ਅਰਜੁਨ ! ਦੇਵਤਾ ਨਾਮ ਦੀ ਕੋਈ ਚੀਜ਼ ਨਹੀਂ ਹੈ, ਕੋਈ ਸੱਤਾ ਨਹੀਂ ਹੈ। ਜਿਥੇ-ਜਿੱਥੇ ਵੀ ਮਨੁੱਖ ਦੀ ਸ਼ਰਧਾ ਜਾਂਦੀ ਹੈ, ਉਸਦੀ ਓਟ ਵਿਚ (ਉਸ ਦੇਵਤੇ ਦੀ ਓਟ ਵਿਚ) ਖੜ੍ਹਾ ਹੋਕੇ ਮੈਂ ਹੀ ਫਲ ਦੇਂਦਾ ਹੈ । ਉਸਦੀ ਸ਼ਰਧਾ ਨੂੰ ਪੱਕਾ ਕਰਦਾ ਹਾਂ, ਕਿਉਂਕਿ ਮੈਂ ਹੀ ਸੱਭ ਪਾਸੇ ਹਾਂ । ਲੇਕਿਨ ਉਸਦੀ ਉਹ ਪੂਜਾ ਅਵਿਧੀ ਵਾਲੀ ਹੈ, ਉਸਦਾ ਫਲ ਵੀ ਨਸ਼ਟ ਹੋਣ ਵਾਲਾ ਹੈ । ਕਾਮਨਾਵਾਂ ਨੇ ਜਿਨ੍ਹਾਂ ਦਾ ਗਿਆਨ ਖੋਹ ਲਿਆ ਹੈ, ਉਹ ਮੂੜਬੁੱਧੀ ਹੀ ਹੋਰਾਂ ਦੇਵਤਿਆਂ ਦੀ ਪੂਜਾ ਕਰਦੇ ਹਨ । ਸਾਤਵਿਕ ਲੋਕੀਂ ਦੇਵਤਿਆਂ ਨੂੰ ਪੂਜਦੇ ਹਨ, ਰਾਜਸੀ ਲੋਕੀਂ ਯਕਸ਼-ਰਾਖਸ਼ਾਂ ਨੂੰ ਪੂਜਦੇ ਹਨ ਅਤੇ ਤਾਮਸੀ ਲੋਕੀਂ ਭੂਤ-ਪ੍ਰੇਤਾਂ ਨੂੰ ਪੂਜਦੇ ਹਨ । ਉਹ ਘੋਰ ਤੱਪ ਕਰਦੇ ਹਨ । ਪਰ ਅਰਜੁਨ ! ਉਹ ਸਰੀਰਾਂ ਵਾਲੇ ਜੀਵ-ਪ੍ਰਾਣੀਆਂ ਨੂੰ ਕਮਜ਼ੋਰ ਕਰਦੇ ਹਨ ਅਤੇ ਅੰਤਰਮਨ ਵਿਚ ਸਥਿਤ ਮੇਰੇ ਪਰਮਾਤਮਾ ਰੂਪ ਨੂੰ ਆਪਣੇ ਤੋਂ ਦੂਰ ਕਰਦੇ ਹਨ, ਪੂਜਾ ਨਹੀਂ ਕਰਦੇ । ਉਹਨਾਂ ਨੇ ਤਾਂ ਸਾਫ਼-ਸਾਫ਼ ਕਿਹਾ ਕਿ-ਅਰਜੁਨ ! ਈਸ਼ਵਰ ਸਾਰੇ ਪ੍ਰਾਣੀਆਂ ਦੇ ਹਿਰਦੇ ਵਿਚ ਰਹਿੰਦਾ ਹੈ । ਸਿਰਫ਼ ਉਸੇ ਦੀ ਸ਼ਰਨ ਵਿਚ ਜਾਉ । ਪੂਜਾ ਦਾ ਸਥਾਨ ਹਿਰਦੇ ਵਿਚ ਹੈ, ਬਾਹਰ ਨਹੀਂ । ਫੇਰ ਵੀ ਲੋਕੀਂ ਪੱਥਰ-ਪਾਣੀ, ਮੰਦਿਰ-ਮਸਜਿਦ, ਦੇਵੀ-ਦੇਵਤਿਆਂ ਦਾ ਪਿੱਛਾ ਕਰਦੇ ਹੀ ਰਹਿੰਦੇ ਹਨ। ਸਗੋਂ ਸ਼੍ਰੀ ਕ੍ਰਿਸ਼ਣ ਦੀ ਵੀ ਮੂਰਤੀ ਉਹਨਾਂ ਦੇ ਨਾਲ ਜੋੜ ਦੇਂਦੇ ਹਨ । ਸ਼੍ਰੀ ਕ੍ਰਿਸ਼ਣ ਦੁਆਰਾ ਦੱਸੀ ਸਾਧਨਾ ਉਤੇ ਜ਼ੋਰ ਦੇਣ ਵਾਲੇ ਅਤੇ ਜੀਵਨਭਰ ਮੂਰਤੀ-ਪੂਜਾ ਦਾ ਖੰਡਨ ਕਰਨ ਵਾਲੇ ਮਹਾਤਮਾ ਬੁੱਧ ਦੀ ਵੀ ਮੂਰਤੀ ਉਹਨਾਂ ਦੇ ਅਨੁਯਾਈਆਂ ਨੇ ਬਣਾ ਲਈ ਅਤੇ ਲੱਗੇ ਪੂਜਾ ਕਰਨ (ਦੀਪ ਜਲਾਉਣ), ਜਦਕਿ ਬੁੱਧ ਨੇ ਕਿਹਾ ਸੀ-ਆਨੰਦ ! ਤਥਾਗਤ ਦੀ (ਬੁੱਧ ਦੀ) ਸਰੀਰ-ਪੂਜਾ ਵਿਚ ਸਮਾਂ ਨਸ਼ਟ ਨਾ ਕਰਨਾ ।

ਮੰਦਿਰ, ਮਸਜਿਦ, ਚਰਚ, ਤੀਰਥ, ਮੂਰਤੀਆਂ ਅਤੇ ਸਮਾਰਕਾਂ ਰਾਹੀਂ ਪਹਿਲਾਂ ਦੇ ਹੋ ਚੁਕੇ ਮਹਾਪੁਰਸ਼ਾਂ ਦੀਆਂ ਯਾਦਾਂ ਨੂੰ ਸੰਜੋਕੇ ਰੱਖਿਆ ਜਾਂਦਾ ਹੈ, ਤਾਂਕਿ ਉਹਨਾਂ ਦੀਆਂ ਉਪਲਬਧੀਆਂ ਸਾਡੇ ਧਿਆਨ ਵਿਚ ਰਹਿਣ । ਮਹਾਪੁਰਸ਼ਾਂ ਵਿਚ ਇਸਤ੍ਰੀ-ਪੁਰਸ਼ ਸਾਰੇ ਹੁੰਦੇ ਆਏ ਹਨ । ਜਨਕ ਦੀ ਬੇਟੀ ਸੀਤਾ ਪਿਛਲੇ ਜਨਮ ਵਿਚ ਇਕ ਬ੍ਰਾਹਮਣ-ਕੰਨਿਆ ਸੀ । ਆਪਣੇ ਪਿਤਾ ਦੀ ਪ੍ਰੇਰਣਾ ਨਾਲ ਪਰਬ੍ਰਹਮ ਦੀ ਪ੍ਰਾਪਤੀ ਲਈ ਉਸਨੇ ਤਪਸਿਆ ਕੀਤੀ, ਪਰ ਸਫਲ ਨਾ ਹੋ ਸਕੀ । ਦੂਜੇ ਜਨਮ ਵਿਚ ਉਸਨੇ ਰਾਮ ਨੂੰ ਪ੍ਰਾਪਤ ਕੀਤਾ ਅਤੇ ਚਿਨਮਈ (ਗਿਆਨਵਾਨ), ਅਵਿਨਾਸ਼ੀ, ਆਦਿ-ਸ਼ਕਤੀ ਦੇ ਰੂਪ ਵਿਚ ਪ੍ਰਤਿਸ਼ਠਿਤ ਹੋਈ । ਠੀਕ ਇਸੇ ਤਰ੍ਹਾਂ ਰਾਜਕੁਲ ਵਿਚ ਪੈਦਾ ਹੋਈ ਮੀਰਾ ਵਿਚ ਪਰਮਾਤਮਾ ਦੀ ਲਗਨ ਜਾਗੀ । ਸਭ ਕੁਝ ਛੱਡਕੇ ਉਹ ਭਗਵਾਨ ਦੇ ਚਿੰਤਨ ਵਿਚ

ਲੱਗ ਗਈ । ਅੜਦਾਨਾਂ ਨੂੰ ਝੱਲਦੀ ਹੋਈ, ਆਖ਼ਰ ਉਹ ਸਫਲ ਹੋਈ । ਇਹਨਾਂ ਮਹਾਪੁਰਸ਼ਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਮੰਦਿਰ ਬਣੇ, ਸਮਾਰਕ ਬਣੇ, ਤਾਂਕਿ ਸਮਾਜ ਉਹਨਾਂ ਦੇ ਉਪਦੇਸ਼ਾਂ ਤੋਂ, ਉਹਨਾਂ ਦੀ ਕਰਨੀ ਤੋਂ ਪ੍ਰੇਰਿਤ ਹੋ ਸਕੇ । ਮੀਰਾ, ਸੀਤਾ ਜਾਂ ਇਸ ਮਾਰਗ ਦਾ ਖੋਜਕਰਤਾ ਹਰ ਮਹਾਪੁਰਸ਼ ਸਾਡਾ ਆਦਰਸ਼ ਹੈ । ਸਾਨੂੰ ਉਹਨਾਂ ਦੇ ਦੱਸੇ ਹੋਏ ਰਾਹ ਉਤੇ ਚੱਲਣਾ ਚਾਹੀਦਾ ਹੈ । ਪਰ ਇਸਤੋਂ ਵੱਡੀ ਭੁੱਲ ਹੋਰ ਕੀ ਹੋਏਗੀ ਕਿ ਅਸੀਂ ਸਿਰਫ਼ ਉਹਨਾਂ ਦੇ ਚਰਨਾਂ ਵਿਚ ਫੁਲ ਚੜ੍ਹਾ ਦੇਈਏ, ਚੰਦਨ ਲਗਾ ਦੇਈਏ ਤੇ ਇਹ ਸਮਝੀਏ ਕਿ ਸਾਡਾ ਫ਼ਰਜ ਪੂਰਾ ਹੋ ਗਿਆ ।

ਅਕਸਰ ਇਹ ਹੁੰਦਾ ਹੈ ਕਿ ਜਿਸ ਵਿਅਕਤੀ ਲਈ ਜੋ ਉਸਦਾ ਆਦਰਸ਼ ਹੁੰਦਾ ਹੈ, ਉਸਦੀ ਮੂਰਤੀ ਫੋਟੋ, ਖੜਾਵਾਂ, ਉਸਦਾ ਨਿਵਾਸ-ਸਥਾਨ ਜਾਂ ਉਸ ਦੀਆਂ ਚੀਜ਼ਾਂ ਆਦਿ ਵੇਖ-ਸੁਣਕੇ ਉਸਦੇ ਮਨ ਵਿਚ ਸ਼ਰਧਾ ਭਰ ਆਉਂਦੀ ਹੈ । ਇਹ ਚੰਗਾ ਹੀ ਹੈ । ਅਸੀਂ ਵੀ ਆਪਣੇ ਗੁਰੂਦੇਵ ਭਗਵਾਨ ਦਾ ਫੋਟੋ ਕੂੜੇ ਵਿਚ ਨਹੀਂ ਸੁੱਟ ਸਕਦੇ ਕਿਉਂਕਿ ਉਹ ਸਾਡੇ ਆਦਰਸ਼ ਹਨ । ਉਹਨਾਂ ਦੀ ਪ੍ਰੇਰਣਾ ਅਤੇ ਕਥਨ ਅਨੁਸਾਰ ਸਾਨੂੰ ਚੱਲਣਾ ਹੈ । ਜੋ ਸਵਰੂਪ ਉਹਨਾਂ ਦਾ ਹੈ, ਸਹਿਜੇ-ਸਹਿਜੇ ਚੱਲਦੇ ਹੋਏ ਉਸੇ ਦੀ ਪ੍ਰਾਪਤੀ ਕਰਨਾ ਸਾਡਾ ਵੀ ਨਿਸ਼ਾਨਾ ਹੈ ਅਤੇ ਇਹੋ ਉਹਨਾਂ ਦੀ ਅਸਲੀ ਪੂਜਾ ਹੈ । ਇਥੋਂ ਤਕ ਤਾਂ ਠੀਕ ਹੈ, ਕਿ ਜੋ ਅਸਲ ਵਿਚ ਆਦਰਸ਼ ਹੈ, ਉਸਦਾ ਨਿਰਾਦਰ ਨਾ ਕਰੋ, ਪਰ ਉਹਨਾਂ ਉਤੇ ਫੁਲ ਆਦਿ ਚੜ੍ਹਾਉਣ ਨੂੰ ਹੀ ਭਗਤੀ ਮੰਨ ਲੈਣ ਨਾਲ, ਉੱਨੇ ਨੂੰ ਹੀ ਕਲਿਆਨਕਾਰੀ ਕਰਮ ਸਮਝ ਲੈਣ ਨਾਲ ਤਾਂ ਅਸੀਂ ਆਪਣੇ ਨਿਸ਼ਾਨੇ ਤੋਂ ਬੜੀ ਦੂਰ ਭਟਕ ਜਾਵਾਂਗੇ ।

ਆਪਣੇ ਆਦਰਸ਼ ਦੇ ਉਪਦੇਸ਼ ਨੂੰ ਮਨ ਵਿਚ ਉਤਾਰਨ ਲਈ ਅਤੇ ਉਸ ਉਤੇ ਚੱਲਣ ਦੀ ਪ੍ਰੇਰਣਾ ਗ੍ਰਹਿਣ ਕਰਨ ਲਈ ਹੀ ਸਮਾਰਕਾਂ ਦੀ ਸਾਰਥਕਤਾ ਹੋ ਸਕਦੀ ਹੈ, ਚਾਹੇ ਉਸਨੂੰ ਆਸ਼ਰਮ, ਮੰਦਿਰ, ਮਸਜਿਦ, ਚਰਚ, ਮੱਠ, ਵਿਹਾਰ, ਗੁਰੂਦੁਆਰਾ ਜਾਂ ਕੁਝ ਵੀ ਨਾਮ ਦੇ ਦਿਉ, ਜੇ ਉਹ ਧਰਮ ਨਾਲ ਸੰਬੰਧਿਤ ਹੋਣ ਤਾਂ । ਅਸੀਂ ਇਸ ਤਰ੍ਹਾਂ ਦੇ ਸਥਾਨਾਂ ਵਿਚ ਇਸੇ ਮਕਸਦ ਨਾਲ ਪਹੁੰਚਦੇ ਹਾਂ ਕਿ ਸਾਨੂੰ ਦੱਸਿਆ ਜਾਵੇ ਕਿ ਜਿਸਦੀ ਮੂਰਤੀ ਸਥਾਪਿਤ ਕੀਤੀ ਹੋਈ ਹੈ ਉਸਨੇ ਕੀ ਕੀਤਾ ? ਅਤੇ ਕੀ ਪ੍ਰਾਪਤੀ ਉਸਨੂੰ ਹੋਈ ? ਕਿਵੇਂ ਤਪਸਿਆ ਕੀਤੀ ? ਕੀ ਪਾਇਆ ? ਇਹੋ ਕੁਝ ਸਿੱਖਣ-ਸਮਝਣ ਲਈ ਅਸੀਂ ਇਸ ਤਰ੍ਹਾਂ ਦੇ ਸਥਾਨਾਂ ਵਿਚ ਜਾਂਦੇ ਹਾਂ ਅਤੇ ਜਾਣਾ ਵੀ ਚਾਹੀਦਾ ਹੈ । ਪਰ ਜੇ ਇਹਨਾਂ ਸਥਾਨਾਂ ਵਿਚ ਮਹਾਪੁਰਸ਼ ਦੇ ਪਦ-ਚਿੰਨ੍ਹ ਨਹੀਂ ਦੱਸੇ ਗਏ, ਕਰਕੇ ਨਹੀਂ ਸਮਝਾਇਆ ਗਿਆ, ਕਲਿਆਨ ਦੀ ਤਰਕੀਬ ਨਹੀਂ ਮਿਲੀ ਤਾਂ ਫੇਰ ਉਹ ਸਥਾਨ ਗ਼ਲਤ ਹੈ । ਉਥੇ ਤੁਹਾਨੂੰ ਸਿਰਫ਼ ਰੂੜ੍ਹੀ ਮਿਲੇਗੀ, ਢੌਂਗ ਮਿਲੇਗਾ । ਤੁਹਾਡਾ ਉਥੇ ਜਾਣ ਵਿਚ ਨੁਕਸਾਨ ਹੈ । ਘਰ-ਘਰ, ਗਲੀ-ਗਲੀ ਆਪ ਜਾਕੇ ਉਪਦੇਸ਼ ਪਹੁੰਚਾਉਣ ਤੋਂ ਚੰਗਾ ਹੈ ਕਿ ਸਮੂਹਕ ਉਪਦੇਸ਼ ਕੇਦਰਾਂ ਦੇ ਰੂਪ ਵਿਚ ਇਸ ਤਰ੍ਹਾਂ ਦੇ ਸਾਥਾਨਾਂ ਦੀ ਸਥਾਪਨਾ ਹੋਵੇ, ਇਸੇ ਮਕਸਦ ਨਾਲ ਇਹ ਸਥਾਨ ਬਣਾਏ ਵੀ ਗਏ ਸਨ । ਪਰ ਬਾਅਦ ਨੂੰ ਇਹਨਾਂ ਪ੍ਰੇਰਣਾ ਵਾਲੇ ਸਥਾਨਾਂ ਤੋਂ ਹੀ ਮੂਰਤੀਪੂਜਾ ਅਤੇ ਰੂੜ੍ਹੀਆਂ ਨੇ ਧਰਮ ਦੀ ਜਗ੍ਹਾ ਲੈ ਲਈ । ਇਥੋਂ ਹੀ ਭਰਮਫੈਲ ਗਿਆ ।

**ਗ੍ਰੰਥ –** ਇਸੇ ਤਰ੍ਹਾਂ ਪੁਸਤਕਾਂ ਦਾ ਅਧਿਐਨ ਜ਼ਰੂਰੀ ਹੈ, ਜਿਸ ਨਾਲ ਤੁਸੀਂ ਉਸ ਨਿਰਧਾਰਿਤ ਕ੍ਰਿਆ ਨੂੰ ਸਮਝ ਸਕੋ, ਜਿਸਨੂੰ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਨੇ ਨਿਰਧਾਰਿਤ ਕਰਮ ਕਿਹਾ ਹੈ ਅਤੇ ਜਦੋਂ ਸਮਝ ਆ ਜਾਏ ਤਾਂ ਤੁਰੰਤ ਕਰਨ ਵਿਚ ਲੱਗ ਸਕੋ । ਜੋ ਭੁੱਲਣ ਲੱਗੇ ਤਾਂ ਫੇਰ ਤੋਂ ਪੜ੍ਹ ਲਉ । ਇਹ ਨਹੀਂ ਕਿ ਪੁਸਤਕ ਅੱਗੇ ਹੱਥ ਜੋੜਕੇ, ਚੰਦਨ ਆਦਿ ਛਿੜਕਕੇ ਰੱਖ ਛੱਡੋ । ਪੁਸਤਕ ਇਕ ਮਾਰਗ-ਦਰਸ਼ਕ ਨਿਸ਼ਾਨੀ ਹੈ, ਜੋ ਪੂਰਨਤਾ ਤਕ ਸਾਥ ਦੇਂਦੀ ਹੈ, ਇਸਨੂੰ ਸਦਾ ਧਿਆਨ ਨਾਲ ਵੇਖਦੇ ਹੋਏ ਅੱਗੇ ਵੱਧਦੇ ਰਹੋ, ਆਪਣੇ ਨਿਸ਼ਾਨੇ ਵਲ । ਜਦੋਂ ਇਸ਼ਟ ਨੂੰ ਹਿਰਦੇ ਵਿਚ ਪਕੜ ਲਵਾਂਗੇ ਤਾਂ ਉਹ ਇਸ਼ਟ ਹੀ ਪੁਸਤਕ ਬਣ ਜਾਏਗਾ । ਇਸ ਲਈ ਯਾਦਗਾਰ ਬਣਾਉਣੀ

ਹਾਨੀਕਾਰਕ ਨਹੀਂ ਹੈ, ਪਰ ਯਾਦਗਾਰ, ਨਿਸ਼ਾਨੀਆਂ ਦੀ ਪੂਜਾ ਕਰਕੇ ਸੰਤੁਸ਼ਟ ਹੋ ਜਾਣਾ ਹਾਨੀਕਾਰਕ ਹੈ ।

**ਧਰਮ** – (ਅਧਿਆਇ 2/16–29) ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ–ਝੂਠੀ ਵਸਤੂ ਦੀ ਹੋਂਦ ਨਹੀਂ ਹੈ ਅਤੇ ਸੱਚ ਦਾ ਕਦੇ ਅਭਾਵ ਨਹੀਂ ਹੈ । ਪਰਮਾਤਮਾ ਹੀ ਸੱਚ ਹੈ, ਸ਼ਾਸ਼ਵਤ ਹੈ, ਅਜਰ–ਅਮਰ–ਅਪਰਿਵਰਤਨਸ਼ੀਲ ਅਤੇ ਸਨਾਤਨ ਹੈ; ਪਰ ਉਹ ਪਰਮਾਤਮਾ ਅਚਿੰਤ, ਅਗੋਚਰ ਹੈ, ਚਿੱਤ ਦੀਆਂ ਤਰੰਗਾਂ ਤੋਂ ਪਰੇ ਹੈ । ਹੁਣ ਚਿੱਤ ਦਾ ਵਿਰੋਧ ਕਿਵੇਂ ਹੋਵੇ ? ਚਿੱਤ ਦਾ ਵਿਰੋਧ ਕਰਕੇ ਉਸ ਪਰਮਾਤਮਾ ਨੂੰ ਪਾਉਣ ਦੀ ਵਿਸ਼ੇਸ਼ ਵਿਧੀ ਦਾ ਨਾਮ ਕਰਮ ਹੈ । ਇਸ ਕਰਮ ਨੂੰ ਕਾਰਜਰੂਪ ਦੇਣਾ ਹੀ ਧਰਮ ਹੈ, ਫ਼ਰਜ਼ ਹੈ ।

ਗੀਤਾ (ਅਧਿਆਇ 2/40) ਵਿਚ ਦੱਸਿਆ ਹੈ ਕਿ, ਅਰਜੁਨ ! ਇਸ ਕਰਮਯੋਗ ਵਿਚ ਆਰੰਭ ਦਾ ਨਾਸ਼ ਨਹੀਂ ਹੈ । ਇਸ ਕਰਮਰੂਪੀ ਧਰਮ ਦਾ ਥੋੜ੍ਹਾ ਜਿਹਾ ਵੀ ਆਚਰਣ ਜਨਮ–ਮਰਨ ਦੇ ਮਹਾ ਭੈ ਤੋਂ ਛੁਟਕਾਰਾ ਦੇਣ ਵਾਲਾ ਹੈ, ਅਰਥਾਤ ਇਸ ਕਰਮ ਨੂੰ ਕਾਰਜਰੂਪ ਦੇਣਾ ਧਰਮ ਹੈ ।

ਇਸ ਨਿਰਧਾਰਿਤ ਕਰਮ (ਸਾਧਨਾ–ਮਾਰਗ) ਨੂੰ ਸਾਧਕ ਦੇ ਅਨੁਸਾਰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ । ਕਰਮ ਨੂੰ ਸਮਝਕੇ ਮਨੁੱਖ ਜਦੋਂ ਉਸਨੂੰ ਸ਼ੁਰੂ ਕਰਦਾ ਹੈ, ਤਾਂ ਉਹ ਆਰੰਭਕ ਅਵਸਥਾ ਮਨੁੱਖ ਦੀ ਸ਼ੂਦ੍ਰ ਅਵਸਥਾ ਹੈ । ਸਹਿਜੇ–ਸਹਿਜੇ ਵਿਧੀ ਦਾ ਗਿਆਨ ਵਧਣ ਨਾਲ ਉਹੀ ਮਨੁੱਖ ਵੈਸ਼ ਹੋ ਜਾਂਦਾ ਹੈ । ਪ੍ਰਕ੍ਰਿਤੀ ਦੇ ਸੰਘਰਸ਼ ਨੂੰ ਝੱਲਣ ਦੀ ਸਮਰਥਾ ਅਤੇ ਸੂਰਬੀਰਤਾ ਆਉਣ ਦੇ ਬਾਅਦ ਉਹੀ ਸਾਧਕ ਖੱਤ੍ਰੀ ਅਤੇ ਬ੍ਰਹਮ ਨਾਲ ਏਕਾਕਾਰ ਹੋਣ ਦੀ ਸਮਰਥਾ–ਗਿਆਨ (ਅਸਲੀ ਜਾਣਕਾਰੀ), ਵਿਗਿਆਨ (ਈਸ਼ਵਰੀ ਆਦੇਸ਼ ਮਿਲਣਾ), ਉਸ ਪਰਮਤੱਤ ਉਤੇ ਨਿਰਭਰ ਰਹਿਣ ਦੀ ਸਮਰਥਾ–ਐਸੀਆਂ ਯੋਗਤਾਵਾਂ ਦੇ ਆਉਣ ਨਾਲ ਉਹੀ ਸਾਧਕ ਬ੍ਰਾਹਮਣ ਹੈ । ਇਸ ਲਈ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ (ਗੀਤਾ, ਅਧਿਆਇ 18/46–47) ਕਹਿੰਦੇ ਹਨ ਕਿ ਆਪਣੇ ਸੁਭਾਅ ਵਿਚ ਮੌਜੂਦ ਸਮਰਥਾ ਦੇ ਅਨੁਸਾਰ ਕਰਮ ਵਿਚ ਲੱਗਣਾ ਵੈਸ਼ ਧਰਮ ਹੈ । ਘਟ ਹੋਣ ਤੇ ਵੀ ਸੁਭਾਅ ਤੋਂ ਮਿਲਿਆ ਵੈਸ਼ ਧਰਮ ਜ਼ਿਆਦਾ ਚੰਗਾ ਹੈ ਅਤੇ ਸਮਰਥਾ ਅਰਜਿਤ ਕੀਤੇ ਬਗੈਰ ਹੀ, ਦੂਜਿਆਂ ਦੀ ਉੱਚੀ ਅਵਸਥਾ ਵਾਲਾ ਕਰਮ ਕਰਨਾ ਹਾਨੀਕਾਰਕ ਹੈ। ਵੈਸ਼ ਧਰਮ ਵਿਚ ਮਰ ਜਾਣਾ ਵੀ ਬਿਹਤਰ ਹੈ, ਕਿਉਂਕਿ ਚੋਲਾ ਬਦਲਣ ਨਾਲ ਬਦਲਣ ਵਾਲਾ ਤਾਂ ਨਹੀਂ ਬਦਲ ਜਾਂਦਾ ! ਉਸਦੀ ਸਾਧਨਾ ਦਾ ਸਿਲਸਿਲਾ ਫੇਰ ਉਥੋਂ ਹੀ ਸ਼ੁਰੂ ਹੋ ਜਾਏਗਾ, ਜਿਥੋਂ ਛੁੱਟਿਆ ਸੀ । ਵੈਸ਼ ਧਰਮ, ਆਪਣੇ ਸੁਭਾਵਕ ਗੁਣਾਂ ਨਾਲ ਸਹਿਜੇ–ਸਹਿਜੇ ਚੱਲਦੇ ਹੋਏ ਉਹ ਪਰਮਸਿੱਧੀ ਅਵਿਨਾਸ਼ੀ ਪਦ ਨੂੰ ਪਾ ਲਏਗਾ ।

ਇਸੇ ਉਤੇ ਯੋਗੇਸ਼ਵਰ ਫੇਰ ਜ਼ੋਰ ਦੇਂਦੇ ਹਨ ਕਿ ਜਿਸ ਪਰਮਾਤਮਾ ਤੋਂ ਸਾਰੇ ਪ੍ਰਾਣੀ ਪੈਦਾ ਹੋਏ ਹਨ, ਜੋ ਸਾਰਿਆਂ ਪਾਸਿਆਂ ਵਿਚ ਵਿਆਪਿਆ ਹੈ, ਸੁਭਾਅ ਤੋਂ ਪੈਦਾ ਸਮਰਥਾ ਦੇ ਅਨੁਸਾਰ ਉਸਨੂੰ ਚੰਗੀ ਤਰ੍ਹਾਂ ਪੂਜਕੇ ਮਨੁੱਖ ਪਰਮਸਿੱਧੀ ਨੂੰ ਪ੍ਰਾਪਤ ਹੋ ਜਾਂਦਾ ਹੈ । ਅਰਥਾਤ ਤੈ ਕੀਤੀ ਹੋਈ ਵਿਧੀ ਨਾਲ ਇਕ ਪਰਮਾਤਮਾ ਦਾ ਚਿੰਤਨ ਧਰਮ ਹੈ ।

ਧਰਮ ਵਿਚ ਪ੍ਰਵੇਸ਼ ਕਿਸਦੇ ਲਈ ਹੈ ? ਇਸਨੂੰ ਕਰਨ ਦਾ ਅਧਿਕਾਰੀ ਕੌਣ ਹੈ ? ਇਸਨੂੰ ਸਪਸ਼ਟ ਕਰਦੇ ਹੋਏ ਯੋਗੇਸ਼ਵਰ ਕਹਿੰਦੇ ਹਨ ਕਿ, ''ਅਰਜੁਨ ! ਅਤਿ ਦੁਰਾਚਾਰੀ ਵੀ ਜੇ ਬੜੀ ਭਾਵਨਾ ਨਾਲ ਮੈਨੂੰ ਸਿਮਰਦਾ ਹੈ (ਅਨਿੰਨ ਅਰਥਾਤ ਇਕ ਪਰਮਾਤਮਾ ਦੇ ਸਿਵਾਇ ਹੋਰ ਕੋਈ ਨਾ), ਮੈਨੂੰ ਛੱਡਕੇ ਹੋਰ ਕਿਸੇ ਦਾ ਵੀ ਧਿਆਨ ਨਹੀਂ ਧਰਦਾ, ਤਾਂ **'क्षिप्रं भवति धर्मात्मा'** – ਉਹ

ਛੇਤੀ ਹੀ ਧਰਮਾਤਮਾ ਹੋ ਜਾਂਦਾ ਹੈ, ਉਸਦੀ ਆਤਮਾ ਧਰਮ ਨਾਲ ਜੁੜ ਜਾਂਦੀ ਹੈ । ''ਇਸ ਲਈ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਧਰਮਾਤਮਾ ਉਹ ਹੈ, ਜੋ ਇਕ ਪਰਮਾਤਮਾ ਦੀ ਪ੍ਰਾਪਤੀ ਦੇ ਲਈ ਨਿਰਧਾਰਿਤ ਕਰਮ ਦਾ ਆਚਰਣ ਕਰਦਾ ਹੈ । ਧਰਮਾਤਮਾ ਉਹ ਹੈ ਜੋ ਸੁਭਾਅ ਵਿਚ ਮੌਜੂਦ ਸਮਰਥਾ ਦੇ ਅਨੁਸਾਰ, (ਉੱਚੀ ਅਵਸਥਾ ਵਾਲੇ ਦੀ ਨਕਲ ਕਰਕੇ ਨਹੀਂ, ਆਪਣੇ ਗੁਣ ਅਨੁਸਾਰ) ਪਰਮਾਤਮਾ ਦੀ ਪ੍ਰਾਪਤੀ ਲਈ ਲੱਗਿਆ ਹੈ ।

ਅੰਤ ਵਿਚ ਕਹਿੰਦੇ ਹਨ ਕਿ ''**सर्वधर्मान्तपरित्याज्य मामेकं शरणं व्रज**'' –ਅਰਜੁਨ ! ਸਾਰਿਆਂ ਧਰਮਾਂ ਦੀ ਚਿੰਤਾ ਛੱਡਕੇ ਇਕ ਮੇਰੀ ਸ਼ਰਨ ਵਿਚ ਹੋ ਜਾ । ਇਸ ਲਈ ਇਕ ਪਰਮਾਤਮਾ ਦੇ ਪ੍ਰਤਿ ਸਮਰਪਿਤ ਮਨੁੱਖ ਹੀ ਧਾਰਮਿਕ ਹੈ । ਇਕ ਪਰਮਾਤਮਾ ਵਿਚ ਸ਼ਰਧਾ ਸਥਿਰ ਰੱਖਣਾ ਹੀ ਧਰਮ ਹੈ । ਉਸ ਇਕ ਪਰਮਾਤਮਾ ਦੀ ਪ੍ਰਾਪਤੀ ਦੀ ਨਿਰਧਾਰਿਤ ਕ੍ਰਿਆ ਨੂੰ ਕਰਨਾ ਧਰਮ ਹੈ । ਇਸ ਸਥਿਤੀ ਨੂੰ ਪ੍ਰਾਪਤ ਮਹਾਪੁਰਸ਼ਾਂ ਦਾ, ਆਤਮਤ੍ਰਿਪਤ ਮਹਾਪੁਰਸ਼ਾਂ ਦਾ ਇਹ ਸਿਧਾਂਤ ਹੀ ਸ੍ਰਿਸ਼ਟੀ ਵਿਚ ਸਿਰਫ਼ ਇਕੋ ਇਕ ਧਰਮ ਹੈ । ਉਹਨਾਂ ਦੀ ਸ਼ਰਨ ਜਾਣਾ ਚਾਹੀਦਾ ਹੈ, ਤਾਂਕਿ ਇਹ ਸਮਝ ਆਏ ਕਿ ਉਹਨਾਂ ਨੇ ਕਿਵੇਂ ਉਸ ਪਰਮਾਤਮਾ ਨੂੰ ਪਾਇਆ ? ਕਿਸ ਮਾਰਗ ਤੇ ਚੱਲੇ? ਉਹ ਮਾਰਗ ਸਦਾ ਇਕ ਹੀ ਹੈ, ਉਸੇ ਮਾਰਗ ਤੇ ਚੱਲਣਾ ਧਰਮ ਹੈ ।

ਧਰਮ ਮਨੁੱਖ ਦੇ ਆਚਰਣ ਦੀ ਚੀਜ਼ ਹੈ । ਇਹ ਆਚਰਣ ਸਿਰਫ਼ ਇਕ ਹੈ – ''**व्यवसायात्मिका बुद्धिरेकेह कुरुनन्दन**–(2/41)'' ਇਸ ਕਰਮਯੋਗ ਵਿਚ ਨਿਸ਼ਚਿਆਤਮਕ ਕ੍ਰਿਆ ਇਕ ਹੀ ਹੈ–ਇੰਦ੍ਰੀਆਂ ਦੀ ਹਰਕਤ ਅਤੇ ਮਨ ਦੀ ਹਲਚਲ ਨੂੰ ਸੰਜਮਿਤ ਕਰਕੇ ਆਤਮਾ ਵਿਚ (ਅਪਰੰਪਾਰ ਬ੍ਰਹਮ ਵਿਚ) ਪ੍ਰਵਾਹਿਤ ਕਰਨਾ (4/27) ।

**ਧਰਮਾਂਤਰਣ (ਧਰਮ ਬਦਲਣਾ) –** ਸਨਾਤਨ ਧਰਮ ਦੇ ਆਦਿ–ਦੇਸ਼ ਭਾਰਤ ਵਿਚ ਕੁਰੀਤੀਆਂ ਇਥੋਂ ਤਕ ਵਧੀਆਂ ਕਿ ਮੁਸਲਮਾਨਾਂ ਦੇ ਹਮਲੇ ਦੇ ਸਮੇਂ ਭਾਰਤੀਆਂ ਦਾ ਧਰਮ ਹਮਲਾਵਰਾਂ ਦੇ ਹੱਥ ਦੀ ਇਕ ਗਰਾਹੀ ਚਾਵਲ ਖਾਣ ਨਾਲ, ਦੋ ਘੁੱਟ ਪਾਣੀ ਪੀਣ ਨਾਲ ਭ੍ਰਿਸ਼ਟ ਹੋਣ ਲੱਗਾ । ਧਰਮ–ਭ੍ਰਿਸ਼ਟ ਆਖੇ ਗਏ ਹਜ਼ਾਰਾਂ ਹਿੰਦੂਆਂ ਨੇ ਆਤਮ–ਹੱਤਿਆ ਕਰ ਲਈ । ਧਰਮ ਲਈ ਉਹ ਸੱਚਮੁਚ ਮਰਨਾ ਜਾਣਦੇ ਸਨ, ਪਰ ਜੇ ਧਰਮ ਸਮਝ ਹੀ ਨਾ ਆਇਆ ਤਾਂ ਇਸ ਤਰ੍ਹਾਂ ਦਾ ਮਰਨਾ ਸਾਰਥਕ ਕਿਵੇਂ ਹੋਇਆ ? ਧਰਮ ਤਾਂ ਛੂਈ–ਮੂਈ ਹੋ ਗਿਆ । ਛੂਈ–ਮੂਈ ਜਾਂ ਲਾਜਵੰਤੀ ਦਾ ਬੂਟਾ ਛੋਹਣ ਨਾਲ ਮੁਰਝਾ ਜਾਂਦਾ ਹੈ, ਪਰ ਹੱਥ ਵਿਚੋਂ ਛੁੱਟਕੇ ਕੁਝ ਹੀ ਪਲਾਂ ਵਿਚ ਫੇਰ ਤੋਂ ਖਿੜ ਪੈਂਦਾ ਹੈ । ਲੇਕਿਨ ਉਹਨਾਂ ਦਾ ਸਨਾਤਨ ਧਰਮ ਤਾਂ ਇਸ ਤਰ੍ਹਾਂ ਮੁਰਝਾਇਆ ਕਿ ਫੇਰ ਕਦੇ ਖਿੜਿਆ ਹੀ ਨਾ । ਜਿਸ ਸਨਾਤਨ ਆਤਮਾ ਨੂੰ ਭੌਤਿਕ ਚੀਜ਼ਾਂ ਛੋਹ ਵੀ ਨਹੀਂ ਸਕਦੀਆਂ, ਉਹ ਛੋਹਣ–ਖਾਣ ਨਾਲ ਨਸ਼ਟ ਕਿਵੇਂ ਹੋਏਗਾ ? ਤੁਸੀਂ ਤਾਂ ਤਲਵਾਰ ਨਾਲ ਮਰੋਗੇ, ਪਰ ਧਰਮ ਛੋਹਣ ਨਾਲ ਹੀ ਮਰ ਗਿਆ ? ਕੀ ਸੱਚਮੁਚ ਧਰਮ ਨਸ਼ਟ ਹੋਇਆ ਸੀ ? ਕਦੇ ਨਹੀਂ, ਧਰਮ ਦੇ ਨਾਂ ਤੇ ਕੋਈ ਕੁਰੀਤੀ ਪਲ ਰਹੀ ਸੀ, ਉਹ ਨਸ਼ਟ ਹੋਈ । ਫ਼ਿਰੋਜ਼ ਤੁਗਲਕ ਦੇ ਸ਼ਾਸਨਕਾਲ ਵਿਚ ਬਿਆਨਾ ਦੇ ਕਾਜ਼ੀ ਮੁਗੀਸੁਦੀਨ ਨੇ ਇਹ ਵਿਵਸਥਾ ਪੇਸ਼ ਕੀਤੀ ਕਿ ਹਿੰਦੂਆਂ ਨੂੰ ਆਪਣਾ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ । ਜੇ ਕੋਈ ਮੁਸਲਮਾਨ ਉਸ ਵਿਚ ਥੁੱਕਣਾ ਚਾਹੁੰਦਾ ਹੈ ਤਾਂ ਉਹ ਹਿੰਦੂ ਦੀਨ ਵਾਲਾ ਹੋ ਜਾਏਗਾ (ਮੁਸਲਮਾਨ ਹੋ ਜਾਏਗਾ), ਕਿਉਂਕਿ ਹਿੰਦੂ ਕੋਲ ਤਾਂ ਕੋਈ ਧਰਮ ਨਹੀਂ ਹੈ । ਕੀ ਬੁਰਾ ਕਿਹਾ ਉਸ ਕਾਜ਼ੀ ਨੇ ? ਮੂੰਹ ਵਿਚ ਥੁੱਕਣ ਨਾਲ ਤਾਂ ਇਕ ਹੀ ਬੰਦਾ ਮੁਸਲਮਾਨ ਬਣਦਾ, ਖੂਹ ਵਿਚ ਥੁੱਕਣ ਨਾਲ ਤਾਂ ਹਜ਼ਾਰਾਂ ਬਣ ਜਾਂਦੇ ਸਨ । ਦਰਅਸਲ ਉਹ ਜ਼ਾਲਿਮ ਸੀ ਜਾਂ ਉਸ ਸਮੇਂ ਦਾ ਹਿੰਦੂ ਸਮਾਜ ?

ਜਿਨ੍ਹਾਂ ਨੇ ਇਸ ਢੰਗ ਨਾਲ ਧਰਮ ਬਦਲ ਲਿਆ, ਕੀ ਉਹਨਾਂ ਨੇ ਕੋਈ ਧਰਮ ਹਾਸਲ

ਕੀਤਾ ? ਹਿੰਦੂ ਤੋਂ ਮੁਸਲਮਾਨ ਬਣ ਜਾਣਾ ਜਾਂ ਇਕ ਤਰ੍ਹਾਂ ਦੇ ਰਹਿਣ-ਸਹਿਣ ਤੋਂ ਦੂਜੀ ਤਰ੍ਹਾਂ ਦੇ ਰਹਿਣ-ਸਹਿਣ ਵਿਚ ਚਲੇ ਜਾਣਾ ਧਰਮ ਨਹੀਂ ਹੈ । ਇਸ ਤਰੀਕੇ ਦੀ ਸਾਜ਼ਸ਼ਭਰੀ ਯੋਜਨਾ ਰਾਹੀਂ ਜਿਨ੍ਹਾਂ ਨੇ ਲੋਕਾਂ ਦਾ ਧਰਮ ਬਦਲਿਆ ਕੀ ਉਹ ਧਰਮਾਤਮਾ ਸਨ ? ਉਹ ਤਾਂ ਵਿਚਾਰੇ ਹੋਰ ਵੀ ਵੱਡੀਆਂ ਕੁਰੀਤੀਆਂ ਦਾ ਸ਼ਿਕਾਰ ਸਨ। ਹਿੰਦੂ ਵੀ ਉਸੇ ਵਿਚ ਜਾ ਫ਼ਸੇ । ਪਿਛੜੇ ਹੋਏ, ਗੁਮਰਾਹ ਕਬੀਲਿਆਂ ਨੂੰ ਸੱਭਿਅ, ਸਮਝਦਾਰ ਬਣਾਉਣ ਲਈ ਮੁਹੰਮਦ ਨੇ ਵਿਆਹ, ਤਲਾਕ, ਵਸੀਅਤ, ਲੈਣ-ਦੇਣ, ਸੂਦ, ਗਵਾਹੀ, ਕਸਮ, ਪ੍ਰਾਸ਼ਚਿਤ, ਰੋਜ਼ੀ-ਰੋਟੀ, ਖਾਣਾ-ਪੀਣਾ, ਰਹਿਣ-ਸਹਿਣ ਆਦਿ ਵਿਸ਼ਿਆਂ ਦੇ ਬਾਰੇ ਇਕ ਸਮਾਜਿਕ ਵਿਵਸਥਾ ਦਿਤੀ, ਅਤੇ ਮੂਰਤੀਪੂਜਾ, ਸ਼ਿਕਾਰ, ਵਿਭਚਾਰ, ਚੋਰੀ, ਸ਼ਰਾਬ, ਜੂਆ, ਮਾਂ-ਦਾਦੀ ਆਦਿ ਨਾਲ ਵਿਆਹ ਉਤੇ ਰੋਕ ਲਗਾਈ । ਸਮਲਿੰਗੀ ਅਤੇ ਮਾਹਵਾਰੀ ਸਮੇਂ ਦੇ ਸੰਭੋਗ ਦਾ ਨਿਸ਼ੇਧ ਕਰਕੇ, ਰੋਜ਼ਿਆਂ ਦੇ ਦਿਨਾਂ ਵਿਚ ਵੀ ਇਸ ਬਾਰੇ ਢਿੱਲ ਦਿਤੀ ਕਿ ਜੱਨਤ ਵਿਚ ਬੜੀਆਂ ਹਮ-ਉਮਰ, ਅਣਛੋਹੀਆਂ ਹੂਰਾਂ ਅਤੇ ਜੁਆਨ ਮੁੰਡੇ ਹੋਣਗੇ । ਇਹ ਕੋਈ ਧਰਮ ਨਹੀਂ ਸੀ । ਇਕ ਤਰ੍ਹਾਂ ਦੀ ਸਮਾਜਿਕ ਵਿਵਸਥਾ ਸੀ । ਇਸ ਤਰ੍ਹਾਂ ਕਹਿਕੇ ਉਹਨਾਂ ਨੇ ਵਾਸਨਾ ਵਿਚ ਡੁੱਬੇ ਹੋਏ ਸਮਾਜ ਨੂੰ ਉਸ ਪਾਸਿਉਂ ਮੋੜਕੇ ਆਪਣੇ ਵਲ ਮੁਖਾਤਬ ਕੀਤਾ। ਇਸਤ੍ਰੀਆਂ ਨੂੰ ਜੱਨਤ ਵਿਚ ਕਿੰਨੇ ਪੁਰਸ਼ ਮਿਲਣਗੇ ? ਇਸ ਬਾਰੇ ਲੋਕਾਂ ਨੇ ਸੋਚਿਆ ਹੀ ਨਹੀਂ । ਇਹ ਉਹਨਾਂ ਦਾ ਦੋਸ਼ ਨਹੀਂ ਸੀ, ਦੋਸ਼ ਉਸ ਦੇਸ਼-ਕਾਲ ਅਤੇ ਪਰਿਸਥਿਤੀਆਂ ਦਾ ਸੀ, ਜਿਸ ਵਿਚ ਇਸਤ੍ਰੀਆਂ ਦੀਆਂ ਆਸਾਂ-ਉਮੀਦਾਂ ਉਤੇ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ ਸੀ ।

* ਮੁਹੰਮਦ ਸਾਹਬ ਨੇ ਜਿਸਨੂੰ ਧਰਮ ਕਿਹਾ, ਉਧਰ ਕਿਸੇ ਦਾ ਧਿਆਨ ਨਹੀਂ ਹੈ । ਉਹਨਾਂ ਨੇ ਕਿਹਾ ਸੀ-ਜਿਸ ਮਨੁੱਖ ਦਾ ਇਕ ਵੀ ਸੁਆਸ ਖ਼ੁਦਾ ਦੇ ਨਾਮ ਦੇ ਬਗ਼ੈਰ ਖ਼ਾਲੀ ਜਾਂਦਾ ਹੈ, ਉਸ ਕੋਲੋਂ ਖ਼ੁਦਾ ਕਿਆਮਤ ਵਿਚ ਉਸੇ ਤਰ੍ਹਾਂ ਪੁੱਛਦਾ ਹੈ, ਜਿਵੇਂ ਕਿਸੇ ਪਾਪੀ ਕੋਲੋਂ ਪਾਪ ਦੇ ਬਦਲੇ ਵਿਚ ਪੁੱਛਿਆ ਜਾਏ । ਜਿਸਦੀ ਸਜ਼ਾ ਹੈ, ਹਮੇਸ਼ਾ ਲਈ ਦੋਜ਼ਖ । ਇਸ ਤਰ੍ਹਾਂ ਦੇ ਕਿੰਨੇ ਸੱਚੇ ਮੁਸਲਮਾਨ ਹਨ, ਜਿਨ੍ਹਾਂ ਦਾ ਇਕ ਵੀ ਸੁਆਸ ਖ਼ਾਲੀ ਨਾ ਜਾਂਦਾ ਹੋਵੇ ? ਕਰੋੜਾਂ ਵਿਚ ਸ਼ਾਇਦ ਹੀ ਕੋਈ ਹੋਵੇ! ਬਾਕੀ ਤਾਂ ਸਾਰਿਆਂ ਦੇ ਸੁਆਸ ਖ਼ਾਲੀ ਹੀ ਜਾਂਦੇ ਹਨ, ਜਿਸਦੀ ਸਜ਼ਾ ਉਹੀ ਹੈ, ਜੋ ਪਾਪੀਆਂ ਦੇ ਲਈ ਹੈ । ਕਹਿਣ ਦੀ ਲੋੜ ਨਹੀਂ 'ਦੋਜ਼ਖ' । ਮੁਹੰਮਦ ਨੇ ਵਿਵਸਥਾ ਦਿਤੀ ਕਿ ਜੋ ਕਿਸੇ ਨੂੰ ਨਹੀਂ ਸਤਾਉਂਦਾ, ਪਸ਼ੂਆਂ ਨੂੰ ਸੱਟ ਨਹੀਂ ਪਹੁੰਚਾਉਂਦਾ, ਉਹ ਆਸਮਾਨ ਤੋਂ ਖ਼ੁਦਾ ਦੀ ਆਵਾਜ਼ ਸੁਣਦਾ ਹੈ, ਇਹ ਸਾਰਿਆਂ ਦੇਸ਼ਾਂ-ਸਥਾਨਾਂ ਲਈ ਸੀ । ਪਰ ਬਾਅਦ ਵਾਲਿਆਂ ਨੇ ਇਕ ਰਸਤਾ ਕੱਢ ਲਿਆ ਕਿ ਮੱਕਾ ਵਿਚ ਇਕ ਮਸਜਿਦ ਹੈ, ਜਿਸ ਵਿਚ ਹਰਾ ਘਾਹ ਨਹੀਂ ਤੋੜਨਾ ਚਾਹੀਦਾ, ਉਸ ਮਸਜਿਦ ਵਿਚ ਕਿਸੇ ਪਸ਼ੂ ਨੂੰ ਨਹੀਂ ਮਾਰਨਾ ਚਾਹੀਦਾ, ਉਥੇ ਕਿਸੇ ਨੂੰ ਚੋਟ ਨਹੀਂ ਪਹੁੰਚਾਉਣੀ ਚਾਹੀਦੀ ਅਤੇ ਘੁੰਮ-ਘੁਮਾ ਕੇ ਵਾਪਸ ਆ ਪਹੁੰਚੇ ਉਹ ਉਸੇ ਦਾਇਰੇ ਵਿਚ । ਕੀ ਖ਼ੁਦਾ ਦੀ ਆਵਾਜ਼ ਸੁਣਨ ਤੋਂ ਪਹਿਲਾਂ ਮੁਹੰਮਦ ਨੇ ਕੋਈ ਮਸਜਿਦ ਬਣਵਾਈ ਸੀ ? ਕਦੇ ਕਿਸੇ ਮਸਜਿਦ ਵਿਚ ਕੋਈ ਆਇਤ (ਕੁਰਾਨ ਦਾ ਵਾਕ ਜਾਂ ਪਦ) ਉਤਰੀ ? ਇਹ ਮਸਜਿਦ ਤਾਂ ਉਹਨਾ ਦਾ ਸਥਾਨ ਰਿਹਾ ਹੈ, ਜਿਸ ਵਿਚ ਉਹਨਾਂ ਦੀ ਯਾਦ ਕਾਇਮ ਹੈ । ਮੁਹੰਮਦ ਦੇ ਮਤਲਬ ਨੂੰ ਤਬਰੇਜ਼ ਨੇ ਸਮਝਿਆ ਸੀ, ਮਨਸੂਰ ਨੇ ਜਾਣਿਆ ਸੀ, ਇਕਬਾਲ ਨੇ ਪਹਿਚਾਣਿਆ ਸੀ, ਪਰ ਉਹ ਮਜ਼ਹਬੀ ਲੋਕਾਂ ਦੇ ਸ਼ਿਕਾਰ ਬਣੇ, ਉਹਨਾਂ ਨੂੰ ਤਸੀਹੇ ਦਿਤੇ ਗਏ । ਸੁਕਰਾਤ ਨੂੰ ਜ਼ਹਿਰ ਪਿਆਇਆ ਗਿਆ, ਕਿਉਂਕਿ ਉਹ ਲੋਕਾਂ ਨੂੰ ਨਾਸਤਿਕ ਬਣਾ ਰਿਹਾ ਸੀ । ਇਸ ਤਰ੍ਹਾਂ ਦਾ ਹੀ ਦੋਸ਼ ਈਸਾ ਉਤੇ ਵੀ ਲਗਾਇਆ ਗਿਆ, ਉਹਨਾਂ ਨੂੰ ਸੂਲੀ ਦਿਤੀ ਗਈ, ਕਿਉਂਕਿ ਉਹ ਆਰਾਮ ਵਾਲੇ ਦਿਨ ਵੀ ਕੰਮ ਕਰਦੇ ਸਨ, ਅੰਨ੍ਹਿਆਂ ਨੂੰ ਦ੍ਰਿਸ਼ਟੀ ਦੇਂਦੇ ਸਨ । ਇਸੇ ਤਰ੍ਹਾਂ ਹੀ ਭਾਰਤ ਵਿਚ ਵੀ ਹੈ । ਜਦੋਂ ਵੀ ਕੋਈ ਪ੍ਰਤੱਖਦਰਸ਼ੀ ਮਹਾਪੁਰਸ਼ ਸੱਚਾਈ ਵਲ ਇਸ਼ਾਰਾ ਕਰਦਾ ਹੈ, ਤਾਂ ਇਹਨਾਂ ਮੰਦਿਰਾਂ-ਮਸਜਿਦਾਂ, ਮੱਠਾਂ-ਸੰਪ੍ਰਦਾਇਆਂ ਅਤੇ ਤੀਰਥਾਂ ਤੋਂ ਰੋਜ਼ੀ-ਰੋਟੀ ਕਮਾਉਣ ਵਾਲੇ ਹਾਏ-

ਹਾਏ ਕਰਨ ਲੱਗਦੇ ਹਨ, ਧਰਮ-ਅਧਰਮ ਦਾ ਸ਼ੋਰ ਮਚਾਉਣ ਲੱਗਦੇ ਹਨ । ਕਿਸੇ ਨੂੰ ਇਹਨਾਂ ਵਿਚੋਂ ਲੱਖਾਂ-ਕਰੋੜਾਂ ਦੀ ਆਮਦਨ ਹੈ, ਤਾਂ ਕਿਸੇ ਦੀ ਦਾਲ-ਰੋਟੀ ਚੱਲਦੀ ਹੈ । ਸੱਚਾਈ ਦੇ ਪ੍ਰਚਾਰ ਨਾਲ ਉਹਨਾਂ ਦੀ ਕਮਾਈ ਨੂੰ ਖ਼ਤਰਾ ਪੈ ਜਾਂਦਾ ਹੈ । ਉਹ ਸੱਚ ਨੂੰ ਪਨਪਣ ਹੀ ਨਹੀਂ ਦੇਂਦੇ ਅਤੇ ਨਾ ਦੇ ਹੀ ਸਕਦੇ ਹਨ । ਇਸਤੋਂ ਸਿਵਾਇ ਉਹਨਾਂ ਦੇ ਵਿਰੋਧ ਦਾ ਹੋਰ ਕੋਈ ਕਾਰਣ ਨਹੀਂ ਹੈ । ਇਹਨਾਂ ਸਥਾਨਾਂ ਵਿਚ ਪੁਰਾਤਨ ਕਾਲ ਦੀਆਂ ਯਾਦਗਾਰਾਂ ਕਿਉਂ ਸੰਭਾਲੀਆਂ ਹੋਈਆਂ ਹਨ, ਇਸਦਾ ਉਹਨਾਂ ਨੂੰ ਅਹਿਸਾਸ ਵੀ ਨਹੀਂ ਹੈ ।

**ਗ੍ਰਹਿਸਥਾਂ ਦਾ ਅਧਿਕਾਰ –** ਅਕਸਰ ਲੋਕੀਂ ਪੁੱਛਦੇ ਹਨ ਕਿ ਜਦ ਕਰਮ ਦਾ ਇਹੋ ਸਵਰੂਪ ਹੈ ਕਿ ਜਿਸ ਵਿਚ ਏਕਾਂਤਵਾਸ, ਇੰਦ੍ਰੀ-ਸੰਜਮ, ਨਿਰੰਤਰ ਚਿੰਤਨ ਅਤੇ ਧਿਆਨ ਕਰਨਾ ਹੈ, ਤਾਂ ਤੇ ਗੀਤਾ ਗ੍ਰਹਿਸਥੀਆਂ ਦੇ ਮਤਲਬ ਦੀ ਚੀਜ਼ ਨਾ ਹੋਈ । ਫੇਰ ਤਾਂ ਗੀਤਾ ਸਿਰਫ਼ ਸਾਧੂਆਂ ਲਈ ਹੈ । ਪਰ ਇਸ ਤਰ੍ਹਾਂ ਬਿਲਕੁਲ ਨਹੀਂ ਹੈ । ਗੀਤਾ ਬੁਨਿਆਦੀ ਤੌਰ ਤੇ ਉਸਦੇ ਲਈ ਹੈ ਜੋ ਇਸ ਰਾਹ ਦਾ ਰਾਹੀ ਹੈ ਅਤੇ ਅੰਸ਼ਰੂਪ ਵਿਚ ਉਸਦੇ ਲਈ ਵੀ ਹੈ ਜੋ ਇਸ ਰਾਹ ਦਾ ਰਾਹੀ ਬਣਨਾ ਚਾਹੁੰਦਾ ਹੈ । ਗੀਤਾ ਹਰ ਮਨੁੱਖ ਲਈ ਇਕੋ ਜਿਹਾ ਮਤਲਬ ਰੱਖਦੀ ਹੈ । ਚੰਗੇ ਗ੍ਰਹਿਸਥਾਂ ਲਈ ਤਾਂ ਇਸਦਾ ਖ਼ਾਸ ਲਾਭ ਹੈ, ਕਿਉਂਕਿ ਕਰਮ ਤਾਂ ਉਥੋਂ ਹੀ ਆਰੰਭ ਹੁੰਦਾ ਹੈ ।

ਸ਼੍ਰੀ ਕ੍ਰਿਸ਼ਣ ਨੇ ਕਿਹਾ ਸੀ, ਅਰਜੁਨ ! ਇਸ ਨਿਸ਼ਕਾਮ ਕਰਮਯੋਗ ਵਿਚ ਆਰੰਭ ਦਾ ਨਾਸ਼ ਨਹੀਂ ਹੁੰਦਾ, ਇਸਦੀ ਥੋੜ੍ਹੀ ਵੀ ਸਾਧਨਾ ਜਨਮ-ਮਰਨ ਦੇ ਮਹਾ ਭੈ ਤੋਂ ਛੁਟਕਾਰਾ ਕਰਾਕੇ ਹੀ ਛੱਡਦੀ ਹੈ । ਹੁਣ ਤੁਸੀਂ ਸੋਚੋ, ਥੋੜ੍ਹੀ ਸਾਧਨਾ ਕੌਣ ਕਰੇਗਾ ? ਗ੍ਰਹਿਸਥ ਜਾਂ ਵਿਰਕਤ ? ਗ੍ਰਹਿਸਥ ਹੀ ਇਸਦੇ ਲਈ ਥੋੜ੍ਹਾ ਸਮਾਂ ਦੇਵੇਗਾ । ਇਹ ਉਸਦੇ ਲਈ ਹੀ ਹੈ । ਅਧਿਆਇ 4/36 ਵਿਚ ਦੱਸਿਆ-ਅਰਜੁਨ । ਜੇ ਤੂੰ ਸਾਰੇ ਪਾਪੀਆਂ ਤੋਂ ਵੀ ਜ਼ਿਆਦਾ ਪਾਪੀ ਹੈਂ, ਤਾਂ ਵੀ ਗਿਆਨ ਰੂਪੀ ਬੇੜੀ ਨਾਲ ਬੇਸ਼ੱਕ ਪਾਰ ਹੋ ਜਾਏਂਗਾ । ਜ਼ਿਆਦਾ ਪਾਪੀ ਕੌਣ ਹੈ ? ਜੋ ਲਗਤਾਰ ਲੱਗਿਆ ਹੋਇਆ ਹੈ ਜਾਂ ਜੋ ਅਜੇ ਲੱਗਣਾ ਚਾਹੁੰਦਾ ਹੈ ? ਇਸ ਲਈ ਚੰਗੇ ਗ੍ਰਹਿਸਥ ਆਸ਼ਰਮ ਤੋਂ ਹੀ ਕਰਮ ਦਾ ਆਰੰਭ ਹੈ । ਅਧਿਆਇ 6/37-45 ਵਿਚ ਅਰਜੁਨ ਨੇ ਪੁੱਛਿਆ – ਭਗਵਾਨ ! ਕਮਜ਼ੋਰ ਕੋਸ਼ਿਸ਼ ਵਾਲਾ ਸ਼ਰਧਾਵਾਨ ਮਨੁੱਖ ਪਰਮਗਤਿ ਨੂੰ ਨਾ ਪਾਕੇ ਕਿਹੜੀ ਦੁਰਗਤਿ ਨੂੰ ਪਹੁੰਚਦਾ ਹੈ ? ਸ਼੍ਰੀ ਕ੍ਰਿਸ਼ਣ ਨੇ ਕਿਹਾ – ਅਰਜੁਨ ! ਯੋਗ ਤੋਂ ਵਿਚਲਿਤ ਹੋਏ ਘੱਟ ਕੋਸ਼ਿਸ਼ ਵਾਲੇ ਮਨੁੱਖ ਦਾ ਵੀ ਕਦੇ ਵਿਨਾਸ਼ ਨਹੀਂ ਹੁੰਦਾ । ਉਹ ਯੋਗ-ਭ੍ਰਿਸ਼ਟ ਮਨੁੱਖ ਸ਼੍ਰੀਮਾਨਾਂ [**'ਸ਼ੁਚੀਨਾਮ੍'** ਸ਼ੁੱਧ (ਸੱਚ) ਆਚਰਣ ਵਾਲੇ ਹੀ ਸ਼੍ਰੀਮਾਨ ਹਨ ।] ਦੇ ਕੋਲ ਜਨਮ ਲੈਕੇ ਯੋਗੀ-ਕੁਲ ਵਿਚ ਪ੍ਰਵੇਸ਼ ਪਾ ਜਾਂਦਾ ਹੈ, ਸਾਧਨਾ ਵਲ ਆਕਰਸ਼ਿਤ ਹੁੰਦਾ ਹੈ ਅਤੇ ਅਨੇਕ ਜਨਮਾਂ ਵਿਚ ਚੱਲਦਾ ਹੋਇਆ ਉਥੇ ਹੀ ਪਹੁੰਚ ਜਾਂਦਾ ਹੈ, ਜਿਸਨੂੰ ਪਰਮਗਤਿ ਜਾਂ ਪਰਮਧਾਮ ਕਹਿੰਦੇ ਹਨ । ਇਹ ਘੱਟ ਕੋਸ਼ਿਸ਼ ਕੌਣ ਕਰਦਾ ਹੈ ? ਯੋਗ-ਭ੍ਰਿਸ਼ਟ ਹੋਕੇ ਉਹ ਕਿਥੇ ਜਨਮ ਲੈਂਦਾ ਹੈ ? ਉਹ ਗ੍ਰਹਿਸਥ ਹੀ ਤਾਂ ਬਣਿਆਂ, ਉਥੋਂ ਹੀ ਉਹ ਸਾਧਨਾ ਵਲ ਆਕਰਸ਼ਿਤ ਹੁੰਦਾ ਹੈ । ਅਧਿਆਇ 9/30 ਵਿਚ ਉਹਨਾਂ ਨੇ ਦੱਸਿਆ ਕਿ ਅਤਿਅੰਤ ਦੁਰਾਚਾਰੀ ਵੀ ਜੇ ਸ਼ਰਧਾ ਭਾਵਨਾ ਨਾਲ ਮੈਨੂੰ ਸਿਮਰਨ ਲੱਗੇ, ਤਾਂ ਉਹ ਸਾਧੂ ਹੀ ਹੈ, ਕਿਉਂਕਿ ਉਹ ਨਿਸ਼ਚਾ ਕਰਕੇ ਸਹੀ ਰਸਤੇ ਤੇ ਲੱਗ ਗਿਆ ਹੈ । ਅਤਿਅੰਤ ਦੁਰਾਚਾਰੀ ਕੌਣ ਹੋਏਗਾ ? ਜੋ ਭਜਨ ਵਿਚ ਲੱਗ ਚੁੱਕਾ ਹੈ ਉਹ, ਜਾਂ ਜਿਸਨੇ ਅਜੇ ਸ਼ੁਰੂ ਨਹੀਂ ਕੀਤਾ ਉਹ ? ਅਧਿਆਇ 9/32 ਵਿਚ ਕਿਹਾ, ਇਸਤ੍ਰੀ, ਵੈਸ਼, ਸ਼ੂਦ੍ਰ, ਅਤੇ ਪਾਪ-ਯੋਨੀ ਵਾਲੇ ਵੀ ਕਿਉਂ ਨਾ ਹੋਣ, ਮੇਰਾ ਆਸਰਾ ਲੈਕੇ ਸਾਧਨਾ ਕਰਨ ਨਾਲ ਪਰਮਗਤਿ ਨੂੰ ਪ੍ਰਾਪਤ ਹੁੰਦੇ ਹਨ । ਹਿੰਦੂ ਹੋਵੇ, ਈਸਾਈ ਹੋਵੇ, ਮੁਸਲਮਾਨ ਹੋਵੇ, ਇਸ ਤਰ੍ਹਾਂ ਕੁਝ ਵੀ ਸ਼੍ਰੀ ਕ੍ਰਿਸ਼ਣ ਨਹੀਂ ਕਹਿੰਦੇ । ਅਤਿਅੰਤ ਦੁਰਾਚਾਰੀ, ਪਤਿਤ ਵੀ ਮੇਰੀ ਸ਼ਰਨ ਆਕੇ ਪਰਮਗਤਿ ਪਾਉਂਦੇ ਹਨ । ਇਸ ਲਈ ਗੀਤਾ ਹਰ ਮਨੁੱਖ ਲਈ ਹੈ । ਚੰਗੇ ਗ੍ਰਹਿਸਥ ਆਸ਼ਰਮ ਤੋਂ ਹੀ ਇਸ ਕਰਮ ਦਾ ਆਰੰਭ ਹੈ । ਸਹਿਜੇ-ਸਹਿਜੇ

ਉਹ ਚੰਗਾ ਗ੍ਰਹਿਸਥ ਯੋਗੀ ਬਣਦਾ ਹੈ, ਪੂਰਣ ਤਿਆਗੀ ਹੋ ਜਾਂਦਾ ਹੈ ਅਤੇ ਪਰਮਤੱਤ ਦਾ ਮਾਰਗ-ਦਰਸ਼ਨ ਪ੍ਰਾਪਤ ਕਰਕੇ ਪਰਮਤੱਤ ਵਿਚ ਪ੍ਰਵੇਸ਼ ਪਾ ਜਾਂਦਾ ਹੈ, ਜਿਵੇਂ ਸ਼੍ਰੀ ਕ੍ਰਿਸ਼ਣ ਨੇ ਕਿਹਾ ਕਿ ਗਿਆਨੀ ਮੇਰਾ ਸਵਰੂਪ ਹੈ ।

**ਇਸਤ੍ਰੀ** - ਗੀਤਾ ਦੇ ਅਨੁਸਾਰ ਸ਼ਰੀਰ ਇਕ ਵਸਤਰ ਹੈ । ਜਿਵੇਂ ਪੁਰਾਣਾ ਵਸਤਰ ਤਿਆਗਕੇ ਮਨੁੱਖ ਨਵਾਂ ਵਸਤਰ ਧਾਰਣ ਕਰ ਲੈਂਦਾ ਹੈ, ਠੀਕ ਉਸੇ ਤਰ੍ਹਾਂ ਭੂਤਾਦਿਕਾਂ ਦਾ ਸੁਵਾਮੀ ਆਤਮਾ ਇਹ ਸ਼ਰੀਰ ਰੂਪੀ ਵਸਤਰ ਤਿਆਗਕੇ ਦੂਜਾ ਸ਼ਰੀਰ (ਵਸਤਰ) ਧਾਰਣ ਕਰ ਲੈਂਦਾ ਹੈ । ਤੁਸੀਂ ਸ਼ਰੀਰ ਰੂਪ ਵਿਚ ਚਾਹੇ ਇਸਤ੍ਰੀ ਹੋਵੋ ਜਾਂ ਪੁਰਸ਼-ਇਹ ਵਸਤਰ ਦੀਆਂ ਕਿਸਮਾਂ ਹਨ ।

ਸੰਸਾਰ ਵਿਚ ਪੁਰਸ਼ ਦੋ ਪ੍ਰਕਾਰ ਦਾ ਹੈ - ਖੱਰ ਅਤੇ ਅਖੱਰ । ਸਾਰੇ ਪ੍ਰਾਣੀਆਂ ਦਾ ਸ਼ਰੀਰ ਖੱਰ ਪੁਰਸ਼ ਅਥਵਾ ਪਰਿਵਰਤਨਸ਼ੀਲ ਪੁਰਸ਼ ਹੈ । ਮਨਸਮੇਤ ਇਦ੍ਰੀਆਂ ਜਦੋਂ ਕੂਟਸਥ ਹੋ ਜਾਂਦੀਆਂ ਹਨ, ਤਾਂ ਉਹੀ ਅਖੱਰ ਪੁਰਸ਼ ਹੈ । ਉਸਦਾ ਕਦੇ ਨਾਸ਼ ਨਹੀਂ ਹੁੰਦਾ । ਇਹ ਭਜਨ ਦੀ ਅਵਸਥਾ ਹੈ ।

ਇਸਤ੍ਰੀਆਂ ਬਾਰੇ ਕਦੇ ਆਦਰ ਅਤੇ ਕਦੇ ਅਪਮਾਨ ਦੀ ਭਾਵਨਾ ਸਮਾਜ ਵਿਚ ਬਣੀ ਹੀ ਰਹਿੰਦੀ ਹੈ, ਪਰ ਗੀਤਾ ਦੀ ਨਿਰਲਿਪਤ ਵਾਣੀ ਕਹਿੰਦੀ ਹੈ ਕਿ ਸ਼ੂਦਰ (ਘੱਟ ਜਾਣਨ ਵਾਲਾ), ਵੈਸ਼ਿਅ (ਵਿਧਿ-ਪ੍ਰਾਪਤ), ਇਸਤ੍ਰੀ-ਪੁਰਸ਼ ਚਾਹੇ ਕੋਈ ਵੀ ਹੋਵੇ, ਮੇਰੀ ਸ਼ਰਣ ਆਕੇ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ । ਇਸ ਲਈ ਇਸ ਕਲਿਆਨ ਮਾਰਗ ਵਿਚ ਇਸਤ੍ਰੀ-ਪੁਰਸ਼ ਦਾ ਸਥਾਨ ਇੱਕੋ ਜਿਹਾ ਹੈ ।

**ਭੌਤਿਕ ਸਮ੍ਰਿਧੀ** - ਗੀਤਾ ਪਰਮ ਕਲਿਆਨ ਤਾਂ ਕਰਦੀ ਹੀ ਹੈ, ਨਾਲੇ ਮਨੁੱਖਾਂ ਲਈ ਜ਼ਰੂਰੀ ਭੌਤਿਕ ਚੀਜ਼ਾਂ ਦਾ ਵੀ ਮਾਰਗ-ਦਰਸ਼ਨ ਕਰਦੀ ਹੈ । ਅਧਿਆਇ 9/2-22 ਵਿਚ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ ਕਿ ਕਈ ਲੋਕ ਨਿਰਧਾਰਿਤ ਵਿਧੀ ਨਾਲ ਮੈਨੂੰ ਪੂਜਕੇ ਬਦਲੇ ਵਿਚ ਸਵਰਗ ਦੀ ਕਾਮਨਾ ਕਰਦੇ ਹਨ । ਉਹਨਾਂ ਨੂੰ ਵਿਸ਼ਾਲ ਸਵਰਗਲੋਕ ਮਿਲਦਾ ਹੈ, ਮੈਂ ਦੇਂਦਾ ਹਾਂ । ਜੋ ਮੰਗੋਗੇ, ਉਹ ਮੇਰੇ ਕੋਲੋਂ ਮਿਲੇਗਾ, ਪਰ ਉਪਭੋਗ ਦੇ ਬਾਅਦ ਖ਼ਤਮ ਹੋ ਜਾਏਗਾ, ਕਿਉਂਕਿ ਸਵਰਗ ਦੇ ਭੋਗ ਵੀ ਨਸ਼ਵਰ ਹਨ । ਫੇਰ ਐਸੇ ਮਨੁੱਖਾਂ ਨੂੰ ਮੁੜ ਜਨਮ ਲੈਣਾ ਪਏਗਾ । ਹਾਂ, ਮੇਰੇ ਨਾਲ ਸੰਬੰਧ ਹੋਣ ਦੇ ਕਾਰਣ ਉਹ ਨਸ਼ਟ ਨਹੀਂ ਹੋਣਗੇ, ਕਿਉਂਕਿ ਮੈਂ ਕਲਿਆਨ-ਸਵਰੂਪ ਹਾਂ । ਮੈਂ ਉਹਨਾਂ ਨੂੰ ਭੋਗ ਦੇਂਦਾ ਹਾਂ, ਅਤੇ ਸਹਿਜੇ-ਸਹਿਜੇ ਛੁਟਕਾਰਾ ਦਿਲਾਕੇ ਫੇਰ ਕਲਿਆਨ-ਕਾਰਜ ਵਿਚ ਲਗਾ ਦੇਂਦਾ ਹਾਂ।

ਖੇਤਰ - ਜਿਸ ਪ੍ਰਮਾਤਮਾ ਦੇ ਪਾਵਨ ਮੁੱਖ ਦੀ ਵਾਣੀ ਇਹ ਗੀਤਾ ਹੈ। ਉਹਨਾਂ ਆਪ ਹੀ ਕਹਿ ਦਿੱਤਾ **'इदं शरीरं कौन्तेय क्षेत्रमित्यमिधीपते '** ਅਰਜੁਨ! ਇਹ ਸਰੀਰ ਹੀ ਖੇਤਰ ਹੈ ਜਿਸ ਵਿੱਚ ਪਾਇਆ ਗਿਆ ਚੰਗਾ ਅਤੇ ਮਾੜਾ ਕਰਮ ਬੀਜ ਸੰਸਕਾਰ ਰੂਪ ਵਿੱਚ ਉੱਗਦਾ ਹੈ ਅਤੇ ਸਮੇਂ ਅਨੁਸਾਰ ਸੁੱਖ ਦੁੱਖ ਦਾ ਰੂਪ ਲੈ ਕੇ ਭੋਗ ਦੇ ਰੂਪ ਵਿੱਚ ਮਿਲਦਾ ਹੈ। ਰਾਕਸ਼ਸੀ ਪ੍ਰਵਿਰਤੀ ਨੀਚ ਯੋਨੀਆਂ ਵਿੱਚ ਲੈ ਕੇ ਜਾਂਦੀ ਹੈ। ਜਦੋਂ ਕਿ ਦੇਵਤਾ ਪ੍ਰਵਿਰਤੀ ਪਰਮਦੇਵ ਪ੍ਰਮਾਤਮਾ ਵਿੱਚ ਪ੍ਰਵੇਸ਼ ਦਿਵਾਉਂਦੀ ਹੈ। ਸਤਿਗੁਰੂ ਦੇ ਕੋਲ ਇਸਦੇ ਨਿਰਣਾਇਕ ਯੁੱਧ ਦਾ ਆਰੰਭ ਹੁੰਦਾ ਹੈ। ਇਹ ਖੇਤਰ ਤੇ ਖੇਤਰ ਦੇ ਜਾਨਣ ਵਾਲੇ ਦੀ ਲੜਾਈ ਹੈ।

ਗੀਤਾ ਦਾ ਇਹ ਸ਼ਲੋਕ ਬਾਹਰ ਦਾ ਚਿਤ੍ਰਣ ਨਹੀਂ ਕਰਦਾ । ਖਾਣਾ, ਪਹਿਨਣਾ, ਰਹਿਣਾ ਤੁਸੀਂ ਜਾਣਦੇ ਹੀ ਹੋ। ਰਹਿਣ-ਸਹਿਣ, ਮਾਨਤਾ, ਲੋਕਰੀਤ-ਨੀਤੀ ਵਿਚ ਦੇਸ਼-ਕਾਲ ਅਤੇ ਪਰਿਸਥਿਤੀਆਂ ਦੇ ਅਨੁਸਾਰ ਪਰਿਵਰਤਨ ਪ੍ਰਕ੍ਰਿਤੀ ਦੀ ਦੇਣ ਹੈ । ਇਸ ਵਿਚ ਸ਼੍ਰੀ ਕ੍ਰਿਸ਼ਣ ਤੁਹਾਨੂੰ ਕਿਹੜੀ ਵਿਵਸਥਾ ਦੇਣ ? ਕਿਧਰੇ ਲੜਕੀਆਂ ਬਹੁਤ ਹਨ, ਲੜਕੇ ਕਈ ਵਿਆਹ ਕਰਦੇ ਹਨ, ਤਾਂ

ਕਿਧਰੇ ਲੜਕੇ ਬਹੁਤ ਹਨ ਤੇ ਕਈ ਭਰਾਵਾਂ ਵਿਚ ਇਕ ਪਤਨੀ ਰਿਹਾ ਕਰਦੀ ਹੈ । ਇਸ ਵਿਚ ਸ਼੍ਰੀ ਕ੍ਰਿਸ਼ਣ ਕੀ ਵਿਵਸਥਾ ਦੇਣ ? ਦੂਜੇ ਵਿਸ਼ਵ-ਯੁੱਧ ਦੇ ਬਾਅਦ ਜਾਪਾਨ ਵਿਚ ਆਬਾਦੀ ਘੱਟ ਹੋਣ ਦੀ ਸਮੱਸਿਆ ਪੈਦਾ ਹੋਗਈ, ਤਾਂ ਤੀਹ ਬੱਚਿਆਂ ਨੂੰ ਜਨਮ ਦੇਣ ਵਾਲੀ ਇਕ ਔਰਤ ਨੂੰ ''ਮਦਰਲੈਂਡ'' (ਦੇਸ਼ਮਾਤਾ) ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ । ਵੈਦਿਕ ਕਾਲ ਦੇ ਭਾਰਤ ਵਿਚ ਪਹਿਲਾਂ ਦਸ ਬੱਚੇ ਪੈਦਾ ਕਰਨ ਦਾ ਵਿਧਾਨ ਸੀ, ਹੁਣ ''ਇਕ ਜਾਂ ਦੋ ਬੱਚੇ, ਹਨ ਘਰ ਵਿਚ ਅੱਛੇ'' ਦਾ ਨਾਰਾ ਚੱਲ ਰਿਹਾ ਹੈ । ਇਸ ਵਿਚ ਸ਼੍ਰੀ ਕ੍ਰਿਸ਼ਣ ਕਿਹੜੀ ਵਿਵਸਥਾ ਦੇਣ ?

ਕਾਮ-ਕ੍ਰੋਧ-ਲੋਭ-ਮੋਹ ਸਿਖਣ ਦੇ ਲਈ ਕਿਧਰੇ ਸਕੂਲ ਨਹੀਂ ਹਨ, ਫੇਰ ਵੀ ਬੱਚੇ ਇਹਨਾਂ ਵਿਕਾਰਾਂ ਵਿਚ ਵੱਡਿਆਂ-ਸਿਆਣਿਆਂ ਤੋਂ ਵੀ ਅੱਗੇ ਨਿਕਲ ਜਾਂਦੇ ਹਨ । ਇਸ ਬਾਰੇ ਵਿਚ ਸ਼੍ਰੀ ਕ੍ਰਿਸ਼ਣ ਕੀ ਸਿਖਿਆ ਦੇਣ ? ਇਹ ਸਭ ਤੋਂ ਪ੍ਰਕ੍ਰਿਤੀ ਦੁਆਰਾ ਆਪਣੇ-ਆਪ ਹੁੰਦਾ ਹੈ । ਕਦੇ ਵੇਦ ਪੜ੍ਹਾਏ ਜਾਂਦੇ ਸਨ, ਧਨੁੱਖ-ਵਿਦਿਆ ਤੇ ਗਦਾ ਚਲਾਉਣਾ ਸਿਖਾਇਆ ਜਾਂਦਾ ਸੀ, ਅੱਜ ਉਹ ਚੀਜ਼ਾਂ ਕੌਣ ਸਿਖੇਗਾ ? ਅੱਜ ਤਾਂ ਬੱਚੇ ਪਿਸਤੌਲ ਚਲਾਉਂਦੇ ਹਨ । ਸ੍ਵੈਚਾਲਿਤ ਯੰਤ੍ਰਾਂ ਦਾ ਯੁਗ ਹੈ । ਕਦੇ ਰੱਥ ਚਲਾਉਣਾ ਸਿਖਣਾ ਪੈਂਦਾ ਸੀ, ਘੋੜਿਆਂ ਦੀ ਲਿੱਦ ਸੁੱਟਣੀ ਪੈਂਦੀ ਸੀ-ਅੱਜ ਮੋਟਰਾਂ ਦਾ ਤੇਲ ਸਾਫ਼ ਕੀਤਾ ਜਾਂਦਾ ਹੈ । ਇਸਦੇ ਬਾਰੇ ਸ਼੍ਰੀ ਕ੍ਰਿਸ਼ਣ ਕੀ ਦੱਸਣ ? ਕਹਿ ਦੇਣ ਕਿ ਘੋੜਿਆਂ ਨੂੰ ਇਸ ਤਰ੍ਹਾਂ ਨਾ ਮੱਲੋ। ਬਾਹਰੀ ਸੰਸਾਰ ਵਿਚ ਉਹ ਤੁਹਾਨੂੰ ਕਿਹੜੀ ਵਿਵਸਥਾ ਦੇਣ ? ਪਹਿਲਾਂ ਸ੍ਵਾਹਾ ਬੋਲਣ ਨਾਲ ਬਾਰਸ਼ ਹੁੰਦੀ ਸੀ, ਅੱਜ ਵਿਗਿਆਨ ਰਾਹੀਂ ਫਸਲਾਂ ਲਈ ਬਾਰਸ਼ ਦੀ ਉਡੀਕ ਨਹੀਂ ਕਰਨੀ ਪੈਂਦੀ । ਯੋਗੇਸ਼ਵਰ ਕਹਿੰਦੇ ਹਨ ਕਿ ਪ੍ਰਕ੍ਰਿਤੀ ਤੋਂ ਪੈਦਾ ਗੁਣਾਂ ਨਾਲ ਪਰਵੱਸ ਹੋਕੇ ਮਨੁੱਖ ਪਰਿਸਥਿਤੀ ਦੇ ਅਨੁਸਾਰ ਢੱਲਦਾ ਹੀ ਰਹਿੰਦਾ ਹੈ । ਗੁਣ ਆਪਹੀ ਮਨੁੱਖ ਨੂੰ ਬਣਾਉਂਦਾ ਹੀ ਰਹਿੰਦਾ ਹੈ । ਇਕੋ ਚੀਜ਼ ਇਸ ਤਰ੍ਹਾਂ ਦੀ ਹੈ, ਜੋ ਮਨੁੱਖ ਨਹੀਂ ਜਾਣਦਾ, ਨਹੀਂ ਪਹਿਚਾਣਦਾ । ਜੋ ਹੈ ਤਾਂ ਉਸੇ ਦੇ ਕੋਲ, ਪਰ ਉਸਨੂੰ ਉਸਦਾ ਪਤਾ ਨਹੀਂ, ਭੁੱਲਿਆ ਹੋਇਆ ਹੈ । ਗੀਤਾ ਸੁਣਕੇ ਅਰਜੁਨ ਦੀ ਉਹੀ ਯਾਦਾਸ਼ਤ ਵਾਪਸ ਆ ਗਈ ਸੀ । ਉਹ ਯਾਦਾਸ਼ਤ, ਉਹ ਸਿਮਰਤੀ ਹੈ ਪਰਮਾਤਮਾ ਦੀ, ਜੋ ਹਿਰਦੇ-ਦੇਸ਼ ਵਿਚ ਹੋਕੇ ਵੀ ਉਸਤੋਂ ਬੜੀ ਦੂਰ ਹੈ । ਉਸੇ ਨੂੰ ਮਨੁੱਖ ਪਾਉਣਾ ਚਾਹੁੰਦਾ ਹੈ, ਪਰ ਰਸਤਾ ਨਹੀ ਜਾਣਦਾ । ਮਨੁੱਖ ਸਿਰਫ ਕਲਿਆਨ-ਮਾਰਗ ਤੋਂ ਹੀ ਅਣਜਾਣ ਹੈ । ਮੋਹ ਦਾ ਪਰਦਾ ਇੰਨਾ ਗਹਿਰਾ ਹੈ ਕਿ ਉਸ ਵਲ ਸੋਚਣ ਦਾ ਸਮਾਂ ਹੀ ਨਹੀਂ ਮਿਲਦਾ । ਉਸ ਮਹਾਪੁਰਸ਼ ਨੇ ਤੁਹਾਡੇ ਲਈ ਸਮਾਂ ਦਿਤਾਂ ਹੈ, ਉਸ ਕਰਮ ਨੂੰ ਸਪਸ਼ਟ ਕੀਤਾ ਹੈ, ਇਸੇ ਨੂੰ ਕਰਨ ਦਾ ਮਾਰਗ-ਦਰਸ਼ਨ ਗੀਤਾ ਵਿਚ ਹੈ । ਗੀਤਾ ਮੁੱਖ ਰੂਪ ਨਾਲ ਇਹੋ ਦੇਂਦੀ ਹੈ । ਭੌਤਿਕ ਚੀਜ਼ਾਂ ਵੀ ਉਸਤੋਂ ਜ਼ਰੂਰ ਮਿਲਦੀਆਂ ਹਨ, ਪਰ ਸ਼੍ਰੇਸ਼ਠਤਾ ਦੀ ਯੋਗਤਾ ਉਹਨਾ ਪਿਆਰੀਆਂ ਚੀਜ਼ਾਂ ਤੋਂ ਉਚੀ ਹੈ ।

ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਕਲਿਆਨ – ਮਾਰਗ ਦੀ ਜਾਣਕਾਰੀ, ਉਸਦੀ ਸਾਧਨਾ ਅਤੇ ਪ੍ਰਾਪਤੀ ਸੱਚੇ ਗੁਰੂ ਤੋਂ ਹੁੰਦੀ ਹੈ । ਇਧਰ-ਉਧਰ ਤੀਰਥਾਂ ਵਿਚ ਬਹੁਤ ਭਟਕਣ ਨਾਲ ਜਾਂ ਬਹੁਤੀ ਮਿਹਨਤ ਨਾਲ ਵੀ ਤਦ ਤਕ ਨਹੀਂ ਮਿਲਦਾ, ਜਦ ਤਕ ਕੋਈ ਸੰਤ ਇਸਨੂੰ ਪਾਉਣ ਦੀ ਵਿਧੀ ਨਾ ਦੱਸੇ । ਅਧਿਆਇ 3/34 ਵਿਚ ਸ਼੍ਰੀ ਕ੍ਰਿਸ਼ਣ ਨੇ ਕਿਹਾ, ਅਰਜੁਨ । ਤੂੰ ਕਿਸੇ ਤਤੱਦਰਸ਼ੀ ਮਹਾਪੁਰਸ਼ ਕੋਲ ਜਾ ਕੇ, ਭਲੀ ਭਾਂਤ ਦੰਡਵਤ-ਪ੍ਰਣਾਮ ਕਰਕੇ, ਨਿਸ਼ਕਪਟ ਭਾਵਨਾ ਨਾਲ ਸੇਵਾ ਕਰਕੇ, ਪ੍ਰਸ਼ਨ ਪੁੱਛਕੇ ਉਸ ਗਿਆਨ ਨੂੰ ਪ੍ਰਾਪਤ ਕਰ । ਪ੍ਰਾਪਤੀ ਦਾ ਇਕਮਾਤਰ ਉਪਾਅ ਹੈ – ਕਿਸੇ ਮਹਾਪੁਰਸ਼ ਦੀ ਸਮੀਪਤਾ ਅਤੇ ਉਹਨਾਂ ਦੀ ਸੇਵਾ । ਉਹਨਾਂ ਦੇ ਅਨੁਸਾਰ ਚੱਲਦੇ-ਚੱਲਦੇ ਯੋਗ ਦੀ ਸਿੱਧੀ ਹੋਣ ਤੇ ਬਾਅਦ ਪ੍ਰਾਪਤੀ ਹੋਵੇਗੀ । ਅਧਿਆਇ 18/18 ਵਿਚ ਉਹਨਾਂ ਨੇ ਦੱਸਿਆ ਕਿ '**परिज्ञाता**' ਤੱਤਦਰਸ਼ੀ ਮਹਾਪੁਰਸ਼, 'ਗ਼ਫ਼ਧ' – ਅਰਥਾਤ ਜਾਣਨ ਦੀ ਵਿਧੀ ਅਤੇ 'ਗ਼੍ਰਮ' – ਪਰਮਾਤਮਾ, ਤਿੰਨੋਂ ਕਰਮ ਦੇ ਪ੍ਰੇਰਕ ਹਨ । ਇਸ ਲਈ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਮਹਾਪੁਰਸ਼ ਹੀ ਕਰਮ ਦਾ ਵਸੀਲਾ ਹਨ, ਨਾ ਕਿ ਸਿਰਫ਼ ਪੁਸਤਕ । ਪੁਸਤਕ ਤਾਂ ਇਕ ਨੁਸਖਾ ਹੈ, ਨੁਸਖਾ ਰਟਣ ਨਾਲ ਕੋਈ ਨਿਰੋਗ

ਨਹੀਂ ਹੁੰਦਾ, ਬਲਕਿ ਉਸਨੂੰ ਅਮਲ ਵਿੱਚ ਲਿਆਉਣਾ ਹੈ ।

ਨਰਕ – ਅਧਿਆਇ 16/16 ਵਿਚ ਆਸੁਰੀ ਸੰਪੱਤੀ ਦਾ ਵਰਣਨ ਕਰਦੇ ਹੋਏ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਦੱਸਿਆ ਕਿ ਅਨੇਕ ਤਰ੍ਹਾਂ ਦੇ ਭਰਮਾਂ ਵਿਚ ਪਏ ਚਿੱਤ ਵਾਲੇ, ਮੋਹ ਵਿਚ ਫਸੇ, ਆਸੁਰੀ ਸੁਭਾਅ ਵਾਲੇ ਮਨੁੱਖ ਅਪਵਿਤ੍ਰ ਨਰਕ ਵਿਚ ਡਿਗਦੇ ਹਨ । ਪ੍ਰਸ਼ਨ ਸੁਭਾਵਕ ਹੈ ਕਿ ਨਰਕ ਹੈ ਕਿਸ ਤਰ੍ਹਾਂ ਦਾ ? ਅਤੇ ਨਰਕ ਕਿਸਨੂੰ ਕਹਿੰਦੇ ਹਨ ? ਇਸੇ ਬਾਰੇ ਵਿਚ ਉਹ ਸਪਸ਼ਟ ਕਰਦੇ ਹਨ ਕਿ ਮੇਰੇ ਨਾਲ ਦੋਸ਼ ਰੱਖਣ ਵਾਲੇ ਨਰਾਧਮਾਂ ਨੂੰ ਮੈਂ ਬਾਰਬਾਰ ਆਸੁਰੀ ਯੋਨੀਆਂ ਵਿਚ ਸੁੱਟਦਾ ਹਾਂ, ਅਸੰਖ ਆਸੁਰੀ ਯੋਨੀਆਂ ਵਿਚ ਸੁੱਟਦਾ ਹਾਂ । ਇਹੋ ਨਰਕ ਹੈ । ਇਸ ਨਰਕ ਦਾ ਦਰਵਾਜਾ ਕਿਹੜਾ ਹੈ । ਉਹਨਾਂ ਨੇ ਦੱਸਿਆ ਕਿ ਕਾਮ–ਕ੍ਰੋਧ ਤੇ ਲੋਭ ਨਰਕ ਦੇ ਵੱਖ ਦਰਵਾਜੇ ਹਨ, ਜਿਨ੍ਹਾਂ ਰਾਹੀਂ ਆਸੁਰੀ ਸੰਪੱਤੀ ਜਮ੍ਹਾਂ ਹੁੰਦੀ ਰਹਿੰਦੀ ਹੈ । ਇਸ ਲਈ ਮੁੜ–ਮੁੜ ਕੀਟ–ਪਤੰਗ–ਪਸ਼ੂ ਆਦਿ ਯੋਨੀਆਂ ਵਿਚ ਪੈਣਾ ਹੀ ਨਰਕ ਹੈ ।

ਪਿੰਡਦਾਨ – ਪਹਿਲੇ ਅਧਿਆਇ ਵਿਚ ਸੋਗਮਈ ਨੂੰ ਡਰ ਸੀ ਕਿ ਯੁੱਧ ਵਿਚ ਹੋਣ ਵਾਲੇ ਨਰਸਿੰਘਾਹ ਨਾਲ ਪਿਤਰਾਂ ਨੂੰ ਪਿੰਡਦਾਨ ਅਤੇ ਅਰਪਣ ਕਰਨ ਵਾਲਾ ਕੋਈ ਨਹੀਂ ਰਹੇਗਾ, ਪਿੰਡੋਦਕ ਕ੍ਰਿਆ ਨਹੀਂ ਹੈ ਸਕੇਗੀ, ਪਿਤਰ ਡਿੱਗ ਪੈਣਗੇ । ਇਸਤੇ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਕਿਹਾ – ਅਰਜੁਨ । ਤੈਨੂੰ ਇਹ ਅਗਿਆਨ ਕਿਥੋਂ ਹੋਗਿਆ ? ਪਿੰਡੋਦਕ ਕ੍ਰਿਆ ਨੂੰ ਯੋਗੇਸ਼ਵਰ ਨੇ ਅਗਿਆਨ ਕਿਹਾ ਅਤੇ ਦੱਸਿਆ ਕਿ ਜਿਸ ਤਰ੍ਹਾਂ ਘਸੇ–ਪੁਰਾਣੇ ਕਪੜੇ ਸੁੱਟਕੇ ਮਨੁੱਖ ਨਵੇਂ ਕਪੜੇ ਬਦਲਦਾ ਹੈ, ਉਸੇ ਤਰ੍ਹਾਂ ਇਹ ਆਤਮਾ ਬਿਰਧ–ਪੁਰਾਣੇ ਸਰੀਰ ਨੂੰ ਤਿਆਗਕੇ ਤਤਕਾਲ ਨਵਾਂ ਸਰੀਰ ਧਾਰਣ ਕਰਦਾ ਹੈ । ਇਹ ਸਰੀਰ ਬਸ ਇਕ ਕਪੜੇ ਵਰਗਾ ਹੈ ਅਤੇ ਜਦ ਆਤਮਾ ਨੇ ਸਿਰਫ਼ ਕਪੜਾ ਹੀ ਬਦਲਿਆ, ਉਹ ਮਰਿਆ ਨਹੀਂ, ਸਰੀਰ ਹੀ ਬਦਲਿਆ ਹੈ, ਉਸਦੇ ਸੰਸਕਾਰ ਆਦਿ ਪਹਿਲੇ ਵਾਲੇ ਹੀ ਹਨ, ਤਾਂ ਇਹ ਭੋਜਨ (ਪਿੰਡਦਾਨ), ਆਸਨ, ਸ਼ੱਈਆ, (ਬਿਸਤਰ), ਸਵਾਰੀ, ਆਵਾਸ ਜਾਂ ਜਲ ਆਦਿ ਨਾਲ ਕਿਸ ਨੂੰ ਤ੍ਰਿਪਤ ਕੀਤਾ ਜਾਂਦਾ ਹੈ ? ਇਹੋ ਕਾਰਣ ਹੈ ਕਿ ਯੋਗੇਸ਼ਵਰ ਨੇ ਇਸ ਨੂੰ ਅਗਿਆਨ ਆਖਿਆ । ਅਧਿਆਇ 15/7 ਵਿਚ ਇਸੇ ਉਤੇ ਜ਼ੋਰ ਦੇਂਦੇ ਹੋਏ ਉਹ ਕਹਿੰਦੇ ਹਨ ਕਿ ਇਹ ਆਤਮਾ ਮੇਰਾ ਸਨਾਤਨ ਅੰਸ਼ ਹੈ, ਸਵਰੂਪ ਹੈ, ਅਤੇ ਮਨ ਸਹਿਤ ਪੰਜੋ ਇੰਦ੍ਰੀਆਂ ਦੇ ਕ੍ਰਿਆ–ਕਲਾਪ ਤੋਂ ਪੈਦਾ ਸੰਸਕਾਰ ਨੂੰ ਲੈਕੇ ਇਹ ਦੂਜਾ ਸਰੀਰ ਧਾਰਣ ਕਰ ਲੈਂਦਾ ਹੈ, ਅਤੇ ਮਨ ਸਹਿਤ ਛੇ ਇੰਦ੍ਰੀਆਂ ਨਾਲ ਅਗਲੇ ਸਰੀਰ ਵਿਚ ਵਿਸ਼ੇ–ਭੋਗਾਂ ਨੂੰ ਭੋਗਦਾ ਹੈ । ਆਤਮਾ ਨੇ ਜਿਸ ਸਰੀਰ ਨੂੰ ਧਾਰਣ ਕੀਤਾ, ਉਥੇ ਵੀ ਭੋਗ–ਸਾਮੱਗ੍ਰੀ ਮੌਜੂਦ ਹੈ, ਤਾਂ ਪਿੰਡਦਾਨ ਕਿਉਂ ਕੀਤਾ ਜਾਂਦਾ ਹੈ ?

ਇਧਰ ਇਕ ਸ਼ਰੀਰ ਨੂੰ ਛੱਡਿਆ, ਉਧਰ ਦੂਜੇ ਸ਼ਰੀਰ ਨੂੰ ਧਾਰਣ ਕੀਤਾ, ਉਹ ਸਿੱਧਾ ਉਸ ਸਰੀਰ ਵਿਚ ਜਾਂਦਾ ਹੈ, ਵਿਚਕਾਰ ਕੋਈ ਰੁਕਾਵਟ ਨਹੀਂ, ਕੋਈ ਸਥਾਨ ਹੀਂ, ਤਾਂ ਹਜ਼ਾਰਾਂ ਪੀੜ੍ਹੀਆਂ ਦੇ ਪਿਤਰਾਂ ਦਾ ਅਸੱਤਕਾਲ ਤੋਂ ਪਿਆ ਰਹਿਣਾ ਅਤੇ ਉਹਨਾਂ ਦਾ ਅੰਨ–ਪਾਣੀ–ਵੰਸ਼–ਪਰੰਪਰਾ ਦੇ ਹੱਥਾਂ ਵਿਚ ਸੌਂਪਣਾ ਅਤੇ ਪਿੰਜਰੇ ਦੇ ਪੰਛੀ ਦੀ ਤਰ੍ਹਾਂ ਉਹਨਾਂ ਦਾ ਰੋਣਾ–ਧੋਣਾ, ਪਤਨ ਆਦਿ ਸਿਰਫ਼ ਅਗਿਆਨ ਹੀ ਹੈ । ਇਸੇ ਲਈ ਸ਼੍ਰੀ ਕ੍ਰਿਸ਼ਣ ਨੇ ਇਸਨੂੰ ਅਗਿਆਨ ਕਿਹਾ । ऽ

ਪਾਪ ਤੇ ਪੁੰਨ – ਇਸ ਬਾਰੇ ਵਿਚ ਅਨੇਕ ਉਲਟੀਆਂ–ਸਿੱਧੀਆਂ ਮਾਨਤਾਵਾਂ ਪ੍ਰਚਲਿਤ ਹਨ । ਪਰ ਯੋਗੇਸ਼ਵਰ ਸ਼ੀਕ੍ਰਿਸ਼ਣ ਦੇ ਅਨੁਸਾਰ ਰਜੋਗੁਣ ਤੋਂ ਪੈਦਾ ਇਹ ਕਾਮ–ਕ੍ਰੋਧ, ਭੋਗਾਂ ਤੋਂ ਕਦੇ ਵੀ ਤ੍ਰਿਪਤ ਨਾ ਹੋਣ ਵਾਲੇ ਮਹਾਪਾਪੀ ਹਨ । ਅਰਥਾਤ ਕਾਮ ਹੀ ਇਕਮਾਤਰ ਪਾਪੀ ਹੈ । ਪਾਪ ਦਾ ਮੂਲ ਕਾਮ ਹੈ, ਕਾਮਨਾਵਾਂ ਹਨ । ਇਹ ਕਾਮਨਾਵਾਂ ਰਹਿੰਦੀਆਂ ਕਿਥੇ ਹਨ ? ਸ਼ੀ ਕ੍ਰਿਸ਼ਣ ਨੇ ਦੱਸਿਆ ਕਿ ਇੰਦ੍ਰੀਆਂ, ਮਨ ਅਤੇ ਬੁੱਧੀ ਇਸਦੇ ਘਰ ਹਨ । ਜਦ ਵਿਕਾਰ ਤਨ ਵਿਚ ਨਹੀਂ, ਮਨ ਵਿਚ ਹੁੰਦੇ ਹਨ, ਤਾਂ ਤਨ ਨੂੰ ਧੋਣ ਨਾਲ ਕੀ ਹੋਏਗਾ ।

ਸ਼ੀ ਕ੍ਰਿਸ਼ਣ ਦੇ ਅਨੁਸਾਰ ਇਸ ਮਨ ਦੀ ਸ਼ੁੱਧੀ ਹੁੰਦੀ ਹੈ ਨਾਮ ਜਪਣ ਨਾਲ ਧਿਆਨ ਨਾਲ, ਆਪਣੇ ਸਮਕਾਲੀ ਕਿੰਨੇ ਤੱਤਦਰਸ਼ੀ ਮਹਾਪੁਰਸ਼ ਦੀ ਸੇਵਾ ਨਾਲ, ਉਹਨਾਂ ਦੇ ਚਰਨਾਂ ਵਿਚ ਸਮਰਪਿਤ ਹੋਣ ਨਾਲ, ਜਿਸਦੇ ਲਈ ਸ਼ੀ ਕ੍ਰਿਸ਼ਣ ਅਧਿਆਇ 4/34 ਵਿਚ ਉਤਸਾਹ ਦੇਂਦੇ ਹਨ ਕਿ **'तद्विद्धि प्रणिपातेन'** – ਸੇਵਾ ਅਤੇ ਪ੍ਰਸ਼ਨ ਕਰਦੇ ਹੋਏ ਉਸ ਗਿਆਨ ਨੂੰ ਪ੍ਰਾਪਤ ਕਰੋ, ਜਿਸ ਨਾਲ ਸਾਰੇ ਪਾਪਨਸ਼ਟ ਹੁੰਦੇ ਹਨ ।

ਅਧਿਆਇ 3/13 ਵਿਚ ਉਹਨਾਂ ਨੇ ਕਿਹਾ ਕਿ ਯੋਗ ਤੋਂ ਬਾਕੀ ਬਚੇ ਹੋਏ ਅੰਨ ਖਾਣ ਵਾਲੇ ਸੰਤਜਨ ਸਾਰੇ ਪਾਪਾਂ ਤੋਂ ਛੁੱਟ ਜਾਂਦੇ ਹਨ ਅਤੇ ਜੋ ਸ਼ਰੀਰਕ ਕਾਮਨਾਵਾਂ ਕਰਦੇ ਹਨ, ਉਹ ਪਾਪੀ ਪਾਪ ਹੀ ਖਾਂਦੇ ਹਨ । ਇਥੇ ਯੋਗ ਚਿੰਤਨ ਦੀ ਇਕ ਨਿਰਧਾਰਿਤ ਕ੍ਰਿਆ ਹੈ, ਜਿਸ ਨਾਲ ਮਨ ਵਿੱਚ ਪਏ ਹੋਏ ਚਲ-ਅਚਲ ਜਗਤ ਦੇ ਸੰਸਕਾਰ ਮਿਟ ਜਾਂਦੇ ਹਨ । ਬਾਕੀ ਸਿਰਫ਼ ਬ੍ਰਹਮ ਹੀ ਬਚਦਾ ਹੈ । ਇਸ ਲਈ ਸਰੀਰ ਦੇ ਜਨਮ ਦਾ ਜੋ ਕਾਰਣ ਹੈ, ਉਹੀ ਪਾਪ ਹੈ, ਅਤੇ ਜੋ ਉਹ ਅੰਮ੍ਰਿਤ-ਤੱਤ ਨੂੰ ਦਿਵਾਉਣ ਵਾਲਾ ਹੈ, ਜਿਸਦੇ ਬਾਅਦ ਕਦੇ ਸਰੀਰ ਧਾਰਣ ਨਾ ਕਰਨਾ ਪਏ, ਉਹੀ ਪੁੰਨ ਹੈ ।

ਅਧਿਆਇ 7/29 ਵਿਚ ਉਹ ਕਹਿੰਦੇ ਹਨ ਕਿ ਮੇਰੀ ਸ਼ਰਨ ਹੋਕੇ ਰੋਗ ਅਤੇ ਮੌਤ ਆਦਿ ਦੋਸ਼ਾਂ ਤੋਂ ਛੁਟਣ ਦਾ ਯਤਨ ਕਰਨ ਵਾਲੇ ਜਿਨ੍ਹਾਂ ਪੁੰਨਕਰਮੀ ਪੁਰਸ਼ਾਂ ਦਾ ਪਾਪ ਨਸ਼ਟ ਹੋਗਿਆ ਹੈ, ਉਹ ਸਾਰੇ ਬ੍ਰਹਮ ਨੂੰ, ਸਾਰੇ ਕਰਮ ਨੂੰ, ਸਾਰੇ ਅਧਿਆਤਮ ਨੂੰ ਅਤੇ ਮੈਨੂੰ ਵੀ ਭਲੀ ਭਾਂਤ ਜਾਣਦੇ ਹਨ ਅਤੇ ਮੈਨੂੰ ਜਾਣਕੇ ਮੇਰੇ ਵਿਚ ਹੀ ਸਥਿਤ ਰਹਿੰਦੇ ਹਨ । ਇਸ ਲਈ ਪੁੰਨ ਕਰਮ ਉਹੀ ਹੈ, ਜੋ ਰੋਗ ਅਤੇ ਮੌਤ ਆਦਿ ਦੋਸ਼ਾਂ ਤੋਂ ਉਪਰ ਲੈ ਜਾਕੇ ਸ਼ਾਸ਼ਵਤ ਦੀ ਜਾਣਕਾਰੀ ਅਤੇ ਉਸੇ ਵਿਚ ਸਦਾ ਲਈ ਸਥਿਤੀ ਦਿਵਾਉਂਦਾ ਹੈ, ਅਤੇ ਜੋ ਜਨਮ-ਮਰਨ, ਦੁੱਖ-ਦੋਸ਼ ਦੇ ਘੇਰੇ ਵਿਚ ਹੀ ਘੁਮਾਉਂ ਦਾ ਹੈ, ਉਹੀ ਪਾਪ ਕਰਮ ਹੈ।

ਅਧਿਆਇ 10/3 ਵਿਚ ਉਹ ਕਹਿੰਦੇ ਕਿ ਜੋ ਮੇਰੇ ਜਨਮ-ਮਰਨ ਤੋਂ ਰਹਿਤ, ਆਦਿ-ਅੰਤ ਤੋਂ ਰਹਿਤ ਅਤੇ ਸਾਰਿਆਂ ਲੋਕਾਂ ਦੇ ਮਹਾਨ ਈਸ਼ਵਰ-ਰੂਪ ਨੂੰ ਪ੍ਰਤੱਖ ਦਰਸ਼ਨ ਨਾਲ ਜਾਣ ਲੈਂਦਾ ਹੈ, ਉਹ ਪੁਰਸ਼ ਜਨਮ-ਮਰਨ ਦੇ ਬੰਧਨ ਵਾਲੇ ਮਨੁੱਖਾਂ ਵਿਚ ਗਿਆਨਵਾਨ ਹੈ ਅਤੇ ਇਸ ਤਰ੍ਹਾਂ ਗਿਆਨੀ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ । ਇਸ ਲਈ ਪ੍ਰਤੱਖ ਦਰਸ਼ਨ ਦੇ ਨਾਲ ਹੀ ਸਾਰੇ ਪਾਪਾਂ ਤੋਂ ਛੁਟਕਾਰਾ ਹੁੰਦਾ ਹੈ ।

ਸੰਖੇਪ ਵਿਚ ਬਾਰ ਬਾਰ ਜਨਮ ਦਾ ਕਾਰਣ ਹੀ ਪਾਪ ਹੈ ਅਤੇ ਜੋ ਉਸ ਤੋਂ ਬਚਾਕੇ ਸ਼ਾਸ਼ਵਤ ਪਰਮਾਤਮਾ ਵਲ ਮੋੜ ਦੇਵੇ, ਪਰਮ ਸ਼ਾਂਤੀ ਦੀ ਪ੍ਰਾਪਤੀ ਕਰਾ ਦੇਵੇ, ਉਹੀ ਪੁੰਨ ਹੈ । ਸੱਚ ਬੋਲਣਾ, ਸਿਰਫ਼ ਆਪਣੀ ਮਿਹਨਤ ਦਾ ਖਾਣਾ, ਇਸਤ੍ਰੀਆਂ ਲਈ ਮਾਤਾ ਦੀ ਭਾਵਨਾ, ਈਮਾਨਦਾਰੀ ਆਦਿ ਵੀ ਇਸ ਪੁੰਨ-ਕਰਮ ਦੇ ਸਹਾਇਕ ਅੰਗ ਹਨ, ਪਰ ਸਭ ਤੋਂ ਉੱਚੀ ਗੱਲ ਹੈ ਪਰਮਾਤਮਾ ਦੀ ਪ੍ਰਾਪਤੀ । ਜੋਇਕ ਪਰਮਾਤਮਾ ਦੀ ਸ਼ਰਧਾ ਨੂੰ ਖੰਡਿਤ ਕਰੇ, ਉਹ ਪਾਪ ਹੈ ।

ਸੰਤ ਸਾਰੇ ਇਕ – ਗੀਤਾ, ਅਧਿਆਇ 4/1 ਵਿਚ ਭਗਵਾਨ ਸ਼ੀ ਕ੍ਰਿਸ਼ਣ ਨੇ ਦੱਸਿਆ ਕਿ ਇਸ ਅਵਿਨਾਸ਼ੀ ਯੋਗ ਨੂੰ ਕੱਲਪਦੇ ਆਦਿ ਵਿਚ ਮੈਂ ਸੂਰਜ ਨੂੰ ਕਿਰਾ ਸੀ । ਪਰ ਸ਼੍ਰੀ ਕ੍ਰਿਸ਼ਣ ਦ ਪੂਰਬਕਾਲੀਨ ਇਤਿਹਾਸ ਵਿਚ ਜਾਂ ਕਿਸੇ ਸ਼ਾਸ਼ਤ੍ਰ ਵਿਚ ਕ੍ਰਿਸ਼ਣ ਨਾਮ ਦਾ ਕੋਈ ਉਲੇਖ ਨਹੀਂ ਮਿਲਦਾ ।

ਦਰਅਸਲ ਸ਼੍ਰੀ ਕ੍ਰਿਸ਼ਣ ਇਕ ਪੂਰਣ ਯੋਗੇਸ਼ਵਰ ਸਨ । ਉਹ ਇਕ ਅਵਿਅਕਤ ਅਤੇ ਅਵਿਨਾਸ਼ੀ ਸੱਤਾ ਵਿਚ ਸਥਿਤੀ ਵਾਲੇ ਸਨ । ਜਦੋਂ ਵੀ ਪਰਮਾਤਮਾ ਨਾਲ ਮਿਲਾਉਣ ਵਾਲੀ ਕ੍ਰਿਆ ਅਰਥਾਤ ਯੋਗ ਦਾ ਆਰੰਭ ਕੀਤਾ ਗਿਆ ਸੀ, ਤਾਂ ਇਸੇ ਸਥਿਤੀ ਵਾਲੇ ਕਿੰਨੇ ਮਹਾਪੁਰਸ਼ ਨੇ ਹੀ ਕੀਤਾ ਸੀ, ਚਾਰੇ ਉਹ ਰਾਮ ਹੋਣ, ਜਾਂ ਰਿਸ਼ੀ ਜਰਥੁਸਤ੍ਰ ਹੀ ਰਹੇ ਹੋਣ । ਬਾਅਦ ਵਾਲੇ ਸਮੇਂ ਵਿਚ ਇਹੋ ਉਪਦੇਸ਼

ਈਸਾ, ਮੁਹੰਮਦ, ਗੁਰੂ ਨਾਨਕ ਆਦਿ ਜਿਸ ਕਿਨੇ ਦੇ ਰਾਹੀਂ ਵੀ ਹੋਇਆ, ਕਿਹਾ ਸ਼੍ਰੀ ਕ੍ਰਿਸ਼ਣ ਨੇ ਹੀ ।

ਇਸ ਲਈ ਸਾਰੇ ਮਹਾਪੁਰਸ਼ ਇਕੋ ਹੀ ਹਨ । ਸਭ ਦੇ ਸਭ ਇੱਕੋ ਤੱਥ ਦਾ ਸਪਰਸ਼ ਕਰਕੇ ਇਕੋ ਸਵਰੂਪ ਨੂੰ ਪਾਉਂਦੇ ਹਨ । ਇਹ ਪਦ ਇਕੋ-ਇਕ ਹੈ । ਅਨੇਕ ਪੁਰਸ਼ ਇਸ ਮਾਰਗ ਉਤੇ ਚੱਲਣਗੇ, ਪਰ ਜਦ ਪਾਉਣਗੇ ਤਾਂ ਇਕ ਹੀ ਪਦ ਨੂੰ ਪਾਉਣਗੇ । ਐਸੀ ਅਵਸਥਾ ਨੂੰ ਪ੍ਰਾਪਤ ਸੰਤ ਦਾ ਸਰੀਰ ਮਕਾਨ ਵਰਗਾ ਰਹਿ ਜਾਂਦਾ ਹੈ, ਉਹ ਸ਼ੁੱਧ-ਆਤਮ-ਸਵਰੂਪ ਹਨ । ਐਸੀ ਸਥਿਤੀ ਵਾਲਿਆਂ ਨੇ ਜਦੋਂ ਕਦੇ ਵੀ ਕੁਝ ਕਿਹਾ ਤਾਂ ਉਹ ਇਕ ਯੋਗੇਸ਼ਵਰ ਨੇ ਹੀ ਕਿਹਾ ।

ਸੰਤ ਕਿਧਰੇ ਨਾ ਕਿਧਰੇ ਤਾਂ ਜਨਮ ਲੈਂਦਾ ਹੀ ਹੈ । ਪੂਰਬ ਜਾਂ ਪੱਛਮ ਵਿਚ, ਕਾਲੇ ਜਾਂ ਗੋਰੇ ਪਰਿਵਾਰ ਵਿਚ, ਪਹਿਲਾਂ ਤੋਂ ਚੱਲੇ ਆਏ ਕਿਸੇ ਧਰਮ ਨੂੰ ਮੰਨਣ ਵਾਲਿਆਂ ਦੇ ਘਰ ਵਿਚ ਜਾਂ ਕਿਸੇ ਅਬੋਧ ਕਬੀਲੇ ਵਿਚ, ਆਮ ਜ਼ਿੰਦਗੀ ਜੀਣ ਵਾਲੇ ਕਿੰਨੇ ਗਰੀਬ ਦੇ ਘਰ ਜਾਂ ਅਮੀਰ ਦੇ ਘਰ, ਪਰ ਸੰਤ ਉਹਨਾਂ ਦੀ ਪਰੰਪਰਾ ਵਾਲਾ ਨਹੀਂ ਹੁੰਦਾ । ਉਹ ਤਾਂ ਆਪਣੇ ਨਿਸ਼ਾਨੇ ਨੂੰ, ਪਰਮਾਤਮਾ ਨੂੰ ਪਕੜਰੇ ਸਵਰੂਪਵਲ ਵਧਣ ਲੱਗਦਾ ਹੈ, ਉਹੀ ਹੋ ਜਾਂਦਾ ਹੈ । ਉਹਨਾਂ ਦੇ ਉਪਦੇਸ਼ ਵਿਚ ਜਾਤ-ਪਾਤ, ਵਰਗਭੇਦ, ਅਮੀਰ-ਗਰੀਬ ਦੀਆਂ ਦੀਵਾਰਾਂ ਨਹੀਂ ਰਹਿੰਦੀਆਂ । ਇਥੋਂ ਤਕ ਕਿ ਉਹਨਾਂ ਦੀ ਨਜ਼ਰ ਵਿਚ ਨਰ-ਮਾਦਾ ਦਾ ਭੇਦ ਵੀ ਨਹੀਂ ਰਹਿ ਜਾਂਦਾ (ਵਖੋਗੀਤਾ 15/16-'**द्वाविमौ पुरुष लोगे**') ।

ਮਹਾਪੁਰਸ਼ ਦੇ ਬਾਅਦ ਉਹਨਾਂ ਦੇ ਅਨੁਯਾਈ ਆਪਣਾ ਸੰਪ੍ਰਦਾਇ ਬਣਾਕੇ ਸੰਕੁਚਿਤ ਹੋ ਜਾਂਦੇ ਹਨ । ਕਿਨੇ ਮਹਾਪੁਰਸ਼ ਦੇ ਅਨੁਆਈ ਯਹੂਦੀ ਹੋ ਜਾਂਦੇ ਹਨ, ਤਾਂ ਕਿਸੇ ਦੇ ਪਿੱਛੇ ਚੱਲਣ ਵਾਲੇ ਈਸਈ, ਮੁਸਲਮਾਨ, ਸਨਾਤਨੀ ਆਦਿ । ਪਰ ਇਹਨਾਂ ਦੀਵਾਰਾਂ ਨਾਲ ਸੰਤ ਦਾ ਕਦੇ ਕੋਈ ਸੰਬੰਧ ਨਹੀਂ ਹੁੰਦਾ । ਸੰਤ ਨਾ ਤਾਂ ਕੋਈ ਸੰਪ੍ਰਦਾਇਕ ਹੈ, ਨਾ ਕਿਸੇ ਜਾਤੀ ਦਾ । ਸੰਤ, ਹੈ । ਉਹਨਾਂ ਨੂੰ ਕਿਸੇ ਸਮਾਜਿਕ ਸੰਗੰਠਨ ਵਿਚ ਸਮੇਟਣਾ ਗ਼ਲਤ ਹੈ ।

ਇਸ ਲਈ ਸਾਰੇ ਸੰਸਾਰ ਦੇ ਸੰਤਾਂ ਦੀ ਸਥਿਤੀ ਇੱਕ ਹੈ, ਚਾਹੇ ਉਹ ਕਿਸੇ ਕਬੀਲੇ ਵਿਚ ਜਨਮੇ ਹੋਣ, ਚਾਹੇ ਕਿੰਨੇ ਮਜ਼ਹਬ (ਸੰਪ੍ਰਦਾਇ) ਵਾਲੇ ਉਹਨਾਂ ਦੀ ਬਹੁਤ ਪੂਜਾ ਕਰਦੇ ਹੋਣ, ਕਿਸੇ ਵੀ ਸੰਪ੍ਰਦਾਇ ਦੇ ਅਸਰ ਵਿਚ ਆਕੇ ਐਸੇ ਸੰਤਾਂ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ, ਕਿਉਂਕਿ ਸੰਤ ਨਿਰਪੱਖ ਹਨ, ਨਿਰਲੇਪ ਹਨ । ਸੰਸਾਰ ਦੇ ਕਿਸੀ ਵੀ ਹਿੱਸੇ ਵਿਚ ਪੈਦਾ ਹੋਇਆ ਸੰਤ ਨਿੰਦਿਆ ਦੇ ਯੋਗ ਨਹੀਂ ਹੁੰਦਾ । ਜੇ ਕੋਈ ਐਸਾ ਕਰਦਾ ਹੈ, ਤਾਂ ਉਹ ਆਪਣੇ ਅੰਦਰ ਸਥਿਤ ਅੰਤਰਯਾਮੀ ਪਰਮਾਤਮਾ ਨੂੰ ਕਮਜ਼ੋਰ ਕਰਦਾ ਹੈ, ਆਪਣੇ ਅਤੇ ਪਰਮਾਤਮਾ ਦੇ ਵਿਚ ਦੂਰੀ ਪੈਦਾ ਕਰ ਲੈਂਦਾ ਹੈ, ਖ਼ੁਦ ਆਪਣਾ ਨੁਕਸਾਨ ਕਰਦਾ ਹੈ । ਸੰਸਾਰ ਵਿਚ ਜਨਮ ਲੈਣ ਵਾਲਿਆਂ ਵਿਚ ਜੇ ਤੁਹਾਡਾ ਕੋਈ ਸੱਚਾ ਸ਼ੁਭਚਿੰਤਕ ਹੈ, ਤਾਂ ਸੰਤ ਹੀ ਹੈ । ਇਸ ਲਈ ਉਹਨਾਂ ਦੇ ਪ੍ਰਤੀ ਸੱਚੀ ਭਾਵਨਾ ਰੱਖਣਾ ਸੰਸਾਰ ਭਰ ਦੇ ਲੋਕਾਂ ਦਾ ਪਹਿਲਾ ਫ਼ਰਜ਼ ਹੈ । ਇਸਤੋਂ ਵੰਚਿਤ ਹੋਣਾ ਆਪਣੇ ਆਪਨੂੰ ਧੋਖਾ ਦੇਣਾ ਹੈ ।

ਵੇਦ- ਗੀਤਾ ਵਿਚ ਵੇਦ ਦਾ ਵਰਣਨ ਬਹੁਤ ਆਇਆ ਹੈ, ਪਰ ਕੁਲ ਮਿਲਾਕੇ ਸਿਰਫ਼ ਰਸਤਾ ਦੱਸਣ ਵਾਲੀਆਂ ਨਿਸ਼ਾਨੀਆਂ (Mile Stone) ਹਨ । ਮੰਜ਼ਿਲ ਤਕ ਪਹੁੰਚ ਜਾਣ ਦੇ ਬਾਅਦ ਉਸ ਵਿਅਕਤੀ ਲਈ ਵੇਦ ਵੀ ਉਪਯੋਗਤਾ ਖ਼ਤਮ ਹੋ ਜਾਂਦੀ ਹੈ । ਅਧਿਆਇ 2/45 ਵਿਚ ਸ਼ੀ ਕ੍ਰਿਸ਼ਣ ਨੇ ਕਿਹਾ - ਅਰਜੁਨ । ਵੇਦ ਤਿੰਨਾਂ ਗੁਣਾਂ ਤਕ ਪ੍ਰਕਾਸ਼ ਪਾਉਂਦੇ ਹਨ, ਤੂੰ ਵੇਦਾਂ ਦੇ ਕਾਰਜ-ਖੇਤਰ ਤੋਂ ਉਪਰ ਉੱਠ। ਅਧਿਆਇ 2/46 ਵਿਚ ਦੱਸਿਆ ਕਿ ਹਰ ਪਾਸਿਉਂ ਭਰਪੂਰ, ਨਿਰਮਲ, ਵਿਸ਼ਾਲ ਜਲ-ਭੰਡਾਰ (ਤਾਲਾਬ) ਪ੍ਰਾਪਤ ਹੋਣ ਦੇ ਬਾਅਦ ਛੋਟੇ ਤਾਲਾਬ ਨਾਲ ਮਨੁੱਖ ਨੂੰ ਜਿੰਨਾ ਮਤਲਬ ਰਹਿ ਜਾਂਦਾ ਹੈ, ਚੰਗੀ ਤਰ੍ਹਾਂ ਬ੍ਰਹਮ ਨੂੰ ਜਾਣ ਲੈਣ ਵਾਲੇ ਮਹਾਪੁਰਸ਼ ਅਰਥਾਤ ਬ੍ਰਾਹਮਣ ਨੂੰ ਵੇਦਾਂ ਨਾਲ ਵੀ ਉਨ੍ਹਾਂ ਹੀ ਮਤਲਬ ਰਹਿ ਜਾਂਦਾ ਹੈ, ਪਰ ਦੂਜਿਆਂ ਲਈ ਤਾਂ ਦੋਵਾਂ ਦਾ ਉਪਯੋਗ ਹੈ ਹੀ । ਅਧਿਆਇ 8/28 ਵਿਚ ਕਿਹਾ- ਅਰਜੁਨ । ਮੈਨੂੰ ਤੱਤ ਤੋਂ ਚੰਗੀ ਤਰ੍ਹਾਂ ਜਾਣ ਲੈਣ ਤੇ ਯੋਗੀ

ਵੇਦ, ਯੱਗ, ਤੱਪ, ਦਾਨ ਆਦਿ ਦੇ ਪੁੰਨ-ਫਲਾਂ ਨੂੰ ਪਾਰ ਕਰਕੇ ਸਨਾਤਨ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ । ਅਰਥਾਤ ਜਦ ਤਕ ਵੇਦ ਜੀਉਂਦੇ ਹਨ, ਯੱਗ ਕਰਨਾ ਬਾਕੀ ਹੈ, ਤਦ ਤਕ ਸਨਾਤਨ ਪਦ ਦੀ ਪ੍ਰਾਪਤੀ ਨਹੀਂ ਹੈ । ਅਧਿਆਇ 15/1 ਵਿਚ ਕਿਹਾ ਕਿ ਉਪਰ ਪਰਮਾਤਮਾ ਹੀ ਜਿਸਦਾ ਮੂਲ ਹੈ, ਹੇਠਾਂ ਕੀਟ-ਪਤੰਗਿਆਂ ਤਕ ਪ੍ਰਕ੍ਰਿਤੀ ਜਿਸ ਦੀਆਂ ਸ਼ਾਖਾਂ ਬਣਕੇ ਫੈਲੀ ਹੈ, ਸੰਸਾਰ ਐਸਾ ਪਿੱਪਲ ਦਾ ਇਕ ਅਵਿਨਾਸ਼ੀ ਦਰਖਤ ਹੈ । ਜੋ ਇਸਨੂੰ ਮੂਲ ਸਹਿਤ ਜਾਣਦਾ ਹੈ, ਸੰਸਾਰ ਦਾ ਗਿਆਤਾ ਹੈ । ਇਸ ਜਾਣਕਾਰੀ ਦਾ ਸ੍ਰੋਤ ਜਾਂ ਵਸੀਲਾ ਮਹਾਪੁਰਸ਼ ਹੈ, ਉਹਨਾਂ ਰਾਹੀਂ ਦੱਸਿਆ ਹੋਇਆ ਸਿਮਰਨ ਹੈ, ਪੁਸਤਕ ਜਾਂ ਪਾਠਸ਼ਾਲਾ ਵੀ ਉਹਨਾਂ ਦੇ ਵਲ ਹੀ ਜਾਣ ਦੀ ਪ੍ਰੇਰਣਾ ਦੇਂਦੇ ਹਨ ।

ਓਮ - ਸ਼੍ਰੀ ਕ੍ਰਿਸ਼ਣ ਦੇ ਮਾਰਗ-ਦਰਸ਼ਨ ਵਿਚ ਓਮ ਦੇ ਜਾਪਦਾ ਵਿਧਾਨ ਹੈ । ਅਧਿਆਇ 7/8 ਵਿਚ - ਓਮਕਾਰ ਮੈਂ ਹਾਂ, 8/13 - ਓਮ ਨੂੰ ਜੱਪ ਅਤੇ ਮੇਰਾ ਧਿਆਨ ਧਰ । ਅਧਿਆਇ 9.17 - ਜਾਣਨ ਯੋਗ ਪਵਿਤ੍ਰ ਓਮਕਾਰ ਮੈਂ ਹਾਂ । ਅਧਿਆਇ 10/33 - ਅੱਖਰਾਂ ਵਿਚ ਅਕਾਰ ਹਾਂ, ਅਧਿਆਇ 10/25 - ਵਚਨਾਂ ਵਿਚ ਇਕ ਅੱਖਰ ਮੈਂ ਹਾਂ । ਅਧਿਆਇ 17/23-ਓਮ, ਤੱਤ ਅਤੇ ਸਤਿ ਬ੍ਰਹਮ ਦੇ ਪਰਿਚਾਇਕ ਹਨ । ਅਧਿਆਇ 17/24- ਯੱਗ, ਦਾਨ ਅਤੇ ਤੱਪਦੀਆਂ ਕ੍ਰਿਆਵਾਂ ਓਮ ਤੋਂ ਹੀ ਆਰੰਭ ਹੁੰਦੀਆਂ ਹਨ । ਇਸ ਲਈ ਸ਼੍ਰੀ ਕ੍ਰਿਸ਼ਣ ਦੇ ਅਨੁਸਾਰ ਓਮ ਦਾ ਜਾਪਬਹੁਤ ਜ਼ਰੂਰੀ ਹੈ, ਜਿਸਦੀ ਵਿਧੀ ਕਿਸੇ ਅਨੁਭਵੀ ਮਹਾਪੁਰਸ਼ ਤੋਂ ਸਿਖਣੀ ਚਾਹੀਦੀ ਹੈ ।

★ਮਹਾਪੁਰਸ਼ ਬਾਹਰੀ ਅਤੇ ਅੰਦਰੂਨੀ, ਵਿਵਹਾਰਕ ਅਤੇ ਅਧਿਆਤਮਕ, ਲੋਕਰੀਤ ਅਤੇ ਯਥਾਰਥ ਵੇਦਰੀਤ, ਦੋਨਾਂ ਦੀ ਜਾਣਕਾਰੀ ਰੱਖਦਾ ਹੈ । ਇਹੋ ਕਾਰਣ ਹੈ ਕਿ ਸਾਰੇ ਸਮਾਜ ਨੂੰ ਮਹਾਪੁਰਸ਼ਾਂ ਦੇ ਰਹਿਣ-ਸਹਿਣ ਦੀ ਵਿਵਸਥਾ ਦੱਸੀ, ਇਕ ਮਰਯਾਦਿਤ ਢੰਗ ਸਮਝਾਇਆ । ਵਸ਼ਿਸਠ, ਸ਼ੁਕਰਚਾਰਿਆ, ਖ਼ੁਦ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ, ਮਹਾਤਮਾ ਬੁੱਧ, ਮੂਸਾ, ਈਸਾ, ਮੁਹੰਮਦ, ਰਾਮਦਾਸ, ਦਯਾਨੰਦ, ਗੁਰੂ ਗੋਵਿੰਦ ਸਿੰਘ ਆਦਿ ਅਨੇਕ ਮਹਾਪੁਰਸ਼ਾਂ ਨੇ ਇਸ ਤਰ੍ਹਾਂ ਹੀ ਕੀਤਾ, ਪਰ ਇਹ ਵਿਵਸਥਾਵਾਂ ਸਮੇਂ ਅਨੁਸਾਰ ਹੁੰਦੀਆਂ ਹਨ । ਦੁਖੀ ਸਮਾਜ ਨੂੰ ਭੌਤਿਕ ਚੀਜ਼ਾਂ ਪ੍ਰਦਾਨ ਕਰਨਾ ਯਥਾਰਥ ਨਹੀਂ ਹੈ । ਭੌਤਿਕ ਉਲਝਨਾਂ ਛਿਨ-ਮਾਤਰ ਹਨ, ਸ਼ਾਸ਼ਵਤ ਨਹੀਂ । ਇਸ ਲਈ ਉਹਨਾਂ ਦਾ ਹਲ ਵੀ ਤਤਕਾਲੀ ਹੁੰਦਾ ਹੈ । ਉਸਨੂੰ ਚਿਰੰਤਨ ਜਾਂ ਸਦੀਵੀ ਵਿਵਸਥਾ ਦੇ ਤੌਰ ਤੇ ਗ੍ਰਹਿਣ ਨਹੀਂ ਕੀਤਾ ਜਾ ਸਕਦਾ ।

ਗੀਤਾ ਦਾ ਗਿਆਨ ਹੀ ਸ਼ੁੱਧ ਮਨੁਸਿਮ੍ਰਿਤੀ - ਗੀਤਾ ਆਦਿ ਮਾਨਵ ਮਹਾਰਾਜ ਮਨੂ ਤੋਂ ਵੀ ਪਹਿਲਾਂ ਪ੍ਰਗਟ ਹੋਈ ਹੈ । **'इमं विवस्वते योगं प्रोक्तवानहमव्ययम्।'** (4.1) ਅਰਜੁਨ । ਇਸ ਅਵਿਨਾਸ਼ੀ ਯੋਗ ਨੂੰ ਮੈਂ ਕੱਲਪਦੇ ਆਦਿ ਵਿਚ ਸੂਰਜ ਨੂੰ ਕਿਹਾ ਅਤੇ ਸੂਰਜ ਨੇ ਮਨੁ ਨੂੰ ਕਿਹਾ । ਮਨੁ ਨੇ ਉਸਨੂੰ ਸਰਵਣ ਕਰਕੇ ਆਪਣੀ ਯਾਦਾਸ਼ਤ ਵਿਚ ਧਾਰਣ ਕੀਤਾ, ਕਿਉਂਕਿ ਸਰਵਣ ਕੀਤੀ ਹੋਈ ਗੱਲ ਮਨ ਦੀ ਸਮ੍ਰਿਤੀ ਵਿਚ ਹੀ ਰੱਖੀ ਜਾ ਸਕਦੀ ਹੈ । ਇਸੇ ਨੂੰ ਮਨੁ ਨੇ ਰਾਜਾ ਇਛਵਾਕੁ ਨੂੰ ਕਿਹਾ । ਇਛਵਾਕੁ ਤੋਂ ਰਾਜ ਰਿਸ਼ੀਆਂ ਨੇ ਜਾਣਿਆ ਅਤੇ ਇਸ ਮਹੱਤਵਪੂਰਨ ਕਾਲ ਤੋਂ ਇਹ ਅਵਿਨਾਸੀ ਯੋਗ ਇਸੇ ਧਰਤੀ ਵਿਚ ਲੁਪਤ ਹੋਗਿਆ । ਆਰੰਭ ਵਿਚ ਕਹਿਣ ਅਤੇ ਸਰਵਣ ਕਰਨ ਦੀ ਹੀ ਪਰੰਪਰਾ ਸੀ । ਲਿਖਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਸੀ । ਮਨੁ ਮਹਾਰਾਜ ਨੇ ਇਸਨੂੰ ਮਾਨਸਿਕ ਸਮ੍ਰਿਤੀ ਵਿਚ ਧਾਰਣ ਕੀਤਾ ਅਤੇ ਸਮ੍ਰਿਤੀ ਦੀ ਪਰੰਪਰਾ ਚਲਾਈ । ਇਸ ਲਈ ਗੀਤਾ ਦਾ ਗਿਆਨ ਹੀ ਸ਼ੁੱਧ ਮਨੁ ਸਮ੍ਰਿਤੀ ਹੈ ।

ਜੇ ਭਗਵਾਨ ਨੇ ਇਹ ਗਿਆਨ ਮਨੁ ਤੋਂ ਵੀ ਪਹਿਲਾਂ ਸੂਰਜ ਨੂੰ ਕਿਹਾ ਹੁੰਦਾ ਤਾਂ ਇਸਨੂੰ ਸੂਰਜ ਸਮ੍ਰਿਤੀ ਕਿਉਂ ਨਹੀਂ ਕਹਿੰਦੇ ? ਅਸਲ ਵਿਚ ਸੂਰਜ ਪ੍ਰਕਾਸ਼ਮਾਨ ਪਰਮਾਤਮਾ ਦਾ ਉਹ ਅੰਸ਼ ਹੈ ਜਿਸ ਤੋਂ ਇਸ ਮਾਨਵ ਜਗਤ ਦੀ ਰਚਨਾ ਹੋਈ । ਭਗਵਾਨ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ''ਮੈਂ ਹੀ ਪਰਮ ਚੇਤਨ ਬੀਜ ਰੂਪ ਨਾਲ ਪਿਤਾ ਹਾਂ, ਗਰਭ ਧਾਰਣ ਕਰਣ ਵਾਲੀ ਮਾਤਾ ਹੈ ।'' ਉਹ ਬੀਜ ਰੂਪ ਪਿਤਾ

ਸੂਰਜ ਹੈ । ਸੂਰਜ ਪਰਮਾਤਮਾ ਦੀ ਉਹ ਸ਼ਕਤੀ ਹੈ ਜਿਸਨੇ ਮਨੁੱਖ ਦੀ ਰਚਨਾ ਕੀਤੀ । ਉਹ ਕੋਈ ਵਿਅਕਤੀ ਨਹੀਂ ਅਤੇ ਜਿੱਥੇ ਪਰਮਾਤਮਾ ਦੇ ਉਸ ਜੋਤਮਈ ਤੇਜ ਤੋਂ ਮਨੁੱਖ ਦੀ ਰਚਨਾ ਹੋਈ, ਉਸ ਤੇਜ ਵਿਚ ਉਹ ਗੀਤਾ ਦਾ ਗਿਆਨ ਵੀ ਫੈਲਾਇਆ, ਅਰਥਾਤ ਸੂਰਜ ਨੂੰ ਦੱਸਿਆ । ਸੂਰਜ ਨੇ ਆਪਣੇ ਪੁੱਤਰ ਮਨੁ ਨੂੰ ਦਸਿਆ, ਇਸੇ ਲਈ ਇਹ ਮਨੁਸਮ੍ਰਿਤੀ ਹੈ । ਸੂਰਜ ਕੋਈ ਵਿਅਕਤੀ ਨਹੀਂ, ਬੀਜ ਹੈ ।

ਭਗਵਾਨ ਸ਼੍ਰੀ ਕ੍ਰਿਸ਼ਣ ਕਹਿੰਦੇ ਹਨ, ''ਅਰਜੁਨ ! ਉਹੀ ਪੁਰਾਤਨ ਯੋਗ ਮੈਂ ਤੇਰੇ ਲਈ ਕਹਿਣ ਲੱਗਾ ਹਾਂ । ਤੂੰ ਪਿਆਰਾ ਭਗਤ ਹੈਂ, ਸ਼ਰਧਾਲੂ ਮਿੱਤਰ ਹੈ । ਅਰਜੁਨ ਬੁੱਧੀਮਾਨ ਸੀ, ਸੱਚਾ ਅਧੀਕਾਰ ਸੀ । ਉਸਨੇ ਪ੍ਰਸ਼ਨਾਂ ਦੀ ਝੜੀ ਲਾ ਦਿਤੀ ਕਿ ''ਤੁਹਾਡਾ ਜਨਮ ਤਾਂ ਹੁਣ ਹੋਇਆ ਹੈ ਅਤੇ ਸੂਰਜ ਦਾ ਜਨਮ ਬਹੁਤ ਪਹਿਲਾਂ ਹੋਇਆ ਸੀ । ਇਹ ਯੋਗ ਸੂਰਜ ਨੂੰ ਤੁਸੀਂ ਹੀ ਦੱਸਿਆ, ਇਹ ਮੈਂ ਕਿਵੇਂ ਮੰਨ ਲਵਾਂ ?'' ਇਸੇ ਤਰ੍ਹਾਂ ਵੀਹ-ਪੱਚੀ ਪ੍ਰਸ਼ਨ ਉਸਨੇ ਕੀਤੇ । ਗੀਤਾ ਦੀ ਸਮਾਪਤੀ ਤਕ ਉਸਦੇ ਸਾਰੇ ਪ੍ਰਸ਼ਨ ਖ਼ਤਮ ਹੋ ਗਏ, ਤਾਂ ਭਗਵਾਨ ਨੇ ਉਹ ਪ੍ਰਸ਼ਨ ਆਪ ਕੀਤੇ ਜੋ ਅਰਜੁਨ ਹੀਂ ਕਰ ਸਕਦਾ ਸੀ ਅਤੇ ਅਰਜੁਨ ਦੇ ਹਿਤ ਵਿਚ ਸਨ ਅਤੇ ਉਨ੍ਹਾਂ ਦਾ ਸਮਾਧਾਨ ਕੀਤਾ। ਅੰਤ ਵਿਚ ਭਗਵਾਨ ਨੇ ਕਿਹਾ, ''ਅਰਜੁਨ ! ਕੀ ਤੂੰ ਮੇਰੇ ਉਪਦੇਸ਼ ਨੂੰ ਏਕਾਗਰ ਚਿਤ ਹੋਕੇ ਸਰਵਣ ਕੀਤਾ ਹੈ ? ਕੀ ਮੋਹ ਤੋਂ ਪੈਦਾ ਤੇਰਾ ਅਗਿਆਨ ਨੱਸ਼ਟ ਹੋਇਆ ? ਅਰਜੁਨ ਨੇ ਕਿਹਾ -

**नष्टो मोहः स्मृतिर्लब्धा त्वत्प्रसादान्मॆच्युत ।**
**स्थितोऽस्मि गतसन्देहः करिष्ये वचनं तव ।।१८/७३ ।।**

ਹੇ ਭਗਵਾਨ ! ਮੇਰਾ ਮੋਹ ਨੱਸ਼ਟ ਹੋਇਆ । ਮੈਂ ਸਮ੍ਰਿਤੀ ਨੂੰ ਪ੍ਰਾਪਤ ਹੋਇਆ ਹਾਂ । ਸਿਰਫ਼ ਸੁਣਿਆ ਹੀ ਨਹੀਂ, ਸਗੋਂ ਮੈਂ ਉਸਨੂੰ ਸਮ੍ਰਿਤੀ ਵਿਚ ਧਾਰਣ ਕਰ ਲਿਆ ਹੈ । ਮੈਂ ਤੁਹਾਡੇ ਆਦੇਸ਼ ਦਾ ਪਾਲਨ ਕਰਾਂਗਾ, ਯੁੱਧ ਕਰਾਂਗਾ । ਉਸਨੇ ਧਨੁਸ਼ ਚੁੱਕ ਲਿਆ, ਯੁੱਧ ਹੋਇਆ, ਜਿੱਤ ਹਾਸਲ ਕੀਤੀ, ਇਕ ਖ਼ਾਲਸ ਧਰਮਰਾਜ ਦੀ ਸਥਾਪਨਾ ਹੋਈ ਅਤੇ ਇਕ ਧਰਮ ਸ਼ਾਸਤ੍ਰ ਦੇ ਰੂਪ ਵਿਚ ਉਹੀ ਆਦਿ ਧਰਮ ਸ਼ਾਸਤ੍ਰ ਗੀਤਾ ਫੇਰ ਤੋਂ ਫੈਲਣ ਲਗੀ ।

ਗੀਤਾ ਤੁਹਾਡਾ ਆਦਿ ਧਰਮ ਸ਼ਾਸਤ੍ਰ ਹੈ । ਇਹੋ ਉਹ ਮਨੁਸਮ੍ਰਿਤੀ ਹੈ ਜਿਸਨੂੰ ਅਰਜੁਨ ਨੇ ਆਪਣੀ ਸਮ੍ਰਿਤੀ ਵਿਚ ਧਾਰਣ ਕੀਤਾ ਸੀ । ਮਨੁ ਦੇ ਅੱਗੇ ਦੋ ਰਚਨਾਵਾਂ ਦਾ ਜਿਕਰ ਹੈ - ਇਕ ਤਾਂ ਪਿਤਾ ਤੋਂ ਮਿਲੀ ਗੀਤਾ, ਦੂਜਾ ਵੇਦ ਮਨੁ ਦੇ ਸਾਮ੍ਹਣੇ ਉਤਰੇ । ਤੀਜੀ ਕੋਈ ਰਚਨਾ ਮਨੁ ਦੇ ਸਮੇਂ ਵਿਚ ਪ੍ਰਗਟ ਨਹੀਂ ਹੋਈ ਸੀ । ਉਸ ਸਮੇਂ ਲਿਖਣ-ਲਿਖਾਣ ਦੀ ਕੋਈ ਪਰੰਪਰਾ ਨਹੀਂ ਸੀ, ਕਾਗ਼ਜ਼-ਕਲਮ ਦਾ ਜ਼ਮਾਨਾ ਨਹੀਂ ਸੀ, ਇਸ ਲਈ ਗਿਆਨ ਨੂੰ ਸੁਣਨ ਅਤੇ ਸਮ੍ਰਿਤੀ ਵਿਚ ਧਾਰਣ ਕਰਨ ਦੀ ਰੀਤ ਸੀ । ਮਨੁਖਾਂ ਦੀ ਉਤਪਤੀ ਜਿਸ ਮਾਨਵ ਤੋਂ ਹੋਈ, ਉਸ ਆਦਿ ਮਾਨਵ ਮਨੂ ਮਹਾਰਾਜ ਨੇ ਵੇਦ ਨੂੰ ਸ਼ਰੁਤੀ ਅਤੇ ਗੀਤਾ ਨੂੰ ਸਮ੍ਰਿਤੀ ਦਾ ਸਨਮਾਨ ਦਿਤਾ ।

ਵੇਦ ਮਨੁ ਦੇ ਸਾਮ੍ਹਣੇ ਉਤਰੇ ਸਨ, ਇਨ੍ਹਾਂ ਨੂੰ ਸੁਣੋ, ਇਹ ਸੁਣਨ ਯੋਗ ਹਨ । ਬਾਦ ਵਿਚ ਚਾਹੇ ਇਨ੍ਹਾਂ ਨੂੰ ਭੁੱਲ ਵੀ ਜਾਉ ਤਾਂ ਕੋਈ ਹਾਨੀ ਨਹੀਂ, ਪਰ ਗੀਤਾ ਸਮ੍ਰਿਤੀ ਵਿਚ ਹੈ, ਸਦਾ ਯਾਦ ਰੱਖੋ। ਇਹ ਹਰ ਮਨੁੱਖ ਨੂੰ ਸਦਾ ਰਹਿਣ ਵਾਲਾ ਜੀਵਨ, ਸਦੀਵੀ ਸ਼ਾਂਤੀ ਅਤੇ ਸਦੀਵੀ ਖ਼ੁਸ਼ਹਾਲੀ, ਸੁਖ-ਸ਼ਾਂਤੀ ਭਰਿਆ ਜੀਵਨ ਪ੍ਰਾਪਤ ਕਰਾਣ ਵਾਲਾ ਈਸ਼ਵਰੀ ਗਾਇਨ ਹੈ ।

ਭਗਵਾਨ ਨੇ ਕਿਹਾ, ''ਅਰਜੁਨ ! ਜੇ ਤੂੰ ਹੰਕਾਰਵੱਸ਼ ਮੇਰਾ ਉਪਦੇਸ਼ ਨਹੀਂ ਸੁਣੇਗਾ ਤਾਂ ਨੱਸ਼ਟ ਹੋ ਜਾਏਂਗਾ ਅਰਥਾਤ ਗੀਤਾ ਦੇ ਉਪਦੇਸ਼ਾਂ ਦੀ ਅਵਹੇਲਨਾ ਕਰਨ ਵਾਲਾ ਨੱਸਟ ਹੋ ਜਾਂਦਾ ਹੈ । ਅਧਿਆਇ ਪੰਦਰਾਂ ਦੇ ਅੰਤਮ ਸ਼ਲੋਕ (15.20) ਵਿਚ ਭਗਵਾਨ ਨੇ ਕਿਹਾ **''इति गुह्यतमं शास्त्रमिवमुक्तं मयानध।''** ਇਹ ਗੁਪਤ ਤੋਂ ਵੀ ਗੁਪਤ ਸ਼ਾਸਤ੍ਰ ਮੇਰੇ ਰਾਹੀਂ ਕਿਹਾ ਗਿਆ । ਇਸਦਾ ਤੱਤ ਜਾਣਕੇ

ਤੂੰ ਸਾਰੇ ਗਿਆਨ ਅਤੇ ਪਰਮੇਸ਼ਵਰ ਨੂੰ ਪ੍ਰਾਪਤ ਕਰ ਲਏਂਗਾ । ਅਧਿਆਇ ਸੋਲ੍ਹਾਂ ਦੇ ਅੰਤਮ ਦੋ ਸ਼ਲੋਕਾਂ ਵਿਚ ਕਿਹਾ – '**यः शास्त्रविधिमुत्सुज्य वर्तते कामकारतः।**' ਇਸ ਸ਼ਾਸਤ੍ਰ ਵਿਧੀ ਨੂੰ ਤਿਆਗ ਕੇ ਕਾਮਨਾਵਾਂ ਤੋਂ ਪ੍ਰੇਰਿਤ ਹੋਕੇ ਦੂਜੀਆਂ ਵਿਧੀਆਂ ਨਾਲ ਜੋ ਭਜਨ ਕਰਦੇ ਹਨ ਉਨ੍ਹਾਂ ਦੇ ਜੀਵਨ ਵਿਚ ਨਾ ਸੁਖ ਹੈ, ਨਾ ਖ਼ੁਸ਼ਹਾਲੀ ਅਤੇ ਨਾ ਹੀ ਪਰਮਗਤੀ ਹੈ ।

'**तस्माच्छास्त्रं प्रमाणं ते कार्यकार्यव्यवस्थितौ ।**' ਇਸ ਲਈ ਅਰਜੁਨ । ਤੇਰੇ ਕਰਤੱਵ ਅਤੇ ਅਕਰਤੱਵ ਸੰਬੰਧੀ ਵਿਵਸਥਾ ਲਈ ਇਹ ਸ਼ਾਸਤ੍ਰ ਹੀ ਪ੍ਰਮਾਣ ਹੈ । ਇਸਦਾ ਭਲੀ ਪ੍ਰਕਾਰ ਅਧਿਐਨ ਕਰ ਅਤੇ ਫੇਰ ਆਚਰਣ ਕਰ । ਤੂੰ ਮੇਰੇ ਵਿਚ ਨਿਵਾਸ ਕਰੇਂਗਾ, ਅਵਿਨਾਸ਼ੀ ਪਦ ਪ੍ਰਾਪਤ ਕਰੇਂਗਾ, ਸਦੀਵੀ ਜੀਵਨ, ਸਦੀਵੀ ਸੁਖ-ਸ਼ਾਂਤੀ ਪ੍ਰਾਪਤ ਕਰੇਂਗਾ ।

ਗੀਤਾ ਮਨੁ ਸਮ੍ਰਿਤੀ ਹੈ ਅਤੇ ਭਗਵਾਨ ਸ਼੍ਰੀ ਕ੍ਰਿਸ਼ਣ ਅਨੁਸਾਰ ਗੀਤਾ ਹੀ ਧਰਮ ਸ਼ਾਸਤ੍ਰ ਹੈ, ਹੋਰ ਕੋਈ ਸ਼ਾਸਤ੍ਰ ਨਹੀਂ, ਹੋਰ ਕੋਈ ਸਮ੍ਰਿਤੀ ਨਹੀਂ ਹੈ । ਸਮਾਜ ਵਿਚ ਮੌਜੂਦ ਅਨੇਕ ਸਮ੍ਰਿਤੀਆਂ ਗੀਤਾ ਨੂੰ ਭੁਲਾਏ ਜਾਣ ਦਾ ਗ਼ਲਤ ਨਤੀਜਾ ਹਨ । ਸਮ੍ਰਿਤੀਆਂ ਕੁਝ ਇਕ ਰਾਜਿਆਂ ਦੀ ਛੱਤਰਛਾਂ ਵਿਚ ਲਿਖੀਆਂ ਹੋਈਆਂ ਹਨ ਜੋ ਸਮਾਜ ਵਿਚ ਊਚ-ਨੀਚ ਦੀ ਦੀਵਾਰ ਬਣਾਉਣ ਅਤੇ ਉਸਨੂੰ ਕਾਇਮ ਰੱਖਣ ਦਾ ਉਪਾਅ ਹਨ । ਮਨੁ ਦੇ ਨਾਮ ਨਾਲ ਪ੍ਰਚਾਰਿਤ ਅਤੇ ਮਨੁਸਮ੍ਰਿਤੀ ਕਹਾਉਣ ਵਾਲੀ ਰਚਨਾ ਵਿਚ ਮਨੁ ਦੇ ਸਮੇਂ ਦਾ ਮਾਹੌਲ ਵਰਣਿਤ ਨਹੀਂ ਕੀਤਾ ਗਿਆ ਹੈ । ਮੂਲ ਮਨੁਸਮ੍ਰਿਤੀ ਗੀਤਾ ਇਕ ਪਰਮਾਤਮਾ ਨੂੰ ਹੀ ਸੱਚ ਮੰਨਦੀ ਹੈ, ਉਸ ਵਿਚ ਲੀਨ ਕਰਾਂਦੀ ਹੈ, ਪਰ ਮੌਜੂਦਾ ਪ੍ਰਚਲਿਤ ਲਗਭਗ 164 ਸਮ੍ਰਿਤੀਆਂ ਪਰਮਾਤਮਾਂ ਦਾ ਨਾਮ ਤਕ ਨਹੀਂ ਲੈਂਦੀਆਂ, ਨਾ ਪਰਮਾਤਮਾ ਦੀ ਪ੍ਰਾਪਤੀ ਦੇ ਉਪਾਅ ਉੱਤੇ ਪ੍ਰਕਾਸ਼ ਕਰਦੀਆਂ ਹਨ । ਉਹ ਕੇਵਲ ਸਵਰਗ ਪ੍ਰਾਪਤੀ ਤਕ ਹੀ ਸੀਮਿਤ ਰਹਿਕੇ,

'**न अस्ति**' ਜੋ ਹੈ ਹੀ ਨਹੀਂ ਉਨ੍ਹਾਂ ਹੀ ਪ੍ਰੇਰਣਾ ਦੇਂਦੀਆਂ ਹਨ । ਮੋਕਸ਼ ਦਾ ਉਨ੍ਹਾਂ ਵਿਚ ਜ਼ਿਕਰ ਤਕ ਨਹੀਂ ਹੈ ।

ਮਹਾਂਪੁਰਖ – ਮਹਾਂਪੁਰਖ ਬਾਹਰੀ ਅਤੇ ਅੰਦਰੂਨੀ ਵਿਵਹਾਰਕ ਅਤੇ ਅਧਿਆਤਮਕ, ਲੋਕਰੀਤ ਅਤੇ ਯਥਾਰਥ ਵੇਦ-ਰੀਤ ਦੋਨਾਂ ਦੀ ਜਾਣਕਾਰੀ ਰੱਖਦਾ ਹੈ । ਇਹੋ ਕਾਰਨ ਹੈ ਕਿ ਸਾਰੇ ਸਮਾਜ ਨੂੰ ਮਹਾਂਪੁਰਸ਼ਾਂ ਨੇ ਰਹਿਣ-ਸਹਿਣ ਦਾ ਢੰਗ ਦੱਸਿਆ ਅਤੇ ਇਕ ਮਰਯਾਦਾ ਪੂਰਣ ਵਿਵਸਥਾ ਦਿੱਤੀ । ਵਸ਼ਿਸ਼ਠ ਸ਼ੁਕਰਾਚਾਰਿਅ, ਆਪਯੋਗੇਸ਼ਵਰ ਸ਼੍ਰੀ ਕ੍ਰਿਸ਼ਣ, ਮਹਾਤਮਾ ਬੁੱਧ, ਮੂਸਾ, ਈਸਾ, ਮੁਹੰਮਦ, ਰਾਮਦਾਸ, ਦਯਾਨੰਦ, ਗੁਰੂ ਗੋਵਿੰਦ ਸਿੰਘ ਆਦਿ ਅਨੇਕ ਮਹਾਂਪੁਰਸ਼ਾਂ ਨੇ ਇਸ ਤਰ੍ਹਾਂ ਕੀਤਾ, ਪਰ ਉਹ ਵਿਵਸਥਾਵਾਂ ਸਮੇਂ-ਸਮੇਂ ਲਈ ਹੁੰਦੀਆਂ ਹਨ । ਪੀੜਿਤ ਸਮਾਜ ਨੂੰ ਭੌਤਿਕ ਵਸਤੂ ਪ੍ਰਦਾਨ ਕਰਨਾ ਯਥਾਰਥ ਨਹੀਂ ਹੈ । ਭੌਤਿਕ ਉਲਝਨਾਂ ਪਲ ਭਰ ਲਈ ਹਨ, ਸਦੀਵੀ ਨਹੀਂ ਹਨ, ਇਸ ਲਈ ਉਨ੍ਹਾਂ ਦਾ ਹਲ ਵੀ ਉਸ ਸਮੇਂ ਲਈ ਹੁੰਦਾ ਹੈ । ਉਨ੍ਹਾਂ ਨੂੰ ਸ਼ਾਸ਼ਵਤ ਵਿਵਸਥਾ ਦੇ ਰੂਪਵਿਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ ।

ਵਿਵਸਥਾਕਾਰ – ਬਾਹਰੀ ਧਰਤੀ ਉੱਤੇ ਜੀਵਨ ਯਾਪਨ ਕਰਨ ਵਾਲਾ ਸਮਾਜ ਉਹਨਾ ਦੇ ਕਥਨ ਦਾ ਸਥੂਲ ਅਰਥ ਹੀ ਗ੍ਰਹਿਣ ਕਰ ਪਾਉਂਦਾ ਹੈ। ਇਸ ਵਾਸਤੇ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਸ਼ਾਸਵਤ ਧਾਮ ਅਨੰਤ ਜੀਵਨ ਅਤੇ ਸਦਾ ਥਿਰ ਰਹਿਣ ਵਾਲੀ ਸ਼ਾਂਤੀ ਪ੍ਰਦਾਨ ਕਰਨ ਵਾਲੀ ਗੀਤਾ ਸ਼ਾਸਤਰ ਨੂੰ ਭੌਤਿਕ ਵਿਵਸਥਾਵਾਂ ਨਾਲੋਂ ਅਲੱਗ ਕੀਤਾ ਹੈ। ਮਹਾਭਾਰਤ ਭਾਰਤ ਦੇ ਇਤਿਹਾਸ ਦਾ ਗੌਰਵਸ਼ਾਲੀ ਸੰਸਕ੍ਰਿਤੀ ਸ਼ਾਸਤਰ ਹੈ। ਉਹਨਾਂ ਨੇ ਇਸ ਵਿਸ਼ਾਲ ਇਤਿਹਾਸ ਦੇ ਵਿਚਕਾਰ ਇਸ ਦਾ ਗਾਨ ਕੀਤਾ ਜਿਸ ਨਾਲ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਇਸ ਧਰਮ ਸ਼ਾਸਤਰ ਨੂੰ ਧਾਰਮਿਕ ਧਰਾਤਲ ਉੱਤੇ ਜਿਉਂ ਦਾ ਤਿਉਂ ਸਮਝ ਸਕਣ। ਪਿੱਛਲੇ ਸਮੇਂ ਦੌਰਾਨ ਮਹਾਂਰਿਸ਼ੀ ਪਤੰਜਲੀ ਆਦਿ ਅਨੇਕ ਮਹਾਂਪੁਰਸ਼ਾਂ ਨੇ ਪਰਮ ਪਦ ਦੀ ਪ੍ਰਾਪਤੀ ਲਈ ਯਥਾਰਥ ਵਿਧੀ ਨੂੰ ਸਮਾਜਿਕ ਵਿਵਸਥਾ ਤੋਂ ਹਟ ਕੇ

ਪੇਸ਼ ਕੀਤਾ।

ਗੀਤਾ ਹਰ ਮਨੁੱਖ ਲਈ – ਭਗਵਾਨ ਨੇ ਇਸ ਧਰਮ ਸ਼ਾਸਤਰ ਦਾ ਉਪਦੇਸ਼ 'ਸਲੋਕ– (ਗੀਤਾ 1/20)' ਠੀਕ ਯੁੱਧ ਸ਼ੁਰੂ ਹੋਣ ਸਮੇਂ ਕਿਹਾ ਕਿਉਂਕਿ ਉਹ ਭਲੀ ਪ੍ਰਕਾਰ ਜਾਣਦੇ ਸਨ ਕਿ ਭੌਤਿਕ ਸੰਸਾਰ ਵਿੱਚ ਕਦੇ ਸੁੱਖ ਸ਼ਾਂਤੀ ਹੁੰਦੀ ਹੀ ਨਹੀਂ। ਅਰਬਾਂ ਲੋਕਾਂ ਨੂੰ ਮਾਰਕੇ ਵੀ ਉਸ ਵਿਜੇਤਾ ਦੇ ਮਨੋਰਥ ਹਲ ਨਹੀਂ ਹੁੰਦੇ ਅਤੇ ਉਹ ਉਦਾਸ ਹੁੰਦੇ ਹਨ। ਇਸ ਲਈ ਉਹਨਾਂ ਨੇ ਇਹੋ ਜਿਹੇ ਸ਼ਾਸਵਤ ਯੁੱਧ ਦੀ ਜਾਣਕਾਰੀ ਗੀਤਾ ਦੇ ਮਾਧਿਅਮ ਰਹੀਂ ਦਿੱਤੀ। ਜਿਸ ਵਿੱਚ ਇੱਕ ਵਾਰ ਜਿੱਤ ਹੋ ਜਾਣ ਨਾਲ ਸਦਾ ਥਿਰ ਰਹਿਣ ਵਾਲੀ ਜਿੱਤ ਪਰਮ ਧਾਮ ਜੋ ਮਨੁੱਖ ਲਈ ਅਤੀ ਦੁਰਲਭ ਹੈ ਉਹ ਅਸਾਨੀ ਨਾਲ ਮਿਲ ਜਾਂਦਾ ਹੈ। ਇਹ ਖੇਤਰ ਅਤੇ ਖੇਤਰ ਦੇ ਜਾਨਣ ਵਾਲੇ ਦੀ ਲੜਾਈ ਹੈ। ਪ੍ਰਕ੍ਰਿਤੀ ਅਤੇ ਪੁਰਸ਼ ਦਾ ਸੰਘਰਸ਼ ਹੈ। ਅੰਦਰ ਦੇ ਅਸ਼ੁੱਭ ਦਾ ਅੰਤ ਅਤੇ ਸ਼ੁੱਭ ਪ੍ਰਮਾਤਮਾ ਸਵਰੂਪ ਦੀ ਪ੍ਰਾਪਤੀ ਦਾ ਸਾਧਨ ਹੈ।

ਇਹ ਟੀਕਾ – ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੇ ਭਾਵ ਨੂੰ ਜਿਉਂ ਦਾ ਤਿਉਂ ਵਿਅਕਤ ਕਰਨ ਦੇ ਕਾਰਣ ਪ੍ਰਸਤੁਤ ਟੀਕਾ ਦਾ ਨਾਮ 'ਯਥਾਰਥ ਗੀਤਾ' ਹੈ । ਗੀਤਾ ਆਪਣੇ ਵਿਚ ਪੂਰਣ ਸਾਧਨਾ–ਗ੍ਰੰਥ ਹੈ । ਸੰਪੂਰਣ ਗੀਤਾ ਵਿਚ ਸ਼ੰਕਾ ਵਾਲੀ ਇਕ ਵੀ ਥਾਂ ਨਹੀਂ ਹੈ, ਅਤੇ ਜੇ ਕਿਧਰੇ ਸ਼ੰਕਾ ਹੈ, ਤਾਂ ਉਹ ਬੌਧਿਕ ਪੱਧਰ ਉਤੇ ਜਾਣੀ ਨਹੀਂ ਜਾ ਸਕਦੀ ਇਸੇ ਲਈ ਪ੍ਰਤੀਤ ਹੁੰਦੀ ਹੈ । ਇਸ ਲਈ ਜੇ ਕਿਧਰੇ ਸਮਝ ਵਿਚ ਨਾ ਆਏ, ਤਾਂ ਕਿਸੇ ਤਤੱਦਰਸ਼ੀ ਮਹਾਂਪੁਰਸ਼ ਦੇ ਕੋਲ ਜਾਕੇ ਸਮਝਣ ਦੀ ਕੋਸ਼ਿਸ਼ ਕਰੋ।

**तद्विद्धि प्रणिपातेन परिप्रशनेन सेवया।**
**उपदेक्ष्यन्ति ते ज्ञानं ज्ञानानिनस्तत्वदर्शिन: ।।**

ਓਮ ਸ਼ਾਂਤੀ । ਓਮ ਸ਼ਾਂਤੀ ।। ਓਮ ਸ਼ਾਂਤੀ ।।।

## ਬੇਨਤੀ

ਯਥਾਰਥ ਗੀਤਾ ਯੋਗੇਸ਼ਵਰ ਸ਼੍ਰੀ ਕ੍ਰਿਸ਼ਣ ਦੀ ਪਰਮ ਪੁਨੀਤਾ ਵਾਣੀ ਸ਼੍ਰੀ ਮਦਭਾਗਵਤ ਗੀਤਾ ਦਾ ਹੀ ਅਰਥ ਹੈ। ਇਸ ਵਿੱਚ ਤੁਹਾਡੇ ਦਿਲ ਵਿੱਚ ਬੈਠੇ ਪ੍ਰਮਾਤਮਾ ਦੀ ਪ੍ਰਾਪਤੀ ਦੇ ਵਿਧਾਨ ਤੋਂ ਬਾਅਦ ਦੀ ਖਿੱਚੀ ਹੋਈ ਤਸਵੀਰ ਹੈ। ਅਣਗੌਲਿਆਂ ਤੇ ਬੇ ਮਨ ਨਾਲ ਇਸਦਾ ਉਪਯੋਗ ਕਰਨਾ ਮਨ੍ਹਾ ਹੈ। ਨਹੀਂ ਤਾਂ ਅਸੀਂ ਆਪਣੇ ਟੀਚੇ ਦੀ ਜਾਣਕਾਰੀ ਤੋਂ ਵਾਂਝੇ ਰਹਿ ਜਾਵਾਂਗੇ। ਸਾਡਾ ਟੀਚਾ ਉਸ ਏਕ ਉਂਕਾਰ ਸਤਿ ਗੁਰੂ ਪ੍ਰਸਾਦ ਉਸ ਪੂਰਣ ਪ੍ਰਮਾਤਮਾ ਦੀ ਜਾਣਕਾਰੀ ਹੈ ਉਸ ਤੋਂ ਅਸੀਂ ਵਾਂਝੇ ਰਹਿ ਜਾਵਾਂਗੇ। ਇਸਨੂੰ ਸ਼ਰਧਾ ਪੂਰਵਕ ਪੜ੍ਹਨ ਸੁਨਣ ਨਾਲ ਮਨੁੱਖ ਆਪਣੇ ਕਲਿਆਣ ਦੇ ਸਾਧਨ ਨਾਲ ਭਰਪੂਰ ਹੋ ਜਾਵੇਗਾ ਅਤੇ ਥੋੜ੍ਹਾ ਜਿਹਾ ਵੀ ਅਮਲ ਕਰਨ ਨਾਲ ਉਸ ਪਰਮਪਦ ਨੂੰ ਪ੍ਰਾਪਤ ਕਰ ਲਵੇਗਾ ਜੋ ਪਦ ਦੇਵਤਿਆਂ ਵਾਸਤੇ ਵੀ ਦੁਰਲੱਭ ਹੈ। ਕਿਉਂਕਿ ਪ੍ਰਮਾਤਮਾ ਦੇ ਮਾਰਗ ਉਤੇ ਆਰੰਭ ਦਾ ਕਦੇ ਵੀ ਨਾਸ਼ ਨਹੀਂ ਹੁੰਦਾ।

ਸ਼੍ਰੀ ਸੁਵਾਮੀ ਪਰਮਾਨੰਦਜੀ ਮਹਾਰਾਜ

## ਕੈਸੇਟ ਪ੍ਰਸਾਰਣ ਵਿੱਚ ਪੰਨਿਆਂ ਦੇ ਪਹਿਲਾਂ ਦੀ ਭੂਮਿਕਾ

1. ਕੇਵਲ ਇੱਕ ਪ੍ਰਮਾਤਮਾ ਵਿੱਚ ਸ਼ਰਧਾ ਅਤੇ ਸਮਰਪਨ ਦਾ ਸੰਦੇਸ਼ ਦੇਣ ਵਾਲੀ ਗੀਤਾ ਸਭ ਨੂੰ ਪਵਿੱਤਰ ਕਰਨ ਦਾ ਖੁਲ੍ਹਾ ਸੱਦਾ ਦੇਂਦੀ ਹੈ। ਦੁਨੀਆਂ ਵਿੱਚ ਕਿਤੇ ਵੀ ਰਹਿਣ ਵਾਲੇ ਅਮੀਰ ਗਰੀਬ, ਮਹਾਤਮਾ, ਪਾਪੀ, ਪੁਰਸ਼, ਨਾਰੀ, ਸਦਾਚਾਰੀ, ਦੁਰਾਚਾਰੀ ਸਾਰਿਆਂ ਦਾ ਹੀ ਉਸ ਵਿੱਚ ਵਾਸ ਹੈ। ਮਹਾਤਮਾ ਤਾਂ ਗੀਤਾ ਦਾ ਭਜਨ ਕਰਦੇ ਹੀ ਹਨ ਪਰ ਇਹ ਖਾਸ ਕਰਕੇ ਪਾਪੀਆਂ ਦੇ ਹੀ ਉਧਾਰ ਦਾ ਅਸਾਨ ਰਸਤਾ ਦੱਸਦੀ ਹੈ। ਪੇਸ਼ ਹੈ ਉਸੇ ਗੀਤਾ ਦੀ ਅਦਭੁੱਤ ਵਿਆਖਿਆ 'ਯਥਾਰਥ ਗੀਤਾ' ਦਾ ਕੈਸੇਟ ਪ੍ਰਸਾਰਣ।

2. ਸ਼ਾਸਤਰ ਦੀ ਰਚਨਾ ਦੋ ਪ੍ਰਕਾਰ ਨਾਲ ਕੀਤੀ ਜਾਂਦੀ ਹੈ। ਇੱਕ ਤਾਂ ਸਮਾਜਿਕ ਵਿਵਸਥਾ ਅਤੇ ਸਭਿਆਚਾਰ ਨੂੰ ਕਾਇਮ ਰੱਖਣਾ ਜਿਸ ਨਾਲ ਆਪਣੇ ਪੂਰਵਜਾਂ ਦੇ ਪਦ ਚਿੰਨ੍ਹਾਂ ਤੇ ਚੱਲਣਾ ਅਤੇ ਦੂਜਾ ਉਹ ਕਿ ਆਤਮਿਕ ਸ਼ਾਂਤੀ ਨੂੰ ਪ੍ਰਾਪਤ ਕਰ ਲੈਣਾ ਸ਼੍ਰੀ ਰਾਮ ਚਰਿਤ ਮਾਨਸ, ਬਾਇਬਲ, ਕੁਰਾਨ, ਆਦਿ ਗ੍ਰੰਥਾਂ ਵਿੱਚ ਦੋਵੇਂ ਹੀ ਪੱਖ ਸਮਾਏ ਹੋਏ ਹਨ। ਪਰ ਭੌਤਿਕ ਦ੍ਰਿਸ਼ਟੀ ਪ੍ਰਧਾਨ ਹੋਣ ਕਰਕੇ ਮਨੁੱਖ ਸਮਾਜ ਉਪਯੋਗੀ ਵਿਵਸਥਾ ਨੂੰ ਹੀ ਪਕੜ ਪਾਉਂਦਾ ਹੈ। ਅਤੇ ਅਧਿਆਤਮਿਕ ਤੱਥਾਂ ਨੂੰ ਵੀ ਉਹ ਸਮਾਜਿਕ ਵਿਵਸਥਾ ਦੇ ਨਾਲ ਜੋੜ ਕੇ ਵੇਖਦਾ ਹੈ ਤੇ ਕਹਿੰਦਾ ਹੈ ਕਿ ਸ਼ਾਸਤਰਾਂ ਵਿੱਚ ਤਾਂ ਇਹੋ ਹੀ ਲਿਖਿਆ ਹੈ। ਇਸ ਵਾਸਤੇ ਵੇਦ ਵਿਆਸ ਜੀ ਨੇ ਦੋਹਾਂ ਲਈ ਇੱਕ ਹੀ ਗ੍ਰੰਥ ਲਿਖਦੇ ਹੋਏ ਅਧਿਆਤਮਿਕ ਕ੍ਰਿਆ ਦਾ ਵਿਧਾਨ ਗੀਤਾ ਦੇ ਰੂਪ ਵਿੱਚ ਅਲੱਗ ਤੋਂ ਕੀਤਾ ਜਿਸ ਨਾਲ ਲੋਕ ਇਸ ਮੂਲ ਕਲਿਆਣ ਦੇ ਰਸਤੇ ਵਿੱਚ ਭਰਮਾਂ ਦਾ ਮਿਲਣ ਨਾ ਕਰ ਸਕਣ। ਉਹਨਾਂ ਅਧਿਆਤਮਿਕ ਤੱਥਾਂ ਦੇ ਨਾਲ ਪੇਸ਼ ਹੈ ਗੀਤਾ ਦਾ ਦਿਵਯ ਸੰਦੇਸ਼।

3. ਗੀਤਾ ਕਿਸੇ ਵਿਦੇਸ਼ ਵਿਅਕਤੀ, ਕਿਸੇ ਜਾਤੀ ਵਰਗ, ਪੰਥ, ਦੇਸ਼ ਜਾਂ ਕਿਸੇ ਰੂੜ੍ਹੀਵਾਦੀ ਸੰਪਰਦਾਇ ਦਾ ਗ੍ਰੰਥ ਨਹੀਂ ਹੈ ਬਲਕਿ ਇਹ ਤਾਂ ਸਰਵ ਲੌਕਿਕ ਸਰਵ ਕਾਲਿਕ ਧਰਮ ਸ਼ਾਸਤਰ ਹੈ। ਇਹ ਹਰ ਦੇਸ਼, ਹਰ ਜਾਤੀ ਅਤੇ ਹਰ ਉਮਰ ਦੇ ਇਸਤਰੀ ਪੁਰਸ਼ ਵਾਸਤੇ ਹੈ। ਸਭ ਵਾਸਤੇ ਹੈ। ਸੱਚ ਮੁੱਚ ਵਾਲੀ ਗੱਲ ਹੈ ਕਿ ਗੀਤਾ ਤੁਹਾਡਾ ਧਰਮ ਸ਼ਾਸਤਰ ਹੈ।

4. ਭਗਵਾਨ ਮਹਾਂਵੀਰ ਅਤੇ ਭਗਵਾਨ ਬੁੱਧ ਲੋਕ ਭਾਸ਼ਾਵਾਂ ਵਿੱਚ ਗੀਤਾ ਦੇ ਹੀ ਸੰਦੇਸ਼ਵਾਹਕ ਸਨ। ਆਤਮਾ ਸੱਚ ਹੈ ਅਤੇ ਪੂਰਾ ਧੀਰਜ ਹੀ ਆਤਮਾ ਦੀ ਸਥਿਤੀ ਦਾ ਵਿਧਾਨ ਹੈ। ਇਹ ਗੀਤਾ ਦਾ ਹੀ ਵਿਚਾਰ ਹੈ। ਮਹਾਤਮਾ ਬੁੱਧ ਨੇ ਵੀ ਉਸੇ ਤੱਤਵ ਨੂੰ ਸਰਵਉੱਚ ਤੇ ਅਵਿਨਾਸ਼ੀ ਪਦ ਕਰਕੇ ਗੀਤਾ ਦੇ ਹੀ ਵਿਚਾਰ ਪ੍ਰਗਟ ਕੀਤੇ ਹਨ। ਏਨ੍ਹਾ ਹੀ ਨਹੀਂ ਵਿਸ਼ਵ ਵਾਂਗਮਯ ਵਿੱਚ ਧਰਮ ਦੇ ਨਾਂ ਉਤੇ ਜੋ ਕੁੱਝ ਵੀ ਸਾਰ ਬੱਧ ਹੈ ਜਿਵੇਂ ਈਸ਼ਵਰ ਇੱਕ ਹੈ, ਪ੍ਰਾਰਥਨਾ, ਪਸ਼ਚਾਤਾਪ, ਤੱਪਸਿਆ ਆਦਿ ਗੀਤਾ ਦੇ ਹੀ ਉਪਦੇਸ਼ ਹਨ। ਉਹੀ ਉਪਦੇਸ਼ ਸਵਾਮੀ ਅੜਗੜਾ ਨੰਦ ਜੀ ਮਹਾਰਾਜ ਦੇ ਪਾਵਨ ਮੁੱਖ ਤੋਂ ਨਿਕਲੀ ਯਥਾਰਥ ਗੀਤਾ ਕੈਸੇਟ ਰੂਪ ਵਿੱਚ ਮਾਨਵ ਦੀ ਮੁਕਤੀ ਦਾ ਦਿਵਯ ਸੰਦੇਸ਼ ਬਣਕੇ ਪੇਸ਼ ਹੈ।

5. ਭਾਰਤ ਦੀ ਲੋਕ ਗਾਥਾ ਵਿੱਚ ਹੈ ਕਿ ਸੁਕਰਾਤ ਦੀ ਗੁਰੂ ਸ਼ਿਸ਼ਯ ਪਰੰਪਰਾ ਦੇ ਮਹਾਂਪੁਰਸ਼ ਆਰਸਤੂ ਨੇ ਆਪਣੇ ਸ਼ਿਸ਼ਯ ਸੁਕਰਾਤ ਨੂੰ ਭਾਰਤ ਤੋਂ ਗੀਤਾ ਗਿਆਨੀ ਗੁਰੂ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਗੀਤਾ ਦੇ ਇੱਕ ਈਸ਼ਵਰ ਵਾਦ ਨੂੰ ਵਿਸ਼ਵ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਮੂਸਾ, ਈਸਾ ਤੇ ਅਨੇਕਾਂ ਸੂਫੀ ਸੰਤਾਂ ਫਕੀਰਾਂ ਨੇ ਫੈਲਾਇਆ। ਭਾਸ਼ਾ ਦਾ ਅੰਤਰ ਹੋਣ ਨਾਲ ਇਹ ਵੱਖ

ਵੱਖ ਨਜ਼ਰ ਆਉਂਦੇ ਹਨ।ਪਰ ਸਿਧਾਂਤ ਗੀਤਾ ਦੇ ਹੀ ਹਨ। ਇਸ ਲਈ ਗੀਤਾ ਮਨੁੱਖ ਮਾਤਰ ਦਾ ਇੱਕੋ ਇੱਕ ਧਰਮ ਸ਼ਾਸਤਰ ਹੈ। ਗੀਤਾ ਦਾ ਸੰਦੇਸ਼ 'ਯਥਾਰਥ ਗੀਤਾ' ਦੇ ਰੂਪ ਵਿੱਚ ਪੇਸ਼ ਕਰਕੇ ਸਵਾਮੀ ਸ਼੍ਰੀ ਅੜਗੜਾ ਨੰਦ ਜੀ ਮਹਾਰਾਜ ਨੇ ਮਨੁੱਖ ਜਾਤੀ ਨੂੰ ਇੱਕ ਵੱਡਮੁੱਲੀ ਦੌਲਤ ਪ੍ਰਦਾਨ ਕੀਤੀ ਹੈ। ਜਿਸ ਦਾ ਕੈਸੇਟ ਪ੍ਰਸਾਰਣ ਸ਼੍ਰੀ ਜੀਤੇਨ ਭਾਈ ਦੇ ਸਹਿਯੋਗ ਨਾਲ ਹੋਇਆ ਹੈ। ਗੀਤਾ ਦੇ ਹਜਾਰਾਂ ਅਨੁਵਾਦਾਂ ਦੇ ਵਿੱਚ ਇਸ ਅਨੁਪਮ ਵਿਆਖਿਆ ਰਾਹੀਂ ਤੁਸੀਂ ਸਾਰੇ ਪਰਮ ਪਿਤਾ ਪ੍ਰਮਾਤਮਾ ਦੀ ਪ੍ਰਾਪਤੀ ਦੇ ਸਾਧਕ ਬਣੋ।

6. ਸੰਸਾਰ ਵਿੱਚ ਪ੍ਰਚੱਲਿਤ ਸਾਰੇ ਧਰਮ ਗੀਤਾ ਦੀ ਗੂੰਜ ਮਾਤਰ ਹੀ ਸਨ। ਸਵਾਮੀ ਸ਼੍ਰੀ ਅੜਗੜਾ ਨੰਦ ਜੀ ਮਹਾਰਾਜ ਦੁਆਰਾ ਇਸਦੀ ਵਿਆਖਿਆ 'ਯਥਾਰਥ ਗੀਤਾ' ਨੂੰ ਸੁਣਕੇ ਜੈਨ ਕੁਲ ਵਿੱਚ ਪੈਦਾ ਹੋਏ ਜੀਤੇਨ ਭਾਈ ਨੇ ਇਹ ਸੰਕਲਪ ਹੀ ਲੈ ਲਿਆ ਕਿ ਕੈਸਟਾਂ ਦੇ ਮਾਧਿਅਮ ਨਾਲ ਇਸ ਨੂੰ ਘਰ ਘਰ ਵਿੱਚ ਪਹੁੰਚਾਵਾਂਗਾ। ਕਿਉਂਕਿ ਭਗਵਾਨ ਮਹਾਂਵੀਰ, ਭਗਵਾਨ ਬੁੱਧ, ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਕਬੀਰ ਸਾਹਿਬ ਆਦਿ ਜਿੰਨੇ ਵੀ ਮਹਾਪੁਰਸ਼ ਹੋਏ ਸਨ, ਉਹਨਾਂ ਸਭ ਦਾ ਤਪ ਸਿਧਾਂਤ ਗੀਤਾ ਹੀ ਹੈ। ਗੀਤਾ ਦੇ ਉਹ ਹੀ ਕੈਸੇਟ ਪੁਸ਼ਪ ਆਪ ਸਭ ਦੇ ਸਾਹਮਣੇ ਆਤਮ ਦਰਸ਼ਨ ਲਈ ਪੇਸ਼ ਹਨ।

7. ਗੀਤਾ ਦੇ ਦੋ ਹਜ਼ਾਰ ਸਾਲ ਬਾਅਦ ਤੱਕ ਧਰਮ ਦੇ ਨਾਂ ਉਤੇ ਕੋਈ ਵੀ ਸੰਪ੍ਰਦਾਇ ਨਹੀਂ ਬਣੇ ਸਨ। ਇਸ ਲਈ ਗੀਤਾ ਮਜ਼ਹਬ ਮੁਕਤ ਹੈ। ਉਸ ਸਮੇਂ ਵਿਸ਼ਵ ਦੇ ਮਹਾਂਰਿਸ਼ੀਆਂ ਵਿੱਚ ਇੱਕ ਹੀ ਸ਼ਾਸਤਰ ਗੂੰਜ ਰਿਹਾ ਸੀ ਉਪਨਿਸ਼ਦਾਂ ਦਾ ਸਾਰ ਗੀਤਾ! ਮੁਕਤੀ ਅਤੇ ਸੁੱਖ ਸ਼ਾਂਤੀ ਦੀ ਸਰੋਤ ਗੀਤਾ। ਸ਼ਾਸਤਰ ਪੜ੍ਹਨ ਨਾਲੋਂ ਉਸਨੂੰ ਸੁਨਣਾ ਵਧੇਰੇ ਲਾਭਦਾਇਕ ਹੈ। ਕਿਉਂਕਿ ਸ਼ੁੱਧ ਉਚਾਰਣ ਅਤੇ ਅਰਥ ਕਰਨ ਦੇ ਚੱਕਰ ਵਿੱਚ ਇਕਾਗਰਤਾ ਭੰਗ ਹੋ ਜਾਂਦੀ ਹੈ। ਇਸ ਵਾਸਤੇ ਸਰਲ ਭਾਸ਼ਾ ਵਿੱਚ ਅਨੁਵਾਦ ਕੀਤੀ 'ਯਥਾਰਥ ਗੀਤਾ' ਦੀ ਇਹ ਕੈਸੇਟ ਤੁਹਾਡੀ ਸੇਵਾ ਵਿੱਚ ਪੇਸ਼ ਹੈ। ਇਸਨੂੰ ਸੁਨਣ ਨਾਲ ਬੱਚੇ ਬੱਚੇ ਵਿੱਚ, ਆਂਢ ਗੁਆਂਢ ਵਿੱਚ ਤੇ ਪੂਰੇ ਸਮਾਜ ਵਿੱਚ ਪ੍ਰਮਾਤਮਾ ਦੇ ਸ਼ੁਭ ਸੰਸਕਾਰਾਂ ਦਾ ਸੰਚਾਰ ਹੋਵੇਗਾ ਤੇ ਤੁਹਾਡੇ ਘਰ ਦਾ ਵਿਹੜਾ ਵੀ ਤਪੋਭੂਮੀ ਵਾਂਗ ਪ੍ਰਕਾਸ਼ਿਤ ਹੋ ਜਾਵੇਗਾ।

8. ਉਹ ਘਰ ਸ਼ਮਸ਼ਾਨ ਵਾਂਗ ਹੈ ਜਿੱਥੇ ਪ੍ਰਭੂ ਚਰਚਾ ਨਾਂ ਹੋਵੇ। ਅੱਜ ਦਾ ਮਨੁੱਖ ਏਨਾਂ ਰੁਝਿਆ ਹੋਇਆ ਹੈ ਕਿ ਚਾਹੁੰਦਾ ਹੋਇਆ ਵੀ ਪ੍ਰਮਾਤਮਾ ਦੇ ਭਜਨ ਵਾਸਤੇ ਸਮਾਂ ਨਹੀਂ ਕੱਢ ਪਾਉਂਦਾ ਏਹੋ ਜਿਹੇ ਮੌਕੇ ਉਤੇ ਗੀਤਾ ਦਾ ਸੰਦੇਸ਼ ਬਸ ਕੰਨਾਂ ਤੱਕ ਪਹੁੰਚ ਹੀ ਜਾਏ ਤਾਂ ਪਰਮ ਈਸ਼ਵਰ ਅਤੇ ਪਰਮ ਸੁੱਖ ਦੇ ਸੰਸਕਾਰਾਂ ਦਾ ਬੀਜ ਉੱਗ ਪਵੇਗਾ। ਪ੍ਰਮਾਤਮਾ ਦੀ ਵਾਣੀ ਦੇ ਇਹਨਾਂ ਕੈਸਟਾਂ ਨਾਲ ਸਾਰਾ ਦਿਨ ਉਸ ਪਰਮ ਪ੍ਰਭੂ ਦੀ ਯਾਦ ਬਣੀ ਰਹੇਗੀ ਅਤੇ ਏਹੋ ਭਜਨ ਦਾ ਅਧਾਰ ਹੈ।

9. ਅਸੀਂ ਆਪਣੇ ਬੱਚਿਆਂ ਨੂੰ ਸਿਖਿਆ ਦਿਵਾਉਂਦੇ ਹਾਂ ਕਿ ਉਹ ਚੰਗੇ ਗੁਣਾਂ ਨੂੰ ਗ੍ਰਹਿਣ ਕਰਨ, ਚੰਗੇ ਸੰਸਕਾਰੀ ਬਣਨ, ਲੋਕ ਚੰਗੇ ਗੁਣਾਂ ਦਾ ਸਹਾਰਾ ਲੈ ਕੇ ਆਪਣੀ ਰੋਟੀ ਰੋਜ਼ੀ ਘਰ ਪਰਿਵਾਰ ਦੀਆਂ ਸਮੱਸਿਆਵਾਂ ਨੂੰ ਹਲ ਕਰਦੇ ਹਨ। ਪਰ ਈਸ਼ਵਰ ਵੱਲ ਕਿਸੇ ਦਾ ਧਿਆਨ ਹੀ ਨਹੀਂ ਹੈ। ਕਈਆਂ ਕੋਲ ਤਾਂ ਪ੍ਰਮਾਤਮਾ ਦੀ ਦਿੱਤੀ ਏਨੀਂ ਧੰਨ ਦੌਲਤ ਹੈ ਪਰ ਉਹ ਪ੍ਰਮਾਤਮਾ ਨੂੰ ਯਾਦ ਕਰਨਾ ਵੀ ਜ਼ਰੂਰੀ ਨਹੀਂ ਸਮਝਦੇ। ਪਰ ਇਹ ਸਦਾ ਰਹਿਣ ਵਾਲਾ ਨਹੀਂ ਹੈ। ਨਾਂ ਚਾਹੁੰਦੇ ਹੋਏ ਵੀ ਇੱਕ ਦਿਨ ਸਾਰੀ ਧੰਨ ਦੌਲਤ ਏਥੇ ਛੱਡ ਕੇ ਜਾਣਾ ਪੈਂਦਾ ਹੈ। ਐਸੇ ਵੇਲੇ ਈਸ਼ਵਰ ਦੀ ਪਹਿਚਾਣ ਹੀ ਇੱਕ ਮਾਤਰ ਸਦਾ ਰਹਿਣ ਵਾਲੀ ਪਰਮ ਸ਼ਾਂਤੀ ਦਾ ਸਾਧਨ ਹੈ। ਜਿਸਨੂੰ ਪ੍ਰਦਾਨ ਕਰ ਰਿਹਾ ਹੈ 'ਯਥਾਰਥ ਗੀਤਾ' ਦਾ ਇਹ ਕੈਸੇਟ ਪ੍ਰਸਾਰਣ।

10. ਸੰਸਾਰ ਵਿੱਚ ਜਿੰਨੇਂ ਵੀ ਧਾਰਮਿਕ ਮੱਤਭੇਦ ਹਨ ਉਹ ਸਾਰੇ ਕਿਸੇ ਮਹਾਂਪੁਰਸ਼ ਦੇ ਬਾਅਦ ਸ਼ਰਦਾਲੂਆਂ ਦਾ ਸੰਗਠਿਤ ਸਮਾਜ ਹੈ। ਮਹਾਂਪੁਰਸ਼ਾਂ ਦਾ ਏਕਾਂਤ ਵਿੱਚ ਕੀਤਾ ਗਿਆ ਭਜਨ ਅਤੇ ਤਪ ਸਥਾਨ ਹੀ ਬਾਅਦ ਵਿੱਚ ਤੀਰਥ, ਆਸ਼ਰਮ, ਮਠ ਅਤੇ ਮੰਦਿਰਾਂ ਦਾ ਰੂਪ ਲੈ ਲੈਂਦੇ ਹਨ। ਜਿੱਥੇ ਮਹਾਂਪੁਰਸ਼ਾਂ ਦੇ ਨਾਂ ਉੱਤੇ ਵਿਉਪਾਰ ਤੋਂ ਲੈ ਕੇ ਵਿਲਾਸਤਾ ਤੱਕ ਦੇ ਸਾਧਨ ਜੁਟਾਏ ਜਾਂਦੇ ਹਨ। ਗੱਦੀਆਂ ਮਹਾਂਪੁਰਸ਼ ਤੋਂ ਬਾਅਦ ਵਿੱਚ ਬਣਦੀਆਂ ਹਨ ਗੱਦੀਆਂ ਤੋਂ ਕੋਈ ਮਹਾਂਪੁਰਸ਼ ਨਹੀਂ ਬਣਦਾ। ਇਸ ਵਾਸਤੇ ਧਰਮ ਸਦਾ ਹੀ ਪ੍ਰਤੱਖ ਦਰਸ਼ੀ ਮਹਾਂਪੁਰਸ਼ ਦੇ ਖੇਤਰ ਦੀ ਵਸਤੂ ਰਿਹਾ ਹੈ। ਗੀਤਾ ਏਹੋ ਜਿਹੇ ਨਿਰ ਵਿਵਾਦ ਮਹਾਂਪੁਰਸ਼ ਯੋਗੇਸ਼ਵਰ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਵਾਣੀ ਹੈ ਜਿਸ ਦੀ ਪੁਰਾਤਣ ਸੱਚਾਈ ਨਾਲ ਤੁਹਾਡਾ ਸਾਹਮਣਾ ਕਰਾ ਰਿਹਾ ਹੈ 'ਯਥਾਰਥ ਗੀਤਾ' ਦਾ ਇਹ ਕੈਸੇਟ ਪ੍ਰਸਾਰਣ।

ੴ

੫੨੦੦
੫੨੦੦
੫੨੦੦

# ਗੀਤਾ ਤੁਹਾਡਾ
# ਧਰਮ ਸ਼ਾਸਤ੍ਰ ਹੈ

ਦੁਨੀਆਂ ਵਿਚ ਪ੍ਰਚਲਿਤ ਸਾਰੇ ਧਾਰਮਿਕ ਵਿਚਾਰਾਂ ਦੇ ਆਦਿ ਮੂਲ-ਸਥਾਨ ਭਾਰਤ ਦੇ ਸਾਰੇ ਅਧਿਆਤਮ ਅਤੇ ਆਤਮ-ਸਥਿਤੀ ਦਿਵਾਉਣ ਵਾਲੀ ਤਮਾਮ ਖੋਜ ਦੇ ਸਿਲਸਿਲੇ ਦਾ ਸਪਸ਼ਟ ਵਰਣਨ ਇਸ ਗੀਤਾ ਵਚ ਹੈ, ਜੋ ਦੱਸਦੀ ਹੈ ਕਿ ਈਸ਼ਵਰ ਇਕ ਹੈ,ਪ੍ਰਾਪਤੀ ਦੀ ਕ੍ਰਿਆ ਇਕ ਹੈ, ਕਿਰਪਾ ਦਾ ਰੂਪ ਵੀ ਇਕ ਹੈ ਅਤੇ ਪਰਿਣਾਮ ਵੀ ਇੱਕੋ ਹੈ - ਯਾਨੀ ਪ੍ਰਭੂ ਦਾ ਦਰਸ਼ਨ, ਭਗਵਤ-ਸਵਰੂਪ ਦੀ ਪ੍ਰਾਪਤੀ ਅਤੇ ਕਾਲ ਤੋਂ ਅਤੀਤ ਅਨੰਤ ਜੀਵਨ । ਵੇਖੋ- ''ਯਥਾਰਥ ਗੀਤਾ''।

੫੨੦੦
੫੨੦੦
੫੨੦੦
੫੨੦੦

## ਸ਼ਾਸਤ੍ਰ

ਪਰਮਾਤਮਾ ਵਿਚ ਪ੍ਰਵੇਸ਼ ਦਿਵਾਉਣ ਵਾਲੇ ਕ੍ਰਿਆਤਮਕ ਅਨੁਸ਼ਾਸਨ ਦੇ ਨਿਯਮਾਂ ਦਾ ਸੰਗ੍ਰਹਿ ਹੀ ਸ਼ਾਸਤ੍ਰ ਹੈ। ਇਸ ਨਜ਼ਰ ਨਾਲ ਭਗਵਾਨ ਸ਼੍ਰੀਕ੍ਰਿਸ਼ਣ ਰਾਹੀਂ ਕਹੀ ਹੋਈ ਗੀਤਾ ਸਨਾਤਨ, ਸ਼ਾਸ਼ਵਤ ਧਰਮ ਦਾ ਸ਼ੁੱਧ ਸ਼ਾਸਤ੍ਰ ਹੈ; ਜੋਚਾਹੋਵੇਦਾਂ, ਉਪਨਿਸ਼ਦਾਂ, ਸਾਰੇ ਯੋਗਸ਼ਾਸਤ੍ਰਾਂ, ਰਾਮਚਰਿਤ ਮਾਨਸ ਅਤੇ ਦੁਨੀਆਂ ਦੇ ਸਰੇ ਦਰਸ਼ਨ–ਸ਼ਾਸਤ੍ਰਾਂ ਦਾ ਇਕਲਿਆਂ ਹੀ ਪ੍ਰਤਿਨਿਧਿਤਵ ਕਰਦੀ ਹੈ। ਗੀਤਾ ਮਨੁੱਖ–ਮਾਤਰ ਲਈ ਧਰਮ ਦਾ ਤਰਕਾਂ ਤੋਂ ਪਰੇ ਵਾਲਾ ਸ਼ਾਸਤ੍ਰ ਹੈ।

## ਪਰਮਾਤਮਾ ਦਾ ਨਿਵਾਸ

ਉਹ ਸਰਬ–ਸਮਰਥ, ਸਦਾ ਰਹਿਣ ਵਾਲਾ ਪਰਮਾਤਮਾ ਮਨੁੱਖ ਦੇ ਹਿਰਦੇ ਵਿਚ ਸਥਿਤ ਹੈ। ਪੂਰੀ ਭਾਵਨਾ ਨਾਲ ਹੀ ਉਸਦੀ ਸ਼ਰਨ ਜਾਣਾ ਚਾਹੀਦਾ ਹੈ, ਜਿਸ ਨਾਲ ਸ਼ਾਸ਼ਵਤ ਧਾਮ, ਸਦੀਵੀ ਸ਼ਾਂਤੀ ਅਤੇ ਅਨੰਤ ਜੀਵਨ ਮਿਲਦਾ ਹੈ।

## ਸੰਦੇਸ਼

ਸਤਿ ਦਾ ਤਿੰਨਾਂ ਕਾਲਾਂ ਵਿਚ ਅਭਾਵ ਨਹੀਂ ਹੈ ਅਤੇ ਅਸਤਿ ਦੀ ਹੋਂਦ ਹੀ ਨਹੀਂ ਹੈ। ਪਰਮਾਤਮਾ ਹੀ ਤਿੰਨਾਂ ਕਾਲਾਂ ਵਿਚ ਸਤਿ ਹੈ, ਸ਼ਾਸ਼ਵਤ ਹੈ, ਸਨਾਤਨ ਹੈ।

– ਸੁਵਾਮੀ ਅੜਗੜਾਨੰਦ

# ੫੨੦੦ ਸਾਲਾਂ ਦੇ ਲੰਮੇ ਸਮੇਂ ਦੇ ਬਾਅਦ ਸ਼੍ਰੀਮਦਭਗਵਦ ਗੀਤਾ ਦੀ ਸਦੀਵੀ ਵਿਆਖਿਆ




**ਸ਼੍ਰੀ ਪਰਮਹੰਸ ਸੁਵਾਮੀ ਅੜਗੜਾਨੰਦ ਆਸ਼ਰਮ ਟ੍ਰਸਟ**

5, Apollo Estate, Mogara Lane, Opp. Nagardas Road, Andheri East,
Mumbai 400069, India. Tel.: (+91 22) 2825 5300
Email: contact@yatharthgeeta.com • Website: www.yatharthgeeta.com